ਨਾਵਲਕਾਰ ਕੇਸਰ ਸਿੰਘ

ਜੀਵਨ ਤੇ ਰਚਨਾ



ਨਾਵਲਕਾਰ ਕੇਸਰ ਸਿੰਘ

(ਜੀਵਨ ਤੇ ਰਚਨਾ)

ਪੰਜਾਬੀ ਲੇਖਕ ਮੰਚ ਵੈਨਕੂਵਰ ਦੀਆਂ ਹੋਰ ਪੁਸਤਕਾਂ :

1. ਕੈਨੇਡਾ ਦੀ ਪੰਜਾਬੀ ਕਵਿਤਾ (ਕਾਵਿ-ਸੰਗ੍ਰਹਿ) (1980)
2. ਕੈਨੇਡੀਅਨ ਪੰਜਾਬੀ ਸਾਹਿਤ ਤੇ ਸਭਿਆਚਾਰ (ਆਲੋਚਨਾ) (1990)
3. ਮਨ ਪ੍ਰਦੇਸੀ ਜੇ ਥੀਐ (ਕਵਿਤਾ) (1993)
4. ਮੰਚ ਕਥਾ (ਕਹਾਣੀਆਂ) (1998)

ਨਾਵਲਕਾਰ ਕੇਸਰ ਸਿੰਘ

(ਜੀਵਨ ਤੇ ਰਚਨਾ)

ਪੰਜਾਬੀ ਲੇਖਕ ਮੰਚ ਵੈਨਕੂਵਰ

ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ

Novelkaar Kesar Singh : Jeevan Te Rachna

Novelist Kėsar Singh : Life & Writings

By :

Punjabi Lekhak Manch ©
VANCOUVER, B.C.
CANADA

Published by :

Chetna Parkashan
Punjabi Bhawan, Ludhiana Ph. 0161-2413613, 2404928
Sub Off. : Qila Road, Opp. Bus Stand, Kotkapura. Ph. : 01635-226551
Website : www.chetnaparkashan.com
E-mail : chetnaparkashan@sify.com, chetnaparkashan@gmail.com

ISBN 81-7883-448-0

ਪਹਿਲੀ ਵਾਰ : 2008

ਪ੍ਰਕਾਸ਼ਕ : **ਚੇਤਨਾ ਪ੍ਰਕਾਸ਼ਨ**
ਪੰਜਾਬੀ ਭਵਨ, ਲੁਧਿਆਣਾ।(ਫ਼ੋਨ 2413613, 2404928)

ਛਾਪਕ : ਆਰ. ਕੇ. ਆਫ਼ਸੈੱਟ, ਦਿੱਲੀ।

ਮੁੱਲ : **300 ਰੁਪਏ 15 $**

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any from of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise). without the prior written permission of both the copyright owner and the publisher of this book.

ਸਮਰਪਣ

ਸ਼੍ਰੀਮਤੀ ਰਾਜ ਗਿਆਨੀ ਨੂੰ

ਜਿਨ੍ਹਾਂ ਆਪਣੇ ਪਤੀ ਕੇਸਰ ਸਿੰਘ

ਦੇ ਸਿਰਜਣਾਤਮਕ ਕਾਰਜ ਵਿਚ

ਵਡਮੁੱਲਾ ਯੋਗਦਾਨ ਪਾਇਆ

ਤਤਕਰਾ

ਆਦਿਕਾ (ਸੰਪਾਦਕੀ ਮੰਡਲ) - ਡਾ. ਸਾਧੂ ਸਿੰਘ, ਸਾਧੂ ਬਿਨਿੰਗ 9
ਨਦੀਮ ਪਰਮਾਰ, ਡਾ. ਦਰਸ਼ਨ ਗਿੱਲ

ਜੀਵਨ (13 ਤੋਂ 108)

ਇਤਿਹਾਸ ਅਤੇ ਕਲਪਨਾ ਦਾ ਸੁਮੇਲ ਕੇਸਰ ਸਿੰਘ -ਗੁਰਚਰਨ ਰਾਮਪੁਰੀ 15

ਆਜ਼ਾਦੀ ਦੀ ਕਵਿਤਾ - ਗਿਆਨੀ ਕੇਸਰ ਸਿੰਘ -ਉਂਕਾਰਪ੍ਰੀਤ 25

ਗਿਆਨੀ ਕੇਸਰ ਸਿੰਘ ਹਮੇਸ਼ਾ ਜ਼ਿੰਦਾ ਰਹਿਣਗੇ -ਡਾ. ਪ੍ਰਿਥਵੀ ਰਾਜ ਕਾਲੀਆ 34

ਇਕ ਮਹਾਨ ਸ਼ਖ਼ਸੀਅਤ ਗਿਆਨੀ ਕੇਸਰ ਸਿੰਘ -ਪ੍ਰੋ. ਕੁਲਵੰਤ ਸਿੰਘ 37

ਗਿਆਨੀ ਕੇਸਰ ਸਿੰਘ ਦੀ ਡਾਇਰੀ -ਕਿਰਪਾਲ ਸਿੰਘ ਕਸੇਲ 40

ਗਿਆਨੀ ਕੇਸਰ ਸਿੰਘ ਦੀ ਆਤਮਾ ਕਥਾ 48

ਕੇਸਰ ਸਿੰਘ ਦਾ ਸਨਮਾਨ ਸਮਾਗਮ ਸਮੇਂ ਭਾਸ਼ਨ 70

ਗ਼ਦਰ ਲਹਿਰ ਦੀ-ਪੰਜਾਬੀ ਬੋਲੀ, ਪੰਜਾਬੀ ਲਿੱਪੀ
ਤੇ ਪੰਜਾਬੀ ਸਾਹਿਤ ਨੂੰ ਦੇਣ -ਕੇਸਰ ਸਿੰਘ ਨਾਵਲਿਸਟ 77

ਰਚਨਾ (109 ਤੋਂ 248)

ਨਾਵਲਕਾਰ ਗਿਆਨੀ ਕੇਸਰ ਸਿੰਘ -ਡਾ. ਰਘਬੀਰ ਸਿੰਘ 111

ਹੀਰੋਸ਼ੀਮਾ ਦਾ ਸਿਰਜਣਾਤਮਕ ਸੰਦਰਭ -ਕੇਸਰ ਸਿੰਘ 124

ਨਾਵਲਕਾਰ ਗਿਆਨੀ ਕੇਸਰ ਸਿੰਘ -ਡਾ. ਜੁਗਿੰਦਰ ਨਹਿਰੂ 147

ਹਥਿਆਰਬੰਦ ਇਨਕਲਾਬ-ਇਤਿਹਾਸਕ ਦਸਤਾਵੇਜ਼ -ਡਾ. ਮਹਿਲ ਸਿੰਘ 200

ਲਹਿਰ ਵਧਦੀ ਗਈ -ਅਮਰਜੀਤ ਚਾਹਲ 211

ਕੇਸਰ ਸਿੰਘ ਦਾ ਨਾਵਲ 'ਜੰਗੀ ਕੈਦੀ' -ਡਾ. ਦਰਸ਼ਨ ਗਿੱਲ 214

ਸ਼ਹੀਦ ਊਧਮ ਸਿੰਘ -ਸਾਧੂ ਬਿਨਿੰਗ 218

ਬਾਬਾ ਹਰੀ ਸਿੰਘ ਉਸਮਾਨ -ਅਜਮੇਰ ਰੋਡੇ 221

ਅਮਰ ਸ਼ਹੀਦ ਮਦਨ ਲਾਲ ਢੀਂਗਰਾ -ਅਮਰਜੀਤ ਸ਼ੁਫ਼ੀ 227

ਕੇਸਰ ਸਿੰਘ ਰਚਿਤ ਨਾਵਲ 'ਸਿੰਘ ਸਾਹਿਬ ਦੀ ਸ਼ਹਾਦਤ' -ਈਸ਼ਰ ਸਿੰਘ ਅਟਾਰੀ 233

ਕੇਸਰ ਸਿੰਘ ਦੀ ਕਵਿਤਾ -ਕਿਰਪਾਲ ਸਿੰਘ ਕਸੇਲ 240

ਕੇਸਰ ਸਿੰਘ ਜੀ ਨੂੰ ਸਮਰਪਿਤ ਕਵਿਤਾਵਾਂ (249 ਤੋਂ 255)

ਸ਼ਬਦਾਂ ਦਾ ਸੂਰਜ -ਮੰਗਾ ਬਾਸੀ 251

ਕੇਸਰ ਸਿੰਘ ਜੀ -ਮਹਿੰਦਰਪਾਲ ਸਿੰਘ ਪਾਲ 254

ਨਾਵਲਿਸਟ ਦੇ ਨਾਮ ਕਬਿੱਤ -ਹਰਭਜਨ ਸਿੰਘ ਮਿਨਹਾਸ 255

ਆਦਿਕਾ

ਕੇਸਰ ਸਿੰਘ ਹੋਰਾਂ ਨੂੰ ਕਿੰਨੇ ਹੀ ਨਾਵਾਂ ਨਾਲ ਯਾਦ ਕੀਤਾ ਜਾਂਦਾ ਰਿਹਾ ਹੈ- ਕੇਸਰ ਸਿੰਘ, ਗਿਆਨੀ ਕੇਸਰ ਸਿੰਘ, ਨਾਵਲਕਾਰ ਕੇਸਰ ਸਿੰਘ। ਪਰ ਬਹੁਤੇ ਲੋਕ ਉਨ੍ਹਾਂ ਨੂੰ ਗਿਆਨੀ ਕੇਸਰ ਸਿੰਘ ਦੇ ਨਾਂ ਨਾਲ ਹੀ ਜਾਣਦੇ ਹਨ। ਸਾਨੂੰ, ਜੁ ਉਨ੍ਹਾਂ ਦੇ ਬਹੁਤ ਨੇੜੇ ਰਹੇ ਹਾਂ, ਪਤਾ ਹੈ ਕਿ ਉਨ੍ਹਾਂ ਨੂੰ ਆਪਣੇ ਨਾਂ ਨਾਲ 'ਗਿਆਨੀ' ਲਾਉਣਾ ਚੰਗਾ ਨਹੀਂ ਸੀ ਲੱਗਦਾ ਤੇ ਜਦੋਂ ਵੀ ਅਸੀਂ ਉਨ੍ਹਾਂ ਨੂੰ 'ਗਿਆਨੀ ਜੀ' ਕਹਿ ਕੇ ਬੁਲਾਉਂਦੇ ਸਾਂ-ਤਾਂ ਉਹ ਅਕਸਰ ਗੁੱਸੇ ਹੋ ਜਾਂਦੇ ਸਨ। ਸਾਡੇ ਉਹ ਬਜ਼ੁਰਗ ਸਾਹਿਤਕਾਰ ਸਨ ਇਸ ਲਈ ਅਸੀਂ ਉਨ੍ਹਾਂ ਨੂੰ ਕੇਸਰ ਸਿੰਘ ਕਹਿ ਕੇ ਤਾਂ ਬੁਲਾ ਨਹੀਂ ਸਾਂ ਸਕਦੇ- 'ਗਿਆਨੀ ਜੀ' ਕਹਿਣ ਤੋਂ ਬਿਨਾਂ ਸਾਡੇ ਕੋਲ ਚਾਰਾ ਵੀ ਨਹੀਂ ਸੀ। ਇਸ ਪੁਸਤਕ ਦਾ ਨਾਮਕਰਣ ਕਰਨ ਲੱਗਿਆਂ ਵੀ ਅਸੀਂ ਦੁਬਿਧਾ ਵਿਚ ਸਾਂ। ਆਖ਼ਿਰ ਅਸੀਂ ਪੁਸਤਕ ਦਾ ਨਾਂ 'ਨਾਵਲਕਾਰ ਕੇਸਰ ਸਿੰਘ' ਰੱਖਣਾ ਹੀ ਠੀਕ ਸਮਝਿਆ ਹੈ ਕਿਉਂਕਿ ਉਨ੍ਹਾਂ ਦੀ ਪੰਜਾਬੀ ਸਾਹਿਤ ਨੂੰ ਵਿਲੱਖਣ ਦੇਣ ਨਾਵਲਾਂ ਵਿਚ ਹੀ ਨਿਹਿਤ ਹੈ।

ਕੇਸਰ ਸਿੰਘ ਹੋਰਾਂ ਦੇ ਸੰਬੰਧ ਪੰਜਾਬੀ ਲੇਖਕ ਮੰਚ ਵੈਨਕੂਵਰ ਨਾਲ ਬੜੇ ਨੇੜੇ ਦੇ ਸਨ। ਮੀਟਿੰਗਾਂ ਵਿਚ ਆਉਣ ਦਾ ਤਾਂ ਉਨ੍ਹਾਂ ਕੋਲ ਵਕਤ ਨਹੀਂ ਸੀ ਹੁੰਦਾ, ਕਦੀ ਕਦਾਈਂ ਉਹ ਮੀਟਿੰਗਾਂ ਵਿਚ ਵੀ ਆ ਜਾਂਦੇ ਸਨ ਪਰ ਪੰਜਾਬੀ ਲੇਖਕ ਮੰਚ ਦੇ ਮੈਂਬਰਾਂ ਨਾਲ ਉਨ੍ਹਾਂ ਹਮੇਸ਼ਾ ਡੂੰਘਾ ਸੰਪਰਕ ਬਣਾਈ ਰੱਖਿਆ। 1984 ਵਿਚ ਜਦ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ ਦਾ ਪੁਨਰ-ਗਠਨ ਕਰਕੇ ਪੰਜਾਬੀ ਲੇਖਕ ਮੰਚ ਵੈਨਕੂਵਰ ਬਣਿਆ ਤਾਂ ਉਨ੍ਹਾਂ ਦੀ ਭੂਮਿਕਾ ਇਕ ਆਗੂ ਵਾਲੀ ਰਹੀ। ਉਨ੍ਹਾਂ ਸੰਸਥਾ ਦੀਆਂ ਪ੍ਰਧਾਨਗੀਆਂ, ਸਕੱਤਰੀਆਂ ਖ਼ਤਮ ਕਰਕੇ ਮੰਚ ਨੂੰ ਚਲਾਉਣ ਲਈ ਦੋ ਕੋਆਰਡੀਨੇਟਰਾਂ ਦੀ ਨਿਯੁਕਤੀ ਦਾ ਫ਼ਾਰਮੂਲਾ ਸੁਝਾਇਆ ਤੇ ਮੰਚ ਪਿਛਲੇ 24 ਵਰ੍ਹਿਆਂ ਤੋਂ ਇਸੇ ਆਧਾਰ 'ਤੇ ਕੰਮ ਕਰ ਰਿਹਾ ਹੈ। ਹੁਣ ਜਦ ਉਹ ਸਾਥੋਂ ਵਿਛੜ ਗਏ ਹਨ ਤਾਂ ਮੰਚ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਵਜੋਂ ਇਸ ਪੁਸਤਕ ਦੀ ਸੰਪਾਦਨਾ ਦਾ ਬੀੜਾ ਚੁੱਕਿਆ ਹੈ। ਮੰਚ ਵਲੋਂ ਇਸ ਪੁਸਤਕ ਦੀ ਸੰਪਾਦਨਾ ਲਈ ਚਾਰ ਮੈਂਬਰੀ

ਕਮੇਟੀ ਨਿਯੁਕਤ ਕੀਤੀ ਗਈ ਸੀ ਜਿਸ ਵਿਚ ਡਾ. ਸਾਧੂ ਸਿੰਘ, ਸਾਧੂ ਬਿਨਿੰਗ, ਨਦੀਮ ਪਰਮਾਰ ਤੇ ਡਾ. ਦਰਸ਼ਨ ਗਿੱਲ ਨੂੰ ਸ਼ਾਮਲ ਕੀਤਾ ਗਿਆ।

ਕੇਸਰ ਸਿੰਘ ਨਾਵਲਕਾਰ ਬਹੁ-ਪੱਖੀ ਸਾਹਿਤਕਾਰ ਸਨ। ਉਨ੍ਹਾਂ ਕਵਿਤਾਵਾਂ ਵੀ ਲਿਖੀਆਂ ਤੇ ਕਹਾਣੀਆਂ ਵੀ। ਉਨ੍ਹਾਂ ਨਿਬੰਧ ਵੀ ਲਿਖੇ ਤੇ ਖੋਜ-ਪੱਤਰ ਵੀ। ਉਨ੍ਹਾਂ ਆਪਣੀ ਆਤਮ ਕਥਾ ਵੀ ਲਿਖੀ ਤੇ ਡਾਇਰੀ ਵੀ। ਪਰ ਅਸਲ ਪਹਿਚਾਣ ਉਨ੍ਹਾਂ ਦੀ ਇਕ ਨਾਵਲਕਾਰ ਵਜੋਂ ਹੀ ਸਥਾਪਤ ਹੋਈ। ਤੇ ਉਹ ਵੀ ਗ਼ਦਰ ਲਹਿਰ ਦੇ ਨਾਵਲਕਾਰ ਵਜੋਂ। ਉਹ ਆਪਣੀ ਆਤਮਕਥਾ ਵਿਚ ਲਿਖਦੇ ਹਨ, 'ਇਹ ਠੀਕ ਹੈ ਕਿ ਗ਼ਦਰ ਲਹਿਰ ਦਾ ਬੀਜ ਵੈਨਕੂਵਰ ਵਿਚ ਹੀ ਫੁੱਟਿਆ ਸੀ ਪਰ ਇਸ ਲਹਿਰ ਦੇ ਬੂਟੇ ਦੇ ਫੁੱਲ ਕੈਲੇਫ਼ੋਰਨੀਆ ਵਿਚ ਹੀ ਲੱਗੇ ਸਨ। ਹੁਣ ਮੈਂ ਇਹ ਪ੍ਰਤੀਤ ਕਰ ਰਿਹਾ ਸਾਂ ਕਿ ਗ਼ਦਰ ਲਹਿਰ ਦਾ ਪੂਰਾ ਇਤਿਹਾਸ ਲਿਖਣ ਲਈ ਤਾਂ ਸਾਰੀ ਜ਼ਿੰਦਗੀ ਹੀ ਲੱਗ ਜਾਵੇਗੀ। ਮੈਂ ਹੋਰ ਸਾਰੇ ਪਾਸੇ ਛੱਡ ਕੇ ਇਕੋ ਕੰਮ ਸਿਰੇ ਚੜ੍ਹਾਉਣ ਦਾ ਮਨ ਬਣਾ ਲਿਆ। ਮੈਨੂੰ ਇਉਂ ਜਾਪਣ ਲੱਗ ਪਿਆ ਜਿਵੇਂ ਗ਼ਦਰ ਲਹਿਰ ਦਾ ਇਤਿਹਾਸ ਲਿਖਣਾ ਹੀ ਮੇਰੇ ਜੀਵਨ ਦਾ ਆਦਰਸ਼ ਬਣ ਗਿਆ ਹੋਵੇ।

ਗ਼ਦਰ ਲਹਿਰ ਦਾ ਇਤਿਹਾਸ ਗਲਪ ਰਾਹੀਂ ਲਿਖਣ ਲਈ ਕੇਸਰ ਸਿੰਘ ਨੇ ਆਪਣਾ ਪੂਰਾ ਜੀਵਨ ਇਸ ਆਦਰਸ਼ ਦੀ ਪੂਰਤੀ ਲਈ ਲਾ ਦਿੱਤਾ। ਉਨ੍ਹਾਂ ਲਗਭਗ ਡੇਢ ਦਰਜਨ ਨਾਵਲ ਇਸ ਲਹਿਰ ਦੇ ਸ਼ਹੀਦਾਂ ਬਾਰੇ ਲਿਖੇ। ਉਨ੍ਹਾਂ ਦੀਆਂ ਲਿਖੀਆਂ ਕੁੱਲ ਪੁਸਤਕਾਂ ਦੀ ਗਿਣਤੀ ਲਗਪਗ ਸੱਠ ਦੇ ਕਰੀਬ ਬਣਦੀ ਹੈ। ਡਾ. ਰਘਬੀਰ ਸਿੰਘ ਅਨੁਸਾਰ, 'ਕੇਸਰ ਸਿੰਘ ਦਾ ਸਮਕਾਲੀ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਨਿਵੇਕਲਾ ਸਥਾਨ ਹੈ। ਇਹ ਨਿਵੇਕਲਾਪਨ ਕੇਸਰ ਸਿੰਘ ਨੂੰ ਸਹਿਜ ਰੂਪ ਵਿਚ ਵੀ ਮਿਲਿਆ ਅਤੇ ਉਸ ਵੱਲੋਂ ਕੀਤੇ ਉਚੇਚੇ ਯਤਨਾਂ ਦੁਆਰਾ ਵੀ।' ਉਨ੍ਹਾਂ ਅਨੁਸਾਰ 'ਆਪਣੇ ਨਾਵਲਾਂ ਨੂੰ ਕੇਸਰ ਸਿੰਘ ਨੇ ਕਲਾਤਮਕ ਪੱਖ ਤੋਂ ਲਗਪਗ ਇਕੋ ਤਰ੍ਹਾਂ ਦੀ ਪਹੁੰਚ ਨਾਲ ਪੇਸ਼ ਕੀਤਾ ਹੈ, ਜਿਸਨੂੰ ਦਸਤਾਵੇਜ਼ੀ ਪਹੁੰਚ ਦਾ ਨਾਂ ਦਿੱਤਾ ਜਾ ਸਕਦਾ ਹੈ। ਉਸ ਦੀ ਪੂਰੀ ਕੋਸ਼ਿਸ਼ ਰਹੀ ਹੈ ਕਿ ਉਹ ਸਿਰਜਣਾਤਮਕ ਗਲਪ ਦੀ ਰਚਨਾ ਕਰਦਾ ਹੋਇਆ ਵੀ ਗਲਪ ਨਾਲੋਂ ਯਥਾਰਥ ਦੇ ਵਧੇਰੇ ਨੇੜੇ ਰਹੇ।' ਇਸ ਯਥਾਰਥਕ ਪਹੁੰਚ ਦਾ ਵੱਡਾ ਕਾਰਨ ਉਨ੍ਹਾਂ ਦੀ ਗ਼ਦਰ ਲਹਿਰ ਦੀ ਖੋਜ ਬਣੀ ਤੇ ਉਨ੍ਹਾਂ ਇਤਿਹਾਸ ਨੂੰ ਅੱਖੋਂ ਪਰੋਖੇ ਨਹੀਂ ਕੀਤਾ। ਇਹ ਕਾਰਜ ਉਨ੍ਹਾਂ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਦੀ ਪ੍ਰੇਰਨਾ ਨਾਲ ਹੀ ਆਰੰਭਿਆ ਤੇ ਸੰਪੂਰਨ ਕੀਤਾ। ਡਾ. ਜੁਗਿੰਦਰ ਨਹਿਰੂ ਕੇਸਰ ਸਿੰਘ ਨੂੰ ਪੰਜਾਬੀ ਸਾਹਿਤ ਦਾ ਇਕ ਪ੍ਰਸਿੱਧ ਤੇ ਸਥਾਪਿਤ ਨਾਵਲਕਾਰ ਮੰਨਦਾ ਹੈ। ਉਸ ਅਨੁਸਾਰ 'ਕੇਸਰ ਸਿੰਘ ਦੀ ਸਮੁੱਚੀ ਗਲਪ-ਰਚਨਾ ਵਿਚ ਵੀਹਵੀਂ ਸਦੀ ਦੇ ਪ੍ਰਥਮ

ਅੱਧ ਦੇ ਭਾਰਤੀ ਇਤਿਹਾਸ ਦੇ ਕ੍ਰਾਂਤੀਕਾਰੀ ਜੀਵੰਤ ਇਤਿਹਾਸ ਨੂੰ ਪ੍ਰਸਤੁਤ ਕੀਤਾ ਗਿਆ ਮਿਲਦਾ ਹੈ... ਕੇਸਰ ਸਿੰਘ ਨੇ ਪੰਜਾਬੀ ਨਾਵਲ ਨੂੰ ਇਕ ਅਜਿਹੀ ਧਰਮ-ਨਿਰਪੱਖ ਤੇ ਧਰਮ-ਨਿਰਪੇਖ ਇਤਿਹਾਸ-ਦ੍ਰਿਸ਼ਟੀ ਤੋਂ ਗਲਪ ਸਿਰਜਣਾ ਕਰਨ ਦੀ ਪਰੰਪਰਾ ਪ੍ਰਦਾਨ ਕੀਤੀ ਹੈ ਜਿਸਦਾ ਭਵਿੱਖ ਵਿਚ ਜਿੰਨਾ ਵਿਕਾਸ ਹੋਵੇ, ਓਨਾ ਹੀ ਚੰਗਾ ਹੈ।' ਕੇਸਰ ਸਿੰਘ ਨੇ ਗ਼ਦਰ ਲਹਿਰ ਨੂੰ ਪਹਿਲੀ ਗ਼ੈਰ-ਮਜ਼ਹਬੀ ਤੇ ਗ਼ੈਰ ਫਿਰਕੂ ਲਹਿਰ ਵਜੋਂ ਪੇਸ਼ ਕਰਨ ਦਾ ਬੀੜਾ ਚੁੱਕਿਆ।

ਅਜਮੇਰ ਰੋਡੇ ਅਨੁਸਾਰ 'ਕੇਸਰ ਸਿੰਘ ਜੀ ਹੋਰਾਂ ਨੇ ਆਪਣੇ ਨਾਵਲਾਂ ਦੇ ਵਿਸ਼ੇ ਅੰਤਰਰਾਸ਼ਟਰੀ ਵਿਸਥਾਰ ਵਾਲੇ ਲਏ ਅਤੇ ਹਿੰਦੁਸਤਾਨ ਦੀ ਆਜ਼ਾਦੀ ਲਈ ਵਿਦੇਸ਼ਾਂ ਵਿਚ ਹੋਏ ਸੰਗ੍ਰਾਮਾਂ ਨੂੰ ਦੁਬਾਰਾ ਜ਼ਿੰਦਾ ਕੀਤਾ। ਅਜਿਹੇ ਵਿਸਤਾਰ ਵਾਲੇ ਵਿਸ਼ੇ ਹੋਰ ਕਿਸੇ ਪੰਜਾਬੀ ਨਾਵਲਕਾਰ ਨੇ ਸਫ਼ਲਤਾ ਨਾਲ ਨਹੀਂ ਨਿਭਾਏ। ਇਸ ਦਾ ਇਕ ਕਾਰਣ ਇਹ ਵੀ ਹੈ ਕਿ ਲੇਖਕ ਦੀ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਵਿਦੇਸ਼ਾਂ ਵਿਚ ਆਜ਼ਾਦੀ ਦੀ ਜੰਗ ਵਿਚ ਜੂਝਦਿਆਂ ਗੁਜ਼ਰਿਆ ਹੈ ਤੇ ਇਸੇ ਲਈ ਇਨ੍ਹਾਂ ਦੀ ਇਤਿਹਾਸਕ ਖੋਜ ਅਤੇ ਪਾਤਰ ਉਸਾਰੀ ਵੀ ਪਰਮਾਣਿਕ ਹੈ।'

ਈਸ਼ਰ ਸਿੰਘ ਅਟਾਰੀ ਦਾ ਮੱਤ ਹੈ ਕਿ 'ਜਿਥੋਂ ਤੱਕ ਇਤਿਹਾਸ ਨੂੰ ਗਲਪ ਦਾ ਰੂਪ ਦੇਣ ਦਾ ਸਬੰਧ ਹੈ, ਕੇਸਰ ਸਿੰਘ ਯਥਾਰਥਿਕ ਹੁੰਦਾ ਹੋਇਆ ਵੀ ਕਾਲਪਨਿਕਤਾ ਅਤੇ ਮੌਲਿਕਤਾ ਦਾ ਪੱਲਾ ਨਹੀਂ ਛੱਡਦਾ। ਗੋਦ, ਕਥਾਨਕ, ਕਥਾ ਪੱਟ ਅਤੇ ਪਾਤਰ ਉਸਾਰੀ ਸਭ ਕੁਝ ਉਸ ਦੀ ਇਤਿਹਾਸਕਤਾ ਨੂੰ ਉਪਨਿਆਸਕਤਾ ਵਿਚ ਬਦਲ ਦੇਂਦੇ ਹਨ, ਫਿਰ ਵੀ ਇਤਿਹਾਸ ਆਪਣੀ ਵਾਸਵਿਕਤਾ ਨਹੀਂ ਗਵਾਉਂਦਾ। ਉਸੇ ਦੇ ਨਾਵਲਾਂ ਵਿਚ ਸਮੇਂ ਦੀ ਨਾ ਕੇਵਲ ਸਥਿਤੀ ਹੀ ਸ਼ੁੱਧ ਰੂਪ ਵਿਚ ਵਿਦਮਾਨ ਹੁੰਦੀ ਹੈ ਸਗੋਂ ਸੋਮੇ ਦੀ ਸੁਰ ਵੀ ਆਪਣੇ ਸਹੀ ਰੂਪ ਵਿਚ ਵਿਦਮਾਨ ਰਹਿੰਦੀ ਹੈ।

ਪ੍ਰੋ. ਕਿਰਪਾਲ ਸਿੰਘ ਕਸੇਲ ਦਾ ਕਥਨ ਹੈ ਕਿ 'ਆਪ ਜੀ ਦੇ ਇਤਿਹਾਸਕ ਨਾਵਲ ਇਸ ਗੱਲ ਦਾ ਸਾਖਿਆਤ ਪ੍ਰਮਾਣ ਹਨ ਕਿ ਭਾਰਤੀ ਸੁਤੰਤਰਤਾ ਸੰਗਰਾਮ ਦੇ ਇਨ੍ਹਾਂ ਕੌਮੀ ਸ਼ਹੀਦਾਂ ਤੇ ਸੁਤੰਤਰਤਾ ਸੰਗਰਾਮੀਆਂ ਨੇ ਕਿੰਨਾ ਵੱਡਾ ਬਲੀਦਾਨ ਦੇਸ਼ ਨੂੰ ਸੁਤੰਤਰ ਕਰਵਾਉਣ ਲਈ ਕੀਤਾ ਹੈ। ਸ਼ਹੀਦ ਮਦਨ ਲਾਲ ਢੀਂਗਰਾ, ਸ਼ਹੀਦ ਊਧਮ ਸਿੰਘ, ਸ਼ਹੀਦ ਮੇਵਾ ਸਿੰਘ ਲੋਪੋਕੇ, ਸਿੰਘ ਸਾਹਿਬ ਦੀ ਸ਼ਹੀਦੀ, ਜੰਝ ਲਾੜਿਆਂ ਦੀ, ਬਾਬਾ ਹਰੀ ਸਿੰਘ ਉਸਮਾਨ, ਲਹਿਰ ਵਧਦੀ ਗਈ, ਗ਼ਦਰੀ ਗੁਲਾਬ, ਇਕ ਮਾਂ ਸੌ ਪੁਰੀ, ਕਾਮਾਗਾਟਾਮਾਰੂ ਆਦਿ ਸਭ ਨਾਵਲ ਆਪਣੇ ਕਥਾ-ਵਸਤੂ ਵਿਚ ਭਾਰਤ ਸੁਤੰਤਰਤਾ ਸੰਗਰਾਮ ਦੇ ਇਤਿਹਾਸ ਨੂੰ ਪੇਸ਼ ਕਰਨ ਵਾਲੇ ਸ੍ਰੇਸ਼ਟ ਨਾਵਲ ਹਨ। 'ਜੰਗੀ ਕੈਦੀ' ਵਰਗਾ ਮਹਾਂਕਾਵਿਕ ਵਿਸਥਾਰਾਂ ਵਾਲਾ ਨਾਵਲ ਤੇ ਉਨ੍ਹਾਂ ਦਾ ਵੱਡ-ਆਕਾਰੀ 'ਹਥਿਆਰਬੰਦ ਇਨਕਲਾਬ' ਨਾਵਲਾਂ ਨਾਲ ਤਾਂ

ਪੰਜਾਬੀ ਨਾਵਲ ਦੀ ਪਰੰਪਰਾ ਆਪਣੇ ਸਿਖ਼ਰਾਂ ਤੱਕ ਪੁੱਜੀ ਹੈ।'

ਕੇਸਰ ਸਿੰਘ ਜੀ ਆਪ ਸੁਤੰਤਰਤਾ ਸੰਗਰਾਮੀ ਸਨ। ਉਨ੍ਹਾਂ ਆਜ਼ਾਦ ਹਿੰਦ ਫੌਜ ਵਿਚ ਸੇਵਾਵਾਂ ਨਿਭਾਈਆਂ। ਡਾ. ਸੈਫ਼ੂਦੀਨ ਕਿਚਲੂ, ਸੁਭਾਸ਼ ਚੰਦਰ ਬੋਸ, ਜਨਰਲ ਮੋਹਣ ਸਿੰਘ, ਜਵਾਹਰ ਲਾਲ ਨਹਿਰੂ, ਮਾਸਟਰ ਤਾਰਾ ਸਿੰਘ ਆਦਿ ਨੇਤਾਵਾਂ ਨਾਲ ਉਨ੍ਹਾਂ ਦਾ ਡੂੰਘਾ ਸੰਪਰਕ ਰਿਹਾ।

ਕੇਸਰ ਸਿੰਘ 1963 ਤੋਂ ਲੈ ਕੇ ਕੈਨੇਡਾ ਵਿਚ ਲਗਭਗ 43 ਵਰ੍ਹੇ ਰਹੇ ਤੇ ਅੰਤ 20 ਸਤੰਬਰ, 2006 ਨੂੰ ਐਡਮੰਟਨ (ਅਲਬਰਟਾ) ਵਿਚ 94 ਵਰ੍ਹੇ ਦੀ ਉਮਰ ਭੋਗ ਕੇ ਪੂਰੇ ਹੋ ਗਏ। ਉਨ੍ਹਾਂ ਦਾ ਜੀਵਨ ਯਤੀਮਖ਼ਾਨੇ ਤੋਂ ਸ਼ੁਰੂ ਹੋਇਆ ਪਰ ਉਨ੍ਹਾਂ ਦੀ ਆਪਣੀ ਹਿੰਮਤ, ਲਗਨ, ਮਿਹਨਤ, ਦੂਰ-ਦ੍ਰਿਸ਼ਟੀ ਸਦਕਾ ਉਨ੍ਹਾਂ ਇਕ ਭਰਪੂਰ ਜੀਵਨ-ਬਤੀਤ ਕੀਤਾ। ਇਨ੍ਹਾਂ ਲੰਮੇ ਵਰ੍ਹਿਆਂ ਵਿਚ ਉਨ੍ਹਾਂ ਦੀ ਪਤਨੀ ਰਾਜੇਸ਼ਵਰੀ ਨੇ ਪਤੀ-ਧਰਮ ਨਿਬਾਹੁੰਦਿਆਂ, ਉਨ੍ਹਾਂ ਦੀਆਂ ਸਿਰਜਣਾਤਮਕ ਸਰਗਰਮੀਆਂ ਵਿਚ ਭਰਪੂਰ ਯੋਗਦਾਨ ਪਾਇਆ। ਅਸੀਂ ਪੰਜਾਬੀ ਸਾਹਿੱਤ ਦੇ ਰਸੀਆਂ ਵਜੋਂ ਉਨ੍ਹਾਂ ਦੀ ਕਰੜੀ ਘਾਲਣਾ ਨੂੰ ਪਰਣਾਮ ਕਰਦੇ ਹਾਂ।

ਇਸ ਪੁਸਤਕ ਵਿਚ ਸ਼ਾਮਲ ਲੇਖਕਾਂ ਸ੍ਰੀ ਗੁਰਚਰਨ ਰਾਮਪੁਰੀ, ਉਂਕਾਰਪ੍ਰੀਤ, ਡਾ. ਪ੍ਰਿਥਵੀ ਰਾਜ ਕਾਲੀਆ, ਪ੍ਰੋ. ਕੁਲਵੰਤ ਸਿੰਘ, ਪ੍ਰੋ. ਕਿਰਪਾਲ ਸਿੰਘ ਕਸੇਲ, ਡਾ. ਰਘਬੀਰ ਸਿੰਘ, ਡਾ. ਜੁਗਿੰਦਰ ਨਹਿਰੂ, ਡਾ. ਮਹਿਲ ਸਿੰਘ, ਅਮਰਜੀਤ ਚਾਹਲ, ਡਾ. ਦਰਸ਼ਨ ਗਿੱਲ, ਸਾਧੂ ਬਿਨਿੰਗ, ਅਜਮੇਰ ਰੋਡੇ, ਅਮਰਜੀਤ ਸੂਫ਼ੀ, ਈਸ਼ਰ ਸਿੰਘ ਅਟਾਰੀ, ਮੰਗਾ ਬਾਸੀ, ਮਹਿੰਦਰਪਾਲ ਸਿੰਘ ਪਾਲ, ਹਰਭਜਨ ਸਿੰਘ ਮਿਨਹਾਸ ਦੇ ਅਸੀਂ ਦਿਲੋਂ ਰਿਣੀ ਹਾਂ। ਕੁਝ ਰਚਨਾਵਾਂ ਅਸੀਂ ਨਾਵਲਕਾਰ ਕੇਸਰ ਸਿੰਘ ਦੀਆਂ ਵੀ ਸ਼ਾਮਲ ਕਰਨੀਆਂ ਯੋਗ ਸਮਝੀਆਂ ਹਨ।

ਇਸ ਪੁਸਤਕ ਨੂੰ ਦੋ ਭਾਗਾਂ-ਜੀਵਨ ਤੇ ਰਚਨਾ-ਵਿਚ ਵੰਡਿਆ ਗਿਆ ਹੈ। ਇਸ ਪਿਛੇ ਇਹ ਭਾਵਨਾ ਕੰਮ ਕਰ ਰਹੀ ਹੈ ਕਿ ਇਸ ਪੁਸਤਕ ਵਿਚ ਸ਼ਾਮਿਲ ਸਮੱਗਰੀ ਜਿਥੇ ਪਾਠਕਾਂ ਲਈ ਦਿਲਚਸਪੀ ਭਰੀ ਹੋਵੇਗੀ ਉਥੇ ਨਾਵਲਕਾਰ ਕੇਸਰ ਸਿੰਘ ਉਤੇ ਖੋਜ ਕਰ ਰਹੇ ਵਿਦਿਆਰਥੀਆਂ ਤੇ ਕੋਰਸਾਂ ਵਿਚ ਪੜ੍ਹ ਰਹੇ ਉਨ੍ਹਾਂ ਦੇ ਨਾਵਲਾਂ ਦੇ ਵਿਦਿਆਰਥੀਆਂ ਲਈ ਵੀ ਲਾਹੇਵੰਦ ਸਾਬਤ ਹੋਵੇਗੀ।

ਸ਼ੁਭ ਇਛਾਵਾਂ ਸਹਿਤ,

ਸੰਪਾਦਕੀ ਮੰਡਲ

-ਡਾ. ਸਾਧੂ ਸਿੰਘ, ਸਾਧੂ ਬਿਨਿੰਗ

ਨਦੀਮ ਪਰਮਾਰ, ਡਾ. ਦਰਸ਼ਨ ਗਿੱਲ

5 ਫਰਵਰੀ, 2008

ਜੀਵਨ

ਇਤਿਹਾਸ ਅਤੇ ਕਲਪਨਾ ਦਾ ਸੁਮੇਲ ਕੇਸਰ ਸਿੰਘ

-ਗੁਰਚਰਨ ਰਾਮਪੁਰੀ

ਕੇਸਰ ਸਿੰਘ ਇਤਿਹਾਸ ਦਾ ਖੋਜੀ ਹੈ, ਨਾਵਲਕਾਰ ਹੈ ਅਤੇ ਕਵੀ। ਉਸਨੇ ਲੰਮਾ ਸਮਾਂ ਇਹ ਤਿੰਨੇ ਕੰਮ ਨਾਲੋ ਨਾਲ ਕੀਤੇ। ਵੀਹਵੀਂ ਸਦੀ ਵਿਚ ਭਾਰਤ ਦੀ ਆਜ਼ਾਦੀ ਲਈ ਚੱਲੀਆਂ ਕਈ ਲਹਿਰਾਂ ਵਿਚ ਉਹ ਆਪ ਸਰਗਰਮ ਰਿਹਾ। ਉਹ ਜੀਵਨ ਦੇ ਨਾਟਕ ਦਾ ਤਮਾਸ਼ਬੀਨ ਨਹੀਂ ਸਗੋਂ ਲਹਿਰਾਂ ਵਿਚ ਆਪ, ਅਮਲੀ ਤੌਰ 'ਤੇ ਜੂਝਣ ਵਾਲਾ ਸੰਗਰਾਮੀ ਸੀ। ਉਹ ਆਪ ਆਜ਼ਾਦ ਹਿੰਦ ਫ਼ੌਜ ਦਾ ਸਰਗਰਮ ਸਿਪਾਹੀ ਰਿਹਾ। ਦੱਖਣ ਪੂਰਬੀ ਏਸ਼ੀਆ ਦੇ ਦੇਸ਼ਾਂ ਵਿਚ ਚੱਲ ਰਹੀ, ਇਹ ਲੜਾਈ ਸ਼ੁਰੂ ਤੋਂ ਅਖ਼ੀਰ ਤੱਕ ਉਸਨੇ ਅੱਖਾਂ ਖੋਲ੍ਹ ਕੇ ਲੜੀ। ਉਸ ਵਿਚ ਵਾਪਰੀਆਂ ਘਟਨਾਵਾਂ ਉਸਨੇ ਆਪਣੇ ਹਿਰਦੇ ਵਿਚ ਸਾਂਭੀਆਂ। ਅਪਣੀ ਉਮਰ ਦੇ ਦੂਜੇ ਅੱਧ ਵਿਚ ਉਸਨੇ ਉਨ੍ਹਾਂ ਯਾਦਾਂ ਨੂੰ ਆਪਣੀਆਂ ਰਚਨਾਵਾਂ ਦਾ ਆਧਾਰ ਬਣਾਇਆ।

ਉਮਰ ਦੇ ਆਖ਼ਿਰੀ ਸਾਲਾਂ ਵਿਚ ਵੀ ਉਸਦੀ ਯਾਦਦਾਸ਼ਤ ਵੀਹ ਸਾਲਾਂ ਦੇ ਇਕ ਜਵਾਨ ਬੰਦੇ ਜਿੰਨੀ ਸੀ। ਕੇਸਰ ਸਿੰਘ ਨੇ ਗ਼ਦਰੀ ਮਹਾਂ-ਸੰਗਰਾਮੀਏ ਬਾਬਾ ਹਰੀ ਸਿੰਘ 'ਉਸਮਾਨ' ਦੀ ਉਰਦੂ ਵਿਚ ਲਿਖੀ ਡਾਇਰੀ ਦਾ ਪੰਜਾਬੀ ਅਨੁਵਾਦ ਕਰਕੇ ਪ੍ਰਕਾਸ਼ਤ ਕੀਤਾ। ਜਦ ਮੈਂ ਇਹ ਕਿਤਾਬ ਪੜ੍ਹੀ ਤਾਂ ਮੇਰਾ ਮਨ ਇਸ ਬਾਰੇ ਕੁਝ ਲਿਖਣ ਲਈ ਮਜ਼ਬੂਰ ਹੋ ਗਿਆ। ਮੈਂ ਨਿੱਕੀ ਜਿਹੀ ਟਿੱਪਣੀ ਲਿਖੀ ਅਤੇ ਕੇਸਰ ਸਿੰਘ ਨੂੰ ਫੋਨ ਉੱਤੇ ਸੁਣਾਈ। ਉਹਨੇ ਤੁਰੰਤ ਮੇਰੀ ਗ਼ਲਤੀ ਫੜ ਲਈ। ਮੈਂ ਇਕ ਘਟਨਾ ਦੀ ਤਾਰੀਖ਼ ਗ਼ਲਤ ਲਿਖ ਦਿੱਤੀ ਸੀ। ਮੇਰੀ ਉਹ ਟਿੱਪਣੀ 'ਪੰਜਾਬੀ ਟ੍ਰਿਬਿਊਨ' ਚੰਡੀਗੜ੍ਹ ਵਿਚ ਛਪੀ। ਉਸ ਬਾਰੇ ਕਈ ਮਿੱਤਰਾਂ ਨੇ ਮੈਨੂੰ ਚਿਠੀਆਂ ਲਿਖੀਆਂ। ਉਨ੍ਹਾਂ ਨੂੰ ਉਹ ਟਿੱਪਣੀ ਪਸੰਦ ਆਈ ਸੀ।

ਮੇਰੀਆਂ ਪੜ੍ਹੀਆਂ ਕਿਤਾਬਾਂ 'ਚੋਂ ਸਿਰਫ਼ ਇਕ ਹੋਰ ਕਿਤਾਬ ਨੇ ਮੈਨੂੰ ਕੁਝ ਲਿਖਣ ਲਈ ਇੰਝ ਮਜ਼ਬੂਰ ਕੀਤਾ। ਉਹ ਸੀ ਸੁਕੀਰਤ ਦੀ ਰਚਨਾ 'ਬਾਤ ਇਕ ਬੀਤੇ ਦੀ।' ਇਸ ਪੁਸਤਕ ਨੇ ਮੈਨੂੰ ਸੋਵੀਅਤ ਯੂਨੀਅਨ ਦੀ ਅੱਖੀਂ ਦੇਖੀ,

ਅਸਲੀਅਤ ਦੱਸੀ ਸੀ। ਸੁਕੀਰਤ ਨੇ ਮੇਰੇ ਅਨੇਕਾਂ ਭਰਮ, ਝਟਕਾ ਦੇ ਕੇ, ਤੋੜ ਦਿੱਤੇ ਸਨ। ਮੈਂ ਉਸ ਬਾਰੇ ਵੀ ਟਿੱਪਣੀ ਲਿਖੀ।

ਮੇਰੇ ਕੋਲ ਕੇਸਰ ਸਿੰਘ ਸਿੰਘ ਦੀਆਂ ਤਿੰਨ ਨਿਸ਼ਾਨੀਆਂ ਹਨ: ਥੋੜ੍ਹੇ ਜਹੇ ਖ਼ਤ, ਢੇਰ ਸਾਰੀਆਂ ਕਿਤਾਬਾਂ ਅਤੇ ਅਣਗਿਣਤ ਯਾਦਾਂ। ਉਨੋਵੇ (ਅਲਬਰਟਾ-ਕੈਨੇਡਾ) ਤੋਂ ਮੈਨੂੰ ਲਿਖੀਆਂ ਹੋਈਆਂ ਚਿਠੀਆਂ 1973 ਤੋਂ 1976 ਤੱਕ ਦੀਆਂ ਹਨ। ਉਨ੍ਹਾਂ ਵਿਚ ਪੰਜਾਬੀ ਲੇਖਕਾਂ ਦੇ ਮਸਲਿਆਂ ਬਾਰੇ ਉਸ ਦੇ ਵਿਚਾਰ ਦਿੱਤੇ ਗਏ ਹਨ। ਜੀਵਨ ਦੀਆਂ ਘਟਨਾਵਾਂ ਅਤੇ ਲੇਖਕ ਮਿੱਤਰਾਂ ਨੂੰ ਯਾਦ ਕੀਤਾ ਗਿਆ ਹੈ।

ਕੇਸਰ ਸਿੰਘ ਨੇ ਆਪਣੀ ਪਹਿਲੀ ਕਿਤਾਬ ਅੰਗਰੇਜ਼ੀ ਵਿਚ ਲਿਖੀ ਹੈ। ਉਹ ਹੈ : ਇੰਡੀਅਨ ਇੰਡੀਪੈਨਡੈਂਸ ਮੂਵਮੈਂਟ ਇਨ ਈਸਟ ਏਸ਼ੀਆ। ਇਸਦਾ ਮੁੱਖਬੰਦ, ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਭਾਈ ਸਰਤ ਚੰਦਰ ਬੋਸ ਦਾ ਲਿਖਿਆ ਹੋਇਆ ਹੈ। ਇਹ ਅਨੇਕਾਂ ਸੁਤੰਤਰਤਾ-ਲਹਿਰਾਂ ਦਾ ਇਤਿਹਾਸ ਹੈ।

ਕੇਸਰ ਸਿੰਘ ਦੀਆਂ ਵੀਹ ਤੋਂ ਵੱਧ ਕਿਤਾਬਾਂ ਮੇਰੇ ਕੋਲ ਹਨ। ਉਨ੍ਹਾਂ ਵਿਚੋਂ ਇਕ ਦਰਜਨ ਤੋਂ ਵੱਧ ਉਸ ਦੇ ਨਾਵਲ ਹਨ ਜਿਹੜੇ ਇਤਿਹਾਸ ਅਤੇ ਕਲਪਨਾ ਦਾ ਸਮੇਲ ਹਨ।

ਇਤਿਹਾਸ, ਪਾਠਕਾਂ ਦੀ ਬਹੁਗਿਣਤੀ ਨੂੰ, ਖੁਸ਼ਕ ਵਿਸ਼ਾ ਲੱਗਦਾ ਹੈ। ਪਰ ਕੇਸਰ ਸਿੰਘ ਨੇ ਇਤਿਹਾਸ ਨੂੰ ਨਾਵਲਾਂ ਦਾ ਰੂਪ ਦੇ ਕੇ, ਬਹੁਤ ਦਿਲਚਸਪ ਬਣਾ ਦਿੱਤਾ ਹੈ। ਜਿਹੜੇ ਦੇਸ਼ ਭਗਤ ਚਿਰੋਕਣੇ ਸਾਥੋਂ ਵਿੱਛੜ ਗਏ ਹਨ, ਉਨ੍ਹਾਂ ਨੂੰ ਪਾਠਕਾਂ ਸਾਹਮਣੇ ਜਿਉਂਦੇ ਧੜਕਦੇ ਇਨਸਾਨ ਬਣਾ ਦਿੱਤਾ ਹੈ। ਉਨ੍ਹਾਂ ਨੇ ਆਪਣੇ ਜੀਵਨ ਦੇ ਅਨੇਕਾਂ ਪੜਾਵਾਂ ਉੱਤੇ ਕੀ ਸੋਚਿਆ? ਕੀ ਕੀਤਾ? ਕਿਉਂ ਕੀਤਾ? ਕੇਸਰ ਸਿੰਘ ਨੇ ਉਹ ਸਭ ਕੁਝ, ਰੂਪਮਾਨ ਕਰਕੇ, ਪਾਠਕਾਂ ਦੀਆਂ ਅੱਖਾਂ ਸਾਹਮਣੇ ਹੁੰਦਾ ਦਿਖਾ ਦਿੱਤਾ ਹੈ।

ਇਤਿਹਾਸਕ ਪਾਤਰਾਂ ਬਾਰੇ ਸੱਚ ਜਾਨਣ ਲਈ ਬਹੁਤ ਖੋਜ ਕਰਨੀ ਪੈਂਦੀ ਹੈ। ਕੇਸਰ ਸਿੰਘ ਨੇ ਮੈਨੂੰ ਆਪਣੀ 28 ਮਈ 1973 ਦੀ ਚਿਠੀ ਵਿਚ ਲਿਖਿਆ:-

'ਮੈਂ ਆਪਣਾ ਨਾਵਲ 'ਸ਼ਹੀਦ ਊਧਮ ਸਿੰਘ' ਛਪਣ ਲਈ ਭੇਜ ਦਿੱਤਾ ਹੈ। ਪੈਸੇ ਕੋਲੋਂ ਦਿੱਤੇ ਹਨ। ਜੁਲਾਈ ਵਿਚ ਛਪ ਜਾਏਗਾ। ਮੈਂ ਇਹ ਨਾਵਲ, ਇੰਗਲੈਂਡ ਰਹਿੰਦਿਆਂ ਸੰਨ 1958 ਵਿਚ ਆਰੰਭ ਕੀਤਾ ਸੀ। ਇਸੇ ਸਬੰਧ ਵਿਚ ਮੈਂ ਕੈਨੇਡਾ ਤੋਂ ਤਿੰਨ ਵਾਰੀ ਲੰਡਨ ਗਿਆ। ਸਰੋਂ ਮੇਰੀ ਖੋਜ ਦੇ ਰਾਹ ਵਿਚ ਬਹੁਤ ਅੜਿੱਕੇ ਪਾਏ ਗਏ। ਹੋਮ ਸੈਕਟਰੀ ਨੇ ਸਾਫ਼ ਜਵਾਬ ਦੇ ਦਿੱਤਾ। ਪ੍ਰਾਈਮ ਮਨਿਸਟਰ ਵਿਲਸਨ ਨੇ ਸਹਾਇਤਾ ਕੀਤੀ। ਉਹ ਵੀ ਕਾਰਗਰ ਨਹੀਂ ਹੋਈ, ਪਰ ਮੈਂ ਅਨੇਕਾਂ ਹੋਰ ਯਤਨ ਕਰਕੇ, ਆਪਣੀ ਖੋਜ ਜਾਰੀ ਰੱਖੀ ਅਤੇ ਨਾਵਲ ਪੂਰਾ ਕਰ ਲਿਆ।

‘ਬਾਬਾ ਹਰੀ ਸਿੰਘ ‘ਉਸਮਾਨ’ ਨਾਵਲ ਦਾ ਖਰੜਾ ਤਿਆਰ ਪਿਆ ਹੈ ਪਰ ਪੈਸੇ ਕੋਲੋਂ ਦੇ ਕੇ ਛਪਵਾਉਣ ਦੀ ਹਿੰਮਤ ਨਹੀਂ।’ ਇਹ ਨਾਵਲ, ਕੁਝ ਸਮਾਂ ਠਹਿਰ ਕੇ, ਸੰਨ 1976 ਵਿਚ ਸਿੰਘ ਬ੍ਰਦਰਜ਼ ਨੇ ਛਾਪਿਆ।

ਕੇਸਰ ਸਿੰਘ ਬਹੁਤ ਭਾਵੁਕ ਇਨਸਾਨ ਸੀ। ਉਹ ਆਪਣੀ 21 ਜੂਨ 1973 ਦੀ ਚਿੱਠੀ ਵਿਚ ਲਿਖਦਾ ਹੈ:- ‘ਤੇਰੀ ਚਿਠੀ ਮਿਲੀ ਅਤੇ ਏਨੇ ਧੱਕੇ ਲੱਗੇ ਕਿ ਸਹੇ ਨਹੀਂ ਜਾ ਰਹੇ। ਤੇਰੇ ਪਿਤਾ ਦੀ ਮੌਤ ਦੀ ਖ਼ਬਰ ਪੜ੍ਹ ਕੇ ਬਹੁਤ ਦੁੱਖ ਹੋਇਆ। ਬਲਰਾਜ ਸਾਹਨੀ, ਤੇਜਾ ਸਿੰਘ ‘ਸੁਤੰਤਰ’ ਅਤੇ ਸ਼ਿਵ ਕੁਮਾਰ ਦੀ ਮੌਤ ਦੀ ਖ਼ਬਰ ਪੜ੍ਹ ਕੇ ਦਿਲ ਬਹਿਣ ਲੱਗ ਪਿਆ ਹੈ, ਅੱਜ ਸਵੇਰੇ ਨੌਂ ਵਜੇ ਤੇਰੀ ਚਿਠੀ ਪੜ੍ਹੀ ਹੁਣ ਦੋ ਵਜ ਗਏ ਹਨ, ਅਜੇ ਤੱਕ ਦਿਲ ਟਿਕਾਣੇ ਨਹੀਂ ਆਇਆ। ਬਲਰਾਜ ਪੰਜਾਬੀ ਦੀ ਉੱਨਤੀ ਲਈ ਆਪਣਾ ਸਾਰਾ ਜ਼ੋਰ ਲਾ ਰਿਹਾ ਸੀ। ਉਸ ਨੇ ‘ਜੰਗੀ ਕੈਦੀ’ ਦਾ ਇਕ ਲੰਮਾ ਰੀਵੀਊ ਕੀਤਾ ਸੀ। ਇਹ ਜੀਵਨ-ਘੁਲਾਟੀਏ, ਆਪਣਾ ਜੀਵਨ-ਘੋਲ ਅਧਵਾਟੇ ਛੱਡ ਕੇ ਹੀ ਤੁਰ ਗਏ।’

‘ਜਦ ਮੈਂ ਪੰਜਾਬ ਗਿਆ ਸਾਂ ਤਾਂ ਆਪਣੇ ਮਿੱਤਰ ਸੁਜਾਨ ਸਿੰਘ, ਪ੍ਰੋ. ਦੁਰਗਾ ਦੱਤ ਸ਼ਰਮਾ ਅਤੇ ਕੁਲਬੀਰ ਸਿੰਘ ‘ਕਾਂਗ’ ਨੂੰ ਨਾਲ ਲੈ ਕੇ ਪ੍ਰੀਤ ਨਗਰ ਗਿਆ ਅਤੇ ਨਾਨਕ ਸਿੰਘ ਹੋਰਾਂ ਨੂੰ ਮਿਲਿਆ, ਉਨ੍ਹਾਂ ਕਿਹਾ, “ਮੈਂ ਜੋ ਕੁਝ ਪਹਿਲਾਂ ਲਿਖਿਆ ਹੈ, ਲਿਖਿਆ ਹੈ। ਪਰ ਜੋ ਕੁਝ ਮੇਰੇ ਮਨ ਵਿਚ ਹੁਣ ਆ ਰਿਹਾ ਹੈ, ਉਹ ਚੋਣਵੇਂ ਮੋਤੀ ਹੋਣਗੇ। ਹੁਣ ਮੇਰਾ ਮਨ ਪੱਕੇ ਹੋਏ ਤਜਰਬੇ ਨਿਖਾਰ ਕੇ ਲਿਖਣ ਲਈ ਤਾਂਘ ਰਿਹਾ ਹੈ ਪਰ ਸਰੀਰ ਸਾਥ ਨਹੀਂ ਦੇ ਰਿਹਾ।” ਸਾਡੀ ਮਿਲਣੀ ਤੋਂ ਥੋੜ੍ਹਾ ਚਿਰ ਪਿਛੋਂ ਹੀ ਨਾਨਕ ਸਿੰਘ ਹੋਰੀਂ ਵੀ ਵਿਛੋੜਾ ਦੇ ਗਏ। ਮੇਰਾ ਮਿੱਤਰ ਬਾਵਾ ਬਲਵੰਤ ਵੀ ਤੁਰ ਗਿਆ, ਉਹ ਮੇਰੀ ਚਿੱਠੀ ਦਾ ਜਵਾਬ ਤੁਰੰਤ ਦੇਂਦਾ ਸੀ। ਸੁਜਾਨ ਸਿੰਘ ਨੂੰ ਚਿਠੀ ਲਿਖਣ ਦੀ ਆਦਤ ਨਹੀਂ।’

‘ਸੁਣਿਆ ਹੈ ਕਿ ਡਾ. ਹਰਿਭਜਨ ਸਿੰਘ ਵਰਗੇ ਲੇਖਕ ਵੀ, ਕੋਲੋਂ ਪੈਸੇ ਦੇ ਕੇ ਆਪਣੀ ਕਿਤਾਬ ਛਪਵਾਉਂਦੇ ਹਨ। ਪੰਜਾਬੀ ਪਬਲਿਸ਼ਿੰਗ ਬਾਰੇ ਲੇਖਕਾਂ ਦੀ ਸੁਧਾਰ-ਕਮੇਟੀ ਬਣਨੀ ਚਾਹੀਦੀ ਹੈ। ਜਦ ਤੱਕ ਇਹ ਨਹੀਂ ਹੁੰਦਾ, ਕੁਝ ਨਹੀਂ ਹੋ ਸਕਦਾ। ਅਸੀਂ ਭਾਰਤ ਤੋਂ ਐਨੀ ਦੂਰ ਬੈਠੇ ਕੀ ਕਰ ਸਕਦੇ ਹਾਂ?”

‘ਮੇਰੇ ਨਾਵਲ ‘ਜੰਗੀ ਕੈਦੀ’ ਦਾ ਹਿੰਦੀ ਅਨੁਵਾਦ ਛਪਿਆ ਹੈ। ਉਨ੍ਹਾਂ ਨੇ ਮੈਥੋਂ ਕੁਝ ਨਹੀਂ ਲਿਆ। ਰਾਇਲਟੀ ਵੀ ਦੇਣਗੇ। ਪੰਜਾਬੀ ਵਿਚ ਲੇਖਕਾਂ ਤੋਂ ਪੈਸੇ ਲੈ ਕੇ ਛਾਪਣ ਦੀ ਬਿਮਾਰੀ ਕਿਥੋਂ ਆ ਵੜੀ ਹੈ? ਸੋਸ਼ਲਿਜ਼ਮ ਅਤੇ ਕਮਿਉਨਿਜ਼ਮ ਵਿਚ ਭਰੋਸਾ ਰੱਖਣ ਵਾਲੇ ਸਰਮਾਏਦਾਰ ਪਬਲਿਸ਼ਰ ਦੁਮੂੰਹੀਂ ਸੱਪਣੀ ਵਰਗੇ ਹਨ, ਅੱਗੋਂ ਵੀ ਵੱਢਦੇ ਹਨ, ਪਿੱਛੋਂ ਵੀ ਡੰਗ ਮਾਰਦੇ ਹਨ।’

ਕੇਸਰ ਸਿੰਘ ਦੀਆਂ ਕਿੰਨੀਆਂ ਹੀ ਹੋਰ ਚਿੱਠੀਆਂ ਵਿਚ, ਉਸੇ ਤਰ੍ਹਾਂ ਪਬਲਿਸ਼ਰਾਂ ਦੀਆਂ ਸ਼ਿਕਾਇਤਾਂ ਹਨ। ਅਸਲੀਅਤ ਇਹ ਹੈ ਕਿ ਲੇਖਕ ਸਭਾਵਾਂ ਨੇ ਆਪਣੀਆਂ ਪ੍ਰਕਾਸ਼ਨ ਕਮੇਟੀਆਂ ਬਣਾਈਆਂ ਹਨ। ਮੈਂ ਉਨ੍ਹਾਂ ਵਿਚੋਂ ਚਾਰ ਦਾ ਮੁੱਢ ਤੋਂ ਜੀਵਨ-ਮੈਂਬਰ ਹਾਂ। ਇਨ੍ਹਾਂ ਨੇ ਕੁਝ ਕਿਤਾਬਾਂ ਛਾਪੀਆਂ ਵੀ, ਪਰ ਕਿਤਾਬਾਂ ਦੀ ਵਿਕਰੀ ਲਈ ਲਈ ਕੋਈ ਵੀ ਕਮੇਟੀ ਨੈਟਵਰਕ (Network) ਨਹੀਂ ਬਣਾ ਸਕੀ। ਕਾਰਨ ਇਹ ਹੈ ਕਿ ਲੇਖਕ ਸਭਾਵਾਂ ਦੀਆਂ ਕਮੇਟੀਆਂ ਵਿਚਲੇ ਲੇਖਕ, ਸੇਵਾ-ਭਾਵ ਨਾਲ ਹੀ ਕੰਮ ਕਰਦੇ ਹਨ। ਕਿਤਾਬਾਂ ਦੀ ਵਿਕਰੀ ਲਈ ਪਬਲਿਸ਼ਰਾਂ ਨੂੰ ਵੀ ਬਹੁਤ ਪਾਪੜ ਵੇਲਣੇ ਪੈਂਦੇ ਹਨ, ਰਿਸ਼ਵਤ ਵੀ ਦੇਣੀ ਪੈਂਦੀ ਹੈ।

ਵਿਉਪਾਰੀ ਪਬਲਿਸ਼ਰ ਨੂੰ ਰਿਸ਼ਵਤ ਦੇਣ ਵਿਚ ਕੋਈ ਅੜਿੱਕਾ ਨਹੀਂ। ਲੇਖਕ ਸੰਸਥਾਵਾਂ ਦੇ 'ਸੇਵਕ' ਇਹ ਨਹੀਂ ਕਰ ਸਕਦੇ। ਓਸ ਤੋਂ ਵੀ ਵੱਡੀ ਅਸਲੀਅਤ ਇਹ ਹੈ ਕਿ ਬਹੁਤੇ ਪੰਜਾਬੀ ਕਿਤਾਬਾਂ ਪੜ੍ਹਦੇ ਹੀ ਘੱਟ ਹਨ। ਲਾਇਬਰੇਰੀਆਂ ਵਿਚ ਵੀ ਕਿਤਾਬਾਂ ਅਲਮਾਰੀ ਦਾ ਸ਼ਿੰਗਾਰ ਬਣੀਆਂ ਰਹਿੰਦੀਆਂ ਹਨ। ਵਿਦੇਸ਼ਾਂ ਵਿਚ ਜੇ ਆਪਣੀਆਂ ਕਿਤਾਬਾਂ, ਉਪਰਾਲਾ ਕਰਕੇ, ਲਾਇਬ੍ਰੇਰੀਆਂ ਵਿਚ ਪੁਚਾ ਵੀ ਦੇਈਏ ਤਾਂ ਲੋਕ ਪੜ੍ਹਨ ਲਈ ਕਢਵਾਉਂਦੇ ਹੀ ਨਹੀਂ। ਉਹ ਕਿਤਾਬਾਂ, ਸਾਲ ਦੋ ਸਾਲ ਪਿੱਛੋਂ, ਅਣਵਰਤੀਆਂ ਹੀ ਭੋਅ ਦੇ ਭਾਅ, ਵੇਚ ਦਿੱਤੀਆਂ ਜਾਂਦੀਆਂ ਹਨ।

ਸੰਨ 1973 ਵਿਚ ਪੰਜਾਬੀ ਰਾਈਟਰਜ਼ ਐਸੋਸੀਏਸ਼ਨ ਵੈਨਕੂਵਰ ਬਣੀ ਤਾਂ ਕੇਸਰ ਸਿੰਘ ਨੇ ਆਪਣੀ ਹਾਰਦਿਕ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ।

10 ਜੂਨ 1974 ਨੂੰ ਕੇਸਰ ਸਿੰਘ ਦੀ ਜੀਵਨ-ਸਾਥਣ ਰਾਜੇਸ਼ਵਰੀ ਦੀ, ਅੰਗਰੇਜ਼ੀ ਵਿਚ ਲਿਖੀ ਚਿਠੀ ਮੈਨੂੰ ਮਿਲੀ। ਉਸ ਨੇ ਲਿਖਿਆ ਸੀ:- 'ਕੇਸਰ ਸਿੰਘ ਦੇ ਛੋਟੇ ਪੁੱਤਰ, ਕੁਲਜੀਤ ਸਿੰਘ ਸਰਨਾ ਦੀ, ਇਕ ਸੜਕ ਹਾਦਸੇ ਵਿਚ, ਮੌਤ ਹੋ ਗਈ ਹੈ। ਗਿਆਨ ਜੀ ਇਸ ਭਿਆਨਕ ਦੁਖਾਂਤ ਕਰਕੇ ਚਿਠੀ ਲਿਖਣ ਜੋਗੇ ਵੀ ਨਹੀਂ ਹਨ। ਇਸੇ ਲਈ ਮੈਂ ਚਿਠੀ ਲਿਖ ਰਹੀ ਹਾਂ।'

ਕੁਲਜੀਤ ਸਿੰਘ, ਕੇਸਰ ਸਿੰਘ ਦਾ ਬਹੁਤ ਧਿਆਨ ਰੱਖਦਾ ਸੀ, ਦੋਨੋਂ ਇਕ ਦੂਜੇ ਦੇ ਅਤੀ ਨੇੜੇ ਸਨ। ਪਰ ਮੌਤ ਸਾਹਮਣੇ ਕਿਸੇ ਦਾ ਜ਼ੋਰ ਨਹੀਂ ਚੱਲਦਾ। ਮੇਰਾ ਸਾਰਾ ਪਰਿਵਾਰ, ਸਤੰਬਰ 1974 ਵਿਚ, ਕੁਲਜੀਤ ਸਿੰਘ ਦੀ ਮੌਤ ਦਾ ਅਫ਼ਸੋਸ ਕਰਨ ਅਤੇ ਕੇਸਰ ਸਿੰਘ ਦੇ ਪਰਿਵਾਰ ਨੂੰ ਮਿਲਣ ਓਨੋਵੇ (ਐਲਬਰਟਾ) ਗਿਆ। ਸਾਡੀ ਉਸ ਫੇਰੀ ਵਿਚ ਸੂਬੇ ਦੀ ਰਾਜਧਾਨੀ ਐਡਮੰਟਨ ਸ਼ਹਿਰ ਦੇ ਅਨੇਕਾਂ ਸਾਹਿਤ-ਪ੍ਰੇਮੀਆਂ ਨਾਲ ਵੀ ਮਿਲਣ ਦਾ ਮੌਕਾ ਮਿਲਿਆ। ਸਾਰਿਆਂ ਵੱਲੋਂ ਸਾਨੂੰ ਬੜਾ ਪਿਆਰ ਮਿਲਿਆ।

ਜਦੋਂ ਕੇਸਰ ਸਿੰਘ ਓਨੋਵੇ (ਅਲਬਰਟਾ-ਕੈਨੇਡਾ) ਵਿਚ ਐਜੂਕੇਸ਼ਨ ਅਫ਼ਸਰ ਵਜੋਂ ਕੰਮ ਕਰਦਾ ਸੀ, ਉਸ ਦਾ ਮਨ ਹਮੇਸ਼ਾ ਵੈਨਕੂਵਰ ਆ ਕੇ ਵਸ ਜਾਣ ਨੂੰ ਤਾਂਘਦਾ ਸੀ। ਕਾਰਨ ਇਹ ਸੀ ਕਿ ਵੈਨਕੂਵਰ ਵਿਚ ਉਸਦੇ ਨਾਵਲਾਂ ਦੇ ਨਾਇਕ: ਭਾਰਤੀ ਦੇਸ਼ ਭਗਤ ਵਿਚਰ ਰਹੇ ਸਨ। ਗ਼ਦਰ ਲਹਿਰ ਦੀਆਂ ਅਨੇਕਾਂ ਘਟਨਾਵਾਂ ਏਥੇ ਹੋਈਆਂ ਸਨ। ਇਹ ਸ਼ਹਿਰ, ਲੰਮੇ ਸਮੇਂ ਤੋਂ ਉਸ ਲਈ ਖਿੱਚ ਦਾ ਕੇਂਦਰ ਸੀ। ਸੋ ਕੇਸਰ ਸਿੰਘ, ਆਪਣੀ ਰਿਟਾਇਰਮੈਂਟ ਪਿਛੋਂ, ਆਪਣੀ ਪਤਨੀ, ਰਾਜੇਸ਼ਵਰੀ ਸਮੇਤ, ਵਡੇਰੇ ਵੈਨਕੂਵਰ ਦੇ ਇਕ ਹਿੱਸੇ, ਸਰੀ ਵਿਚ ਆ ਵਸਿਆ।

ਮੈਨੂੰ ਕੇਸਰ ਸਿੰਘ ਦਾ ਫ਼ੋਨ ਆਇਆ। ਮੈਂ ਉਸ ਨੂੰ ਮਿਲਣ ਉਸ ਦੇ ਘਰ ਪਹੁੰਚਿਆ। ਘੰਟੀ ਵਜਾਈ। ਦਰਵਾਜ਼ਾ ਖੁੱਲ੍ਹਿਆ। ਮੈਂ ਫ਼ਤਹਿ ਬੁਲਾਈ, ਉਸਨੇ ਫ਼ਤਹਿ ਬੁਲਾਈ ਦਾ ਜਵਾਬ ਦਿੱਤਾ ਅਤੇ ਸੋਫ਼ੇ ਤੋਂ ਉੱਠਣ ਦੀ ਕੋਸ਼ਿਸ਼ ਕੀਤੀ, ਉਹ ਕਾਫ਼ੀ ਔਖ ਨਾਲ ਉੱਠਿਆ। ਅਸੀਂ ਜੱਫ਼ੀ ਪਾ ਕੇ ਮਿਲੇ। ਮੈਂ ਮਹਿਸੂਸ ਕੀਤਾ ਕਿ ਕੇਸਰ ਸਿੰਘ ਦਾ ਸਰੀਰ ਹੋਰ ਬੋਝਲ ਹੋ ਗਿਆ ਹੈ। ਉਸ ਦੇ ਸਿਰ ਦਾ ਗੰਜ ਹੋਰ ਵਧ ਗਿਆ ਹੈ। ਅਸੀਂ ਕਈ ਘੰਟੇ ਲੇਖਕ-ਮਿੱਤਰਾਂ ਅਤੇ ਸਾਹਿਤ-ਜਗਤ ਦੀਆਂ ਹੋਰ ਗੱਲਾਂ ਕਰਦੇ ਰਹੇ। ਆਥਣ ਡੂੰਘੀ ਹੋ ਗਈ। ਮੈਂ ਵਿਦਾਅ ਲਈ। ਫਿਰ ਅਸੀਂ ਰੋਜ਼ ਇਕ ਦੂਜੇ ਨੂੰ ਫ਼ੋਨ ਕਰਦੇ। ਮੈਂ ਜਦ ਵੀ ਸਰੀ ਜਾਂਦਾ ਤਾਂ ਕੇਸਰ ਸਿੰਘ ਨੂੰ ਜ਼ਰੂਰ ਮਿਲਦਾ। ਜਦ ਵੀ ਮੈਂ ਜਾਂਦਾ, ਉਹ ਲਿਖਦਾ ਹੁੰਦਾ ਨਾਲੋ ਨਾਲ ਸੁੱਕੇ ਮੇਵੇ ਕਾਜੂ, ਬਦਾਮ, ਸੌਗੀ ਖਾਂਦਾ ਹੁੰਦਾ। ਉਹ ਆਪਣੇ ਕਾਗ਼ਜ਼ ਕਲਮ ਪਾਸੇ ਰੱਖ ਕੇ ਕਹਿੰਦਾ, "ਆ ਬਈ ਰਾਮਪੁਰੀ! ਏਨੇ ਦਿਨਾਂ ਪਿਛੋਂ ਕਿਉਂ ਆਇਐਂ? ਛੇਤੀ ਆਇਆ ਕਰ।

ਮੈਂ ਮੁਸਕਰਾ ਕੇ ਕਹਿੰਦਾ, "ਗਿਆਨੀ ਜੀ। ਹੁਣ ਤਾਂ ਮੈਂ ਆ ਗਿਐਂ। ਐਵੇਂ ਗਿਲਾ ਨਾ ਕਰੋ। ਤੁਸੀਂ ਤਾਂ ਕਦੀ ਵੀ ਮੇਰੇ ਕੋਲ ਨਹੀਂ ਆਉਂਦੇ।"

"ਓ ਯਾਰ! ਮੈਂ ਕਾਰ ਚਲਾ ਕੇ ਬਹੁਤਾ ਰਾਜ਼ੀ ਨਹੀਂ ਬੈਠੇ ਬੈਠੇ ਭਾਰ ਵਧੀ ਜਾਂਦੈ। ਉਂਝ ਤਾਂ ਮੈਂ ਸੈਰ ਵੀ ਕਰਦਾਂ। ਅਹਿ ਰਾਜ ਮੈਨੂੰ ਕੁਝ ਨਾ ਕੁਝ ਖੁਆਈ ਜਾਂਦੀ ਹੈ। ਲਿਆ ਬਈ ਰਾਜ! ਰਾਮਪੁਰੀ ਨੂੰ ਕੁਝ ਖਾਣ ਪੀਣ ਨੂੰ ਦੇ। ਰਾਜ ਜੂਸ ਲੈ ਆਉਂਦੀ, ਨਾਲ ਸੁੱਕੇ ਮੇਵੇ ਫ਼ਲ ਅਤੇ ਮਠਿਆਈ। ਕੇਸਰ ਸਿੰਘ ਸੁੱਕੇ ਫਲਾਂ ਦੀ ਮੁੱਠੀ ਭਰਦਾ ਅਤੇ ਖਾਣ ਲੱਗਦਾ। ਰਾਜ ਉਸ ਵਲ ਦੇਖ ਕੇ ਮੁਸਕਰਾਉਂਦੀ। ਕੇਸਰ ਸਿੰਘ ਦੱਸਦਾ ਕਿ ਅੱਜ ਕੱਲ ਉਹ ਕਿਹੜਾ ਨਾਵਲ ਲਿਖ ਰਿਹਾ ਹੈ। ਉਸ ਨਾਵਲ ਨਾਲ ਸੰਬੰਧਤ ਮੁਕੱਦਮਿਆਂ ਦੇ ਕਾਗਜ਼ਾਂ ਦੀਆਂ ਕਾਪੀਆਂ ਦਾ ਢੇਰ ਦਿਖਾਉਂਦਾ। ਫਿਰ ਦੱਸਦਾ ਕਿ ਉਨ੍ਹਾਂ ਮੁਕੱਦਮਿਆਂ ਦੀਆਂ ਫ਼ਾਈਲਾਂ ਦੀਆਂ ਨਕਲਾਂ ਲੈਣ ਲਈ ਉਸ ਨੂੰ ਕੀ ਕੀ ਪਾਪੜ ਵੇਲਣੇ ਪਏ? ਕਿੰਨੇ ਡਾਲਰ ਤਾਰਨੇ ਪਏ। ਕਦੇ ਉਹ

ਅੰਮ੍ਰਿਤਸਰ ਵਿਚ ਕੱਟੇ ਆਪਣੇ ਦਿਨਾਂ ਬਾਰੇ ਗੱਲਾਂ ਸੁਣਾਉਂਦਾ, "ਅਸੀਂ ਪੰਜ ਗੂੜ੍ਹੇ ਮਿੱਤਰ ਸਾਂ ਸੁਜਾਨ ਸਿੰਘ, ਬਾਵਾ ਬਲਵੰਤ, ਕਰਤਾਰ ਸਿੰਘ 'ਸੁਮੇਰ', ਪਾਲ ਸਿੰਘ ਅਤੇ ਮੈਂ। ਸਾਡੇ ਲੇਖਕ-ਮਿੱਤਰ ਸਾਨੂੰ ਪੰਜ-ਪਾਂਡੋ ਕਿਹਾ ਕਰਦੇ ਸਨ।"

ਦੂਜੀ ਸੰਸਾਰ ਜੰਗ ਮੁੱਕਣ ਉੱਤੇ ਕੇਸਰ ਸਿੰਘ ਆਜ਼ਾਦ ਹਿੰਦ ਫੌਜ ਦੇ ਹਰ ਸਿਪਾਹੀ ਵਾਂਗ ਭਾਰਤ ਆ ਗਿਆ ਅਤੇ ਅੰਮ੍ਰਿਤਸਰ ਰਹਿਣ ਲੱਗਿਆ। ਇਸ ਸ਼ਹਿਰ ਵਿਚ ਉਸਨੇ ਜ਼ਿੰਦਗੀ ਆਰੰਭੀ ਸੀ। ਉਹ ਆਪਣੀ ਜਵਾਨੀ ਦੇ ਦਿਨਾਂ ਵਾਂਗ ਹੁਣ ਵੀ ਡਾ. ਸੈਫ਼-ਓ-ਦੀਨ ਕਿਚਲੂ ਨੂੰ ਮਿਲਦਾ ਰਹਿੰਦਾ। ਡਾ. ਕਿਚਲੂ ਉਸ ਨੂੰ ਲਾਡ ਨਾਲ 'ਟੀਟੂ' ਕਿਹਾ ਕਰਦੇ ਸਨ। ਇਕ ਦਿਨ ਉਨ੍ਹਾਂ ਆਪਣੇ ਅਜ਼ੀਜ਼ ਨੂੰ ਮੱਤ ਦਿੱਤੀ ਸੀ, "ਗੱਦੀਦਾਰ ਲੋਕਾਂ ਤੋਂ ਪਰੇ ਰਹੀਂ। ਉਨ੍ਹਾਂ ਦੀ ਚਾਕਰੀ ਨਾ ਕਰੀਂ। ਨਹੀਂ ਤਾਂ ਨਮਕ ਦੀ ਖਾਨ ਵਿਚ ਨਮਕ ਹੋ ਜਾਏਂਗਾ।"

ਕੇਸਰ ਸਿੰਘ ਨੇ ਦੱਸਿਆ, "ਭਾਰਤ ਦੀ ਵੰਡ ਤੋਂ ਪਿਛੋਂ ਮੈਂ ਇਕ ਵਾਰ ਸ਼੍ਰੋਮਣੀ ਅਕਾਲੀ ਦਲ ਦਾ ਸਕੱਤਰ ਬਣ ਗਿਆ। ਮੈਂ ਦਲ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ ਦੇ ਬਿਆਨ ਲਿਖ ਕੇ ਪ੍ਰੈਸ ਨੂੰ ਦੇ ਦਿੰਦਾ ਜੋ ਮਾਸਟਰ ਜੀ ਦੇ ਨਾਂ ਹੇਠ ਛਪ ਜਾਂਦੇ, ਪਰ ਮੈਂ ਅਕਾਲੀ ਦਲ ਦੀ ਧੜੇਬੰਦੀ, ਤੋਂ ਤੰਗ ਆ ਕੇ ਛੇਤੀ ਹੀ ਅਸਤੀਫ਼ਾ ਦੇ ਦਿੱਤਾ।"

ਕੇਸਰ ਸਿੰਘ ਨੇ ਇੰਗਲੈਂਡ ਵਿਚ ਕੱਟੇ ਆਪਣੇ ਦਿਨਾਂ ਦੀ ਘਟਨਾ ਸੁਣਾਈ। ਉਹ ਉਦੋਂ ਲੰਡਨ ਗੁਰਦੁਆਰੇ ਦਾ ਗ੍ਰੰਥੀ ਸੀ। ਮਲਾਇਆ ਦੇ ਕੁਝ ਸਿੱਖ-ਫੌਜੀ, ਮਿਲਟਰੀ ਕਾਲਿਜ ਸੈਂਡਹਰਟਜ਼ (ਇੰਗਲੈਂਡ) ਵਿਚ ਟਰੇਨਿੰਗ ਲੈਣ ਆਏ। ਜਦੋਂ ਉਨ੍ਹਾਂ ਦਾ ਕੋਰਸ ਮੁੱਕ ਗਿਆ ਤਾਂ ਉਨ੍ਹਾਂ ਨੇ ਇਹ ਇੱਛਾ ਪ੍ਰਗਟ ਕੀਤੀ ਕਿ ਜਦੋਂ ਉਨ੍ਹਾਂ ਨੂੰ ਡਿਗਰੀਆਂ ਦਿੱਤੀਆਂ ਉਦੋਂ ਲੰਡਨ ਗੁਰਦੁਆਰੇ ਦਾ ਗ੍ਰੰਥੀ ਸਮਾਗਮ ਵਿਚ ਆ ਕੇ ਅਰਦਾਸ ਕਰੇ।

ਕਾਲੀ ਐਚਕਨ, ਚਿੱਟੀ ਪੱਗ ਅਤੇ ਤੰਗ ਮੂਹਰੀ ਦਾ ਰੇਬ ਪਾਜਾਮਾ ਪਾ ਕੇ, ਲੰਮੀ ਖੁੱਲ੍ਹੀ ਦਾੜ੍ਹੀ ਵਾਲਾ ਸਾਬਤ-ਸੂਰਤ ਕੇਸਰ ਸਿੰਘ ਸਮਾਗਮ ਵਾਲੀ ਥਾਂ ਤੇ ਪਹੁੰਚ ਗਿਆ। ਇਸ ਵੱਖਰੀ ਦਿੱਖ ਵਾਲੇ ਮਨੁੱਖ ਨਾਲ ਮੇਮਾਂ ਗੱਲਾਂ ਕਰਨ ਲੱਗੀਆਂ। ਹੌਲੀ ਹੌਲੀ ਕੇਸਰ ਸਿੰਘ ਦੇ ਨੇੜੇ ਮੇਮਾਂ ਦਾ ਘੇਰਾ ਕਾਫ਼ੀ ਵੱਡਾ ਹੋ ਗਿਆ। ਸਮਾਗਮ ਦਾ ਮੁੱਖ ਮਹਿਮਾਨ ਜਨਰਲ ਮੌਂਟਗੁਮਰੀ, ਰਤਾ ਕੁ ਪਰੇ, ਥੋੜ੍ਹੇ ਜਿਹੇ ਬੰਦਿਆਂ ਨਾਲ ਟਹਿਲ ਰਿਹਾ ਸੀ। ਉਸ ਨੇ ਕੇਸਰ ਸਿੰਘ ਦੁਆਲੇ ਮੇਮਾਂ ਦਾ ਏਡਾ ਵੱਡਾ ਜੋੜ ਮੇਲਾ ਦੇਖਿਆ। ਇਸ਼ਾਰੇ ਨਾਲ ਜਨਰਲ ਨੇ ਸੁਆਗਤੀ-ਪ੍ਰਧਾਨ ਨੂੰ ਬੁਲਾਇਆ ਅਤੇ ਕੇਸਰ ਸਿੰਘ ਵਾਲੇ ਇਕੱਠ ਦੇ ਨੇੜੇ ਲਿਆ ਕੇ ਕਹਿਣ ਲੱਗਿਆ, "ਦੇਖੋ! ਪ੍ਰਧਾਨ ਜੀ! ਅੱਗੇ ਤੋਂ, ਜਿਸ ਇਕੱਠ ਵਿਚ ਮੈਨੂੰ ਬੁਲਾਉ ਇਸ

ਜੈਂਟਲਮੈਨ ਨੂੰ ਬਿਲਕੁਲ ਨਾ ਬੁਲਾਇਓ। ਹੁਸਨ ਦੀ ਕਰੀਮ ਤਾਂ ਇਹ ਹੰਢਾ ਰਿਹਾ ਹੈ।" ਸਾਰਾ ਇਕੱਠ ਹਾਸੇ ਵਿਚ ਡੁੱਬ ਗਿਆ। ਭੀੜ ਹੌਲ਼ੀ ਹੌਲ਼ੀ ਖਿੰਡ ਗਈ। ਕੇਸਰ ਸਿੰਘ ਨੇ ਅਰਦਾਸ ਕੀਤੀ ਅਤੇ ਸਮਾਗਮ ਖ਼ਤਮ ਹੋ ਗਿਆ।

ਕੇਸ਼ਰ ਸਿੰਘ ਦਾ ਪਰਿਵਾਰ ਕਈ ਸਾਲ ਸਰੀ ਰਿਹਾ। ਪੰਜਾਬੀ ਲੇਖਕਾਂ ਦੀ ਮੀਟਿੰਗ ਵਿਚ ਉਹ ਕਦੇ ਹੀ ਆਉਂਦਾ ਸੀ। ਉਹ ਆਪਣਾ ਸਾਰਾ ਸਮਾਂ ਸਾਹਿਤ ਰਚਨਾ ਵਿਚ ਲਾਉਂਦਾ ਸੀ। ਲੇਖਕਾਂ ਦੇ ਸਾਲਾਨਾ ਜਾਂ ਉਚੇਚੇ ਸਮਾਗਮਾਂ ਉੱਤੇ ਉਹ ਹਮੇਸ਼ਾ ਆਉਂਦਾ ਅਤੇ ਜਥੇਬੰਦੀ ਦੀ ਖ਼ਬਰਸਾਰ ਰੱਖਦਾ। ਲੋੜ ਵੇਲੇ ਸਹਿਯੋਗ ਦਿੰਦਾ।

ਸਰੀ ਰਹਿੰਦਿਆਂ ਕੇਸਰ ਸਿੰਘ ਬਾਹਰਲੇ ਦੇਸ਼ਾਂ ਤੋਂ ਆਏ ਸਾਹਿਤਕਾਰਾਂ ਦੀ ਮਹਿਮਾਨ ਨਿਵਾਜ਼ੀ ਕਰਦਾ। ਬਹੁਤ ਵਾਰੀ ਮੈਂ ਉਨ੍ਹਾਂ ਮਹਿਮਾਨ ਸਾਹਿਤਕਾਰਾਂ ਨੂੰ ਲੈ ਕੇ, ਮੁਲਾਕਾਤ ਲਈ ਕੇਸਰ ਸਿੰਘ ਦੇ ਘਰ ਜਾਂਦਾ। ਬੜੀ ਵਾਰ ਓਸ ਘਰ ਵਿਚ ਲੇਖਕਾਂ ਦਾ ਚੰਗਾ ਜੋੜ ਮੇਲਾ ਲੱਗਦਾ। ਇਕ ਵਾਰ ਨਾਵਲਕਾਰ ਗੁਰਦਿਆਲ ਸਿੰਘ ਨੂੰ ਲੈ ਕੇ ਮੈਂ ਕੇਸਰ ਸਿੰਘ ਦੇ ਘਰ ਗਿਆ। ਕਾਫ਼ੀ ਦੇਰ ਗੱਲਬਾਤ ਹੁੰਦੀ ਰਹੀ। ਗੁਰਦਿਆਲ ਸਿੰਘ, ਆਪਣੇ ਸੁਭਾਅ ਅਨੁਸਾਰ, ਮਿਣੀ-ਤੋਲੀ, ਸੰਖੇਪ ਗੱਲਬਾਤ ਕਰਦਾ ਰਿਹਾ।

ਥੋੜ੍ਹੇ ਦਿਨਾਂ ਪਿਛੋਂ ਮੈਂ ਸੰਤ ਸਿੰਘ ਸੇਖੋਂ, ਨਾਟਕਕਾਰ ਹਰਚਰਨ ਸਿੰਘ ਅਤੇ ਹੁਕਮ ਸਿੰਘ ਭੱਟੀ ਨੂੰ ਲੈ ਕੇ ਕੇਸਰ ਸਿੰਘ ਦੇ ਘਰ ਗਿਆ। ਗੱਲਾਂ ਗੱਲਾਂ ਵਿਚ ਕੇਸਰ ਸਿੰਘ ਬੋਲਿਆ, "ਗੁਰਦਿਆਲ ਸਿੰਘ ਮਿਲਣ ਆਇਆ ਸੀ। ਉਹ ਸੁਆਰ ਕੇ ਖੁੱਲ੍ਹਿਆ ਨਹੀਂ। ਮਿਣੀਆਂ ਤੋਲੀਆਂ ਰਸਮੀ ਗੱਲਾਂ ਕਰਦਾ ਰਿਹਾ।"

ਸੰਤ ਸਿੰਘ ਸੇਖੋਂ ਬੋਲਿਆ, "ਲੈ ਬਈ ਕੇਸਰ ਸਿਆਂ। ਆਪਾਂ ਆਪਣੀ ਕੋਈ ਗੱਲ ਨਹੀਂ ਲੁਕੋਂਦੇ। ਸ਼ਰ-ਏ-ਆਮ ਸਾਰੀਆਂ ਗੱਲਾਂ ਕਰੀ ਦੀਆਂ ਨੇ। ਲੋਕ ਫੇਰ ਵੀ ਇੱਜ਼ਤ ਕਰੀ ਜਾਂਦੇ ਨੇ।"

ਕੇਸਰ ਸਿੰਘ ਨੇ ਆਪਣੇ ਸਾਰੇ ਨਾਵਲ ਕੌਮ-ਪ੍ਰਸਤ ਦੇਸ਼ ਭਗਤਾਂ ਦੇ ਜੀਵਨ ਬਾਰੇ ਹੀ ਲਿਖੇ। ਪਰ ਕੇਸਰ ਸਿੰਘ ਦਾ ਆਪਣੇ ਜਨਮ ਦੇ ਧਰਮ: ਸਿੱਖੀ-ਮੋਹ ਉਸਦੀ ਜ਼ਿੰਦਗੀ ਦੀ ਅਸਲੀਅਤ ਸੀ। ਮੇਰੇ ਅਤੇ ਹੋਰ ਖੱਬੇ-ਪੱਖੀ ਮਿੱਤਰਾਂ ਕੋਲ ਉਹ ਹਮੇਸ਼ਾਂ ਉੱਘੇ ਕਮਿਊਨਿਸਟ ਆਗੂਆਂ ਦੀ ਗੱਲ ਕਰਦਾ। ਆਪਣੀ 21-06-1973 ਦੀ ਚਿਠੀ ਵਿਚ ਲਿਖਦਾ ਹੈ। "ਦੋ ਸਾਲ ਹੋਏ ਮੈਂ ਇੰਡੀਆ ਗਿਆ। ਨਾ 'ਸੁਤੰਤਰ' ਹੋਰਾਂ ਨੂੰ ਮਿਲ ਸਕਿਆ, ਨਾ ਹਰਕਿਸ਼ਨ ਸਿੰਘ ਸੁਰਜੀਤ ਨੂੰ। ਗਰਮੀ ਨੇ ਕੁਝ ਨਾ ਕਰਨ ਦਿੱਤਾ। ਜਦ ਲਾਲ ਕਮਿਊਨਿਸਟ ਪਾਰਟੀ ਦੀ ਮੁਹਿੰਮ ਜ਼ੋਰਾਂ ਉੱਤੇ ਸੀ ਤਾਂ ਉਸ ਵਿਚ ਮੇਰੇ ਕਈ ਜਾਨੀ-ਮਿੱਤਰ ਸ਼ਹੀਦ ਹੋ ਗਏ।

ਉਨ੍ਹਾਂ ਦਿਨਾਂ ਵਿਚ 'ਸੁਤੰਤਰ' ਹੋਰਾਂ ਮੇਰੇ ਕੋਲ ਆ ਕੇ ਰਹਿਣ ਦਾ ਇਰਾਦਾ ਪ੍ਰਗਟ ਕੀਤਾ। ਜਿੱਥੇ ਮੈਂ ਰਹਿੰਦਾ ਸਾਂ, ਉਸ ਘਰ ਦੇ ਐਨ ਸਾਹਮਣੇ ਥਾਣਾ ਸੀ। ਇਸ ਕਰਕੇ ਮੈਂ 'ਸੁਤੰਤਰ' ਹੋਰਾਂ ਨੂੰ ਸਲਾਹ ਦਿੱਤੀ ਕਿ ਉਥੇ ਨਾ ਆਉਣ। ਇਸ ਕਰਕੇ ਉਨ੍ਹਾਂ ਨੂੰ ਮਿਲਣ ਦਾ ਮੌਕਾ ਮੈਂ ਗੁਆ ਬੈਠਾ।"

ਜਦੋਂ ਪੰਜਾਬ ਵਿਚ ਵੱਖਵਾਦੀ ਲਹਿਰ ਬਹੁਤ ਹਿੰਸਕ ਮੋੜ ਲੈ ਗਈ ਤਾਂ ਕੇਸਰ ਸਿੰਘ ਕੈਨੇਡਾ ਵਿਚਲਿਆਂ ਵੱਖਵਾਦੀ-ਦੀਵਾਨਾਂ ਵਿਚ ਵੀ ਕਦੇ ਕਦੇ ਮੂਹਰੇ ਬੈਠਾ ਦਿਸਦਾ ਸੀ। ਉਸਨੇ ਦਾੜ੍ਹੀ ਰੱਖ ਲਈ। ਘਰੋਂ ਬਾਹਰ ਜਾਂਦਾ ਉਹ ਪੱਗ ਬੰਨ੍ਹਣ ਲੱਗਾ। ਦਾੜ੍ਹੀ ਜਦ ਚੰਗੀ ਲੰਮੀ ਹੋ ਗਈ ਤਾਂ ਉਸ ਨਾਲ ਤਾਂ ਉਸ ਦਾ ਮੋਟਾਪਾ ਢਕ ਗਿਆ। ਗੋਰੇ ਨਿਛੋਹ ਪੋਠੋਹਾਰੀ ਰੰਗ ਵਾਲੀ ਉਸਦੀ ਸ਼ਖ਼ਸੀਅਤ ਹੋਰ ਵੀ ਪ੍ਰਭਾਵਸ਼ਾਲੀ ਹੋ ਗਈ।

ਕੇਸਰ ਸਿੰਘ ਨੇ ਵੱਖਵਾਦੀ ਲਹਿਰਾਂ ਨਾਲ ਜੁੜੇ ਗੁਰਦਵਾਰਿਆਂ ਦੇ ਦੀਵਾਨਾਂ ਵਿਚ ਵੀ ਆਪਣੀਆਂ ਕਿਤਾਬਾਂ ਵੇਚਣ ਦੀ ਕੋਸ਼ਿਸ਼ ਕੀਤੀ। ਗੁਰਦਵਾਰਿਆਂ ਦੇ ਪ੍ਰਬੰਧਕਾਂ ਨੂੰ ਕਾਫ਼ੀ ਸਾਰੀਆਂ ਕਿਤਾਬਾਂ ਵੇਚਣ ਲਈ, ਦੇ ਦਿੱਤੀਆਂ, ਪਰ ਉਸਦੇ ਪੱਲੇ ਨਿਰਾਸ਼ਾ ਤੋਂ ਸਿਵਾ ਕੁਝ ਵੀ ਨਹੀਂ ਪਿਆ। ਨਾ ਕਿਤਾਬਾਂ ਵਾਪਸ ਮਿਲੀਆਂ, ਨਾ ਪੈਸੇ। ਆਪਣੇ ਇਸ ਤਜ਼ਰਬੇ ਬਾਰੇ ਤਲਖ਼ ਹੋਇਆ ਕੇਸਰ ਸਿੰਘ ਮੈਨੂੰ ਕਹਿਣ ਲੱਗਾ, "ਅਸਲ ਵਿਚ ਸਾਡੇ ਲੋਕ ਨਾ ਕਿਤਾਬਾਂ ਖਰੀਦਦੇ ਹਨ, ਨਾ ਪੜ੍ਹਦੇ ਹਨ। ਪੰਜਾਬੀ ਦੇ ਚੁੱਲ੍ਹੇ ਵਿਚ ਅੱਗ ਬਾਲ਼ ਕੇ, ਰੋਟੀਆਂ ਸੇਕਣ ਵਾਲੇ ਸਿਆਸਤਦਾਨਾਂ ਦੇ ਬੱਚੇ ਤਾਂ ਉਨ੍ਹਾਂ ਮਹਿੰਗੇ 'ਪਬਲਿਕ ਸਕੂਲਾਂ' ਵਿਚ ਪੜ੍ਹਦੇ ਹਨ, ਜਿੱਥੇ ਅੰਗਰੇਜ਼ੀ ਹਿੰਦੀ ਤਾਂ ਪੜ੍ਹਾਈ ਜਾਂਦੀ ਹੈ ਪਰ ਪੰਜਾਬੀ ਦੀਆਂ ਕੋਈ ਪ੍ਰਾਇਮਰੀ ਜਮਾਤਾਂ ਵੀ ਨਹੀਂ ਹੁੰਦੀਆਂ।" ਕੇਸਰ ਸਿੰਘ ਦੀ ਗੱਲ ਸੋਲਾਂ ਆਨੇ ਸੱਚ ਸੀ।

ਕੇਸਰ ਸਿੰਘ ਦੀਆਂ ਕਿਤਾਬਾਂ ਵੈਨਕੁਵਰ ਦੇ ਗੁਰਦਵਾਰੇ ਵਿਚ ਕਈ ਵਾਰ ਸੈਂਕੜਿਆਂ ਦੀ ਗਿਣਤੀ ਵਿਚ ਵਿਕੀਆਂ ਹਨ ਕਿਉਂਕਿ ਉਸ ਗੁਰਦਵਾਰੇ ਦਾ ਗ੍ਰੰਥੀ ਗਿਆਨੀ ਹਰਦਿਆਲ ਸਿੰਘ ਅਤੇ ਪ੍ਰਬੰਧਕ ਕੇਸਰ ਸਿੰਘ ਦੀ ਬਹੁਤ ਕਦਰ ਕਰਦੇ ਸਨ।

ਪੰਜਾਬ ਦੀ ਵੱਖਵਾਦੀ ਲਹਿਰ ਦੇ ਹਿੰਸਕ ਦੌਰ ਵਿਚ ਕੇਸਰ ਸਿੰਘ ਕੁਝ ਅਜੇਹੀਆਂ ਗੱਲਾਂ ਵੀ ਕਰ ਦਿੰਦਾ ਜੋ ਉਸਦੀ ਜੀਵਨ ਸਾਥਣ ਰਾਜੇਸ਼ਵਰੀ ਨੂੰ ਚੰਗੀਆਂ ਨਾ ਲੱਗਦੀਆਂ। ਰਾਜੇਸ਼ਵਰੀ ਉੱਤਰ ਪ੍ਰਦੇਸ਼ (U.P.) ਦੇ ਇਕ ਪਤਵੰਤੇ ਹਿੰਦੂ ਪਰਿਵਾਰ ਦੀ ਜੰਮਪਲ ਹੈ। ਉਹ ਭਾਰਤ ਦੇ ਉੱਘੇ ਡਰਾਮਾਟਿਸਟ ਬ੍ਰਿਜ ਮੋਹਨ ਸ਼ਾਹ ਦੀ ਵੱਡੀ ਭੈਣ ਹੈ। ਦਿੱਲੀ ਵਿਚ ਕਿੰਨਾ ਚਿਰ ਉਹ ਪਬਲਿਕ ਹਾਇਰ

ਸੈਕੰਡਰੀ ਸਕੂਲ ਦੀ ਪ੍ਰਿੰਸੀਪਲ ਰਹੀ। ਫਿਰ ਉਹ ਕੁਝ ਚਿਰ ਲਈ ਇੰਗਲੈਂਡ ਆ ਗਈ। ਜਿਥੋਂ ਉਹ ਸੰਨ 1967 ਵਿਚ ਕੈਨੇਡਾ ਆ ਗਈ। ਉਸੇ ਸਾਲ ਕੇਸਰ ਸਿੰਘ ਅਤੇ ਰਾਜੇਸ਼ਵਰੀ ਨੇ ਵਿਆਹ ਕਰ ਲਿਆ।

ਵੱਖਵਾਦੀ ਲਹਿਰ ਦੇ ਦਿਨੀਂ ਉਸ ਲਹਿਰ ਦਾ ਇਕ ਮੋਹਰੀ ਕੇਸਰ ਸਿੰਘ ਨੂੰ ਗੁਰਦਵਾਰੇ ਵਿਚ ਮਿਲਿਆ ਅਤੇ ਕਹਿਣ ਲੱਗਾ, "ਗਿਆਨੀ ਜੀ! ਤੁਸੀਂ ਸ਼ਹੀਦਾਂ ਉੱਤੇ ਏਨੇਂ ਨਾਵਲ ਲਿਖੇ ਹਨ। ਅਸੀਂ ਵੀ ਅੱਜ ਕੱਲ੍ਹ ਸਿਰ ਧੜ ਦੀ ਬਾਜੀ ਲਾਈ ਫਿਰਦੇ ਹਾਂ। ਮੇਰੇ ਬਾਰੇ ਵੀ ਕੋਈ ਕਿਤਾਬ ਲਿਖ ਦਿਓ।"

ਕੇਸਰ ਸਿੰਘ ਸੋਚੀਂ ਪੈ ਗਿਆ। ਫਿਰ ਬੋਲਿਆ, "ਭਾਈ ਸਾਹਿਬ! ਮੈਂ ਤਾਂ ਸ਼ਹੀਦ ਹੋ ਚੁੱਕੇ ਲੋਕਾਂ ਬਾਰੇ ਹੀ ਨਾਵਲ ਲਿਖੇ ਹਨ। ਜਿਉਂਦਿਆਂ ਬਾਰੇ ਨਹੀਂ।" ਗੱਲ ਮੁੱਕ ਗਈ।

ਫਿਰ ਕਈ ਸਾਲ ਪਿਛੋਂ ਉਸ ਵੱਖਵਾਦੀ ਮੋਹਰੀ ਦੀ ਪੰਜਾਬ ਵਿਚ ਗਏ ਦੀ ਮੌਤ ਹੋ ਗਈ। ਉਸ ਦੇ ਘਰ ਦੇ ਕਹਿੰਦੇ ਹਨ ਕਿ ਪੁਲਿਸ ਨੇ ਉਸ ਨੂੰ ਫੜ ਕੇ ਕਤਲ ਕੀਤਾ ਹੈ। ਪੰਜਾਬ ਪੁਲਿਸ ਕਹਿੰਦੀ ਹੈ ਕਿ ਉਹ ਮੁਕਾਬਲੇ ਵਿਚ ਮਾਰਿਆ ਗਿਆ ਹੈ।

ਕੇਸਰ ਸਿੰਘ ਨੇ ਕਾਫ਼ੀ ਚਿਰ ਪਹਿਲਾਂ ਹੋਇਆ ਆਪਣਾ ਵਾਰਤਾਲਾਪ ਇਕ ਮਿੱਤਰ ਨੂੰ ਸੁਣਾਇਆ ਅਤੇ ਕਹਿਣ ਲੱਗਾ, "ਯਾਰ! ਉਹ ਤਾਂ ਹੁਣ ਮਰ ਹੀ ਗਿਆ ਹੈ।"

ਦੋਸਤ ਬੋਲਿਆ "ਸੋਚ ਲਓ! ਤੁਹਾਡੇ ਨਾਵਲਾਂ ਦੇ ਨਾਇਕ ਤਾਂ ਕੌਮਪ੍ਰਸਤ ਸਨ।"

"ਗਿਆਨੀ ਜੀ! ਉਹ ਸੱਜਣ ਨੂੰ ਆਪਣੀ ਸ਼ੋਭਾ ਕਰਵਾ ਕੇ ਖ਼ੁਸ਼ੀ ਹੁੰਦੀ ਸੀ। ਇਕ ਵਾਰ ਇੰਗਲੈਂਡ ਦੇ ਇਕ ਉੱਘੇ ਹਫ਼ਤਾਵਾਰ ਅਖ਼ਬਾਰ ਦੇ ਪੂਰੇ ਮੁੱਖ-ਪੰਨੇ ਉੱਤੇ ਉਸਦੀ ਰੰਗੀਨ ਤਸਵੀਰ ਛਪੀ ਜਿਸ ਦੇ ਸਿਰਲੇਖ ਵਿਚ ਉਸ ਨੂੰ 'ਜ਼ਿੰਦਾ-ਸ਼ਹੀਦ' ਕਿਹਾ ਗਿਆ ਸੀ। ਉਸ ਤਸਵੀਰ ਵਿਚ ਉਹ ਪੂਰਾ ਸਜਿਆ ਵਜਿਆ ਸ਼ਸ਼ਤਰ-ਧਾਰੀ ਸੀ। ਉਸ ਦੇ ਆਲੇ ਦੁਆਲੇ ਕਿੰਨੀਆਂ ਹੀ ਰਫ਼ਲਾਂ, ਬੰਦੂਕਾਂ ਦੀ ਭੀੜ ਸੀ। ਉਸ ਤਸਵੀਰ ਛਾਪਣ ਲਈ ਉਸਨੇ ਚੰਗੀ-ਚੋਖੀ ਰਕਮ, ਐਡੀਟਰ ਨੂੰ ਭੇਟ ਕੀਤੀ ਸੀ। ਉਸ ਵੱਡੀ ਰਕਮ ਦਾ ਪਤਾ ਲੱਗਣ ਉੱਤੇ ਉਸਦੇ ਇਕ ਮਿੱਤਰ ਨੇ ਉਸ ਨੂੰ ਪੁੱਛਿਆ, "ਸਿੰਘ ਸਾਹਿਬ! ਏਨੀ ਰਕਮ ਉਸ ਤਸਵੀਰ ਲਈ ਕਿਉਂ ਦੇ ਦਿੱਤੀ?"

ਮੋਹਰੀ ਬੋਲਿਆ, "ਜਿੰਨੀ ਰਕਮ ਮੈਂ ਉਸ ਤਸਵੀਰ ਦੀ ਤਾਰੀ ਸੀ। ਇੰਗਲੈਂਡ ਦੀ ਸੰਗਤ ਨੇ ਉਸ ਨਾਲੋਂ ਪੰਜ ਗੁਣਾ ਰਕਮ ਸਾਡੀ ਲਹਿਰ ਦੀ ਝੋਲੀ

ਪਾ ਦਿੱਤੀ ਸੀ। ਇਸ ਲਈ ਇਹ ਸਭ ਠੀਕ ਹੀ ਸੀ।"

ਕਵੀ ਦਰਸ਼ਨ ਗਿੱਲ ਦੀ ਪਤਨੀ ਪ੍ਰੋਫ਼ੈਸਰ ਮਨਜੀਤ ਕੌਰ ਕੈਂਸਰ ਦੀ ਨਾਮੁਰਾਦ ਬੀਮਾਰੀ ਨਾਲ 22-07-1975 ਨੂੰ ਸਦੀਵੀ ਵਿਛੋੜਾ ਦੇ ਗਈ। ਉਸ ਨੂੰ ਯਾਦ ਰੱਖਣ ਲਈ ਸੰਨ 1980 ਵਿਚ ਇੰਨਟਰਨੈਸ਼ਨਲ ਲਿਟਰੇਰੀ ਟ੍ਰਸਟ ਬਣਿਆ ਜੋ ਹਰ ਸਾਲ ਉੱਘੇ ਪੰਜਾਬੀ ਲੇਖਕ ਜਾਂ ਕਲਾਕਾਰ ਨੂੰ ਸਨਮਾਨ ਦਿੰਦਾ ਹੈ। ਸਨਮਾਨਿਤ ਹੋ ਰਹੇ ਵਿਅਕਤੀਆਂ ਨੂੰ 500 ਡਾਲਰ, ਦੁਸ਼ਾਲਾ ਅਤੇ ਸਨਮਾਨ-ਪਤਰ ਦਿੱਤਾ ਜਾਂਦਾ ਹੈ।

ਸਾਲ 1981 ਵਿਚ ਇਹ ਸਨਮਾਨ ਕੇਸਰ ਸਿੰਘ ਨੂੰ ਦਿੱਤਾ ਗਿਆ। ਉਸ ਸਮੇਂ ਮੈਂ ਟਰੱਸਟ ਦਾ ਮੁੱਖ ਸੇਵਾਦਾਰ ਸੀ।

ਕੇਸਰ ਸਿੰਘ ਪਰਿਵਾਰ ਕਈ ਸਾਲ ਸਰੀ ਰਿਹਾ। ਉਸਦਾ ਵੱਡਾ ਪੁੱਤਰ ਅਤੇ ਪੁੱਤਰੀ ਐਡਮੰਟਨ ਰਹਿੰਦੇ ਸਨ। ਬੁਢਾਪੇ ਵਿਚ ਪੁੱਤਰ-ਮੋਹ ਨੇ, ਕੇਸਰ ਸਿੰਘ ਦੇ ਮਨ ਦੀਆਂ ਲਗਾਮਾਂ ਖਿੱਚੀਆਂ ਤਾਂ ਉਸਨੇ ਸੰਨ 2001 ਵਿਚ ਫਿਰ ਐਡਮੰਟਨ ਜਾ ਕੇ ਰਹਿਣ ਦਾ ਮਨ ਬਣਾ ਲਿਆ। ਜਦ ਮੈਨੂੰ ਪਤਾ ਲੱਗਿਆ ਤਾਂ ਮੈਂ ਸਲਾਹ ਦਿੱਤੀ, 'ਗਿਆਨੀ ਜੀ! ਆਪਣਾ ਸਰੀ ਵਾਲਾ ਘਰ ਨਾ ਵੇਚਿਓ। ਕਿਰਾਏ ਉੱਤੇ ਦੇ ਜਾਓ। ਜਦੋਂ ਤੁਸੀਂ ਐਡਮੰਟਨ ਕੁਝ ਚਿਰ ਟਿਕ ਗਏ। ਇਹ ਘਰ ਓਦੋਂ ਵੇਚਿਓ।'

ਰਾਜੇਸ਼ਵਰੀ ਸਰੀ ਰਹਿਣਾ ਚਾਹੁੰਦੀ ਸੀ। ਉਹ ਆਰਥਰਾਈਟਸ ਦੀ ਮਰੀਜ਼ ਹੈ। ਐਡਮੰਟਨ ਦੀ ਸਖ਼ਤ ਠੰਢ ਉਸ ਨੂੰ ਰਾਸ ਨਹੀਂ। ਪਰ ਉਸ ਨੇ ਆਪਣਾ ਪਤੀ-ਬ੍ਰਤ ਧਰਮ ਨਿਭਾਇਆ। ਪਰਿਵਾਰ ਐਡਮੰਟਨ ਜਾ ਵਸਿਆ। ਉਨ੍ਹਾਂ ਨੇ ਸ਼ਹਿਰ ਤੋਂ ਬਾਹਰ ਆਪਣਾ ਘਰ ਲੈ ਲਿਆ ਅਤੇ ਰਹਿਣ ਲੱਗੇ। ਬੱਚੇ ਕਦੇ ਕਦਾਈਂ ਉਨ੍ਹਾਂ ਨੂੰ ਮਿਲ ਜਾਂਦੇ। ਪਰ ਕੇਸਰ ਸਿੰਘ ਤੇ ਰਾਜ ਦਾ ਮਨ ਉਥੇ ਕਦੇ ਨਾ ਲੱਗਿਆ।

ਕੇਸਰ ਸਿੰਘ ਟੈਲੀਫ਼ੋਨ ਕਰਕੇ ਕਹਿੰਦਾ, "ਮੈਂ ਮੁੜ ਵੈਨਕੂਵਰ ਆ ਕੇ ਵਸਣਾ ਚਾਹੁੰਦਾ ਹਾਂ।" ਇਕ ਵਾਰ, ਉਸ ਲਈ, ਵੈਨਕੂਵਰ ਦੇ ਲੇਖਕ-ਮਿੱਤਰਾਂ ਨੇ, ਇਕ ਘਰ ਖ਼ਾਲੀ ਕਰਵਾ ਲਿਆ। ਕੇਸਰ ਸਿੰਘ ਆਇਆ ਅਤੇ ਮੁੜ ਗਿਆ। ਉਸਨੇ ਏਥੇ ਆਣ ਲਈ ਪੱਕਾ ਫੈਸਲਾ ਕਦੇ ਨਾ ਕੀਤਾ। ਹਾਲਾਂਕਿ ਉਸਨੇ ਵੈਨਕੂਵਰ ਦੇ ਕਈ ਗੇੜੇ ਮਾਰੇ।

ਅਖ਼ੀਰ ਬੁਢਾਪੇ ਨੇ ਕੇਸਰ ਸਿੰਘ ਨੂੰ ਢਾਹ ਲਿਆ। ਉਹ ਬੀਮਾਰ ਰਹਿਣ ਲੱਗਿਆ ਉਹ ਲੰਮਾ ਸਮਾਂ ਬੀਮਾਰ ਰਿਹਾ। ਰਾਜ ਨੇ ਉਸਦੀ ਬੇਮਿਸਾਲ ਸੇਵਾ ਕੀਤਾ ਪਰ ਉਹ 94 ਸਾਲ ਦੀ ਉਮਰ ਭੋਗ ਕੇ 20-09-2006 ਨੂੰ ਸਾਨੂੰ ਸਦੀਵੀਂ ਵਿਛੋੜਾ ਦੇ ਗਿਆ।

ਕੇਸਰ ਸਿੰਘ ਦੀ ਸਾਹਿਤਕ-ਪ੍ਰਾਪਤੀ ਰਸ਼ਕ ਕਰਨ ਵਾਲੀ ਹੈ।

ਆਜ਼ਾਦੀ ਦੀ ਕਵਿਤਾ - ਗਿਆਨੀ ਕੇਸਰ ਸਿੰਘ

-ਉਂਕਾਰਪ੍ਰੀਤ

24 ਸਤੰਬਰ 2006 ਤੜਕੇ ਦੇ ਢਾਈ ਵੱਜੇ ਸਨ। ਕਿਸੇ ਨੇ ਮੈਨੂੰ ਹਲੂਣ ਕੇ ਜਗਾਇਆ। ਮੈਂ ਅੱਬੜਵਾਹੇ ਉੱਠ ਬੈਠਾ ਹਾਂ। ਗਿਆਨੀ ਕੇਸਰ ਸਿੰਘ ਮੇਰੇ ਬੈੱਡ ਦੇ ਇਕ ਕੋਨੇ ਤੇ ਬੈਠਾ ਹੈ। ਟੇਬਲ ਲੈਂਪ ਜਗਾਉਣ ਦੀ ਲੋੜ ਨਹੀਂ ਹੈ। ਮੇਰਾ ਨਿੱਕਾ ਜਿਹਾ ਕਮਰਾ ਰੌਸ਼ਨੀ ਨਾਲ ਭਰਿਆ ਹੋਇਆ ਹੈ। ਰੌਸ਼ਨੀ ਜੋ ਉਸ ਦੇ ਚਿੱਟੇ ਵਸਤਰਾਂ, ਚਿੱਟੀ ਪੱਗ ਅਤੇ ਲੰਮੇ ਚਿੱਟੇ ਦਾੜ੍ਹੇ 'ਚੋਂ ਝਰ ਰਹੀ ਹੈ। ਮੇਰਾ ਗੱਚ ਭਰ ਆਇਆ ਹੈ। "ਮੈਨੂੰ ਪਤਾ ਸੀ ਗੁਰਦੀਪ ਐਵੇਂ ਕਹਿੰਦਾ ਹੈ। ਕੇਸਰ ਸਿੰਘ ਕਦੇ ਮਰਦੇ ਹਨ ਭਲਾ। ਅਖੇ ਮੈਂ ਗਿਆਨੀ ਦੇ ਫਿਊਨਰਲ ਤੇ ਜਾ ਰਿਹਾਂ।" ਮੈਂ ਆਪਣੇ ਆਪ ਨੂੰ ਕਿਹਾ ਹੈ। ਗਿਆਨੀ ਕੇਸਰ ਸਿੰਘ ਨੇ ਪਤਾ ਨਈਂ ਕਿਵੇਂ ਸੁਣ ਲਿਆ ਹੈ। ਹੁਣ ਕਮਰੇ ਦੀ ਰੌਸ਼ਨੀ 'ਚ ਉਸਦੀ ਮੁਸਕਾਨ ਵੀ ਹੈ।

ਉਹਨੇ ਮੇਰਾ ਹੱਥ ਘੁੱਟ ਲਿਆ ਹੈ। ਉਹੀ ਛੋਹ ਹੈ। 6 ਅਕਤੂਬਰ 2000 ਵਾਲੀ। ਜਦ ਮੈਂ, ਕੁਲਵਿੰਦਰ ਖਹਿਰਾ ਤੇ ਕੁਲਜੀਤ ਮਾਨ ਉਸ ਨੂੰ ਅੱਧੀ ਰਾਤੀਂ ਏਅਰਪੋਰਟ ਤੋਂ ਲੈਣ ਗਏ ਸਾਂ। ਉਹ ਸਾਡੇ ਸੱਦੇ ਤੇ ਟੋਰਾਂਟੋ 'ਗ਼ਦਰੀ ਮੇਲੇ' 'ਚ ਭਾਗ ਲੈਣ ਆ ਰਿਹਾ ਸੀ। ਹੁਣ ਉਹ ਵ੍ਹੀਲ ਚੇਅਰ ਤੇ ਸਕਿਊਰਟੀ ਗੇਟ ਤੋਂ ਸਾਡੇ ਵੱਲ ਵੱਧ ਰਿਹਾ ਸੀ। ਅਸੀਂ ਫੁੱਲਾਂ ਦਾ ਗੁਲਦਸਤਾ ਉਸ ਨੂੰ ਫੜਾਉਂਦਿਆਂ ਅੱਗੇ ਨੂੰ ਹੋਏ ਸਾਂ। ਉਸਨੇ ਪਹਿਲੇ ਸ਼ਬਦ ਕਹੇ ਸਨ "ਉਂਕਾਰਪ੍ਰੀਤ ਕੌਣ ਐ?" ਮੈਂ ਨਿਰਉੱਤਰ ਉਸ ਦੇ ਗੋਡਿਆਂ ਨੂੰ ਹੱਥ ਲਾਇਆ ਤਾਂ ਉਸਨੇ ਮੇਰਾ ਹੱਥ ਇਵੇਂ ਹੀ ਘੁੱਟ ਲਿਆ ਸੀ। ਉਹੀ ਪਹਿਲੀ ਛੋਹ, ਉਹੀ ਮੁਸਕਾਨ। ਉਸਨੇ ਮੇਰੇ ਚਿਹਰੇ ਵੱਲ ਘੋਖਵੀਂ ਨਜ਼ਰੇ ਵੇਖਿਆ ਸੀ। ਮੇਰੀ ਕੇਸਰੀ ਪੱਗ ਵੱਲ ਨੀਝ ਨਾਲ ਤੱਕਿਆ ਸੀ। "ਮੈਂ ਤੇਰੇ ਵਰਗਾ ਸੀ ਜਦ ਦਾ ਘਰੋਂ ਨਿਕਲਿਆ ਹੋਇਆਂ।"

ਇਹ ਕਹਿੰਦਿਆਂ ਜਿਵੇਂ ਉਸ ਨੇ ਮੈਨੂੰ ਪਹਿਨ ਲਿਆ ਸੀ। ਹੁਣ ਉਹ 34-35 ਸਾਲ ਦਾ ਨੌਜਵਾਨ ਕੇਸਰ ਸਿੰਘ ਸੀ। ਇੰਡੀਆ ਨਵਾਂ-ਨਵਾਂ 'ਆਜ਼ਾਦ'

ਹੋਇਆ ਸੀ। ਬਾਬਾ ਸੋਹਣ ਸਿੰਘ ਭਕਨਾ ਉਸਨੂੰ ਗਰਮ ਦੁੱਧ ਦਾ ਬਾਟਾ ਫੜਾ ਰਿਹਾ ਸੀ। ਕੋਲੋਂ ਕਿਸੇ ਹੋਰ ਬਾਬੇ ਨੇ ਕਿਹਾ ਸੀ "ਕੇਸਰਾ, ਇਹ ਬਾਬੇ ਕੋਲੋਂ ਦੁੱਧ ਦਾ ਬਾਟਾ ਸੋਚ ਸਮਝ ਕੇ ਫੜੀਂ। ਇਹ ਜਿੰਨਾ ਦੁੱਧ ਪਿਉਂਦਾ ਉਸ ਤੋਂ ਦੂਣਾ ਤੀਣਾ ਕੱਢ ਲੈਂਦਾ।" ਪਰ ਕੇਸਰ ਨੇ ਉਹ ਬਾਟਾ ਪੀ ਲਿਆ ਸੀ। ਉਸਦੇ ਚਿਹਰੇ ਉਤੇ ਅਨੰਦਪੁਰ ਦੇ 'ਕੱਠ 'ਚੋਂ ਉਠੇ 'ਛੇਵੇਂ ਪਿਆਰੇ' ਅਰਗਾ ਜਲੌ ਸੀ। ਬਾਬਾ ਭਕਨਾ ਉਸ ਵੱਲ ਵੇਖ ਕੇ ਮੁਸਕਰਾਇਆ ਸੀ। ਇਕ ਵੰਗਾਰਦੀ-ਲਲਕਾਰਦੀ ਮੁਸਕਾਨ 'ਤੂੰ ਇਨ੍ਹਾਂ ਟੋਡੀਆਂ ਤੋਂ ਪੈਨਸ਼ਨ ਤਾਂ ਨਈਂ ਲੈਣੀ? ਇਹਨੂੰ ਆਜ਼ਾਦੀ ਨਾ ਸਮਝੀਂ। ਇਹ ਸਾਨੂੰ ਬਰਬਾਦੀ ਮਿਲੀ ਐ। ਜਾਹ ਚਲਿਆ ਜਾ ਏਥੋਂ। ਤੇਰਾ ਏਥੇ ਕੋਈ ਕੰਮ ਨਈਂ। ਜਿੱਥੇ ਜਿੱਥੇ ਸਾਡੇ ਸਾਥੀਆਂ ਦਾ ਸੂਹਾ ਸੁੱਚਾ ਲਹੂ ਡੁੱਲਿਐ ਉਹਨੂੰ ਸਾਂਭ ਜੇ ਸਾਂਭ ਸਕਦੈਂ। ਬੱਸ ਉਹੀ ਕੁਛ ਬਚਿਐ ਸਾਡੇ ਕੋਲ ਹੁਣ। ਜਾਹ ਚਲਿਆ ਜਾ।" ਏਅਰਪੋਰਟ ਦੀ ਪਾਰਕਿੰਗ ਲੌਂਟ ਬਾਬੇ ਭਕਨੇ ਦੇ ਡੇਰੇ ਵਿਚ ਬਦਲ ਚੁੱਕੀ ਸੀ। ਜਦੋਂ ਅਸੀਂ ਕੇਸਰ ਸਿੰਘ ਨੂੰ ਕਾਰ 'ਚ ਬਿਠਾ ਕੇ ਪਾਰਕਿੰਗ 'ਚੋਂ ਨਿਕਲ ਰਹੇ ਸਾਂ ਤਾਂ ਜਿਵੇਂ ਅਸੀਂ ਉਸਨੂੰ ਕਿਸੇ ਬੰਦਰਗਾਹ ਵੱਲ ਲੈ ਕੇ ਜਾ ਰਹੇ ਹਾਂ। ਕਿਸੇ ਬੇੜੇ 'ਚ ਸਵਾਰ ਹੋ ਕੇ ਉਸਨੇ 'ਆਜ਼ਾਦ ਇੰਡੀਆ' ਚੋਂ ਨਿਕਲ ਜਾਣਾ ਸੀ। ਸਦਾ ਸਦਾ ਲਈ।

ਉਹ ਆਪ ਇੰਡੀਆ 'ਚੋਂ ਭਾਵੇਂ ਨਿਕਲ ਆਇਆ ਸੀ, ਪਰ ਇੰਡੀਆ ਉਸਦੇ ਰੋਮ ਰੋਮ 'ਚ ਰਮਿਆ ਪਿਆ ਸੀ। ਜਿਸਦਾ ਪਤਾ ਉਸਦੀ ਇੱਕੋ ਇਕ ਕਾਵਿ-ਪੁਸਤਕ 'ਆਜ਼ਾਦੀ ਦੀ ਕਵਿਤਾ' ਵਿਚਲੀਆਂ ਕਵਿਤਾਵਾਂ ਤੋਂ ਲੱਗਦਾ ਹੈ:

"ਇਸ ਵਾਰੀ ਜਦ ਮੈਂ 'ਦੇਸ਼ ਯਾਤਰਾ' ਕੀਤੀ
ਤਾਂ ਇਉਂ ਜਾਪਿਆ ਜਿਵੇਂ
ਮੇਰੇ ਅਧੋਰਾਣੇ ਕੋਟ ਦੇ
ਤਿੰਨੇ ਬਟਨ ਟੁੱਟ ਗਏ ਹੋਣ
ਤੇ ਨਵੇਂ ਬਟਨ ਲਾਉਣ ਵਾਲੇ
ਖੇਰੂੰ ਖੇਰੂੰ ਹੋ ਗਏ ਹੋਣ
ਬਟਨਾਂ, ਸੂਈਆਂ ਅਤੇ ਧਾਗਿਆਂ ਸਮੇਤ।"

ਇੰਝ ਉਹ ਬਾਰ ਬਾਰ ਇੰਡੀਆ ਪਰਤਦਾ ਰਿਹਾ। ਆਪਣੇ ਲੋਕਾਂ ਲਈ ਸੋਚਦਾ ਰਿਹਾ। ਜੂਝਦਾ ਰਿਹਾ। ਕੁਰਸੀਆਂ ਤੇ ਬੈਠੀਆਂ ਜੋਕਾਂ ਨੂੰ ਭਰੀਆਂ ਮੀਟਿੰਗਾਂ ਵਿਚ ਗਲਮਿਆਂ ਤੋਂ ਫੜਦਾ ਰਿਹਾ। ਲੋਕਾਂ ਦੇ ਦੁੱਖ ਸੁਣਾਉਂਦਾ ਰਿਹਾ। "ਇਹ

ਸਮਝਦੇ ਕੀ ਨੇ ਆਪਣੇ ਆਪ ਨੂੰ? ਨਹਿਰੂ ਨੇ ਅੰਮ੍ਰਿਤਸਰ ਦੇ ਡੀ.ਸੀ. ਕੋਲ ਸੁਨੇਹਾ ਭੇਜਿਆ ਅਖੇ 'ਆਪ ਫਰੀਡਮ ਫਾਈਟਰ ਕੀ ਪੈਨਸ਼ਨ ਸਵੀਕਾਰ ਕਰੇਂ।' ਮੈਂ ਮੁੜਵੀਂ ਚਿੱਟ ਭੇਜੀ ਉਹਨੂੰ 'ਯੇਹ ਬਕਰਾ ਕਾਟਨੇ ਕੇ ਲੀਏ ਨਹੀਂ।'

ਉਹ ਸਾਡੇ ਕੋਲ ਤਿੰਨ ਚਾਰ ਦਿਨ ਰਿਹਾ। ਕੁਲਜੀਤ ਮਾਨ ਦੇ ਘਰ ਉਸਨੂੰ ਠਹਿਰਾਇਆ ਗਿਆ। ਕੁਲਜੀਤ 'ਕਾਫ਼ਲੇ' ਦਾ ਕੁਆਰਡੀਨੇਟਰ ਵੀ ਸੀ ਉਹਨੀਂ ਦਿਨੀਂ ਅਤੇ ਉਂਝ ਕੇਸਰ ਸਿੰਘ ਦਾ ਅੰਮ੍ਰਿਤਸਰੀਆ 'ਭਾਊ' ਵੀ। ਕੁਲਜੀਤ ਦਾ ਫੋਨ ਆਉਂਦਾ "ਤੂੰ ਪਤਾ ਨੀਂ ਬਾਬੇ ਨੂੰ ਕੀ ਕੀਤੈ ਤੇਰਾ ਈ ਪੁੱਛੀ ਜਾਂਦਾ। ਤੂੰ ਏਥੇ ਈ ਰਹਿ ਉਨੇ ਦਿਨ।" ਇਕ ਅਜੀਬ ਮਨੋ-ਸਥਿਤੀ ਸੀ ਮੇਰੀ ਉਹਨੀਂ ਦਿਨੀਂ। ਕੁਝ ਸੀ ਮੇਰੇ ਅਤੇ ਕੇਸਰ ਵਿਚ ਜਿਸਦਾ ਸਿਰਫ਼ ਕੇਸਰ ਨੂੰ ਈ ਪਤਾ ਸੀ। ਜਿਸਦੀ ਥਾਹ ਪਾਉਣ ਲਈ ਮੈਂ ਤੜਪ ਰਿਹਾ ਸਾਂ। ਉਹ ਮੇਰੀਆਂ ਅੱਖਾਂ 'ਚ ਅੱਖਾਂ ਪਾ ਕੇ ਵੇਖਦਾ ਤਾਂ ਇਸ ਤੜਪ ਦੀਆਂ ਤਾਰਾਂ ਤੜਪ ਉੱਠਦੀਆਂ।

7 ਅਕਤੂਬਰ 2000 ਨੂੰ ਅਸੀਂ ਉਸ ਨਾਲ 'ਕਲਮਾਂ ਦੇ ਕਾਫ਼ਲੇ' ਦੀ ਮੀਟਿੰਗ ਰੱਖੀ। ਇਸ ਮੀਟਿੰਗ 'ਚ ਡਾ. ਹਰਚਰਨ ਸਿੰਘ ਨਾਟਕਕਾਰ ਵੀ ਪੁੱਜਿਆ। ਉਹ ਕੇਸਰ ਸਿੰਘ ਦੇ ਨਾਲ ਵਾਲੀ ਕੁਰਸੀ ਤੇ ਬੈਠਾ ਸੀ। ਵਾਰ ਵਾਰ ਕੇਸਰ ਸਿੰਘ ਵੱਲ ਆਪਣੀਆਂ ਮੋਟੀਆਂ ਐਨਕਾਂ ਚੀਂ ਝਾਕੀ ਜਾਵੇ। ਅਪਣੀ ਵਾਰੀ ਤੇ ਉਸਨੇ ਮੁੜ ਬਾਬੇ ਕੇਸਰ ਸਿੰਘ ਵੱਲ ਬੜੀ ਨੀਝ ਨਾਲ ਤੱਕਿਆ ਅਤੇ ਭਾਵੁਕ ਹੁੰਦਿਆ ਕਿਹਾ, "ਬਈ ਬੱਲੇ ਬੱਲੇ! ਅੱਜ ਆਪਣੇ ਨਾਲ ਬੈਠੇ ੪੪ ਸਾਲਾ ਬਿਰਧ ਕੇਸਰ ਸਿੰਘ 'ਚੋਂ ਮੈਂ ਆਪਣੇ ਪਹਿਲੇ ਨਾਟਕ ਦੀ 'ਨਾਇਕਾ' ਬਣੇਂ 'ਕੇਸਰ' ਨੂੰ ਵੇਖ ਰਿਹਾ ਹਾਂ।"

ਟੀਨਏਜ਼ ਦਿਨੀਂ ਗਿਆਨੀ ਕੇਸਰ ਸਿੰਘ ਕਿੰਨਾਂ ਸੁਹਣਾ ਸੀ, ਉਸਦਾ ਪਤਾ ਉਸਨੇ ਸੁਨੱਖੇ ਚਿਹਰੇ ਚੋਂ ੪੪ ਬਹਾਰਾਂ ਬਾਅਦ ਵੀ ਗੁੰਮਿਆ ਨਹੀਂ ਸੀ। ਇਸ ਤੋਂ ਛੇਤੀ ਮਗਰੋਂ ਉਹ 'ਆਜ਼ਾਦ ਹਿੰਦ ਫੌਜ' ਚ ਭਰਤੀ ਹੋ ਗਿਆ ਸੀ। ਚੜ੍ਹਦੀ ਜਵਾਨੀ ਦੇ ਦਿਨੀਂ ਉਹ 'ਆਜ਼ਾਦ ਹਿੰਦ ਫੌਜ' ਦਾ ਸਿਵਲ ਐਡਮਨਿਸਟਰੇਟਰ ਸੀ। ਨੇਤਾ ਜੀ ਦੀ ਸੱਜੀ ਬਾਂਹ ਰਿਹਾ ਸੀ ਆਪਣਾ ਬਾਬਾ ਕੇਸਰ ਸਿੰਘ। ਜਦੋਂ ਉਹ ਸਾਨੂੰ ਆਪਣੇ ਆਜ਼ਾਦ ਹਿੰਦ ਫੌਜ ਦੇ ਦਿਨਾਂ ਬਾਰੇ ਦੱਸ ਰਿਹਾ ਸੀ ਤਾਂ ਮੇਰੇ ਮੂਹਰੇ ਉਸਦੀ ਉਹੀ 'ਨਾਟਕ ਦੀ ਨਾਇਕਾ ਕੇਸਰ' ਵਾਲੀ ਰੁਮਾਂਟਿਕ ਦਿੱਖ ਪਤਾ ਨਈਂ ਕਿਉਂ ਬਾਰ ਬਾਰ ਉਭਰ ਰਹੀ ਸੀ। ਮੀਟਿੰਗ 'ਚ ਜਦ ਕੋਈ ਉਸਨੂੰ ਸੁਭਾਸ਼ ਚੰਦਰ ਬੋਸ ਦੀ ਹਿਟਲਰ ਨਾਲ ਨੇੜਤਾ ਬਾਰੇ ਗੰਭੀਰ ਪ੍ਰਸ਼ਨ ਪੁੱਛ ਰਿਹਾ ਸੀ ਤਾਂ ਮੈਂ ਉਸ ਨੂੰ ਪੁੱਛਣਾ ਚਾਹ ਰਿਹਾ ਸੀ, "ਬਾਬਾ ਤੂੰ ਏਨਾਂ ਸੋਹਣਾ ਸੀ। ਮੁਛ-ਫੁੱਟ ਗੱਭਰੂ। ਫਿਰ ਆਜ਼ਾਦ ਹਿੰਦ ਫੌਜ ਦਾ ਐਡਮਨਿਸਟਰੇਟਰ। ਕੋਈ ਤਾਂ

‘ਆਜ਼ਾਦ ਹਿੰਦੀ ਫੌਜਣ’ ਤੈਨੂੰ ਕੱਢ ਕੇ ਲੈ ਜਾਣ ਨੂੰ ਤੜਫੀ ਹੋਊ।” ਪਰ ਮੈਂ ਪੁੱਛ ਨਈਂ ਸੀ ਸਕਿਆ। ਜਦੋਂ ਅਸੀਂ ਸਵੇਰੇ ਬਾਬੇ ਨਾਲ ਇੰਟਰਵਿਊ ਰਿਕਾਰਡ ਕਰਨੀ ਸੀ, ਮੈਂ ਰਾਤੀਂ ਬੈਠਾ ਸੁਆਲ ਤਿਆਰ ਕਰ ਰਿਹਾ ਸੀ ਤਾਂ ਇਹੀ ਇਕ ਸਵਾਲ ਸੀ ਜਿਹੜਾ ਮੇਰੀ ਲਿਸਟ ’ਚ ਨਹੀਂ ਸੀ।

ਕੁਲਵਿੰਦਰ ਖਹਿਰਾ ਵੀਡੀਓ ਕੈਮਰਾ ਕੁਲਜੀਤ ਦੇ ਗੈਸਟਰੂਮ ’ਚ ਸੈਟ ਕਰ ਰਿਹਾ ਸੀ। ਗਿਆਨੀ ਕੇਸਰ ਸਿੰਘ ਪਲੰਘ ਤੇ ਇਉਂ ਬੈਠਾ ਸੀ ਜਿਵੇਂ ਸੁਹਾਗ ਰਾਤ ਨੂੰ ਕੋਈ ਮੁਟਿਆਰ ਆਪਣੇ ਗੱਭਰੂ ਨੂੰ ਉਡੀਕਦੀ ਹੋਵੇ। ਇਹ ਉਸਦੀ ਇੰਟਰਵਿਊ ਸੀ। ਗੁਰਚਰਨ ਦੱਸ ਰਿਹਾ ਸੀ, ‘ਦਾਰ ਜੀ ਨੇ ਕਦੇ ਕਿਸੇ ਨੂੰ ਕੋਈ ਇੰਟਰਵਿਊ ਨਈਂ ਦਿੱਤੀ। ਇਹ ਇਤਿਹਾਸਕ ਪਲ ਹਨ।” ਮੈਂ ਉਸ ਦੇ ਬੈੱਡ ਲਾਗੇ ਕੁਰਸੀ ਡਾਹ ਲਈ ਸੀ। ਅਸੀਂ ਗੱਲਾਂ ਕਰਦੇ ਗਏ। ਮੈਂ ਪੁੱਛਦਾ ਗਿਆ। ਉਹ ਦੱਸਦਾ ਗਿਆ। ਸਾਰੀ ਇੰਟਰਵਿਊ ’ਚ ਉਹ ਕੈਮਰੇ ਦੀ ਅੱਖ ’ਚ ਅੱਖ ਪਾ ਕੇ ਜਾਂ ਮੇਰੇ ਨਾਲ ਅੱਖ ਮਿਲਾ ਕੇ ਇਕ ਦੋ ਵਾਰ ਹੀ ਝਾਕਿਆ ਹੋਵੇਗਾ। ਉਸੇ ‘ਨਾਇਕਾ ਕੇਸਰ ਵਾਲੀ’ ਸ਼ਰਮਾਕਲ ਜਿਹੀ ਮੁਦਰਾ ’ਚ ਅੱਖਾਂ ਝੁਕਾਈ ਗੱਲਾਂ ਕਰ ਰਿਹਾ ਸੀ ਅਤੇ ਨਾਲ ਨਾਲ ਹੱਥ ’ਚ ਫੜੇ ਪੈਨ ਨੂੰ ਉਂਗਲਾਂ ’ਚ ਹੌਲੀ ਹੌਲੀ ਘੁੰਮਾਈ ਜਾ ਰਿਹਾ ਸੀ। ਜਦੋਂ ਅਸੀਂ ਇੰਟਰਵਿਊ ਕਰ ਕੇ ਬਾਹਰ ਨਿਕਲੇ ਤਾਂ ਗੁਰਚਰਨ ਨੇ ਮੈਨੂੰ ਕਲਾਵੇ ’ਚ ਲੈ ਕੇ ਕਿਹਾ “ਯੂ ਹੈਵ ਡੰਨ ਇਟ।”

ਉਹਨੀਂ ਦਿਨੀਂ ਉਸਨੂੰ ਇਕ ਕੰਨ ਤੋਂ ਸੁਣਦਾ ਸੀ। ਪਰ ਉੱਚੀ। ਤਿੰਨ ਚਾਰ ਵਾਰ ਦੇ ਮੇਲ ਜੋਲ ਤੋਂ ਸਾਨੂੰ ਲੱਗਿਆ ਵਜ਼ਨੀ ਗੱਲਾਂ ਉਸਨੂੰ ਹੌਲੀ ਵੀ ਸੁਣ ਜਾਂਦੀਆਂ ਸਨ। ਉਹ ਉਦੋਂ ਵੈਨਕੂਵਰੋਂ, ਐਡਮੰਟਨ ਮੂਵ ਹੋ ਚੁੱਕਿਆ ਸੀ। ਵੈਨਕੂਵਰ ਤੋਂ ਮੂਵ ਹੋਣ ਦਾ ਉਸਨੂੰ ਝੋਰਾ ਵੀ ਸੀ ਤੇ ਤਸੱਲੀ ਸੀ। “ਓਥੇ (ਵੈਨਕੂਵਰ) ਤਾਂ ਮੈਨੂੰ ਕੋਈ ਨਾ ਕੋਈ ਮਿਲਣ ਆਇਆ ਹੀ ਰਹਿੰਦਾ ਸੀ। ਸੈਰ ਕਰਨ ਗਏ ਨੂੰ ਲੋਕ ਪਛਾਣਕੇ ਕਹਿੰਦੇ ਸੀ, “ਐਹ ਹੈ ਗਿਆਨੀ ਕੇਸਰ ਸਿੰਘ।’ ਏਥੇ (ਐਡਮੰਟਨ) ਆ ਕੇ ਤਾਂ ਮੈਂ ਜਿਵੇਂ ਲਾਵਾਰਸ ਹੋ ਗਿਆ। ਇਕ ਮੇਰਾ ਸਰੀਰ ਠੀਕ ਨਹੀਂ ਰਹਿੰਦਾ। ਊਂ ਚੰਗਾ ਵੀ ਹੋਇਆ ਓਥੇ (ਵੈਨਕੂਵਰ) ਜਿਹੜਾ ਵੀ ਜਣਾ ਖਣਾ ਉਠਦਾ ਸੀ ਉਹਦਾ ਧਿਆਨ ਮੇਰੇ ਉਮਰ ਭਰ ਦੀ ਮਿਹਨਤ ਨਾਲ ਕੱਠੀ ਕੀਤੀ ਸ਼ਹੀਦਾਂ ਅਤੇ ਗ਼ਦਰੀਆਂ ਦੀ ਯਾਦਗਾਰ ਸਮੱਗਰੀ ਤੇ ਸੀ। ਬੱਸ ਲੁੱਟਣ ਨੂੰ ਪੈਂਦੇ ਸੀ।” ਫਿਰ ਉਸਨੇ ਸਾਨੂੰ ਕੁਝ ਲੋਕਾਂ ਦੇ ਨਾਮ ਲੈ ਕੇ ਵੀ ਕੁਝ ਗੱਲਾਂ ਦੱਸੀਆਂ। ਲੋਕ ਜੋ ਉਸ ਕੋਲੋਂ ਖਰੜੇ ਜਾਂ ਸ਼ਹੀਦਾਂ/ਬਾਬਿਆਂ ਨਾਲ ਸੰਬੰਧਤ ਚੀਜ਼ਾਂ ਲੈ ਕੇ ਮੁੜ ਮੋੜ ਨਹੀਂ ਸੀ ਰਹੇ। ਉਹ ਉਨ੍ਹਾਂ ਤੇ ਕਾਫ਼ੀ ਖਫ਼ਾ ਸੀ। ਪਰ ਨਾਲ ਹੀ ਉਹ ਬਹੁਤ ਸਾਰੀਆਂ ਅਜਿਹੀਆਂ ਲਿਖਤਾਂ ਅਤੇ ਖਰੜਿਆਂ ਦੀ ਗੱਲ ਵੀ

ਕਰਦਾ ਜੋ ਉਹ ਬਿਰਧ ਅਵਸਥਾ ਕਾਰਨ ਕਿਤਾਬੀ ਰੂਪ 'ਚ ਲਿਆਉਣੋਂ ਬੇਬਸ ਸੀ। ਉਹ ਚਾਹੁੰਦਾ ਸੀ ਅਸੀਂ ਕੁਝ ਇਸ ਬਾਰੇ ਕਰੀਏ। ਜਿਸਦਾ ਮੈਂ ਕੁਲਜੀਤ ਅਤੇ ਕੁਲਵਿੰਦਰ ਨੇ ਇਕਰਾਰ ਵੀ ਕੀਤਾ। ਪਰਖ ਵਜੋਂ ਉਸਨੇ ਸਾਨੂੰ ਇਕ ਅਣ-ਛਪਿਆ ਖਰੜਾ ਵੀ ਦਿੱਤਾ।

ਟਰਾਂਟੋਂ ਤੋਂ ਪਰਤਣ ਤੋਂ ਪਹਿਲੀ ਰਾਤ ਅਸੀਂ ਗਿਆਨੀ ਕੇਸਰ ਸਿੰਘ ਹੁਰਾਂ ਨੂੰ ਨਰਿੰਦਰ ਵਿਰਦੀ ਹੁਰਾਂ ਦੇ ਘਰ ਲੈ ਕੇ ਗਏ। 'ਵਚਿੱਤਰ ਵੀਣਾ' ਦਾ ਉਸਤਾਦ ਵਜੰਤਰੀ ਨਰਿੰਦਰ ਵਿਰਦੀ, ਜੋ ਉਨ੍ਹਾਂ ਦਾ ਬਹੁਤ ਪੁਰਾਣਾ ਮਿੱਤਰ ਸੀ। ਉਹ ਦੋਵੇਂ ਲਗਭਗ ਦੋ ਦਹਾਕਿਆਂ ਬਾਅਦ ਮਿਲੇ। ਸੁਰਜਨ ਜ਼ੀਰਵੀ ਵੀ ਸਾਡੇ ਨਾਲ ਸੀ। ਭਾਵੇਂ ਕੇਸਰ ਸਿੰਘ ਹੁਰਾਂ ਨੂੰ ਚੰਗੀ ਤਰ੍ਹਾਂ ਸੁਣਾਈ ਨਹੀਂ ਸੀ ਦਿੰਦਾ ਪਰ ਉਨ੍ਹਾਂ ਦੇ ਦਿਲ 'ਚ ਤਾਂਘ ਸੀ 'ਵਿਰਦੀ' ਤੋਂ ਆਖਰੀ ਵੇਰ 'ਵੀਣਾ' ਸੁਣਨ ਦੀ। 'ਪਿਆਰੇ ਜੀਓ! ਮੈਂ ਸੁਣਾਵਾਂਗਾ... ਕਿਉਂ ਨਹੀਂ, ਕੀ ਹੋਇਆ ਜੇ ਕੇਸਰ ਨੂੰ ਸੁਣਾਈ ਨਹੀਂ ਜੇ ਦਿੰਦਾ।' ਕਹਿੰਦੇ ਕਹਿੰਦੇ ਵਿਰਦੀ ਹੁਰੀਂ, ਜਿਵੇਂ 'ਕਲੇਜੇ ਦੇ ਰੁੱਗ ਵਾਂਗ' ਅੰਦਰੋਂ 'ਵਚਿੱਤਰ ਵੀਣਾ' ਕੱਢ ਲਿਆਏ। ਸਾਡੇ ਸਾਹਮਣੇ ਥੱਲੇ ਦਰੀ ਤੇ ਬੈਠ ਕੇ 'ਵੀਣਾ' ਸੁਰ ਕਰਨ ਲੱਗੇ। ਫਿਰ ਉਨ੍ਹਾਂ ਵੀਣਾ ਵਜਾਈ। ਕੇਸਰ ਸਿੰਘ ਹੁਰੀਂ ਕੰਨਾਂ ਨਾਲ ਨਹੀਂ ਦਿਲ ਨਾਲ ਉਸਨੂੰ ਸੁਣਦੇ ਰਹੇ। ਹੁੰਗਾਰੇ ਵਜੋਂ ਉਨ੍ਹਾਂ ਦੇ ਨੈਣੋਂ ਹੰਝੂ ਉਨ੍ਹਾਂ ਦੇ ਚਿੱਟੇ ਦਾਹੜੇ ਤੇ ਕਿਰਦੇ ਸਨ ਪਏ। ਮੈਂ ਉਸ ਰਾਤ ਇਸ ਮਿਲਣੀ ਨੂੰ ਨਜ਼ਮ ਕੀਤਾ:

ਵੀਣਾ ਨੱਚਦੀ ਹੈ
ਸਮਾਂ ਸੁਰਤਾਲਿਆਂ ਜਾਂਦਾ ਹੈ
ਰੂਹਾਂ ਕਲਬੂਤਾਂ 'ਚੋਂ
ਨਿਕਲ ਕੇ ਨੱਚਦੀਆਂ ਹਨ
'ਬੁੱਲੇ' ਵਾਂਗ।

ਵੀਣਾ ਵੱਜਦੀ ਜਾਂਦੀ ਹੈ
ਨਾਚ ਤੇਜ਼ ਹੁੰਦਾ ਜਾਂਦਾ ਹੈ
ਹੋਰ ਤੇਜ਼ ਹੋਰ ਤੇਜ਼ ਹੋਰ...
ਨੱਚ ਉੱਠਦਾ ਹੈ
ਲੱਕੜ ਦਾ ਮੋਰ।

ਅਗਲੇ ਦਿਨ ਗਿਆਨੀ ਕੇਸਰ ਸਿੰਘ ਸਾਡੇ ਕੋਲੋਂ ਚਲੇ ਗਏ। ਸਾਨੂੰ ਦਿੱਤੇ ਖਰੜੇ ਨੂੰ ਛਾਪਣ ਦਾ ਵਾਅਦਾ ਲੈ ਕੇ। ਅੱਗੋਂ ਹੋਰ ਅਣ-ਛਪਤਾਂ ਤੇ ਕੰਮ ਕਰਨ ਦਾ ਇਕਰਾਰ ਲੈ ਕੇ। ਕੁਲਜੀਤ ਨੇ ਕੁਝ ਹੀ ਦਿਨਾਂ 'ਚ ਆਪਣੇ ਹਿੱਸੇ ਦਾ ਕੰਮ ਕਰ ਦਿੱਤਾ। ਆਪਣੇ ਹਿੱਸੇ ਦਾ ਕੰਮ ਮੈਂ ਹਾਲੇ ਤੀਕ ਨਹੀਂ ਕੀਤਾ। ਗਿਆਨੀ ਜੀ ਦਾ ਫ਼ੋਨ ਆਉਂਦਾ। ਖਰੜੇ ਬਾਰੇ ਗੱਲ ਹੁੰਦੀ। ਫਿਰ ਉਨ੍ਹਾਂ ਤੋਂ ਮੇਰਾ ਫ਼ੋਨ ਗੁਆਚ ਗਿਆ। ਨਰਿੰਦਰ ਵਿਰਦੀ ਹੁਰਾਂ ਦਾ ਫ਼ੋਨ ਆਇਆ। 'ਪ੍ਰੀਤ ਜੀਓ! ਕੇਸਰ ਹੁਰਾਂ ਨੂੰ ਫ਼ੋਨ ਕਰੋ, ਤੁਸੀਂ।' ਮੈਂ ਫ਼ੋਨ ਕੀਤਾ ਗੱਲ ਹੋਈ। ਮੁੜ ਨੰਬਰ ਨੋਟ ਕਰਵਾਇਆ। ਪਰ ਉਹ ਫਿਰ ਭੁੱਲ ਜਾਂਦੇ। ਇਕ ਵੇਰ ਫਿਰ ਵਿਰਦੀ ਹੁਰਾਂ ਯਾਦ ਕਰਵਾਇਆ। ਪਰ ਹੁਣ ਗਿਆਨੀ ਕੇਸਰ ਸਿੰਘ ਤੇਜ਼ੀ ਨਾਲ ਸਭ ਕੁਝ ਭੁੱਲਦਾ ਜਾ ਰਿਹਾ ਸੀ। ਚਿਹਰੇ, ਨਾਂ, ਪਤੇ, ਫ਼ੋਨ ਖਰੜੇ। ਅਪਣਾ ਆਪਾ। ਸਭ ਕੁਝ ਜਿਵੇਂ ਕੋਈ ਉਸ ਨੂੰ ਮੁੜ ਲਿਖਣ ਲਈ ਪੋਚ ਰਿਹਾ ਸੀ 'ਫੱਟੀ ਵਾਂਗ।'

7 ਸਤੰਬਰ 2006, ਜਸਵੰਤ ਦੀਦ ਦਾ ਐਡਮੰਟਨ ਤੋਂ ਫ਼ੋਨ ਹੈ। ਉਸਨੇ ਮੇਰੇ ਕੋਲੋ ਆਉਣਾ ਸੀ ਜੋ ਉਹ ਇਕ ਦਿਨ ਅੱਗੇ ਪਾ ਰਿਹਾ ਹੈ। "ਬਾਬਿਓ! ਮੈਂ ਕੱਲ ਗਿਆਨੀ ਕੇਸਰ ਸਿੰਘ ਨੂੰ ਮਿਲਣ ਗਿਆ। ਸੀਨੀਅਰ ਹੋਮ 'ਚ ਹੈ। ਨਾ ਸੁਣਦਾ, ਨਾ ਬੋਲਦਾ, ਨਾ ਸਿਆਣਦਾ। ਸੁਰਤ ਬੱਸ ਮਾੜੀ ਜਿਹੀ। ਬਾਬਿਓ! ਮੈਂ ਭਾਵੁਕ ਹੋ ਗਿਆ ਗਿਆਨੀ ਹੁਰਾਂ ਨੂੰ ਦੇਖ ਕੇ। ਉਨ੍ਹਾਂ ਦੇ ਇਸ ਵੇਲੇ ਦੇ 'ਇਕ ਦਿਨ' ਨੂੰ ਡਾਕੂਮੈਂਟ ਕਰਨਾ ਚਾਹੁੰਨਾ। ਅੱਜ ਨਈਂ ਕੱਲ ਮਿਲਾਂਗੇ।" ਫੋਨ ਬੰਦ ਹੋ ਗਿਆ। ਗਿਆਨੀ ਹੁਰਾਂ ਨਾਲ ਮੇਰੀ ਤਾਰ ਜੋੜ ਕੇ। ਧੂਹ ਪਈ ਦਿਲ ਅੰਦਰ। ਦਿਲ ਕੀਤਾ ਹੁਣੇ ਪੁੱਜ ਜਾਵਾਂ ਐਡਮੰਟਨ। ਪਰ ਅੱਖੀਂ ਵਸੇ... ਦਿਲ 'ਚ ਰਸੇ ਗਿਆਨੀ ਕੇਸਰ ਸਿੰਘ ਦੇ ਬਿੰਬ ਨੇ ਮੇਰਾ ਰਾਹ ਮੱਲ ਲਿਆ। ਹਰਚਰਨ ਸਿੰਘ ਦੇ ਨਾਟਕ ਦੀ 'ਨਾਇਕਾ ਕੇਸਰ' ਨੂੰ ਸਦਾ ਲਈ ਅਲਵਿਦਾ ਕਹਿਣ ਦੀ ਹਿੰਮਤ ਮੈਥੋਂ ਨਹੀਂ ਸੀ ਹੋ ਸਕਣੀ। ਬਚਪਨ 'ਚ ਪੜ੍ਹੇ ਨਾਵਲ 'ਲਹਿਰ ਵਧਦੀ ਗਈ' ਦੀ ਆਖ਼ਿਰੀ ਸਤਰ "ਗੋਲੀ ਚਲਦੀ ਗਈ ਲਹਿਰ ਵਧਦੀ ਗਈ" ਦਿਲ ਤੋਂ ਮੇਟਣੀ ਸੰਭਵ ਨਹੀਂ ਸੀ। ਮੈਂ ਜਿਸਨੇ ਹਮੇਸ਼ਾ ਗਿਆਨੀ ਜੀ ਨੂੰ 'ਐਕਸ਼ਨ' ਨਾਲ ਰਿਲੇਟ ਕਰ ਕੇ ਮਹਿਸੂਸਿਆ ਸੀ, ਵੇਖਿਆ ਸੀ।

ਅਗਲੇ ਦਿਨ ਮੈਂ ਦੀਦ ਨੂੰ ਲੈਣ ਐਡਮੰਟਨ ਗਿਆ। ਸ਼ਾਮ ਹੋ ਚੁੱਕੀ ਸੀ। ਦੀਦ, ਸੀਨੀਅਰ ਹੋਮ ਤੋਂ ਰਿਕਾਰਡਿੰਗ ਕਰ ਕੇ ਆ ਚੁੱਕਿਆ ਸੀ। ਲਾਟ ਭਿੰਡਰ ਦੇ ਘਰ ਕੁਝ ਆਖ਼ਿਰੀ ਛੋਹਾਂ ਬਾਕੀ ਸਨ। ਬੱਸ ਉਸ ਸਾਰੀ ਸ਼ਾਮ ਐਡਮੰਟਨ 'ਚ ਘੁੰਮਦੇ ਮੈਂ ਜਿਵੇਂ ਸੀਨੀਅਰ ਹੋਮ ਦੇ ਆਲੇ ਦੁਆਲੇ ਹੀ ਘੁੰਮ ਰਿਹਾ ਸਾਂ। ਵਾਰ ਵਾਰ ਉਨ੍ਹਾਂ ਦੇ ਦਰਵਾਜ਼ੇ ਤੱਕ ਪੁੱਜਦਾ ਰਿਹਾ। ਪਰ ਦਰ ਖੜਕਾਉਣ ਦੀ ਹਿੰਮਤ

ਨਾ ਕਰ ਸਕਿਆ। ਮੈਂ ਤੇ ਦੀਦ ਸਵੇਰੇ ਕੈਲਗਰੀ ਮੁੜਨ ਦਾ ਫੈਸਲਾ ਕਰਦੇ ਹਾਂ।

ਮੈਂ ਰਾਤ ਇਕ ਅੰਮ੍ਰਿਤਧਾਰੀ ਸਿੰਘ ਦੇ ਘਰ ਠਹਿਰਦਾ ਹਾਂ। ਵੱਡਾ ਆਲੀਸ਼ਾਨ ਘਰ ਹੈ। ਪਰ ਅਧਖੜ ਉਮਰ ਦਾ ਸਿੰਘ ਬਹੁਤ ਇਕੱਲਾ ਹੈ। ਉਸਦੀ ਪਤਨੀ ਨਾਈਟ ਸ਼ਿਫ਼ਟ ਤੇ ਹੈ। ਟੀਨਏਜ਼ ਮੁੰਡੇ ਆਪੋ ਆਪਣੇ ਕਮਰਿਆਂ 'ਚ ਹਨ। ਉਹ ਮੇਰੇ ਲਈ ਪੈੱਗ ਬਣਾਉਂਦਾ 'ਉਦਾਸੀ ਦੀ ਕਵਿਤਾ' ਬਾਰੇ ਗੱਲ ਕਰ ਰਿਹਾ ਹੈ। ਮੈਥੋਂ ਕੇਸਰ ਸਿੰਘ ਦੇ ਨਾਵਲ 'ਕਾਮਾਗਾਟਾ ਮਾਰੂ' ਤੇ ਅਧਾਰਿਤ ਨਾਟਕ ਲਈ ਲਿਖੀ ਗਈ ਇਕ ਨਜ਼ਮ ਸੁਣਨੀ ਚਾਹ ਰਿਹਾ ਹੈ। ਮੈਂ ਸੁਣਾ ਰਿਹਾਂ "ਅਜ਼ਲਾਂ ਤੋਂ ਮਹਿਲਾਂ ਦੇ ਸਾਏ... ...ਝੋਪੜੀਆਂ ਨੂੰ ਲੂੰਹਦੇ ਆਏ।" ਅੱਧੀ ਰਾਤੋਂ ਬਾਅਦ ਦਾ ਸਮਾਂ ਹੈ। ਟਿਕੀ ਰਾਤ 'ਚ ਮੈਨੂੰ ਬੇਸਮੈਂਟ 'ਚੋਂ ਸਿੰਘ ਦੇ ਬਿਰਧ ਬਾਪ ਦੇ ਹੂੰਗੇ ਸੁਣਾਈ ਦੇ ਰਹੇ ਹਨ। ਗਿਆਨੀ ਕੇਸਰ ਸਿੰਘ ਵੀ ਸ਼ਾਇਦ ਐਸ ਵੇਲੇ ਸੀਨੀਅਰ ਹੋਮ 'ਚ ਇਕੱਲਾ ਪਿਆ ਇਵੇਂ ਹੀ ਹੂੰਗ ਰਿਹਾ ਹੋਵੇ। ਸੁਰਤ ਮੁੜ ਗਿਆਨੀ ਜੀ ਤੇ ਆ ਟਿਕੀ ਹੈ। ਉਨ੍ਹਾਂ ਦੀ ਕਹੀ ਸਤਰ ਵਾਰ ਵਾਰ ਯਾਦ 'ਚ ਉਭਰ ਰਹੀ ਹੈ "...ਐਡਮੰਟਨ ਆ ਕੇ ਤਾਂ ਮੈਂ ਜਿਵੇ ਲਾਵਾਰਸ ਹੋ ਗਿਆਂ।"

ਮੈਨੂੰ ਪੂਰਾ 'ਐਡਮੰਟਨ' ਸ਼ਹਿਰ... ਲਾਵਾਰਸਾਂ ਦਾ ਸ਼ਹਿਰ ਮਹਿਸੂਸ ਹੋ ਰਿਹਾ ਹੈ। ਨੀਂਦ ਨਹੀਂ ਆ ਰਹੀ। ਲਾਗੇ ਇਕ ਵਾਕਮੈਨ ਪਿਆ ਹੈ। ਉਸ 'ਚ ਭਾਈ ਅਵਤਾਰ ਸਿੰਘ ਦੀ ਸੀ.ਡੀ. ਹੈ 'ਪ੍ਰੇਮ ਪਿਰੀ'। ਮੈਂ ਸੁਣਨ ਲੱਗ ਪਿਆ ਹਾਂ। ਅਚਾਨਕ ਮੈਨੂੰ ਜਾਪਿਆ ਹੈ ਜਿਵੇਂ ਮੈਂ ਅੰਮ੍ਰਿਤਸਰ ਦੇ 'ਯਤੀਮਖਾਨੇ' 'ਚ ਬੈਠਾ ਕੀਰਤਨ ਸੁਣ ਰਿਹਾ ਹਾਂ। ਨਿੱਕਾ ਜਿਹਾ ਕੇਸਰ ਸਿੰਘ ਹਰਮੋਨੀਅਮ ਵਜਾ ਰਿਹਾ ਹੈ। ਸਦ ਲਾ ਰਿਹਾ ਹੈ 'ਪ੍ਰੇਮ... ਪਿਰੀ।" ਮੈਨੂੰ ਅਹਿਸਾਸ ਹੋ ਰਿਹਾ ਹੈ ਜਿਵੇਂ ਗਿਆਨੀ ਕੇਸਰ ਸਿੰਘ ਮੁੜ ਜਨਮ ਰਿਹਾ ਹੈ। ਕੁਝ ਰਾਹਤ ਮਿਲਦੀ ਹੈ। ਨੀਂਦ ਪਤਾ ਨਹੀਂ ਕਦੋਂ ਆਈ ਹੈ।

ਅਗਲੇ ਦਿਨੀਂ ਮੈਂ ਦੇ ਦੀਦ, ਕੇਸਰ ਸਿੰਘ ਦੀਆਂ ਗੱਲਾਂ ਘੜੀ ਮੁੜੀ ਛੇੜ ਬਹਿੰਦੇ ਹਾਂ। ਕੈਮਲੂਪਸ ਨੂੰ ਜਾਂਦਿਆਂ ਦੀਦ, ਮੈਨੂੰ ਇਕ ਜਗ੍ਹਾ ਕਾਰ ਰੋਕਣ ਲਈ ਕਹਿੰਦਾ ਹੈ। ਉਹ ਕੇਸਰ ਬਾਰੇ ਮੇਰੇ ਵਿਚਾਰ ਰਿਕਾਰਡ ਕਰਨ ਲਈ ਆਪਣਾ 'ਦੂਰਦਰਸ਼ਨੀ' ਕੈਮਰਾ ਫਿੱਟ ਕਰਦਾ ਹੈ। ਸਰਕੜਿਆਂ ਜਿਹਿਆਂ 'ਚੋਂ ਟਾਪੂ ਵਾਂਗ ਉਭਰੇ ਇਕ ਪੱਧਰੇ ਥਾਂ ਤੇ ਕੁਝ ਰੌਸ਼ਨੀ ਹੈ ਹਾਲੇ। ਉਹ ਮੈਨੂੰ ਉਥੇ ਖੜਾ ਕਰ ਕੇ ਕਹਿੰਦਾ ਹੈ। "ਚਲੋ ਬਾਬਿਓ! ਕਰੋ ਸ਼ੁਰੂ।" ਮੈਂ ਕੇਸਰ ਸਿੰਘ ਦੀ ਕਵਿਤਾ ਬਾਰੇ ਬੋਲਣ ਦਾ ਮਨ ਬਣਾ ਕੇ ਪੂਰੇ ਜੋਸ਼ ਨਾਲ ਬੋਲਣਾ ਸ਼ੁਰੂ ਕਰਦਾ ਹਾਂ:

"ਗਿਆਨੀ ਕੇਸਰ ਸਿੰਘ ਦਾ ਸਮੁੱਚਾ ਜੀਵਨ ਹੀ ਜਿਵੇਂ ਆਜ਼ਾਦੀ ਦੀ ਕਵਿਤਾ ਹੈ। ਭਾਵੇਂ ਕੇਸਰ ਸਿੰਘ ਨੂੰ 'ਪੰਜਾਬੀ ਦਾ ਤਾਲਸਤਾਏ' ਵੀ ਕਿਹਾ ਜਾਂਦਾ

ਹੈ, ਪਰ ਜਿਸ ਲੋਕ-ਮਈ ਸੰਘਰਸ਼ ਵਿਚ ਜੂਝਦਿਆਂ ਗਿਆਨੀ ਜੀ ਨੇ ਮਹਾਨ ਰਚਨਾਵਾਂ ਰਚੀਆਂ ਹਨ ਉਹ ਉਨ੍ਹਾਂ ਨੂੰ 'ਤਾਲਸਤਾਏ' ਨਾਲੋਂ ਕਿਤੇ ਵੱਧ ਮਹਾਨ ਸਿੱਧ ਕਰਦੀਆਂ ਹਨ। ਇਸ ਸੰਦਰਭ ਵਿਚ ਗਿਆਨੀ ਕੇਸਰ ਸਿੰਘ 'ਪੰਜਾਬੀ ਦਾ ਤਲਾਸਤਾਏ' ਨਹੀਂ ਸਗੋਂ 'ਪੰਜਾਬੀ ਦਾ ਕੇਸਰ' ਹੈ।

ਦੁਨੀਆ ਭਰ ਵਿਚ ਜਿਥੇ ਕਿਤੇ ਵੀ ਹਿੰਦੁਸਤਾਨੀ 'ਬੰਦੇ' ਨੇ ਇਨਸਾਨੀ ਕਦਰਾਂ ਕੀਮਤਾਂ ਦੀ ਆਜ਼ਾਦੀ ਦਾ ਘੋਲ ਕੀਤਾ ਹੈ, ਗਿਆਨੀ ਕੇਸਰ ਸਿੰਘ ਨੇ ਉਸ ਨੂੰ ਆਪਣੇ 'ਇਤਿਹਾਸਕ ਨਾਵਲਾਂ' 'ਚ ਲਿਆ ਕੇ ਸਦਾ ਸਦਾ ਲਈ ਆਉਂਦੀਆਂ ਹਿੰਦੁਸਤਾਨੀ ਪੁਸ਼ਤਾਂ ਲਈ ਸਾਂਭ ਲਿਆ ਹੈ। ਉਨ੍ਹਾਂ ਵਲੋਂ ਲਿਖੀਆਂ ਗਈਆਂ 53 ਦੇ ਕਰੀਬ ਇਤਿਹਾਸਕ ਦਸਤਾਵੇਜ਼ੀ ਪੁਸਤਕਾਂ ਜਿਨ੍ਹਾਂ ਵਿਚੋਂ ਵਧੇਰੇ ਨਾਵਲੀ ਸੁਭਾਅ ਦੀਆਂ ਹਨ, ਵਿਚ ਇੱਕੋ ਇਕ ਕਾਵਿ-ਪੁਸਤਕ 'ਆਜ਼ਾਦੀ ਦੀ ਕਵਿਤਾ ਹੈ'। ਇਨ੍ਹਾਂ ਕਵਿਤਾਵਾਂ 'ਚ ਕੇਸਰ ਸਿੰਘ ਜੰਗੇ-ਆਜ਼ਾਦੀ ਦੇ ਸ਼ਹੀਦਾਂ ਦੇ ਸੁਪਨਿਆਂ ਦਾ ਗਹਿਰਾ ਅਤੇ ਸਿੱਧਾ ਅਹਿਸਾਸ ਪੇਸ਼ ਕਰਦਾ ਹੈ। ਨਾਲੋ ਨਾਲ ਅੱਜ ਦੇ ਸਮੇਂ ਉਨ੍ਹਾਂ ਸੁਪਨਿਆਂ ਦੀ ਕੀ ਹਾਲਤ ਹੈ ਵਰਗੇ ਜਜ਼ਬੇ ਇਨ੍ਹਾਂ ਕਵਿਤਾਵਾਂ ਦਾ ਅਨਿੱਖੜਵਾਂ ਅੰਗ ਹਨ। ਇਸ ਕਵਿਤਾ ਦੀ ਮੁੱਖ ਵਿਸ਼ੇਸ਼ਤਾ ਤੇ ਵਿਲੱਖਣਤਾ ਇਹ ਹੈ ਕਿ ਇਸ ਵਿਚ ਨਿਰੇ-ਪੁਰੇ ਸੁਪਨਿਆਂ ਦੀ ਟੁੱਟ-ਭੱਜ ਤੋਂ ਉਪਜੇ ਉਦਰੇਵੇਂ ਹੀ ਨਹੀਂ ਸਗੋਂ ਉਨ੍ਹਾਂ ਨੂੰ ਸਾਕਾਰ ਕਰਨ ਲਈ ਲੋਕਾਂ ਨੂੰ ਸੱਦਾ ਹੈ। ਹੋਕਾ ਵੀ। ਆਸ਼ਾਮਈ ਹੌਂਸਲਾ ਵੀ। ਗਿਆਨੀ ਕੇਸਰ ਸਿੰਘ ਨੇ ਆਪਣੇ 9 ਦਹਾਕੇ ਲੰਮੇ ਜੀਵਨ ਜਿੰਨਾ ਹੀ ਲੰਬਾ ਲੋਕ ਸੰਘਰਸ਼ ਲੜਿਆ ਹੈ। ਰਣ ਤੱਤੇ 'ਚ ਬੰਦੂਕ ਫੜਕੇ ਵੀ ਅਤੇ ਉਸ ਤੋਂ ਕਿਤੇ ਵੱਧ ਕਲਮ ਫੜਕੇ ਵੀ। ਅੱਜਕਲ ਆਪ ਬਿਰਧ ਅਵਸਥਾ 'ਚ ਐਡਮੰਟਨ (ਕੈਨੇਡਾ) ਵਿਖੇ ਹਨ। ਜਿਸਨੂੰ ਉਨ੍ਹਾਂ ਨੇ ਆਪਣੀ ਨਿੱਕੀ ਜਿਹੀ ਕਵਿਤਾ 'ਤਰਕਾਲਾਂ' 'ਚ ਇਉਂ ਕਿਹਾ ਹੈ:

ਪਤਝੜ ਦੀਆਂ, ਤਰਕਾਲਾਂ ਹਨ
ਕੱਲ-ਮੁਕੱਲਾ ਹਾਂ
ਫਿਰ ਵੀ ਖ਼ੁਸ਼ ਹਾਂ।"

ਮੈਂ ਚੁੱਪ ਕਰ ਗਿਆ ਹਾਂ। ਗੱਚ ਭਰ ਆਇਆ ਹੈ। ਦੀਦ ਕਹਿੰਦਾ ਹੈ 'ਠੀਕ ਐ'। ਅਸੀਂ ਇਸ ਨੂੰ ਰੀ-ਪਲੇਅ ਕਰਕੇ ਦੇਖਦੇ ਹਾਂ। ਮੇਰੀ ਰਿਕਾਰਡਿੰਗ ਗਾਇਬ ਹੈ। ਉਹ ਪ੍ਰੇਸ਼ਾਨੀ ਦੀ ਹਾਲਤ 'ਚ ਵਾਰ ਵਾਰ ਰੀਪਲੇਅ ਕਰਦਾ ਹੈ। ਪਰ ਮੇਰੇ ਵਾਲੀ ਰੀਕਾਰਡਿੰਗ ਟੇਪ ਤੇ ਨਹੀਂ ਹੈ। ਮੈਂ ਉਸਨੂੰ ਕਹਿੰਦਾ ਹਾਂ, "ਚਲੋ ਕੋਈ

ਗੱਲ ਨਹੀਂ। ਇਹ ਸਰਕੜੇ ਨੂੰ ਦਿੱਤਾ ਕੇਸਰੀ-ਭਾਸ਼ਨ ਹੀ ਸਹੀ।" ਅਸੀਂ ਦੋਵੇਂ ਖੁੱਲ੍ਹ ਕੇ ਹੱਸਦੇ ਹਾਂ। ਸਾਡਾ ਹਾਸਾ ਲਾਗਲੀਆਂ ਪਹਾੜੀਆਂ ਨਾਲ ਟਕਰਾ ਕੇ ਕੁਝ ਪਲ ਈਕੋ ਪੈਦਾ ਕਰਦਾ ਹੈ ਤੇ ਫਿਰ ਡੂੰਘੀ ਵਾਦੀ 'ਚ ਫੈਲਦੇ ਹਨੇਰੇ 'ਚ ਕਿਧਰੇ ਗੁੰਮ ਜਾਂਦਾ ਹੈ। ...ਬੀ. ਸੀ. ਦੀ ਡੂੰਘੀ ਵਿਸ਼ਾਲ ਵਾਦੀ ਜਿਸ 'ਚ ਸਾਡੇ 'ਬਾਬੇ' ਸੁੱਤੇ ਪਏ ਹਨ। ਕੇਸਰ ਸਿੰਘ ਦੇ ਨਾਵਲਾਂ ਦੇ ਇਤਿਹਾਸਕ ਪਾਤਰ ਸਾਹ ਭਰ ਰਹੇ ਹਨ।

ਬਾਬੇ ਕੇਸਰ ਸਿੰਘ ਨੇ ਹਾਲੇ ਵੀ ਮੇਰਾ ਹੱਥ ਉਵੇਂ ਹੀ ਘੁੱਟਿਆ ਹੋਇਆ ਹੈ। ਆਪਣੇ ਦੁਆਲੇ ਫੈਲੀ ਉਸਦੀ ਰੋਮਾਂਟਿਕ ਦੁਧੀਆ ਰੌਸ਼ਨੀ 'ਚ ਮੈਂ ਮੁੜ ਆਪਣਾ ਉਹੀ ਅਣਪੁੱਛਿਆ ਸਵਾਲ ਪੁੱਛ ਲੈਣ ਲਈ ਉਤੇਜਿਤ ਹੋ ਰਿਹਾ ਹਾਂ। ਐਤਕਾਂ ਕੇਸਰ ਸਿੰਘ ਨੇ ਮੇਰਾ ਸਵਾਲ ਸੁਣ ਲਿਆ ਹੈ। ਇਕ ਭਰਪੂਰ ਮੁਸਕਾਨ। ਹਾਂ-ਭਰੀ, ਹੁਣ ਉਹ ਮੇਰੇ ਬੈੱਡ ਤੋਂ ਉੱਠ ਕੇ ਦੂਰ ਪੱਛਮ 'ਚ ਦਿਸਦੇ ਪਰਬਤਾਂ ਵੱਲ ਨੂੰ ਤੁਰ ਪਿਆ ਹੈ। ਮੈਂ ਉਸਦੇ ਪਿੱਛੇ ਪਿੱਛੇ ਤੁਰ ਪਿਆ ਹਾਂ। ਉਹ ਦੂਰ ਦੂਰ ਹੁੰਦਾ ਜਾਂਦਾ ਹੈ। ਉਸਦਾ ਬਿੰਬ ਹੁਣ-ਫੁਟਾਲੇ 'ਚ ਘੁਲ ਗਿਆ ਹੈ। ਬੱਸ ਫਿਜ਼ਾ 'ਚ ਉਸਦਾ ਜਵਾਬ ਉਸਦੀ ਕਵਿਤਾ ਬਣਕੇ ਗੁਮਕਦਾ ਰਹਿ ਜਾਂਦਾ ਹੈ:

ਪਿਆਰ ਹੈ
ਇਕ ਖੇਡ
ਜਿਨ੍ਹਾਂ ਨਾ ਖੇਡੀ
ਉਨ੍ਹਾਂ ਜਿੱਤਣੀ ਕੀ?
ਜਿਨ੍ਹਾਂ ਨੇ ਖੇਡੀ
ਕਦੇ ਜਿੱਤ ਨਾ ਸਕੇ।
ਜਿਨ੍ਹਾਂ ਨੇ ਜਿੱਤੀ
ਉਹ ਵੀ ਹਾਰ ਗਏ।

ਮੈਂ ਉਸਦੇ ਪਿਆਰ ਨੂੰ ਸਲਾਮ ਕਰਦਾ ਹਾਂ। ਉਸਦੀ ਮਹਿਬੂਬ ਤੋਂ ਅਸ਼ਕੇ ਜਾਂਦਾ ਹਾਂ। ਮਹਿਬੂਬਾ... ਜਿਸਨੂੰ ਉਸਨੇ ਆਪਣੇ ਜੀਵਨ ਦੀ ਸਮੁੱਚੀ ਅਤੇ ਸੁੱਚੀ ਕਵਿਤਾ "ਆਜ਼ਾਦੀ ਦੀ ਕਵਿਤਾ" ਕਹਿ ਕੇ ਸਮਰਪਿਤ ਕੀਤੀ ਹੈ।

ਗਿਆਨੀ ਕੇਸਰ ਸਿੰਘ ਹਮੇਸ਼ਾ ਜ਼ਿੰਦਾ ਰਹਿਣਗੇ

-ਡਾ. ਪ੍ਰਿਥਵੀ ਰਾਜ ਕਾਲੀਆ

ਗਿਆਨੀ ਕੇਸਰ ਸਿੰਘ (1912-2006) ਇਕ ਅਚੰਭਾ ਭਰਪੂਰ ਸ਼ਖ਼ਸੀਅਤ ਸਨ। ਉਨ੍ਹਾਂ ਦੀ ਸ਼ਖ਼ਸੀਅਤ ਨੂੰ ਭਾਰਤੀ ਦੀ ਆਜ਼ਾਦੀ ਦੇ ਘੋਲ ਨੇ ਢਾਲਿਆ। ਉਹ ਐਡਮੰਟਨ ਸ਼ਹਿਰ (ਅਲਬਰਟਾ ਸੂਬਾ) ਵਿਚ 20 ਸਤੰਬਰ, 2006 ਨੂੰ ਪੂਰੇ ਹੋ ਗਏ। ਸਰੀਰਕ ਤੌਰ ਤੇ ਉਹ ਬਜ਼ੁਰਗ ਹੋ ਗਏ ਸਨ ਭਾਵੇਂ ਕਿ ਉਨ੍ਹਾਂ ਦਾ ਹੌਂਸਲਾ ਉਸੇ ਤਰ੍ਹਾਂ ਬਰਕਰਾਰ ਸੀ। ਪੰਜਾਬੀ ਭਾਸ਼ਾ ਵਿਚ ਭਾਰਤ ਦੀ ਆਜ਼ਾਦੀ ਦੇ ਘੋਲ ਨੂੰ ਸਹੀ ਢੰਗ ਨਾਲ ਬਿਆਨ ਉਹ ਇਸ ਲਈ ਕਰ ਸਕੇ ਕਿਉਂਕਿ ਉਹ ਆਪ ਉਸ ਲਹਿਰ ਦਾ ਹਿੱਸਾ ਸਨ। ਨੇਤਾ ਜੀ ਸੁਭਾਸ਼ ਚੰਦਰ ਬੋਸ ਅਤੇ ਆਜ਼ਾਦ ਹਿੰਦ ਫੌਜ ਨਾਲ ਕੰਮ ਕਰਦਿਆਂ ਉਹ ਬਰਤਾਨਵੀ ਸਾਮਰਾਜ ਵਿਰੁੱਧ ਹਥਿਆਰਬੰਦ ਲੜਾਈ ਵਿਚ ਉਨ੍ਹਾਂ ਤਨਦੇਹੀ ਨਾਲ ਆਪਣਾ ਯੋਗਦਾਨ ਪਾਇਆ।

ਗਿਆਨੀ ਜੀ ਦਾ ਜਨਮ ਰਾਵਲਪਿੰਡੀ 10 ਅਕਤੂਬਰ, 1912 ਨੂੰ ਹੋਇਆ। ਰਾਵਲਪਿੰਡੀ ਜੋ ਹੁਣ ਪਾਕਿਸਤਾਨ ਵਿਚ ਹੈ। 1947 ਦੀ ਵੰਡ ਪਿਛੋਂ ਉਹ ਅੰਮ੍ਰਿਤਸਰ ਵਿਚ ਆ ਗਏ ਸਨ। 1957 ਵਿਚ ਗਿਆਨੀ ਜੀ ਇੰਗਲੈਂਡ ਪਹੁੰਚ ਗਏ ਤੇ ਉਥੋਂ 1963 ਵਿਚ ਕਨੇਡਾ। ਉਸ ਤੋਂ ਪਿਛੋਂ, ਉਹ ਵਿਦਿਅਕ ਮਹਿਕਮੇ ਵਿਚ ਹੋਣ ਕਾਰਨ ਉਹ ਵੱਖ ਵੱਖ ਸ਼ਹਿਰਾਂ ਵਿਚ ਰਹੇ। ਪਿਛਲੇ ਛੇ ਸੱਤ ਸਾਲ ਤੋਂ ਉਹ ਪੱਕੇ ਤੌਰ ਤੇ ਐਡਮੰਟਨ ਵਿਚ ਰਹਿ ਰਹੇ ਹਨ। ਹੁਣ ਪਿਛੇ ਉਨ੍ਹਾਂ ਦਾ ਬੇਟਾ, ਇਕ ਬੇਟੀ, ਬਾਰਾਂ ਦੋਹਤੇ, ਦੋਹਤੀਆਂ, ਪੋਤੇ, ਪੋਤੀਆਂ, ਪੜਪੋਤੇ, ਪੜਪੋਤੀਆਂ ਹਨ।

ਗਿਆਨੀ ਕੇਸਰ ਸਿੰਘ ਨੇ ਇਕ ਵਫ਼ਾਦਾਰ ਸਿਪਾਹੀ ਵਾਂਗ ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਅਮਲੀ ਤੌਰ ਤੇ ਹਿੱਸਾ ਪਾਇਆ। ਉਸ ਦੀ ਜੁਆਨੀ ਦੇ ਸਾਲ ਆਜ਼ਾਦੀ ਦੇ ਘੋਲ ਦੇ ਸਾਲ ਸਨ ਜਿਨ੍ਹਾਂ ਵਿਚ ਉਸ ਨੇ ਲੜਾਈ ਦੇ ਮੋਰਚਿਆਂ ਵਿਚ ਹਿੱਸਾ ਲਿਆ ਤੇ ਮੀਟਿੰਗਾਂ ਵਿਚ ਧੜੱਲੇਦਾਰ ਬਿਆਨ ਵੀ ਦਿੱਤੇ।

ਉਸ ਨੇ ਇਨਕਲਾਬੀਆਂ ਵਾਲੀਆਂ ਤਕਲੀਫ਼ਾਂ ਵੀ ਝੱਲੀਆਂ ਤੇ ਜਿੱਤਾਂ ਦਾ ਮੂੰਹ ਵੀ ਦੇਖਿਆ। ਤੀਹਵਿਆਂ ਤੇ ਚਾਲੀਵੇਂ ਦਹਾਕਿਆਂ ਵਿਚ ਉਹ ਪੂਰਬੀ ਏਸ਼ੀਆ ਦੇ ਦੇਸ਼ਾਂ ਵਿਚ ਰਹੇ- ਖ਼ਾਸ ਕਰ ਮਲਾਇਆ ਤੇ ਜਾਪਾਨ-ਤਾਕਿ ਬਰਤਾਨਵੀ ਰਾਜ ਵਿਰੁੱਧ ਉਹ ਫੌਜਾਂ ਨੂੰ ਇਕੱਠਾ ਕਰ ਸਕਣ। ਆਜ਼ਾਦ ਹਿੰਦ ਫੌਜ ਵਿਚ ਉਹ ਸਿਵਲ ਐਡਮਟਿਸਟਰੇਟਰ ਵੀ ਰਹੇ ਜਿਥੇ ਉਹ ਇਨਕਲਾਬ ਦਾ ਇਤਿਹਾਸ ਅਤੇ ਜਾਪਾਨੀ ਭਾਸ਼ਾ ਵੀ ਪੜ੍ਹਾਉਂਦੇ ਰਹੇ।

ਗਿਆਨੀ ਕੇਸਰ ਸਿੰਘ ਨੇ ਪੰਜਾਬੀ ਸਾਹਿਤ ਵਿਚ ਗੁਣਾਤਮਕ ਅਤੇ ਗਿਣਾਤਮਕ ਤੌਰ ਤੇ ਭਰਵਾਂ ਯੋਗਦਾਨ ਪਾਇਆ ਹੈ। ਪੰਜਾਬੀ ਅਤੇ ਅੰਗਰੇਜ਼ੀ ਵਿਚ ਉਨ੍ਹਾਂ ਸੱਠ ਦੇ ਕਰੀਬ ਪੁਸਤਕਾਂ ਲਿਖੀਆਂ ਜਿਹੜੀਆਂ ਕਿ ਪਿਛਲੀ ਸਦੀ ਦੀਆਂ ਸਮਾਜਕ-ਸਿਆਸੀ ਘਟਨਾਵਾਂ ਉਤੇ ਰੌਸ਼ਨੀ ਪਾਉਂਦੀਆਂ ਹਨ। ਉਚੀਆਂ ਨੈਤਿਕ ਕੀਮਤਾਂ ਨਾਲ ਵਰੋਸਾਏ, ਬੌਧਿਕ ਤੌਰ 'ਤੇ ਸੰਪੰਨ ਤੇ ਅਮੀਰ ਜਜ਼ਬਾਤਾਂ ਵਾਲੇ ਗਿਆਨੀ ਜੀ ਇਕ ਪ੍ਰਤਿਭਾ-ਭਰਪੂਰ ਅਤੇ ਵਧੀਆ ਸਾਹਿਤਕ ਸੁਹਜ-ਸੁਆਦ ਵਾਲੇ ਵਿਅਕਤੀ ਸਨ। ਬਾਹਰ ਵਸਦੇ ਪੰਜਾਬੀ ਲੇਖਕਾਂ ਜਿਨ੍ਹਾਂ ਨੇ ਆਪਣੇ ਜੀਵਨ ਪੰਜਾਬੀ ਭਾਸ਼ਾ ਤੇ ਪੰਜਾਬੀ ਸਾਹਿਤ ਨੂੰ ਸਮਰਪਿਤ ਕੀਤਾ ਹੋਇਆ ਹੈ, ਉਨ੍ਹਾਂ ਵਿਚ ਗਿਆਨੀ ਜੀ ਦਾ ਸਥਾਨ ਸਭ ਤੋਂ ਉੱਚਾ ਹੈ। ਪੰਜਾਬ ਦੀ ਧਰਤੀ, ਇਸ ਦਾ ਵਾਯੂਮੰਡਲ ਤੇ ਪੰਜਾਬੀ ਜੀਵਨ-ਜਾਚ ਉਨ੍ਹਾਂ ਦੀ ਲਿਖਤਾਂ ਵਿਚ ਰਮੀ ਹੋਈ ਹੈ।

ਗਿਆਨੀ ਜੀ ਦਾ ਵਿਅਕਤੀਤਵ ਤੇ ਉਨ੍ਹਾਂ ਦੀਆਂ ਰਚਨਾਵਾਂ ਸਾਨੂੰ ਇਹ ਸਿਖਾਉਂਦੀਆਂ ਹਨ ਕਿ ਮਨੁੱਖਤਾ ਨੂੰ ਕਿਵੇਂ ਪਿਆਰਨਾ ਤੇ ਸਤਿਕਾਰਨਾ ਹੈ ਤੇ ਅਮਨ ਸ਼ਾਂਤੀ ਲਈ ਕਿਵੇਂ ਬੇਖੌਫ਼ ਹੋ ਕੇ ਜੂਝਣਾ ਹੈ। ਉਨ੍ਹਾਂ ਦੀਆਂ ਲਿਖਤਾਂ ਵਿਚ ਸੱਚੇ ਸੁੱਚੇ ਜਜ਼ਬਿਆਂ ਦੇ ਵਹਾਅ ਦੀ ਰੌਸ਼ਨੀ ਹੈ ਜੋ ਸਾਡੇ ਭਵਿੱਖ ਦੇ ਰਾਹ ਨੂੰ ਰੌਸ਼ਨ ਕਰਦੀ ਹੈ। ਆਪਣੇ ਨਾਵਲਾਂ ਵਿਚ ਉਨ੍ਹਾਂ ਨੇ ਸਚਮੁੱਚ ਵਾਪਰੀਆਂ ਤੇ ਵਾਪਰ ਸਕਣ ਵਾਲੀਆਂ ਘਟਨਾਵਾਂ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ ਕਿ ਉਹ ਆਜ਼ਾਦੀ ਦੇ ਘੋਲ ਦੀ ਸਹੀ ਇਤਿਹਾਸਕਾਰੀ ਹੋ ਨਿਬੜੀ ਹੈ, ਉਨ੍ਹਾਂ ਨੇ ਹਰ ਘਟਨਾ ਨੂੰ ਨੈਤਿਕ ਸ਼ਕਤੀ ਨਾਲ ਪਰੋਇਆ ਹੈ।

ਭਾਵੇਂ ਗਿਆਨੀ ਜੀ ਨੇ ਆਪਣਾ ਜੀਵਨ ਇਕ ਕਵੀ ਵਜੋਂ ਸ਼ੁਰੂ ਕੀਤਾ ਪਰ ਇਕ ਨਾਵਲਕਾਰ ਵਜੋਂ ਉਨ੍ਹਾਂ ਨੂੰ ਸਹੀ ਪਹਿਚਾਣ ਮਿਲੀ। ਖ਼ਾਸਕਰ ਉਨ੍ਹਾਂ ਤੇ ਇਤਿਹਾਸਕ ਨਾਵਲ : ਸ਼ਹੀਦ ਊਧਮ ਸਿੰਘ, ਬਾਬਾ ਹਰੀ ਸਿੰਘ ਉਸਮਾਨ, ਸ਼ਹੀਦ ਮਦਨ ਲਾਲ ਢੀਂਗਰਾ, ਅਮਰ ਸ਼ਹੀਦ ਮੇਵਾ ਸਿੰਘ ਲੋਪੋਕੇ, ਲਹਿਰ ਵਧਦੀ ਗਈ ਤੇ ਜੰਗੀ ਕੈਦੀ। ਇਨ੍ਹਾਂ ਨਾਵਲਾਂ ਵਿਚ ਅਜਿਹਾ ਉਮਾਹ ਹੈ ਕਿ ਇਨ੍ਹਾਂ

ਵਿਚ ਭਾਰਤ ਦੀ ਹੋਣੀ ਤੇ ਸੁਪਨੇ ਸਾਕਾਰ ਹੋ ਉਠੇ ਹਨ। ਇਨ੍ਹਾਂ ਨਾਵਲਾਂ ਦੇ ਪਾਤਰ ਕਿਸੇ ਜਾਤੀ ਜਾਂ ਮੁਲਕ ਤੱਕ ਸੀਮਤ ਨਹੀਂ ਹਨ ਸਗੋਂ ਇਹ ਮਨੁੱਖਤਾ ਦੀ ਪ੍ਰਤਿਨਿਧਤਾ ਕਰਦੇ ਹਨ। ਉਨ੍ਹਾਂ ਦੇ ਨਾਵਲਾਂ ਦਾ ਮੁੱਖ ਸਰੋਕਾਰ ਮਨੁੱਖੀ ਗੌਰਵ ਅਤੇ ਮਨੁੱਖ ਦੇ ਦੂਜਿਆਂ ਪ੍ਰਤਿ ਫ਼ਰਜ਼ ਹਨ। ਉਨ੍ਹਾਂ ਦੀ ਸ਼ਾਹਕਾਰ ਪੁਸਤਕ 'ਭਾਰਤੀ ਆਜ਼ਾਦੀ ਦੀ ਲਹਿਰ' ਦੀ ਭੂਮਿਕਾ ਸਰਤ ਚੰਦਰ ਬੋਸ ਨੇ ਲਿਖੀ ਜੋ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਵੱਡੇ ਭਰਾਤਾ ਸਨ। ਸਮੁੱਚੇ ਤੌਰ ਤੇ, ਉਨ੍ਹਾਂ ਦੀਆਂ ਲਿਖਤਾਂ ਗੰਭੀਰ ਅਹਿਸਾਸਾਂ ਤੇ ਗੰਭੀਰ ਵਿਚਾਰਾਂ ਦੀ ਤਰਜਮਾਨੀ ਕਰਦੀਆਂ ਹਨ ਜਿਨ੍ਹਾਂ ਵਿਚ ਮਨੁੱਖਤਾ, ਰਵਾਇਤਾਂ, ਬੁੱਧੀ ਅਤੇ ਅਹਿਸਾਸਾਂ ਦੀ ਭਰਪੂਰਤਾ ਹੈ।

ਉਨ੍ਹਾਂ ਨੂੰ ਪੰਜਾਬ ਭਾਸ਼ਾ ਵਿਭਾਗ ਦੇ ਸਾਹਿਤ ਸ਼ੋਮਣੀ ਪੁਰਸਕਾਰ ਨਾਲ ਪਿਛਲੇਰੇ ਵਰ੍ਹੇ ਸਨਮਾਨਿਤ ਕੀਤਾ ਗਿਆ। ਇਸ ਨੂੰ ਪੰਜਾਬ ਸਰਕਾਰ ਵਲੋਂ ਸਭ ਤੋਂ ਵੱਧ ਸਤਿਕਾਰਤ ਸਨਮਾਨ ਸਮਝਿਆ ਜਾਂਦਾ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੂੰ ਪੰਜਾਬੀ ਸਾਹਿਤ ਅਕੈਡਮੀ, ਲੁਧਿਆਣਾ ਵਲੋਂ ਸਨਮਾਨ ਦਿੱਤਾ ਗਿਆ। ਪਿਛਲੇ ਅਗਸਤ, ਪੰਜਾਬੀ ਸਾਹਿਤ ਅਕੈਡਮੀ ਦੇ ਪ੍ਰਧਾਨ ਡਾ. ਸੁਰਜੀਤ ਪਾਤਰ ਐਟਮੰਟਨ ਆ ਕੇ ਜ਼ਾਤੀ ਤੌਰ 'ਤੇ ਗਿਆਨੀ ਜੀ ਨੂੰ ਵਧਾਈ ਦੇ ਕੇ ਗਏ। 24 ਸਤੰਬਰ, 2006 ਨੂੰ ਐਡਮੰਟਨ ਵਿਚ ਉਨ੍ਹਾਂ ਦੇ ਰਿਸ਼ਤੇਦਾਰਾਂ, ਦੋਸਤਾਂ ਤੇ ਪ੍ਰਸੰਸਕਾਂ ਵਲੋਂ ਇਕ ਵੱਡੇ ਸਮਾਗਮ ਵਿਚ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਸ਼ਰਧਾਂਜਲੀ ਵਿਚ ਉਨ੍ਹਾਂ ਨੂੰ ਬੇਹੱਦ ਮਾਣ ਤੇ ਸਤਿਕਾਰ ਨਾਲ ਸਭ ਵਲੋਂ ਯਾਦ ਕੀਤਾ ਗਿਆ। ਭਾਵੇਂ ਗਿਆਨੀ ਜੀ ਸਰੀਰਕ ਤੌਰ ਤੇ ਸਾਡੇ ਵਿਚਕਾਰ ਨਹੀਂ ਰਹੇ, ਪਰ ਉਨ੍ਹਾਂ ਦੀਆਂ ਲਿਖਤਾਂ ਹਮੇਸ਼ਾ ਜਿਉਂਦੀਆਂ ਰਹਿਣਗੀਆਂ ਜਦ ਤਕ ਮਨੁੱਖ ਦੇ ਮਾਣ ਤੇ ਆਜ਼ਾਦੀ ਦੀ ਜੰਗ ਜਾਰੀ ਰਹੇਗੀ। ਉਨ੍ਹਾਂ ਦਾ ਵਿਅਕਤੀਤਵ ਤੇ ਉਨ੍ਹਾਂ ਦੀਆਂ ਪੁਸਤਕਾਂ ਭਵਿੱਖ ਵਿਚ ਸਾਡੇ ਰਾਹਾਂ ਨੂੰ ਰੌਸ਼ਨ ਕਰਦੀਆਂ ਰਹਿਣਗੀਆਂ।

ਗਿਆਨੀ ਜੀ ਨੂੰ ਯਾਦ ਕਰਦਿਆਂ ਇਕ ਕਵੀ ਦੀਆਂ ਸਤਰਾਂ ਯਾਦ ਆਉਂਦੀਆਂ ਹਨ:

ਜਦ ਤੂੰ ਦੂਰ ਹੋਵੇਂਗਾ
ਅਸੀਂ ਤੇਰੇ ਬਾਰੇ ਸੋਚਾਂਗੇ
ਜਿਵੇਂ ਬਿਹਬਲ ਹੋਈ ਲਹਿਰ
ਸਮੁੰਦਰ ਬਾਰੇ ਸੋਚਦੀ ਹੈ।

ਇਕ ਮਹਾਨ ਸ਼ਖ਼ਸੀਅਤ ਗਿਆਨੀ ਕੇਸਰ ਸਿੰਘ

-ਪ੍ਰੋ. ਕੁਲਵੰਤ ਸਿੰਘ

ਗਿਆਨੀ ਕੇਸਰ ਸਿੰਘ ਇਕ ਬਹਾਦਰ ਮਾਂ ਦਾ ਪੁੱਤਰ ਸੀ, ਜੋ ਡਾਕੂਆਂ ਦਾ ਮੁਕਾਬਲਾ ਕਰਦੀ ਹੋਈ ਦੋ ਡਾਕੂਆਂ ਨੂੰ ਕਤਲ ਕਰਕੇ ਤੇ ਤੀਸਰੇ ਡਾਕੂ ਦੇ ਤੇਜ਼ ਹਥਿਆਰ ਦੇ ਜ਼ਖ਼ਮਾਂ ਕਾਰਨ, ਉਹ ਸਦਾ ਲਈ, ਚਾਲੀ ਦਿਨਾਂ ਦੇ ਕੇਸਰ ਸਿੰਘ ਨੂੰ ਬਿਸਤਰੇ ਵਿਚ ਛੱਡ ਕੇ ਇਸ ਦੁਨੀਆਂ ਤੋਂ ਚਲੀ ਗਈ। ਇਸ ਹਮਲੇ ਵਿਚ ਉਸ ਦਾ ਮਾਮਾ ਵੀ ਮਾਰਿਆ ਗਿਆ ਸੀ, ਜੋ ਘਰ ਦੇ ਕੋਠੇ ਤੇ ਸੁੱਤੇ ਪਿਆ ਸੀ। ਇਸ ਵਾਰਦਾਤ ਦਾ ਸਵੇਰ ਚੜ੍ਹਨ ਤੇ ਹੀ ਪਤਾ ਲਗਾ। ਕੁਝ ਸਾਲ ਕੇਸਰ ਸਿੰਘ ਆਪਣੀ ਵੱਡੀ ਭੈਣ ਕੋਲ ਰਿਹਾ ਅਤੇ ਮੁੜ ਅੰਮ੍ਰਿਤਸਰ ਦੇ ਯਤੀਮ ਘਰ ਵਿਚ ਪਲਿਆ ਅਤੇ ਜੁਆਨ ਹੋਇਆ। ਇਸ ਯਤੀਮ ਘਰ ਨੇ ਕਈ ਮਹਾਂਪੁਰਖਾਂ ਨੂੰ ਪੈਦਾ ਕੀਤਾ। ਸ਼ਹੀਦ ਊਧਮ ਸਿੰਘ, ਐਸ. ਐਸ. ਅਮੋਲ, ਸੇਵਾ ਸਿੰਘ, ਸਿੰਘ ਬ੍ਰਦਰਜ਼ ਅਤੇ ਸੰਤ ਸਿੰਘ ਪ੍ਰਸਿੱਧ ਰਾਗੀ ਇਸ ਅਨਾਥ ਆਸ਼ਰਮ ਦੀ ਦੇਣ ਹਨ। ਕੇਸਰ ਸਿੰਘ ਅਤੇ ਸੰਤਾ ਸਿੰਘ ਗੁਰਭਾਈ ਵੀ ਹਨ। ਭਾਈ ਸੰਤਾ ਸਿੰਘ ਅਤੇ ਕੇਸਰ ਸਿੰਘ ਆਪਣੇ ਸਮੇਂ ਗੁਰਬਾਣੀ ਰਾਗਾਂ ਦੀ ਪ੍ਰਸਿੱਧ ਟੋਲੀ ਸੀ।

ਕੇਸਰ ਸਿੰਘ ਬੜੀ ਲਗਨ ਵਾਲਾ ਮਹਾਂਪੁਰਸ਼ ਸੀ। ਜਿਸ ਕੰਮ ਨੂੰ ਹੱਥ ਪਾਇਆ, ਉਸਦੇ ਸਿਰੇ ਤੇ ਪਹੁੰਚੇ। ਐਸ. ਐਸ. ਅਮੋਲ ਜੀ ਕੋਲ ਕੰਮ ਕਰਦਿਆਂ ਗਿਆਨੀ ਪਾਸ ਕੀਤੀ। ਸ਼ਾਦੀ ਹੋ ਜਾਣ ਪਿਛੋਂ ਆਪ ਮਲਾਇਆ ਚਲੇ ਗਏ, ਜਿਥੇ ਕਿਸੇ ਪ੍ਰਸਿੱਧ ਗੁਰਦਵਾਰੇ ਵਿਚ ਗ੍ਰੰਥੀ ਤੇ ਰਾਗੀ ਦਾ ਕੰਮ ਕਰਦੇ ਰਹੇ। ਪਿਛੋਂ ਈਮਾਨਦਾਰੀ ਤੇ ਅਣਥਕ ਮਿਹਨਤ ਕਾਰਨ ਇਸੇ ਗੁਰਦਵਾਰੇ ਦੇ ਸਕੱਤਰ ਬਣ ਗਏ।

ਮਲਾਇਆ ਵਿਚ ਭਾਰਤੀ ਅੰਗਰੇਜ਼ਾਂ ਦੇ ਖਿਲਾਫ਼ ਬਾਹਰੋਂ ਹਥਿਆਰਬੰਦ ਫ਼ੌਜ ਦੇ ਰੂਪ ਵਿਚ ਹਮਲਾ ਕਰਕੇ ਸੁਤੰਤਰਤਾ ਦੇ ਘੋਲ ਲਈ ਗੁਪਤ ਸੰਘਰਸ਼ ਚਲਾ ਰਹੇ ਸਨ। ਗਿਆਨੀ ਜੀ ਪਹਿਲਾਂ ਗੁਪਤ ਵਸੀਲੇ ਦੇ ਰੂਪ ਵਿਚ ਕੰਮ ਕਰਦੇ ਰਹੇ। ਫਿਰ ਖੁਲ੍ਹੇ ਆਮ ਸਭ ਕੰਮ ਛੱਡ ਕੇ 'ਆਜ਼ਾਦ ਹਿੰਦ ਫ਼ੌਜ' ਲਈ ਕੰਮ ਕਰਨ

ਲਗੇ। ਸੁਭਾਸ਼ ਚੰਦਰ ਬੋਸ ਜੀ ਦਾ ਗਿਆਨੀ ਜੀ ਪ੍ਰਤੀ ਬੜਾ ਪਿਆਰ ਅਤੇ ਸਤਿਕਾਰ ਸੀ। ਗਿਆਨੀ ਜੀ ਆਜ਼ਾਦ ਹਿੰਦ ਫ਼ੌਜ ਦੇ ਪਹਿਲੇ ਐਡਮਨਿਸਟਰੇਟਰਾਂ ਵਿਚੋਂ ਸਨ ਜਿਨ੍ਹਾਂ ਭਾਰਤ ਨੂੰ ਆਜ਼ਾਦ ਹੋਣ ਪਿਛੋਂ ਜਿਤੇ ਇਲਾਕਿਆਂ ਦਾ ਇੰਤਜ਼ਾਮ ਕਰਨਾ ਸੀ। ਆਪ ਜੀ ਨੇ ਇਸ ਨਿਯੁਕਤੀ ਲਈ ਕਠਨ ਮਿਹਨਤ ਕੀਤੀ ਸੀ।

ਦੂਸਰੀ ਵੱਡੀ ਲੜਾਈ ਸ਼ੁਰੂ ਹੋਣ ਤੋਂ ਪਹਿਲਾਂ ਆਪ ਜੀ ਨੇ ਆਪਣੀ ਪਤਨੀ ਤੇ ਲੜਕੇ ਨੂੰ ਪੰਜਾਬ ਭੇਜ ਦਿੱਤਾ। ਲੜਾਈ ਸ਼ੁਰੂ ਹੋਣ ਤੋਂ ਅੰਤ ਤਕ ਲੜਾਈ ਵਿਚ ਜੂਝੇ। ਅਜ਼ਾਦ ਹਿੰਦ ਫ਼ੌਜ ਦੀਆਂ ਸਰਗਰਮੀਆਂ ਬਾਰੇ ਪਹਿਲੇ ਦਿਨ ਤੋਂ ਆਖ਼ਿਰ ਤਕ ਡਾਇਰੀ ਲਿਖੀ ਜੋ ਗੁਆਚ ਜਾਣ ਪਿਛੋਂ ਕਿਸੇ ਮਿੱਤਰ ਕੋਲੋਂ 30 ਸਾਲ ਪਿਛੋਂ ਮਿਲੀ। ਆਪ ਉਨ੍ਹਾਂ ਨੂੰ ਖ਼ੁਸ਼ ਕਿਸਮਤਾਂ ਵਿਚੋਂ ਸਨ ਜੋ ਭਿਆਨਕ ਬਰਸਾਤ ਦੇ ਮੌਸਮ ਵਿਚ ਅੰਗਰੇਜ਼ਾਂ ਵਲੋਂ ਜੁਆਬੀ ਹਮਲੇ ਹੋਣ ਨਾਲ ਪਹੁੰਚੇ ਸਨ। ਇੰਝ ਰੀਟਰੀਟ (ਪਿਛੇ ਹਟਣਾ) ਇਕ ਘਟਨਾ ਹੈ। ਦੁਸ਼ਮਣ ਦੀ ਭਿਆਨਕ ਗੋਲਾਬਾਰੀ ਵਿਚ ਤੇਜ ਅਡਵਾਂਸ, ਮੱਛਰ ਤੇ ਜੋਕਾਂ ਦੇ ਮੌਸਮ ਵਿਚ ਆਜ਼ਾਦ ਹਿੰਦ ਫੌਜ ਦੇ ਕੁਝ ਆਦਮੀ ਜਿਉਂਦੀਆਂ ਲਾਸ਼ਾਂ ਦੇ ਰੂਪ ਵਿਚ ਵਾਪਸ ਮਾਲਇਆ ਪਹੁੰਚੇ। ਇਥੋਂ ਹੀ ਲੜਾਈ ਖ਼ਤਮ ਹੋ ਜਾਣ ਪਿਛੋਂ ਸ਼ਕਲ ਅਤੇ ਨਾਂ ਬਦਲ ਕੇ ਪੰਜਾਬ ਪਹੁੰਚੇ। 1947 ਤਕ ਆਪ ਜੀ ਨੇ ਗੁਪਤਵਾਸ ਹੀ ਕੱਟਿਆ।

ਉਨ੍ਹਾਂ ਨਾਲ ਸ. ਸੁਜਾਨ ਸਿੰਘ ਦੀ ਮਿੱਤਰਤਾ 1935 ਤੋਂ ਸ਼ੁਰੂ ਹੋਈ ਸੀ। ਜਦ ਪੰਜਾਬ ਆਏ ਤਾਂ ਸਿੱਧੇ ਸੁਜਾਨ ਸਿੰਘ ਨੂੰ ਮਿਲਣ ਆਏ। ਕੁਝ ਚਿਰ ਅੰਮ੍ਰਿਤਸਰ ਰਹਿ ਕੇ ਲਾਹੌਰ ਚਲੇ ਗਏ। ਇਥੇ ਵੀ ਅੰਗਰੇਜ਼ਾਂ ਖਿਲਾਫ਼ ਬਿਖ਼ਰੀ ਸ਼ਕਤੀ ਨੂੰ ਇਕਮੁਠ ਕਰਦੇ ਰਹੇ।

1947 ਵਿਚ ਪੰਜਾਬੀਆਂ ਦਾ ਧਰਮ ਦੇ ਨਾਂ ਹੇਠ ਹੋਈ ਕੱਟ-ਵੱਢ ਨੂੰ ਵੇਖ ਕੇ ਗਿਆਨੀ ਜੀ ਦੀ ਆਤਮਾ ਰੋ ਪਈ। ਚਾਰ ਸਾਲ ਪਿਛੋਂ ਹੀ ਅੰਗਰੇਜ਼ ਅਤੇ ਭਾਰਤੀ ਸਰਮਾਏਦਾਰੀ ਦੀ ਰਲ਼ਣ ਕਾਰਣ ਜੋ ਕਿ ਪਹਿਲਾਂ ਇਕਮੁਠ ਸਨ ਕਿਵੇਂ ਆਪਣੇ ਲਹੂ ਦੇ ਆਪ ਪਿਆਸੇ ਹੋ ਗਏ। ਸੁਜਾਨ ਸਿੰਘ ਦੇ ਧਾਰਮਿਕ ਵਿਸ਼ਵਾਸ਼ਾਂ ਵਿਚ ਵੀ ਤਰੇੜਾਂ ਆ ਗਈਆਂ। ਇਨ੍ਹਾਂ ਦਿਨਾਂ ਵਿਚ ਸੁਜਾਨ ਸਿੰਘ ਨਾਲ ਮੇਲ ਹੋਇਆ ਜੋ ਸਿੱਖ ਅਤੇ ਹਿੰਦੂ ਹੁੰਦਿਆਂ ਮੁਸਲਮਾਨਾਂ ਨੂੰ ਬਚਾ ਕੇ ਸੁਰਖਿਅਤ ਸਥਾਨਾਂ ਤੇ ਪਹੁੰਚਾ ਰਹੇ ਸਨ। ਇਨ੍ਹਾਂ ਦੀ ਸਾਂਝ ਤੌਰ 'ਤੇ ਮਾਰਕਸਿਜ਼ਮ ਪੜਿਆ ਜਿਸ ਦੇ ਪ੍ਰਭਾਵ ਹੇਠ, ਸੁਜਾਨ ਸਿੰਘ ਨੇ ਮਾਨਵਵਾਦ ਦੀਆਂ ਕਹਾਣੀਆਂ ਲਿਖੀਆਂ। ਗਿਆਨੀ ਜੀ ਦਾ ਬਹੁਤਾ ਸਾਥ ਸੁਜਾਨ ਸਿੰਘ ਦੇ ਨਾਲ ਹੀ ਸੀ। ਗਿਆਨੀ ਜੀ ਉਨ੍ਹਾਂ ਦਿਨਾਂ ਵਿਚ ਆਪ ਵੀ ਛੋਟੀਆਂ ਕਹਾਣੀਆਂ

ਲਿਖਦੇ ਸਨ। ਗਿਆਨੀ ਜੀ ਦੀਆਂ ਆਪਣੀਆਂ ਅੱਖਾਂ ਵੀ ਉਦੋਂ ਖੁੱਲ੍ਹੀਆਂ ਜਦੋਂ ਉਹ ਅੰਮ੍ਰਿਤਸਰ ਅਕਾਲੀ ਦਲ ਦੇ ਦਫ਼ਤਰ ਸਕੱਤਰ ਸਨ ਅਚੇਤ ਗੱਲਬਾਤ ਵਿਚ ਗਿਆਨੀ ਜੀ ਨੇ ਪ੍ਰਧਾਨ ਮਾਸਟਰ ਤਾਰਾ ਸਿੰਘ ਨੂੰ ਆਖ ਦਿੱਤਾ, "ਮਾਸਟਰ ਜੀ, ਸਾਨੂੰ ਘੱਟੋ ਘੱਟ ਸਿੱਖ ਸਮਾਜ ਵਿਚ ਸਾਂਝੀਵਾਲਤਾ ਤੇ ਗਰੀਬਾਂ ਲਈ ਕੁਝ ਕਰਨਾ ਚਾਹੀਦਾ ਹੈ।" ਮਾਸਟਰ ਤਾਰਾ ਸਿੰਘ ਪਹਿਲਾਂ ਗਿਆਨੀ ਜੀ ਵਲ ਗਹੁ ਨਾਲ ਵੇਖਦੇ ਰਹੇ। ਫਿਰ ਥਥਲਾਉਂਦੀ ਭਾਸ਼ਾ ਵਿਚ ਕੇਸਰ ਸਿੰਘ ਨੂੰ ਕਹਿਣ ਲੱਗੇ, "ਤੇਰੇ ਵਿਚੋਂ ਮੈਨੂੰ ਕਮਿਊਨਿਸਟਾਂ ਵਾਲੀ-ਬੋ ਆਉਂਦੀ ਹੈ।" ਗਿਆਨੀ ਕੇਸਰ ਸਿੰਘ ਹੈਰਾਨ ਸਨ ਕਿ ਸਿੱਖ ਲੀਡਰਾਂ ਨੇ ਕਿਹੋ ਜਿਹੇ ਮੁਖੌਟੇ ਚਾੜ੍ਹੇ ਹੋਏ ਹਨ। ਗੁਰੂ ਦੀ ਬਾਣੀ ਸਾਂਝੀਵਾਲਤਾ ਦੀ ਹਾਮੀ ਹੈ। ਸਰਬਤ ਦਾ ਭਲਾ ਮੰਗਦੀ ਹੈ। ਇਹ ਕਿਸ ਤਰ੍ਹਾਂ ਦੇ ਸਿੱਖ ਹਨ। ਛੇਤੀ ਹੀ ਉਨ੍ਹਾਂ ਅਸਤੀਫ਼ਾ ਦੇ ਦਿੱਤਾ।

ਗਿਆਨੀ ਕੇਸਰ ਸਿੰਘ ਦੀ ਡਾਇਰੀ

-ਕਿਰਪਾਲ ਸਿੰਘ ਕਸੇਲ

ਗਿਆਨੀ ਕੇਸਰ ਸਿੰਘ ਅੰਤਰਰਾਸ਼ਟਰੀ ਪ੍ਰਸਿੱਧੀ ਵਾਲੇ ਲੇਖਕ ਹਨ। ਗਿਣਤੀ ਅਤੇ ਗੁਣਾਂ ਦੋਹਾਂ ਪੱਖੋਂ ਉਨ੍ਹਾਂ ਨੇ ਪਿਛਲੇ ਸੱਤ ਦਹਾਕਿਆਂ ਵਿਚ ਨਿਰੰਤਰ ਕਲਮੀ ਸਿਰਜਣਾ ਕੀਤੀ ਹੈ। ਉਨ੍ਹਾਂ ਦੀ ਸਾਹਿਤਕ ਪ੍ਰਤਿਭਾ ਬਹੁ-ਪੱਖੀ ਤੇ ਪ੍ਰਮਾਣਿਕ ਹੈ, ਜਿਸ ਵਿਚ ਕਲਾਤਮਕ ਉਤਕ੍ਰਿਸ਼ਟਤਾ ਤੇ ਪੌਢ ਪ੍ਰਬੁਧਤਾ ਦਾ ਸਹਿਜੇ ਹੀ ਅਭਾਸ ਹੋ ਜਾਂਦਾ ਹੈ। ਉਨ੍ਹਾਂ ਦਾ ਵਿਅਕਤਿਤਵ ਦੇਸ਼ ਭਗਤੀ, ਮਾਨਵ ਭਗਤੀ ਅਤੇ ਮਨੁੱਖੀ ਸ਼ਿਸ਼ਟਾਚਾਰ ਦੇ ਅਦੁਤੀ ਗੁਣਾਂ ਦਾ ਸੁਮੇਲ ਹੈ ਜਿਸ ਵਿਚ ਉਨ੍ਹਾਂ ਦੀ ਵਿਅਕਤੀਗਤ ਸਾਧਨਾ, ਲੋਕ ਸੰਘਰਸ਼ ਵਿਚ ਪਾਏ ਗਏ ਯੋਗਦਾਨ ਅਤੇ ਸੁਹਿਰਦ ਲਗਨ ਨੇ ਕਈ ਅਮੋਲ ਸਾਹਿਤਕ ਰਤਨ ਦਿੱਤੇ ਹਨ। ਉਨ੍ਹਾਂ ਦੀ ਅਦੁਤੀ ਤੇ ਮਹਾਨ ਸ਼ਖ਼ਸੀਅਤ ਉਨ੍ਹਾਂ ਦੀ ਸਾਰੀ ਰਚਨਾ ਵਿਚ ਅਨੁਭਵ ਅਤੇ ਗਿਆਨ ਦੋਵੇਂ ਇਸ ਤਰ੍ਹਾਂ ਇਕਸੁਰ ਹੋ ਗਏ ਹਨ ਕਿ ਉਹ ਦੋਵੇਂ ਇਕ ਦੂਸ਼ੇ ਦੇ ਪੂਰਕ ਬਣ ਗਏ ਹਨ। ਇਹੋ ਤਥ ਉਨ੍ਹਾਂ ਦੀ ਰਚਨਾ ਦੀ ਪੌਢਤਾ ਦਾ ਪ੍ਰਮਾਣ ਸਿੱਧ ਹੋਇਆ ਹੈ।

1936 ਵਿਚ ਉਹ ਦੱਖਣ ਪੂਰਬ ਏਸ਼ੀਆ (ਮਲਾਇਆ) ਚਲੇ ਗਏ। ਭਾਰਤ ਵਿਚ ਉਨ੍ਹਾਂ ਨੂੰ ਪ੍ਰਿੰਸੀਪਲ ਤੇਜਾ ਸਿੰਘ ਵਰਗੇ ਮਹਾਨ ਸਾਹਿਤਕਾਰਾਂ ਦੀ ਸੰਗਤ ਤੇ ਅਗਵਾਈ ਪ੍ਰਾਪਤ ਹੁੰਦੀ ਰਹੀ ਹੈ। ਅਕਾਲੀ ਲਹਿਰ ਦੇ ਭਖਦੇ ਸਮੇਂ ਉਨ੍ਹਾਂ ਦਾ ਜੀਵਨ ਕਿਸ਼ੋਰ ਅਵਸਥਾ ਵਿਚ ਸ੍ਰੀ ਦਰਬਾਰ ਸਾਹਿਬ ਤੇ ਮੰਜੀ ਸਾਹਿਬ ਦੇ ਇਰਦ ਗਿਰਦ ਬਤੀਤ ਹੋਇਆ। ਡਾ. ਕਿਚਲੂ ਵਰਗੇ ਮਹਾਨ ਦੇਸ਼ ਭਗਤਾਂ ਦੀ ਥਾਪੜੀ ਵੀ ਉਨ੍ਹਾਂ ਨੂੰ ਪ੍ਰਾਪਤ ਹੋਈ। ਮਲਾਇਆ ਵਿਚ ਉਹ ਗਏ ਤਾਂ ਉਪਜੀਵਕਾ ਦੀ ਭਾਲ ਵਿਚ ਸਨ ਪਰ ਉਥੇ ਦੇਸ਼ ਭਗਤੀ ਤੇ ਭਾਰਤ ਨੂੰ ਸੁਤੰਤਰ ਕਰਾਉਣ ਦੇ ਅੰਕੁਰ ਜੋ ਉਨ੍ਹਾਂ ਦੇ ਹਿਰਦੇ ਦੀਆਂ ਤਹਿਆਂ ਵਿਚ ਸਮਾਏ ਹੋਏ ਸਨ ਫੁਟ ਨਿਕਲੇ ਤੇ ਪਿਛੋਂ ਉਹ ਵਿਦੇਸ਼ੀ ਵਿਸ਼ੇਸ਼ ਕਰਕੇ ਦੱਖਣ ਪੂਰਬੀ ਏਸ਼ੀਆ ਵਿਚ

ਭਾਰਤ ਦੀ ਸੁਤੰਤਰਤਾ ਦੇ ਵਿਰਾਟ ਸੰਗਰਾਮ ਨਾਲ ਸਕਰਮਕ ਰੂਪ ਵਿਚ ਜਾ ਜੁੜੇ। ਉਨ੍ਹਾਂ ਦੀ ਇਹ ਰਚਨਾ "ਮੇਰੀ ਆਜ਼ਾਦ ਹਿੰਦੀ ਫੌਜ ਦੀ ਡਾਇਰੀ" ਉਨ੍ਹਾਂ ਦੇ ਨਿੱਜੀ ਜੀਵਨ ਅਤੇ ਲੋਕ ਸੰਘਰਸ਼ ਨਾਲ ਉਨ੍ਹਾਂ ਦੇ ਨਿੱਜੀ ਸੰਬੰਧਾਂ ਅਤੇ ਭਾਰਤੀ ਸੁਤੰਤਰਤਾ ਸੰਗਰਾਮ ਦੀ ਇਸ ਵਿਸ਼ੇਸ਼ ਇਤਿਹਾਸਕ ਗਾਥਾ ਨਾਲ ਸੰਬੰਧਿਤ ਹੈ। ਇਸ ਤਰ੍ਹਾਂ ਇਹ ਇਕ ਵਡਮੁੱਲੀ ਇਤਿਹਾਸਕ ਦਸਤਾਵੇਜ਼ ਹੈ ਜਿਸ ਦੀ ਪ੍ਰਮਾਣਿਕਤਾ ਸੰਦੇਹ ਰਹਿਤ ਹੈ ਅਤੇ ਜਿਸ ਵਿਚਲੇ ਸਮਾਚਾਰ ਇਤਿਹਾਸਕ ਮਹੱਤਤਾ ਵਾਲੇ ਹਨ।

ਇਹ ਰਚਨਾ ਉਨ੍ਹਾਂ ਦੀ ਨਿਜੀ ਡਾਇਰੀ ਹੈ ਜੋ ਉਨ੍ਹਾਂ ਨੇ ਦੂਜੇ ਮਹਾਂ ਯੁਧ ਸਮੇਂ ਆਪਣੇ ਨਿਜੀ ਅਨੁਭਵ ਨੂੰ ਅੰਕਿਤ ਕਰਨ ਲਈ ਆਪਣੇ ਕੋਲ ਰੱਖੀ ਪਰ ਪਿਛੋਂ ਇਹ ਗੁੰਮ ਹੋ ਗਈ ਅਤੇ ਤੀਹਾਂ ਸਾਲਾਂ ਪਿਛੋਂ ਉਨ੍ਹਾਂ ਨੂੰ ਮੁੜ ਪ੍ਰਾਪਤ ਹੋਈ। ਇਸ ਦੌਰਾਨ ਉਨ੍ਹਾਂ ਨੇ ਦੱਖਣ ਪੂਰਬ ਏਸ਼ੀਆ ਤੇ ਆਜ਼ਾਦੀ ਦੇ ਸੰਗਰਾਮ ਬਾਰੇ ਕਈ ਪੁਸਤਕਾਂ ਇਤਿਹਾਸ ਅਤੇ ਨਾਵਲਾਂ ਦੇ ਰੂਪ ਵਿਚ ਰਚੀਆਂ। ਉਨ੍ਹਾਂ ਦੀ ਅੰਗਰੇਜ਼ੀ ਪੁਸਤਕ Indian Independence movement in East Asia ਜੋ ਜਨਵਰੀ 1947 ਵਿਚ ਪ੍ਰਕਾਸ਼ਿਤ ਹੋਈ ਆਜ਼ਾਦ ਹਿੰਦ ਫੌਜ ਦੇ ਸੰਗਠਨ ਅਤੇ ਇਤਿਹਾਸ ਬਾਰੇ ਇਕ ਨਿਵੇਕਲਾ ਦ੍ਰਿਸ਼ਟੀਕੋਣ ਪ੍ਰਸਤੁਤ ਕਰਦੀ ਹੈ। ਆਜ਼ਾਦ ਹਿੰਦ ਫੌਜ ਦੀ ਹੋਂਦ ਨੂੰ ਗਿਆਨੀ ਕੇਸਰ ਸਿੰਘ ਭਾਰਤ ਦੇ ਸੁਤੰਤਰਤਾ ਸੰਗਰਾਮ ਦੀ ਇਕ ਵਿਰਾਟ ਲਹਿਰ ਗ਼ਦਰ ਲਹਿਰ ਨਾਲ ਜੋੜਦੇ ਹਨ ਜੋ 1914-15 ਤੋਂ ਹੀ ਮਲਾਇਆ ਤੇ ਦੱਖਣ ਪੂਰਬ ਦੇਸ਼ਾਂ ਵਿਚ ਉਨ੍ਹਾਂ ਗ਼ਦਰੀ ਯੋਧਿਆਂ ਤੇ ਹੋਰ ਦੇਸ਼ ਭਗਤਾਂ ਦੀ ਘਾਲਨਾ ਨਾਲ ਜਾ ਜੁੜਦੀ ਹੈ ਜੋ ਗ਼ਦਰ ਪਾਰਟੀ ਲਹਿਰ ਤੇ 1914-15 ਵਾਲੇ ਕ੍ਰਾਂਤੀਕਾਰੀ ਅੰਦੋਲਨ ਤੇ ਵਿਦਰੋਹ ਦੀ ਅਸਫ਼ਲਤਾ ਪਿਛੋਂ ਗੁਪਤ ਵਾਸ ਵਿਚ ਇਨ੍ਹਾਂ ਦੇਸ਼ਾਂ ਵਿਚ ਵਸ ਗਏ। ਬਾਬਾ ਬੁਧ ਸਿੰਘ, ਬਾਬਾ ਹਰੀ ਸਿੰਘ ਉਸਮਾਨ, ਰਾਸ ਬਿਹਾਰੀ ਬੋਸ ਆਦਿ ਨੇਤਾ ਇਨ੍ਹਾਂ ਮਹਾਨ ਸੰਗਰਾਮੀਆਂ ਵਿਚੋਂ ਸਨ ਜਿਨ੍ਹਾਂ ਦੇ ਯਤਨ Indian Independence League ਆਜ਼ਾਦ ਹਿੰਦ ਫੌਜ ਤੇ ਆਜ਼ਾਦ ਹਿੰਦ ਸਰਕਾਰ ਨੂੰ ਜਨਮ ਦੇਣ ਵਿਚ ਸਹਾਈ ਹੋਏ। Indian Independence movement in East Asia ਦੀ ਭੂਮਿਕਾ ਵਿਚ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਵੱਡੇ ਭਰਾਤਾ ਸ੍ਰੀ ਸਰਤ ਚੰਦਰ ਬੋਸ ਗਿਆਨੀ ਕੇਸਰ ਸਿੰਘ ਦੀ ਇਸ ਰਚਨਾ ਬਾਰੇ ਇਸ ਤਰ੍ਹਾਂ ਕਥਨ ਕਰਦੇ ਹਨ:-

"ਇਸ ਪੁਸਤਕ ਵਿਚ ਸ. ਕੇਸਰ ਸਿੰਘ ਗਿਆਨੀ ਨੇ ਇਸ ਲਹਿਰ ਦਾ ਇਤਿਹਾਸਕ ਵਿਵਰਣ ਦਿਤਾ ਹੈ, ਇਸ ਦਾ

ਬਿਰਤਾਂਤ ਵਰਤਮਾਨ ਸਦੀ ਦੇ ਆਰੰਭ ਤੋਂ ਸ਼ੁਰੂ ਹੁੰਦਾ ਹੈ ਅਤੇ ਪਿਛਲੇ ਮਹਾਂ ਯੁੱਧ ਦੇ ਅੰਤ ਤੇ ਆ ਕੇ ਸਮਾਪਤ ਹੁੰਦਾ ਹੈ। ...ਇਸ ਪੁਸਤਕ ਦਾ ਵਡੇਰਾ ਭਾਗ ਆਜ਼ਾਦ ਹਿੰਦ ਫੌਜ ਦੇ ਸੰਗਠਨ, ਵਿਗਠਨ ਅਤੇ ਇਸ ਦੇ ਸਰਵੁਚ ਸੈਨਾਪਤੀ ਸੁਭਾਸ਼ ਚੰਦਰ ਬੋਸ ਦੀ ਅਗਵਾਈ ਵਿਚ ਇਸ ਦੇ ਪੁਨਰ ਸਿਰਜਨ ਅਤੇ ਭਾਰਤੀ ਸੁਤੰਤਰਤਾ ਪ੍ਰਾਪਤੀ ਲਈ ਕੀਤੇ ਗਏ ਸੰਗਰਾਮ ਵਿਚ ਪਾਏ ਗਏ ਇਸ ਦੇ ਯੋਗਦਾਨ ਨਾਲ ਸੰਬਧਤ ਹੈ।"

ਸ੍ਰੀ ਸਰਤ ਚੰਦਰ ਬੋਸ ਲਿਖਦੇ ਹਨ:-

"ਸ. ਕੇਸਰ ਸਿੰਘ ਨੇ ਨੌਜਵਾਨ ਭਾਰਤ ਨੂੰ ਇਸ ਲਹਿਰ ਦਾ ਸੰਖੇਪ ਵੇਰਵਾ ਦਿੱਤਾ ਹੈ ਕਿ ਕਿਵੇਂ ਭਾਰਤ ਦੇ ਉਨ੍ਹਾਂ ਇਨਕਲਾਬੀਆਂ ਨੇ ਆਪਣੀਆਂ ਕਾਰਵਾਈਆਂ ਦੁਆਰਾ ਭਾਰਤ ਦੀ ਆਜ਼ਾਦੀ ਦੇ ਸੁਪਨੇ ਲਏ ਉਨ੍ਹਾਂ ਨੂੰ ਸਾਕਾਰ ਕਰਨ ਲਈ ਵੱਡੀ ਘਾਲਨਾ ਘਾਲੀ।"

(ਮੁੱਖ ਬੰਦ ਪੰਨਾ-7)

ਸ੍ਰੀ ਸਰਤ ਚੰਦਰ ਬੋਸ ਦੇ ਉਪਰੋਕਤ ਕਥਨਾਂ ਦੀ ਪੁਸ਼ਟੀ ਇਸ ਹਥਲੀ ਪੁਸਤਕ "ਮੇਰੀ ਆਜ਼ਾਦ ਫੌਜ ਦੀ ਡਾਇਰੀ" ਤੋਂ ਹੋ ਜਾਂਦੀ ਹੈ, ਜੋ ਦਸੰਬਰ 1941 ਤੋਂ ਅਗਸਤ 1945 ਤਕ ਦੂਜੇ ਮਹਾਂ ਯੁਧ ਦੇ ਸਮੇਂ ਨਾਲ ਸੰਬੰਧਤ ਹੈ। ਗਿਆਨੀ ਕੇਸਰ ਸਿੰਘ ਜੀ ਆਪ ਲਿਖਦੇ ਹਨ:-

"ਮੈਂ 1936 ਵਿਚ ਮਲਾਇਆ ਚਲਾ ਗਿਆ ਅਤੇ ਸ਼ੁਰੂ ਤੋਂ ਹੀ ਉਥੋਂ ਦੇ ਭਾਰਤੀ ਦੇਸ਼ ਭਗਤਾਂ ਨਾਲ ਆਪਣਾ ਸਬੰਧ ਜੋੜ ਲਿਆ ਅਤੇ ਆਪਣੇ ਹੀ ਨਿਰਮਾਣ ਢੰਗ ਨਾਲ ਇਸ ਲਹਿਰ ਲਈ ਸਰਗਰਮ ਰਿਹਾ। ਜਾਪਾਨ ਦੇ ਮਲਾਇਆ ਉਤੇ ਹਮਲੇ ਪਿਛੋਂ ਮੈਂ ਆਪਣੇ ਹੋਰ ਸਾਥੀਆਂ ਨਾਲ ਮਿਲ ਕੇ 'ਆਜ਼ਾਦ ਹਿੰਦ' ਪਤਰ ਚਾਲੂ ਕੀਤਾ ਅਤੇ ਅੰਗਰੇਜ਼ੀ ਫੌਜ ਤੇ ਮਲਾਇਆ ਦੇ ਭਾਰਤੀਆਂ ਵਿਚ ਭਾਰਤ ਦੀ ਸੁਤੰਤਰਤਾ ਲਈ ਪ੍ਰਚਾਰ ਕਰਨ ਲੱਗਾ। ਪਿਛੋਂ ਇਹ ਪੱਤਰ ਇੰਡੀਅਨ ਇੰਡੀਪੈਂਡਸ ਲੀਗ ਨੂੰ ਸੌਂਪ ਦਿੱਤਾ ਗਿਆ।

ਸਿੰਘਾਪੁਰ ਦੇ ਪਤਨ ਪਿਛੋਂ ਇਹ ਪੱਤਰ ਇਸ ਲਹਿਰ ਦਾ ਅਧਿਕਾਰੀ ਪਰਚਾ ਬਣ ਗਿਆ। ਮੈਂ ਇਸ ਲਹਿਰ ਨਾਲ ਬੜੇ ਸਰਗਰਮ ਢੰਗ ਨਾਲ ਜੁੜਿਆ ਰਿਹਾ ਹਾਂ ਅਤੇ ਇਸ ਲਈ ਮੈਨੂੰ ਇਸ ਲਹਿਰ ਬਾਰੇ ਬੜਾ ਨੇੜੇ ਦਾ ਅਤੇ ਅੰਦਰਲਾ ਅਨੁਭਵ ਪ੍ਰਾਪਤ ਕਰਨ ਦਾ ਅਵਸਰ ਮਿਲਦਾ ਰਿਹਾ। ਪਿਛੋਂ ਜਾ ਕੇ ਮੈਨੂੰ ਆਜ਼ਾਦ ਹਿੰਦ ਸੇਵਕ ਦਲ ਦਾ ਮੈਂਬਰ ਚੁਣਿਆ ਗਿਆ ਅਤੇ ਸੁਤੰਤਰ ਕਰਾਏ ਗਏ ਖੇਤਰਾਂ ਦੇ ਪ੍ਰਸ਼ਾਸ਼ਨ ਕਾਜ ਨੂੰ ਨਿਭਾਉਣ ਲਈ ਸੁਸਿਖਿਅਤ ਕੀਤਾ ਗਿਆ। ਆਪਣੀ ਇਸ ਹੈਸੀਅਤ ਵਿਚ ਮੈਨੂੰ ਆਜ਼ਾਦ ਹਿੰਦ ਫੌਜ ਦੇ ਨਾਲ ਨਾਲ ਅਰਾਕਾਨ ਇੰਫਾਲ ਦੇ ਮੋਰਚਿਆਂ ਤਕ ਜਾਣ ਦਾ ਅਤੇ ਮਨੀਪੁਰ ਦੇ ਆਜ਼ਾਦ ਕਰਾਏ ਗਏ ਖੇਤਰ ਵਿਚ ਕੰਮ ਕਰਨ ਦਾ ਸੁਭਾਗ ਪ੍ਰਾਪਤ ਹੋਇਆ। 24 ਅਪ੍ਰੈਲ 1945 ਨੂੰ ਜਦੋਂ ਨੇਤਾ ਜੀ ਬਰਮਾ ਤੋਂ ਰਵਾਨਾ ਹੋਏ ਤਾਂ ਮੈਂ ਉਨ੍ਹਾਂ ਦੇ ਨਾਲ ਹੀ ਮਲਾਇਆ ਵਾਪਸ ਪਰਤਿਆ। ਜਪਾਨੀਆਂ ਦੀ ਹਾਰ ਪਿਛੋਂ ਮੈਨੂੰ ਇਕ ਸਾਲ ਗੁਪਤ ਵਾਸ ਵਿਚ ਰਹਿਣ ਪਿਆ।

Indian Indpendence Movement in East Asia P. 11 (Preface)

ਇਹ ਰਚਨਾ ਇਕ ਤਰ੍ਹਾਂ ਨਾਲ ਇਸੇ ਅੰਗਰੇਜ਼ੀ ਪੁਸਤਕ ਦੀ ਪੂਰਕ ਦਸਤਾਵੇਜ਼ ਹੈ ਜਿਸ ਵਿਚ ਲੇਖਕ ਦੇ ਨਿੱਜੀ ਜੀਵਨ ਦੀਆਂ ਬਹੁਤ ਸਾਰੀਆਂ ਜਜ਼ਬਾਤੀ ਛੋਹਾਂ ਭਰੀਆਂ ਪਈਆਂ ਹਨ ਅਤੇ ਥਾਂ ਪਰ ਥਾਂ ਘਟਨਾਵਾਂ ਦੇਸ਼ਾਂ ਅਤੇ ਵਿਅਕਤੀਆਂ ਨਾਲ ਸੰਬੰਧਤ ਨਿਜੀ ਵੇਰਵੇ ਦਰਜ ਹਨ। ਇਹ ਡਾਇਰੀ ਜਿਥੇ ਆਜ਼ਾਦ ਹਿੰਦ ਫੌਜ, ਦੱਖਣ ਪੂਰਬ ਏਸ਼ੀਆ ਤੇ ਭਾਰਤ ਦੀ ਆਜ਼ਾਦੀ ਦੇ ਸੰਗਰਾਮ ਦਾ ਇਤਿਹਾਸ ਹੈ ਉਥੇ ਇਹ ਲੇਖਕ ਦੀ ਸਵੈ-ਜੀਵਨੀ ਦੇ ਇਕ ਮਹੱਤਵਪੂਰਨ ਭਾਗ ਨਾਲ ਸੰਬੰਧਤ ਹੈ। ਇਸ ਤੋਂ ਬਿਨਾਂ ਇਹ ਕਈ ਥਾਵਾਂ ਤੇ ਸਫ਼ਰਨਾਮੇ ਦਾ ਰੂਪ ਵੀ ਧਾਰਨ ਕਰ ਜਾਂਦੀ ਹੈ।

ਪਰ ਇਨ੍ਹਾਂ ਉਕਤ ਗੁਣਾਂ ਤੋਂ ਬਿਨਾਂ ਇਹ ਗਿਆਨੀ ਕੇਸਰ ਸਿੰਘ ਦੇ ਉਨ੍ਹਾਂ ਨਾਵਲਾਂ ਦੀ ਪਿਠ ਭੂਮੀ ਨੂੰ ਜਾਨਣ ਲਈ ਵੀ ਟਕਸਾਲੀ ਪੁਸਤਕ ਹੈ ਜਿਹੜੇ ਦੱਖਣ ਪੂਰਬੀ ਏਸ਼ੀਆ ਨਾਲ ਸੰਬੰਧਤ ਹਨ ਅਤੇ ਸਿਧੇ ਜਾਂ ਅਸਿਧੇ ਢੰਗ ਨਾਲ ਇਨ੍ਹਾਂ ਦੇਸ਼ਾਂ ਦੇ ਇਤਿਹਾਸ ਸੰਸਕ੍ਰਿਤੀ, ਲੋਕ ਲਹਿਰਾਂ ਅਤੇ ਜਨ-ਜੀਵਨ ਨਾਲ ਜੁੜੇ ਹੋਏ ਹਨ। 'ਲਹਿਰ ਵਧਦੀ ਗਈ', 'ਜੰਗੀ ਕੈਦੀ' ਤੇ 'ਬਾਬਾ ਹਰੀ ਸਿੰਘ ਉਸਮਾਨ' ਦੇ ਬੀਜ ਸਿਧੇ ਤੌਰ ਤੇ ਇਸ ਰਚਨਾ ਵਿਚ ਵੇਖੇ ਜਾ ਸਕਦੇ

ਹਨ ਪਰ 'ਸਿੰਘ ਸਾਹਿਬ ਦੀ ਸ਼ਹੀਦੀ' 'ਜੰਞ ਲਾੜਿਆਂ ਦੀ' ਅਤੇ 'ਗ਼ਦਰੀ ਗੁਲਾਬ' ਦਾ ਪਿਛੋਕੜ ਵੀ ਇਨ੍ਹਾਂ ਦੇਸ਼ਾਂ ਪ੍ਰਦੇਸ਼ਾਂ ਨਾਲ ਜੁੜਿਆ ਹੋਇਆ ਹੈ ਜਿਨ੍ਹਾਂ ਦਾ ਵਰਨਣ ਇਸ ਡਾਇਰੀ ਵਿਚ ਆਉਂਦਾ ਹੈ। ਇੰਝ ਗਿਆਨੀ ਕੇਸਰ ਸਿੰਘ ਦੀ ਸਮੁੱਚੀ ਰਚਨਾ ਤੇ ਸਮੁੱਚੀ ਸ਼ਖ਼ਸੀਅਤ ਨੂੰ ਸਮਝਣ ਲਈ ਇਹ ਸਾਹਿਤਕ ਰਚਨਾ ਵੱਡਾ ਆਧਾਰ ਸਿੱਧ ਹੋ ਸਕਦੀ ਹੈ।

ਜਨਰਲ ਮੋਹਨ ਸਿੰਘ, ਰਾਸ ਬਿਹਾਰੀ ਬੋਸ, ਨੇਤਾ ਜੀ ਸੁਭਾਸ਼ ਚੰਦਰ ਬੋਸ ਅਤੇ ਹੋਰ ਬਹੁਤ ਸਾਰੇ ਪੂਰਬੀ ਦੇਸ਼ਾਂ ਦੇ ਦੇਸ਼ ਭਗਤਾਂ ਤੇ ਭਾਰਤੀ ਸੁਤੰਤਰਤਾ ਸੰਗਰਾਮ ਤੇ ਆਗੂਆਂ ਦੇ ਨਿੱਜੀ ਜੀਵਨ ਅਨੁਭਵ ਤੇ ਇਤਿਹਾਸਕ ਦਾਇਤਵ ਬਾਰੇ ਪ੍ਰਮਾਣਿਕ ਜਾਣਕਾਰੀ ਪ੍ਰਾਪਤ ਕਰਨ ਲਈ ਵੀ ਇਸ ਪੁਸਤਕ ਦਾ ਗੌਰਵ ਬਹੁਤ ਵੱਡਾ ਹੈ।

ਗਿਆਨੀ ਕੇਸਰ ਸਿੰਘ ਦੇ ਜੀਵਨ ਦੇ ਅਨੇਕ ਤਥ ਅਤੇ ਰੁਚੀਆਂ ਤੇ ਆਦਰਸ਼ਾਂ ਦੀ ਸਹੀ ਸਹੀ ਤਸਵੀਰ ਇਸ ਪੁਸਤਕ ਵਿਚੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਉਨ੍ਹਾਂ ਦਾ ਲਿਖਣ ਢੰਗ ਬੜਾ ਸਿਧਾ ਸਾਦਾ ਸਪਸ਼ਟ ਅਤੇ ਸਾਰਥਕ ਹੈ। ਕੇਵਲ ਉਨ੍ਹਾਂ ਤਿਥੀਆਂ ਨੂੰ ਹੀ ਇਥੇ ਲਿਆ ਗਿਆ ਹੈ ਜਿਨ੍ਹਾਂ ਵਿਚ ਮਹੱਤਵਪੂਰਨ ਘਟਨਾਵਾਂ ਘਟੀਆਂ ਹਨ ਭਾਵੇਂ ਉਹ ਨਿਜੀ ਮਹੱਤਵ ਵਾਲੀਆਂ ਹੋਣ ਤੇ ਭਾਵੇਂ ਸਮਾਜਕ ਤੇ ਇਤਿਹਾਸਕ ਲਕਸ਼ ਆਪਣੇ ਵਿਚ ਲਈ ਬੈਠੀਆਂ ਹੋਣ ਇਥੇ ਕੇਵਲ ਇਕੋ ਪੰਨੇ ਵਲ ਸੰਕੇਤ ਕਰਨਾ ਹੀ ਕਾਫ਼ੀ ਹੋਵੇਗਾ।

4 ਜੁਲਾਈ ਐਤਵਾਰ- ਅੱਜ ਸਵੇਰੇ ਤੋਂ ਹੀ ਕਿਣ ਮਿਣ ਸ਼ੁਰੂ ਹੋ ਗਈ। ਕਦੇ ਬੂੰਦਾ ਬਾਂਦੀ ਸ਼ੁਰੂ ਹੋ ਜਾਂਦੀ ਹੈ ਤੇ ਕਦੇ ਬੰਦ ਹੋ ਜਾਂਦੀ ਹੈ। ਸਵੇਰ ਤੋਂ ਹੀ ਲੋਕੀਂ ਚੋਹਾਂ ਦਿਸ਼ਾਂ ਤੋਂ ਕੈਥੇ-ਸਿਨੇਮਾ ਹਾਲ ਵਲ ਤੁਰਨੇ ਸ਼ੁਰੂ ਹੋ ਗਏ। ਝੱਟ ਹੀ ਕੈਥੇ ਸਿਨੇਮਾ ਦਾ ਹਾਲ ਭਰ ਗਿਆ।

ਅਗੇ ਅਗੇ ਰਾਸ ਬਿਹਾਰੀ ਬੋਸ ਤੇ ਉਸ ਦੇ ਪਿਛੇ ਸੁਭਾਸ਼ ਚੰਦਰ ਬੋਸ ਸਿਨਮਾ ਵਿਚ ਦਾਖਲ ਹੋਏ ਹੀ ਸਨ ਕਿ ਸਭ ਲੋਕ ਖੜੇ ਹੋ ਗਏ। ਰਾਸ ਬਿਹਾਰੀ ਬੋਸ ਤੇ ਸੁਭਾਸ਼ ਚੰਦਰ ਬੋਸ ਦੀ ਜੈ ਦੇ ਨਾਹਰਿਆਂ ਨਾਲ ਹਾਲ ਗੂੰਜ ਉਠਿਆ।

ਰਾਮਾ ਕ੍ਰਿਸ਼ਨ ਮਿਸ਼ਨ ਦੀਆਂ ਵਿਦਿਆਰਥਣਾਂ ਨੇ ਦੋਹਾਂ ਲੀਡਰਾਂ ਦੇ ਗਲਾਂ ਵਿਚ ਫੁੱਲਾਂ ਦੇ ਹਾਰ ਪਾਏ। ਮਿਸ ਸਰਸਵਤੀ ਨੇ ਕੌਮੀ ਤਰਾਨਾ ਗਾਇਆ।

ਸਭ ਤੋਂ ਪਹਿਲੋਂ ਜਨਰਲ ਤੋਜੋ ਵਲੋਂ ਭੇਜਿਆ ਗਿਆ ਇਕ ਸੰਦੇਸ਼ ਪੜ੍ਹਿਆ ਗਿਆ। ਰਾਸ ਬਿਹਾਰੀ ਬੋਸ ਉਠਿਆ ਹੀ ਸੀ ਕਿ ਹਾਲ ਨਾਹਰਿਆਂ ਨਾਲ ਗੂੰਜ ਉਠਿਆ। ਉਸ ਨੇ ਕਾਫ਼ੀ ਲੰਮਾ ਲੈਕਚਰ ਦਿੱਤਾ ਜਿਸ ਵਿਚ ਪਿਛਲੇ ਸਾਰੇ

ਹਾਲਾਤ ਨੂੰ ਸੰਖੇਪ ਕਰ ਕੇ ਦਸਿਆ। ਹਾਲ ਵਿਚ ਤਿਲ ਸੁਟਣ ਨੂੰ ਥਾਂ ਨਹੀਂ ਸੀ। ਸਾਰੇ ਹਾਲ ਵਿਚੋਂ ਚੂੰ ਤਕ ਦੀ ਵੀ ਆਵਾਜ਼ ਨਹੀਂ ਸੀ ਆ ਰਹੀ। ਰਾਸ ਬਿਹਾਰੀ ਬੋਸ ਨੇ ਕਿਹਾ- "ਮਿੱਤਰੋ ਅਸੀਂ ਮੁਦਤਾਂ ਤੋਂ ਦੇਸ਼ ਦੀ ਆਜ਼ਾਦੀ ਲਈ ਜਦੋ-ਜਹਿਦ ਕਰਦੇ ਚਲੇ ਆ ਰਹੇ ਹਾਂ। ਪਰ ਅੱਜ ਇਸ ਜਦੋ-ਜਹਿਦ ਦਾ ਇਕ ਨਵਾਂ ਦੌਰ ਸ਼ੁਰ ਹੁੰਦਾ ਹੈ। ਹਜ਼ਾਰਾਂ ਦੇਸ਼ ਭਗਤਾਂ ਨੇ ਕੁਰਬਾਨੀਆਂ ਦਿੱਤੀਆਂ ਹਨ। ਇਸ ਸਮੇਂ ਵੀ ਕੀ ਦੇਸ਼ ਵਿਚ ਤੇ ਕੀ ਦੇਸ਼ੋਂ ਬਾਹਰ ਦੇਸ਼ ਭਗਤ ਕੁਰਬਾਨੀਆਂ ਦੇ ਰਹੇ ਹਨ। ਦੇਸ਼ ਵਿਚ ਮਹਾਤਮਾ ਗਾਂਧੀ ਨੇ ਸਾਫ਼ ਕਹਿ ਦਿੱਤਾ ਹੈ ਕਿ This is the fight to finish ਤੇ ਉਹ ਸਮਾਂ ਦੂਰ ਨਹੀਂ ਜਦ ਭਾਰਤ ਮਾਤਾ ਆਜ਼ਾਦ ਹੋਵੇਗੀ ਤੇ ਅੰਗਰੇਜ਼ਾਂ ਨੂੰ ਹਿੰਦੁਸਤਾਨ ਛੱਡਣਾ ਪਵੇਗਾ।

"ਜਦ ਮੈਂ ਮਈ ਪਹਿਲੀ ਨੂੰ ਟੋਕੀਓ ਲਈ ਤੁਰਿਆ ਸਾਂ ਤਾਂ ਮੈਂ ਕਿਹਾ ਸੀ ਕਿ ਲਗਭਗ ਛੇ ਹਫ਼ਤੇ ਲੱਗ ਜਾਣਗੇ। ਦੋਸਤੋ! ਸਾਨੂੰ ਇਕ ਸੁਨਹਿਰੀ ਮੌਕਾ ਮਿਲ ਰਿਹਾ ਹੈ। ਸਾਡੇ ਲੱਖਾਂ ਦੇਸ਼ ਵਾਸੀ ਪਰਦੇਸੀਆਂ ਦੇ ਜੂਲੇ ਹੇਠਾਂ ਲਗੇ ਹੋਏ ਹਨ। ਉਨ੍ਹਾਂ ਨੂੰ ਪਰਦੇਸੀ ਹਾਕਮਾਂ ਦੇ ਜ਼ੁਲਮ ਤੋਂ ਛੁਡਾਉਣ ਲਈ ਸਾਨੂੰ ਵਧ ਚੜ੍ਹ ਕੇ ਕੁਰਬਾਨੀਆਂ ਦੇਣੀਆਂ ਹੋਣਗੀਆਂ। ਦੋਸਤੋ! ਅਜ ਦਾ ਦਿਨ ਮੇਰੇ ਜੀਵਨ ਦਾ ਸਭ ਤੋਂ ਖੁਸ਼ੀ ਭਰਿਆ ਦਿਨ ਹੈ। ਮੈਂ ਤੁਹਾਡੇ ਲਈ ਇਕ ਮਹਾਨ ਤੇ ਬਿਹਤਰੀਨ ਤੋਹਫ਼ਾ ਲੈ ਕੇ ਆਇਆ ਹਾਂ। ਇਹ ਤੋਹਫ਼ਾ ਦੇਸ਼ ਸੇਵਕ ਸੁਭਾਸ਼ ਚੰਦਰ ਬੋਸ ਹੈ। ਮੈਂ ਅਜ ਆਜ਼ਾਦ ਹਿੰਦ ਲੀਗ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇਂਦਾ ਹਾਂ ਤੇ ਅੱਜ ਤੋਂ ਦੇਸ਼ ਬੰਧੂ ਸੁਭਾਸ਼ ਪ੍ਰਧਾਨ ਹੋਣਗੇ। ਮੈਨੂੰ ਪੱਕੀ ਆਸ ਹੈ ਕਿ ਸੁਭਾਸ਼ ਦੀ ਅਗਵਾਈ ਵਿਚ ਅਸੀਂ ਪੂਰੀ ਜਿੱਤ ਪ੍ਰਾਪਤ ਕਰਾਂਗੇ। ਮੈਂ ਹਰ ਵੇਲੇ ਤੁਹਾਡੇ ਨਾਲ ਹੋਵਾਂਗਾ।"

ਇਸ ਰਚਨਾ ਵਿਚ ਗਿਆਨੀ ਕੇਸਰ ਸਿੰਘ ਜੀ ਦੀਆਂ ਕੁਝ ਛੁਟੇਰੀਆਂ ਕਵਿਤਾਵਾਂ ਵੀ ਸੰਕਲਿਤ ਹਨ, ਜੋ ਉਨ੍ਹਾਂ ਦੇ ਕਾਵਿ ਅਨੁਭਵ ਦੇ ਕੀਮਤੀ ਰਚਨਾ ਦਾ ਪ੍ਰੀਚੈ ਦਿੰਦੀਆਂ ਹਨ। ਦੇਸ਼ ਭਗਤੀ ਤੇ ਜੰਗ ਵਿਰੋਧੀ ਭਾਵਨਾ ਦੀ ਕਵਿਤਾ ਦੇ ਖੇਤਰ ਵਿਚ ਇਨ੍ਹਾਂ ਵਿਚ ਪ੍ਰਗਟਾਏ ਗਏ ਉਦਾਗਰ ਬੜੇ ਅਰਥ ਭਰਪੂਰ ਅਤੇ ਸੱਚੇ ਸੁੱਚੇ ਕਾਵਿ ਉਛਾਲਿਆਂ ਦੇ ਵੇਗ ਅਤੇ ਡੂੰਘਾਈਆਂ ਦੀ ਥਾਹ ਦਿੰਦੇ ਹਨ।

ਪੀਨਾਂਗ ਜੇਹਲ ਵਿਚ

ਉਹ ਸਮਝਦੇ ਹਨ
ਮੈਂ ਜੇਹਲ ਦੀ ਚਾਰਦੀਵਾਰੀ ਵਿਚ
ਬੰਦ ਹਾਂ।
ਉਹ ਠੀਕ ਕਹਿੰਦੇ ਹਨ-
"ਮੇਰੀ ਸੋਚਣੀ
ਉਨ੍ਹਾਂ ਦੀ ਸੋਚਣੀ ਨਾਲੋਂ
ਵੱਖਰੀ ਹੈ।"
ਇਹੋ ਮੇਰਾ ਦੋਸ਼ ਹੈ।
ਇਸ ਦੋਸ਼ ਦੀ ਇਹੋ ਸਜ਼ਾ ਹੈ।
-ਬਾਜ਼ ਕਹਿੰਦਾ ਹੈ-
"ਮੇਰੀ ਉਡਾਰੀ ਲੰਮੀ ਹੈ"
ਉਕਾਬ ਕਹਿੰਦਾ ਹੈ-
"ਮੈਂ ਅਸਮਾਨੀ ਉਡਦਾ ਹਾਂ।"
ਇਹ ਨਾਚੀਜ਼ ਪੰਛੀ,
ਮੇਰੀ ਖਿਆਲ-ਉਡਾਰੀ ਨੂੰ,
ਕਦੋਂ ਪਹੁੰਚ ਸਕਦੇ ਹਨ?
ਜੇਹਲ ਦੀ ਚਾਰ-ਦੀਵਾਰੀ
ਮੇਰੀ ਸੋਚਣੀ ਨੂੰ
ਕਿਵੇਂ ਬਦਲ ਸਕਦੀ ਹੈ?
ਮੇਰੀ ਖਿਆਲ-ਉਡਾਰੀ ਨੂੰ
ਕਿਵੇਂ ਰੋਕ ਸਕਦੀ ਹੈ?

ਗਿਆਨੀ ਕੇਸਰ ਸਿੰਘ ਦੀ ਵਾਰਤਕ ਵਿਚ ਬੜੀ ਜਾਨ ਹੈ ਇਸ ਵਿਚਲੇ ਜੀਵਨ ਅਨੁਭਵ ਇਸ ਵਾਰਤਕ ਨੂੰ ਜੀਵਨ ਜਿਨਾ ਹੀ ਮਹਾਨ ਬਣਾ ਦਿੰਦੇ ਹੈ। ਇਸ ਵਿਚਲੀ ਕਰੁਣਾ ਵਿਸ਼ਵ ਵਿਆਪੀ ਅਤੇ ਮਾਨਵ-ਪ੍ਰੇਮ ਦਾ ਆਦਰਸ਼ ਹੋ ਨਿਬੜਦੀ ਹੈ ਪਰ ਇਸ ਵਿਚਲੇ ਆਦਰਸ਼ ਦੀਆਂ ਜੜ੍ਹਾਂ ਮਨੁਖ ਤੇ ਧਰਤੀ ਦੇ ਯਥਾਰਥ ਵਿਚ ਗਡੀਆਂ ਹੋਈਆਂ ਹਨ। ਇਸ ਰਚਨਾ ਵਿਚੋਂ ਨਾਵਲ ਦੇ ਰੌਚਕ

ਬਿਰਤਾਂਤ ਵਾਲਾ ਰਸ ਵੀ ਮਾਣਿਆ ਜਾ ਸਕਦਾ ਹੈ, ਇਸ ਦੀਆਂ ਘਟਨਾਵਾਂ ਤੇ ਪਾਤਰ ਅਭੁਲ ਹੋ ਨਿਬੜਦੇ ਹਨ। ਇਸ ਪ੍ਰਕਾਰ ਭਾਵੇਂ ਇਸ ਟਕਸਾਲੀ ਰਚਨਾ ਦਾ ਰੂਪ ਸਰੂਪ ਡਾਇਰੀ ਵਾਲਾ ਹੈ ਪਰ ਇਸ ਦਾ ਸਵਾਦ ਸਵੈ-ਜੀਵਨੀ, ਸਫ਼ਰਨਾਮੇ, ਲਲਿਤ ਨਿਬੰਧ, ਇਤਿਹਾਸ ਤੇ ਨਾਵਲ ਸਭ ਵਰਗਾ ਹੈ। ਕੇਵਲ ਪੰਜਾਬੀ ਵਿਚ ਹੀ ਨਹੀਂ ਇਸ ਰਚਨਾ ਦਾ ਸਥਾਨ ਸਮੁੱਚੇ ਵਿਸ਼ਵ ਦੇ ਡਾਇਰੀ ਸਾਹਿਤ ਵਿਚ ਵਿਸ਼ੇਸ਼ ਤੇ ਗੌਰਵਮਈ ਹੈ। ਵਰਤਮਾਨ ਤੇ ਅਗਾਮੀ ਕਾਲਾਂ ਦੇ ਬਹੁਤ ਸਾਰੇ ਲੇਖਕ ਇਸ ਦੇ ਸਾਹਿਤਕ ਤੇ ਕਲਾਮਈ ਗੁਣਾਂ ਤੋਂ ਪ੍ਰੇਰਨਾ ਤੇ ਅਗਵਾਈ ਲੈ ਸਕਦੇ ਹਨ।

ਗਿਆਨੀ ਕੇਸਰ ਸਿੰਘ ਦੀ ਆਤਮ ਕਥਾ

ਮੇਰਾ ਬਾਰ-ਐਟ-ਲਾਅ ਕਰਨ ਦਾ ਕੋਈ ਇਰਾਦਾ ਨਹੀਂ ਸੀ ਪਰ ਕ੍ਰਿਮੀਨਲ ਲਾਅ ਉਤੇ ਬਹੁਤ ਕੁਝ ਪੜ੍ਹ ਲਿਆ ਸੀ। ਲਗਾਤਾਰ ਤਿੰਨ ਸਾਲ ਪੜ੍ਹਾਈ ਕੀਤੀ ਸੀ। ਲਿਵਰਪੂਲ ਰੀਜਨਲ ਹਾਇਰ ਸੈਕੰਡਰੀ ਸਕੂਲ ਵਿਚ ਜਦ ਗਰਮੀਆਂ ਦੀ ਛੁਟੀਆਂ ਹੋਈਆਂ ਤਾਂ ਬੋਸਟਨ ਤੇ ਨਿਊਯਾਰਕ ਹੁੰਦਾ ਹੋਇਆ ਸਨ ਫਰਾਂਸਿਸਕੋ ਜਾ ਪਹੁੰਚਾ। ਸਾਡੇ ਵੱਡੇ ਭਾਊ ਗ਼ਦਰੀ ਬਾਬਾ ਚਰਨ ਸਿੰਘ ਜੀ ਭਢਾਣਾ ਅਗੋਂ ਲੈਣ ਆਏ ਹੋਏ ਸਨ। ਉਹ ਮੈਨੂੰ ਕੈਲੇ ਪਤਰੀਆਂ (ਕੈਲੋਫੋਰਨੀਆ) ਆਪਣੇ ਘਰ ਲੈ ਗਏ।

ਬਾਬਾ ਜੀ ਚੀਨ ਵਿਚ ਦੋ ਸਾਲ ਕੰਮ ਕਰਕੇ, 1910 ਵਿਚ ਸਨ ਫਰਾਂਸਿਸਕੋ ਪਹੁੰਚ ਗਏ ਸਨ। ਉਨ੍ਹਾਂ ਸਾਰੀ ਉਮਰ ਮਜ਼ਦੂਰੀ ਤੇ ਕਿਰਸਾਨੀ ਕੀਤੀ। ਗ਼ਦਰ ਲਹਿਰ ਦੇ ਦੂਜੇ ਦੌਰ ਵਿਚ ਉਹ ਗ਼ਦਰੀ ਕਮਿਸ਼ਨ ਦੇ ਤਿੰਨ ਮੈਂਬਰਾਂ ਵਿਚੋਂ ਇਕ ਸਨ। ਇਹ ਕਮਿਸ਼ਨ ਗ਼ਦਰ ਲਹਿਰ ਦੇ ਸੰਬੰਧ ਵਿਚ ਸਭ ਫ਼ੈਸਲੇ ਕਰਨ ਦੇ ਹੱਕ ਰੱਖਦਾ ਸੀ।

ਬਾਬਾ ਜੀ ਪੰਜਾਹ ਸਾਲ ਜਲਾਵਤਨੀ ਕੱਟ ਕੇ ਪਹਿਲੀ ਵਾਰੀ 1958 ਵਿਚ ਦੇਸ਼ ਗਏ ਸਨ। ਉਨ੍ਹਾਂ ਦਾ ਪਿੰਡ ਭਢਾਣਾ ਪਾਕਿਸਤਾਨ ਵਿਚ ਚਲਾ ਗਿਆ। ਦੇਸੋਂ ਵਾਪਸੀ ਸਮੇਂ, ਡਾਕਟਰ ਰਣਧੀਰ ਸਿੰਘ ਜੀ ਸੰਧੂ ਦੇ ਕਹਿਣ ਤੇ ਲੰਡਨ ਮੇਰੇ ਪਾਸ ਠਹਿਰੇ। ਉਨ੍ਹਾਂ ਦੀ ਪਤਨੀ ਐਨ (ਹਰਨਾਮ ਕੌਰ) ਪੁੱਤਰ ਪ੍ਰੀਤਮ ਸਿੰਘ ਤੇ ਧੀ ਐਲਿਸ ਵੀ ਉਨ੍ਹਾਂ ਦੇ ਨਾਲ ਸਨ। ਉਨ੍ਹਾਂ ਦੀ ਪਤਨੀ ਤੇ ਬੱਚੇ ਵੀ ਅਮਰੀਕਾ ਵਿਚ ਹੀ ਪੈਦਾ ਹੋਏ ਸਨ।

ਇਕ ਹਫ਼ਤਾ ਮੇਰੇ ਉਨ੍ਹਾਂ ਪਾਸ ਠਹਿਰਨ ਦੇ ਦਰਮਿਆਨ ਉਨ੍ਹਾਂ ਨੇ ਗ਼ਦਰ ਲਹਿਰ ਬਾਰੇ ਸਾਰਾ ਇਤਿਹਾਸ ਹੀ ਸੁਣਾ ਦਿਤਾ। ਉਹ ਭਕਨੇ ਜਾ ਕੇ ਬਾਬਾ ਸੋਹਣ ਸਿੰਘ ਭਕਨਾ ਨੂੰ ਵੀ ਮਿਲ ਆਏ ਸਨ। ਬਾਬਾ ਜੀ ਨਾਲ ਮੇਰਾ ਕੋਈ ਖ਼ਤ-ਪਤਰ ਨਹੀਂ ਸੀ। ਪਰ ਉਨ੍ਹਾਂ ਨੇ ਭਢਾਣਾ ਨੂੰ ਮੇਰੇ ਬਾਰੇ ਦੱਸ ਦਿੱਤਾ ਸੀ ਤੇ ਮੈਨੂੰ ਕਹਿਣ ਲਈ ਪੱਕੀ ਕੀਤੀ ਸੀ ਕਿ ਗ਼ਦਰੀ ਯੋਧਿਆਂ ਦੀ ਕੁਰਬਾਨੀ

ਕਲਮ ਬੰਦ ਕਰਨ ਵਾਲਾ ਕੰਮ ਨਾਹ ਭੁਲਾਂ।

ਉਨ੍ਹਾਂ ਦਿਨਾਂ ਵਿਚ ਮੈਂ ਸ਼ਹੀਦ ਢੀਂਗਰਾ ਤੇ ਸ਼ਹੀਦ ਊਧਮ ਸਿੰਘ ਬਾਰੇ ਖੋਜ ਕਰਨ ਵਿਚ ਰੁਝਾ ਹੋਇਆ ਸੀ। ਜਦ ਇਹ ਖੋਜ ਲਗਭਗ ਖ਼ਤਮ ਕਰ ਲਈ ਤਾਂ ਹਰ ਵੇਲੇ ਮੇਰਾ ਮਨ ਬਾਬਾ ਭਢਾਣਾ ਪਾਸ ਪਹੁੰਚਣ ਨੂੰ ਕਰੇ। ਜਦ ਮੈਨੂੰ ਕੈਨੇਡਾ ਪਹੁੰਚਣ ਦਾ ਮੌਕਾ ਮਿਲਿਆ ਤਾਂ ਝੱਟ ਲਿਵਰ ਪੂਲ ਪਹੁੰਚ ਗਿਆ। ਛੁਟੀਆਂ ਵਿਚ ਬਾਬਾ ਜੀ ਪਾਸ ਜਾ ਪਹੁੰਚਾ।

ਉਨ੍ਹਾਂ ਦਿਨਾਂ ਵਿਚ ਸਾਨਫਰਾਂਸਸਕੋ ਵਿਚ ਘੁੰਮਦੇ ਘੁੰਮਦੇ ਅਸੀਂ ਉਥੇ ਜਾ ਪਹੁੰਚੇ ਜਿਥੇ ਯੁਗਾਂਤਰ-ਆਸ਼ਰਮ ਦੀ ਇਮਾਰਤ ਹੁੰਦੀ ਸੀ। ਉਹ ਥਾਂ ਬਿਲਕੁਲ ਖੋਲਾ ਹੋਈ ਪਈ ਸੀ। 1964 ਤਕ ਉਸ ਥਾਂ ਦੀ ਕੋਈ ਸਾਰ ਨਹੀਂ ਸੀ ਲਈ ਤੇ ਉਹ ਇਮਾਰਤ ਖੋਲਾ ਬਣ ਕੇ ਰਹਿ ਗਈ। ਬਾਬਾ ਭਢਾਣੇ ਉਸ ਖੋਲੇ ਦੇ ਸਾਹਮਣੇ ਖਲੋ ਕੇ ਢਾਹਾਂ ਮਾਰ ਕੇ ਰੋ ਪਿਆ। ਮੇਰਾ ਦਿਲ ਧੜਕ ਰਿਹਾ ਸੀ। ਐਨਾ ਨੇ ਸਹਾਰਾ ਦੇ ਕੇ ਬਾਬਾ ਜੀ ਨੂੰ ਕਾਰ ਵਿਚ ਬਿਠਾਇਆ ਹੀ, ਕੁਝ ਮਿੰਟਾਂ ਮਗਰੋਂ ਬਾਬਾ ਕੇਸਰ ਸਿੰਘ ਢਿਲੋਂ ਸੁਰ ਸਿੰਘ ਦੇ ਘਰ ਕਾਰ ਜਾ ਰੋਕੀ।

ਜਦ ਯੁਗਾਂਤਰ-ਆਸ਼ਰਮ ਪੰਡਤ ਨਹਿਰੂ ਦੇ ਹਵਾਲੇ ਕੀਤਾ ਗਿਆ ਸੀ ਤਾਂ ਲੋਕਾਂ ਵਿਚ ਦੋ ਧੜੇ ਬਣ ਗਏ ਸਨ। ਜਿਹੜੇ ਲੋਕ ਯੁਗਾਂਤਰ-ਆਸ਼ਰਮ ਪੰਡਤ ਨਹਿਰੂ ਦੇ ਹਵਾਲੇ ਕਰਨ ਦੇ ਉਲਟ ਸਨ ਉਨ੍ਹਾਂ ਦੇ ਲੀਡਰ ਬਾਬਾ ਕੇਸਰ ਸਿੰਘ ਨੇ ਯੁਗਾਂਤਰ ਆਸ਼ਰਮ ਦਾ ਸਾਰਾ ਰੀਕਾਰਡ ਆਪਣੇ ਘਰ ਲੈ ਆਂਦਾ ਸੀ। ਉਥੇ ਅਸੀਂ ਮਣਾਂ-ਮੂੰਹੀ ਰੀਕਾਰਡ ਵੇਖਿਆ। 'ਗ਼ਦਰ' ਅਖ਼ਬਾਰ ਛਪਣ ਵਾਲੀ ਮਸ਼ੀਨ ਵੀ ਇਕ ਕਮਰੇ ਵਿਚ ਸੀ। ਉਸੇ ਵੇਲੇ ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਤੇ ਹਰੀ ਸਿੰਘ ਬਦੋਵਾਲ ਦੇ ਮੁਹਾਂਦਰੇ ਮੇਰੇ ਸਾਹਮਣੇ ਆ ਖਲੋਤੇ। ਜਿਨ੍ਹਾਂ ਇਹ ਰਾਤ ਦਿਨੇ ਚਲਾਈ ਸੀ।

ਇਕ ਦਿਨ ਬਾਬਾ ਜੀ ਮੈਨੂੰ ਬਰਕਲੇ ਯੂਨੀਵਰਸਿਟੀ ਲੈ ਗਏ। ਜਦ ਗ਼ਦਰ ਲਹਿਰ ਫ਼ੇਅਲ ਹੋ ਗਈ ਸੀ ਤਾਂ ਏਸ਼ੀਅਨ ਦੇਸ਼ਾਂ ਵਿਚ ਕੰਮ ਕਰਦੇ ਗ਼ਦਰੀ ਵੀ ਅਮਰੀਕਾ ਮੁੜ ਆਏ ਸਨ। ਓਦੋਂ ਹੀ ਅਮਰੀਕਾ ਵੀ ਯੂਰਪ ਦੀ ਜੰਗ ਵਿਚ ਸ਼ਾਮਿਲ ਹੋ ਗਿਆ ਸੀ ਇੰਗਲੈਂਡ ਦੀ ਮਦਦ ਲਈ। ਇੰਗਲੈਂਡ-ਸਰਕਾਰ ਦੇ ਜ਼ੋਰ ਦੇਣ ਤੇ ਅਮਰੀਕਾ ਸਰਕਾਰ ਨੇ ਸਭ ਗ਼ਦਰੀਆਂ ਉਤੇ 'ਐਂਟੀ-ਅਮਰੀਕਨ' ਹੋਣ ਦਾ ਇਲਜ਼ਾਮ ਲਾ ਕੇ ਗ੍ਰਿਫ਼ਤਾਰੀਆਂ ਕਰ ਲਈਆਂ। ਕੇਸ ਦੇ ਵਿਚਾਲੇ ਰਾਮ ਸਿੰਘ ਧੁਲੇਟਾ ਨੇ ਰਾਮ ਚੰਦਰ ਪਸ਼ੌਰੀਏ ਨੂੰ ਗੋਲੀ ਮਾਰ ਦਿੱਤੀ ਸੀ ਤੇ ਧੁਲੇਤੇ ਨੂੰ ਅਮਕੀਰਨ ਗਾਰਡ ਨੇ ਮਾਰ ਦਿੱਤਾ ਸੀ। ਇਸ ਦੇਸ਼ ਦੇ ਰਜਿਸਟਰ ਸਾਈਜ਼ ਦੇ ਲਗਭਗ ਅੱਠ ਹਜ਼ਾਰ ਪੰਨਿਆਂ ਦੀਆਂ ਮਾਈਕਰੋ ਫ਼ਿਲਮਾਂ ਦਾ ਪਤਾ ਲਗਾ।

ਬਾਬਾ ਜੀ ਨੇ ਬਾਬਾ ਜਵਾਲਾ ਸਿੰਘ ਠਠੀਆਂ ਤੇ ਬਾਬਾ ਵਿਸਾਖਾ ਸਿੰਘ ਦੀ ਆਲੂਆਂ ਵਾਲੀ ਫ਼ਾਰਮ ਵੀ ਵਿਖਾਈ। ਸਟਾਕਟਨ ਗੁਰਦੁਆਰੇ ਦੇ ਦਰਸ਼ਨ ਵੀ ਕਰਵਾਏ ਜਿਸ ਲਈ ਜ਼ਮੀਨ ਬਾਬਾ ਜਵਾਲਾ ਸਿੰਘ ਜੀ ਨੇ ਦਿੱਤੀ ਸੀ।

ਗ਼ਦਰ ਲਹਿਰ ਦਾ ਇਤਿਹਾਸਕ ਖਜ਼ਾਨਾ ਮੇਰੇ ਸਾਹਮਣੇ ਆ ਖਲੋਤਾ। ਨਾਲ ਹੀ ਮੇਰੀਆਂ ਛੁਟੀਆਂ ਖ਼ਤਮ ਹੋਣ ਵਾਲੀਆਂ ਸਨ। ਬਾਬਾ ਭਢਾਣਾ ਨੇ, ਸ਼ਹੀਦ ਮੇਵਾ ਸਿੰਘ ਲੋਪੋਕੇ ਦੀ ਸ਼ਹਾਦਤ ਬਾਰੇ ਲੰਡਨ ਹੀ ਮੈਨੂੰ ਦਸ ਦਿੱਤਾ ਸੀ। ਇਸ ਲਈ ਮੈਂ ਵੈਨਕੂਵਰ ਪਹੁੰਚ ਕੇ ਤਿੰਨ ਉਨ੍ਹਾਂ ਸੱਜਣਾਂ ਨੂੰ ਮਿਲਿਆ ਜੋ ਸ਼ਹੀਦ ਦੀ ਫਾਂਸੀ ਵੇਲੇ ਤੇ ਸਸਕਾਰ ਵੇਲੇ ਉਥੇ ਹਾਜ਼ਰ ਸਨ।

ਜਦ ਮੈਂ ਗ਼ਦਰ ਲਹਿਰ ਦੇ ਇਤਿਹਾਸਕ ਤਥਾਂ ਦਾ ਹਿਸਾਬ ਕਿਤਾਬ ਕਰਦਾ ਵਾਪਸ ਲਿਵਰ ਪੂਲ ਪਹੁੰਚਿਆਂ ਤਾਂ ਮੈਨੂੰ ਪਤਾ ਲਗਾ ਕਿ ਬਾਰ-ਐਟ ਲਾਅ ਵਿਚ ਤਿੰਨ ਸਾਲ ਲਾ ਕੇ ਕ੍ਰਿਮੀਨਲ ਲਾਅ ਦਾ ਜੋ ਗਿਆਨ ਹਾਸਲ ਕੀਤਾ ਸੀ ਉਹ ਗ਼ਦਰ ਲਹਿਰ ਦਾ ਇਤਿਹਾਸ ਲਿਖਣ ਲਈ ਕਿੰਨਾ ਲਾਜ਼ਮੀ ਸੀ।

ਹੁਣ ਸੁਤਿਆਂ ਜਾਗਦਿਆਂ ਗ਼ਦਰ ਲਹਿਰ ਮੇਰੇ ਰੋਮ ਰੋਮ ਵਿਚ ਧਸ ਚੁਕੀ ਸੀ।

ਲਿਵਰਪੂਲ ਸਕੂਲ ਵਿਚ ਨੌਵੀਂ ਤੋਂ ਬਾਰ੍ਹਵੀਂ ਤੱਕ ਜਮਾਤਾਂ ਸਨ। ਵਿਦਿਆਰਥੀ ਪੰਝੀ ਪੰਝੀ ਤੀਹ ਤੀਹ ਮੀਲਾਂ ਤੋਂ ਬਸਾਂ ਵਿਚ ਆਉਂਦੇ ਸਨ। ਮੈਂ ਸੋਲਾਂ ਅਕਤੂਬਰ 1963 ਨੂੰ ਕੰਮ ਸੰਭਾਲਿਆ ਸੀ ਨੌਵੀਂ ਜਮਾਤ ਵਿਚ ਛੇ ਸੈਕਸ਼ਨ ਸਨ। ਛੇਵੇਂ ਸ਼ੈਕਸ਼ਨ 'ਐਫ' ਦਾ ਮੈਨੂੰ ਚਾਰਜ ਦਿੱਤਾ ਗਿਆ। ਬਾਈ ਮੁੰਡੇ ਸਨ ਜਮਾਤ ਵਿਚ। ਇਕ ਵੀ ਕੁੜੀ ਨਹੀਂ ਸੀ ਜਦ ਕਿ ਬਾਕੀ ਹੋਰ ਜਮਾਤਾਂ ਵਿਚ ਕੁੜੀਆਂ ਮੁੰਡੇ ਇਕੱਠੇ ਪੜ੍ਹਦੇ ਸਨ। ਡਿਸਿਪਲਨ ਦੀ ਸਖ਼ਤ ਪ੍ਰਾਬਲਮ ਸੀ। ਮੈਥੋਂ ਪਹਿਲੋਂ ਪੰਜ ਜਵਾਨ ਟੀਚਰ ਦੋ ਦੋ ਦਿਨ ਪੜ੍ਹਾ ਕੇ ਕੰਮ ਛੱਡ ਗਏ ਸਨ। ਜਦ ਮੈਂ ਪਹਿਲੇ ਦਿਨ ਕਲਾਸ ਵਿਚ ਗਿਆ ਤਾਂ ਮੇਰੀ ਕੁਰਸੀ ਉਤੇ ਗਮ (ਗੂੰਦ) ਲਗੀ ਹੋਈ ਸੀ। ਮੇਜ਼ ਹੇਠਾਂ ਕੇਲਿਆਂ ਤੇ ਸੰਤਰਿਆਂ ਦੇ ਛਿਲੜ ਖਿਲਰੇ ਹੋਏ ਸਨ। ਬਲੈਕ ਬੋਰਡ ਉਤੇ ਦਿਲ ਦੀ ਤਸਵੀਰ ਬਣਾ ਕੇ ਉਸ ਵਿਚੋਂ ਤੀਰ ਲੰਘਾਇਆ ਹੋਇਆ ਸੀ। ਜਿਸ ਮੁੰਡੇ ਦਾ ਜੀਅ ਕਰਦਾ ਬਾਰੀ ਟਪ ਕੇ ਬਾਹਰ ਨਸ ਜਾਂਦਾ। ਇਕ ਵੀ ਮੁੰਡਾ ਅਠਾਰਾਂ ਸਾਲਾਂ ਤੋਂ ਘੱਟ ਉਮਰ ਦਾ ਨਹੀਂ ਸੀ। ਬਾਕੀ ਮੁੰਡੇ ਕੁੜੀਆਂ ਉਸ ਕਲਾਸ ਨੂੰ ਕ੍ਰਿਮੀਨਲ ਕਲਾਸ ਕਹਿੰਦੇ ਸਨ। ਮੇਰਾ ਨਾਮ ਥੋੜ੍ਹੇ ਦਿਨਾਂ ਵਿਚ ਹੀ ਕ੍ਰਿਮੀਨਲ ਟੀਚਰ ਪੈ ਗਿਆ।

ਕਹਾਣੀ ਬੜੀ ਲੰਮੀ ਹੈ। ਜਦ ਮੈਂ ਡਿਸਿਪਲਨ ਕਾਇਮ ਕਰ ਲਿਆ ਤਾਂ

ਇਕ ਮੁੰਡੇ ਚਾਰਲੀ ਦਾ ਇੱਕੀਵਾਂ ਜਨਮ ਦਿਨ ਅਸੀਂ ਕਲਾਸ ਵਿਚ ਮਨਾਇਆ। ਉਹ ਹਰ ਸਾਲ ਕੁਝ ਮਹੀਨੇ ਮੱਛੀਆਂ ਫੜਨ ਚਲਾ ਜਾਂਦਾ ਸੀ ਤੇ ਕੁਝ ਮਹੀਨੇ ਕਲਾਸ ਵਿਚ ਆਉਣ ਲਗ ਪੈਂਦਾ ਸੀ। ਉਸ ਦੇ ਸਕੂਲ ਆਉਣ ਦਾ ਵੱਡਾ ਕਾਰਨ ਸੀ ਕਿ ਉਸ ਦੀ ਗਰਲ ਫਰੈਂਡ ਅਜੇ ਵੀ ਦਸਵੀਂ ਵਿਚ ਪੜ੍ਹਦੀ ਸੀ।

ਸਕੂਲ ਦਾ ਪ੍ਰਿੰਸੀਪਲ ਬਹੁਤ ਹੀ ਵਧੀਆ ਇਨਸਾਨ ਸੀ। ਉਸ ਦਾ ਸਾਲਾ ਸਾਰੇ ਸੂਬੇ ਦਾ ਪ੍ਰੀਮੀਅਰ ਸੀ। ਜਦ ਉਹ ਸਾਡੇ ਸਕੂਲ ਦੇ ਦੌਰੇ 'ਤੇ ਆਇਆ ਤਾਂ ਪ੍ਰਿੰਸੀਪਲ, ਉਸ ਨੂੰ ਮੇਰੀ ਕਲਾਸ ਨੌਵੀਂ ਐਫ ਵਿਚ ਲੈ ਆਇਆ ਸੀ। ਉਸ ਨੇ ਮੁੰਡਿਆਂ ਨਾਲ ਗੱਲਬਾਤਾਂ ਕੀਤੀਆਂ। ਮੁੰਡਿਆਂ ਨੇ ਮੇਰੀਆਂ ਸਿਫ਼ਤਾਂ ਦੇ ਪੁਲ਼ ਬੰਨ੍ਹ ਦਿੱਤੇ। ਇਕ ਮੁੰਡੇ ਬਰਾਊਨ ਨੇ ਕਹਿ ਦਿੱਤਾ, "ਇਹ ਟੀਚਰ ਵੀ ਹੈ ਤੇ ਦੋਸਤ ਵੀ।"

ਜਦ ਮੈਂ ਛੁੱਟੀਆਂ ਕੱਟ ਕੇ ਵਾਪਸ ਸਕੂਲ ਗਿਆ ਤਾਂ ਮੇਰੀ ਇਕ ਹਜ਼ਾਰ ਡਾਲਰ ਸਾਲਾਨਾ ਤਨਖ਼ਾਹ ਵਧਾ ਦਿਤੀ ਗਈ।

ਜਦ ਸਕੂਲੋਂ ਘਰ ਆਵਾਂ ਤਾਂ ਖ਼ਿਆਲਾਂ ਹੀ ਖ਼ਿਆਲਾਂ ਵਿਚ ਕਦੇ ਵੈਨਕੂਵਰ ਜਾ ਪਹੁੰਚਾਂ ਤੇ ਕਦੇ ਸਾਨ ਫਰਾਂਸਿਸਕੋ। ਮਨ ਉਖੜਿਆ ਉਖੜਿਆ ਰਹੇ। ਮੈਂ ਯਤਨ ਕੀਤਾ ਕਿ ਮੈਨੂੰ ਵੈਨਕੂਵਰ ਜਾਂ ਲਾਗੇ ਚਾਗੇ ਕੰਮ ਮਿਲ ਜਾਏ ਤਾਂ ਕਿ ਮੈਂ ਸ਼ਹੀਦ ਮੇਵਾ ਸਿੰਘ ਲੋਪੋਕੇ ਤੇ ਭਾਈ ਬਲਵੰਤ ਸਿੰਘ ਖੁਰਦਪੁਰ ਦੀਆਂ ਸ਼ਹਾਦਤਾਂ ਬਾਰੇ ਖੋਜ ਕਰ ਸਕਾਂ ਪਰ ਬੀ. ਸੀ. ਐਜੂਕੇਸ਼ਨ ਡੀਪਾਰਟਮੈਂਟ ਨੇ ਮੈਨੂੰ ਟੀਚਿੰਗ-ਲਾਇਸੰਸ ਦੇਣ ਤੋਂ ਇਨਕਾਰ ਕਰ ਦਿੱਤਾ।

ਮੈਂ ਵੈਨਕੂਵਰ ਤੋਂ ਪੰਜ ਹਜ਼ਾਰ ਮੀਲ ਪੂਰਬ ਵਲ ਲਿਵਰਪੂਲ ਸਾਂ। ਸਾਨਫਰਾਂਸਿਸਕੋ ਵੀ ਮੈਥੋਂ ਪੰਜ ਹਜ਼ਾਰ ਮੀਲ ਦੂਰ ਸੀ। ਗ਼ਦਰ ਲਹਿਰ ਦੇ ਯੋਧਿਆਂ ਬਾਰੇ ਲਿਖਣ ਦਾ ਸੁਪਨਾ ਟੁੱਟਦਾ ਭੱਜਦਾ ਰਹੇ। ਮਨ ਵਿਚ ਤਲਖ਼ੀ ਵੱਧਣ ਲਗ ਪਈ ਕਿ ਜਿਸ ਕੰਮ ਲਈ ਕੈਨੇਡਾ ਆਇਆ ਹਾਂ ਉਸ ਵੱਲ ਇਕ ਕਦਮ ਵੀ ਨਹੀਂ ਪੁੱਟ ਸਕਦਾ।

ਇਸੇ ਘੋਲ ਵਿਚ 1964 ਤੇ 1965 ਦਾ ਅੱਧ ਗੁਜ਼ਰ ਗਿਆ। ਇਸ ਦੌਰਾਨ ਮੈਂ ਬ੍ਰਿਟਿਸ਼-ਕੋਲੰਬੀਆਂ ਦੇ ਗੁਆਂਢੀ ਸੂਬੇ ਅਲਬਰਟਾ ਵਿਚ ਟੀਚਿੰਗ ਜਾਬ ਲਈ ਦਰਖਾਸਤਾਂ ਭੇਜਣ ਲਗ ਪਿਆ। ਮੈਂ ਸੋਚਿਆ ਕਿ ਭਾਵੇਂ ਅਲਬਰਟਾ ਵੈਨਕੂਵਰ ਤੋਂ ਅੱਠ ਸੌ ਮੀਲ ਪੂਰਬ ਵਲ ਹੈ ਪਰ ਫਿਰ ਵੀ ਮੈਂ ਛੁਟੀਆਂ ਵਿਚ ਵੈਨਕੂਵਰ ਜਾ ਸਕਿਆ ਕਰਾਂਗਾ।

ਇਕ ਦਿਨ ਮੈਂ ਹੈਲੀਫੈਕਸ ਪਹੁੰਚ ਗਿਆ। ਡਾਇਰੈਕਟਰ ਨੇ ਮੈਨੂੰ ਅਲਬਰਟਾ ਦੇ ਇਕ ਸਕੂਲ, ਹੋਲਡਨ ਵਿਚ ਜਾਬ ਦੇ ਦਿੱਤੀ ਤੇ ਕਿਹਾ ਕਿ ਮੈਂ

ਅਗਸਤ ਦੇ ਅਖ਼ੀਰਲੇ ਹਫ਼ਤੇ ਉਥੇ ਪਹੁੰਚ ਜਾਵਾਂ।

ਅਲਬਰਟਾ ਵਿਚ ਸ਼ਰਤ ਸੀ ਕਿ ਮੈਂ ਦੋ ਕੋਰਸ ਯੂਨੀਵਰਸਿਟੀ ਦੇ ਕਰਾਂ। ਮੈਂ ਉਨ੍ਹਾਂ ਹੀ ਦਿਨਾਂ ਵਿਚ ਦੇ ਕੋਰਸ ਕਰ ਲਏ ਤੇ ਹੋਲਡਨ ਹਾਈ ਸਕੂਲ ਵਿਚ ਸੋਸ਼ਲ ਸਟਡੀਜ਼ ਤੇ ਲਾਅ ਪੜ੍ਹਾਉਣ ਲਗ ਪਿਆ ਪਰ ਗ਼ਦਰ ਲਹਿਰ ਬਾਰੇ ਲਿਖਣ ਵਾਸਤੇ ਮੇਰੇ ਪਾਸ ਸਮਾਂ ਹੀ ਨਾ ਰਿਹਾ।

1966 ਦੀਆਂ ਗਰਮੀਆਂ ਦੀਆਂ ਛੁਟੀਆਂ ਵਿਚ ਮੈਂ ਵੈਨਕੂਵਰ ਜਾ ਪਹੁੰਚਾ। ਸਤ ਹਫ਼ਤੇ ਖੋਜ ਕੀਤੀ। ਸ਼ਹੀਦ ਮੇਵਾ ਸਿੰਘ ਦੇ ਪੁਰਾਣੇ ਸਾਥੀਆਂ ਨੂੰ ਮਿਲਿਆ। ਭਾਈ ਬਲਵੰਤ ਸਿੰਘ ਜੀ ਖ਼ੁਰਦਪੁਰ, ਖਾਲਸਾ ਦੀਵਾਨ ਵੈਨਕੂਵਰ ਦੇ ਪਹਿਲੇ ਸ਼ਹੀਦ ਗ੍ਰੰਥੀ ਸਪੁੱਤਰ ਸਰਦਾਰ ਹਰਦਿਆਲ ਸਿੰਘ ਅਟਵਾਲ ਨੂੰ ਮਿਲਿਆ। ਦੋਹਾਂ ਸ਼ਹੀਦਾਂ ਦੀਆਂ ਸ਼ਹਾਦਤਾਂ ਬਾਰੇ ਦਸਤਾਵੇਜ਼ ਇਕੱਠੇ ਕੀਤੇ। ਮਨ ਨੂੰ ਕੁਝ ਤਸੱਲੀ ਮਿਲੀ। ਪਰ ਮਨ ਇਹੋ ਕਰੇ ਕਿ ਮੈਂ ਵੈਨਕੂਵਰ ਹੀ ਰਹਿ ਜਾਵਾਂ ਪਰ ਗੱਲ ਨਾ ਬਣੀ।

ਇਕ ਸਾਲ ਹੋਲਡਨ ਪੜ੍ਹਾ ਕੇ ਮੈਨੂੰ ਪੰਜ ਹਜ਼ਾਰ ਡਾਲਰ ਸਕਾਲਰਸ਼ਿਪ ਮਿਲ ਗਈ, ਕੌਂਸਲਿੰਗ ਦਾ ਕੋਰਸ ਕਰਨ ਲਈ। ਇਹ ਕੋਰਸ ਖ਼ਤਮ ਕਰਨ ਤੇ ਮੈਨੂੰ ਡਾਇਰੈਕਟਰ ਔਫ ਕੌਂਸਲਿੰਗ ਦੀ ਜਾਬ ਮਿਲ ਗਈ। ਬਾਰਾਂ ਸਕੂਲਾਂ ਦੇ ਦੌਰੇ ਕਰਨੇ ਹੁੰਦੇ ਸਨ। ਸਕੂਲ ਵਿਚ ਪੜ੍ਹਾਉਂਦਿਆਂ ਦੂਜੇ ਦਿਨ ਲਈ ਸਬਕ ਤਿਆਰ ਕਰਨੇ ਹੁੰਦੇ ਸਨ। ਪਰ ਇਸ ਜਾਬ ਵਿਚ ਮੈਨੂੰ ਕਾਫ਼ੀ ਵਿਹਲ ਮਿਲ ਗਈ।

ਕ੍ਰਿਸਮਿਸ ਦੀਆਂ ਦਸ ਛੁਟੀਆਂ ਤੇ ਈਸਟਰ ਦੀਆਂ ਛੁਟੀਆਂ ਵਿਚ ਮੈਂ ਵੈਨਕੂਵਰ ਪਹੁੰਚ ਜਾਂਦਾ। ਗਰਮੀਆਂ ਦੀਆਂ ਛੁਟੀਆਂ ਵਿਚ ਮੈਂ ਕੈਲੇਫੋਰਨੀਆ ਜਾ ਪਹੁੰਚਦਾ। ਇਸ ਤਰ੍ਹਾਂ ਗ਼ਦਰ ਲਹਿਰ ਬਾਰੇ ਕੰਮ ਹਰ ਸਾਲ ਤੇਜ ਹੁੰਦਾ ਗਿਆ। ਸ਼ਹੀਦ ਮੇਵਾ ਸਿੰਘ ਲੋਪੋਕੇ ਤੇ ਸ਼ਹੀਦ ਭਾਈ ਬਲਵੰਤ ਸਿੰਘ ਜੀ ਖ਼ੁਰਦਪੁਰ ਬਾਰੇ ਮੈਂ ਕਾਫ਼ੀ ਮਸਾਲਾ ਇਕੱਠਾ ਕਰ ਲਿਆ।

ਇਹ ਠੀਕ ਹੈ ਕਿ ਗ਼ਦਰ ਲਹਿਰ ਦਾ ਬੀਜ ਵੈਨਕੂਵਰ ਹੀ ਫੁਟਿਆ ਸੀ ਪਰ ਇਸ ਲਹਿਰ ਦੇ ਬੂਟੇ ਦੇ ਫੁੱਲ ਕੈਲੇਫੋਰਨੀਆ ਵਿਚ ਹੀ ਲਗੇ ਸਨ। ਹੁਣ ਮੈਂ ਇਹ ਪ੍ਰਤੀਤ ਕਰ ਰਿਹਾ ਸਾਂ ਕਿ ਗ਼ਦਰ ਲਹਿਰ ਦਾ ਪੂਰਾ ਇਤਿਹਾਸ ਲਿਖਣ ਲਈ ਤਾਂ ਸਾਰੀ ਜ਼ਿੰਦਗੀ ਹੀ ਲਗ ਜਾਵੇਗੀ। ਮੈਂ ਹੋਰ ਸਾਰੇ ਪਾਸੇ ਛੱਡ ਕੇ ਇਕੋ ਕੰਮ ਸਿਰੇ ਚੜ੍ਹਾਉਣ ਦਾ ਮਨ ਬਣਾ ਲਿਆ। ਮੈਨੂੰ ਇਉਂ ਜਾਪਣ ਲਗ ਪਿਆ ਜਿਵੇਂ ਗ਼ਦਰ ਲਹਿਰ ਦਾ ਇਤਿਹਾਸ ਲਿਖਣਾ ਹੀ ਮੇਰੇ ਜੀਵਨ ਦਾ ਆਦਰਸ਼ ਬਣ ਗਿਆ ਹੋਵੇ।

ਹੁਣ ਮੈਂ ਅਲਬਰਟਾ ਸਕੂਲ ਸਿਸਟਮ ਵਿਚ ਡਾਇਰੈਕਟਰ ਔਫ ਕੌਂਸਲਿੰਗ ਐਂਡ ਗਾਈਡੈਂਸ ਦਾ ਕੰਮ ਕਰ ਰਿਹਾ ਸਾਂ। ਬਾਰਾਂ ਸਕੂਲਾਂ ਦਾ ਦੌਰਾ ਕਰਨਾ ਹੁੰਦਾ ਸੀ। ਸਾਰਾ ਕੰਮ ਸਵੇਰੇ ਨੌਂ ਵਜੇ ਤੋਂ ਲਹੁਡੇ ਵੇਲੇ ਦੇ ਚਾਰ ਵਜੇ ਤਕ ਖ਼ਤਮ ਹੋ ਜਾਂਦਾ ਸੀ। ਨਾ ਸਕੂਲ ਵਿਚ ਪੜ੍ਹਾਉਣ ਲਈ ਹਰ ਰੋਜ਼ ਨਵੇਂ ਸਬਕ ਤਿਆਰ ਕਰਨੇ ਹੁੰਦੇ ਸਨ ਨਾ ਕੋਈ ਹੋਰ ਖਾਸ ਕੰਮ ਸੀ। ਸਾਰਾ ਵਕਤ ਮੈਂ ਲਿਖਣ ਵਲ ਲਾਉਣ ਲਗ ਪਿਆ। ਜੰਗੀ-ਕੈਦੀ ਨਾਵਲ ਦਾ ਖਰੜਾ ਲਗਭਗ ਤਿਆਰ ਸੀ। ਉਸ ਨੂੰ ਮੁੜ ਕੇ ਪੜ੍ਹਿਆ ਤੇ ਸੋਧਿਆ।

1967 ਦੀਆਂ ਦੋ ਮਹੀਨੇ ਦੀਆਂ ਛੁੱਟੀਆਂ ਵਿਚ ਦੇਸ਼ ਪਹੁੰਚ ਗਿਆ। ਪਹਿਲੋਂ ਖਰੜਾ ਸੁਜਾਨ ਸਿੰਘ ਨੇ ਪੜ੍ਹਿਆ ਫਿਰ ਗਿਆਨੀ ਲਾਲ ਸਿੰਘ ਜੀ ਗੁਜਰਾਂਵਾਲੀਏ ਨੇ। ਉਨ੍ਹਾਂ ਕੁਝ ਸਲਾਹਾਂ ਦਿਤੀਆਂ। ਫਿਰ ਮਾੜੀਆਂ ਮਾੜੀਆਂ ਸੋਧਾਂ ਕੀਤੀਆਂ।

ਜਦ ਕੈਨੇਡਾ ਮੁੜਨ ਲਈ ਦਿੱਲੀ ਪਹੁੰਚਿਆ ਤਾਂ ਬਾਵਾ ਬਲਵੰਤ ਜੀ ਨੇ ਜੰਗੀ-ਕੈਦੀ ਨਾਵਲ ਦਾ ਖਰੜਾ ਭਾਪਾ ਪ੍ਰੀਤਮ ਸਿੰਘ ਜੀ ਨਵ-ਯੁਗ ਪ੍ਰੈਸ ਵਾਲਿਆਂ ਨੂੰ ਦੇਣ ਦੀ ਸਲਾਹ ਦਿੱਤੀ। ਭਾਪਾ ਜੀ ਨੇ ਖਰੜਾ ਰੱਖ ਲਿਆ। ਉਨ੍ਹਾਂ ਨੇ ਇਹ ਨਾਵਲ 1969 ਵਿਚ ਛਾਪਿਆ। ਨਾਵਲ ਦੇ 566 ਪੰਨੇ ਬਣ ਗਏ ਸਨ।

ਜਦ ਮੈਂ ਕੈਨੇਡਾ ਤੋਂ 1967 ਵਿਚ ਦੇਸ਼-ਯਾਤਰਾ ਲਈ ਗਿਆ ਸਾਂ ਤਾਂ ਰਾਹ ਵਿਚ ਜਾਂਦਾ ਲੰਡਨ ਰੁਕਿਆ ਤੇ ਵਾਪਸੀ ਤੇ ਵੀ ਲੰਡਨ ਕੁਝ ਦਿਨ ਠਹਿਰਿਆ। ਉਨ੍ਹਾਂ ਦਿਨਾਂ ਵਿਚ ਮੇਰਾ ਯਤਨ ਸੀ ਕਿ ਜਿੰਨੀ ਛੇਤੀ ਹੋ ਸਕੇ ਸ਼ਹੀਦ ਮਦਨ ਲਾਲਾ ਢੀਂਗਰਾ ਤੇ ਸ਼ਹੀਦ ਊਧਮ ਸਿੰਘ ਦੇ ਖਰੜੇ ਮੁਕੰਮਲ ਕੀਤੇ ਜਾਣ।

ਸ਼ਹੀਦ ਢੀਂਗਰਾ ਬਾਰੇ ਕਾਫ਼ੀ ਕੁਝ ਪ੍ਰਾਪਤ ਹੋ ਚੁੱਕਾ ਸੀ ਪਰ ਉਸ ਦੇ ਖ਼ਾਨਦਾਨ ਤੇ ਪਿਛੋਕੜ ਦੀ ਜਾਣਕਾਰੀ ਦੀ ਅਜੇ ਬੜੀ ਲੋੜ ਸੀ। ਇਸ ਕੰਮ ਲਈ ਮੈਂ ਬਾਵਾ ਬਲਵੰਤ ਜੀ ਨੂੰ ਬੇਨਤੀ ਕੀਤੀ। ਉਨ੍ਹਾਂ ਦਿਨਾਂ ਵਿਚ ਉਹ ਦਿੱਲੀ ਰਹਿ ਰਹੇ ਸਨ। ਉਹ ਲਾਲਾ ਮੁਕੰਦ ਲਾਲ ਜੀ ਢੀਂਗਰਾ ਨੂੰ ਮਿਲੇ। ਉਨ੍ਹਾਂ ਪਾਸੋਂ ਉਨ੍ਹਾਂ ਨੇ ਸ਼ਹੀਦ ਦੇ ਮੁੱਢਲੇ ਹੋਰ ਕਾਗਜ਼ ਪ੍ਰਾਪਤ ਕੀਤੇ ਅਤੇ ਸ਼ਹੀਦੀ ਨਾਲ ਸੰਬੰਧਤ, ਉਸ ਸਮੇਂ ਦੀਆਂ ਅਖ਼ਬਾਰਾਂ ਦੇ ਕਟਿੰਗ, ਤਸਵੀਰਾਂ ਤੇ ਹੋਰ ਕਾਗਜ਼ ਪ੍ਰਾਪਤ ਕੀਤੇ ਜਿੰਨ੍ਹਾਂ ਵਿਚ ਮਦਦ ਲਾਲ ਢੀਂਗਰਾ ਦੇ ਪਿਤਾ ਲਾਲਾ ਗੁਰਾਂਦਿਤਾ ਮਲ ਢੀਂਗਰਾ ਦੀਆਂ ਹੱਥ ਲਿਖਤਾ ਵੀ ਸਨ ਤੇ ਸਾਰੇ ਬੱਚਿਆਂ ਦੀ ਉਨ੍ਹਾਂ ਦੀ ਹਥ ਲਿਖਤ ਲਿਸਟ। ਇਸ ਲਿਖਤ ਵਿਚ ਜਨਮ ਦਿਨ ਦੀਆਂ ਤਰੀਕਾਂ ਦੇ ਵੇਰਵੇ ਵੀ ਸਨ।

ਜੇ ਬਾਵਾ ਬਲਵੰਤ ਜੀ ਤੇ ਲਾਲਾ ਮੁਕੰਦ ਲਾਲ ਜੀ ਇਸ ਕੰਮ ਵਿਚ ਸਹਾਇਤਾ ਨਾ ਕਰਦੇ ਤਾਂ ਇਹ ਕੰਮ ਪੂਰਾ ਨਹੀਂ ਸੀ ਹੋਣਾ। ਇਸ ਫੇਰੀ ਸਮੇਂ ਪੂਰਾ ਯਤਨ ਕਰਨ ਤੇ ਵੀ ਸ਼ਹੀਦ ਊਧਮ ਸਿੰਘ ਦੇ ਖਾਨਦਾਨ ਵਿਚੋਂ ਕਿਸੇ ਨੂੰ ਵੀ ਨਾਂਹ ਲਭ ਸਕਿਆ।

ਬਰਮਿੰਘਮ (ਇੰਗਲੈਂਡ) ਦੇ ਨੇੜੇ ਸਮੈਂਥਵਿਕ ਸ਼ਹਿਰ ਦੇ ਗੁਰੂ-ਘਰ ਦੇ ਪ੍ਰਬੰਧਕਾਂ ਨੇ 1973 ਵਿਚ ਸ਼ਹੀਦ ਊਧਮ ਸਿੰਘ ਦੀ ਯਾਦ ਵਿਚ ਮੇਲਾ ਲੁਆਇਆ। ਬੜਾ ਵੱਡਾ ਇਕੱਠਾ ਹੋਇਆ। ਲੋਕਾਂ ਨੂੰ ਪਤਾ ਸੀ ਕਿ ਮੈਂ ਸ਼ਹੀਦ ਉਤੇ ਪੁਸਤਕ ਤਿਆਰ ਕਰ ਰਿਹਾ ਹਾਂ। ਮੈਂ ਇਕਰਾਰ ਕੀਤਾ ਕਿ ਸ਼ਹੀਦ ਦੀ ਸ਼ਹਾਦਤ ਵਾਲੇ ਦਿਨ ਇਕੱਤੀ ਜੁਲਾਈ 1973 ਨੂੰ ਪੁਸਤਕ ਰੀਲੀਜ਼ ਕਰਨ ਦਾ ਯਤਨ ਕੀਤਾ ਜਾਏਗਾ।

ਇਸ ਕੰਮ ਵਿਚ ਵੀ ਬਾਵਾ ਬਲਵੰਤ ਜੀ ਨੇ ਪੂਰੀ ਮਦਦ ਕੀਤੀ।

ਮੇਰੇ ਮਿੱਤਰ ਸਰਦਾਰ ਕੁਲਦੀਪ ਸਿੰਘ ਜੀ ਸੰਧੂ ਦੀ ਮਦਦ ਨਾਲ ਪੁਸਤਕਾਂ ਸਮੈਂਥਵਿਕ ਵਿਚ ਪਹੁੰਚੀਆਂ। ਤਿੰਨ੍ਹਾਂ ਦਿਨਾਂ ਦੇ ਮੇਲੇ ਕਬੱਡੀ, ਘੋਲ ਤੇ ਹੋਰ ਕਈਆਂ ਖੇਡਾਂ ਦੇ ਮੁਕਾਬਲੇ ਹੋਏ। ਪਹਿਲਵਾਨ ਦਾਰਾ ਸਿੰਘ ਤੇ ਪਹਿਲਵਾਨ ਢਿੱਲੋਂ ਵੀ ਪਹੁੰਚੇ ਹੋਏ ਸਨ। ਪਹਿਲੀਆਂ ਪੁਸਤਕਾਂ ਇਨ੍ਹਾਂ ਕੌਮੀ ਪਹਿਲਵਾਨਾਂ ਨੂੰ ਭੇਂਟ ਕੀਤੀਆਂ ਗਈਆਂ। ਤਿੰਨਾਂ ਦਿਨਾਂ ਵਿਚ ਹੀ ਲਗਭਗ ਪੈਂਤੀ ਹਜ਼ਾਰ ਦੀ ਹਾਜ਼ਰੀ ਸੀ। ਇੰਗਲੈਂਡ ਦੇ ਸ਼ਹਿਰਾਂ ਦੇ ਲੋਕ ਹੀ ਨਹੀਂ, ਯੂਰਪੀਨ ਸ਼ਹਿਰਾਂ ਤੋਂ ਵੀ ਲੋਕ ਪਹੁੰਚੇ ਹਏ ਸਨ। ਪਹਿਲੇ ਦਿਨ ਹੀ ਸਤ ਸੌ ਪੁਸਤਕਾਂ ਵਿਕ ਗਈਆਂ। ਪ੍ਰਬੰਧਕਾਂ ਦੀ ਸਲਾਹ ਨਾਲ ਅਸਾਂ ਕੀਮਤ ਅੱਧਾ ਪੌਂਡ (ਪੰਜਾਹ ਪੈਸੇ) ਰਖੀ ਸੀ। ਮੈਂ ਸੋਚਿਆ ਜਿੰਨੇ ਪੈਸੇ ਪੁਸਤਕ ਛਪਵਾਉਣ ਤੇ ਮੰਗਵਾਉਣ ਵਿਚ ਲਗੇ ਹਨ ਉਸ ਤੋਂ ਵੀ ਵੱਧ ਪੈਸੇ ਮਿਲ ਗਏ ਹਨ। ਬਾਕੀ ਪੁਸਤਕਾਂ ਮੁਫ਼ਤ ਵੰਡ ਦਿਤੀਆਂ ਜਾਣ ਪਰ ਜਿਨ੍ਹਾਂ ਪੈਸੇ ਦੇ ਕੇ ਕਿਤਾਬ ਖਰੀਦੀ ਸੀ ਉਨ੍ਹਾਂ ਨੇ ਇਸ ਗੱਲ ਉਤੇ ਇਤਰਾਜ਼ ਕੀਤਾ। ਦੂਜੇ ਦਿਨ ਫਿਰ ਵਿਕਣੀ ਸ਼ੁਰੂ ਹੋ ਗਈ। ਬਸ ਕੁਝ ਕਾਪੀਆਂ ਹੀ ਬਚੀਆਂ।

ਉਨ੍ਹਾਂ ਹੀ ਦਿਨਾਂ ਵਿਚ ਗਿਆਨੀ ਗੁਰਮੁਖ ਸਿੰਘ ਐਮ.ਪੀ. ਲੰਡਨ ਪਹੁੰਚੇ ਹੋਏ ਸਨ। ਉਨ੍ਹਾਂ ਨੂੰ ਇਕ ਪੁਸਤਕ ਭੇਂਟ ਕੀਤੀ। ਉਨ੍ਹਾਂ ਨੇ ਸਰਦਾਰ ਪਿਆਰਾ ਸਿੰਘ ਜੀ ਦਾਤਾ ਦੇ ਮਾਹਵਾਰੀ ਪਰਚੇ 'ਨਵਾਂ ਸਾਹਿਤ' ਵਿਚ (ਦਸੰਬਰ 1973) "ਪੁਸਤਕ ਪੜਚੋਲ" ਦੇ ਸਿਰਲੇਖ ਹੇਠ ਰੀਵਿਊ ਲਿਖਿਆ।

ਸ਼ਹੀਦ ਊਧਮ ਸਿੰਘ ਨਾਵਲ ਛਪਣ ਸਾਰ, ਸ਼ਹੀਦ ਊਧਮ ਸਿੰਘ ਦੀ ਸ਼ਹਾਦਤ ਦੀਆਂ ਸਾਰੇ ਪੰਜਾਬੀ ਜਗਤ ਵਿਚ ਧੁੰਮਾਂ ਪੈ ਗਈਆਂ। ਇੰਗਲੈਂਡ ਦੇ

ਪੰਜਾਬੀਆਂ ਨੇ ਇਹ ਮੁਹਿੰਮ ਚਲਾ ਦਿਤੀ ਕਿ ਸ਼ਹੀਦ ਦੀਆਂ ਅਸਥੀਆਂ, ਪੈਟਨਵਿਲ ਜੇਲ੍ਹ ਲੰਡਨ ਵਿਚੋਂ ਕਢਵਾ ਕੇ ਦੇਸ਼ ਭੇਜੀਆ ਜਾਣ। ਇਹ ਲਹਿਰ ਇਤਨਾ ਜ਼ੋਰ ਫੜ ਗਈ ਕਿ ਇੰਗਲੈਂਡ ਦੀ ਸਰਕਾਰ ਅਸਥੀਆਂ ਦੇਣ ਲਈ ਤਿਆਰ ਹੋ ਗਈ।

ਮਜ਼ੇਦਾਰ ਗੱਲ ਹੈ ਕਿ ਗਾਂਧੀ ਦਾ ਜੋ ਵਤੀਰਾ ਸ਼ਹੀਦ ਭਗਤ ਸਿੰਘ ਤੇ ਉਸ ਦੇ ਸਾਥੀਆਂ ਦੀ ਸ਼ਹਾਦਤ ਬਾਰੇ ਸੀ ਬਿਲਕੁਲ ਉਹੋ ਵਤੀਰਾ ਸ਼ਹੀਦ ਊਧਮ ਸਿੰਘ ਦੀ ਸ਼ਹਾਦਤ ਬਾਰੇ ਵੀ ਰਖਿਆ।

ਜਦ ਸ਼ਹੀਦ ਦੀਆਂ ਅਸਥੀਆਂ ਦੇਸ਼ ਪੁਜੀਆਂ ਤਾਂ ਗਾਂਧੀਵਾਦੀ ਗਿਆਨੀ ਜ਼ੈਲ ਸਿੰਘ ਹੋਰੀਂ ਦਿੱਲੀ ਪਹੁੰਚ ਗਏ। ਸ਼ਹੀਦ ਦੀਆਂ ਅਸਥੀਆਂ ਵਾਲਾ ਡੱਬਾ ਆਪਣੇ ਗਲ ਵਿਚ ਲਟਕਾ ਲਿਆ। ਜਿਹੜੇ ਫੁੱਲਾਂ ਦੇ ਹਾਰ ਸ਼ਹੀਦ ਦੇ ਗਲ ਵਿਚ ਪੈਣੇ ਸਨ ਉਹ ਗਾਂਧੀਵਾਦੀ ਜ਼ੈਲ ਸਿੰਘ ਨੇ ਆਪਣੇ ਗਲ ਵਿਚ ਪੁਆ ਲਏ। ਚੋਣਾਂ ਜੁ ਨੇੜੇ ਢੁੱਕ ਰਹੀਆਂ ਸਨ।

ਉਸ ਵੇਲੇ ਇਹ ਲਹਿਰ ਵੀ ਤੁਰ ਪਈ ਕਿ ਸ਼ਹੀਦ ਢੀਂਗਰਾ ਦੀਆਂ ਅਸਥੀਆਂ ਵੀ ਦੇਸ਼ ਪਹੁੰਚਾਈਆਂ ਜਾਣ।

ਜੁਲਾਈ 1975 ਵਿਚ ਮੈਂ "ਅਮਰ ਸ਼ਹੀਦ ਮਦਨ ਲਾਲ ਢੀਂਗਰਾ' ਵਾਲਾ ਖਰੜਾ ਤਿਆਰ ਕਰਕੇ ਗਿਆਨੀ ਲਾਲ ਸਿੰਘ ਜੀ ਗੁਜਰਾਂਵਾਲੀਆ ਨੂੰ ਦੇਸ਼ ਪਹੁੰਚਾ ਦਿੱਤਾ। ਗਿਆਨੀ ਜੀ ਮੇਰੇ ਲਈ ਪਿਆਰ ਦਾ ਸੋਮਾ ਵੀ ਸਨ ਤੇ ਪ੍ਰੇਰਨਾ ਸਰੋਤ ਵੀ। ਉਨ੍ਹਾਂ ਨੇ ਖਰੜਾ ਪੜ੍ਹਿਆ ਤੇ ਨਾਵਲ ਨੂੰ ਹੋਰ ਪ੍ਰਭਾਵਕ ਤੇ ਲੜੀ-ਬੱਧ ਬਣਾਉਣ ਲਈ ਕਈ ਸਲਾਹਾਂ ਤੇ ਸੁਝਾ ਦਿੱਤੇ। ਫਿਰ ਉਨ੍ਹਾਂ ਨੇ ਇਹਦੇ ਛਪਵਾਉਣ ਲਈ ਇਕ ਅਜਿਹੇ ਪ੍ਰਕਾਸ਼ਕ ਦਾ ਪ੍ਰਬੰਧ ਕਰ ਦਿੱਤਾ, ਜੋ ਚੌਖੀ ਰੀਝ ਨਾਲ ਪੁਸਤਕਾਂ ਨੂੰ ਸਜਾ-ਸੰਵਾਰ ਕੇ ਛਪਵਾਉਣ ਤੇ ਵਧੀਆ ਪਰੂਫ਼ਰੀਡਿੰਗ ਲਈ ਮੰਨੇ ਪ੍ਰਮੰਨੇ ਹਨ- ਮੇਰਾ ਭਾਵ ਹੈ "ਭਾਈ ਸੇਵਾ ਸਿੰਘ ਜੀ"। ਇਸ ਤਰ੍ਹਾਂ ਇਹ ਨਾਵਲ 1977 ਵਿਚ ਛਪ ਗਿਆ ਨਾਲ ਹੀ ਸ਼ਹੀਦ ਦੀਆਂ ਅਸਥੀਆਂ ਵੀ ਪੰਜਾਬ ਪੁਜ ਗਈਆਂ।

ਜੋ ਕੌਮਾਂ ਆਪਣੇ ਸ਼ਹੀਦਾਂ ਨੂੰ ਭੁਲ ਜਾਂਦੀਆਂ ਹਨ, ਉਹ ਜੀਉਂਦੀਆਂ ਨਹੀਂ ਰਹਿ ਸਕਦੀਆਂ। ਮਦਨ ਲਾਲ ਦੀ ਸ਼ਹੀਦੀ ਵੇਲੇ ਹਿੰਦੁਸਤਾਨ ਸੁੱਤਾ ਪਿਆ ਸੀ। ਅੰਗਰੇਜ਼ ਸਰਕਾਰ ਦੇ ਡਰ ਤੋਂ ਕੋਈ ਵੀ ਉਸ ਨੂੰ 'ਸ਼ਹੀਦ' ਦਾ ਦਰਜਾ ਦੇਣ ਦੇ ਜੁਰਅਤ ਨਹੀਂ ਸੀ ਕਰ ਸਕਿਆ ਸਗੋਂ ਸਰਕਾਰ ਦੇ ਕਈ ਝੋਲੀ-ਚੁੱਕਾਂ, ਜੁੱਤੀ-ਚੱਟਾਂ ਤੇ ਖੁਸ਼ਾਮਦੀਆਂ ਨੇ ਵੀ ਇਕ ਦੂਜੇ ਤੋਂ ਵੱਧ ਚੜ੍ਹ ਕੇ ਸ਼ਹੀਦ ਦੇ ਮਹਾਨ ਬਲੀਦਾਨ ਦੀ ਨਿੰਦਿਆ ਕੀਤੀ। ਹਾਂ ਉਸ ਵੇਲੇ ਵੀ ਪਰਦੇਸਾਂ ਵਿਚ ਕੁਝ

ਅਣਖੀਲੇ ਪੁਰਸ਼ ਜਾਗਦੇ ਸਨ, ਜਿਨ੍ਹਾਂ ਨੇ ਮਦਨ ਲਾਲ ਦੀ ਸ਼ਹੀਦੀ ਨੂੰ ਇਕ ਮਹਾਨ ਸ਼ਹੀਦੀ ਆਖ ਕੇ ਸਤਕਾਰਿਆ।

ਆਇਰਲੈਂਡ ਦੇ ਅਖ਼ਬਾਰਾਂ ਨੇ ਲਿਖਿਆ, "ਆਇਰਲੈਂਡ, ਮਦਨ ਲਾਲ ਢੀਂਗਰਾ ਦਾ ਸਤਿਕਾਰ ਕਰਦਾ ਹੈ, ਜਿਸ ਨੇ ਆਪਣੇ ਦੇਸ਼ ਦੀ ਖ਼ਾਤਰ ਆਪਣੇ ਜੀਵਨ ਦੀ ਅਹੂਤੀ ਦੇਣ ਦਾ ਮਾਣ ਪ੍ਰਾਪਤ ਕੀਤਾ ਹੈ।"

ਇਕ ਹੋਰ ਮਹਾਨ ਰਾਜਨੀਤਕ ਆਗੂ ਤੇ ਲੇਖਕ ਮਿਸਟਰ ਡਬਲੀਊ ਐਸ. ਬਲੰਟ ਨੇ ਆਪਣੇ ਰੋਜ਼ਨਾਮਚਿਆਂ ਵਿਚ ਲਿਖਿਆ, "ਕਿਸੇ ਈਸਾਈ ਸ਼ਹੀਦ ਨੇ ਮਦਨ ਲਾਲ ਨਾਲੋਂ ਵਧੇਰੇ ਨਿਡਰਤਾ ਤੇ ਵਡੇਰੀ ਸ਼ਾਨ ਨਾਲ ਆਪਣੇ ਜੱਜਾਂ ਦਾ ਸਾਹਮਣਾ ਨਹੀਂ ਕੀਤਾ ਹੋਣਾ। ਢੀਂਗਰਾ ਦੇ ਫਾਂਸੀ ਲਗਣ ਦਾ ਦਿਹਾੜਾ ਭਾਰਤ ਵਿਚ ਕਈ ਸਦੀਆਂ ਤਕ ਸ਼ਹੀਦ ਦਿਵਸ ਦੇ ਰੂਪ ਵਿਚ ਮਨਾਇਆ ਜਾਏਗਾ...।

ਲਾਲਾ ਹਰਦਿਆਲ ਨੇ ਮੈਡਮ ਕਾਮਾ ਵੱਲੋਂ ਜਾਰੀ ਕੀਤੇ ਗਏ 'ਬੰਦੇ ਮਾਤਰਮ' ਦੇ ਪਹਿਲੇ ਪਰਚੇ ਵਿਚ ਲਿਖਿਆ ਸੀ ਆਉਣ ਵਾਲੇ ਸਮੇਂ ਵਿਚ, ਜਦ ਹਿੰਦੁਸਤਾਨ ਵਿਚ ਅੰਗਰੇਜ਼ੀ ਸਾਮਰਾਜ ਦਾ ਭੋਗ ਪੈ ਚੁਕਿਆ ਹੋਵੇਗਾ, ਸ਼ਹੀਦ ਢੀਂਗਰੇ ਦੀਆਂ ਯਾਦਗਾਰਾਂ, ਹਿੰਦੁਸਤਾਨ ਦੇ ਹਰੇਕ ਵੱਡੇ ਸ਼ਹਿਰ ਦੇ ਚੌਕਾਂ ਦਾ ਸ਼ਿੰਗਾਰ ਹੋਣਗੀਆਂ ਤੇ ਸਾਡੇ ਬੱਚਿਆਂ ਨੂੰ ਉਸ ਮਹਾਂ-ਪੁਰਸ਼ ਦੇ ਸ਼ਾਨਦਾਰ ਜੀਵਨ ਤੇ ਸ਼ਾਨਦਾਰ ਮੌਤ ਦੀ ਯਾਦ ਦਿਵਾਉਣਗੀਆਂ, ਜਿਸ ਨੇ ਇਕ ਦੂਰ-ਦੁਰੇਡੀ ਧਰਤੀ ਵਿਚ ਆਪਣੇ ਪ੍ਰਿਯ ਉਦੇਸ਼ ਦੀ ਪੂਰਤੀ ਲਈ ਆਪਣਾ ਬਲੀਦਾਨ ਦਿੱਤਾ।

ਅਤੇ ਕੁਝ ਦੇਰ ਬਾਅਦ ਸ੍ਰੀ ਧੰਨਜੈਕਰ ਨੇ ਵੀਰ ਸਾਵਰਕਰ ਦੀ ਜੀਵਨੀ ਲਿਖਦਿਆਂ, ਇਕ ਫ਼ਖਰਯੋਗ ਰਹੱਸ ਖੋਲਿਆ। ਉਹ ਲਿਖਦੇ ਹਨ, ਇੰਗਲੈਂਡ ਦੇ ਪ੍ਰਧਾਨ ਮੰਤਰੀ ਲਾਇਡ ਜਾਰਜ ਨੇ ਵਿੰਨਸਟਨ ਚਰਚਲ ਦੇ ਸਾਹਮਣੇ ਢੀਂਗਰਾ ਦੀ ਦੇਸ਼ ਭਗਤੀ ਦੀ ਪ੍ਰਸੰਸਾ ਕੀਤੀ। ਚਰਚਲ ਨੇ ਲਾਇਡ ਜਾਰਜ ਦੇ ਖਿਆਲਾਂ ਨਾਲ ਸਹਿਮਤੀ ਪ੍ਰਗਟ ਕਰਦਿਆਂ, ਢੀਂਗਰੇ ਦੇ ਅੰਤਮ-ਸ਼ਬਦਾਂ ਨੂੰ ਦੇਸ਼-ਭਗਤੀ ਬਾਰੇ ਉੱਤਮ ਵਿਚਾਰ ਦਸਿਆ। ਉਨ੍ਹਾਂ ਨੇ ਢੀਂਗਰੇ ਦੀ ਪਲੂਟਾਰਕ ਦੇ 'ਅਮਰ ਸੂਰਬੀਰਾਂ' ਨਾਲ ਤੁਲਨਾ ਕੀਤੀ।

ਅਮਰ ਸ਼ਹੀਦ ਮਦਨ ਲਾਲ ਢੀਂਗਰਾ (ਵੀਹਵੀਂ ਸਦੀ ਦਾ ਪਹਿਲਾ ਸ਼ਹੀਦ) ਸਤਾਰਾਂ ਅਗਸਤ 1909 ਨੂੰ ਸਵੇਰੇ ਪੈਨਟਿਨਵਿਲ ਜੇਲ੍ਹ, ਲੰਡਨ ਵਿਚ 'ਭਾਰਤ ਮਾਤਾ ਕੀ ਜੈ ਤੇ 'ਬੰਦੇ ਮਾਤਰਮ' ਦੇ ਨਾਹਰੇ ਲਾਉਂਦਾ ਸ਼ਹੀਦ ਹੋ ਗਿਆ।

ਹੁਣ ਦੂਜੇ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਦੀ ਵਾਰੀ ਆਈ। ਉਸ

ਨੂੰ ਬਾਰਾਂ ਜਨਵਰੀ 1915 ਨੂੰ ਵੈਸਟ-ਮਨਿਸਟਰ ਜੇਲ੍ਹ 'ਵੈਨਕੂਵਰ, ਕੈਨੇਡਾ' ਵਿਚ ਫਾਂਸੀ ਲਾ ਕੇ ਸ਼ਹੀਦ ਕੀਤਾ ਗਿਆ ਸੀ।

ਇਸ ਕੇਸ ਦੀ ਖੋਜ ਮੈਂ 1964 ਵਿਚ ਆਰੰਭ ਕੀਤੀ ਜੋ 1977 ਵਿਚ ਪੂਰੀ ਹੋ ਸਕੀ। 1978 ਵਿਚ ਨਾਵਲ ਛਪ ਕੇ ਤਿਆਰ ਹੋ ਗਿਆ। ਲੋਪੋਕੇ ਪਹੁੰਚ ਕੇ ਸ਼ਹੀਦ ਮੇਵਾ ਸਿੰਘ ਦੇ ਮੁੱਢਲੇ ਜੀਵਨ ਬਾਰੇ ਖੋਜ ਪ੍ਰਾਪਤ ਕੀਤੀ।

ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਦੀ ਪੁਸਤਕ, ਉਸਦੇ ਪਿੰਡ ਵਿਚ ਮਾਰਚ 1978 ਦੇ ਦਿਨਾਂ ਵਿਚ ਰੀਲੀਜ਼ ਕੀਤੀ ਸੀ। ਲਗਭਗ ਵੀਹ ਹਜ਼ਾਰ ਦਰਸ਼ਕ ਹਾਜ਼ਰ ਸਨ। ਉਨ੍ਹਾਂ ਹੀ ਦਿਨਾਂ ਵਿਚ ਮੇਰੇ ਮਨ ਵਿਚ ਖ਼ਿਆਲ ਉਠਿਆ ਕਿ ਸਿੰਘ ਸਾਹਿਬ ਭਾਈ ਬਲਵੰਤ ਸਿੰਘ ਦੀ ਸ਼ਹਾਦਤ ਵਾਲੀ ਪੁਸਤਕ ਵੀ ਉਨ੍ਹਾਂ ਦੇ ਪਿੰਡ ਖੁਰਦਪੁਰ ਜਾ ਕੇ ਰੀਲੀਜ਼ ਕੀਤੀ ਜਾਏ। ਖੁਰਦਪੁਰ, ਆਦਮਪੁਰ ਤੇ ਹੋਰ ਗੁਆਂਢੀ ਲੋਕਾਂ ਨੇ ਇਕੱਠ ਕੀਤਾ। ਇਹ ਗੱਲ ਪੱਕੀ ਸੀ ਕਿ ਖੁਰਦਪੁਰ ਵਿਚ ਵੀ ਇਕੱਠ ਕਰਕੇ ਪੁਸਤਕ ਰੀਲਿਜ਼ ਕੀਤੀ ਜਾਏ। ਦਿਨ ਵੀ ਨਿਯਤ ਹੋ ਗਿਆ। ਅਜਿਹੀ ਇਕ ਮੀਟਿੰਗ ਵਿਚ ਸਰਦਾਰਾ ਦਰਬਾਰਾ ਸਿੰਘ ਚੀਫ਼ ਮਨਿਸਟਰ ਨੇ ਸੁਨੇਹਾ ਭੇਜਿਆ ਕਿ ਜੇ ਉਸ ਨੂੰ ਇਕੱਠ ਵਿਚ ਬੋਲਣ ਲਈ ਸੱਦਾ-ਪੱਤਰ ਦਿੱਤਾ ਜਾਏ ਤਾਂ ਉਹ ਸਿੰਘ ਸਾਹਿਬ ਦੀ ਯਾਦਗਾਰ ਬਣਾਉਣ ਲਈ ਵੀਹ ਹਜ਼ਾਰ ਰੁਪਏ ਦਏਗਾ। ਜਦ ਇਹ ਗੱਲ ਮੈਂ ਇਕੱਠ ਦੇ ਸਾਹਮਣੇ ਰੱਖੀ ਤਾਂ ਲੋਕਾਂ ਨੇ ਦਰਬਾਰਾ ਸਿੰਘ ਨੂੰ ਸੱਦਾ-ਪੱਤਰ ਭੇਜਣ ਦੀ ਸਖ਼ਤ ਮੁਖਾਲਫ਼ਤ ਕੀਤੀ।

16 ਮਾਰਚ 1982 ਵਾਲੇ ਦਿਨ ਖੁਰਦਪੁਰ ਦੇ ਇਕ ਖੁਲ੍ਹੇ ਮੈਦਾਨ ਵਿਚ ਸ਼ਾਮਿਆਨੇ ਲਗਾਏ ਗਏ। ਹਜ਼ਾਰਾਂ ਦੀ ਗਿਣਤੀ ਵਿਚ ਲੋਕ ਦੂਰੋਂ ਦੂਰੋਂ ਆਏ। ਤਿਲ ਸੁਟਣ ਨੂੰ ਥਾਂ ਨਹੀਂ ਸੀ। ਅਜੇ ਜਲਸਾ ਸ਼ੁਰੂ ਹੋਇਆ ਹੀ ਸੀ ਕਿ ਰੌਲਾ ਪੈ ਗਿਆ ਲੋਕਾਂ ਵਿਚ ਭਗਦੜ ਪੈ ਗਈ। ਇਕ ਸਿੰਘ ਬੋਲ ਪਿਆ- "ਸਰਕਾਰੀ ਗੁੰਡਿਆਂ ਨੇ ਮਧੂ-ਮੱਖੀਆਂ ਦੇ ਖੱਖਰ ਜਲਸੇ ਲਾਗੇ ਆ ਭੰਨੇ ਹਨ।"

ਸਾਡੇ ਸਟੇਜ ਸਕੱਤਰ, ਪ੍ਰਧਾਨ ਗੁਰੂ ਨਾਨਕ ਮਿਸ਼ਨ, ਹਸਪਤਾਲ ਢਾਹਾਂ-ਕਲੇਰਾਂ ਵਾਲੇ ਭਾਈ ਬੁੱਧ ਸਿੰਘ ਜੀ ਸਨ। ਉਨ੍ਹਾਂ ਨੂੰ ਵੀ ਮੱਖੀਆਂ ਲੜੀਆਂ ਮੂੰਹ ਮੱਥਾ ਵੀ ਸੁੱਜ ਗਿਆ। ਉਸੇ ਵੇਲੇ ਭਾਈ ਸੰਤ ਸਿੰਘ ਬਬਰ ਨੇ ਖੁੰਡਾ ਘੁੰਮਾ ਕੇ ਐਲਾਨ ਕਰ ਦਿੱਤਾ ਕਿ ਦੀਵਾਨ ਗੁਰਦੁਵਾਰੇ ਵਿਚ ਲਗੇਗਾ। ਮੱਖੀਆਂ ਲੜਨ ਕਰਕੇ ਕਈ ਲੋਕੀਂ ਘਰਾਂ ਨੂੰ ਚਲੇ ਗਏ ਸਨ ਪਰ ਫਿਰ ਵੀ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਹਾਜ਼ਰ ਸੀ।

ਪੁਸਤਕ ਵਿਚੋਂ ਦੋ ਕਾਂਡ ਸੰਗਤਾਂ ਤੇ ਸਾਹਮਣੇ ਰਖ ਕੇ 'ਸਿੰਘ ਸਾਹਿਬ ਦੀ ਸ਼ਹਾਦਤ' ਪੁਸਤਕ ਰੀਲਿਜ਼ ਕੀਤੀ ਗਈ।

"ਸਿੰਘ ਸਾਹਿਬ ਦੀ ਸ਼ਹਾਦਤ" ਪੁਸਤਕ ਦੇ ਨਾਲ ਨਾਲ, "ਜੰਞ ਲਾੜਿਆਂ ਦੀ" ਪੁਸਤਕ ਵੀ ਛਪ ਰਹੀ ਸੀ। ਇਹ ਪੁਸਤਕ ਮਾਂਡਲੇ (ਬਰਮਾ) ਕਾਂਨਸਪ੍ਰੇਸੀ ਦੇ ਨਾਲ ਪ੍ਰਸਿੱਧ ਹੈ। ਇਸ ਕੇਸ ਵਿਚ ਪੰਡਤ ਸੋਹਣ ਲਾਲ ਪਾਠਕ (ਪੱਟੀ) ਤੇ ਉਨ੍ਹਾਂ ਨਾਲ ਸ਼ਹੀਦ ਹੋਏ ਛੇ ਹੋਰ ਸਾਥੀਆਂ-ਗ਼ਦਰੀਆਂ ਦੀ ਗਾਥਾ ਹੈ ਇਸੇ ਕੇਸ ਵਿਚ ਛੇ ਗ਼ਦਰੀਆਂ ਨੂੰ ਉਮਰਾਂ ਕੈਦਾਂ ਦੇ ਕੇ ਕਾਲੇ ਪਾਣੀ ਭੇਜਿਆ ਗਿਆ ਸੀ। ਇਕ ਗ਼ਦਰੀ ਨੂੰ ਸਤ ਸਾਲ ਕਾਲੇ ਪਾਣੀ ਦੀ ਸਜ਼ਾ ਹੋਈ ਸੀ। ਸੈਕਿੰਡ ਮਾਂਡਲੇ ਕਾਨਪ੍ਰੇਸੀ ਕੇਸ ਵਿਚ ਹੋਰ ਚਾਰ ਗ਼ਦਰੀਆਂ ਨੂੰ ਉਮਰ ਕੈਦ ਕਾਲੇ ਪਾਣੀ ਹੋਈ ਸੀ।

ਮੇਰੀ ਪ੍ਰਬਲ ਇੱਛਾ ਸੀ ਕਿ ਇਹ ਪੁਸਤਕ ਵੀ ਪੰਡਤ ਸੋਹਣ ਲਾਲ ਜੀ ਪਾਠਕ ਦੇ ਪਿੰਡ ਪੱਟੀ ਜਾ ਕੇ ਰੀਲੀਜ਼ ਕੀਤੀ ਜਾਏ। ਪੱਟੀ ਦੇ ਲੋਕਾਂ ਨਾਲ ਖ਼ਤ-ਪੱਤਰ ਕੀਤਾ। ਇਕ ਦਿਨ ਪੱਟੀ ਤੋਂ ਚਾਰ ਬੰਦੇ, ਇਸ ਸੰਬੰਧ ਵਿਚ, ਮੈਨੂੰ ਜਲੰਧਰ ਮਿਲਣ ਆਏ। ਅਸੀਂ ਉਨ੍ਹਾਂ ਦਾ ਰੱਜਵਾਂ ਸੁਆਗਤ ਕੀਤਾ।

ਉਨ੍ਹਾਂ ਦੇ ਦਸਿਆ ਕਿ ਪੰਡਤ ਜੀ ਦੀ ਯਾਦ ਵਿਚ ਪਿੰਡ ਵਾਲਿਆਂ ਨੇ ਬੁੱਤ ਖੜ੍ਹਾ ਕੀਤਾ ਹੋਇਆ ਹੈ ਤੇ ਉਨ੍ਹਾਂ ਦੀ ਸ਼ਹਾਦਤ ਵਾਲੇ ਦਿਨ ਇਕੱਠ ਹੁੰਦਾ ਹੈ। ਫਿਰ ਉਨ੍ਹਾਂ ਨੇ ਪੰਡਤ ਜੀ ਦੇ ਬੁੱਤ ਵਾਲੀ ਤਸਵੀਰ ਵਿਖਾਈ।

ਮੈਂ ਪੰਡਤ ਜੀ ਦੀ ਬੁੱਤ ਦੀ ਤਸਵੀਰ ਵੇਖ ਕੇ ਹੈਰਾਨ-ਪਰੇਸ਼ਾਨ ਹੋ ਗਿਆ। ਪੰਡਤ ਜੀ ਦੇ ਲੱਕ ਧੋਤੀ ਬੱਧੀ ਹੋਈ ਸੀ ਪੈਰੀ ਚੱਪਲਾਂ ਪਾਈਆਂ ਹੋਈਆਂ ਸਨ। ਮੈਨੂੰ ਕੁਝ ਖਿਝ ਜਿਹੀ ਆ ਗਈ। ਮੈਂ ਕਿਹਾ, "ਪੰਡਤ ਜੀ ਗ਼ਦਰੀ ਸਨ। ਉਨ੍ਹਾਂ ਪਾਸ ਹਰ ਵੇਲੇ ਦੋ ਪਿਸਤੌਲ ਹੁੰਦੇ ਸਨ। ਮੀਲਾਂ ਭਰ ਨਸ ਭਜ ਲੈਂਦੇ ਸਨ। ਤੁਸਾਂ ਉਨ੍ਹਾਂ ਨੂੰ ਧੋਤੀ ਤੇ ਚਪਲਾਂ ਪੁਆ ਕੇ ਉਨ੍ਹਾਂ ਨੂੰ ਗਾਂਧੀ-ਵਾਦੀ ਜਾ ਆਰੀਆ-ਸਮਾਜੀ ਬਣਾ ਦਿਤਾ ਹੈ। ਪੰਡਤ ਜੀ ਨੇ ਸਾਰੀ ਇਨਸਾਨੀਅਤ ਦੀ ਆਜ਼ਾਦੀ ਲਈ ਕੁਰਬਾਨੀ ਕੀਤੀ ਸੀ। ਕਿਸੇ ਇਕ ਤਬਕੇ ਲਈ ਸ਼ਹਾਦਤ ਨਹੀਂ ਸੀ ਪਾਈ। ਤੁਸਾਂ ਪੰਡਤ ਜੀ ਦੀ ਸ਼ਹਾਦਤ ਨੂੰ ਮਹਿਦੂਦ ਕਰ ਦਿਤੈ। ਤੁਸਾਂ ਇਹ ਚੰਗਾ ਨਹੀਂ ਕੀਤਾ।"

ਮੈਂ ਪੱਟੀ ਜਾਣ ਤੋਂ ਇਨਕਾਰ ਕਰ ਦਿੱਤਾ। ਉਹ ਨਿਰਾਸ਼ ਹੋ ਕੇ ਪਿੰਡ ਮੁੜ ਗਏ।

'ਵਾਰੇਸ਼ਾਹ ਦੀ ਮੌਤ' ਨਾਵਲ 1984 ਵਿਚ ਛਪਿਆ ਸੀ। ਇਸ ਤੋਂ ਲਗਪਗ ਇਕ ਸਾਲ ਪਹਿਲੋਂ 'ਗ੍ਰੀਨ ਕਾਰਡ' ਨਾਵਲ ਛਪ ਚੁੱਕਾ ਸੀ।

ਇਸ ਨਾਵਲ ਦੀ ਪਿੱਠ-ਭੂਮੀ ਕੈਲੇਫੋਰਨੀਆ (ਅਮਰੀਕਾ) ਸੀ। ਪੰਜਾਬੋਂ ਬਾਹਰ ਵਸ ਗਏ ਪਰਿਵਾਰਾਂ ਦੀ ਇੱਛਾ ਹੁੰਦੀ ਹੈ ਕਿ ਧਰਮ ਸਭਿਅਤਾ ਤੇ ਰਹਿਣੀ-

ਬਹਿਣੀ ਨੂੰ ਕਾਇਮ ਰੱਖਣ ਲਈ ਬਚਿਆਂ ਦੇ ਰਿਸ਼ਤੇ ਪੰਜਾਬ ਕਰਕੇ ਮੁੰਡੇ-ਕੁੜੀਆਂ ਪੰਜਾਬ ਤੋਂ ਮੰਗਵਾਏ ਜਾਣ। ਦੂਜੇ ਪਾਸੇ ਪੰਜਾਬ ਦੇ ਨੌਜਵਾਨ ਤੇ ਮੁਟਿਆਰਾਂ ਪਰਦੇਸੀਂ ਜਾਣ ਲਈ ਤਾਂਘ ਰਹੇ ਹੁੰਦੇ ਹਨ।

ਇਸੇ ਤਰ੍ਹਾਂ ਇਕ ਰਿਸ਼ਤਾ ਜੁੜ ਜਾਂਦਾ ਹੈ। ਅਮਰੀਕਾ ਵਿਚ ਵਸ ਚੁੱਕਿਆ ਸਿੱਖ ਪਰਿਵਾਰ ਅਮਰੀਕਾ ਵਿਚ ਪੈਦਾ ਹੋਈ ਆਪਣੀ ਧੀ ਲਈ, ਅਖ਼ਬਾਰਾਂ ਰਾਹੀਂ ਮੁੰਡਾ ਲੱਭ ਲੈਂਦਾ ਹੈ। ਤਸਵੀਰਾਂ ਤੇ ਹੋਰ ਵੇਰਵੇ ਦਾ ਚਿਠੀਆਂ ਰਾਹੀਂ ਤਬਾਦਲਾ ਹੋ ਜਾਂਦਾ ਹੈ। ਮੁੰਡਾ ਅਮਰੀਕਾ ਪਹੁੰਚ ਜਾਂਦਾ। ਪਤਨੀ, ਸਕੂਲ ਪੜ੍ਹਾਂਦੀ ਹੈ। ਪਤੀ ਆਪਣੇ ਸਹੁਰੇ ਦੀ ਫ਼ਾਰਮ ਦਾ ਕੰਮ ਸੰਭਾਲ ਲੈਂਦਾ ਹੈ। ਉਸ ਦੀ ਇਕੋ ਇਕ ਧੀ ਹੀ ਔਲਾਦ ਹੈ। ਆਪਸ ਵਿਚ ਚੰਗਾ ਗੁਜ਼ਾਰਾ ਚਲਣ ਲਗ ਪੈਂਦਾ ਹੈ। ਮੁਟਿਆਰ ਦਾ ਪਿਤਾ ਆਪਣੀ ਧੀ ਤੇ ਜਵਾਈ ਵਿਚਲੇ ਪਿਆਰ-ਭਾਵਨਾ ਦੇਖ ਕੇ ਪ੍ਰਸੰਨ ਹੋ ਜਾਂਦਾ ਹੈ।

ਕੁਝ ਸਮਾਂ ਬੀਤ ਜਾਂਦਾ ਹੈ। ਇਕ ਦਿਨ ਤੜਕੇ ਹੀ ਗੱਭਰੂ ਖੇਤਾਂ ਵਲ ਚਲਾ ਜਾਂਦਾ ਹੈ। ਐਤਵਾਰ, ਹੋਣ ਕਰਕੇ ਮੁਟਿਆਰ ਦੇਰ ਨਾਲ ਉੱਠਦੀ ਹੈ। ਪਲੰਘ ਦੇ ਹੇਠਾਂ ਉਸ ਨੂੰ ਇਕ ਚਾਬੀ ਪਈ ਦਿਸਦੀ ਹੈ। ਉਹ ਤਾੜ ਲੈਂਦੀ ਹੈ ਕਿ ਚਾਬੀ ਤਾਂ ਪੋਸਟ ਔਫ਼ਿਸ ਵਾਲੇ ਕਿਸੇ ਡੱਬੇ ਦੀ ਹੈ। ਉਹ ਆਪਣੇ ਪੋਸਟ-ਆਫ਼ਿਸ ਵਾਲੇ ਡੱਬੇ ਦੀ ਚਾਬੀ ਲੱਭ ਕੇ, ਦੋਹਾਂ ਚਾਬੀਆਂ ਨੂੰ ਮਿਲਾਂਦੀ ਹੈ। ਦੋਹਾਂ ਦੇ ਨੰਬਰ ਵੱਖਰੇ ਹਨ।

ਉਹ ਘਬਰਾ ਕੇ ਪੋਸਟ-ਔਫਸ ਪਹੁੰਚ ਕੇ ਨਵੀਂ ਲਭੀ ਚਾਬੀ ਵਾਲਾ ਡੱਬਾ ਖੋਲ੍ਹਦੀ ਹੈ। ਉਹ ਇਕ ਵੱਡਾ ਸਾਰਾ ਲਫ਼ਾਫਾ ਖੋਲ੍ਹ ਕੇ, ਉਥੇ ਹੀ ਬਹਿ ਕੇ ਪੜ੍ਹਨ ਲਗ ਜਾਂਦੀ ਹੈ, "ਮੇਰੇ ਪਿਆਰੇ ਪਤੀ ਜੀਓ, ਤੁਸੀਂ ਵਚਨ ਦਿੱਤਾ ਸੀ ਕਿ ਤੁਸੀਂ ਮੈਨੂੰ ਆਪਣੇ ਪੁੱਤਰ ਨੂੰ ਤੁਹਾਡੇ ਪਿਛੋਂ ਪੈਦਾ ਹੋਈ ਧੀ ਨੂੰ ਛੇਤੀ ਹੀ ਅਮਰੀਕਾ ਮੰਗਵਾ ਲਵੋਗੇ। ਤੁਸੀਂ ਪਿਛਲੀ ਚਿੱਠੀ ਵਿਚ ਲਿਖਿਆ ਸੀ ਕਿ ਤੁਹਾਨੂੰ ਗ੍ਰੀਨ-ਕਾਰਡ ਮਿਲਣ ਵਿਚ ਅਜੇ ਕੁਝ ਹੋਰ ਸਮਾਂ ਲਗੇਗਾ। ਆਸ ਹੈ ਹੁਣ ਤਕ ਤੁਹਾਨੂੰ ਗ੍ਰੀਨ-ਕਾਰਡ ਮਿਲ ਚੁੱਕਾ ਹੋਵੇਗਾ ਤੇ ਤੁਸੀਂ ਨਵੇਂ ਬੰਧਨਾਂ ਵਿਚੋਂ ਛੁਟਕਾਰਾ ਪਾ ਚੁੱਕੇ ਹੋਵੋਗੇ। ਮੈਂ ਤੁਹਾਡੇ ਪੁੱਤਰ ਤੇ ਤੁਹਾਡੀ ਪਿਛੋਂ ਜੰਮੀ ਧੀ ਦੀਆਂ ਤਸਵੀਰਾਂ ਭੇਜ ਰਹੀ ਹਾਂ। ਤੁਹਾਡੇ ਹਰ ਮਹੀਨੇ ਭੇਜੇ ਦੋ ਹਜ਼ਾਰ ਰੁਪਏ, ਹਰ ਮਹੀਨੇ ਮਿਲ ਜਾਂਦੇ ਹਨ। ਮੈਂ ਖਰਚ ਨਹੀਂ ਕਰਦੀ। ਜਮ੍ਹਾਂ ਕਰਦੀ ਜਾਂਦੀ ਹਾਂ। ਮੈਂ ਤੁਹਾਨੂੰ ਕਿਹਾ ਸੀ ਕਿ ਤੁਸੀਂ ਆਪਣੀ 'ਨਵੀਂ ਜਾਗੋ' ਦੀ ਫੋਟੋ ਭੇਜੋ ਪਰ ਤੁਸੀਂ ਭੇਜੀ ਹੀ ਨਹੀਂ। ਮੈਂ ਹੁਣ ਹੋਰ ਉਡੀਕ ਨਹੀਂ ਕਰ ਸਕਦੀ।"

ਉਸ ਨੇ ਬੜੇ ਧੀਰਜ ਨਾਲ ਚਿੱਠੀ ਪੜ੍ਹੀ। ਤਸਵੀਰਾਂ ਵੇਖੀਆਂ। ਸਭ

ਕੁਝ ਸਮਝ ਗਈ ਕਿ ਉਸ ਨਾਲ ਧੋਖਾ ਹੋਇਆ। ਤਰੇਲੋ ਤਰੇਲੀ ਹੋਈ ਘਰ ਪਹੁੰਚੀ। ਚਿੱਠੀ ਤੇ ਤਸਵੀਰਾਂ ਆਪਣੇ ਪਿਓ ਦੇ ਹੱਥ ਵਿਚ ਫੜਾ ਕੇ, ਸਾਈਕਲ ਫੜ ਕੇ, ਐਤਵਾਰ ਹੁੰਦਿਆਂ ਵੀ, ਸਕੂਲ ਵਲ ਤੁਰ ਪਈ।

ਚੰਗੇ ਹਨੇਰੇ ਹੋਏ ਘਰ ਮੁੜੀ। ਉਸਦਾ ਪਤੀ, ਆਪਣੇ ਪਾਸਪੋਰਟ ਤੇ ਸਮਾਨ ਸਮੇਤ ਕਿਧਰੇ ਪਤਰਾ ਵਾਚ ਗਿਆ ਸੀ। ਉਸ ਦਾ ਪਿਓ, ਭੁੰਜੇ ਹੀ ਢਿਡ ਪਰਨੇ ਲੇਟਿਆ ਡੁਸਕ ਰਿਹਾ ਸੀ।

ਵਾਰੇਸ਼ਾਹ ਨਾਵਲ ਦੀ ਪਿੱਠ ਭੂਮੀ ਵੀ ਕੈਲੇਫੋਰਨੀਆ (ਅਮਰੀਕਾ) ਹੈ। ਨਾਇਕ ਦਾ ਅਸਲੀ ਨਾਮ ਹੈ "ਚਰਨ ਸਿੰਘ ਸੰਧੂ, ਪਿੰਡ ਭਢਾਣਾ।" ਦੇਸ਼ ਭਗਤ ਮੈਮੋਰੀਅਲ ਹਾਲ, ਜਲੰਧਰ ਦੇ ਸੰਗਮਰਮਰ ਦੇ ਪੱਥਰ ਉਤੇ ਵੀ ਉਸ ਦਾ ਨਾਮ ਖੁੱਦਿਆ ਹੋਇਆ ਹੈ। ਉਹ ਇਕ ਮਹਾਨ ਗ਼ਦਰੀ, ਮਹਾਨ ਦੇਸ਼ ਭਗਤ ਤੇ ਵਧੀਆ ਇਨਸਾਨ ਸੀ। ਉਸ ਦੀ ਰਗ ਰਗ ਵਿਚ, ਪੰਜਾਬ, ਪੰਜਾਬੀਅਤ ਤੇ ਪੰਜਾਬੀ ਭਰੀ ਹੋਈ ਸੀ। ਉਹ ਯਾਰਾਂ ਦਾ ਯਾਰ ਸੀ। ਗ਼ਦਰ ਲਹਿਰ ਦੇ ਦੂਜੇ ਦੌਰ ਵਿਚ ਉਹ ਤਿੰਨ-ਮੈਂਬਰੀ ਗ਼ਦਰੀ ਕਮਿਸ਼ਨ ਦਾ ਮੈਂਬਰ ਵੀ ਰਿਹਾ।

ਤੇਜਾ ਸਿੰਘ ਸੁਤੰਤਰ, ਬਾਬਾ ਗੁਰਮੁੱਖ ਸਿੰਘ ਲਲਤੋਂ, ਬਾਬਾ ਨਿਧਾਨ ਸਿੰਘ ਚੁੱਘਾ, ਭਾਈ ਸੰਤੋਖ ਸਿੰਘ, ਡਾਕਟਰ ਰਣਧੀਰ ਸਿੰਘ ਤੇ ਹੋਰ ਅਨੇਕਾਂ ਗ਼ਦਰੀਆਂ ਤੇ ਗ਼ਦਰ ਦੇ ਹਾਮੀਆਂ ਦੀਆਂ ਚਿੱਠੀਆਂ ਉਸ ਨੂੰ ਆਉਂਦੀਆਂ ਰਹਿੰਦੀਆਂ। ਉਨ੍ਹਾਂ ਚਿੱਠੀਆਂ ਵਿਚੋਂ ਕੁਝ ਚਿਠੀਆਂ ਅਜੇ ਵੀ ਮੇਰੇ ਪਾਸ ਮੌਜੂਦ ਹਨ।

ਗ਼ਦਰ ਗੂੰਜਾਂ ਤੇ ਵਾਰਸ ਸ਼ਾਹ ਦੀ ਹੀਰ ਗਾਉਂਦਾ ਗਾਉਂਦਾ ਮਸਤ ਹੋ ਜਾਂਦਾ। ਕਈ ਲੋਕ ਉਨ੍ਹਾਂ ਨੂੰ 'ਵਾਰੇ ਸ਼ਾਹ' ਕਹਿ ਕੇ ਬੁਲਾਉਣ ਲਗ ਪਏ। ਜਦ ਕਦੇ ਉਸ ਦਾ ਕੋਈ ਜਾਣੂੰ ਦੇਸ਼ ਦੇ ਕੰਮ ਵਿਚ ਹਿੱਸਾ ਪਾਉਣੋ ਝੱਕੇ ਤਾਂ ਉਹ ਝੱਟ ਗਾ ਉੱਠਦਾ-

"ਜਿਹੜਾ ਮੌਤ ਤੋਂ ਡਰੇ ਨਿਧਾਨ ਸਿੰਘਾ
ਉਹਨੂੰ ਆਖਣਾ ਕਿਸੇ ਪਤੰਗ ਨਹੀਂ ਓਂ।"

'ਵਾਰੇ ਸ਼ਾਹ ਦੀ ਮੌਤ ਦਾ ਅੰਤਲਾ ਸੀਨ ਇਸ ਤਰ੍ਹਾਂ ਹੈ:-

'ਨਾ ਮੀਤੂ, ਨਾ ਸ਼ੈਰਨ, ਨਾ ਸ਼ੀਲਾ ਨਾ ਰੌਨ, ਨਾ ਟੈਡ, ਨਾ ਪਾਲ ਨਾ ਜੈਗਰ ਨਾ ਜੈਸ ਨਾ ਹੀ ਜਾਰਜ ਕੋਈ ਵੀ ਮੇਰੀ ਬਾਤ ਨਹੀਂ ਜਾਣਦਾ। ਵਾਰੇ ਸ਼ਾਹ ਮਰਿਆ ਕਿ ਮਰਿਆ। ਓਏ ਲੋਕੋ! ਵਾਰੇਸ਼ਾਹ ਦੀ ਮੌਤ ਤੋਂ ਪਹਿਲੋਂ ਮੈਨੂੰ ਮਰ

ਲੈਣ ਦਿਓ...। ਕੀਰਤੀਏ! ਤੂੰ ਨਾ ਮਰਨ ਦਈਂ ਵਾਰੇ-ਸ਼ਾਹ ਨੂੰ। ਮੈਂ ਮੀਤੂ ਨੂੰ ਜੁਤੀਆਂ ਮਾਰੂੰ। ਘਰੋਂ ਕਢ ਦਊਂ।

ਜੈਕੀ ਤੇ ਸ਼ੈਲੀ ਹੰਝੂਆਂ ਭਰੀਆਂ ਅੱਖਾਂ ਨਾਲ ਉਸ ਵਲ ਵੇਖ ਰਹੀਆਂ ਸਨ। ਉਸ ਦਾ ਚਿਹਰਾ ਲਥਾ ਹੋਇਆ ਸੀ। ਫਿਰ ਵੀ ਉਹ ਗਾ ਉਠਿਆ-

"ਡੋਲੀ ਚੜ੍ਹਦਿਆਂ ਮਾਰੀਆਂ ਹੀਰ ਚੀਕਾਂ
ਮੈਨੂੰ ਲੈ ਚਲੇ ਬਾਬਲਾ, ਲੈ ਚਲੇ ਵੇ
ਮੈਨੂੰ ਲੈ ਚਲੇ ਬਾਬਲਾ, ਲੈ ਚਲੇ ਵੇ।"

ਕੁਝ ਸਾਹ ਲੈ ਕੇ, ਦੋਹਾਂ ਸਿਰਹਾਣਿਆਂ ਦਾ ਗੱਦਾ ਬਣਾ ਕੇ, ਢੋਅ ਲਾ ਕੇ ਬੈਠਦਿਆਂ ਬੋਲਿਆ- "ਡਾਲੀ, ਮੇਰਾ ਪੁੱਤ ਧੀ, ਮੇਰੇ ਪੋਤੇ, ਮੇਰਾ ਦੋਹਤਾ ਜਾਂ ਦੋਹਤੀ ਕੋਈ ਵੀ ਮੇਰੇ ਮਰਨ ਵੇਲੇ, ਵਾਰੇ-ਸ਼ਾਹ ਦੀ ਹੀਰ ਦਾ ਬੰਦ ਸੁਣਾ ਦਏ ਤਾਂ ਮੇਰਾ ਸਾਹ ਸੌਖਾ ਨਿਕਲੂ। ਮੈਂ ਸਿੱਧਾ ਸੁਰਗਾਂ ਨੂੰ ਜਾਊਂ, ਭਾਵੇਂ ਮੈਂ ਸੜੇ-ਸੁਰਗਾਂ ਨੂੰ ਕੋਈ ਨਹੀਂ ਮੰਨਦਾ।"

ਜੈਕੀ, ਉਸ ਦੇ ਵਹਿ ਤੁਰੇ ਹੰਝੂ ਆਪਣੇ ਰੁਮਾਲ ਨਾਲ ਪੂੰਝ ਰਹੀ ਸੀ।

(ਨੋਟ : ਬਾਬਾ ਚਰਨ ਸਿੰਘ ਭਢਾਣਾ ਦੇ ਚਲੇ ਜਾਣ ਤੋਂ ਮਗਰੋਂ, ਉਸਦੇ ਜੀਵਨ ਦੇ ਆਧਾਰ 'ਤੇ 'ਗ਼ਦਰੀ ਬਾਬਾ ਚਰਨ ਸਿੰਘ ਸੰਧੂ' 62 ਸਫ਼ਿਆਂ ਦੀ ਪੁਸਤਕ ਲਿਖੀ ਜੋ 1987 ਵਿਚ ਛਪੀ)

'ਤੀਜੀ ਪੀੜ੍ਹੀ' ਨਾਵਲ 'ਗ਼ਦਰੀ ਗੁਲਾਬ' ਨਾਵਲ ਤੋਂ ਕੁਝ ਮਹੀਨੇ ਪਹਿਲੋਂ ਛਪ ਚੁੱਕਾ ਸੀ। 'ਤੀਜੀ-ਪੀੜ੍ਹੀ' ਨਾਵਲ ਦੀ ਪਿਠ ਭੂਮੀ-ਇੰਗਲੈਂਡ ਹੈ। ਇਹ ਗਾਥਾ ਉਨ੍ਹਾਂ ਦਿਨਾਂ ਦੀ ਹੈ ਜਦ ਬੇਰੁਜ਼ਗਾਰੀ ਤੇ ਸਰਕਾਰੂ ਜਬਰ-ਵਦੀ ਆਦਿ ਤੋਂ ਛੁਟਕਾਰਾ ਪਾਉਣ ਲਈ ਪੇਂਡੂ ਕਿਸਾਨ ਨੌਜਵਾਨਾਂ ਨੇ ਇੰਗਲੈਂਡ ਵਲ ਵਹੀਰਾ ਘੱਤ ਦਿੱਤੀਆਂ ਸਨ। ਆਪਣੇ ਖੇਤ ਵੇਚ ਕੇ ਜਾਂ ਗਹਿਣੇ ਪਾ ਕੇ ਹਜ਼ਾਰਾਂ ਦੀ ਗਿਣਤੀ ਵਿਚ ਪੰਜਾਬੀ ਗਭਰੂ ਇੰਗਲੈਂਡ ਪਹੁੰਚ ਰਹੇ ਸਨ।

ਪੈਂਤੀ ਕੁ ਸਾਲਾਂ ਦਾ ਇਕ ਨੌਜਵਾਨ ਲੰਡਨ ਪਹੁੰਚ ਕੇ ਰਬੜ ਫੈਕਟਰੀ ਵਿਚ ਮਜ਼ਦੂਰੀ ਕਰ ਲੈਂਦਾ ਹੈ। ਫਿਰ ਆਪਣੀ ਪਤਨੀ ਪੁਤਰ ਤੇ ਧੀ ਨੂੰ ਮੰਗਵਾ ਲੈਂਦਾ ਹੈ। ਪੁੱਤਰ ਤੇ ਧੀ ਸਕੂਲਾਂ ਵਿਚ ਨਸਲਵਾਦ ਦਾ ਸ਼ਿਕਾਰ ਹੁੰਦੇ ਹਨ। ਉਸ ਦੀ ਘਰਵਾਲੀ ਅੰਗਰੇਜ਼ੀ ਨਾ ਜਾਨਣ ਕਾਰਨ, ਘਰ ਵਿਚ ਬੈਠੀ ਹੀ ਕਈ ਘੰਟੇ ਕਪੜੇ ਸੀਉਣ ਵਾਲੀ ਮਸ਼ੀਨ ਚਲਾ ਕੇ ਅਕ ਥਕ ਜਾਂਦੀ ਹੈ। ਬਜ਼ੁਰਗ ਦਾ ਮਨ ਨਹੀਂ ਲਗਦਾ। ਉਹ ਹਰ ਰੋਜ਼ ਮੁੜਨ ਦੀ ਗੱਲ ਤੋਰ ਲੈਂਦਾ ਹੈ।

ਬਜ਼ੁਰਗ ਹਰ ਰੋਜ਼ ਦੇਸ਼ ਮੁੜਨ ਦੀ ਸੋਚਦਾ ਹੈ। ਬੱਚੇ ਦੇਸ਼ ਜਾਣ ਵਾਸਤੇ ਕਦੇ ਸੋਚਦੇ ਤਕ ਨਹੀਂ। ਉਨ੍ਹਾਂ ਦੀ ਰਹਿਣੀ-ਬਹਿਣੀ ਗੋਰਿਆਂ ਵਾਲੀ ਹੁੰਦੀ ਜਾਂਦੀ ਹੈ। ਬੱਚਿਆਂ ਤੇ ਬਾਪ ਤੇ ਵਿਚਾਲੇ ਉਹ ਆਪ ਤੇ ਓਹਦੀ ਪਤਨੀ ਰਹਿ ਜਾਂਦੀ ਹੈ। ਤਿੰਨਾਂ ਪੀੜ੍ਹੀਆਂ ਦੀਆਂ ਆਸਾਂ ਆਪਸ ਵਿਚ ਟਕਰਾਉਂਦੀਆਂ ਹਨ। ਕੀ ਘਰ ਤੇ ਕੀ ਬਾਹਰ ਨਰਕ ਦਾ ਰੂਪ ਧਾਰ ਲੈਂਦੇ ਹਨ।

'ਗ਼ਦਰੀ-ਗੁਲਾਬ' ਨਾਵਲ 1987 ਵਿਚ ਛਪਦਾ ਹੈ। ਇਸ ਨਾਵਲ ਦੀ ਨਾਇਕਾ ਗੁਲਾਬ ਕੌਰ, ਹਜ਼ਾਰਾਂ ਗ਼ਦਰੀਆਂ ਦੀ ਇਕੋ ਇਕ ਭੈਣ ਹੈ। ਜਦ ਉਹ ਮਨੀਲੇ ਤੋਂ ਦੇਸ਼ ਵਲ ਮੁੜਦੀ ਹੈ- ਗ਼ਦਰ ਮਚਾਉਣ ਲਈ, ਤਾਂ ਉਨ੍ਹਾਂ ਦਾ ਪਹਿਲਾਂ ਪੜਾਅ ਹਾਂਗਕਾਂਗ ਹੁੰਦਾ ਹੈ। ਹਾਂਗਕਾਂਗ ਗੁਰਦਆਰੇ ਵਿਚ ਸੰਗਤ ਜੁੜਦੀ ਹੈ- ਗੁਲਾਬ ਕੌਰ, ਲੋਕਾਂ ਨੂੰ ਗ਼ਦਰ ਮਚਾਉਣ ਦਾ ਹੋਕਾ ਦਿੰਦੀ ਹੈ। ਜੋਸ਼ ਵਿਚ ਆਈ ਉਹ ਆਪਣੀਆਂ ਕੱਚ ਦੀਆਂ ਵੰਗਾਂ ਤੋੜ ਕੇ ਸੰਗਤ ਵਿਚ ਸੁਟਦੀ ਸ਼ੇਰਨੀ ਵਾਂਗੂੰ ਦਹਾੜਦੀ ਹੈ- "ਗਭਰੂਓ! ਪਾ ਲਓ ਵੰਗਾਂ ਜੇ ਦੇਸ਼ ਦੀ ਆਜ਼ਾਦੀ ਵਾਸਤੇ ਗ਼ਦਰ ਮਚਾਉਣ ਨੂੰ ਤਿਆਰ ਨਹੀਂ ਹੁੰਦੇ ਤਾਂ।"

ਮੇਰੀ ਖੁਸ਼ਕਿਸਮਤੀ ਹੈ ਕਿ ਮੈਂ ਉਸ ਗੁਰ-ਅਸਥਾਨ ਦੇ ਕਈ ਵਾਰ ਦਰਸ਼ਨ ਕੀਤੇ ਹਨ ਜਿਥੇ ਗੁਲਾਬ ਕੌਰ ਨੇ ਗ਼ਦਰ ਮਚਾਉਣ ਦਾ ਹੋਕਾ ਦਿੱਤਾ ਸੀ। ਇਸ ਗੁਰੂ ਘਰ ਦਾ ਬੜਾ ਨਰੋਆ ਤੇ ਵੱਡਾ ਇਤਿਹਾਸ ਹੈ। ਭਾਈ ਭਗਵਾਨ ਸਿੰਘ ਜੀ ਪ੍ਰਧਾਨ ਗ਼ਦਰ ਪਾਰਟੀ ਨੇ ਇਸੇ ਗੁਰੂ-ਘਰ ਵਿਚ ਤਿੰਨ ਸਾਲ ਸੇਵਾ ਕਰ ਕੇ, ਲੋਕਾਂ ਨੂੰ ਆਜ਼ਾਦੀ ਦੀ ਲੜਾਈ ਲੜਨ ਲਈ ਤਿਆਰ ਕੀਤਾ ਸੀ।

ਭਾਈ ਭਾਗ ਸਿੰਘ ਭਿਖੀ ਵਿੰਡ ਪ੍ਰਧਾਨ ਖਾਲਸਾ ਦੀਵਾਨ ਸੋਸਾਇਟੀ, ਵੈਨਕੂਵਰ ਦਾ ਪੁੱਤਰ ਜੋਰਿੰਦਰ ਸਿੰਘ ਦਾ ਜਨਮ ਵੀ ਇਥੇ ਹੀ ਹੋਇਆ ਸੀ। ਭਾਈ ਬਲਵੰਤ ਸਿੰਘ ਜੀ ਪਹਿਲੇ ਗ੍ਰੰਥੀ ਗੁਰਦੁਆਰਾ ਵੈਨਕੂਵਰ ਵੀ ਉਸ ਸਮੇਂ ਪਰਿਵਾਰ ਸਮੇਤ ਸਨ। ਇਨ੍ਹਾਂ ਦੋਹਾਂ ਨੇ ਪਹਿਲੀ ਵਾਰੀ ਆਪਣੇ ਪਰਿਵਾਰ ਕੈਨੇਡਾ ਲਿਆਉਣ ਲਈ ਯਤਨ ਕੀਤੇ ਤੇ ਹੋਰਨਾਂ ਪਰਿਵਾਰਾਂ ਲਈ ਲੀਹ ਪਾਈ। ਭਾਈ ਬਲਵੰਤ ਸਿੰਘ ਜੀ ਨੇ ਇਸੇ ਗੁਰਧਾਮ ਵਿਚ ਇਹ ਗੱਲ ਤੋਰੀ ਕਿ ਸਿੱਧੇ ਜਹਾਜ਼ ਦੀ ਸ਼ਰਤ ਨੂੰ ਤੋੜਨ ਲਈ ਆਪਣਾ ਜਹਾਜ਼ ਕੈਨੇਡਾ ਲਿਜਾਇਆ ਜਾਏ। ਉਨ੍ਹਾਂ ਨੇ ਭਾਈ ਤਖ਼ਤ ਸਿੰਘ ਜੀ ਕੰਨਿਆ-ਮਹਾਂਵਿਦਿਆਲਾ ਫਿਰੋਜ਼ਪੁਰ ਦੀ ਸਹਾਇਤਾ ਨਾਲ ਜਹਾਜ਼ ਚਲਾਉਣ ਦੀ ਸਕੀਮ ਨੂੰ ਤੋਰਿਆ ਸੀ ਤੇ ਬਾਬਾ ਗੁਰਦਿਤ ਸਿੰਘ ਨੇ ਕਾਮਾਗਾਟਾਮਾਰੂ (ਗੁਰੂ ਨਾਨਕ ਜਹਾਜ਼) ਜਹਾਜ਼ ਕੈਨੇਡਾ ਲਿਜਾ ਕੇ ਇਸ ਗੱਲ ਤੇ ਅਮਲ ਕੀਤਾ ਸੀ।

ਗੁਰੂ ਘਰ ਹਾਂਗਕਾਂਗ ਇਕ ਤਰ੍ਹਾਂ ਦਾ ਗ਼ਦਰੀਆਂ ਦਾ ਅੱਡਾ ਬਣ ਚੁੱਕਿਆ ਸੀ। ਗ਼ਦਰੀਆਂ ਦੀ ਇਕੋ ਇਕ ਭੈਣ ਬਾਰੇ ਨਾਵਲ ਲਿਖਣ ਦੀ ਵੀ ਪ੍ਰੇਰਨਾ ਲੇਖਕ ਨੂੰ ਗ਼ਦਰ ਲਹਿਰ ਦੇ ਖੋਜੀ ਤੇ ਲੇਖਕ ਕਾਮਰੇਡ ਗੁਰਚਰਨ ਸਿੰਘ ਜੀ ਸਹਿੰਸਰਾ ਨੇ ਦਿੱਤੀ ਸੀ। ਇਸ ਲਈ ਮੈਂ ਇਹ ਨਾਵਲ ਵੀ ਉਨ੍ਹਾਂ ਨੂੰ ਹੀ ਸਮਰਪਿਤ ਕੀਤਾ ਸੀ।

* * *

ਮੈਂ 1937 ਦੇ ਅੰਤ ਵਿਚ ਪੀਨਾਂਗ (ਮਲਾਯਾ) ਪਹੁੰਚਾ ਸਾਂ। ਕੁਝ ਮਹੀਨਿਆਂ ਮਗਰੋਂ ਹੀ ਗ਼ਦਰੀ ਬਾਬਾ ਚੰਦਾ ਸਿੰਘ ਜੀ ਮੋਹੀਆ ਨੇ ਸਿਆਮ ਤੋਂ ਆ ਦਰਸ਼ਨ ਦਿਤੇ। ਇਨ੍ਹਾਂ ਦੀ ਸੰਗਤ ਤੋਂ ਪਤਾ ਲੱਗਾ ਕਿ ਜਾਪਾਨੀ ਸਰਕਾਰ, ਅੰਗਰੇਜ਼ਾਂ ਦੇ ਖਿਲਾਫ਼ ਲੜਨ ਲਈ ਜੰਗੀ ਤਿਆਰੀ ਕਰ ਰਹੀ ਹੈ। ਉਨ੍ਹਾਂ ਨੇ ਮੈਨੂੰ ਜਾਪਾਨੀ ਬੋਲੀ ਸਿੱਖਣ ਦੀ ਹਦਾਇਤ ਕੀਤੀ। ਉਨ੍ਹਾਂ ਦਿਨਾਂ ਵਿਚ ਜਾਪਾਨੀ ਫੋਟੋਗ੍ਰਾਫ਼ਰ, ਖਿਡੌਣੇ ਵੇਚਣ ਵਾਲੇ ਦੁਕਾਨਦਾਰ ਤੇ ਕੈਮਿਸਟ ਆਦਿ ਹਰ ਸ਼ਹਿਰ ਖਿਲਰੇ ਹੋਏ ਸਨ। ਬਾਬਾ ਜੀ ਤੋਂ ਪਤਾ ਲਗਾ ਕਿ ਜਾਪਾਨੀ ਲੋਕ, ਜਾਪਾਨੀ ਸਰਕਾਰ ਦੇ ਖ਼ੁਫ਼ੀਏ ਹਨ। ਉਨ੍ਹਾਂ ਦਾ ਵਿਚਾਰ ਸੀ ਕਿ ਜੰਗ ਲਗਣ ਸਾਰ, ਸਾਨੂੰ ਜਾਪਾਨੀਆਂ ਨਾਲ ਮਿਲ ਕੇ ਅੰਗਰੇਜ਼ਾਂ ਨੂੰ ਹਿੰਦੁਸਤਾਨ ਵਿਚੋਂ ਕੱਢਣ ਦਾ ਯਤਨ ਕਰਨਾ ਚਾਹੀਦਾ ਹੈ। ਉਹ ਇਹ ਵੀ ਕਹਿੰਦੇ ਕਿ ਜਾਪਾਨੀ ਜੰਗ ਕਦੇ ਨਹੀਂ ਜਿੱਤ ਸਕਣਗੇ ਕਿਉਂਕਿ ਇਨ੍ਹਾਂ ਨੇ ਚੀਨ ਨਾਲ ਪੰਗਾ ਲਿਆ ਹੋਇਆ ਹੈ ਤੇ ਹੁਣ ਅੰਗੋਰਜ਼ਾਂ ਡੱਚਾਂ, ਫਰੈਂਚਾ ਤੇ ਅਮਰੀਕਨਾ ਨਾਲ ਵੀ ਪੰਗਾ ਲੈਣ ਨੂੰ ਫਿਰਦੇ ਹਨ ਪਰ ਇਸ ਜੰਗ ਤੋਂ ਸਾਨੂੰ ਜ਼ਰੂਰ ਲਭ ਉਠਾਉਣਾ ਚਾਹੀਦਾ ਹੈ ਤੇ ਦੁਸ਼ਮਣ ਜਾਪਾਨ ਨਾਲ ਜ਼ਰੂਰ ਰਲਣਾ ਚਾਹੀਦਾ ਹੈ। ਇਸ ਲਈ ਨੌਜਵਾਨਾਂ ਨੂੰ ਚਾਹੀਦਾ ਹੈ ਕਿ ਜਾਪਾਨੀ ਸਿੱਖਣ।

ਖਿਡੌਣੇ ਵੇਚਣ ਵਾਲੇ ਇਕ ਜਾਪਾਨੀ ਨਾਲ ਮੈਂ ਗੱਲ ਕੀਤੀ। ਉਹ ਜਾਣ ਗਿਆ ਕਿ ਮੈਂ ਅੰਗੋਰਜ਼-ਹੁਕਮਰਾਨਾ ਦੇ ਖਿਲਾਫ਼ ਹਾਂ। ਜਾਪਾਨੀ ਬੋਲਣੀ ਮੈਂ ਸਿੱਖ ਗਿਆ। ਜੰਗ ਛਿੜਨ ਤੋਂ ਪਹਿਲੋਂ ਹੀ ਬੰਕੋਕ (ਸਿਆਮ) ਵਿਚ ਅੰਗਰੇਜ਼ਾਂ ਦੇ ਖਿਲਾਫ਼ ਲਹਿਰ ਤੁਰੀ ਹੋਈ ਸੀ। ਗਿਆਨੀ ਪ੍ਰੀਤਮ ਜੀ ਸਰਲੀ ਨਾਰੋਕੇ, ਉਥੋਂ ਦੇ ਗੁਰਦੁਆਰੇ ਦੇ ਪ੍ਰਚਾਰਕ ਸਨ। ਉਨ੍ਹਾਂ ਨੇ ਖੁਫ਼ੀਆ ਤੌਰ ਤੇ ਜਾਪਾਨ-ਸਰਕਾਰ ਨਾਲ ਸੰਬੰਧ ਬਣਾਏ ਹੋਏ ਸਨ। ਬਾਬਾ ਚੰਦਾ ਸਿੰਘ ਜੀ ਦੇ ਕਹਿਣ ਤੇ ਮੈਂ ਬੰਕੋਕ ਪਹੁੰਚੇ। ਉਥੋਂ ਦਾ ਮਾਹੌਲ, ਅੰਗਰੇਜ਼ਾਂ ਦੇ ਖਿਲਾਫ਼ ਬੜਾ ਗਰਮ ਸੀ। ਮੈਂ ਉਚੇਚੇ ਤੌਰ ਤੇ ਚੈਂਗਮਈ ਸ਼ਹਿਰ ਵੀ ਗਿਆ। ਉਸ ਗੁਰਦੁਆਰੇ ਦੇ ਦਰਸ਼ਨ ਕੀਤੇ ਜਿਥੋਂ

ਦੇ ਗ੍ਰੰਥੀ ਸਾਹਿਬ ਭਾਈ ਵਸਾਵਾ ਸਿੰਘ ਜੀ ਬਾੜਾ (ਹੁਸ਼ਿਆਰਪੁਰ) ਨੂੰ ਪੰਡਤ ਸੋਹਣ ਲਾਲ ਜੀ ਨਾਲ ਮਾਂਡਲੇ ਵਿਚ ਫਾਂਸੀ ਦੇ ਕੇ ਸ਼ਹੀਦ ਕੀਤਾ ਗਿਆ ਸੀ। ਗ਼ਦਰੀ ਬਾਬਾ ਅਮਰ ਸਿੰਘ ਜੀ ਸ਼ੇਰਪੁਰ ਇੰਜਨੀਅਰ ਦੇ ਦੋਸਤਾਂ-ਮਿੱਤਰਾਂ ਨੂੰ ਵੀ ਮਿਲਿਆ ਜਿਸ ਨੂੰ ਮਾਂਡਲੇ ਕੇਸ ਵਿਚ ਉਮਰ ਕੈਦ ਬੋਲੀ ਸੀ। ਇਸ ਮਾਹੌਲ ਵਿਚ ਮੇਰਾ ਮਨ ਜਾਪਾਨੀ ਸਿਖਣ ਲਈ ਹੋਰ ਪੱਕਾ ਹੋ ਗਿਆ ਸੀ।

ਜਦ ਮੈਂ ਸਵਾਮੀ ਸਤਿਆ-ਨੰਦ-ਪੁਰੀ ਦੇ ਆਸ਼ਰਮ ਗਿਆ ਤਾਂ ਪਤਾ ਲੱਗਾ ਕਿ ਉਹ ਤਾਂ ਅਗੇ ਹੀ ਆਜ਼ਾਦੀ ਦੀ ਹੋਲੀ ਖੇਡਣ ਲਈ ਤਿਆਰ ਬੈਠੇ ਸਨ। ਇਹ ਆਸ਼ਰਮ ਇਕ ਤਰਾਂ ਦੀ ਨਾਲ ਟੈਗੋਰ ਦੇ ਆਸ਼ਰਮ ਦੀ ਹੀ ਬਰਾਂਚ ਸੀ।

ਜਦ ਮੈਂ ਪੀਨਾਂਗ ਮੁੜਿਆ ਤਾਂ ਸਭ ਕੰਮ ਛਡ ਕੇ ਸਾਰਾ ਜ਼ੋਰ ਜਾਪਾਨੀ ਸਿਖਣ ਤੇ ਲਾ ਦਿੱਤਾ। ਹੁਣ ਮੈਂ ਜਦ ਵੀ ਖਿਡੌਣੇ ਵੇਚਣ ਵਾਲੇ ਜਾਪਾਨੀ ਪਾਸ ਜਾਂਦਾ ਤਾਂ ਜਾਪਾਨੀ ਵਿਚ ਗੱਲਾਂ ਬਾਤਾਂ ਕਰਦਾ। ਜਦ ਜੰਗ ਲਗੀ ਤਾਂ ਪਤਾ ਲਗਾ ਕਿ ਉਹ ਜਾਪਾਨੀ ਵਪਾਰੀ- ਪੀਨਾਂਗ ਰਹਿਣ ਵਾਲੇ ਸਾਰੇ ਜਾਪਾਨੀਆਂ ਦਾ ਵੱਡਾ ਖ਼ੁਫ਼ੀਆ ਅਫ਼ਸਰ ਕਰਨਲ ਸੀ।

ਫਿਰ ਉਹ ਵਕਤ ਆਇਆ ਜਦ ਮੈਨੂੰ ਆਜ਼ਾਦ ਸਕੂਲ- ਸਿੰਘਾਪੁਰ ਵਿਚ ਗ਼ਦਰੀ ਇਤਿਹਾਸ ਤੇ ਜਾਪਾਨੀ ਸਿਖਾਉਣ ਲਈ ਨਿਯਤ ਕੀਤਾ ਗਿਆ। ਜਦ ਆਜ਼ਾਦ ਹਿੰਦ ਫੌਜ ਬਰਮਾ-ਭਾਰਤ ਦੀ ਹੱਦ ਉੱਤੇ ਪਹੁੰਚੀ ਤਾਂ ਮੈਨੂੰ ਵੀ ਪਹੁੰਚਣ ਦਾ ਸਮਾਂ ਦਿੱਤਾ ਗਿਆ। ਇਹ ਜਾਪਾਨੀ ਸਿੱਖਣ ਦਾ ਹੀ ਕ੍ਰਿਸ਼ਮਾ ਸੀ।

ਜਾਪਾਨੀ ਅੰਤ ਵਿਚ ਹਾਰ ਰਹੇ ਸਨ ਪਰ ਅਮਰੀਕਾ ਨੇ ਐਟਮ ਬੰਬ ਦੀ ਵਰਤੋਂ ਕਰਕੇ ਇਨਸਾਨੀਅਤ ਦਾ ਕਤਲੇਆਮ ਕੀਤਾ। ਫਿਰ ਇਹੋ ਤਜਰਬਾ ਨਾਗਾਸਾਕੀ ਵਿਚ ਕੀਤਾ।

ਫੌਜਾਂ ਵਿਚ ਮਰਨਾ ਤੇ ਮਾਰਨਾ ਹੀ ਸਿਖਾਇਆ ਜਾਂਦਾ ਹੈ। ਫਿਰ ਵੀ ਉਨ੍ਹਾਂ ਲੋਕਾਂ ਵਿਚੋਂ ਵੀ ਕਈ ਬੰਦੇ ਨਿਕਲ ਆਉਂਦੇ ਹਨ ਜਿਨ੍ਹਾਂ ਵਿਚੋਂ ਇਨਸਾਨੀਅਤ ਨਹੀਂ ਮਰਦੀ। ਮੇਰੇ ਅਜਿਹੇ ਜਾਪਾਨੀ ਵੀ ਦੋਸਤ ਸਨ। ਸਭ ਤੋਂ ਵੱਡਾ ਦੋਸਤ ਸਾਕੂਗਸਨ ਸੀ। ਇਨ੍ਹਾਂ ਦੋਸਤਾਂ ਦੀਆਂ ਯਾਦਾਂ ਵਿਚ ਮੈਂ ਕਈ ਵਾਰੀ ਘਰ ਬੈਠਾ ਹੀ ਜਾਪਾਨ ਪਹੁੰਚ ਜਾਂਦਾ।

ਜਦ ਮੈਂ ਜਾਪਾਨ ਪਹੁੰਚਾ ਤਾਂ ਮੇਰਾ ਦੋਸਤ ਸਾਕੂਗਸਨ ਤਾਂ ਸਾਰਾ ਜ਼ੋਰ ਲਾਉਣ ਤੇ ਵੀ ਨਹੀਂ ਲਭ ਸਕਿਆ। ਪਰ ਕੁਝ ਮਹੀਨਿਆਂ ਵਿਚ ਹੀ ਮੈਨੂੰ ਹਜ਼ਾਰਾਂ ਸਾਕੂਗਸਨ ਮਿਲ ਪਏ। ਉਨ੍ਹਾਂ ਦੇ ਦੁੱਖਾਂ ਤੇ ਸੰਗਤ ਨੇ ਮੈਨੂੰ ਹੀਰੋਸ਼ੀਮਾ ਨਾਵਲ ਲਿਖਣ ਲਈ ਮਜ਼ਬੂਰ ਕਰ ਦਿੱਤਾ।

ਪਿਆਰਾ ਸਿੰਘ ਸਹਿਰਾਈ ਦੀ ਇਕ ਚਿੱਠੀ ਦਾ ਕੁਝ ਹਿੱਸਾ-

"ਤੁਸੀਂ ਜੰਗੀ ਕੈਦੀ ਤੋਂ ਹੀਰੋਸ਼ੀਮਾ ਤਕ ਦਾ ਲੰਮਾ ਪੰਧ ਮਾਰਿਆ ਹੈ ਅਤੇ ਸਫ਼ਲ ਇਤਿਹਾਸਕ ਨਾਵਲਾਂ ਦੀ ਰਚਨਾ ਕੀਤੀ ਹੈ। ਮੈਨੂੰ ਦੋ-ਦਹਾਕੇ ਪਹਿਲੋਂ ਜੰਗੀ ਕੈਦੀ ਨੇ ਤੁਹਾਡੇ ਨਾਲ, ਇਕ ਪਾਠਕ ਤੇ ਤੌਰ ਤੇ ਜੋੜਿਆ ਸੀ ਤੇ ਪ੍ਰਸੰਸਕ ਬਣਾ ਲਿਆ ਸੀ। ਅੱਜ ਹੀਰੋਸ਼ੀਮਾ ਨੇ ਤੁਹਾਡੇ ਅੰਦਰਲੇ ਨਾਲ, ਤੁਹਾਡੀ ਆਤਮਾ ਨਾਲ ਮੇਰੀ ਸੰਪੂਰਨ ਜਾਣ ਪਛਾਣ ਕਰਵਾਈ। ਮਨੁੱਖਤਾ ਨੂੰ ਪੂਰੇ ਦਿਲ ਤੇ ਪੂਰੀ ਆਤਮਾ ਨਾਲ ਪਿਆਰ ਕਰਨ ਵਾਲਾ ਹੀ, ਅਮਨ ਦਾ ਕੋਈ ਪੁਜਾਰੀ ਹੀ ਨਹੀਂ ਸਗੋਂ ਘੁਲਾਟੀਆਂ ਵੀ ਦੁਨੀਆ ਦੇ ਇਤਿਹਾਸ ਵਿਚ ਵਾਪਰੀ, ਇਕ ਸਭ ਤੋਂ ਵੱਡੀ ਟਰੈਜਡੀ ਦੀ ਵਾਰਤਾ ਕਲਮਬੰਦ ਕਰ ਸਕਦਾ ਸੀ ਤੇ ਉਹ ਵੀ ਨਾਵਲ ਦੇ ਪ੍ਰਮਾਣਿਕ ਇਤਿਹਾਸਕ ਰੂਪ ਵਿਚ।

"ਮੈਂ ਇਹ ਨਾਵਲ ਪੜ੍ਹਿਆ ਸੀ ਤਾਂ ਅਤਿ ਡੂੰਘਾਈਆਂ ਵਿਚ ਟੁੰਬਿਆ ਗਿਆ ਸਾਂ। ਇਸਦੇ ਕਈ ਪਾਤਰ-ਤੈਤਸ਼, ਯੂਸੀਕਾ, ਮੇਗੂਮੀ, ਸਕੋਮੀ, ਤਾਨਾਕਾ ਕੈਨ ਜੀ, ਆਬਾ ਕੋ ਆਦਿ ਅਜੇ ਤਕ ਮੇਰੇ ਚੇਤਿਆਂ ਵਿਚ ਵਸੇ ਹੋਏ ਹਨ। ਇਕ ਦ੍ਰਿਸ਼ ਤਾਂ ਮੈਨੂੰ ਹਲੂਣ ਜਾਂਦਾ ਹੈ- ਸਾਤੋਮੀ ਦਾ ਹਰਨ ਤੇ ਹਿਰਨੀ ਦਾ ਜੋੜਾ ਲਿਆ ਕੇ ਮੇਗੂਮੀ ਦੇ ਮੰਜੇ ਤੇ ਸਿਰਹਾਣੇ ਉਤੇ ਰਖਣਾ ਤੇ ਫੇਰ ਅਗੇ ਚਲ ਕੇ ਯਾਕੂ ਦਾ ਘੁਗੀਆਂ ਦਾ ਜੋੜਾ ਇਸ ਦ੍ਰਿਸ਼ ਵਿਚ ਅਤੇ ਯਾਸੂਕੋ ਦੇ ਕਿਰਦਾਰ ਨੂੰ ਜਿਵੇਂ ਤੁਸਾਂ ਪੇਸ਼ ਕੀਤਾ ਏ ਤੇ ਨਾਵਲ ਦਾ ਅੰਤ ਕੀਤਾ ਹੈ, ਉਹ ਮਨੁਖਤਾ ਵਿਚ ਵਿਸ਼ਵਾਸ਼ ਨੂੰ ਦ੍ਰਿੜ ਕਰਦਾ ਹੈ ਅਤੇ ਜੂਝਣ ਲਈ ਪ੍ਰੇਰਦਾ ਹੈ। ਅਥਰੂਆਂ ਦੇ ਸਾਗਰ ਉਤੇ ਇਕ ਮੁਸਕ੍ਰਾਹਟ ਜਿਸ ਵਿਚ ਦਰਦ ਆਪਣੀ ਪੂਰੀ ਤੀਬਰਤਾ ਨਾਲ ਲਿਸ਼ਕਦਾ ਹੈ। ਹੀਰੋਸ਼ੀਮਾ ਹਰ ਪੱਖੋਂ ਸਫ਼ਲ ਰਚਨਾ ਹੈ।"

ਅੱਠ ਦਸੰਬਰ 1941 ਨੂੰ ਜਾਪਾਨੀਆਂ ਨੇ ਅੰਗਰੇਜ਼ਾਂ ਦੇ ਉਲਟ ਜੰਗ ਦਾ ਐਲਾਨ ਕਰ ਦਿੱਤਾ ਸੀ। ਉਸੇ ਦਿਨ ਤੋਂ ਮੈਂ ਮਨ ਬਣਾ ਲਿਆ ਸੀ ਜੰਗੀ-ਡਾਇਰੀ ਜ਼ਰੂਰ ਹੀ ਲਿਖਾਗਾਂ।

ਦਸੰਬਰ 1941 ਤੋਂ ਅਗਸਤ 1945 ਤਕ ਕਦੇ ਕਦਾਈਂ ਲਿਖਦਾ ਰਿਹਾ। ਜਿਥੇ ਵੀ ਮੈਂ ਗਿਆ ਥੋੜ੍ਹੀ ਬਹੁਤੀ ਡਾਇਰੀ ਲਿਖਣੀ ਜਾਰੀ ਰੱਖੀ। ਬਰਮਾ-ਭਾਰਤ ਫਰੰਟ ਉੱਤੇ ਵੀ ਲਿਖਦਾ ਰਿਹਾ। ਜਦ ਫਰੰਟ ਤੋਂ ਰੰਗੂਨ ਵਲ ਮੁੜੇ ਤਾਂ ਕਈ ਵਾਰੀ ਨਾ ਪੈਨਸਲ ਕੋਲ ਹੁੰਦੀ ਤੇ ਨਾ ਹੀ ਕਲਮ। ਕੁਝ ਸਫ਼ੇ ਕੋਇਲੇ ਦੀਆਂ ਨੁਕਰਾਂ ਨਾਲ ਵੀ ਲਿਖੇ।

ਹੀਰੋਸ਼ੀਮਾ ਦੇ ਕਤਲੇਆਮ ਮਗਰੋਂ, ਲਗਭਗ ਇਕ ਸਾਲ, ਇਕ ਹੋਰ ਬੰਗਾਲੀ ਸਾਥੀ ਨਾਲ ਗੁਪਤਵਾਸ ਵਿਚ ਗੁਜ਼ਾਰਨਾ ਪਿਆ। ਇਸ ਸਮੇਂ ਕਦੇ ਸਿਆਮ ਕਦੇ ਮਲਾਯਾ ਤੇ ਕਦੇ ਸਿੰਘਾਪੁਰ ਵਿਚਰਦਾ ਰਿਹਾ।

1946 ਦੇ ਅਕਤੂਬਰ ਵਿਚ ਦੇਸ਼ ਪਹੁੰਚਾ। 1957 ਵਿਚ ਇੰਗਲੈਂਡ ਤੇ 1963 ਵਿਚ ਕੈਨੇਡਾ ਪਹੁੰਚ ਗਿਆ। ਕਈ ਸਾਲ ਲੰਘ ਗਏ। ਮੈਨੂੰ ਮੇਰੀ ਡਾਇਰੀ ਦੇ ਸੰਬੰਧ ਵਿਚ ਕੁਝ ਚਿਤ ਚੇਤਾ ਨਹੀਂ ਸੀ। ਇਕ ਦਿਨ ਅਚਾਨਕ ਹੀ ਭਾਈ ਸੇਵਾ ਸਿੰਘ ਰਾਹੀਂ ਵੱਡਾ ਸਾਰਾ ਪਾਰਸਲ ਮਿਲਿਆ ਜਦ ਖੋਲ੍ਹਿਆ ਤਾਂ ਮੇਰੀ ਹੈਰਾਨੀ ਤੇ ਖੁਸ਼ੀ ਦੀ ਹੱਦ ਨਾ ਰਹੀ। ਇਹ ਮੇਰੀ ਜੰਗ ਦੇ ਦਿਨਾਂ ਵਿਚ ਲਿਖੀ ਗਈ ਡਾਇਰੀ ਸੀ। ਹੱਥ ਲਾਇਆ ਵਰਕੇ ਭੁਰ ਰਹੇ ਸਨ। ਮੈਂ ਇਸ ਨੂੰ ਨਵੇਂ ਸਿਰਿਓਂ ਲਿਖਿਆ।

ਕੁਆਲਾਲੰਪਰ, ਸ਼ਹਿਰ ਵਿਚੋਂ 'ਮਲਾਯਾ ਦਰਪਣ' ਹਫ਼ਤਾਵਾਰੀ ਅਖ਼ਬਾਰ ਨਿਕਲਦਾ ਸੀ। ਉਸਦੇ ਐਡੀਟਰ ਭਾਈ ਕਿਹਰ ਸਿੰਘ ਸਨ। ਉਨ੍ਹਾਂ ਦੇ ਵੱਡੇ ਭਰਾ ਗਿਆਨੀ ਬਚਿਤਰ ਸਿੰਘ ਜੀ ਸਨ। ਉਨ੍ਹਾਂ ਪਾਸ ਇਹ ਡਾਇਰੀ ਰੱਖ ਕੇ ਬਿਲਕੁਲ ਭੁਲ ਹੀ ਗਿਆ ਸਾਂ। ਜਦ ਉਹ ਪੱਕੇ ਤੌਰ ਤੇ ਦੇਸ਼ ਆ ਗਏ ਤਾਂ ਉਨ੍ਹਾਂ ਨੇ ਇਹ ਡਾਇਰੀ ਭਾਈ ਸੇਵਾ ਸਿੰਘ ਨੂੰ ਪਹੁੰਚਾ ਦਿੱਤੀ ਸੀ ਕਿਉਂਕਿ ਉਨ੍ਹਾਂ ਨੂੰ ਸਾਡੀ ਦੋਹਾਂ ਦੀ ਮਿਤਰਤਾ ਬਾਰੇ ਪੂਰੀ ਜਾਣਕਾਰੀ ਸੀ।

ਕਾਫ਼ੀ ਸਮਾਂ ਲੰਘ ਗਿਆ ਤੇ ਇਹ ਡਾਇਰੀ ਕਿਤਾਬੀ ਸ਼ਕਲ ਵਿਚ 1991 ਵਿਚ ਛਪ ਸਕੀ। ਇਸ ਦਾ ਮੁਖਬੰਦ ਪ੍ਰੋਫ਼ੈਸਰ ਕਿਰਪਾਲ ਸਿੰਘ ਜੀ ਕਸੇਲ ਨੇ ਲਿਖਿਆ।

ਬਕਟੌ-ਕੈਂਪ (ਰੰਗੂਨ) ਮੇਰੀਆਂ ਦੋਵੇਂ ਵਰਦੀਆਂ ਮੈਲ਼ੀਆਂ ਸਨ। ਦੋਹਾਂ ਵਿਚੋਂ ਮੁੜ੍ਹਕੇ ਦੀ ਬੋ ਆ ਰਹੀ ਹੈ। ਸਾਬਣ ਮਿਲਣ ਦੀ ਕੋਈ ਆਸ ਨਹੀਂ ਫਿਰ ਵੀ ਮੈਂ ਵਰਦੀਆਂ ਧੋਣ ਲਈ ਬਾਹਰ ਨਿਕਲ ਤੁਰਿਆ। ਸੜਕੋਂ ਪਾਰ ਖੂਹ ਦਿਸ ਪਿਆ। ਦੋ ਜੁਆਨ ਕੱਪੜੇ ਧੋ ਰਹੇ ਸਨ। ਉਨ੍ਹਾਂ ਪਾਸ ਵੀ ਸਾਬਣ ਹੈ ਨਹੀਂ ਸੀ। ਪਾਣੀ ਦਾ ਲੋਟਾ ਕੱਢਿਆ। ਬਿਨਾਂ ਸਾਬਣ ਕਪੜੇ ਧੋਣ ਲਗ ਪਿਆ ਉਨ੍ਹਾਂ ਦੇ ਗਲਾ ਵਿਚ ਸੋਨੇ ਦੀਆਂ ਗਾਨੀਆਂ ਤੇ ਹਥਾਂ ਵਿਚ ਸੋਨੇ ਦੀਆਂ ਛਾਪਾਂ ਵੇਖ ਕੇ ਮੈਂ ਤਾੜ ਗਿਆ ਕਿ ਇਹ ਸਿੰਧੀ ਨੌਜਵਾਨ ਹਨ। ਜਿਸ ਤਰ੍ਹਾਂ ਉਹ ਕਪੜੇ ਧੋ ਰਹੇ ਸਨ, ਉਸ ਤੋਂ ਸਾਫ਼ ਦਿਸ ਰਿਹਾ ਸੀ ਕਿ ਉਨ੍ਹਾਂ ਪਹਿਲੋਂ ਕਦੇ ਆਪਣੇ ਕੱਪੜੇ ਨਹੀਂ ਧੋਤੇ ਹੋਣ।

ਮੈਂ ਗੱਲ ਛੇੜ ਲਈ। ਪਤਾ ਲਗਾ ਕਿ ਉਹ ਜਾਵਾ ਤੋਂ ਆਏ ਹਨ। ਉਨ੍ਹਾਂ ਦੇ ਉਥੇ ਵਡੇ ਵਡੇ ਵਪਾਰ ਹਨ। ਇਕ ਨੇ ਆਪਣਾ ਨਾਮ ਸੇਵਕ ਰਾਮ ਤੇ ਦੂਜੇ ਨੇ ਅਰਜਨ ਦਾਸ ਦਸਿਆ। ਜਦ ਉਨ੍ਹਾਂ ਦਸਿਆ ਕਿ ਉਹ ਜਾਵਾ ਵਿਚ ਹੀ ਪੈਦਾ ਹੋਏ ਹਨ ਤੇ ਅਜੇ ਤਕ ਉਨ੍ਹਾਂ ਹਿੰਦੁਸਤਾਨ ਨਹੀਂ ਤਕਿਆ ਤੇ ਸਭ ਸਿੰਧੀ ਪਰਿਵਾਰਾਂ ਨੇ ਖੁਸ਼ੀ ਖੁਸ਼ੀ ਇਕ ਇਕ ਪੁੱਤਰ ਨੂੰ ਆਜ਼ਾਦ ਹਿੰਦ ਫੌਜ ਵਿਚ

ਭਰਤੀ ਹੋ ਕੇ ਦੇਸ਼ ਵਾਸਤੇ ਕੁਰਬਾਨੀ ਕਰਨ ਲਈ ਆਗਿਆ ਦਿਤੀ ਹੈ ਤਾਂ ਮੇਰਾ ਖ਼ੂਨ ਉਬਾਲੇ ਖਾਣ ਲਗ ਪਿਆ।

ਉਨ੍ਹਾਂ ਦਸਿਆ ਕਿ ਬਲੈਕ-ਮਾਰਕੀਟ ਵਿਚ ਹਰ ਇਕ ਚੀਜ਼ ਮਿਲ ਸਕਦੀ ਹੈ। ਉਹ ਖਰੀਦ ਵੀ ਸਕਦੇ ਹਨ ਪਰ ਉਹ ਬਾਕੀ ਸਾਥੀਆਂ ਵਾਲਾ ਜੀਵਨ ਜੀਉਣ ਵਿਚ ਹੀ ਖੁਸ਼ੀਆਂ ਸਮਝਦੇ ਹਨ।

ਆਜ਼ਾਦ ਹਿੰਦ ਫੌਜ, ਹਥਿਆਰਬੰਦ ਫੌਜ ਸੀ। ਆਜ਼ਾਦ ਹਿੰਦ ਦਲ ਵਿਚ ਸਬ-ਸਿਵਲੀਅਨ ਸਨ ਹਥਿਆਰਾਂ ਬਿਨਾਂ। ਆਜ਼ਾਦ ਹਿੰਦ ਫੌਜ ਨੇ ਬਰਮਾ-ਹਿੰਦ ਹਦ ਟਪ ਕੇ ਸੈਂਕੜੇ ਵਰਗ-ਮੀਲਾਂ ਧਰਤੀ ਉਤੇ ਕਬਜ਼ਾ ਕਰ ਲਿਆ ਸੀ। ਸਾਡੇ ਦਲ ਦਾ ਕੰਮ ਸੀ ਆਜ਼ਾਦ ਹੋਈ ਧਰਤੀ ਦਾ ਪ੍ਰਬੰਧ ਸੰਭਾਲਣਾ।

ਸਾਡੇ ਦਲ ਵਿਚ ਲਗਭਗ ਪੰਜ ਸੌ ਨੌਜਵਾਨ ਸਨ। ਕਦੇ ਟਰੱਕਾਂ ਉੱਤੇ ਕਦੇ ਪੈਦਲ ਤੁਰ ਕੇ, ਹਿੰਦ-ਬਰਮਾ ਹਕ ਟਪ ਕੇ ਅਸੀਂ ਬਰਮਾ-ਅਖ਼ੀਰਲਾ ਪਿੰਡ ਤਾਮੂ ਟਪ ਕੇ, ਹਿੰਦੁਸਤਾਨ ਦੇ ਪਹਿਲੇ ਪਿੰਡ ਮੋਰੇ ਪਹੁੰਚ ਗਏ। ਸੇਵਕ ਰਾਮ ਦੇ ਅਰਜਨ ਦਾਸ ਵੀ ਸਾਡੇ ਨਾਲ ਸਨ।

ਇਕ ਦਿਨ ਅਚਾਨਕ ਅੰਗਰੇਜ਼ਾਂ ਦੇ ਹਵਾਈ ਜਹਾਜ਼ਾਂ ਨੇ ਹਮਲਾ ਕਰ ਦਿਤਾ। ਸੇਵਕ ਰਾਮ ਤੇ ਅਰਜਨ ਦਾਸ ਦੋਵੇਂ ਸਖ਼ਤ ਜ਼ਖਮੀ ਹੋ ਗਏ। ਸੇਵਕ ਰਾਮ ਦੀ ਪਿਠ ਵਿਚ ਹਾਕੀ ਦੀ ਗੇਂਦ ਜਿੰਨਾ ਵੱਡਾ ਜ਼ਖ਼ਮ ਸੀ। ਗੋਲੀ ਛਾਤੀ ਤੋਂ ਪਾਰ ਹੋ ਗਈ ਸੀ।

ਸੇਵਕ ਰਾਮ ਨੇ ਕਿਹਾ, "ਮੇਰੀ ਮਾਂ ਨੂੰ ਕਹਿਣਾ ਕਿ ਮੈਂ ਆਜ਼ਾਦ-ਹਿੰਦੁਸਤਾਨ ਦੀ ਪਵਿੱਤਰ ਧਰਤੀ ਉਤੇ ਸ਼ਹੀਦ ਹੋਇਆ ਹਾਂ ਤੇ ਮੇਰੇ ਖ਼ੂਨ ਵਿਚ ਮੇਰੇ ਦੇਸ਼ ਦੀ ਧਰਤੀ ਸਿੰਚੀ ਗਈ ਹੈ।" ਫਿਰ ਉਸ ਨੇ ਦਰਦ ਕਰ ਕੇ ਚੀਸ ਭਰੀ ਤੇ ਕਿਹਾ "ਮੇਰੇ ਬਟੂਏ ਵਿਚ ਕਾਫ਼ੀ ਨੋਟ ਹਨ। ਮੇਰੇ ਪਿੱਠੂ ਵਿਚ ਕਾਫ਼ੀ ਗਹਿਣੇ ਹਨ ਸੋਨੇ ਦੇ। ਮੇਰੀ ਮਾਂ ਨੇ ਦੇਸ਼ ਜਾਣ ਤੋਂ ਪਹਿਲਾਂ ਹੀ ਵਿਆਹ ਲਈ ਗਹਿਣੇ ਬਣਵਾ ਲਏ ਸਨ। ਇਹ ਸਭ ਗਹਿਣੇ ਨੇਤਾ ਜੀ ਨੂੰ ਪਹੁੰਚਾ ਦੇਣਾ।"

ਉਸ ਨੇ ਗਲ ਵਿਚੋਂ ਸੋਨੇ ਦੀ ਚੈਨ ਤੇ ਹੱਥ ਵਿਚੋਂ ਛਾਪ ਲਾਹ ਕੇ ਮੇਰੇ ਹੱਥ ਫੜਾਈ ਹੀ ਸੀ ਕਿ ਉਹ ਦਮ ਤੋੜ ਗਿਆ।

ਜਦ ਡਾਕਟਰ ਪਹੁੰਚਾ ਤਾਂ ਉਸ ਨੇ ਅਰਜਨ ਦਾਸ ਦੀ ਪੱਟੀ ਕਰਕੇ ਟਰੱਕ ਵਿਚ ਮੇਮੀਓ-ਹਸਪਤਾਲ ਭੇਜਣ ਦਾ ਹੁਕਮ ਦੇ ਦਿੱਤਾ।

ਵੀਹ ਜੂਨ ਨੂੰ ਦੋਸਤ ਮੁਹੰਮਦ ਖਾਨ, ਐਡਵਾਈਜ਼ਰ, ਆਜ਼ਾਦ ਹਿੰਦ ਸਰਕਾਰ, ਮੋਰੇ ਕੈਂਪ ਦਾ ਦੌਰਾ ਕਰਨ ਆਏ। ਸੇਵਕ ਰਾਮ ਦੇ ਗਹਿਣੇ, ਬਟੂਆ ਤੇ ਉਸ ਦੇ ਅੰਤਲੇ ਕਹੇ ਸ਼ਬਦ, ਲਿਖ ਕੇ, ਨੇਤਾ ਜੀ ਨੂੰ ਪਹੁੰਚਾਉਣ ਲਈ ਦੇ

ਦਿੱਤੇ ਗਏ। ਖਾਨ ਨੇ ਕੰਬਦਿਆਂ ਹਥਾਂ ਨਾਲ ਗਹਿਣੇ ਫੜਦਿਆਂ ਕਿਹਾ-

"ਜੇ ਮੈਂ ਰੰਗੂਨ ਵਾਪਸ ਪਹੁੰਚ ਗਿਆ ਤਾਂ ਜ਼ਰੂਰ ਪਹੁੰਚਾ ਦਿਆਂਗਾ।"

ਸੇਵਕ ਰਾਮ ਦੀ ਸ਼ਹਾਦਤ ਤੋਂ ਮਗਰੋਂ ਉਸ ਦੀ ਪ੍ਰੇਮਣ ਸ਼ੋਭਾ ਨੇ ਉਸ ਦੇ ਅੰਤਲੇ ਕਹੇ ਸ਼ਬਦ ਯਾਦ ਰਖੇ- 'ਸ਼ੋਬਾ ਨੂੰ ਕਹਿਣਾ-ਰੋਵੇ ਨਾਂਹ। ਮਾਂਗ ਸੰਧੂਰੀ ਭਰਦੀ ਰਹੇ। ਮੇਰੀ ਆਤਮਾ ਸਦਾ ਉਸ ਦੇ ਨਾਲ ਰਹੇਗੀ। ਸ਼ੋਭਾ ਤੂੰ ਸਦਾ ਸੁਹਾਗਣ।"

ਨਾਵਲ ਦੇ ਦੂਜੇ ਭਾਗ ਵਿਚ ਆਪਣੇ ਸ਼ਹੀਦ ਪ੍ਰੇਮੀ ਸੇਵਕ ਰਾਮ (ਸ਼ਮੀਰ) ਦੀ ਯਾਦ ਵਿਚ, ਉਸ ਨੇ ਇਸਤਰੀ ਜਾਤੀ ਲਈ, ਇਸਤਰੀ ਦੇ ਹੱਕਾਂ ਲਈ ਰਜ ਕੇ ਸੰਘਰਸ਼ ਕੀਤਾ-ਹੈ।

ਇਸ ਪੁਸਤਕ ਦੀ ਭੂਮਿਕਾ ਡਾਕਟਰ ਜਸਬੀਰ ਕੇਸਰ, ਲੈਕਚਰਰ, ਸਰਕਾਰੀ ਕਾਲਜ ਚੰਡੀਗੜ੍ਹ ਨੇ ਲਿਖੀ ਹੈ। (18-12-1991)

ਅਮਰੀਕਾ ਤੇ ਖ਼ਾਸ ਕਰਕੇ ਕੈਨੇਡਾ ਦੇ ਪਾਠਕ ਕਈ ਸਾਲਾਂ ਤੋਂ ਇਹ ਮੰਗ ਕਰ ਰਹੇ ਸਨ ਕਿ ਕਾਮਾ ਗਾਟਾ ਮਾਰੂ (ਗੁਰੂ ਨਾਨਕ ਜਹਾਜ਼) ਦੇ ਸਾਕੇ ਦੇ ਕਤਲੇਆਮ ਉਤੇ ਇਕ ਖਾਸ ਨਾਵਲ ਦੀ ਰਚਨਾ ਕੀਤੀ ਜਾਏ।

ਕੈਨੇਡਾ ਦੇ ਇਤਿਹਾਸ ਵਿਚ ਪੰਜਾਬੀਆਂ ਨੇ ਜੋ ਮੱਲਾਂ ਮਾਰੀਐਂ ਉਸਦਾ ਇਤਿਹਾਸ ਬਹੁਤ ਹੀ ਵੱਡਾ ਹੈ। ਕੈਨੇਡੀਅਨ ਇਤਿਹਾਸ ਬਾਰੇ ਜਦ ਵੀ ਗੱਲ ਤੁਰਦੀ ਹੈ ਤੇ ਸਭ ਤੋਂ ਪਹਿਲੋਂ ਕਾਮਾਗਾਟਾ ਮਾਰੂ ਦੇ ਸਾਕੇ ਤੇ ਕਤਲੇਆਮ ਦੀ ਗੱਲ ਤੁਰਦੀ ਹੈ।

ਸਰਕਾਰ ਕੈਨੇਡਾ ਜਾਣਦੀ ਸੀ ਕਿ ਇੰਡੀਆ ਤੋਂ ਕੋਈ ਜਹਾਜ਼ ਸਿੱਧਾ ਕੈਨੇਡਾ ਨਹੀਂ ਆਉਣਾ ਪਰ ਫਿਰ ਵੀ ਇਹ ਸ਼ਰਤ ਲਾ ਦਿੱਤੀ ਕਿ ਜੋ ਹਿੰਦੀ ਕੈਨੇਡਾ ਆਉਣ ਚਾਹੇ ਉਹ ਸਿਧਾ ਇੰਡੀਆ ਤੋਂ ਆਵੇ। ਇਹ ਕੈਨੇਡਾ ਸਰਕਾਰ ਦੀ ਜਾਣ ਬੁਝ ਕੇ ਕੁਟਲਨੀਤੀ ਸੀ ਨਾ ਕੋਈ ਜਹਾਜ ਸਿਧਾ ਆਵੇ ਨਾ ਹੀ ਕੋਈ ਹਿੰਦੀ, ਕੈਨੇਡਾ ਦੀ ਧਰਤੀ ਉਤੇ ਪੈਰ ਰਖ ਸਕੇ। ਜਦ ਕਿ ਚੀਨੇ ਤੇ ਜਾਪਾਨੀ ਧੜਾ-ਧੜਾ ਪਰਿਵਾਰਾਂ ਸਮੇਤ ਕੈਨੇਡਾ ਪੁਜੇ ਸਨ। ਚੀਨ ਤੇ ਜਾਪਾਨ ਕਿਸੇ ਹੋਰ ਦੇ ਗ਼ੁਲਾਮ ਨਹੀਂ ਸਨ ਪਰ ਹਿੰਦੁਸਤਾਨ ਅੰਗਰੇਜ਼ਾਂ ਦਾ ਗੁਲਾਮ ਸੀ ਤੇ ਕੈਨੇਡਾ ਵੀ ਅੰਗਰੇਜ਼ਾਂ ਦੀ ਇਕ ਬਸਤੀ ਸੀ।

ਕੈਨੇਡੀਅਨ ਸਰਕਾਰ ਦੇ ਇਸ ਕੁਟਲ ਵਤੀਰੇ ਨੂੰ ਧਕਾ ਲਾਉਣ ਲਈ ਭਾਈ ਬਲਵੰਤ ਸਿੰਘ ਜੀ ਖੁਰਦਪੁਰ, ਗ੍ਰੰਥੀ-ਖਾਲਸਾ ਦੀਵਾਨ ਸੋਸਾਇਟੀ ਵੈਨਕੂਵਰ ਨੇ, ਸਾਰੀ ਵਿਥਿਆ ਭਾਈ ਤਖ਼ਤ ਸਿੰਘ ਜੀ ਕੰਨਿਆ ਮਹਾਂ ਵਿਦਿਆਲਾ ਦੇ ਮੁੱਖੀ ਭਾਈ ਤਖਤ ਸਿੰਘ ਜੀ ਦੇ ਸਾਹਮਣੇ ਰਖੀ। ਓਨਾਂ ਨੇ ਮਲਾਇਆ ਵਿਚ

ਰਹਿ ਰਹੇ ਬਾਬਾ ਗੁਰਦਿਤ ਸਿੰਘ ਸਰਹਾਲੀ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਆਪਣਾ ਜਹਾਜ਼ ਤਿਆਰ ਕਰਕੇ ਕੈਨੇਡਾ ਪਹੁੰਚਣ ਦਾ ਹੌਂਸਲਾ ਦਿੱਤਾ।

ਅਗਲੀ ਸਾਰੀ ਕਹਾਣੀ 'ਕਾਮਾ ਗਾਟਾ ਮਾਰੂ' ਨਾਵਲ ਵਿਚ ਅੰਕਤ ਹੈ। ਇਸ ਨਾਵਲ ਦਾ ਆਦਿ ਕਥਨ ਪ੍ਰੋਫ਼ੈਸਰ ਕਿਰਪਾਲ ਸਿੰਘ ਕਸੇਲ ਨੇ ਲਿਖਿਆ ਹੈ। ਇਸ ਨਾਵਲ ਦੇ ਛਪਣ ਦਾ ਸਾਲ 1993 ਹੈ।

ਕੇਸਰ ਸਿੰਘ ਦਾ ਸਨਮਾਨ ਸਮਾਗਮ ਸਮੇਂ ਭਾਸ਼ਨ

(ਕੌਮਾਂਤਰੀ ਮਨਜੀਤ ਯਾਦਗਾਰੀ ਐਵਾਰਡ ਲੈਣ ਸਮੇਂ ਵੈਨਕੂਵਰ ਵਿਚ 1981)

ਉਨ੍ਹਾਂ ਦਿਨਾਂ ਦੀ ਗੱਲ ਹੈ ਜਦ ਨੌਜਵਾਨ ਭਾਰਤ ਸਭਾ ਦਾ ਨਾਮ ਉੱਘਾ ਹੋ ਰਿਹਾ ਸੀ, ਮੈਂ ਆਪਣੀ ਕੱਚੀ-ਜੁਆਨੀ ਵਿਚ ਪਹਿਲੀ ਵਾਰੀ ਮਦਨ ਲਾਲ ਢੀਂਗਰਾ ਦਾ ਨਾਮ ਸੁਣਿਆ। ਅਸੀਂ ਚਾਰ ਪੰਜ ਅਲ੍ਹੜ ਜਿਹੇ ਮੁੰਡੇ ਲਭਦੇ ਲਭਾਂਦੇ ਢੀਂਗਰਾ ਭਵਨ ਦੇ ਸਾਹਮਣੇ ਜਾ ਖਲੋਤੇ। ਸਾਨੂੰ ਬੱਸ ਏਨਾ ਪਤਾ ਸੀ ਕਿ ਮਦਨ ਲਾਲ ਢੀਂਗਰਾ ਨੇ ਇਕ ਅੰਗਰੇਜ਼ ਅਧਿਕਾਰੀ ਨੂੰ ਗੋਲੀ ਮਾਰ ਦਿੱਤੀ ਸੀ ਤੇ ਅੰਗਰੇਜ਼ਾਂ ਨੇ ਉਸ ਨੂੰ ਲੰਡਨ ਦੀ ਜੇਹਲ ਵਿਚ ਫਾਂਸੀ ਦੇ ਦਿੱਤੀ ਸੀ। ਉਸ ਸਮੇਂ ਅੰਗਰੇਜ਼ ਨੂੰ ਮਾਰ ਦੇਣਾ ਉਹ ਵੀ ਲੰਡਨ ਵਿਚ, ਸਾਡੇ ਵਾਸਤੇ ਇਕ ਬੜੀ ਬਹਾਦਰੀ ਦੀ ਗੱਲ ਸੀ। ਜਦ ਕਦੇ ਅਸੀਂ ਆਪਸ ਵਿਚ ਉਸ ਦੀ ਸ਼ਹੀਦੀ ਦੀ ਗੱਲ ਕਰਦੇ, ਮੇਰੇ ਰੌਂਗਟੇ ਖੜ੍ਹੇ ਹੋ ਜਾਂਦੇ। ਮੈਨੂੰ ਇਉਂ ਜਾਪਦਾ ਜਿਵੇਂ ਮੈਂ ਉਸ ਨੂੰ ਜਾਣਦਾ ਪਛਾਣਦਾ ਹੋਵਾਂ। ਉਹ ਮੈਨੂੰ ਆਪਣਾ ਆਪਣਾ ਲਗੇ।

ਮੈਂ ਤੇ ਮੇਰਾ ਇਕ ਮਿੱਤਰ, ਅਸੀਂ ਦੋਵੇਂ ਦੁਕਾਨਾਂ ਉਤੇ ਫਿਰ ਫਿਰ ਕੇ ਮਦਨ ਲਾਲ ਢੀਂਗਰਾ ਦੀ ਤਸਵੀਰ ਲੱਭਣ ਲੱਗ ਪਏ। ਇਕ ਸ਼ਾਮ ਨੂੰ, ਮਾਈ ਸੇਵਾ ਦੇ ਬਜ਼ਾਰ ਵਿਚ, ਇਕ ਬਜ਼ੁਰਗ ਨੇ ਮੈਨੂੰ ਡੌਲਿਆਂ ਤੋਂ ਫੜ ਕੇ, ਆਪਣੀ ਕਿਤਾਬਾਂ ਦੀ ਦੁਕਾਨ ਦੇ ਪਿਛਲੇ ਪਾਸੇ ਲਿਜਾ ਕੇ ਕਿਹਾ, "ਤੈਨੂੰ ਪਤੈ 1857 ਵਿਚ ਗ਼ਦਰ ਹੋਇਆ ਸੀ? ਜੇ ਤੂੰ ਹਿੰਦੀ ਪੜ੍ਹ ਲੈਨੈ ਤਾਂ ਤੈਨੂੰ ਕੁਝ ਦਿਨਾਂ ਲਈ ਇਕ ਕਿਤਾਬ ਦੇ ਸਕਦਾਂ। ਇਹ ਕਿਤਾਬ ਜ਼ਬਤ ਹੈ।"

ਜਦ ਉਸ ਨੂੰ ਪਤਾ ਲੱਗਾ ਕਿ ਮੈਂ ਹਿੰਦੀ ਨਹੀਂ ਜਾਣਦਾ ਤਾਂ ਕਹਿਣ ਲੱਗਾ- "ਜਾਹ ਪਹਿਲਾਂ ਹਿੰਦੀ ਪੜ੍ਹ ਆ ਕੇ ਫੇਰ ਮੇਰੇ ਕੋਲ ਆਵੀਂ। ਇਹ ਗੱਲ ਆਪਣੇ ਢਿੱਡ ਵਿਚ ਹੀ ਰੱਖੀਂ।"

ਅਸੀਂ ਦੋਵੇਂ ਕਈ ਦੁਕਾਨਾਂ ਫਿਰੇ। ਉਰਦੂ ਦੇ ਕਾਇਦੇ ਆਮ ਮਿਲਣ। ਪੰਜਾਬੀ ਬਾਲਬੋਧ ਵੀ ਮਿਲਣ ਪਰ ਹਿੰਦੀ ਪੜ੍ਹਾਉਣ ਵਾਲਾ ਕੁਝ ਨਾ ਮਿਲੇ। ਕੁਝ ਸਮੇਂ ਮਗਰੋਂ ਹਿੰਦੀ ਪ੍ਰਵਿਸ਼ਕਾ ਮਿਲ ਗਈ। ਅਸੀਂ ਉਰਦੂ ਜਾਣਦੇ ਸਾਂ। ਹਿੰਦੀ ਦੀ

ਲਿੱਪੀ ਜਾਨਣ ਦੀ ਹੀ ਲੋੜ ਸੀ। ਉਸ ਕਿਤਾਬ ਦੇ ਸਾਨੂੰ ਬਹੁਤੇ ਸ਼ਬਦ ਨਾ ਆਉਣ ਪਰ ਸਾਰੀ ਗੱਲ ਪੱਲੇ ਪੈ ਜਾਏ। ਅਸਾਂ ਦੋ ਢਾਈ ਮਹੀਨੇ ਲਾ ਕੇ ਉਹ ਕਿਤਾਬ ਖ਼ਤਮ ਕੀਤੀ। ਮੇਰਾ ਮਨ ਸਭ ਪਾਸਿਆਂ ਤੋਂ ਉਚਾਟ ਹੋ ਕੇ ਇਸ ਪਾਸੇ ਲੱਗ ਤੁਰਿਆ। ਉਸ ਕਿਤਾਬ ਦੀਆਂ ਕੁਝ ਗੱਲਾਂ, ਮੈਂ ਆਪਣੀ ਇਕ ਕਾਪੀ ਵਿਚ ਉਤਾਰ ਲਈਆਂ। ਮੇਰੇ ਮਨ ਵਿਚ ਅੰਗੇਰਜ਼ ਹਾਕਮਾਂ ਲਈ ਨਫ਼ਰਤ ਵਧਣੀ ਆਰੰਭ ਹੋ ਗਈ।

ਸਮਾਂ ਲੰਘਦਾ ਗਿਆ। ਇਕ ਪਰਚਾ ਛਪਿਆ, ਪੜ੍ਹਿਆ ਉਸ ਵਿਚ ਲਿਖਿਆ ਸੀ ਕਿ ਸਰਦਾਰ ਭਗਤ ਸਿੰਘ ਤੇ ਉਸਦੇ ਸਾਥੀਆਂ ਨੇ ਬ੍ਰੈਡਲਾ ਹਾਲ ਲਾਹੌਰ ਵਿਚ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਤਸਵੀਰ ਸਾਹਮਣੇ ਰੱਖ ਕੇ ਕਸਮਾਂ ਖਾਧੀਆਂ ਹਨ ਕਿ ਜਦ ਤਕ ਦੇਸ਼ ਆਜ਼ਾਦ ਨਹੀਂ ਹੋ ਜਾਂਦਾ ਉਹ ਉਸ ਦੇ ਪਾਏ ਪੂਰਨਿਆਂ ਉਤੇ ਤੁਰਦੇ ਚਲਣਗੇ।

ਅਸਾਂ ਪਹਿਲੀ ਵਾਰੀ ਕਰਤਾਰ ਸਿੰਘ ਸਰਾਭਾ ਦਾ ਨਾਮ ਪੜ੍ਹਿਆ ਸੀ। ਹਰ ਵੇਲੇ ਕਰਤਾਰ ਸਿੰਘ ਦੀ ਸ਼ਹਾਦਤ ਬਾਰੇ ਹਾਲਾਤ ਜਾਨਣ ਲਈ ਖੁਤਖਤੀ ਲੱਗੀ ਰਹੇ। ਉਸੇ ਬਜ਼ੁਰਗ ਨੇ ਸਾਨੂੰ ਇਕ ਹਿੰਦੀ ਵਿਚ ਉਲਥਾ ਹੋਈ ਪੁਸਤਕ 'ਬੰਦੀ ਜੀਵਨ' ਦਿਤੀ। ਮਗਰੋਂ ਆ ਕੇ ਪਤਾ ਲਗਾ ਕਿ ਉਹ ਗ਼ਦਰ ਦੇ ਆਗੂ ਸਚਿੰਦਰ ਨਾਥ ਸਾਨਿਆਲ ਦੀ ਬੰਗਾਲੀ ਪੁਸਤਕ ਦਾ ਚੋਰੀ ਚੋਰੀ ਛਾਪ ਕੇ ਵੰਡਿਆ ਗਿਆ ਉਲਥਾ ਸੀ। ਇਹ ਪੁਸਤਕ ਵੀ ਸਰਕਾਰ ਨੇ ਜ਼ਬਤ ਕੀਤੀ ਹੋਈ ਸੀ ਪਰ ਇਕੋ ਕਾਪੀ ਦਰਜਨਾਂ ਹੱਥਾਂ ਵਿਚੋਂ ਲੰਘ ਜਾਂਦੀ। ਉਹ ਪੁਸਤਕ ਵਿਚੋਂ ਅਸਾਂ ਅਮਰੀਕਾ ਤੋਂ ਆਏ ਦੇਸ਼ ਭਗਤ ਗ਼ਦਰੀਆਂ ਦੀਆਂ ਕੁਰਬਾਨੀਆਂ ਦੀਆਂ ਕਥਾਵਾਂ ਪੜ੍ਹੀਆਂ।

ਇਹ ਕਹਾਣੀਆਂ ਪੜ੍ਹ ਪੜ੍ਹ ਕੇ ਪ੍ਰਦੇਸ਼ ਜਾਣ ਦੀ ਚੇਟਕ ਲਗਣ ਲਗ ਪਈ। ਇਕ ਵਾਰੀ ਕਲਕਤੇ ਜਾ ਪਹੁੰਚਾ, ਪਰ ਕੁਝ ਦਿਨ ਰੁਲ ਖੁਲ ਕੇ ਅੰਮ੍ਰਿਤਸਰ ਵਾਪਸ ਆ ਗਿਆ।

ਅਕਾਲੀ ਲਹਿਰ ਵੇਲੇ ਮੈਂ ਬੱਚਾ ਹੀ ਸਾਂ। ਕੁਝ ਸਮਝ ਨਹੀਂ ਸੀ। ਇਕ ਦਿਨ ਪਤਾ ਲਗਾ ਕਿ ਦੋ ਬਾਬੇ ਕੈਨੇਡਾ ਤੋਂ ਆਏ ਹੋਏ ਹਨ। ਅਸੀਂ ਵੇਖਣ ਚਲੇ ਗਏ। ਉਨ੍ਹਾਂ ਦੋਹਾਂ ਦੇ ਚਿਹਰਿਆਂ ਤੇ ਬੜੀ ਰੌਣਕ ਸੀ। ਸੰਗਤ ਬਹੁਤ ਸੀ। ਅਸੀਂ ਉਨ੍ਹਾਂ ਦੇ ਨੇੜੇ ਵੀ ਨਾ ਢੁਕ ਸਕੇ। ਅਸੀਂ ਐਟਲਸ ਉਤੋਂ ਕੈਨੇਡਾ ਦੇਸ਼ ਲੱਭਣ ਲੱਗੇ। ਹੁਣ ਕਦੇ ਕਦੇ ਖਿਆਲ ਆਉਂਦਾ ਹੈ ਕਿ ਉਹ ਸ਼ਾਇਦ ਭਾਈ ਪਿਆਰਾ ਸਿੰਘ ਲੰਗੋਰੀ ਤੇ ਭਾਈ ਮਿਤ ਸਿੰਘ ਪੰਡੋਰੀ ਹੀ ਹੋਣ।

ਇਕ ਦਿਨ ਤੜਕੇ ਹੀ ਡੌਂਡੀ ਪਿਟੀ ਗਈ। ਬੜਾ ਵੱਡਾ ਜਲੂਸ

ਨਿਕਲਿਆ। ਸਰਦਾਰ ਭਗਤ ਸਿੰਘ ਹੋਰਾਂ ਦੇ ਸਾਥੀਆਂ ਵਿਚੋਂ ਇਕ ਮਿਸਟਰ ਦਾਸ ਭੁਖ ਹੜਤਾਲ ਕਰਕੇ ਸ਼ਹੀਦ ਹੋ ਗਿਆ। ਉਸ ਦਿਨ ਨੌਜਵਾਨਾਂ ਵਿਚ ਬੜਾ ਜੋਸ਼ ਸੀ। ਜਲੂਸ ਦੇ ਲੋਕਾਂ ਨੇ ਰਲਕੇ ਗਾਇਆ–

'ਸਰ ਫਿਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ।
ਦੇਖਣਾ ਹੈ ਜੋਰ ਕਿਤਨਾ ਬਾਜ਼ੂਏ ਕਾਤਲ ਮੇਂ ਹੈ।'

ਮੇਰਾ ਖ਼ੂਨ ਖੌਲ ਉਠਿਆ ਪਰ ਇਹ ਨਹੀਂ ਸੀ ਪਤਾ ਕੀ ਕਰਨਾ ਹੈ ਤੇ ਕੀ ਨਹੀਂ ਕਰਨਾ। ਇਕ ਸਵੇਰ ਸਾਰ ਮੈਂ ਕੌਲਸਰ ਲਾਗੇ ਤੁਰਿਆ ਜਾ ਰਿਹਾ ਸਾਂ ਕਿ ਅਖ਼ਬਾਰ ਵੇਚਣ ਵਾਲੇ ਨੇ ਹੋਕਾ ਦਿੱਤਾ, "ਸਰਦਾਰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਸ਼ਹਾਦਤ ਪਾ ਗਏ।' ਮੇਰੇ ਪੈਰ ਧਰਤੀ ਉੱਤੇ ਗੱਡੇ ਰਹਿ ਗਏ। ਮੈਂ ਕਿੰਨੀ ਦੇਰ, ਨੱਸੇ ਜਾਂਦੇ, ਅਖ਼ਬਾਰਾਂ ਵੇਚਣ ਵਾਲੇ ਵਲ ਤਕਦਾ ਰਿਹਾ।

ਮੇਰੀ ਪ੍ਰਦੇਸ ਜਾਣ ਦੀ ਧੁਖਧੁਖੀ ਹੋਰ ਵੀ ਤੇਜ਼ ਹੋ ਗਈ। 1936 ਵਿਚ ਮੈਂ ਪੀਨਾਂਗ ਜਾ ਪਹੁੰਚਾ। ਉਥੇ ਬਾਬਾ ਚੰਦਾ ਸਿੰਘ ਜੀ ਦੀ ਸੰਗਤ ਤੋਂ ਪਤਾ ਲਗਾ ਕਿ ਗ਼ਦਰ ਲਹਿਰ ਅਜੇ ਵੀ ਚਲ ਰਹੀ ਹੈ। ਉਨ੍ਹਾਂ ਨੇ ਜਾਪਾਨ ਵਿਚ ਰਹਿ ਕੇ ਰਾਸ ਬਿਹਾਰੀ ਬੋਸ, ਇੰਡੋਨੇਸ਼ੀਆ ਵਿਚ ਰਹਿ ਕੇ ਗ਼ਦਰ ਦਾ ਕੰਮ ਕਰ ਰਹੇ ਬਾਬਾ ਹਰੀ ਸਿੰਘ ਉਸਮਾਨ, ਸਿਆਮ ਵਿਚ ਆ ਪਹੁੰਚੇ ਗ਼ਦਰੀ ਆਗੂ ਬਾਬਾ ਅਮਰ ਸਿੰਘ ਮਾਂਡਲੇ ਕੇਸ, ਸੁਆਮੀ ਸਤਿਆਨੰਦ ਪੁਰੀ ਤੇ ਗਿਆਨੀ ਪ੍ਰੀਤਮ ਸਿੰਘ ਨਾਗੋਕੇ ਸਰਣੀ ਦੇ ਨਾਵਾਂ ਤੇ ਕੰਮ ਨਾਲ ਜਾਣ ਪਛਾਣ ਕਰਾਈ।

ਬਾਬਾ ਚੰਦਾ ਸਿੰਘ ਜੀ ਬਾਰੇ ਉਨ੍ਹਾਂ ਨੇ ਇਕ ਸਾਥੀ ਨੇ ਦੱਸਿਆ ਕਿ ਉਨ੍ਹਾਂ ਰਲ ਕੇ ਸਿਆਮ ਤੇ ਮਲਾਯਾ ਦੀ ਹਦ ਉਥੇ ਫਰਾਂਸੀਸੀ ਗੋਲਡ ਮਾਈਨ ਵਿਚੋਂ ਇਕ ਪਿਕਲ ਸੋਨਾ ਲੁੱਟਿਆ ਸੀ। ਪਿਕਲ ਵਿਚ ਇਕ ਸੌ ਕਾਟੀਆਂ ਹੁੰਦੀਆਂ ਹਨ ਤੇ ਇਕ ਕਾਟੀ ਵਿਚ ਦਸ ਛਟਾਕਾਂ ਤੇ ਇਕ ਛਟਾਂਕ ਵਿਚ ਪੰਜ ਤੋਲੇ। ਇਸ ਤਰ੍ਹਾਂ ਪੰਜ ਹਜ਼ਾਰ ਤੋਲੇ ਸੋਨਾ ਬਣ ਜਾਂਦਾ ਹੈ। ਇਸ ਸੋਨੇ ਨਾਲ ਪੂਰਬੀ ਏਸ਼ੀਆ ਦੇ ਦੇਸ਼ਾਂ ਵਿਚ ਗੁਪਤ ਤੌਰ ਤੇ ਗ਼ਦਰ ਲਹਿਰ ਚਲਾਈ ਜਾ ਰਹੀ ਸੀ।

ਇਸ ਲਹਿਰ ਦੀ ਅਗਵਾਈ ਵਿਚ ਸਿਆਮ ਤੇ ਮਲਾਯਾ ਦੇ ਕਈ ਸ਼ਹਿਰਾਂ ਅਤੇ ਇੰਡੋਨੇਸ਼ੀਆ ਜਾਣ ਦਾ ਮੌਕਾ ਮਿਲਿਆ। 'ਆਜ਼ਾਦ ਹਿੰਦੁਸਤਾਨ' ਨਾਮ ਦਾ ਅੰਡਰਗਰਾਊਂਡ ਪਰਚਾ ਨਿਕਲਦਾ ਰਿਹਾ। ਇਹ ਪਰਚਾ, ਮਲਾਯਾ ਦੀਆਂ ਪੰਜਾਬੀ ਫੌਜਾਂ ਵਿਚ ਗੁਪਤ ਤੌਰ ਤੇ ਵੰਡਿਆ ਜਾਂਦਾ ਰਿਹਾ। ਬਾਬਾ ਉਸਮਾਨ ਦੀ ਪਾਰਟੀ ਦੇ ਸ਼ੰਘਾਈ ਤੋਂ ਭੇਜੇ ਹੋਏ ਕਰਤਾਰ ਸਿੰਘ ਤੇ ਹਰਨਾਮ ਸਿੰਘ,

ਸਿਆਮ ਦੇ ਸਾਧੂ ਸਿੰਘ ਨਾਲ ਗ਼ਦਰ ਦਾ ਪ੍ਰਚਾਰ ਕਰਦੇ ਮਲਾਯਾ ਵਿਚ ਫੜੇ ਗਏ। ਇਸ ਤਰ੍ਹਾਂ ਅੰਗਰੇਜ਼ਾਂ ਨੂੰ ਪਤਾ ਲਗ ਗਿਆ। ਉਨ੍ਹਾਂ ਫੌਜ ਦੇ ਪਹਿਰੇ ਪੱਕੇ ਕਰ ਦਿੱਤੇ। ਖ਼ਬਰਦਾਰੀ ਨਾਲ ਫਿਰ ਵੀ ਹਿੰਦੀ ਫੌਜਾਂ ਨੂੰ ਅੰਗਰੇਜ਼ਾਂ ਦੇ ਉਲਟ ਕਰਨ ਦਾ ਪ੍ਰਚਾਰ ਜਾਰੀ ਰਿਹਾ।

ਇਹ ਠੀਕ ਹੈ ਕਿ ਅਜ਼ਾਦ ਹਿੰਦ ਫੌਜ ਦੀ ਕਮਾਨ ਜਨਰਲ ਮੋਹਨ ਸਿੰਘ ਦੇ ਹੱਥ ਵਿਚ ਸੀ। ਦੂਜੀ ਵਾਰੀ ਬਣੀ ਆਜ਼ਾਦ ਹਿੰਦ ਫੌਜ ਦੇ ਕਮਾਂਡਰ ਨੇਤਾ ਜੀ ਸੁਭਾਸ਼ ਚੰਦਰ ਬੋਸ ਸਨ ਪਰ ਇਹ ਗੱਲ ਠੀਕ ਨਹੀਂ ਕਿ ਇਸ ਲਹਿਰ ਦੇ ਮੋਢੀ ਜਨਰਲ ਮੋਹਨ ਸਿੰਘ ਜਾਂ ਨੇਤਾ ਜੀ ਸਨ। ਇਹ ਲੋਕ-ਲਹਿਰ ਸੀ। ਅਮਰੀਕਾ ਤੇ ਕੈਨੇਡਾ ਵਿਚ ਸੁਲਘ ਰਹੀ ਗ਼ਦਰ ਲਹਿਰ ਦੇ ਯੋਧੇ ਪੂਰਬੀ ਏਸ਼ੀਆ ਵਿਚ ਮੌਜੂਦ ਸਨ। ਉਹ ਵੇਲੇ ਦੀ ਤਾੜ ਵਿਚ ਬੈਠੇ ਸਨ। ਉਹ ਲੁਹਾਰ ਵਾਲੀ ਸੱਟ ਮਾਰਨ ਲਈ ਵੱਡੀਆਂ ਤਿਆਰੀਆਂ ਕਰ ਰਹੇ ਸਨ। ਇਸੇ ਲੁਹਾਰ ਦੀ ਸੱਟ ਨੇ ਬਰਤਾਨੀਆਂ ਦੇ ਸਾਮਰਾਜ ਨੂੰ ਫੀਤੇ ਫੀਤੇ ਕਰ ਦਿੱਤਾ। ਲੋਕ ਜੋ ਮਰਜ਼ੀ ਕਹੀ ਜਾਣ ਪਰ ਮੇਰਾ ਭਰੋਸਾ ਹੈ ਅਕੀਦਾ ਹੈ ਕਿ ਇਹ ਲੋਕ-ਲਹਿਰ ਆਜ਼ਾਦ ਹਿੰਦ ਫੌਜ ਦੀ ਸ਼ਕਲ ਵਿਚ ਪੂਰਬੀ ਏਸ਼ੀਆ ਵਿਚ ਨਾ ਉਭਰਦੀ ਤਾਂ ਆਜ਼ਾਦੀ ਹੋਰ ਦੂਰ ਹੋ ਜਾਂਦੀ।

ਜਦ ਮੈਂ 1946 ਦੇ ਅੰਤ ਵਿਚ ਦੇਸ਼ ਮੁੜਿਆ ਤਾਂ ਆਜ਼ਾਦ ਹਿੰਦ ਫੌਜ ਬਾਰੇ, ਰਾਜਸੀ ਧੜਿਆਂ ਦੇ ਹਮਾਇਤੀਆਂ ਪਾਸੋਂ ਭਾਂਤ ਭਾਂਤ ਦੀਆਂ ਗੱਲਾਂ ਸੁਣੀਆਂ। ਇਸ ਲੋਕ-ਲਹਿਰ ਦੀ ਆਤਮਾ ਦੀ ਆਵਾਜ਼, ਲੋਕਾਂ ਦੇ ਸਾਹਮਣੇ ਰੱਖਣ ਲਈ 'ਲਹਿਰ-ਵਧਦੀ ਗਈ' ਨਾਵਲ ਤਿਆਰ ਕੀਤਾ। ਪਾਠਕਾਂ ਨੇ ਬੜੀ ਸੁਹਿਰਦਤਾ ਨਾਲ ਇਸ ਲਹਿਰ ਦੀ ਆਤਮਕ-ਆਵਾਜ਼ ਨੂੰ ਪ੍ਰਵਾਨ ਕੀਤਾ ਤੇ ਸਤਕਾਰਿਆ।

ਮੈਂ 'ਲਹਿਰ ਵਧਦੀ ਗਈ' ਨਾਵਲ ਲਿਖਣ ਤੋਂ ਪਹਿਲਾਂ, ਨਾਵਲ ਲਿਖਣ ਦੀ ਕਲਾ ਉੱਤੇ ਕਾਫ਼ੀ ਕੁਝ ਪੜ੍ਹਿਆ ਹੋਇਆ ਸੀ। ਕਈ ਆਲੋਚਕ ਤੇ ਲੇਖਕ ਨਾਵਲ-ਕਲਾ ਨੂੰ ਹੀ ਸਭ ਕੁਝ ਸਮਝੀ ਬੈਠੇ ਸਨ। 'ਨਾਵਲ ਕਿਵੇਂ ਲਿਖਣਾ ਹੈ?' ਦਾ ਹੀ ਪਹਾੜਾ, ਬਿਨਾਂ ਸੋਚੇ ਸਮਝੇ ਪੜ੍ਹੀ ਜਾਂਦੇ ਹਨ।

ਜੇ ਬੀਜ ਹੀ ਨਾ ਹੋਵੇ ਤਾਂ ਨਾ ਪੈਦਾ ਉਗਣਾ ਹੈ, ਨਾ ਫੁਲ ਪੈਣੇ ਤੇ ਨਾ ਹੀ ਫਲ ਲਗਣੇ ਹਨ। ਮਾਲੀ ਭਾਵੇਂ ਕਿੰਨਾ ਵੱਡਾ ਕਾਰੀਗਰ ਹੋਵੇ। ਕਈ ਵਾਰੀ ਧਰਤੀ ਤਿਆਰ ਕਰੇ, ਗੋਡੀਆਂ ਦੇਵੇ, ਪਾਣੀ ਦੀ ਥਾਂ ਅੰਮ੍ਰਿਤ ਨਾਲ ਕਿਆਰੀਆਂ ਸਿੰਜੇ, ਬੀਜ ਤੋਂ ਬਿਨਾ ਵੱਡੇ ਕਾਰੀਗਰ ਮਾਲੀ ਨੇ ਕੀ ਉਗਾ ਲੈਣਾ।

ਜੇ ਬੀਜ ਹੀ ਨਾ ਹੋਵੇ ਤਾਂ ਸਿਆਣੇ ਕਿਸਾਨ ਨੇ ਵੀ ਕੀ ਕਰ ਲੈਣਾ ਹੈ। ਜੇ ਕਪਾਹ ਨਾ ਹੋਵੇ ਤਾਂ ਪੈਂਜੇ ਨੇ ਕੀ ਪਿੰਜਣੈ। ਤ੍ਰਿੰਞਣ ਸੁਆਣੀਆਂ ਨੇ ਕੀ

ਕਤਣੈ। ਜੁਲਾਹੇ ਨੇ ਕੀ ਉਣਨੈ। ਦਰਜੀ ਨੇ ਕੀ ਸਿਉਣੈ।

ਜੇ ਦਾਣੇ ਹੀ ਹੈ ਨਹੀਂ ਤਾਂ ਸੁਆਣੀ ਨੇ ਚੱਕੀ ਨੂੰ ਕੀ ਕਰਨੈਂ? ਜੇ ਦਾਣੇ ਹੀ ਨਹੀਂ ਤਾਂ ਭਠਿਆਰਨ ਨੇ ਭੱਠੀ ਕਿਉਂ ਤਪਾਣੀ ਐ? ਪਥੇਰਨ ਵੀ ਤਾਂ ਆਪਣੀਆਂ ਪਾਥੀਆਂ ਪੱਥਣ ਦੀ ਕਲਾ ਓਦੋਂ ਹੀ ਉਜਾਗਰ ਕਰੂ ਜਦ ਉਹਦੇ ਕੋਲ ਗੋਹਾ ਹੋਊ। ਘੁਮਿਆਰ ਨੂੰ ਬਿਨਾ ਮਿਟੀ ਦਿਤਿਆਂ ਸੁਰਾਹੀ ਘੜੇ ਤੇ ਘੁਗੂ-ਘੂ ਕਰਨ ਵਾਲੇ ਖਿਡੌਣੇ ਬਣਾਉਣ ਲਈ ਨਾ ਵੰਗਾਰੋ। ਲਕੜ ਵਿਚੋਂ ਸੋਹਣੇ ਸੋਹਣੇ ਬੁੱਤ ਘੜਨ ਵਾਲੇ ਨੂੰ ਪਹਿਲਾਂ ਲਕੜ ਦਿਓ। ਫੇਰ ਉਸਦੀ ਕਲਾ ਦੀ ਪਰਖ ਕਰੋ। ਉਸਦੀ ਕਲਾ ਕੀ ਕਰੇਗੀ ਜੇ ਉਹਦੇ ਕੋਲ ਲਕੜ ਹੀ ਨਾ ਹੋਵੇ। ਪੱਥਰ ਘਾੜਿਆਂ ਤੇ ਬੁਤ ਤਰਾਸ਼ਿਆਂ ਨੂੰ ਪਹਿਲੋਂ ਪੱਥਰ ਤੇ ਸੰਗਮਰਮਰ ਦਿਓ।

ਜਿਹੜੇ ਲੋਕ ਕਲਾ, ਕਲਾ ਵਾਸਤੇ ਹੈ- ਦਾ ਨਾਹਰਾ ਲਾਉਂਦੇ ਹਨ ਉਨ੍ਹਾਂ ਦ ਸਮਾਂ ਬੀਤ ਚੁੱਕਾ। ਉਨ੍ਹਾਂ ਦਾ ਨਾਹਰਾ ਬੋਦਾ ਹੋ ਕੇ ਲੀਰਾਂ ਲੀਰਾਂ ਹੋ ਚੁੱਕਾ ਹੈ। ਇਹ ਜੁਗ ਲੋਕਾਂ ਦਾ ਹੈ। ਕਲਾ ਲੋਕਾਂ ਵਾਸਤੇ ਹੈ ਨਾ ਕਿ ਲੋਕ, ਕਲਾ ਵਾਸਤੇ। ਲੋਕਾਂ ਦੀ ਭੁਖ ਦੂਰ ਕਰਨ ਲਈ ਅਨਾਜ ਦੀ ਲੋੜ ਹੈ। ਅਨਾਜ ਨੂੰ ਕਲਾਕਾਰ ਫਿਰ ਜਿਵੇਂ ਚਾਹੇ ਢਾਲ ਲਏ। ਦਲੀਆ ਬਣਾ ਲਵੇ, ਰੋਟੀਆਂ ਪਕਾ ਲਵੇ। ਕੇਕ ਤੇ ਪੇਸਟਰੀਆਂ ਤਿਆਰ ਕਰ ਲਵੇ : ਲੋਕਾਂ ਦੇ ਤਨ ਢੱਕਣ ਲਈ ਕੱਪੜੇ ਦੀ ਲੋੜ ਹੈ। ਫਿਰ ਕਪੜੇ ਤੋਂ ਵੰਨ ਸੁਵੰਨੇ ਪਹਿਰਾਵੇ ਤਿਆਰ ਕਰ ਲਵੋ। ਲੋਕਾਂ ਨੂੰ ਸਿਰ ਢੱਕਣ ਲਈ ਕੁੱਲੀ ਦੀ ਲੋੜ ਹੈ। ਇਸ ਕਾਰਜ ਲਈ ਮਿੱਟੀ, ਲੱਕੜ ਤੇ ਲੋਹੇ ਦੀ ਜ਼ਰੂਰਤ ਹੈ। ਜੇ ਦੁਨੀਆ ਦੇ ਸਾਰੇ ਕਾਰੀਗਰ ਇਕੱਠੇ ਕਰ ਲਵੋ ਤੇ ਉਨ੍ਹਾਂ ਪਾਸ ਨਾ ਹੋਵੇ ਮਿੱਟੀ ਤੇ ਨਾ ਹੋਵੇ ਲਕੜ ਉਨ੍ਹਾਂ ਤੋਂ ਕੀ ਕਰਵਾ ਲਵੋਗੇ।

ਜੇ ਲਿਖਾਰੀ ਪਾਸ ਸ਼ਬਦ-ਮੈਟਰ (ਵਿਸ਼ਾ) ਹੀ ਨਹੀਂ ਤਾਂ ਉਸ ਦੀ ਕਲਾ ਨੂੰ ਕੀ ਕਰੋਗੇ। ਦਿਮਾਗ਼ ਦੇ ਜ਼ੋਰ ਤੇ ਜਿੰਨੀਆਂ ਛਾਲਾਂ ਮਾਰਨੀਆਂ ਚਾਹੋ ਮਾਰੀ ਜਾਓ। ਜੇ ਤੁਹਾਡਾ ਮਨ, ਤੁਹਾਡੇ ਦਿਮਾਗ਼ ਦਾ ਸਾਥ ਨਹੀਂ ਦੇਂਦਾ। ਤਾਂ ਕੀ ਕਰ ਲਓਗੇ? ਮਨ ਤੇ ਦਿਮਾਗ ਦੋਹਾਂ ਦੇ ਵਿਚਾਲੇ ਹਥ ਵਿਚੋਲਾ ਹਨ। ਜੇ ਮਨ, ਦਿਮਾਗ਼ ਤੇ ਹਥਾਂ ਵਿਚਾਲੇ ਇਕ ਸਾਰਤਾ ਨਹੀਂ ਤਾਂ ਵੀ ਗਲ ਨਹੀਂ ਬਣਨੀ। ਜਿਸ ਬੰਦੇ ਨੇ ਲੋਕਾਂ ਤੋਂ ਦੂਰ ਰਹਿ ਕੇ ਲਿਖਣਾ ਚਾਹਿਆ ਹੈ ਉਹ ਕੀ ਲਿਖੂ? ਜਿਹੜਾ ਬੰਦਾ ਲੋਕਾਂ ਵਿਚੋਂ ਨਹੀਂ ਲੋਕਾਂ ਦੇ ਨੇੜੇ ਨਹੀਂ ਜਾ ਲੋਕਾਂ ਦੇ ਦੁਖਾਂ ਤੋਂ ਅਣਜਾਣ ਹੈ ਉਸ ਨੇ ਹਜ਼ਾਰਾਂ ਵਰਕੇ ਕਾਲੇ ਕਰਕੇ ਵੀ ਮਲ ਮਾਰ ਲੈਣੀ ਹੈ?

ਇਸ ਸ੍ਰਿਸ਼ਟੀ ਦੇ ਆਰੰਭ ਤੋਂ ਲੈ ਕੇ ਲੋਕਾਂ ਦੇ ਦੁਖਾਂ, ਲੋਕਾਂ ਦੀਆਂ ਲੋੜਾਂ ਤੇ ਲੋਕਾਂ ਦੇ ਆਪਸੀ ਪਿਆਰ ਦਾ ਮਸਲਾ ਸਭ ਤੋਂ ਵੱਡਾ ਵਿਸ਼ਾ ਚਲਿਆ ਆ ਰਿਹਾ ਹੈ। ਆਓ। ਦਲਿਤ ਲੋਕਾਂ ਦੇ ਦੁੱਖਾਂ ਵੱਲ ਝਾਤ ਮਾਰੀਏ। ਉਨ੍ਹਾਂ ਦੇ ਦੁਖ

ਵੰਡਾਈਏ। ਉਨ੍ਹਾਂ ਦੀ ਧਰਤੀ ਉੱਤੇ ਕਬਜ਼ਾ ਜਮਾਂ ਕੇ ਬੈਠੇ, ਪ੍ਰਦੇਸੀ ਲੁਟੇਰਿਆਂ ਨੂੰ ਉਨ੍ਹਾਂ ਦੇ ਦੇਸ਼ਾਂ ਵਿਚੋਂ ਕੱਢਣ ਵਿਚ ਉਨ੍ਹਾਂ ਦੀ ਮਦਦ ਕਰੀਏ। ਉਨ੍ਹਾਂ ਦੀ ਆਵਾਜ਼ ਨਾਲ ਆਪਣੀ ਆਵਾਜ਼ ਰਲਾਈਏ। ਉਨ੍ਹਾਂ ਨੂੰ ਆਪਣੇ ਪੈਰਾਂ ਉਤੇ ਖੜੇ ਕਰਕੇ ਲੋਕਾਂ ਦਾ ਆਪਸੀ ਪਿਆਰ ਵਧਾਈਏ। ਨਸਲੀ-ਵਿਤਕਰਾ ਕਰਨ ਵਾਲਿਆਂ ਨੂੰ ਲਗਾਮਾ ਪਾਈਏ।

ਜੇ ਅਜ ਦਾ ਲਿਖਾਰੀ ਕਰਮ-ਯੋਗ ਤੋਂ ਝਿਜਕਦਾ ਹੈ, ਕਿਸਾਨਾਂ-ਕਿਰਤੀਆਂ-ਮਜ਼ਦੂਰਾਂ ਨਾਲੋਂ ਆਪਣੇ ਆਪ ਨੂੰ ਵਖਰਾ ਜਾਂ ਉੱਚਾ ਸਮਝ ਕੇ, ਲੋਕਾਂ ਦੇ ਮਸਲਿਆਂ ਤੋਂ ਅਣਜਾਣ ਰਹਿ ਕੇ ਆਪਣੇ ਆਪ ਨੂੰ ਬੁਧੀਜੀਵੀ ਸਮਝ ਕੇ ਅਲਗ ਥਲੱਗ ਬੈਠਾ ਹੈ ਤਾਂ ਉਹ ਮਹਾਨ ਦੇਸ਼ ਭਗਤ ਬਾਬਾ ਗੁਰਮਖ ਸਿੰਘ ਜੀ ਲਲਤੋਂ ਦੇ ਸ਼ਬਦਾਂ ਵਿਚ 'ਇਟੋ ਲਿਟੋ' ਹੈ। ਬਾਬਾ ਜੀ ਉਸ ਲਿਖਾਰੀ ਨੂੰ 'ਇਟੋ ਲਿਟੋ' ਕਹਿੰਦੇ ਹਨ ਜੋ ਕਿਰਤ ਦਾ ਪ੍ਰਚਾਰ ਕਰੇ ਪਰ ਆਪਣੇ ਹੱਥੀਂ ਕਿਰਤ ਨੂੰ ਨਫ਼ਰਤ ਕਰੇ। ਅਜਿਹੇ ਲੋਕ ਆਪਣੇ ਆਪ ਨੂੰ Intelectual ਜਾਂ ਬੁੱਧੀਜੀਵੀ ਕਹਿੰਦੇ ਹਨ ਪਰ ਬਾਬਾ ਜੀ ਅਜਿਹੇ ਲਿਖਾਰੀਆਂ ਨੂੰ ਇਟੋ ਲਿਟੋ ਕਹਿੰਦੇ ਸਨ, ਜਿਹੜਾ ਬੰਦਾ ਮੂਲੀਆਂ ਗਾਜਰਾਂ ਬੀਜਦਾ ਨਹੀਂ, ਨਾ ਗੋਡੀ ਕਰਦੈ, ਨਾ ਪਾਣੀ ਦੈਂਦੇ। ਉਹਦਾ ਕੀ ਹੱਕ ਹੈ ਕਿ ਮਾਲੀ ਦੀ ਆਗਿਆ ਬਿਨਾਂ ਮੂਲੀਆਂ ਗਾਜਰਾਂ ਪੁੱਟਦਾ ਫਿਰੇ। ਫੇਰ ਮਾਲੀ ਦੀ ਸੁਚੀ ਕਿਰਤ ਦੀਆਂ ਗਾਜਰਾਂ ਮੂਲੀਆਂ ਖਾਂਦਾ ਖਾਂਦਾ ਮਾਲੀ ਦਾ ਮਖੌਲ ਉਡਾਉਂਦਾ ਫਿਰੇ।

ਆਓ! ਪਹਿਲੋਂ ਬੀਜ ਲਭੀਏ। ਧਰਤੀ ਤਿਆਰ ਕਰੀਏ। ਬੀਜ ਗਡੀਏ, ਪਾਣੀ ਦਈਏ। ਗੋਡੀ ਕਰੀਏ। ਕੋਂਪਲਾਂ ਨਿਕਲਣਗੀਆਂ। ਪਤੀਆਂ ਉਗਣਗੀਆਂ, ਫੁਲ ਖਿੜਨਗੇ। ਫਿਰ ਮਨ ਮਰਜੀ ਬਣਾਓ ਗੁਲਦਸਤੇ। ਕਢੋ ਅਤਰ ਫਲੇਲ। ਬਣਾਓ ਗੁਲਕੰਦ ਤੇ ਮੁਰੱਬੇ।

ਫੁਲਾਂ ਬਿਨਾਂ ਫੁਲੇਰੇ ਦੇ ਚਾਹਵਾਨ ਨਾ ਬਣੋ। ਸੱਪਾਂ, ਸਪੇਰਿਆਂ, ਫਨੀਅਰਾਂ ਤੇ ਨਾਗਾਂ ਦੇ ਨੇੜੇ ਜਾਏ ਬਿਨਾਂ ਸਪੇਰੇ ਅਖਵਾਉਣ ਦਾ ਚਾਅ ਪੂਰਾ ਨਾ ਕਰੋ। ਕਿਰਤ ਵਿਚੋਂ ਕਰਮ ਲੱਭੋ। ਕਿਰਤ ਕਰਨ ਦਾ ਰੰਗ ਮਾਣਦੇ ਹੋਏ, ਕਰਮ-ਯੋਗ ਨੂੰ ਆਪਣੀ ਕਲਮ ਦਾ ਵਿਸ਼ਾ ਬਣਾਓ। ਮੇਰੀਓ ਭੈਣੋ ਤੇ ਭਰਾਓ। ਪਹਿਲੋਂ ਬੀਜ ਲੱਭੋ। ਫਿਰ ਕਾਰੀਗਰੀ ਦੇ ਹਥਿਆਰ ਵਰਤਣ ਦੀ ਜਾਂਚ ਸਿਖ ਕੇ ਫੁਲ ਖਿੜਾਓ। ਫੁਲੇਰੇ ਬਨਣ ਦਾ ਮਾਣ ਪ੍ਰਾਪਤ ਕਰੋ। ਸੱਪਾਂ ਤੇ ਨਾਗਾਂ ਦੇ ਫੁੰਕਾਰਿਆਂ ਤੋਂ ਯਰਕਦੇ ਹੋਏ ਵੀ ਸਪੇਰੇ ਬਣ ਜਾਣ ਦੇ ਸੁਪਨੇ ਵੇਖਣੇ ਛਡ ਦਿਓ।

ਨਵੀਂ ਪੁੰਗਰਦੀ ਮਨੁੱਖਤਾ ਦੀ ਪਨੀਰੀ ਦੇ ਮਾਲਕ ਲੇਖਕ, ਜਾਗ। ਜੇ ਤੂੰ ਵੰਡੀਆਂ ਵਿਚ ਵੰਡਿਆ ਰਿਹਾ, ਪੱਖ ਪਾਤ ਤੋਂ ਉਚਾ ਨਾ ਉਠ ਸਕਿਆ,

ਕਿਸੇ ਇਕ ਧੜੇ ਨਾਲ ਬਝ ਕੇ ਰਹਿ ਗਿਆ, ਆਪਣੇ ਧੜੇ ਦੇ ਲੋਕਾਂ ਦੇ ਖ਼ਿਆਲਾਂ ਦੇ ਨਾਲ ਸੰਮਤੀ ਨਾ ਹੁੰਦਿਆਂ ਕਿਸ ਮਤਲਬ ਕਿਸੇ ਡਰ ਕਰਕੇ ਨਿਮਰਤਾ ਦਾ ਗੁਣ, ਜੋ ਕਿ ਲੇਖਕ ਲਈ ਜ਼ਰੂਰੀ ਹੈ, ਗੰਵਾ ਬੈਠਾ, ਤਾਂ ਫਿਰ ਤੇਰੀਆਂ, ਮਨੁੱਖਤਾ ਦੀ ਸਾਂਝ ਬਾਰੇ ਲਿਖੀਆਂ ਲਿਖਤਾਂ ਨਿਕਾਰੀਆਂ ਹੋ ਜਾਣਗੀਆਂ, ਤੂੰ ਇਕ ਵਾੜੇ ਵਿਚ ਡੱਕੀ ਹੋਈ ਇਕ ਭੇਡ ਹੋਵੇਂਗਾ। ਤੇਰਾ ਆਜੜੀ, ਤੇਰਾ ਮਾਲਕ ਤੇਰੇ ਖ਼ਿਆਲਾਂ ਦਾ ਰੱਬ ਹੋਵੇਗਾ। ਜਿਸ ਆਦਰਸ਼ ਨੂੰ ਲੈ ਕੇ, ਤੂੰ ਲੇਖਕ ਦਾ ਕਰਤੱਵ ਸੰਭਾਲਿਆ ਹੈ, ਉਹ ਨਿਸਫ਼ਲ ਹੋ ਜਾਏਗਾ।

ਕਿਸੇ ਵਾੜੇ ਵਿਚ ਡੱਕੀ ਹੋਈ ਭੇਡ ਦਾ ਰਖਵਾਲਾ ਕਿਸੇ ਦੂਜੇ ਨੂੰ ਤਾਂ ਭੇਡ ਦੇ ਨੇੜੇ ਨਹੀਂ ਆਉਣ ਦੇਂਦਾ। ਪਰ ਉਹ ਉਸ ਨੂੰ ਆਪਣੇ ਵਾੜੇ ਵਿਚੋਂ ਨਿਕਲਣ ਦੀ ਆਗਿਆ ਵੀ ਨਹੀਂ ਦੇਂਦਾ।

ਦੇਸ਼ਾਂ ਦੀਆਂ ਹੱਦਾਂ, ਵੱਖੋ ਵੱਖਰੀਆਂ, ਨਸਲਾਂ, ਬੋਲੀਆਂ ਤੇ ਸ਼ੈਣੀਆਂ ਦੁਨੀਆਂ ਦੇ ਮਨੁੱਖ ਨੂੰ ਮਨੁੱਖਤਾ ਕਰਨਾ ਤੋਂ ਹੋੜ ਨਹੀਂ ਸਕਦੇ, ਰੋਕ ਨਹੀਂ ਸਕਦੇ। ਮਨੁੱਖਤਾ, ਮਨੁੱਖ ਦਾ ਅਸਲੀ, ਅਸਲਾ ਹੈ।

ਲੇਖਕ ਮਨੁੱਖਤਾ ਦੀ ਲੀਹ ਉੱਤੇ ਤੁਰਨ ਵਾਲਾ ਇਕ ਮਨੁੱਖ ਹੈ। ਉਹ ਹੋਰਨਾਂ ਨੂੰ ਮਨੁੱਖਤਾ ਦੀ ਲੀਹ ਉੱਤੇ ਤੋਰਨ ਦੀ ਪ੍ਰੇਰਨਾ ਕਰਨ ਦੀ ਸੁੱਚੀ ਕਿਰਤ ਕਰਦਾ ਹੈ।

ਗ਼ਦਰ ਲਹਿਰ ਦੀ-ਪੰਜਾਬੀ ਬੋਲੀ, ਪੰਜਾਬੀ ਲਿੱਪੀ ਤੇ ਪੰਜਾਬੀ ਸਾਹਿਤ ਨੂੰ ਦੇਣ

-ਕੇਸਰ ਸਿੰਘ ਨਾਵਲਕਾਰ

ਕਿਸਾਨ ਕਣਕ ਤੇ ਹੋਰ ਅਨਾਜ ਬੀਜਦਾ, ਪਾਣੀ ਦੇਂਦਾ, ਗੋਡੀਆਂ ਕਰਦਾ, ਫ਼ਸਲਾਂ ਦੀ ਰਾਖੀ ਕਰਦਾ, ਫ਼ਸਲਾਂ ਵੱਢਦਾ, ਗਾਹ ਗਾਹੁੰਦਾ ਤੇ ਅਨਾਜ ਦੀਆਂ ਬੋਰੀਆਂ ਭਰ ਕੇ, ਲੋਕਾਂ ਦੀ ਪੇਟ ਪਾਲਣਾ ਕਰਦਾ ਹੈ।

ਕਣਕ ਤੇ ਹੋਰ ਅਨਾਜਾਂ ਵਾਂਗੂੰ ਕਿਸਾਨ, ਕਪਾਹ ਦੀ ਖੇਤੀ ਕਰਕੇ ਲੋਕਾਂ ਦੇ ਪਿੰਡੇ ਕੱਜਣ ਦੀ ਕਿਰਤ ਵੀ ਕਰਦਾ ਹੈ। ਕਿਸਾਨ ਦੀ ਉਪਜ-ਕਪਾਹ ਦੇ ਸਹਾਰੇ ਜੁਲਾਹਾ-ਤੁੰਬਣ, ਕੱਤਣ ਤੇ ਉਣਨ ਦਾ ਕੰਮ ਸੰਭਾਲਦਾ ਹੈ। ਦਰਜੀ, ਕੱਪੜੇ ਸੀਅ ਕੇ ਲੋਕਾਂ ਦੇ ਨੰਗੇਜ਼ ਹੀ ਨਹੀਂ ਢੱਕਦਾ, ਸਗੋਂ ਲੋਕਾਂ ਲਈ ਵਿਛੌਣੇ, ਬਿਸਤਰੇ ਤੇ ਹੋਰ ਅਜਿਹੀਆਂ ਅਨੇਕਾਂ ਚੀਜ਼ਾਂ ਤਿਆਰ ਕਰਦਾ ਹੈ। ਤਰਖਾਣ, ਬੂਹੇ, ਬਾਰੀਆਂ, ਮੰਜੇ, ਪੀੜੀਆਂ ਤਿਆਰ ਕਰਨ ਦੀ ਕਿਰਤ ਕਰਦਾ ਹੈ। ਲੁਹਾਰ-ਕਿਸਾਨ ਲਈ ਹਲ ਦੇ ਫਾਲੇ, ਜੁਲਾਹੇ ਲਈ ਚਰਖੇ ਦਾ ਤਕਲਾ, ਦਰਜੀ ਲਈ ਕੈਂਚੀ- ਗਜ਼ ਤੇ ਹੋਰ ਕਈ ਕੁਝ ਬਣਾਂਦਾ ਹੈ।

ਸਾਹਿਤਕਾਰ-ਇਨ੍ਹਾਂ ਕਿਰਤੀਆਂ ਦੀ ਕਿਰਤ ਦੇ ਸਹਾਰੇ ਹੀ ਜੀਂਦਾ ਇਹ ਕਿਰਤੀ ਮਨੁੱਖਤਾ ਦੇ ਸਰੀਰ ਦੇ ਰਖਵਾਲੇ ਹੁੰਦੇ ਹਨ। ਸਾਹਿਤਕਾਰ ਇਨ੍ਹਾਂ ਕਿਰਤੀਆਂ ਵਾਸਤੇ ਆਤਮਾ ਦੀ ਖ਼ੁਰਾਕ ਪੈਦਾ ਕਰਦਾ ਹੈ। ਉਨ੍ਹਾਂ ਕਿਰਤੀਆਂ ਦੇ ਦਿਮਾਗ਼ ਤੇ ਆਤਮਾ ਨੂੰ ਖੜ੍ਹਾ ਕਰਨ ਤੇ ਖੜ੍ਹਾ ਰੱਖਣ ਲਈ ਸੁੱਚੀ ਕਿਰਤ ਕਰਦਾ ਕਿਰਤੀਆਂ ਨੂੰ ਉਨ੍ਹਾਂ ਦੀ ਕਿਰਤ ਵਿਚ ਭਰੋਸਾ ਰੱਖਣ ਦੀ ਪੱਕੀ ਕਰਦਾ ਹੈ। ਸਾਹਿਤਕਾਰ, ਕਿਰਤੀ ਲੋਕਾਂ ਨੂੰ ਜ਼ਾਲਮ ਤੇ ਜ਼ੁਲਮ, ਜ਼ਾਲਮ ਹਾਕਮਾਂ ਤੇ ਜ਼ਾਲਮ ਸਰਕਾਰਾਂ ਦੇ ਧੱਕਿਆਂ ਦਾ ਮੁਕਾਬਲਾ ਕਰਨ ਲਈ ਤਿਆਰ ਕਰਨ ਦੀ ਸੁੱਚੀ ਕਿਰਤ ਕਰਦਾ ਹੈ।

ਸੱਚਾ ਸਾਹਿਤਕਾਰ, ਸੱਚੀ ਕਿਰਤ ਕਰਦਾ ਹੈ। ਉਸਦੀ ਕਿਰਤ ਦਾ ਬੀਜ

ਸੱਚਾ ਹੁੰਦਾ ਹੈ। ਸੱਚ ਦੀ ਰਖਿਆ ਲਈ ਉਹ ਦੁਨੀਆਂ ਦੇ ਕਿਰਤੀਆਂ ਨੂੰ ਇਕੋ ਜਿਹੇ ਸਮਝ ਕੇ, ਉਨ੍ਹਾਂ ਦੀ ਸਾਂਝੀ ਕਿਰਤ ਤੇ ਸਾਂਝੇ ਸੰਘਰਸ਼ ਦੀ ਗੱਲ ਕਰਦਾ ਹੈ।

ਫਿਰ ਇਕ ਵਕਤ ਆਇਆ ਜਦ ਪੰਜਾਬ ਦੀ ਧਰਤੀ ਉਤੇ ਜੰਮੇ, ਪਲੇ ਨੌਜਵਾਨਾਂ ਨੇ ਕੈਨੇਡਾ ਤੇ ਅਮਰੀਕਾ ਵਲ ਮੂੰਹ ਕਰ ਲਿਆ। ਜੰਗਲਾਂ ਵਿਚ ਲੱਕੜਾਂ ਪਾੜਦਾ, ਲੱਕੜਾਂ ਦੇ ਕਾਰਖਾਨਿਆਂ ਵਿਚ ਫੱਟੇ ਖਿਚਦਾ, ਖੇਤਾਂ ਵਿਚ ਮਜ਼ਦੂਰੀ ਕਰਦਾ, ਰੇਲਾਂ ਦੀਆਂ ਪਟੜੀਆਂ ਵਿਛਾਂਦਾ, ਸੜਕਾਂ ਬਣਾਂਦਾ, ਕੋਇਲੇ ਤੇ ਲੋਹੇ ਦੀਆਂ ਖਾਨਾਂ ਵਿਚ ਭੁੜੀਆਂ ਕਰਦਾ, ਇਹ ਪੰਜਾਬੀ ਕਿਸਾਨ, ਸਾਹਿਤਕਾਰ ਬਣਨ ਤੇ ਮਜ਼ਬੂਰ ਹੋ ਗਿਆ। ਉਸ ਵੇਲੇ ਕਿਰਤੀ ਸਾਹਿਤਕਾਰ ਦਾ ਜਨਮ ਹੋਇਆ। ਆਲੂਆਂ, ਸ਼ਕਰਕੰਦੀ, ਕਮਾਦ ਤੇ ਧਾਨ ਦੇ ਖੇਤਾਂ ਵਿਚ ਭੁੜੀਆਂ ਕਰਦਾ, ਸੇਆਂ, ਸੰਤਰਿਆਂ, ਅੰਗੂਰਾਂ, ਅਮਰੂਦਾਂ ਤੇ ਹੋਰ ਫਲਾਂ ਦੇ ਰੁੱਖਾਂ ਨਾਲ ਘੁਲਦਾ ਮੁੜ੍ਹਕੋ ਮੁੜ੍ਹਕੀ ਹੋਇਆ ਗਾ ਉੱਠਿਆ-

"ਦੇਸੋਂ ਪੈਣ ਧੱਕੇ, ਪਰਦੇਸ ਢੋਈ ਨਾਹ।
ਸਾਡਾ ਪਰਦੇਸੀਆਂ ਦਾ ਦੇਸ ਕੋਈ ਨਾਹ।"

ਖੱਫਣ, ਸਿਰਾਂ ਉੱਤੇ ਬੰਨ੍ਹ ਕੇ ਕਿਰਤੀ-ਸਾਹਿਤਕਾਰ ਸੂਰਮੇ ਇਹ ਤੁਕਾਂ ਗਾਉਂਦੇ ਗਾਉਂਦੇ ਗ਼ੁਲਾਮ ਦੇਸ ਦੀ ਆਜ਼ਾਦੀ ਵਾਸਤੇ, ਆਹੂਤੀਆਂ ਦੇਣ ਲਈ ਦੇਸ ਵਲ ਮੁੜ ਪਏ। ਫੇਰ ਇਹ ਕਿਰਤੀ ਸਾਹਿਤਕਾਰ ਗਾ ਉੱਠੇ-

"ਚਲੋ ਚਲੀਏ ਦੇਸ ਨੂੰ ਯੁੱਧ ਕਰਨੇ
ਇਹੋ ਆਖਰੀ ਬਚਨ-ਫੁਰਮਾਨ ਹੋਏ,
ਗਿੱਦੜ ਪਿਛਾਂਹ ਤੇ ਜਾਣਗੇ ਸ਼ੇਰ ਅੱਗੇ
ਜਦੋਂ ਬਿਗਲ ਲੜਾਈ ਦੇ ਆਣ ਹੋਏ।"

ਹਜ਼ਾਰਾਂ ਦੀ ਗਿਣਤੀ ਵਿਚ ਕਿਰਤੀ ਯੋਧੇ ਕੈਨੇਡਾ ਤੇ ਅਮਰੀਕਾ ਦੀ ਧਰਤੀ ਛੱਡ ਕੇ ਦੇਸ ਦੀ ਆਜ਼ਾਦੀ ਦੀ ਜੰਗ ਵਿਚ ਜੂਝਣ ਵਾਸਤੇ ਦੇਸ ਪਹੁੰਚ ਗਏ। ਦੇਸ ਦੀ ਲੁਕਾਈ ਸੁੱਤੀ ਪਈ ਸੀ। ਪਰਦੇਸੀ ਹਾਕਮਾਂ ਨੇ ਹਰਿਮੰਦਰ ਸਾਹਿਬ ਦੇ ਸਰਕਾਰੀ ਸਰਬਰਾਹ ਅਰੂੜ ਸਿੰਘ ਤੋਂ ਬਿਆਨ ਦੁਆ ਦਿੱਤਾ ਕਿ "ਜੋ ਸਿਖ, ਬਾਹਰਲੇ ਮੁਲਕਾਂ ਤੋਂ ਜੰਗ ਦੇ ਦੌਰਾਨ, ਅੰਗਰੇਜ਼ਾਂ ਦੇ ਖ਼ਿਲਾਫ਼ ਲੜਨ ਲਈ ਆ ਰਹੇ ਹਨ ਉਹ ਸਿੱਖ ਹੀ ਨਹੀਂ ਗ਼ਦਾਰ ਹਨ।"

ਗ਼ਦਰੀਆਂ ਨੇ ਆਪਣਾ ਸਾਰਾ ਟਿਲ ਲਾਇਆ। ਪਰ ਫਿਰ ਵੀ ਪਰਦੇਸੀ ਸਰਕਾਰ ਦੇ ਹਥਿਆਰਾਂ, ਦੇਸੀ-ਗ਼ੁਲਾਮ ਫੌਜੀਆਂ, ਦੇਸੀ ਗ਼ਦਾਰਾਂ ਤੇ ਮੁਖਬਰਾਂ ਦੇ ਮੁਕਾਬਲੇ ਵਿਚ ਆਪਣੇ ਮਕਸਦ ਵਿਚ ਸਫ਼ਲ ਨਾ ਹੋ ਸਕੇ। ਸਮਾਂ ਪਾ ਕੇ ਦੂਜੇ ਹਮਲੇ ਦੀਆਂ ਤਿਆਰੀਆਂ ਕਰਨ ਲਈ ਖਿੰਡ-ਪੁੰਡ ਗਏ। ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਤੇ ਜਗਤ ਸਿੰਘ ਸੁਰਸਿੰਘ ਸਰਹੱਦੀ ਸੂਬੇ ਵਿਚ ਪਹੁੰਚ ਗਏ। ਉਥੇ ਕੁਝ ਦਿਨ ਰਹਿ ਕੇ ਉਨ੍ਹਾਂ ਕਈ ਸਲਾਹਾਂ ਕੀਤੀਆਂ ਤੇ ਢਾਹੀਆਂ। ਇਕ ਦਿਨ ਨਵੇਕਲੇ ਬਹਿ ਕੇ ਕਰਤਾਰ ਸਿੰਘ ਸਰਾਭਾ ਨੇ ਇਕ ਗ਼ਦਰੀ ਕਵਿਤਾ, ਦੋਹਾਂ ਗ਼ਦਰੀ-ਸਾਥੀਆਂ ਨੂੰ ਸੁਣਾ ਕੇ, ਪੰਜਾਬ ਮੁੜਨ ਦਾ ਫ਼ੈਸਲਾ ਕਰ ਦਿੱਤਾ-

"ਹਿੰਦ ਦੇ ਬਹਾਦਰੋ ਕਿਉਂ ਬੈਠੇ ਚੁੱਪ ਜੀ,
ਅੱਗ ਲੱਗੀ ਦੇਸ਼ ਨਾਂਹ ਸਹਾਰੋ ਧੁੱਪ ਜੀ।
ਬੁਝਣੀ ਇਹ ਤਾਂ ਹੀ ਹੈ ਸਰੀਰ ਭੱਜ ਕੇ,
ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜ ਕੇ।

ਸਿਰ ਦਿੱਤੇ ਬਾਝ ਨਹੀਂ ਕੰਮ ਸਰਨਾ,
ਯੁੱਧ ਵਿਚ ਪਏਗਾ ਜ਼ਰੂਰ ਮਰਨਾ।
ਪਵੋ ਸਰਕਾਰ ਸ਼ੇਰਾਂ ਵਾਂਗ ਗੱਜ ਕੇ,
ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜ ਕੇ।

ਹੱਥ ਸ਼ਮਸ਼ੀਰ ਕੁਦ ਪਓ ਮੈਦਾਨ ਜੀ,
ਮਾਰ ਮਾਰ ਵੈਰੀਆਂ ਦੇ ਲਾਹੋ ਘਾਣ ਜੀ।
ਵੈਰੀਆਂ ਦੇ, ਆਉ, ਲਹੂ ਪੀਏ ਰੱਜ ਕੇ,
ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜ ਕੇ।

ਮਾਰ ਲਈਏ ਵੈਰੀ, ਮਰ ਜਾਈਏ ਆਪ ਜਾਂ,
ਕਾਇਰਤਾ, ਗਰੀਬੀ ਮਿਟ ਜਾਵੇ ਤਾਪ ਤਾਂ,
ਪਾ ਲਈਏ ਸ਼ਹੀਦੀ ਸੂਰੇ ਸ਼ੇਰ ਗੱਜ ਕੇ,
ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜ ਕੇ।"

ਜਦ ਤਿੰਨੇ ਜੋਧੇ ਪੰਜਾਬ ਪੁੱਜੇ ਤਾਂ ਇਕ ਸਰਕਾਰੀ ਮੁਖ਼ਬਰ ਨੇ ਪੁਲਸ

ਨੂੰ ਖ਼ਬਰ ਦੇ ਕੇ ਫੜਵਾ ਦਿੱਤੇ। ਕਰਤਾਰ ਸਿੰਘ ਸਰਾਭੇ ਤੇ ਜਗਤ ਸਿੰਘ ਸੁਰ ਸਿੰਘ ਨੂੰ ਫਾਂਸੀ ਦੀ ਸਜ਼ਾ ਹੋਈ ਤੇ ਹਰਨਾਮ ਸਿੰਘ ਟੁੰਡੀਲਾਟ ਨੂੰ ਉਮਰ ਕੈਦ। ਫਾਂਸੀ ਦੇ ਤਖ਼ਤੇ ਉਤੇ ਝੂਲਣ ਤੋਂ ਪਹਿਲਾਂ ਨੌਜਵਾਨ ਕਰਤਾਰ ਸਿੰਘ ਸਰਾਭਾ ਫਿਰ ਗਾ ਉੱਠਿਆ-

"ਸੇਵਾ ਦੇਸ ਦੀ ਜਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ,
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।
ਜਿਨ੍ਹਾਂ ਦੇਸ ਸੇਵਾ ਦਾ ਇਸ਼ਕ ਲਗਾ,
ਮਹਿਲ, ਮਾੜੀਆਂ ਛੱਡ ਫ਼ਕੀਰ ਹੋਏ,
ਹੱਸ ਹੱਸ ਕੇ ਚੜ੍ਹ ਕਈ ਫਾਂਸੀਆਂ 'ਤੇ,
ਕਾਲੇ-ਪਾਣੀਆਂ ਦਿਲ ਕਈ ਤੀਰ ਹੋਏ।
ਮਾਫ਼ੀ ਮੰਗਣੀ ਨਹੀਂ ਮਨਜ਼ੂਰ ਸਾਨੂੰ,
ਬਣੇ ਇਸ਼ਕ-ਸਵਰਾਜ ਦੇ ਵੀਰ ਹੋਏ,
ਅਸਾਂ ਦੇਸ਼ ਆਜ਼ਾਦ ਜ਼ਰੂਰ ਕਰਨਾ,
ਟੁਕੜੇ ਅੰਤ ਨੂੰ ਭਾਵੇਂ ਸਰੀਰ ਹੋਏ।"

ਕਿਰਤੀ-ਸਾਹਿਤਕਾਰ ਜੋ ਕਹਿੰਦੈ ਉਹ ਕਰ ਕੇ ਵਿਖਾਂਦੈ। ਜੋ ਆਪ ਕਰਕੇ ਵਿਖਾਂਦੈ ਉਸੇ ਦਾ ਨਾਹਰਾ ਲਾਉਂਦਾ ਹੈ ਤੇ ਹੋਰਨਾਂ ਨੂੰ ਵੀ ਪ੍ਰੇਰਦਾ ਹੈ। ਆਪਣਾ ਸਭ ਕੁਝ ਦੇਸ਼ ਤੋਂ ਨਿਸ਼ਾਵਰ ਕਰਕੇ ਹੀ ਹੋਰਨਾਂ ਨੂੰ ਆਹੂਤੀਆਂ ਦੇਣ ਵਾਲੇ ਇਸ਼ਕ ਦੀ ਪ੍ਰੇਰਨਾ ਦੇਂਦਾ ਹੈ। ਉਹ ਕਹਿਣੀ ਤੇ ਕਰਣੀ ਦਾ ਸੂਰਾ-ਸਾਹਿਤਕਾਰ ਹੋ ਉਘੜਦਾ ਹੈ। ਕਹਿਣੀ ਦੇ ਸੂਰੇ ਤੇ ਕਰਨੀ ਦੇ ਕੂੜੇ ਸਾਹਿਤਕਾਰਾਂ ਨੂੰ ਉਹ ਸੱਚ ਦੇ ਅਲੰਬਰਦਾਰ ਤੇ ਸਾਹਿਤਕਾਰ ਨਹੀਂ ਮੰਨਦਾ। ਰਾਜਿਆਂ, ਮਹਾਰਾਜਿਆਂ, ਸਰਮਾਏਦਾਰਾਂ, ਜਾਗੀਰਦਾਰ ਤੇ ਕਾਰਖਾਨੇਦਾਰਾਂ ਦੇ ਪੱਖ ਵਿਚ ਲਿਫ਼ ਕੇ ਚਾਪਲੂਸੀ ਕਰਨ ਵਾਲਿਆਂ ਨੂੰ ਉਹ ਸਰਕਾਰੀਆ ਹੋਣ ਦਾ ਖਿਤਾਬ ਦੇਂਦੈ।

ਸਾਹਿਤ ਉਹ ਹੈ ਜੋ ਲੋਕਾਂ ਵਾਸਤੇ ਹੋਏ, ਲੋਕਾਂ ਬਾਰੇ ਹੋਵੇ, ਲੋਕਾਂ ਦੀ ਬੋਲੀ ਵਿਚ ਹੋਵੇ ਤੇ ਲੋਕਾਂ ਨੂੰ ਸਮਝ ਆਵੇ। ਵੇਲੇ ਦੀਆਂ ਸਰਕਾਰਾਂ ਤੇ ਵੇਲੇ ਦੇ ਹਾਕਮਾਂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਵਾਲਾ ਸਾਹਿਤਕਾਰ ਨਹੀਂ ਹੋ ਸਕਦਾ। ਅਜਿਹੇ ਸਾਹਿਤ ਨੂੰ ਕੇਵਲ ਮੰਗਤਿਆਂ ਤੇ ਮਾਲਕਾਂ ਵਾਲਾ ਕਿੱਸਾ-ਕਹਾਣੀ ਤਾਂ

ਕਿਹਾ ਜਾ ਸਕਦਾ ਹੈ।

ਅੱਜ ਕੱਲ੍ਹ ਦਾ ਸਾਹਿਤਕਾਰ ਵਿਦਵਤਾ ਭਰੀਆਂ ਉਹ ਗੱਲਾਂ ਲਿਖਦੈ, ਉਸ ਬੋਲੀ ਵਿਚ ਲਿਖਦੈ ਜੋ ਕੇਵਲ ਉਸ ਨੂੰ ਜਾਂ ਉਸ ਵਰਗੇ 'ਇਟੈਲਿਟੈ' ਲੋਕਾਂ ਦੀ ਸਮਝ ਵਿਚ ਹੀ ਪੈ ਸਕੇ। ਉਹ ਸਮਝਦਾ ਹੈ ਕਿ ਜੇ ਉਸ ਦੀ ਗੱਲ, ਲੋਕਾਂ ਦੇ ਪੱਲੇ ਪੈ ਗਈ ਤਾਂ ਉਸ ਦੀ ਵਿਦਵਤਾ ਦਾ ਸਿੱਕਾ ਹੀ ਲੋਕਾਂ ਨੇ ਨਹੀਂ ਮੰਨਣਾ।

ਮੈਨੂੰ ਕਈ ਵਾਰੀ ਇਉਂ ਜਾਪਦੈ ਕਿ ਮੈਨੂੰ ਅੱਜ ਕੱਲ੍ਹ ਦੇ ਇਟੈ-ਲਿਟੈ ਵਿਦਵਾਨਾਂ ਦੀ ਪੰਜਾਬੀ ਪੜ੍ਹਨ ਲਈ ਤੇ ਸਮਝਣ ਲਈ ਨਵੇਂ ਸਿਰਿਉਂ ਪੰਜਾਬੀ ਪੜ੍ਹਨੀ ਪਵੇਗੀ।

ਕੈਨੇਡਾ ਵਿਚ ਜਾਗਰਤ-ਗ਼ਦਰ ਲਹਿਰ ਦਾ ਮੁੱਢ

ਕੈਨੇਡਾ ਦੇ ਦੋ ਅਖ਼ਬਾਰ- 'ਸੁਦੇਸ਼-ਸੇਵਕ' ਤੇ 'ਸਨਸਾਰ'

ਪੰਜਾਬ ਨੂੰ ਗ਼ੁਲਾਮ ਬਣਾ ਲੈਣ ਪਿਛੋਂ ਅੰਗਰੇਜ਼ਾਂ ਨੂੰ ਇਹ ਡਰ ਲੱਗਾ ਕਿ ਹਾਰੇ ਹੋਏ ਸਿੱਖ ਕਿਧਰੇ ਫਿਰ ਨਾਂਹ ਉਠ ਪੈਣ। ਮੰਦਹਾਲੀ ਦੇ ਕਾਰਨ ਕਿਧਰੇ ਬਲਵੇ ਨਾ ਕਰਨ ਲਗ ਪੈਣ। ਅੰਗਰੇਜ਼ਾਂ ਨੇ ਪੰਜਾਬੀ ਕਿਸਾਨ ਨੌਜਵਾਨਾਂ ਨੂੰ ਆਪਣੀਆਂ ਫੌਜਾਂ ਵਿਚ ਭਰਤੀ ਕਰਕੇ ਪੂਰਬੀ ਏਸ਼ੀਆ ਵਿਚ ਲਿਜਾ ਕੇ, ਆਪਣੇ ਇਸ ਮਸਲੇ ਨੂੰ ਹੱਲ ਕਰ ਲਿਆ। ਨੌਜਵਾਨਾਂ ਨੂੰ ਆਪਣੇ ਘਰਾਂ ਤੋਂ ਦੂਰ ਕਰ ਦਿੱਤਾ। ਅੰਗਰੇਜ਼ਾਂ ਨੇ ਪੇਂਡੂ ਕਿਸਾਨ ਨੌਜਵਾਨਾਂ ਨੂੰ ਗੁਲਾਮ ਬਣਾ ਕੇ, ਇਨ੍ਹਾਂ ਗੁਲਾਮਾਂ ਦੇ ਬਾਹੂ-ਬਲ ਨਾਲ ਪੂਰਬੀ ਏਸ਼ੀਆ ਦੇ ਵਸਨੀਕਾਂ ਨੂੰ ਗ਼ੁਲਾਮ ਬਣਾਈ ਰੱਖਣ ਦੀ ਸਾਜਸ਼ ਕੀਤੀ।

ਅਜਿਹੇ ਸਿੱਖ-ਫੌਜੀਆਂ ਨੂੰ ਮਲਕਾ ਵਿਕਟੋਰੀਆ ਦੀ ਜੁਬਲੀ ਸਮੇਂ ਸਲਾਮੀ ਦੇਣ ਲਈ ਲੰਡਨ ਭੇਜਿਆ ਗਿਆ। ਇਹ ਗੱਲ 1897 ਦੀ ਹੈ। ਕੈਨੇਡਾ ਦੇ ਪੂਰਬੀ ਕੰਢੇ ਤੋਂ ਪੱਛਮੀ ਤਟ ਤਕ, ਰੇਲਵੇ ਲਾਈਨ, ਕੁਝ ਹੀ ਸਾਲ ਪਹਿਲੋਂ ਬਣ ਚੁੱਕੀ ਸੀ। ਇਹ ਫੌਜੀ ਲਗਪਗ ਪੰਜ ਹਜ਼ਾਰ ਮੀਲ, ਗੱਡੀ ਦਾ ਸਫ਼ਰ ਕਰਕੇ ਵੈਨਕੂਵਰ ਪੁੱਜੇ।

ਉਨ੍ਹਾਂ ਪੂਰਬੀ ਕੰਢੇ ਤੋਂ ਪੱਛਮੀ ਕੰਢੇ ਵੱਲ ਜਾਣ ਸਮੇਂ ਖੁੱਲ੍ਹੀਆਂ ਜ਼ਮੀਨਾਂ ਤੱਕੀਆਂ ਘਣੇ ਜੰਗਲ ਵੇਖੇ। ਨਦੀਆਂ ਦੇ ਸ਼ੂਕਦੇ ਪਾਣੀਆਂ ਦੀਆਂ ਆਵਾਜ਼ਾਂ ਸੁਣੀਆਂ। ਕਿਸਮ ਕਿਸਮ ਦੇ ਜੰਗਲੀ ਜਾਨਵਰਾਂ ਨੂੰ ਖੁੱਲ੍ਹੇ ਮੈਦਾਨਾਂ ਵਿਚ ਘੋਰੂ ਪਾਉਂਦਿਆਂ ਤੱਕਿਆ। ਮੈਦਾਨਾਂ ਵਿਚ ਕਣਕਾਂ ਨਾਲੋਂ ਉੱਚੇ ਘਾਹ ਉੱਗੇ ਤੱਕੇ। ਆਕਾਸ਼ ਨਾਲ ਗੱਲਾਂ ਕਰਦੇ ਰੁੱਖਾਂ ਦੇ ਆਲੇ-ਦੁਆਲੇ, ਰੰਗ-ਬਿਰੰਗੇ ਫੁੱਲਾਂ ਦੀਆਂ ਸੁਗੰਧੀਆਂ ਮਾਣੀਆਂ। ਪਹਾੜਾਂ ਦੀਆਂ ਚੋਟੀਆਂ-ਬਰਫ਼ਾਂ ਨਾਲ ਢੱਕੀਆਂ, ਚਿੱਟੀ-

ਦੁੱਧ ਧੁੱਪ ਵਿਚ ਚਮਕਦੀਆਂ ਵੇਖ ਕੇ ਪੰਜਾਬ ਦੇ ਗੱਭਰੂਆਂ ਦੇ ਦਿਲ ਤੜਪ ਉੱਠੇ। ਉਨ੍ਹਾਂ ਦੀ ਜ਼ਮੀਨ ਦੀ ਭੁੱਖ ਤੇ ਸੁਹੱਪਣ ਮਾਣਨ ਦੀ ਤੜਪ ਜਾਗ ਉੱਠੀ। ਇਸ ਨਵੀਂ ਧਰਤੀ ਨੇ ਉਨ੍ਹਾਂ ਦੇ ਮਨਾਂ ਨੂੰ ਕੀਲ ਲਿਆ। ਉਹ ਇਸ ਧਰਤੀ ਉਤੇ ਕਬਜ਼ਾ ਕਰਕੇ ਸੁੱਚੀ ਕਿਰਤ ਕਰਨ ਦੇ ਸੁਪਨੇ ਲੈਣ ਲੱਗ ਪਏ।

ਵਾਪਸ ਮੁੜਨਾ ਉਨ੍ਹਾਂ ਦੀ ਮਜਬੂਰੀ ਸੀ। ਦੇਸ ਮੁੜਦਿਆਂ ਉਹ ਸ਼ੰਘਾਈ, ਹਾਂਗਕਾਂਗ, ਸਿੰਘਾਪੁਰ, ਪੀਨਾਂਗ ਤੇ ਰੰਗੂਨ ਰੁਕਦੇ ਗਏ ਸਨ। ਉਹ ਸਭ ਥਾਈਂ ਨਵੀਂ ਧਰਤੀ- ਕੈਨੇਡਾ ਦੀਆਂ ਸਿਫ਼ਤਾਂ ਕਰਦੇ ਗਏ। ਪੂਰਬੀ ਏਸ਼ੀਆ ਵਿਚ ਬਰਮੀਆਂ, ਮਲਾਈਆਂ ਤੇ ਚੀਨੀਆਂ ਨੂੰ ਅੰਗਰੇਜ਼ਾਂ ਦੇ ਗ਼ੁਲਾਮ ਬਣਾਉਣ ਵਾਲੇ ਸਿੱਖ ਫੌਜੀ ਤੇ ਪੁਲਸੀਏ, ਕੈਨੇਡਾ ਦੀਆਂ ਸਿਫ਼ਤਾਂ ਸੁਣ ਕੇ ਕੈਨੇਡਾ ਉਤੇ ਧਾਵਾ ਬੋਲਣ ਲਈ ਕਮਰਕੱਸੇ ਕਰਨ ਲੱਗ ਪਏ।

ਲੰਡਨ ਤੋਂ ਕੈਨੇਡਾ ਹੋ ਕੇ ਵਾਪਸ ਗਏ, ਕਈ ਫੌਜੀ, ਨਾਮ-ਕਟਾ ਕੇ ਕੈਨੇਡਾ ਵਲ ਤੁਰ ਪਏ। ਉਨ੍ਹਾਂ ਆਪਣੇ ਪੇਂਡੂ, ਰਿਸ਼ਤੇਦਾਰ ਤੇ ਫੌਜੀ ਸਾਥੀ ਨਾਲ ਤੋਰ ਲਏ। ਪੂਰਬੀ ਏਸ਼ੀਆ ਵਿਚ ਰੌਲਾ ਪੈ ਗਿਆ, ਕੈਨੇਡਾ ਖੁਲ੍ਹ ਗਿਆ ਹੈ। ਨਾਮ ਕੱਟੇ ਫੌਜੀ, ਆਪਣੇ ਹੋਰ ਸਾਥੀਆਂ ਨੂੰ ਨਾਲ ਲੈ ਕੇ ਧੜਾਧੜ ਕੈਨੇਡਾ ਪਹੁੰਚਣ ਲੱਗ ਪਏ।

ਵੀਹਵੀਂ ਸਦੀ ਦੇ ਆਰੰਭ ਵਿਚ ਹਜ਼ਾਰਾਂ ਸਿੱਖ, ਕੁਝ ਪੰਜਾਬੀ ਮੁਸਲਮਾਨ ਤੇ ਇਕੇ ਦੁੱਕੇ ਪੰਜਾਬੀ ਹਿੰਦੂ, ਵਿਕਟੋਰੀਆ ਤੇ ਵੈਨਕੂਵਰ ਦੀਆਂ ਬੰਦਰਗਾਹਾਂ ਉਤੇ ਜਾ ਉਤਰੇ।

ਸਿੱਖਾਂ ਦੇ ਉਚੇ ਲੰਮੇ ਕਦ, ਨੌਜਵਾਨ ਦਾੜ੍ਹੀਆਂ ਤੇ ਮੁਛਹਿਰੇ, ਸਿਰਾਂ ਉਤੇ ਫੌਜੀ ਢੰਗ ਦੀਆਂ ਬੱਧੀਆਂ ਦਸਤਾਰਾਂ, ਪੱਛਮੀ ਢੰਗ ਦੇ ਥਰੀਅ-ਪੀਸ-ਸੂਟ, ਪੈਰੀਂ ਕਾਲੇ-ਸ਼ਾਹ ਲਿਸ਼ਕਦੇ ਬੂਟ ਤੇ ਹੱਥਾਂ ਵਿਚ ਛਤਰੀਆਂ, ਸਭ ਫੌਜੀ ਅਫ਼ਸਰ ਲਗਦੇ।

ਕਿਰਤ ਦੀ ਮਾਨਤਾ ਜਾਣਨ ਵਾਲੇ ਫੌਜੀਆਂ ਨੂੰ ਜੋ ਕੰਮ ਲੱਭਾ, ਉਹੋ ਕਰ ਲਿਆ ਹੋਰ ਰੇਲਾਂ ਵਿਛਾਈਆਂ ਜਾ ਰਹੀਆਂ ਸਨ। ਜੰਗਲ ਕੱਟ ਕੇ ਇਮਾਰਤੀ ਲੱਕੜਾਂ ਤਿਆਰ ਕੀਤੀਆਂ ਜਾ ਰਹੀਆਂ ਸਨ। ਕਈਆਂ ਨੇ ਜ਼ਮੀਨ ਖ਼ਰੀਦ ਕੇ ਗਊਆਂ ਰਖ ਲਈਆਂ ਤੇ ਦੁੱਧ ਦਾ ਵਪਾਰ ਕਰ ਲਿਆ।

1904 ਤੇ 1908 ਵਿਚਾਲੇ ਲਗਭਗ ਤਿੰਨ ਹਜ਼ਾਰ ਸਿੱਖ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਪਹੁੰਚ ਚੁੱਕੇ ਸਨ। ਸਮੁੰਦਰ ਕੰਢੇ ਦੋ ਵੱਡੇ ਸ਼ਹਿਰਾਂ ਵਿਕਟੋਰੀਆ ਤੇ ਵੈਨਕੂਵਰ ਦੇ ਆਲੇ-ਦੁਆਲੇ ਬਹੁ-ਗਿਣਤੀ ਕੰਮ ਕਰ ਰਹੀ ਸੀ। ਉਨ੍ਹਾਂ ਨੇ ਖਾਲਸਾ ਦੀਵਾਨ ਜਥੇਬੰਦ ਬਣਾ ਕੇ 1908 ਵਿਚ ਵੈਨਕੂਵਰ ਤੇ 1962

ਵਿਚ ਵਿਕਟੋਰੀਆ ਗੁਰਦੁਆਰੇ ਤਿਆਰ ਕਰ ਲਏ। ਇਹ ਦੋਵੇਂ ਥਾਂ ਸਿੱਖਾਂ ਹਿੰਦੂਆਂ ਤੇ ਮੁਸਲਮਾਨਾਂ ਦੇ ਮਿਲ ਬੈਠਣ ਦੇ ਟਿਕਾਣੇ ਬਣ ਗਏ। ਹਰ ਐਤਵਾਰ ਦੀਵਾਨ ਲਗਦੇ। ਲੰਗਰ ਚਲਦੇ। ਮਗਰੋਂ ਆਪੋ ਆਪਣੇ ਦੁੱਖ ਸੁੱਖ ਸਾਂਝੇ ਕਰਦੇ।

ਇਸੇ ਦੌਰਾਨ ਕੈਨੇਡੀਅਨ ਗੋਰਿਆਂ ਦੇ ਵਾਵੇਲਾ ਕਰਨ ਤੇ ਹਿੰਦੁਸਤਾਨੀਆਂ ਦੀ ਆਮਦ ਉੱਤੇ ਪਾਬੰਦੀ ਲਾ ਦਿੱਤੀ ਗਈ ਜਿਥੇ ਜਿਥੇ ਵੀ ਹਿੰਦੀ ਮਜ਼ਦੂਰ ਕੰਮ ਕਰਦੇ ਸਨ, ਉਨ੍ਹਾਂ ਆਪਣੀਆਂ ਜਥੇਬੰਦੀਆਂ ਬਣਾ ਲਈਆਂ। ਨਸਲਵਾਦੀ ਗੋਰਿਆ ਦਾ ਡਟ ਕੇ ਮੁਕਾਬਲਾ ਕਰਨਾ ਆਰੰਭ ਦਿੱਤਾ।

ਕੈਨੇਡਾ ਸਰਕਾਰ ਨੇ ਸਭ ਹਿੰਦੀ ਮਜ਼ਦੂਰਾਂ ਨੂੰ ਕੈਨੇਡਾ ਵਿਚੋਂ ਕੱਢ ਕੇ ਬ੍ਰਿਟਿਸ਼ ਹਾਂਡੂਰਸ ਭੇਜ ਦੇਣ ਦਾ ਯਤਨ ਕੀਤਾ ਜੋ ਖਾਲਸਾ ਦੀਵਾਨ ਦੀ ਜਥੇਬੰਦੀ ਨੇ ਅਸਫ਼ਲ ਬਣਾ ਦਿੱਤਾ।

ਹਿੰਦੀ ਮਜ਼ਦੂਰਾਂ ਨੂੰ ਕੈਨੇਡਾ ਆ ਕੇ ਇਕ ਨਵਾਂ ਤਜਰਬਾ ਹੋਇਆ ਸੀ ਜਿਸ ਕਰਕੇ ਉਨ੍ਹਾਂ ਦੀ ਗ਼ੁਲਾਮੀ ਉਨ੍ਹਾਂ ਨੂੰ ਚੁੱਭਣ ਲੱਗ ਪਈ ਸੀ। ਪੂਰਬੀ ਏਸ਼ੀਆ ਦੇ ਦੇਸ਼ਾਂ ਵਿਚ ਉਹ ਅੰਗਰੇਜ਼ਾਂ ਪਿੱਛੋਂ, ਦੂਜੇ ਦਰਜੇ ਦੇ ਹੁਕਮਰਾਨ ਮੰਨੇ ਜਾਂਦੇ ਸਨ। ਕੈਨੇਡਾ ਵਿਚ ਮਜ਼ਦੂਰੀਆਂ ਕਰਕੇ, ਉਨ੍ਹਾਂ ਨੂੰ ਆਪਣੀ ਅਸਲੀਅਤ ਦਾ ਗਿਆਨ ਹੋ ਗਿਆ। ਗੁਰਦੁਆਰੇ ਦੇ ਇਕ ਦੀਵਾਨ ਵਿਚ ਜਦ ਇਹ ਫ਼ੈਸਲਾ ਕੀਤਾ ਗਿਆ ਕਿ ਜਦ ਤਕ ਗੁਲਾਮੀ ਦਾ ਤੌਕ ਨਹੀਂ ਲਹਿੰਦਾ ਉਨ੍ਹਾਂ ਦੀਆਂ ਤਕਲੀਫ਼ਾਂ ਵਧਦੀਆਂ ਹੀ ਜਾਣਗੀਆਂ, ਤਾਂ ਸਿੰਘ, ਦੇਸ ਜਾ ਕੇ ਆਜ਼ਾਦੀ ਦੀ ਜੰਗ ਲੜਨ ਦੀਆਂ ਵਿਚਾਰਾਂ ਕਰਨ ਲੱਗ ਪਏ।

ਗੁਰਦੁਆਰੇ ਵਿਚ ਦੀਵਾਨ ਲੱਗਣ ਸਮੇਂ ਸਭ ਲੋਕ ਆਮ ਕੱਪੜੇ ਪਾ ਕੇ ਸ਼ਾਮਲ ਹੁੰਦੇ ਸਨ। ਕੋਈ ਵੀ ਪੁਰਾਣੀ ਫੌਜੀ ਵਰਦੀ ਪਾ ਕੇ ਨਹੀਂ ਸੀ ਆਉਂਦਾ। ਉਂਜ ਸਭ ਨੇ ਫੌਜੀ ਵਰਦੀਆਂ ਤੇ ਤਮਗੇ ਸੰਭਾਲ ਕੇ ਰਖੇ ਹੋਏ ਸਨ। ਜਦ ਕੰਮ ਲੈਣ ਜਾਂਦੇ ਤਾਂ ਇਹ ਦਿਖਾਉਣ ਲਈ ਕਿ ਉਨ੍ਹਾਂ ਨੇ ਫੌਜ ਵਿਚ ਕੰਮ ਕੀਤਾ ਹੈ, ਫੌਜੀ ਵਰਦੀ ਪਾ ਕੇ, ਤਮਗੇ ਲਾ ਕੇ, ਸਿਫਾਰਸ਼ੀ ਚਿੱਠੀਆਂ ਲੈ ਕੇ ਜਾਂਦੇ।

ਇਕ ਦੀਵਾਨ ਵਿਚ ਭਾਈ ਗਰੀਬ ਸਿੰਘ ਮੀਤ ਪ੍ਰਧਾਨ, ਖ਼ਾਲਸਾ ਦੀਵਾਨ ਵੈਨਕੂਵਰ ਆਪ ਵਰਦੀ ਪਾ ਕੇ, ਤਮਗੇ ਲਾ ਕੇ ਆ ਬੈਠਾ। ਸਭ ਨੇ ਉਸ ਵਲ ਗਹਿਰੀਆਂ ਨਜ਼ਰਾਂ ਨਾਲ ਤੱਕਿਆ। ਜਦ ਦੀਵਾਨ ਦਾ ਭੋਗ ਪਿਆ ਤਾਂ ਉਸ ਨੇ ਖੜ੍ਹਾ ਹੋ ਕੇ ਕਿਹਾ "ਸਾਧ ਸੰਗਤ ਜੀ, ਤੁਸੀਂ ਮੈਨੂੰ ਕਿਉਂ ਨਹੀਂ ਪੁੱਛਦੇ ਕਿ ਮੈਂ ਫੌਜੀ ਵਰਦੀ ਪਾ ਕੇ, ਤਮਗੇ ਲਾ ਕੇ ਕਿਉਂ ਆਇਆ ਹਾਂ?"

ਜਥੇਦਾਰ ਭਾਈ ਭਾਗ ਸਿੰਘ ਜੀ ਤੇ ਗ੍ਰੰਥੀ ਭਾਈ ਬਲਵੰਤ ਸਿੰਘ ਜੀ ਨੇ ਇਕੋ ਸਮੇਂ ਕਿਹਾ "ਭਾਈ ਸਾਹਿਬ ਤੁਸੀਂ ਆਪ ਹੀ ਦੱਸੋ।" ਉਸ ਨੇ ਉੱਤਰ

ਦਿੱਤਾ, "ਸਭ ਤੋਂ ਪਹਿਲੋਂ ਮੈਂ ਫੌਜੀ ਵਰਦੀ ਪਾ ਕੇ ਆਉਣ ਦੀ ਮਾਫ਼ੀ ਮੰਗਦਾ ਹਾਂ। ਅਸਲ ਗੱਲ ਇਹ ਹੈ ਕਿ ਮੈਂ ਇਸ ਵਰਦੀ ਨੂੰ ਗ਼ੁਲਾਮੀ ਦੀ ਵਰਦੀ ਸਮਝਦਾ ਹਾਂ। ਤਮਗੇ ਵੀ ਗ਼ੁਲਾਮੀ ਦੇ ਤਮਗੇ ਹਨ। ਇਸ ਲਈ ਮੈਂ ਅੱਜ ਇਰਾਦਾ ਕਰਕੇ ਆਇਆ ਹਾਂ ਕਿ ਇਹ ਵਰਦੀ, ਇਹ ਤਮਗੇ ਤੇ ਅੰਗਰੇਜ਼ ਫੌਜੀ ਅਫ਼ਸਰਾਂ ਵਲੋਂ ਮਿਲੀਆਂ ਸਿਫਾਰਿਸ਼ੀ ਚਿੱਠੀਆਂ, ਗੁਰਦੁਆਰੇ ਦੇ ਵਿਹੜੇ ਵਿਚ ਸਾਰਿਆਂ ਦੇ ਸਾਹਮਣੇ ਸਾੜ ਕੇ, ਇਹਨਾਂ ਚੀਜ਼ਾਂ ਦੀ ਹੋਲੀ ਖੇਡ ਕੇ ਘਰ ਮੁੜਾਂਗਾ। ਸਾਧ ਸੰਗਤ ਦਾਸ ਨੂੰ ਇਹ ਗ਼ੁਲਾਮੀ ਦੀਆਂ ਨਿਸ਼ਾਨੀਆਂ ਸਾੜਨ ਦੀ ਆਗਿਆ ਦੇਣ ਦੀ ਕਿਰਪਾਲਤਾ ਕਰੇ।"

ਬਸ ਫੇਰ ਕੀ ਸੀ ਜੈਕਾਰੇ ਤੇ ਜੈਕਾਰਾ ਗੱਜਣ ਲਗ ਪਿਆ। ਸਭ ਲੋਕ ਆਪੋ ਆਪਣੇ ਘਰਾਂ ਨੂੰ ਨੱਸ ਉੱਠੇ। ਵਰਦੀਆਂ, ਤਮਗੇ ਤੇ ਸਿਫਾਰਸ਼ੀ ਚਿੱਠੀਆਂ ਲੈ ਆਏ। ਵਿਹੜੇ ਵਿਚ ਵਰਦੀਆਂ, ਤਮਗਿਆਂ ਤੇ ਸਿਫਾਰਸ਼ੀ ਚਿੱਠੀਆਂ ਦਾ ਢੇਰ ਲੱਗ ਗਿਆ। ਭਾਈ ਗ਼ਰੀਬ ਸਿੰਘ ਨੇ ਪਹਿਲੀ ਤੀਲੀ ਲਾਈ। ਫਿਰ ਹੋਰ ਫੌਜੀਆਂ ਤੀਲੀਆਂ ਲਾਈਆਂ। ਸਿੱਖਾਂ, ਮੁਸਲਮਾਨਾਂ ਤੇ ਹਿੰਦੂਆਂ ਨੇ ਗ਼ੁਲਾਮੀ ਦੀ ਹੋਲੀ ਸਾੜ ਕੇ, ਆਪਸ ਵਿਚ ਰਜ ਰਜ ਕੇ ਜੱਫੀਆਂ ਪਾਈਆਂ। "ਆਜ਼ਾਦੀ, ਆਜ਼ਾਦੀ, ਪੂਰਨ ਆਜ਼ਾਦੀ" ਦੀਆਂ ਹਜ਼ਾਰਾਂ ਆਵਾਜ਼ਾਂ ਇਕੱਠੀਆਂ ਉੱਠੀਆਂ।

ਇਹ ਲਹਿਰ ਦਿਨੋ ਦਿਨ ਜ਼ੋਰ ਫੜਦੀ ਗਈ। ਇਸ ਹੋਲੀ ਦੀਆਂ ਖ਼ਬਰਾਂ ਅਮਰੀਕਾ ਦੇ ਸਿੱਖਾਂ ਵਿਚ ਵੀ ਪੁੱਜ ਗਈਆਂ। ਸਭ ਛੜੇ ਸਨ। ਟੱਬਰ ਦੇਸ ਸਨ। ਵੀਹ ਵੀਹ ਪੰਝੀ ਪੰਝੀ ਮਜ਼ਦੂਰ ਸਾਂਝੇ ਡੇਰਿਆਂ ਵਿਚ ਰਹਿੰਦੇ ਸਨ ਤੇ ਸਾਂਝੇ ਖਾਂਦੇ ਪੀਂਦੇ ਸਨ। ਮਜ਼ਹਬੀ ਭੇੜ ਤੋੜ ਕੇ, ਆਜ਼ਾਦੀ ਪ੍ਰਾਪਤ ਕਰਨ ਦੀਆਂ ਗੱਲਾਂ ਹਰ ਰੋਜ਼ ਹੁੰਦੀਆਂ। ਕੈਨੇਡਾ ਤੇ ਅਮਰੀਕਾ ਦੇ ਹਿੰਦੀ, ਹੱਦਾਂ ਟੱਪ ਕੇ ਇਕ ਦੂਜੇ ਵਲ ਪਹੁੰਚ ਜਾਂਦੇ ਸਨ।

ਅਮਰੀਕਾ ਦੇ ਸਿੱਖਾਂ ਨੇ ਵੀ 1912 ਵਿਚ ਸਟਾਕਟਨ (ਕੈਲੇਫੋਰਨੀਆਂ) ਸ਼ਹਿਰ ਵਿਚ ਗੁਰਦੁਆਰਾ ਬਣਾ ਲਿਆ ਸੀ। ਮਜ਼ਦੂਰਾਂ ਦੇ ਹੱਕਾਂ ਲਈ ਜਥੇਬੰਦੀ ਵੀ ਬਣਾ ਲਈ। ਗ਼ੁਲਾਮੀ ਦੇ ਉਲਟ, ਅੱਗ ਧੁਖਦੀ ਧੁਖਦੀ ਪਹਿਲੀ ਨਵੰਬਰ, 1913 ਵਾਲੇ ਦਿਨ ਭੜਕ ਉੱਠੀ ਤੇ ਸਾਨਫਰਾਂਸਿਸਕੋ ਤੋਂ 'ਗ਼ਦਰ' ਨਾਮ ਦਾ ਹਫ਼ਤਾਵਾਰੀ ਪਰਚਾ ਪੰਜਾਬੀ, ਉਰਦੂ, ਗੁਜਰਾਤੀ ਤੇ ਪਸ਼ਤੋ ਵਿਚ ਕਢਿਆ ਗਿਆ।

ਉਤਰੀ ਅਮਰੀਕਾ ਵਿਚ ਸਭ ਤੋਂ ਪਹਿਲਾਂ ਪਰਚਾ ਬਾਬੂ ਹਰਨਾਮ ਸਿੰਘ ਕਾਹਰੀ ਸਾਹਰੀ ਤੇ ਗੁਰੂ ਦੱਤ ਕੁਮਾਰ ਨੇ ਰਲ ਕੇ ਪੰਜਾਬੀ ਵਿਚ ਕੱਢਿਆ। ਇਸ ਮਾਹਵਾਰੀ ਪਰਚੇ ਦਾ ਨਾਮ 'ਸ੍ਵਦੇਸ਼ ਸੇਵਕ' ਰੱਖਿਆ ਗਿਆ। ਇਹ ਹੱਥ ਨਾਲ ਲਿਖਿਆ ਹੁੰਦਾ ਸੀ। ਇਸ ਪਰਚੇ ਦਾ ਪਹਿਲਾ ਅੰਕ ਗੁਰਮੁਖੀ ਲਿਪੀ ਵਿਚ

ਜਨਵਰੀ, 1910 ਨੂੰ ਕੱਢਿਆ ਗਿਆ। ਪਹਿਲੇ ਸਫ਼ੇ ਉਤੇ ਮੋਟੇ ਅੱਖਰਾਂ ਵਿਚ ਲਿਖਿਆ ਹੁੰਦਾ– "ਮਰਨ ਭਲਾ ਹੈ ਉਸ ਕੋ ਜੋ ਆਪਣੇ ਲੀਏ ਜੀਏ, ਜੀਤਾ ਵੁਹ ਜੋ ਮਰ ਚੁੱਕਾ ਹੈ ਇਨਸਾਨ ਕੇ ਲੀਏ।"

"ਇਸ ਦੇਸ ਸੇਵਕ ਪਰਚੇ ਕੀ ਮਾਰਫ਼ਤ ਅਸੀਂ ਆਪਣੇ ਦੇਸ ਭਾਈਓਂ ਕੀ ਸੇਵਾ ਕਰਨੀ ਚਾਹਤੇ ਹੈਂ।"

ੴ ਸਤਿਗੁਰ ਪ੍ਰਸਾਦਿ।

ਸ੍ਵਦੇਸ਼ ਸੇਵਕ

1632-2nd Ave. West. F. In View Vancouver

ਇਸ ਪਰਚੇ ਦੀ ਕੀਮਤ ਦਸ ਸੈਂਟ ਤੇ ਸਾਲ ਦਾ ਚੰਦਾ ਇਕ ਡਾਲਰ ਸੀ। ਪਰਚੇ ਦੀ ਲਿਪੀ ਪੰਜਾਬੀ (ਗੁਰਮੁਖੀ) ਹੈ ਪਰ ਬੋਲੀ ਰਲੀ ਮਿਲੀ ਪੰਜਾਬੀ ਤੇ ਹਿੰਦੁਸਤਾਨੀ ਹੈ।

24 ਅਪ੍ਰੈਲ, 1910 ਨੂੰ ਖਾਲਸਾ ਦੀਵਾਨ ਵੈਨਕੂਵਰ ਵਿਚ ਕੁਝ ਗੁਰਮਤੇ ਪਾਸ ਕੀਤੇ ਗਏ। ਸ੍ਵਦੇਸ਼ ਸੇਵਕ ਵਿਚ ਛਾਪੇ ਗਏ ਮਤਿਆਂ ਦੀ ਵਾਰਤਕ ਦਾ ਨਮੂਨਾ–

"ਕੈਨੇਡਾ ਵਿਚ ਹਿੰਦੁਸਤਾਨ ਤੋਂ ਆਉਣ ਵਾਸਤੇ ਜੋ ਕਾਨੂੰਨ ਹੈ, ਔਰ ਜਿਸ ਤਰ੍ਹਾਂ ਉਸ ਨੂੰ ਵਰਤਿਆ ਜਾਂਦਾ ਹੈ, ਉਸ ਤਰੀਕੇ ਨਾਲ ਸਾਡੇ ਦੇਸ਼ੀਆਂ ਨੂੰ ਏਥੇ ਆਉਣ ਵਿਚ ਬਹੁਤੀ ਬੜੀ ਰੋਕ ਪੈਦਾ ਹੁੰਦੀ ਹੈ।"

"ਇਸ ਕਾਨੂੰਨ ਦੇ ਸ਼ਬਦ ਕੁਝ ਅਜੀਬ ਹਨ ਔਰ ਉਨ੍ਹਾਂ ਨੂੰ ਕਚਹਿਰੀਆਂ ਵਿਚ ਇਸ ਤੌਰ ਪਰ ਵਰਤਿਆ ਜਾਂਦਾ ਹੈ ਕਿ ਸਾਨੂੰ ਇਸ ਮੁਲਕ ਵਿਚ ਆਉਣਾ ਨਹੀਂ ਮਿਲ ਸਕਦਾ। ਅਸੀਂ ਇਸ ਵਾਸਤੇ ਬੇਨਤੀ ਕਰਦੇ ਹਾਂ ਕਿ ਕੈਨੇਡਾ ਦੀ ਸਰਕਾਰ ਮੇਹਰਬਾਨੀ ਕਰਕੇ ਇਸ ਵਰਤਮਾਨ ਕਾਨੂੰਨ ਕੋ ਇਸ ਤਰ੍ਹਾਂ ਬਦਲੇ ਕਿ ਸਾਡੇ ਦੇਸੀ ਭਰਾਵਾਂ ਨੂੰ ਹਿੰਦੁਸਤਾਨ ਔਰ ਹੋਰ ਮੁਲਕਾਂ ਤੋਂ ਆਉਣ ਵਾਸਤੇ ਦਿੱਕਤਾਂ ਦੂਰ ਕੀਤੀਆਂ ਜਾਣ।"

"ਵਰਤਮਾਨ ਕਾਨੂੰਨ ਸਰਕਾਰ ਅੰਗਰੇਜ਼ੀ ਦੇ ਅਸੂਲ ਦੇ ਮੁਤਾਬਕ ਨਹੀਂ ਕਿਉਂਕਿ ਇਸ ਕਾਨੂੰਨ ਨਾਲ ਹਿੰਦੁਸਤਾਨ ਦੇ ਲੋਕਾਂ ਤੇ ਹੋਰ ਅੰਗਰੇਜ਼ੀ ਰਯਤ ਵਿਚ ਭੇਦ ਪੈਦਾ ਕੀਤਾ ਜਾਂਦਾ ਹੈ ਕਿਉਂਕਿ ਹਿੰਦੁਸਤਾਨੀਆਂ ਨੂੰ ਦੋ ਸੌ ਡਾਲਰ ਦਿਖਾਉਣਾ ਪੈਂਦਾ ਹੈ। ਹੋਰ ਸਰਕਾਰੀ (ਅੰਗਰੇਜ਼ੀ) ਰਯਤ ਨੂੰ ਇਤਨਾ ਡਾਲਰ ਇਸ ਜਗ੍ਹਾ ਉਤਰਨ ਵਕਤ ਨਹੀਂ ਦਿਖਾਉਣਾ ਪੈਂਦਾ।

"ਵਰਤਮਾਨ ਕਾਨੂੰਨ ਦੇ ਨਾਲ ਹਿੰਦੁਸਤਾਨੀ ਮਜ਼ਬੂਰ ਹਨ ਕਿ ਵੋਹ ਸਿੱਧੇ ਹਿੰਦੁਸਤਾਨ ਤੋਂ ਟਿਕਟ ਲੈ ਕੇ ਏਥੇ (ਕੈਨੇਡਾ) ਆਉਣ ਜਦ ਕਿ ਅਸੀਂ

ਅੰਗਰੇਜ਼ੀ ਰਯਤ ਹਾਂ ਤੇ ਸਰਕਾਰੀ ਕਾਨੂੰਨ ਦੇ ਮੁਤਾਬਕ, ਸਰਕਾਰ ਅੰਗਰੇਜ਼ੀ ਦੇ ਜਿਸ ਮੁਲਕ ਯਾ ਟਾਪੂ ਵਿਚ ਹੋਈਏ, ਅਸੀਂ ਉਸੀ ਜਗ੍ਹਾ ਦੇ ਹੀ ਵਾਸੀ ਸਮਝੇ ਜਾਂਦੇ ਹਾਂ। ਇਸ ਵਾਸਤੇ ਅਸੀਂ ਨਹੀਂ ਸਮਝ ਸਕਦੇ ਕਿ ਕੈਨੇਡਾ ਸਰਕਾਰ ਇਸ ਕਾਨੂੰਨ ਨੂੰ ਠੀਕ ਤੌਰ ਪਰ ਨਾ ਵਰਤ ਕੇ ਕਿਉਂ ਸਾਨੂੰ ਲੰਡਨ, ਹਾਂਗਕਾਂਗ, ਸੰਘਾਈ ਔਰ ਸਰਕਾਰ ਅੰਗਰੇਜ਼ੀ ਦੀ ਦੂਸਰੀ ਰਾਜ ਦੀ ਜਗ੍ਹਾ ਕੈਨੇਡਾ ਆਉਣ ਵਿਚ ਰੋਕਦੀ ਹੈ।"

"ਵਰਤਮਾਨ ਕਾਨੂੰਨ ਨੂੰ ਅਗਰ ਅਸੀਂ ਠੀਕ ਮੰਨ ਲਈਏ ਤਾਂ ਇਕ ਬਹੁਤ ਨਾਮੁਨਾਸਿਬ ਗਲ ਹੋ ਜਾਂਦੀ ਹੈ ਕਿਉਂਕਿ ਹਿੰਦੁਸਤਾਨ ਤੋਂ ਕੈਨੇਡਾ ਆਉਣ ਲਈ ਸਿੱਧਾ ਜਹਾਜ਼ ਹੈ ਹੀ ਨਹੀਂ। ਸਾਨੂੰ ਯਾ ਤਾਂ ਹਾਂਗਕਾਂਗ ਦੇ ਰਸਤੇ ਯਾ ਵਲੈਤ (ਲੰਡਨ) ਦੇ ਰਸਤੇ ਆਉਣਾ ਪੈਂਦਾ ਹੈ। ਇਸ ਦਾ ਮਤਲਬ ਇਹ ਹੈ ਕਿ ਅਸੀਂ ਕੈਨੇਡਾ ਵਿਚ ਆ ਹੀ ਨਹੀਂ ਸਕਦੇ।"

ਸ੍ਵਦੇਸ਼ ਸੇਵਕ ਵਿਚ ਕਿਰਤੀ ਲੋਕ ਕਵਿਤਾ ਵੀ ਛਪਵਾਂਦੇ ਰਹੇ ਹਨ। ਕਵੀ ਬਿਸ਼ਨ ਸਿੰਘ ਨੇ ਦੋਹਰੇ, ਬੈਂਤ ਤੇ ਕੋਰੜਾ ਛੰਦ ਵੀ ਲਿਖੇ ਹਨ- ਕੋਰੜੇ ਚੰਦ ਦਾ ਨਮੂਨਾ-

"ਸੁਣੋ ਪਿਆਰੇ ਭਾਈਓ ਕੋਰੜਾ ਮੈਂ ਗਾਂਵਦਾ,
ਵਿਦਯਾ ਦਾ ਹਾਲ ਯਾਰੋ ਮੈਂ ਸੁਣਾਂਵਦਾ।
ਆਖ ਕੇ ਸੁਣਾਵਾਂ ਇਕ ਗੱਲ ਸੱਜਣੋ।
ਰੱਖਣਾ ਧਿਆਨ ਇਹਦੀ ਵੱਲ ਸੱਜਣੋ।
ਆਖਦਾ ਹੈ ਦਾਸ ਜੋ ਮੁਖੋਂ ਪੁਕਾਰ ਕੇ,
ਸਿਖ ਲਵੋ ਵਿਦਯਾ ਦਲੀਲ ਧਾਰ ਕੇ।
ਗਿਣਤੀ ਵਿਚ ਇੰਡੀਆ ਬੜਾ ਕਹਾ ਗਿਆ,
ਵਿਦਯਾ ਦੇ ਵਿਚ ਯਾਰੋ ਹਾਰ ਖਾ ਗਿਆ।
ਜਰਮਨ ਫਰਾਂਸ ਦੇਖੋ ਸਾਰੇ ਲੋਕ ਜੀ,
ਵਿਦਿਆ ਦੀ ਲਗੀ ਸਾਰਿਆਂ ਨੂੰ ਝੋਕ ਜੀ।
ਚਿਤ ਦੀਆਂ ਹੋਣ ਯਾਰੋ ਸਭੇ ਭੌਣੀਆਂ,
ਸਿਖ ਲਵੋ ਕਲਾ ਬਣੌਣੀਆਂ ਚਲੌਣੀਆਂ।
ਬਾਰ ਬਾਰ ਚਿਤ ਮੇਂ ਕਰੋ ਵਿਚਾਰ ਜੀ,
ਹੁਨਰ ਦੇ ਵਿਚ ਹੈ ਬੜੀ ਬਹਾਰ ਜੀ।
ਐਥੇ ਇਕ ਮੁੰਡਾ ਕਲਾ ਨੂੰ ਚਲਾਂਵਦਾ,

ਇਕ ਸੌ ਤੇ ਬੀਸ ਹੈ ਵੋ ਡਾਲਾ ਪਾਂਵਦਾ।
ਰੋਜ਼ ਰੋਜ਼ ਉਸ ਨੂੰ ਮੈਂ ਰਹਾਂ ਤਕਦਾ,
ਪੰਜ ਸੇਰ ਭਾਰ ਨਹੀਂ ਚੁਕ ਸਕਦਾ।
ਵਿਦਿਆ ਦੇ ਕਾਰਨੇ ਹੈ ਮੌਜਾਂ ਮਾਣਦਾ,
ਬਾਦਸ਼ਾਹ, ਕੰਗਾਲ ਨੂੰ ਨਹੀਂ ਪਛਾਣਦਾ।
ਕੌਂਸਲ ਵਾਲੇ ਦਫ਼ਤਰ ਗੋਰੀ ਕੰਮ ਕਰਦੀ,
ਦੋ ਸੌ ਡਾਲਾ ਉਸ ਨੂੰ ਤਲਬ ਤਰਦੀ।
ਬਾਤ ਵਲ ਪਿਆਰਿਉ ਕਰੋ ਧਿਆਨ ਜੀ,
ਦੇਖਦਾ ਮੈਂ ਨਿਤ ਤੇ ਰਹਾਂ ਹੈਰਾਨ ਜੀ।
ਅਸੀਂ ਯਾਰੋ ਫਿਰਦੇ ਡੰਗਰ ਚਾਰਦੇ,
ਬੜੀ ਹੱਦ ਨੌਕਰੀ ਦਲੀਲ ਧਾਰਦੇ।
ਸਮਝਣੀ ਕਲਾਮ ਜਿਹੜੀ ਮੈਂ ਸੁਣਾਈ ਹੈ,
ਬਿਸ਼ਨ ਸਿੰਘ ਬੀਚ ਨਾ ਫਰਕ ਰਾਈ ਹੈ।

ਨੋਟ:-

ਗੁਰੂ ਕੁਮਾਰ ਦੱਤ ਨੂੰ ਕੈਨੇਡੀਅਨ ਖ਼ੁਫ਼ੀਏ ਵਿਲੀਅਮ ਹਾਪਕਿਨਸਨ ਨੇ ਡਰਾ ਧਮਕਾ ਕੇ ਕੈਨੇਡਾ ਛੱਡ ਜਾਣ ਉਤੇ ਮਜਬੂਰ ਕਰ ਦਿੱਤਾ। ਬਾਬੂ ਹਰਨਾਮ ਸਿੰਘ ਦੁਭਾਸ਼ੀਏ ਦਾ ਕੰਮ ਕਰਦਾ ਸੀ। ਹਾਪਕਿਨਸਨ ਪੈਸੇ ਲੈ ਕੇ ਦੁਭਾਸ਼ੀਆ ਬਣਦਾ ਸੀ। ਉਸ ਨੇ 'ਬਾਗੀ' ਹੋਣ ਦਾ ਇਲਜ਼ਾਮ ਲਾ ਕੇ ਬਾਬੂ ਹਰਨਾਮ ਸਿੰਘ ਨੂੰ ਕੈਨੇਡਾ ਵਿਚੋਂ ਕਢਵਾ ਦਿੱਤਾ ਤੇ ਸੁਦੇਸ਼ ਸੇਵਕ ਬੰਦ ਹੋ ਗਿਆ।

ਭਾਈ ਕਰਤਾਰ ਸਿੰਘ ਹੁੰਦਲ ਨੇ 1909 ਵਿਚ ਖਾਲਸਾ ਕਾਲਜ, ਅੰਮ੍ਰਿਤਸਰ ਤੋਂ ਮੈਟਰਿਕ ਪਾਸ ਕੀਤੀ। ਉਸ ਤੋਂ ਕੁਝ ਹੀ ਸਮਾਂ ਪਿੱਛੋਂ ਉਹ ਪੜ੍ਹਨ ਲਈ ਕੈਨੇਡਾ ਪੁਜ ਗਿਆ। ਕੈਨੇਡਾ ਦੇ ਹਿੰਦੁਸਤਾਨੀਆਂ ਦੇ ਦੁਖ ਵੇਖ ਕੇ ਉਸ ਨੇ ਪੜ੍ਹਾਈ ਦਾ ਖ਼ਿਆਲ ਛੱਡ ਕੇ 'ਸਨਸਾਰ' ਦਾ ਪਰਚਾ ਕੱਢਿਆ ਤਾਂ ਕਿ ਉਹ ਆਪਣੇ ਦੇਸ ਭਾਈਆਂ ਦੀ ਸੇਵਾ ਕਰ ਸਕੇ। ਇਹ ਪਰਚਾ 1912 ਵਿਚ ਨਿਕਲਿਆ। ਇਹ ਪਹਿਲਾ ਪ੍ਰਚਾ ਸੀ ਜੋ ਗੁਰਮੁਖੀ ਟਾਈਪ ਵਿਚ ਛਪਣਾ ਅਰੰਭ ਹੋਇਆ। ਡਾਕਟਰ ਸੁੰਦਰ ਸਿੰਘ ਤੇ ਭਾਈ ਪਿਆਰਾ ਸਿੰਘ ਲੰਗੇਰੀ, ਗ੍ਰੰਥੀ ਗੁਰਦੁਆਰਾ ਵਿਕਟੋਰੀਆ ਉਸ ਦੇ ਹਮਾਇਤੀ ਸਨ। ਡਾਕਟਰ ਸੁੰਦਰ ਸਿੰਘ ਨੇ 'ਏਰੀਅਨ' ਨਾਂ ਦਾ ਅੰਗਰੇਜ਼ੀ ਪਰਚਾ ਕੱਢਿਆ ਹੋਇਆ ਸੀ। ਉਹ ਬੜਾ ਵਿਦਵਾਨ ਸੀ। ਉਸ ਨੇ ਆਪਣੇ ਲੋਕਾਂ ਦੀ ਆਵਾਜ਼ ਕੈਨੇਡੀਅਨ

ਲੋਕਾਂ ਤੱਕ ਪਹੁੰਚਾਣ ਦਾ ਯਤਨ ਕੀਤਾ। 'ਸਨਸਾਰ' ਦੇ ਵੀ ਦੋ ਪੰਨੇ ਅੰਗਰੇਜ਼ੀ ਵਿਚ ਹੁੰਦੇ।

'ਸਨਸਾਰ' ਹਿੰਦੀ ਮਜ਼ਦੂਰਾਂ ਦੇ ਦੁਖਾਂ ਦੀਆਂ ਕਹਾਣੀਆਂ ਲਿਖਦਾ। ਲੋਕਾਂ ਨੂੰ ਵਿਦਿਆ ਪ੍ਰਾਪਤੀ ਲਈ ਪ੍ਰੇਰਦਾ, ਇਸ ਦੇ ਬਾਵਜੂਦ ਗਰਮ-ਧੜੇ ਦੇ ਲੋਕ ਉਸ ਨੂੰ ਨਰਮ-ਦਲੀਆ ਸਮਝਦੇ। ਗਰਮ-ਧੜੇ ਦੇ ਲੋਕ ਦੇਸ਼ ਦੀ ਆਜ਼ਾਦੀ ਦੀ ਮੰਗ ਕਰਨ ਲੱਗ ਪਏ ਸਨ। ਉਨ੍ਹਾਂ ਇਹ ਨਤੀਜਾ ਕੱਢ ਲਿਆ ਸੀ ਕਿ ਉਨ੍ਹਾਂ ਦੇ ਸਾਰੇ ਦੁੱਖਾਂ ਦਾ ਕਾਰਨ ਉਨ੍ਹਾਂ ਦੇ ਦੇਸ ਦੀ ਗ਼ੁਲਾਮੀ ਸੀ।

ਭਾਈ ਭਗਵਾਨ ਸਿੰਘ ਪਿੰਡ ਵਿਣਗ, ਜ਼ਿਲ੍ਹਾ ਅੰਮ੍ਰਿਤਸਰ ਨਵਾਂ ਨਵਾਂ ਹਾਂਗਕਾਂਗ ਤੋਂ ਆਇਆ ਸੀ। ਉਸ ਨੇ ਇਹ ਗਲ ਤੋਰ ਦਿੱਤੀ ਕਿ 'ਸਨਸਾਰ' ਮਜ਼ਦੂਰਾਂ ਦੇ ਚੰਦੇ ਨਾਲ ਚਲਦਾ ਹੈ ਇਸ ਲਈ ਕੌਮ ਦੀ ਮਲਕੀਅਤ ਹੈ। ਕੌਮੀ ਅਖ਼ਬਾਰ ਉਤੇ ਇਕ ਦੋ ਬੰਦਿਆਂ ਦਾ ਕਬਜ਼ਾ ਨਹੀਂ ਹੋਣਾ ਚਾਹੀਦਾ। ਇਸ ਸੰਬੰਧ ਵਿਚ ਖਾਲਸਾ ਦੀਵਾਨ, ਸੋਸਾਇਟੀ ਵੈਨਕੂਵਰ ਵਲੋਂ ਮਤਾ ਵੀ ਪਾਸ ਕੀਤਾ ਗਿਆ। ਝਗੜਾ ਵਧਦਾ ਗਿਆ। ਇਸ ਝਗੜੇ ਦੇ ਦਰਮਿਆਨ ਗ਼ਦਾਰ ਬੇਲਾ ਸਿੰਘ ਜਿਆਣ (ਹੁਸ਼ਿਆਰਪੁਰ) ਨੇ ਵਿਲੀਅਮ ਹਾਪਕਿਨਸਨ ਦੀ ਅਗਵਾਈ ਵਿਚ ਭਗਵਾਨ ਸਿੰਘ ਦੀਆਂ ਮੁਸ਼ਕਾਂ ਬੰਨਾ ਕੇ ਕੈਨੇਡਾ ਵਿਚੋਂ ਕਢਵਾ ਦਿੱਤਾ। ਭਗਵਾਨ ਸਿੰਘ ਦੇ ਕੱਢੇ ਜਾਣ ਵਿਚ ਲੋਕਾਂ ਨੇ 'ਸਨਸਾਰ' ਦੇ ਚਾਲਕਾਂ ਦਾ ਹੱਥ ਵੀ ਮਹਿਸੂਸ ਕੀਤਾ।

ਕਾਮਾਗਾਟਾ ਮਾਰੂ ਜਹਾਜ਼ 21 ਮਈ, 1914 ਨੂੰ ਵੈਨਕੂਵਰ ਪੁੱਜਾ। ਕੈਨੇਡਾ ਦੀ ਸਰਕਾਰ ਨੇ ਮੁਸਾਫ਼ਰਾਂ ਨੂੰ ਉਤਰਨ ਨਾ ਦਿੱਤਾ। 21 ਜੁਲਾਈ, 1914 ਨੂੰ ਜਹਾਜ਼ ਮੋੜ ਦਿੱਤਾ ਗਿਆ। ਇਨ੍ਹਾਂ ਦੋ ਮਹੀਨਿਆਂ ਦੇ ਵਿਚਾਲੇ ਸਰਕਾਰ ਕੈਨੇਡਾ, ਸਰਕਾਰ ਦੇ ਹਮਾਇਤੀਆਂ ਤੇ ਨਰਮ-ਦਲ ਦੇ ਲੋਕਾਂ ਉਲਟ ਆਮ ਲੋਕਾਂ ਦਾ ਉਭਾਰ ਉਭਰ ਆਇਆ। 'ਸਨਸਾਰ' ਦੇ ਚਾਲਕਾਂ ਨੂੰ ਨਰਮ-ਦਲੀਏ ਸਮਝ ਕੇ ਆਮ ਲੋਕਾਂ ਨੇ ਮਿਲਵਰਤਣ ਦੇਣੀ ਬੰਦ ਕਰ ਦਿੱਤੀ। ਅਗਸਤ, 1914 ਨੂੰ ਅੰਤਲਾ ਪਰਚਾ ਛਪ ਕੇ ਬੰਦ ਹੋ ਗਿਆ। ਉਹ ਆਪ ਟੋਰੰਟੋ ਚਲਾ ਗਿਆ।

'ਸਨਸਾਰ' ਦੀਆਂ ਸਾਰੀਆਂ ਕਵਿਤਾਵਾਂ ਕਰਤਾਰ ਸਿੰਘ ਹੁੰਦਲ, ਸੰਪਾਦਕ ਨੇ 'ਅਕਾਲੀ' ਤਖਲਸ ਹੇਠਾਂ ਲਿਖੀਆਂ ਹਨ। 'ਸਨਸਾਰ' ਦੀ ਕਵਿਤਾ ਦੇ ਨਮੂਨੇ-

ਐ ਅੰਧਕਾਰ ਪਾਪੀ

"ਐ ਅੰਧਕਾਰ ਪਾਪੀ ਤੈਂ ਕੌਮ ਨੂੰ ਰੁਲਾਇਆ,
ਤੈਂ ਜਾਨ ਮਾਲ ਲਈ ਤੇ ਧਰਮ ਨੂੰ ਗੁਆਇਆ।
ਤੈਂ ਪਾਪ ਐਬ ਦਿਤੇ ਤੇ ਨੇਕ ਮਰਦ ਜਿਤੇ,
ਕੌਮਾਂ ਨੂੰ ਗ਼ਰਕ ਕਰਕੇ ਦਿਲ ਆਪਣਾ ਖਿੜਾਇਆ।
ਦੇਸਾਂ ਦਾ ਨਾਸ ਕੀਤਾ, ਜਾਨਾਂ ਦਾ ਘਾਤ ਕੀਤਾ,
ਤੇਰੀ ਲਕੀਰ ਅੰਦਰ ਸੋ ਲੁਟਿਆ ਜੋ ਆਇਆ,
ਤੂੰ ਬੇਤਰਸ ਹੈਂ ਪਾਂਬਰ, ਤੂੰ ਬੇ-ਸ਼ਊਰ ਬ੍ਰਾਂਦਰ,
ਮੁੜਿਆ ਨਾ ਹਾਂ ਕਦੀ ਭੀ, ਆਈ ਉਪਰ ਜੋ ਆਇਆ

ਸਾਊਥ ਅਫਰੀਕਾ ਵਿਚ ਗੋਰੇ-ਕਾਲੇ ਦੇ ਭੇਦ ਦੇ ਕਾਰਨ, ਹਜ਼ਾਰਾਂ ਹਿੰਦੁਸਤਾਨੀ ਮਰਦ ਔਰਤਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ। ਨਵੰਬਰ 20, 1913 ਤੇ 'ਸਨਸਾਰ' ਵਿਚ ਇਹ ਕਵਿਤਾ ਛਪੀ-

ਤੂੰ ਭੀ ਜਾਗ ਵੀਰਾ

"ਆਈ ਤਾਰ ਅਫ਼ਰੀਕਾ ਤੋਂ ਅੱਜ ਸਾਡੀ, ਵੀਰਾਂ ਕਾਰ ਵਿਹਾਰ ਨੂੰ ਛੱਡਿਆ ਹੈ।
ਜ਼ੁਲਮ ਅਤੇ ਇਨਸਾਫ਼ ਦੇ ਪਰਖਣੇ ਨੂੰ, ਡਾਢਾ ਮੋਰਚਾ ਸੂਰਿਆਂ ਗੱਡਿਆ ਹੈ।
ਬੱਚੇ ਇਸਤਰੀ ਅਤੇ ਜੁਆਨ ਸਭਨਾਂ, ਫਸਤਾ ਜਨਮ ਤੇ ਮਰਨ ਦਾ ਵੱਢਿਆ ਹੈ।
ਦੇਸ ਕੌਮ ਦੀ ਲਜਿਆ ਪਾਲਣੇ ਨੂੰ, ਸੱਚੇ ਪੁਤਰਾਂ ਸਿਰਾਂ ਨੂੰ ਕੱਢਿਆ ਹੈ।
ਹਤਿਆਰੇ ਕਾਨੂੰਨ ਦੇ ਤੋੜਨੇ ਨੂੰ, ਸਭਨਾਂ ਟੈਕਸ ਦੇਣੋਂ ਮੁਖ ਮੋੜਿਆ ਹੈ।
ਵੀਰ ਹੋਏ ਵਹੀਰਾਂ ਦੇ ਵਿਚ ਕੱਠੇ, ਜੋੜ ਕੈਦਖਾਨੇ ਅੰਦਰ ਜੋੜਿਆ ਹੈ।
ਲਾੜੇ ਹਿੰਦ ਦੇ ਬਣ ਜਨੇਤ ਜਾਂਦੇ, ਹੱਦ ਟੱਪ ਕਾਨੂੰਨ ਨੂੰ ਤੋੜਿਆ ਹੈ।
ਇਕ ਓਟ ਅਕਾਲ ਦੀ ਰਖ ਅੱਗੇ, ਬੇੜਾ ਪਾਪ ਦਾ ਸੱਚ ਨੇ ਰੋੜ੍ਹਿਆ ਹੈ।
ਭਾਰਤ-ਬਚੀਆਂ ਭੁਖੀਆਂ ਜਿਹਲ ਅੰਦਰ, ਬੱਚੇ ਲਾਡਲੇ ਬਾਹਰੋਂ ਕੂਕਦੇ ਨੇ,
ਹਾਹਾਕਾਰ, ਬਿਰਲਾਪ ਨਾ ਐਬ ਕੋਈ, ਹੋ ਕੇ ਤਤੜੇ ਜਗਤ ਨੂੰ ਫੂਕਦੇ ਨੇ,
ਭਾਰਤ ਵਰਸ਼ ਹਿੱਲੇ, ਜਿਮੀ ਅਤੇ ਅਰਸ਼ ਹਿੱਲੇ, ਅੰਤ ਨਿਕਲੇ ਬੁਰੇ ਸਲੂਕ ਦੇ ਨੇ।
ਹਾਕਮ ਅਤੇ ਸਰਕਾਰ ਭੀ ਰੋਕਦੀ ਹੈ, ਸੂਰੇ ਹਿੰਦੀ ਦਾ ਜ਼ਰਾ ਭੀ ਰੁਕਦੇ ਨੇ।
ਜਾਗ, ਜਾਗ, ਕੈਨੇਡਾ ਦੇ ਵੀਰ ਤੂੰ ਭੀ, ਵੇਲਾ ਲੰਮੀਆਂ ਤਾਣ ਨਾ ਸੌਣ ਦਾ ਹੈ।
ਲੜਨ ਭਿੜਨ ਦਾ ਵਿਹਲ ਨਾ ਮੂਲ ਵੀਰਾ, ਸਮਾ ਚੈਨ ਦਾ, ਰਾਗ ਨਾ ਗੌਣ ਦਾ ਹੈ।
ਕਿਥੋਂ ਤਤੜੇ ਵਿਹਲ ਮੁਕੱਦਮੇ ਦੇ, ਫੇਰ ਸੇਵਾ ਦਾ ਪਹਿਲ ਮਕੌਣ ਦਾ ਹੈ।
ਕਰੀਂ ਰੀਸ ਅਫਰੀਕਾ ਦੇ ਧਰਮੀਆਂ ਦੀ, ਕੁਝ ਸ਼ੌਂਕ ਜੇ ਮਾਣ ਦੇ ਪਾਉਣ ਦਾ ਹੈ।

'ਸਨਸਾਰ' ਦੀ ਵਾਰਤਕ

ਸਿਆਟਲ (ਅਮਰੀਕਾ) ਦੇ ਭਰਾਵਾਂ ਦਾ ਮੁਕੱਦਮਾ

"ਇਕ ਦਿਨ ਭਰ ਦਾ ਥੱਕਿਆ ਟੁੱਟਿਆ ਹੋਇਆ ਮੁਸਾਫ਼ਰ ਦੂਰ ਤੋਂ ਇਕ ਸਰਾਂ ਦੇਖ ਕੇ ਆਵੇ। ਲੱਤਾਂ ਦਾ ਬਲ ਖ਼ੁਰ ਚੁੱਕਾ ਹੋਵੇ। ਰੋਟੀ ਮੁਕ-ਚੁੱਕੀ ਹੋਵੇ। ਪਿਆਸ ਸਤਾ ਰਹੀ ਹੋਵੇ। ਅੱਖਾਂ ਬੰਦ ਹੋ ਰਹੀਆਂ ਹੋਵਨ। ਪਾਲਾ ਸੁਕਾ ਰਿਹਾ ਹੋਵੇ। ਇਕ ਕੇਵਲ ਸਰਾਂ ਦੇ ਹੀ ਆਸਰੇ ਦੀ ਲਿਵ ਤੇ, ਆਰਾਮ ਦੀ ਆਸ, ਦਿਲ ਵਿਚ ਸਮਾ ਰਿਹਾ ਹੋਵੇ ਤੇ ਅੱਗੋਂ ਔਂਦੇ ਨੂੰ ਸਰਾਂ ਵਾਲਾ ਚਾਰ ਧੱਕੇ ਮਾਰ ਕੇ ਬਾਹਰ ਕਰੇ, ਅਬਾ ਤਬਾ ਬੋਲੇ, ਆਪ ਦਸੋ ਉਸ ਗ਼ਰੀਬ ਦੀ ਉਸ ਵਕਤ ਕਿਆ ਦਸ਼ਾ ਹੋਵੇਗੀ। ਜਾਨ ਖ਼ਤਰੇ ਵਿਚ ਹੈ। ਰਾਤ ਸਿਰ ਉਪਰ ਹੈ। ਕੋਈ ਦਰਦੀ ਬੇਲੀ ਦਿਖਾਈ ਨਹੀਂ ਦਿੰਦਾ। ਬਸ ਜੇ ਕੋਈ ਅੱਗਾ ਮਲੂਮ ਦਿੰਦਾ ਹੈ ਤਾਂ ਇਕ ਮੌਤ ਹੀ ਮੌਤ ਹੈ। ਕਿਆ ਇਸ ਹਾਲਤ ਵਿਚ ਉਹ ਮੁਸਾਫਰ ਬਚ ਸਕਦਾ ਹੈ। ਕੀ ਭੁੱਖ ਦੀ ਕਰੜਾਈ, ਕਕਰ ਦਾ ਜ਼ੋਰ, ਥਕੇਵੇਂ ਦੀਆਂ ਚੀਸਾਂ, ਮੌਤ ਦਾ ਭੈਅ, ਉਸ ਗ਼ਰੀਬ ਨਥਾਵੇਂ ਨੂੰ ਜੀਉਂਦਾ ਛੱਡਣਗੀਆਂ, ਕਦਾਚਿਤ ਨਹੀਂ।

ਆਪ ਸੋਚੋ, ਜਿਸ ਕੌਮ ਦੇ ਹਜ਼ਾਰਾਂ ਹੀ ਬੱਚੇ ਇਸ ਹਾਲਤ ਵਿਚ ਰੁਲ ਰਹੇ ਹੋਵਨ ਤੇ ਉਨ੍ਹਾਂ ਨੂੰ ਕਮਜ਼ੋਰ ਦੇਖ ਕੇ, ਹੀਣੇ ਸਮਝ ਕੇ, ਨਖਸਮੇਂ ਜਾਣ ਕੇ ਥੱਕਿਆਂ ਟੁੱਟਿਆਂ ਨੂੰ ਹਜ਼ਾਰਾਂ ਮੀਲਾਂ ਦਾ ਸਫ਼ਰ ਕਰ ਚੁੱਕਿਆਂ ਨੂੰ ਤੇ ਸਭ ਮਾਲ ਮਲਕੀਅਤ, ਉਸ ਸਫ਼ਰ ਦੇ ਖ਼ਰਚ ਵਿਚ ਫੂਕ ਚੁੱਕਿਆਂ ਨੂੰ ਅੱਗੋਂ ਦੂਜੇ ਮੁਲਕਾਂ ਵਾਲੇ ਸਮੁੰਦਰ ਵਿਚ ਸੁੱਟ ਰਹੇ ਤੇ ਕੈਦ ਵਿਚ ਨਰੜ ਰਹੇ ਹੋਵਨ, ਕੀ ਉਸ ਕੌਮ ਦੇ ਜੀਵਨ ਦੀ ਕੋਈ ਆਸ ਹੋ ਸਕਦੀ ਹੈ। ਅਜੇ ਇਹ ਗੱਲ ਕਿਸੇ ਨੂੰ ਭੀ ਨਹੀਂ ਭੁੱਲੀ ਹੋਵੇਗੀ ਕਿ ਅਰਜਨਟੀਨਾ ਤੋਂ ਆਪਣੇ ਭਰਾ ਕਿਸ ਦੁਰਦਸ਼ਾ ਵਿਚ ਮੋੜੇ ਜਾ ਚੁੱਕੇ ਹਨ ਤੇ ਆਤਰ ਹੋਏ ਹੋਏ ਲੰਡਨ ਦੀਆਂ ਗਲੀਆਂ ਵਿਚ ਠੁੱਡੇ ਖਾਂਦੇ ਸਨ। ਇਸ ਗੱਲ ਪੁਰ ਦੁਨੀਆਂ ਹਾਸੀ ਕਰਦੀ ਸੀ ਕਿ ਇਹ ਕੈਸੀ ਨਖਸਮੀ ਕੌਮ ਹੈ ਜਿਸ ਦੇ ਹੱਕ ਬਚਾਉਣ ਲਈ ਇਕ ਵੀ ਨਹੀਂ ਖੜ੍ਹਾ ਹੁੰਦਾ, ਕੋਈ ਗੌਰ ਨਹੀਂ ਕਰਦਾ।

ਦੂਰ ਕਿਉਂ ਜਾਂਦੇ ਹੋ। ਇਥੋਂ ਕੈਨੇਡਾ ਤੋਂ ਹੀ ਸੈਂਕੜੇ ਭਰਾ ਵਾਪਸ ਕੀਤੇ ਗਏ ਤੇ ਮਿਰਕਣ ਤੋਂ ਤਾਂ ਹਜ਼ਾਰਾਂ ਦੀਆਂ ਮੰਡਲੀਆਂ ਆਪਣਾ ਆਪ ਬਰਬਾਦ ਕਰਕੇ ਮੁੜੀਆਂ ਹਨ... ਸੋਚੋ ਤਾਂ ਸਈ ਜੇ ਆਪਾਂ ਇੰਡੀਆ ਤੋਂ ਤੁਰੀਏ, ਮਿਰਕਣ ਵਿਚ ਆ ਕੇ ਕੈਦ ਕੀਤੇ ਜਾਈਏ, ਮੋੜੇ ਜਾਣ ਦਾ ਹੁਕਮ ਹੋਵੇ ਤਾਂ ਸਾਡੀ ਕੀ ਹਾਲਤ ਹੋਵੇਗੀ। ਇਹੋ ਹਾਲ ਹਰ ਭਰਾ ਦਾ ਸਮਝੋ ਤੇ ਉਸ ਲਈ ਆਪਣੀ ਪੂਰੀ ਵਾਹ ਲਾਉ। ਪਿਛਲੇ ਅਖਬਾਰ ਵਿਚ ਅਸੀਂ ਆਪ ਨੂੰ ਖਬਰਦਾਰ ਕਰ ਦਿੱਤਾ ਸੀ

ਕਿ ਸਿਆਟਲ (ਅਮਰੀਕਾ) ਵਿਚ ਦੋ ਸੌ ਭਰਾਵਾਂ ਨੂੰ ਮੋੜੇ ਜਾਣ ਦਾ ਹੁਕਮ ਹੈ ਤੇ ਅਸੀਂ ਉਨ੍ਹਾਂ ਦਾ ਮੁਕੱਦਮਾ ਚੁੱਕ ਲਿਆ ਹੈ। ਆਪ ਵੀ ਮਦਦ ਕਰੋ। ਇਹ ਕੋਈ ਲੁਕੀ ਛਿਪੀ ਗੱਲ ਨਹੀਂ ਕਿ ਜੇ ਅਸੀਂ ਉਸ ਨਾਜ਼ਕ ਵਕਤ ਪੁਰ ਇਸ ਮੁਕੱਦਮੇ ਨੂੰ ਨਾ ਚੁੱਕ ਲੈਂਦੇ ਤੇ ਇਕ ਆਪਣੇ ਦਰਦੀ ਮਿੱਤਰ ਨੂੰ, ਜੋ ਅੱਜ ਤਾਈਂ ਉਥੇ ਬੈਠਾ ਮੁਕੱਦਮਾ ਲੜ ਰਿਹਾ ਹੈ, ਨਾ ਉਥੇ ਪਹੁੰਚਾਂਦੇ ਤਾਂ ਅੱਜ ਉਹ ਸਾਡਾ ਦੋ ਸੌ ਭਰਾ ਮੋੜਿਆ ਹੋਇਆ ਮਨੀਲੇ ਦੇ ਅੱਧ ਵਿਚ ਹੁੰਦਾ।

ਅਮਰੀਕਾ ਵਿਚ 'ਗ਼ਦਰ' ਅਖ਼ਬਾਰ ਤੇ ਗ਼ਦਰ-ਲਹਿਰ

ਕਾਫ਼ੀ ਛੰਦ

"ਗ਼ਦਰ ਪਾਰਟੀ ਬੀੜਾ ਚੁੱਕਿਆ ਹਿੰਦ ਆਜ਼ਾਦ ਕਰਾਵਣ ਦਾ,
ਆਉ ਸ਼ੇਰੋ ਗ਼ਦਰ ਮਚਾਈਏ ਮੌਕਾ ਨਹੀਂ ਖੁੰਝਾਵਣ ਦਾ।"
ਪਹਿਲੀ ਨਵੰਬਰ, 1913- ਗ਼ਦਰ ਪਾਰਟੀ ਦਾ ਜਨਮ ਦਿਨ-

ਸਾਡਾ ਨਾਮ ਤੇ ਸਾਡਾ ਕਾਮ

"ਅੱਜ ਪਹਿਲੀ ਨਵੰਬਰ, 1913 ਨੂੰ ਭਾਰਤ ਦੀ ਤਵਾਰੀਖ ਵਿਚ ਇਕ ਨਵਾਂ ਸੰਮਤ ਚਲਦਾ ਹੈ, ਕਿਉਂਕਿ ਅੱਜ ਅੰਗਰੇਜ਼ੀ ਰਾਜ ਦੇ ਵਿਰੁੱਧ ਪਰਦੇਸ ਵਿਚੋਂ ਦੇਸੀ ਜ਼ਬਾਨ ਵਿਚ ਜੰਗ ਛਿੜਦਾ ਹੈ। ਅੱਜ ਦਾ ਦਿਨ ਸ਼ੁਭ ਹੈ, ਕਿ ਅੰਗਰੇਜ਼ ਰਾਜ ਦੀ ਜੜ੍ਹ ਉਖਾੜਨ ਵਾਲਾ ਅੱਖਰ ਉਰਦੂ ਤੇ ਗੁਰਮੁਖੀ ਅਖ਼ਬਾਰ ਤੋਂ ਜ਼ਾਹਰ ਹੁੰਦਾ ਹੈ। ਘਰ ਤੋਂ ਦਸ ਹਜ਼ਾਰ ਮੀਲ ਦੂਰ ਪਰਦੇਸ ਵਿਚ ਇਸ ਅਖ਼ਬਾਰ ਦਾ ਛਪਣਾ ਇਕ ਅਜਿਹਾ ਕੰਮ ਹੈ ਜਿਸ ਉੱਤੇ ਨਿਗਾਹ ਮਾਰਨ ਤੇ ਖ਼ੁਸ਼ੀ ਭਰੀ ਨਹੀਂ ਸਮੋਂਦੀ।

ਅੱਜ ਭਾਰਤ ਦੀ ਕਿਸਮਤ ਹੱਸ ਰਹੀ ਹੈ। ਨਵੀਆਂ ਉਮੀਦਾਂ ਤੇ ਨਵੇਂ ਕੰਮਾਂ ਦਾ ਵੇਲਾ ਆ ਗਿਆ ਹੈ। ਅੱਜ ਚੋਬਰਾਂ ਦੇ ਕੁਮਲਾਏ ਹੋਏ ਦਿਲਾਂ ਉਤੇ ਜੋਸ਼ ਤੇ ਹਿੰਮਤ ਦਾ ਛਿੱਟਾ ਦੇ ਕੇ, ਉਨ੍ਹਾਂ ਵਿਚ ਨਵੀਂ ਜਾਨ ਪਾਈ ਗਈ ਹੈ। ਅੱਜ ਕਲਮ ਦੀ ਤਾਕਤ ਨਾਲ ਅੰਗਰੇਜ਼ੀ ਰਾਜ ਪਰ ਤੋਪ ਬੀੜ ਦਿੱਤੀ ਹੈ, ਜਿਸ ਦਾ ਨਾਸ ਕਰੇ ਬਿਨਾਂ ਬੰਦ ਨਹੀਂ ਹੋਵੇਗੀ। ਅੱਜ ਹਿੰਦੀ ਭਾਈਆਂ ਦੀ ਗ਼ੁਲਾਮੀ ਨੂੰ ਦੂਰ ਕਰਨ ਲਈ ਇਕ ਨਵਾਂ ਸੰਦ ਘੜਿਆ ਗਿਆ ਹੈ ਜਿਸ ਕਰਕੇ ਅੰਗਰੇਜ਼ ਸਰਕਾਰ ਦਾ ਲਹੂ ਸੁੱਕ ਗਿਆ ਹੈ। ਅੱਜ ਉਹ ਕੰਮ ਚਲਿਆ ਹੈ ਜਿਸ ਦੀ ਮਹਿਮਾ ਸਾਰੀ ਦੁਨੀਆਂ ਵਿਚ ਹੋ ਜਾਏਗੀ। ਜਿਸ ਦੀਆਂ ਗਲਾਂ ਸਾਡੇ ਪੁਤ ਤੇ ਪੋਤਰੇ ਖ਼ੁਸ਼ੀ ਨਾਲ ਕਰਿਆ ਕਰਨਗੇ।

ਸਾਡਾ ਨਾਉਂ ਕੀ ਹੈ? ਗ਼ਦਰ। ਕੰਮ ਕੀ ਹੈ? ਗ਼ਦਰ। ਸਾਡਾ ਨਾਉਂ ਕੀ ਤੇ ਕੰਮ ਇਹ ਇਕ ਹੀ ਹੈ। ਕੋਈ ਪੁੱਛ ਗਿੱਛ ਦੀ ਲੋੜ ਨਹੀਂ। ਸਵਾਲ ਤੋਂ ਜਵਾਬ ਪਹਿਲਾਂ ਹਾਜ਼ਰ ਹੈ। ਗ਼ਦਰ ਦੀ ਕੀ ਲੋੜ ਹੈ? ਇਹ ਗ਼ਦਰ ਕਿਉਂ ਹੋਵੇਗਾ? ਇਸ ਤਰ੍ਹਾਂ ਹੋਵੇਗਾ? ਕਦ ਹੋਵੇਗਾ? ਲਉ ਜੀ- ਸਾਰਾ ਭੇਤ ਦਸ ਦੇਂਦੇ ਹਾਂ। ਹਿੰਮਤ ਹੈ ਤਾਂ ਸੁਣ ਲਵੋ, ਨਹੀਂ ਘਰ ਨੂੰ ਭੱਜ ਜਾਉ।

ਕਿੱਥੇ ਗ਼ਦਰ ਹੋਵੇ? ਭਾਰਤ ਵਿਚ। ਕਦੋਂ ਹੋਵੇਗਾ? ਥੋੜ੍ਹੇ ਬਰਸਾਂ ਵਿਚ। ਕਿਉਂ ਹੋਵੇਗਾ? ਕਿਉਂ ਅਬ ਅੰਗਰੇਜ਼ਾਂ ਦੇ ਜ਼ੁਲਮ ਤੋਂ ਖਲਕਤ ਦੁਖੀ ਹੋ ਗਈ ਹੈ ਅਤੇ ਆਜ਼ਾਦੀ ਦੀ ਖ਼ਾਤਰ ਲੜਨ ਮਰਨ ਨੂੰ ਤਿਆਰ ਹੈ। ਇਸ ਗ਼ਦਰ ਦੀ ਖ਼ਾਤਰ ਹਰ ਇਕ ਹਿੰਦੁਸਤਾਨੀ ਦਾ ਤਿਆਰ ਹੋ ਜਾਣਾ ਧਰਮ ਹੈ।

ਡੇਢ ਸੌ ਬਰਸਾਂ ਤੋਂ ਅੰਗਰੇਜ਼ਾਂ ਨੇ ਰਾਜ ਜਮਾਉਣਾ ਆਰੰਭਿਆ ਹੋਇਆ ਹੈ। ਹੌਲ਼ੇ-ਹੌਲ਼ੇ ਸਾਰਾ ਹਿੰਦੁਸਤਾਨ ਦਬ ਲਿਆ ਹੈ। ਰਿਆਸਤਾਂ ਵਿਚ ਵੀ ਆਪਣਾ ਹਥ ਪਾਉਂਦੇ ਜਾਂਦੇ ਹਨ। ਮਸਾਂ ਨੇਪਾਲ ਤੇ ਭੁਟਾਨ ਇਨ੍ਹਾਂ ਦੇ ਦੰਦਾਂ ਤੋਂ ਬਚੇ ਹਨ। ਹੁਣ ਵੇਲਾ ਆ ਗਿਆ ਹੈ। ਇਸ ਅੱਗ ਨੂੰ ਬੁਝਾਇਆ ਜਾਵੇ। ਇਸ ਬਦਜ਼ਾਤ, ਜ਼ਾਲਮ ਸਰਕਾਰ ਨੂੰ ਬਰਬਾਦ ਕੀਤਾ ਜਾਵੇ। ਮੁਲਕ ਦੀ ਭਲਾਈ ਦਾ ਰਸਤਾ ਲਭਿਆ ਤੇ ਫੜਿਆ ਜਾਵੇ। ਅੰਗਰੇਜ਼ਾਂ ਦੇ ਰਾਜ ਨੇ ਮੁਲਕ ਦਾ ਨਾਸ ਕਰ ਦਿੱਤਾ ਹੈ। ਜਿਥੇ ਅੰਗਰੇਜ਼ਾਂ ਦੇ ਪਾਪੀ ਝੰਡੇ ਦੀ ਛਾਂ ਪੈਂਦੀ ਹੈ, ਉਥੇ ਖ਼ੁਸ਼ੀ ਪਲ ਵਿਚ ਉਡ ਜਾਂਦੀ ਹੈ। ਇਕ ਹਰਾ ਪੱਤਾ ਨਹੀਂ ਛੱਡਦੀ। ਜਿਸ ਮੁਲਕ ਵਿਚ ਇਨ੍ਹਾਂ ਲੁਟੇਰਿਆਂ ਨੇ ਡੇਰਾ ਲਾਇਆ ਹੈ, ਉਥੇ ਕਾਲ, ਪਲੇਗ ਤੇ ਹੈਜ਼ਾ ਟੁੱਟ ਪੈਂਦੇ ਹਨ। ਭਾਰਤ ਨੂੰ ਇਸ ਮੂਜ਼ੀ ਨਾਲ ਅੱਜ ਕੱਲ੍ਹ ਹੱਥ ਕਰਨੇ ਹੀ ਪੈਣੇ ਹਨ। ਜੇ ਇਸ ਘੋਲ ਵਿਚ ਜਿੱਤ ਹੋਈ ਤਾਂ ਮੁਲਕ ਦੀ ਤਰੱਕੀ ਦੇ ਝੰਡੇ ਉਠਾਏ ਜਾਣਗੇ।

ਹੁਣ ਫੇਰ 1905 ਵਿਚ ਲੜਾਈ ਦਾ ਕੰਮ ਤੋਰਿਆ। ਜਿਸ ਦੇ ਪੂਰਾ ਕਰਨ ਦੀ ਖ਼ਾਤਰ ਮਹਾਂਪੁਰਸ਼ਾਂ ਤੇ ਬਹਾਦਰਾਂ ਨੇ ਆਪਣੀਆਂ ਜਾਨਾਂ ਦਿੱਤੀਆਂ। ਹੁਣ ਇਹ ਬੜਾ ਦਿਨ ਦੁਗਣਾ ਤੇ ਰਾਤ ਚੌਗੁਨਾ ਵਧਦਾ ਜਾਂਦਾ ਹੈ। ਇਸ ਦੇ ਵਿਚ ਬੜੇ ਬੜੇ ਵਿਦਵਾਨ ਤੇ ਧਰਮਾਤਮਾ ਹਨ ਜਿਨ੍ਹਾਂ ਦੇ ਨਾਮ ਮੋਤੀਆਂ ਦੀ ਲੜੀ ਦੀ ਤਰ੍ਹਾਂ ਭਾਰਤ ਦੀ ਤਵਾਰੀਖ ਵਿਚ ਲਿਖੇ ਜਾਣਗੇ। ਏਸ ਧੜੇ ਦਾ ਇਹ ਪ੍ਰਣ ਹੈ ਕਿ ਹਿੰਦੁਸਤਾਨ ਵਿਚ ਗ਼ਦਰ ਕਰਕੇ ਅੰਗਰੇਜ਼ ਰਾਜ ਨੂੰ ਬਰਬਾਦ ਕੀਤਾ ਜਾਏ ਤੇ ਪਰਜਾ ਆਪਣਾ ਰਾਜ ਸੰਭਾਲ ਕੇ ਸੁਖ ਨਾਲ ਰਹੇ।

ਇਹ ਗੱਲ ਤਾਂ ਠੀਕ ਹੈ। ਪਰ ਕਿਥੇ ਹਿੰਦੁਸਤਾਨ ਤੇ ਕਿਥੇ ਸਾਨਫਰਾਂਸਿਸਕੋ। ਇਹ ਤਾਂ ਦੱਸੋ, ਏਥੇ ਕਿਉਂ ਕਰ ਆਏ ਤੇ ਅਖ਼ਬਾਰ ਕੱਢਣ ਦੀ ਕੀਕੂੰ ਸੁੱਝੀ।

ਸੁਣੋ! ਹਿੰਦੁਸਤਾਨ ਵਿਚ 1905 ਤੋਂ ਉਹ ਬੜਾ ਭਾਰੀ ਕੰਮ ਤੁਰਿਆ।

ਤਿੰਨ ਸਾਲਾਂ ਵਿਚ ਅੰਗਰੇਜ਼ ਥਰ ਥਰ ਕੰਬਣ ਲੱਗ ਪਏ। ਫੇਰ 1907 ਵਿਚ ਪੰਜਾਬ ਵਿਚ ਅਜੀਤ ਸਿੰਘ ਤੇ ਲਾਜਪਤ ਰਾਏ ਨੇ ਬਾਰ ਵਿਚ ਮਾਮਲਾ ਵਧਣ ਦੇ ਉਲਟ ਬੜੇ ਜ਼ੋਰ ਨਾਲ ਪਰਚਾਰ ਕੀਤੇ। ਕਿਰਸਾਨ ਲਠ ਲੈ ਕੇ ਲਾਹੌਰ ਆ ਗਏ। ਫੌਜ ਵੀ ਬਿਗੜਨ ਲਗ ਪਈ। ਸਰਕਾਰ ਨੇ ਅਜੀਤ ਸਿੰਘ ਤੇ ਲਾਜਪਤ ਰਾਏ ਨੂੰ ਫੜ ਕੇ ਬਰਮਾ ਭੇਜ ਦਿੱਤਾ। ਇਸ ਤੋਂ ਮਗਰੋਂ ਬਰਮਾਂ ਵਿਚ ਬੜਾ ਕੰਮ ਹੋਇਆ।

ਦੱਖਣੀ ਅਫ਼ਰੀਕਾ ਵਿਚ ਹਿੰਦੀਆਂ ਨੇ ਏਕਾ ਕਰਕੇ ਸਾਫ਼ ਇਹ ਕਹਿ ਦਿੱਤਾ ਕਿ ਅਸੀਂ ਬੇਇੱਜ਼ਤ ਕੌਮ ਦੀ ਤਰ੍ਹਾਂ ਰਹਿਣਾ ਨਹੀਂ ਚਾਹੁੰਦੇ ਅਤੇ ਕਾਨੂੰਨ ਨੂੰ ਨਾ ਮੰਨਣ ਕਰਕੇ ਸੈਂਕੜੇ ਹਿੰਦੁਸਤਾਨੀ ਮਰਦ ਤੇ ਔਰਤਾਂ ਜੇਲ੍ਹਾਂ ਵਿਚ ਡੱਕੇ ਗਏ। ਛੇਕੜ ਫੇਰ ਛੱਡਣੇ ਪਏ।

ਇਸ ਤੋਂ ਮਗਰੋਂ ਬੰਗਾਲ ਦੇ ਸੂਰਬੀਰ ਹੇਮ ਚੰਦਰ ਨੇ ਪੈਰਿਸ ਜਾ ਕੇ ਬੰਬ ਬਣਾਉਣੇ ਸਿੱਖੇ। ਕਲਕੱਤੇ ਆ ਕੇ ਹੋਰ ਆਦਮੀਆਂ ਨੂੰ ਸਿਖਾਉਣ ਲੱਗ ਪਿਆ 20 ਮਈ, 1908 ਨੂੰ ਮੁਜ਼ਫਰਪੁਰ, ਬੰਗਾਲ ਵਿਚ ਪਹਿਲਾ ਬੰਬ ਪਿਆ। ਇਸ ਬੰਬ ਦੀ ਆਵਾਜ਼ ਨਾਲ ਅੰਗਰੇਜ਼ਾਂ ਦੇ ਹੋਸ਼ ਉੱਡ ਗਏ। ਸਭ ਨੂੰ ਪਕੜਨ ਲੱਗ ਪਏ। ਫੇਰ ਕੀ ਸੀ, ਦੇਸ਼ ਅੰਦਰ ਸਾਰਾ ਪਰਚਾਰ ਬੰਦ ਹੋ ਗਿਆ। ਅਖ਼ਬਾਰ ਬੰਦ ਕਰ ਦਿੱਤੇ। ਲਿਖਣ ਵਾਲਿਆਂ ਨੂੰ ਸਜ਼ਾ ਦੇ ਦਿੱਤੀ। ਲੈਕਚਰ ਦੇਣ ਵਾਲੇ ਕਾਲੇ ਪਾਣੀ ਜੇਲ੍ਹ ਭੇਜ ਦਿੱਤੇ। ਮਹਾਤਮਾ ਅਰਬਿੰਦੋ ਘੋਸ਼ ਉਤੇ ਮੁਕੱਦਮਾ ਚਲਾ ਕੇ ਐਵੇਂ ਹੀ ਬਿਨਾਂ ਕਸੂਰ ਇਕ ਸਾਲ ਹਵਾਲਾਤ ਵਿਚ ਰਖਿਆ। ਹੰਸ ਗੋਪਾਲ ਨਾਵੇਂ, ਇਕ ਲਾਹੌਰ ਦੇ ਰਹਿਣ ਵਾਲੇ ਗੱਭਰੂ ਨੂੰ ਸੱਤ ਸਾਲ ਲਈ ਕਾਲਾ ਪਾਣੀ ਦੇ ਦਿੱਤਾ। ਸਭ ਨੂੰ ਚੁਪ ਕਰਾ ਦਿੱਤਾ। ਪਰ ਜ਼ਾਲਮ ਹਮੇਸ਼ਾ ਹੀ ਗ਼ਲਤੀ ਕਰਦਾ ਹੈ। ਉਹਦੀ ਹਰ ਇਕ ਚਾਲ ਉਲਟੀ ਹੀ ਪੈਂਦੀ ਹੈ। ਹਰ ਇਕ ਤਦਬੀਰ ਸੁਆਹ ਹੋ ਜਾਂਦੀ ਹੈ। ਇਸ ਹਿਲਜੁਲ ਵਿਚ ਕੁਝ ਦੇਸ਼ ਭਗਤ, ਸਰਕਾਰ ਦੇ ਜਾਲ ਨੂੰ ਤੋੜ ਕੇ ਬਾਹਰ ਦੇ ਦੇਸਾਂ ਵਿਚ ਚਲੇ ਗਏ ਅਤੇ ਅੰਗਰੇਜ਼ ਦੇਖਦੇ ਰਹਿ ਗਏ। ਅਰਬਿੰਦੋ ਘੋਸ਼ ਤਾਂ ਫਰੈਂਚ ਦੀ ਪਾਂਡੀਚਰੀ ਵਿਚ ਚਲੇ ਗਏ ਜਿਥੇ ਅੰਗਰੇਜ਼ ਬਾਲ ਵਿੰਗਾ ਵੀ ਨਹੀਂ ਸੀ ਕਰ ਸਕਦੇ। ਸੂਫ਼ੀ ਅੰਬਾ ਪਰਸਾਦ ਤੇ ਸਰਦਾਰ ਅਜੀਤ ਸਿੰਘ ਫਰਾਂਸ ਵਿਚ ਚਲੇ ਗਏ। ਮੈਡਮ ਕਾਮਾ ਨੇ ਸਵਿਟਜ਼ਰਲੈਂਡ ਵਿਚ "ਬੰਦੇ ਮਾਤਰਮ" ਅਖ਼ਬਾਰ ਕੱਢਣਾ ਸ਼ੁਰੂ ਕਰ ਦਿੱਤਾ। ਸੂਫ਼ੀ ਜੀ ਨੇ ਫਰਾਂਸ ਵਿਚ ਹੀ ਉਥੇ ਦੇ ਲੋਕਾਂ ਨੂੰ ਅਖ਼ਬਾਰ ਕੱਢ ਕੇ ਅੰਗਰੇਜ਼ਾਂ ਦੇ ਵਿਰੁੱਧ ਕਰ ਦਿੱਤਾ।

ਹੁਣ ਏਸ ਫੌਜ ਦਾ ਜਥਾ ਮਿਰਕਣ ਵਿਚ ਵੀ ਆ ਪੁੱਜਾ ਹੈ। ਗ਼ੁਲਾਮੀ ਦੇ ਪੰਜਾਬ ਵਿਚੋਂ ਨਿਕਲ ਕੇ ਕੈਲੇਫੋਰਨੀਆ ਵਿਚ ਦੂਜਾ ਪੰਜਾਬ ਟੋਲਿਆ ਹੈ। ਏਥੇ

ਭਰਾਵਾਂ ਨਾਲ ਸਾਫ਼ ਖੁੱਲ੍ਹੀਆਂ ਬਾਤਾਂ ਕਰ ਸਕਦੇ ਹਾਂ। ਏਥੋਂ ਹੀ ਇਸ ਜੰਗ ਵਿਚ ਹਮਲਾ ਕਰਨਾ ਹੈ। ਸਰੀਰ ਭਾਵੇਂ ਦੇਸ ਤੋਂ ਦੂਰ ਹੈ ਪਰ ਦਿਲ ਵਤਨ ਵਿਚ ਹੈ।

ਹੁਣ ਲੜਾਈ ਤੋਰੀ ਰੱਖਣ ਖ਼ਾਤਰ ਅਖ਼ਬਾਰ ਚਲਾਉਣਾ ਜ਼ਰੂਰੀ ਹੈ। ਏਥੇ ਕਿਤਾਬਾਂ ਛਾਪੀਆਂ ਜਾਣ ਤੇ ਦੇਸ ਭੇਜੀਆਂ ਜਾਣ ਅਤੇ ਜੰਗੀ ਕੰਮ ਸਿਖੇ ਜਾਣ। ਦੂਜੀਆਂ ਕੌਮਾਂ ਦੀ ਮਦਦ ਮੰਗੀ ਜਾਵੇ। ਏਸ ਕੰਮ ਦੀ ਖ਼ਾਤਰ ਇਕ ਸਭਾ ਬਣਾਈ ਗਈ ਹੈ ਜਿਸ ਦਾ ਨਾਮ ਪੈਸੇਫਿਕ ਕੌਂਸਲ ਹਿੰਦੁਸਤਾਨੀ ਐਸੋਸੀਏਸ਼ਨ ਰਖਿਆ ਗਿਆ ਹੈ। ਪੋਰਟਲੈਂਡ, ਅਸਟੋਰੀਆ, ਸੇਂਟ ਜਾਹਨ, ਬ੍ਰਾਈਡਲਵੇਲ ਸੈਕਰਾਮੈਂਟੋ ਆਦਿ ਇਸ ਦੇ ਜਥੇ ਹਨ। ਦੇਸ ਭਗਤਾਂ ਨੇ ਮਾਇਆ ਦਿਤੀ ਹੈ। ਸਾਨਫਰਾਂਸਿਸਕੋ ਵਿਚ "ਯੁਗਾਂਤਰ-ਆਸ਼ਰਮ" ਬਣਾਇਆ ਹੈ। ਇਸ ਆਸ਼ਰਮ ਵਿਚ ਅਖ਼ਬਾਰ ਛਪਦਾ ਹੈ। ਕਿਤਾਬਾਂ ਵੀ ਛਪਣਗੀਆਂ। ਜਵਾਨ ਪਰਚਾਰਕ ਤਿਆਰ ਕੀਤੇ ਜਾਂਦੇ ਹਨ। ਗ਼ਦਰ ਦੀ ਤਿਆਰੀ ਦਾ ਕੰਮ ਆਰੰਭ ਦਿੱਤਾ ਹੈ। ਇਹੋ ਜਿਹੇ ਆਸ਼ਰਮ ਫਰਾਂਸ ਤੇ ਜਰਮਨੀ ਵਿਚ ਵੀ ਬਣਾਏ ਜਾਣਗੇ। ਫੇਰ ਕਿਸੇ ਤਰ੍ਹਾਂ ਦਾ ਡਰ ਨਹੀਂ।

ਇਹ ਆਸ਼ਰਮ ਨਹੀਂ ਕਿਲਾ ਹੈ, ਜਿਸ ਤੋਂ ਅੰਗਰੇਜ਼ੀ ਰਾਜ ਪਰ ਗੋਲਾਬਾਰੀ ਕੀਤੀ ਗਈ ਹੈ। ਇਹ ਅਖ਼ਬਾਰ ਨਹੀਂ ਤੋਪ ਹੈ ਜਿਸ ਤੋਂ ਕੋਈ ਜ਼ਾਲਮ ਬਚ ਕੇ ਨਹੀਂ ਜਾਵੇਗਾ। ਇਹ ਅਖ਼ਬਾਰ ਸਿਆਹੀ ਨਾਲ ਛਪਦਾ ਹੈ ਪਰ ਜਿਗਰ ਦੇ ਖ਼ੂਨ ਨਾਲ ਲਿਖਿਆ ਜਾਂਦਾ ਹੈ। ਏਸ ਵਿਚ ਮਾਮੂਲੀ ਲਿਖਤ ਨਹੀਂ। ਇਹ ਸੰਤਾਂ ਤੇ ਸੂਰਬੀਰਾਂ ਦੀ ਬਾਣੀ ਹੈ, ਜਿਹੜੀ ਭਾਈਆਂ ਨੂੰ ਜਗਾਊਗੀ। ਇਹ ਪ੍ਰੇਮ-ਸੁਨੇਹਾ ਹਜ਼ਾਰਾਂ ਮੀਲ ਸਮੁੰਦਰ ਪਾਰ ਜਾ ਕੇ ਦਿਲਾਂ ਉਤੇ ਅਸਰ ਕਰੇਗਾ। ਇਹ ਸ਼ਬਦ ਚਿੜੀਆਂ ਨੂੰ ਬਾਜ ਬਣਾਉਣਗੇ ਅਤੇ ਲੋਭ, ਮੋਹ, ਹੰਕਾਰ, ਮੂਰਖ਼ਤਾ ਅਤੇ ਡਰ ਨੂੰ ਦੂਰ ਕਰਕੇ ਦੇਸ ਨੂੰ ਗ਼ਦਰ ਦੀ ਖ਼ਾਤਰ ਤਿਆਰ ਕਰੂਗਾ। ਜਿਹੜਾ ਮਹਾਂ ਜੰਗ ਹੋਵੇਗਾ।

ਇਸ ਅਖ਼ਬਾਰ ਦਾ ਕੰਮ ਪ੍ਰੇਮ ਨਾਲ ਹੁੰਦਾ ਹੈ। ਲਿਖਣਾ, ਛਾਪਣਾ, ਭੇਜਣਾ, ਸਭ ਕੰਮ ਪ੍ਰੇਮੀ ਲੋਕ ਕਰਦੇ ਹਨ। ਕਿਸੇ ਨੂੰ ਮਜ਼ੂਰੀ ਨਹੀਂ ਦਿੱਤੀ ਜਾਂਦੀ। ਏਸ ਤਰ੍ਹਾਂ ਸੰਜਮ ਦੇ ਨਾਲ ਕੰਮ ਚਲ ਸਕਦਾ ਹੈ। ਆਪਣਾ ਛਾਪਾ ਖਰੀਦ ਲਿਆ ਹੈ। ਹਿੰਦੁਸਤਾਨ ਵਿਚ ਕਈ ਲੱਖ ਉਰਦੂ ਤੇ ਗੁਰਮੁਖੀ ਪੜ੍ਹਨ ਵਾਲੇ ਹਨ। ਥੋੜ੍ਹੇ ਅਖ਼ਬਾਰਾਂ ਨਾਲ ਕੁਝ ਨਹੀਂ ਬਣ ਸਕਦਾ। ਸਾਨੂੰ ਲੱਖਾਂ ਅਖ਼ਬਾਰ ਦੇਸ ਭੇਜਣੇ ਚਾਹੀਏ। ਜੇ ਥੋੜ੍ਹਾ ਚਿਰ ਚਲ ਕੇ ਅਖ਼ਬਾਰ ਬੰਦ ਹੋ ਗਿਆ ਤਾਂ ਅੰਗਰੇਜ਼ ਖ਼ੁਸ਼ੀ ਮਨਾਉਣਗੇ। ਸਾਨੂੰ ਅਖ਼ਬਾਰ ਦੀ ਹਰ ਮਦਦ ਕਰਨੀ ਚਾਹੀਦੀ ਹੈ।

ਆਓ। ਪਿਆਰਿਓ, ਵੇਲਾ ਬੀਤਦਾ ਜਾਂਦਾ ਹੈ। ਦੇਸ ਵਿਚ ਜ਼ੁਲਮ ਦੀ ਹੱਦ ਹੋ ਗਈ ਹੈ। ਸਾਰੀ ਦੁਨੀਆਂ ਤੁਹਾਡਾ ਮੂੰਹ ਵੇਖ ਰਹੀ ਹੈ ਕਿ ਕਦ ਇਹ

ਸ਼ੇਰ ਉਠਣ ਤੇ ਕਦ ਅੰਗਰੇਜ਼ਾਂ ਦਾ ਸਤਿਆਨਾਸ ਕਰਨ। ਤਨ, ਮਨ, ਧਨ, ਨਾਲ ਵਤਨ ਦੀ ਸੇਵਾ ਕਰੋ ਸਾਰਿਆਂ ਨੂੰ ਗ਼ਦਰ ਦੀ ਖ਼ਾਤਰ ਤਿਆਰ ਕਰ ਲਵੋ। ਕਿਸੇ ਦਿਨ ਕਲਮ ਦੀ ਥਾਂ ਬੰਦੂਕ ਤੇ ਸਿਆਹੀ ਦੀ ਥਾਂ ਲਹੂ ਨਾਲ ਕੰਮ ਹੋਵੇਗਾ। ਇਸ ਗ਼ਦਰ ਦੀ ਖ਼ਾਤਰ ਪ੍ਰਾਰਥਨਾ ਕਰੋ। ਗਲ ਕਰੋ ਤਾਂ ਗ਼ਦਰ ਦੀ। ਸੁਫ਼ਨਾ ਦੇਖੋ ਤਾਂ ਗ਼ਦਰ ਦਾ। ਧਨ ਕਮਾਓ ਤਾਂ ਗ਼ਦਰ ਦੀ ਖ਼ਾਤਰ। ਅੰਨ ਖਾਓ ਤਾਂ ਗ਼ਦਰ ਦੀ ਖ਼ਾਤਰ, ਬਸ ਗ਼ਦਰ ਦੇ ਸਿਪਾਹੀ ਬਣ ਜਾਓ।

(ਅਖ਼ਬਾਰ ਗ਼ਦਰ 1 ਨਵੰਬਰ, 1913)

'ਗ਼ਦਰ' ਅਖ਼ਬਾਰ ਦੇ ਪਹਿਲੇ ਪੰਨੇ ਦੇ ਸਿਰ ਉੱਤੇ ਲਿਖਿਆ ਹੁੰਦਾ- ਬੰਦੇ ਮਾਤਰਮ-

"ਜੇ ਤਉ ਪ੍ਰੇਮ ਖੇਲਨ ਦਾ ਚਾਓ,
ਸਿਰ ਧਰ ਤਲੀ ਗਲੀ ਮੋਰੀ ਆਓ।"

"ਸਾਡਾ ਨਾਮ ਤੇ ਸਾਡਾ ਕੰਮ" ਵਾਲਾ ਲੇਖ ਲਾਲਾ ਹਰਦਿਆਲ, ਜਨਰਲ ਸਕੱਤਰ, ਗ਼ਦਰ ਪਾਰਟੀ ਨੇ ਲਿਖਿਆ। ਉਸ ਦਾ ਪੰਜਾਬੀ ਉਲੱਥਾ ਕਰਤਾਰ ਸਿੰਘ ਸਰਾਭਾ ਨੇ ਕੀਤਾ ਤੇ ਕਿਤਾਬਤ ਦਾ ਕੰਮ ਹਰਨਾਮ ਸਿੰਘ ਟੁੰਡੀਲਾਟ ਨੇ ਨਿਭਾਇਆ।

ਗ਼ਦਰੀਆਂ ਨੇ ਜੋ ਕਿਹਾ ਕਰ ਕੇ ਵਿਖਾਇਆ ਕਿਰਤ ਸਾਂਝੀ, ਲੰਗਰ ਸਾਂਝਾ, ਧਰਮ-ਮਜ਼ਹਬ ਆਪੋ ਆਪਣਾ ਪਰ ਦੇਸ ਸਾਂਝਾ, ਦੇਸ਼ ਦੀ ਧਰਤੀ ਸਾਂਝੀ। ਸੱਚਾ ਸਾਹਿਤਕਾਰ, ਸੱਚੀ ਕਿਰਤ ਦੀ ਕਿਰਤ ਕਰਦਾ ਹੈ। ਉਸ ਦੀ ਕਿਰਤ ਦਾ ਬੀਜ ਸੱਚ ਹੁੰਦਾ ਹੈ। ਸੱਚ ਦੀ ਰਖਿਆ ਲਈ ਉਹ ਦੁਨੀਆਂ ਦੇ ਸਭ ਲੋਕਾਂ ਨੂੰ ਇਕੋ ਜਿਹਾ ਸਮਝ ਕੇ, ਉਨ੍ਹਾਂ ਦੀ ਸਾਂਝੀ ਕਿਰਤ ਤੇ ਸਾਂਝੇ ਸੰਘਰਸ਼ ਦੀ ਗਲ ਕਰਦਾ ਹੈ।

ਇਹੋ ਜਿਹਾ ਹੀ ਇਕ ਕਿਰਤੀ-ਸਾਹਿਤਕਾਰ ਦੇ ਰੂਪ ਵਿਚ ਉਭਰ ਕੇ ਗਾ ਉੱਠਦਾ ਹੈ-

"ਗ਼ਦਰ ਪਾਰਟੀ ਬੀੜਾ ਚੁੱਕਿਆ ਹਿੰਦ ਆਜ਼ਾਦ ਕਰਾਵਣ ਦਾ,
ਆਓ! ਸ਼ੇਰੋ ਗ਼ਦਰ ਮਚਾਈਏ ਮੌਕਾ ਨਹੀਂ ਖੁੰਝਾਵਣ ਦਾ।
ਫੌਜ ਬਥੇਰੀ ਪਾਸ ਅਸਾਡੇ ਭਾਈ ਸਾਡੇ ਬੇੜਿਆਂ ਮੇਂ,
ਨਾਮ-ਕਟੇ ਤੇ ਕਈ ਰੀਜ਼ਰਵੀਏ ਵਸਦੇ ਨਗਰ ਖੇੜਿਆਂ ਮੇਂ।

ਲੋਕ ਹਿੰਦ ਦੇ ਬੜੇ ਸ਼ੁਦਾਈ ਫਸ ਗਏ ਮਜ਼ਹਬੀ ਝੇੜਿਆਂ ਮੇਂ,
ਰਾਜਨੀਤੀ ਦਾ ਪਤਾ ਨਾ ਕੋਈ ਝਗੜਨ ਪਏ ਬਖੇੜਿਆਂ ਮੇਂ।
ਟੁਕੜੇ ਤੋਂ ਸਭ ਭੁੱਖੇ ਮਰਦੇ ਫ਼ਿਕਰ ਸੁਰਗ ਨੂੰ ਜਾਵਣ ਦਾ,
ਆਓ! ਸ਼ੇਰੋ ਗ਼ਦਰ ਮਚਾਈਏ ਮੌਕਾ ਨਹੀਂ ਖੁੰਝਾਵਣ ਦਾ।

ਹਿੰਦੂ, ਸਿੱਖ, ਮੁਸਲਮਾਨ ਸਾਰੇ ਇਕੋ ਕੌਮ ਅਸਾਡੀ ਹੈ,
ਇਹ ਬਦਮਾਸ਼ ਚਾਲਕ ਫਰੰਗੀ ਸਭ ਨੂੰ ਕੀਤਾ ਫਾਡੀ ਹੈ।
ਆਪਸ ਵਿਚ ਇਤਫ਼ਾਕ ਨਾ ਕੀਤਾ ਵੱਡੀ ਭੁੱਲ ਅਸਾਡੀ ਹੈ।
ਟਰਕੀ, ਚੀਨ, ਮਿਸਰ ਤੇ ਕਾਬਲ, ਜਰਮਨ ਵੀ ਵਲ ਸਾਡੀ ਹੈ।
ਆਓ! ਕੱਠੇ ਹੋ ਕੇ ਲੜੀਏ ਵੇਲਾ ਹੈ ਮਿਲ ਜਾਵਣ ਦਾ,
ਆਓ! ਸ਼ੇਰੋ ਗ਼ਦਰ ਮਚਾਈਏ ਮੌਕਾ ਨਹੀਂ ਖੁੰਝਾਵਣ ਦਾ।

ਮੰਦਰ ਅਤੇ ਮਸੀਤਾਂ ਵਿਚੋਂ ਚੰਗੇ ਲੋਕ ਨਕਾਲੇ ਜੀ,
ਗੁਰਦੁਆਰੇ ਵੇਚਣ ਵਾਲੇ ਭਾਈ ਦਿਲ ਦੇ ਕਾਲੇ ਜੀ।
ਰਾਏ ਬਹਾਦਰ, ਖ਼ਾਨ ਬਹਾਦਰ, ਬਾਂਦਰ ਪੂਛਾਂ ਵਾਲੇ ਜੀ,
ਖ਼ੁਫ਼ੀਆ, ਦੇਸ਼-ਘਾਤ ਉਹ ਕਰਦੇ, ਸਾਡੇ ਜੋ ਰਖਵਾਲੇ ਜੀ।
ਇਨ੍ਹਾਂ ਪਾਪੀ ਲੋਕਾਂ ਕੋਲੋਂ ਫਿਕਰ ਕਰੇ ਬਚ ਜਾਵਣ ਦਾ,
ਆਓ! ਸ਼ੇਰੋ ਗ਼ਦਰ ਮਚਾਈਏ ਮੌਕਾ ਨਹੀਂ ਖੁੰਝਾਵਣ ਦਾ।

ਕੌਮੀ ਸੇਵਾ ਕਦੇ ਨਾ ਕਰਦੇ ਜੋ ਇੱਜ਼ਤ ਦੇ ਭੁੱਖੇ ਜੀ
ਗੱਲਾਂ ਥੀਂ ਘਰ ਪੂਰਾ ਕਰਦੇ ਵਿਚੋਂ ਰਹਿੰਦੇ ਭੁੱਖੇ ਜੀ।
ਕੰਮ ਕਾਰ ਨੂੰ ਜੀਅ ਨਾ ਕਰਦਾ ਤੀਰ ਚਲਾਵਣ ਸੁੱਕੇ ਜੀ,
ਇਹਨਾਂ ਕੋਲੋਂ ਬਚਣਾ ਯਾਰੋ ਇਹ ਸਰਕਾਰੀ ਕੁੱਤੇ ਜੀ।
ਉਹਨਾਂ ਕੌਮੀ ਕੰਮ ਕੀ ਕਰਨਾ ਫਿਕਰ ਜਿਨ੍ਹਾਂ ਫੜੇ ਜਾਵਣ ਦਾ,
ਆਓ! ਸ਼ੇਰੋ ਗ਼ਦਰ ਮਚਾਈਏ ਮੌਕਾ ਨਹੀਂ ਖੁੰਝਾਵਣ ਦਾ।

ਲੀਡਰ ਬਣ ਕੇ ਇੱਜ਼ਤ ਚਾਹੁੰਦੇ ਕੌਮੀ ਸੇਵਾ ਕਰਦੇ ਨਾ,
ਡਾਕੂ ਸਾਨੂੰ ਲੁੱਟੀ ਜਾਂਦੇ, ਰਾਖੀ ਸਾਡੀ ਕਰਦੇ ਨਾ।
ਆਪ ਬਹਾਰਾਂ ਲੁੱਟਣ ਬੈਠੇ, ਫਿਕਰ ਉਨ੍ਹਾਂ ਨੂੰ ਘਰ ਦੇ ਨਾ,
ਸੱਚੀ ਸੇਵਾ ਕਰਨ ਦਾ ਦੇਂਦੇ, ਪਾਸੇ ਹੋ ਕੇ ਮਰਦੇ ਨਾ।

ਉਲਟਾ ਮਰਜ਼ ਉਨ੍ਹਾਂ ਨੂੰ ਲਗਾ, ਟੰਗਾਂ ਵਿਚ ਅੜਾਵਣ ਦਾ,
ਆਓ! ਸ਼ੇਰੋ ਗ਼ਦਰ ਮਚਾਈਏ ਮੌਕਾ ਨਹੀਂ ਖੁੰਝਾਵਣ ਦਾ।

ਜਾਨ ਪਿਆਰੀ ਕਰੋ ਨਾ ਸ਼ੇਰੋ, ਇਕ ਦਿਨ ਨਿਕਲ ਜਾਣੀ ਹੈ,
ਜਿਨ੍ਹਾਂ ਕੌਮੀ ਸੇਵਾ ਕਰਨੀ ਮਿਲਣਾ ਪਦ ਨਿਰਬਾਣੀ ਹੈ।
ਦੁਨੀਆਂ ਦੇ ਵਿਚ ਨਾਲ ਅਸਾਡੇ ਹੁੰਦੀ ਕੁੱਤੇ ਖਾਣੀ ਹੈ,
ਦੁਨੀਆਂ ਵਿਚ ਨਾ ਝੰਡਾ ਸਾਡਾ ਅੱਖੀਂ ਸਾਡੀ ਕਾਣੀ ਹੈ।
ਤਨ ਮਨ ਧਨ ਸਭ ਵਾਰੋ ਜੇਕਰ ਸ਼ੌਕ ਨਿਸ਼ਾਨ ਚੜ੍ਹਾਵਣ ਦਾ,
ਆਓ! ਸ਼ੇਰੋ ਗ਼ਦਰ ਮਚਾਈਏ ਮੌਕਾ ਨਹੀਂ ਖੁੰਝਾਵਣ ਦਾ।

ਸ਼ਾਹੂਕਾਰ ਗ਼ੁਲਾਮੀ ਅੰਦਰ, ਜੈਸੇ ਕੀੜਾ ਮੋਰੀ ਦਾ,
ਸੇਵਾ ਖ਼ਾਤਰ ਕੁਝ ਨਾ ਦੇਵੇ, ਘੁਟ ਲਿਆ ਮੂੰਹ ਥੋਰੀ ਦਾ।
ਗ਼ਦਰ ਪਾਰਟੀ ਲੇਖਾ ਲੈਣਾ, ਕੰਮ ਨਹੀਂ ਕੋਈ ਚੋਰੀ ਦਾ,
ਰਲ ਮਿਲ ਕਰੋ ਖ਼ਾਤਮਾ ਕੌਮ ਫ਼ਰੰਗੀ ਗੋਰੀ ਦਾ।
ਸ਼ਾਹੂਕਾਰੋ ਰਲ ਮਿਲ ਕੇ ਇਹ ਸਾਂਝਾ ਕੰਮ ਚਲਾਵਣ ਦਾ,
ਆਓ! ਸ਼ੇਰੋ ਗ਼ਦਰ ਮਚਾਈਏ ਮੌਕਾ ਨਹੀਂ ਖੁੰਝਾਵਣ ਦਾ।

ਦੁਸ਼ਮਣ ਸਾਡਾ ਯੂਰਪ ਦੇ ਵਿਚ ਫਸਿਆ ਫਾਹੀ ਡਾਢੀ ਹੈ
ਜਰਮਨ ਸ਼ੇਰ ਖੜ੍ਹਾ ਹੈ ਘੇਰੀ ਹੁਣ ਤਾਂ ਢਿਲ ਅਸਾਡੀ ਹੈ।
ਜੇ ਜਿੱਤ ਹਮੇਸ਼ਾ ਕਰਦਾ ਹੁਣ ਤਾਂ ਜ਼ਾਲਮ ਫਾਡੀ ਹੈ,
ਛੇਤੀ ਹਿੰਮਤ ਕਰੋ ਹਿੰਦੀਉ, ਹੁਣ ਤਾਂ ਕਸਰ ਤੁਸਾਡੀ ਹੈ।
ਹਥੋ ਹੱਥੀ ਫੜ ਲੌ ਸ਼ੇਰੋ ਵੇਲਾ ਢਿਲ ਨਾ ਲਾਵਣ ਦਾ,
ਆਓ! ਸ਼ੇਰੋ ਗ਼ਦਰ ਮਚਾਈਏ ਮੌਕਾ ਨਹੀਂ ਖੁੰਝਾਵਣ ਦਾ।

* * *

ਛੇਤੀ ਹੀ ਸਭ ਦੁਨੀਆਂ ਅੰਦਰ ਜੰਗ ਬੜਾ ਮਚ ਜਾਵੇਗਾ,
ਜਿਹੜਾ ਕਰੂ ਤਿਆਰੀ ਨਾ ਉਹ ਆਪਣਾ ਨਾਸ ਕਰਾਵੇਗਾ।
ਸਾਰੀ ਉਮਰ ਗੁਲਾਮੀ ਅੰਦਰ ਝੁਰ ਝੁਰ ਜਾਨ ਗਵਾਵੇਗਾ,
ਸਭੇ ਹੀ ਦੁਰਕਾਰਨ ਉਸ ਨੂੰ, ਬੁਜ਼ਦਿਲ ਨਾਮ ਧਰਾਵੇਗਾ।

ਏਸ ਗ਼ੁਲਾਮੀ ਕੋਲੋਂ ਯਾਰੋ ਕੰਮ ਚੰਗਾ ਮਰ ਜਾਵਣ ਦਾ,
ਛੇਤੀ ਗ਼ਦਰ ਮਚਾ ਦਿਉ ਸ਼ੇਰੋ ਵੇਲਾ ਨਹੀਂ ਖੁੰਝਾਵਣ ਦਾ।

ਵਿਚ ਗ਼ੁਲਾਮੀ ਜੀਂਦੇ ਰਹਿਣਾ, ਇਹ ਮਰਦਾਂ ਦੀ ਕਾਰ ਨਹੀਂ
ਐਸਾ ਫੇਰ ਤੁਸਾਨੂੰ ਮੁੜ ਕੇ ਔਣਾ ਹਥ ਸ਼ਿਕਾਰ ਨਹੀਂ।
ਮਰਦ ਗਜਦੇ ਵਿਚ ਮੈਦਾਨੀ ਝੁਡੂ ਲੰਘਣ ਬਾਰ ਨਹੀਂ।
ਜਾਨ ਪਿਆਰੀ ਕਰੋ ਨਾ ਸ਼ੇਰੋ, ਇਸ ਦਾ ਕੁਝ ਇਤਬਾਰ ਨਹੀਂ,
ਆਓ। ਵਿਚ ਮੈਦਾਨ ਲੜੀਏ, ਵੇਲਾ ਪਿਛਾਂਹ ਨਾ ਜਾਵਣ ਦਾ,
ਛੇਤੀ ਗ਼ਦਰ ਮਚਾ ਦਿਉ ਸ਼ੇਰੋ ਵੇਲਾ ਨਹੀਂ ਖੁੰਝਾਵਣ ਦਾ।

ਸਾਹਿਤਕਾਰ ਤੇ ਕਿਰਤੀ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਗ਼ਦਰ ਲਹਿਰ ਦੀ ਸਾਰੀ ਬਣਤਰ ਤੇ ਕਵਿਤਾ ਅਜਿਹੇ ਸਾਹਿਤਕਾਰਾਂ ਦੀ ਹੀ ਕਿਰਤ ਹੈ। ਇਨ੍ਹਾਂ ਸਾਹਿਤਕਾਰਾਂ ਵਿਚੋਂ ਲਗਭਗ ਅੱਸੀ ਫੀਸਦੀ ਫੌਜੀ ਸਨ। ਅੰਗਰੇਜ਼ੀ ਰਾਜ ਵਿਚ ਸਾਰੇ ਦੇਸ਼ ਦੀ ਬੋਲੀ ਖ਼ਾਸ ਕਰਕੇ, ਫੌਜੀਆਂ ਦੀ ਬੋਲੀ ਉਰਦੂ ਬਣਾ ਦਿੱਤੀ ਗਈ ਸੀ। ਇਹ ਪੰਜਾਬੀ ਨਾਮ ਕਟੇ ਫੌਜੀ ਉਰਦੂ ਪੜ੍ਹ ਲਿਖ ਸਕਦੇ ਸਨ। ਬੋਲਦੇ ਭਾਵੇਂ ਪੰਜਾਬੀ ਹੀ ਸਨ ਪਰ ਮਸਾਂ ਗਿਣਤੀ ਦੇ ਸਿੱਖ ਹੀ ਪੰਜਾਬੀ ਗੁਰਮੁਖੀ ਲਿਖ ਪੜ੍ਹ ਸਕਦੇ ਸਨ। ਗ਼ਦਰ ਲਹਿਰ ਦੀ ਸਭ ਤੋਂ ਵੱਡੀ ਦੇਣ ਇਹ ਹੈ ਕਿ "ਯੁਗਾਂਤਰ-ਆਸ਼ਰਮ" ਵਿਚ ਕੰਮ ਕਰਨ ਵਾਲੇ ਕਰਿੰਦਿਆਂ ਨੇ ਭਾਵੇਂ ਉਹ ਹਿੰਦੂ, ਮੁਸਲਮ ਜਾਂ ਸਿੱਖ ਸਨ, ਨੇ ਪਹਿਲੋਂ ਗੁਰਮੁਖੀ ਲਿਪੀ ਵਿਚ ਪੰਜਾਬੀ ਲਿਖਣੀ ਪੜ੍ਹਨੀ ਸਿੱਖੀ ਤੇ ਫਿਰ ਗ਼ਦਰ ਪਾਰਟੀ ਦੇ ਹਰ ਮੈਂਬਰ ਨੂੰ ਹੁਕਮ ਚਾੜ੍ਹ ਦਿੱਤਾ ਕਿ ਉਹ ਪੰਜਾਬੀ ਲਿਖਣੀ ਪੜ੍ਹਨੀ ਸਿੱਖੇ। ਇਸੇ ਹੁਕਮ ਦੀ ਤਾਮੀਲ ਕਰਨ ਲਈ ਲਾਲਾ ਹਰਦਿਆਲ ਅਤੇ ਪੰਡਿਤ ਰਾਮ ਚੰਦਰ ਭਾਰਦਵਾਜ ਜੋ ਮਗਰੋਂ 'ਗ਼ਦਰ' ਅਖ਼ਬਾਰ ਦਾ ਸੰਪਾਦਕ ਬਣਿਆ, ਨੇ ਵੀ ਗੁਰਮੁਖੀ ਲਿਖਣੀ ਪੜ੍ਹਨੀ ਸਿੱਖੀ।

ਗ਼ਦਰ ਲਹਿਰ ਦੀ ਦੂਜੀ ਵੱਡੀ ਦੇਣ ਇਹ ਹੈ ਕਿ ਉਨ੍ਹਾਂ ਨੇ ਦੇਸ ਦੀ ਆਜ਼ਾਦੀ ਦੇ ਸੰਘਰਸ਼ ਨੂੰ ਸਾਰੀ ਦੁਨੀਆਂ ਦੇ ਗ਼ੁਲਾਮ ਲੋਕਾਂ ਦਾ ਸੰਘਰਸ਼ ਬਣਾ ਦਿੱਤਾ। ਇਹ ਲਹਿਰ ਅੰਤਰ-ਰਾਸ਼ਟਰੀ, ਗ਼ੈਰ-ਫਿਰਕੂ, ਧਰਮ ਨਿਰਪੇਖ ਤੇ ਸੁਤੰਤਰਤਾ ਦਾ ਚਾਨਣ-ਮੁਨਾਰਾ ਹੋ ਕੇ ਸਾਰੀ ਦੁਨੀਆਂ ਵਿਚ ਫੈਲ ਗਈ। ਗ਼ਦਰ ਲਹਿਰ ਦੀ ਵਾਰਤਕ ਦੇ ਲੇਖਾਂ ਤੋਂ ਸਾਬਤ ਹੋ ਜਾਂਦਾ ਹੈ ਕਿ ਇਹ ਇਕ ਸਰਬ-ਸਾਂਝੀ ਲਹਿਰ ਸੀ ਜਿਸ ਨੇ ਸਾਰੀ ਦੁਨੀਆਂ ਦੇ ਗ਼ੁਲਾਮ ਲੋਕਾਂ ਦੀ ਅਗਵਾਈ ਕੀਤੀ। ਕੁਝ ਲੇਖਾਂ ਦੇ ਸਿਰਲੇਖ ਇਸ ਤਰ੍ਹਾਂ ਹਨ--

"ਹਾਏ ਸਾਡੀ ਦਸ਼ਾ, ਰੂਸੀ ਸ਼ਹੀਦਾਂ ਦੇ ਕਾਰਨਾਮੇ, ਆਇਰਸ਼ ਲੋਕਾਂ ਦੀ ਤਿਆਰੀ, ਚੀਨ ਵਿਚ ਗ਼ਦਰ, ਦੇਸੀ ਤੇ ਵਲੈਤੀ ਜੋਕਾਂ, ਪੰਜਾਬੀ ਸਿੰਘ ਤੇ ਗੁਜਰਾਤੀ ਔਰਤਾਂ, ਮੈਕਸੀਕੋ ਵਿਚ ਜ਼ਿੰਮੀਦਾਰਾਂ ਤੇ ਮਜ਼ਦੂਰਾਂ ਦੀ ਹਾਲਤ, ਰੂਸ ਅੰਦਰ ਗ਼ਦਰ ਦੀ ਤਿਆਰੀ, ਤੁਰਕੀ ਦੀ ਫੌਜ, ਭੀਲਾਂ ਦੀ ਬਹਾਦਰੀ, ਚੀਨ ਦੀਆਂ ਔਕੜਾਂ, ਸਪੇਨ ਵਿਚ ਗ਼ਰੀਬੀ ਤੇ ਗ਼ਦਰ, ਚਲੋ ਕਾਬਲ, ਰੂਸ ਵਿਚ ਗ਼ਦਰ-ਖ਼ੂਨੀ ਐਤਵਾਰ, ਰੂਸੀ ਸ਼ਹੀਦਾਂ ਦੇ ਕਾਰਨਾਮੇ, ਗੁਰੂਕੁਲ ਜਾਂ ਗੁਲਾਮਕੁਲ, ਕਿਸਾਨਾਂ ਦੇ ਦੁਸ਼ਮਣ, ਗ਼ੁਲਾਮ ਦੀ ਆਤਮਾ, ਨਿਧੱੜਕ ਵਿਚਾਰ, ਜਾਪਾਨ ਵਿਚ ਮਜ਼ਦੂਰਾਂ ਦੀ ਹੜਤਾਲ, ਚੀਨ ਦਾ ਅਹਿਲਕਾਰ ਯੂਆਨ, ਸ਼ੀਕਾਈ, ਡਾਕਟਰ ਸਨਯੈਤ ਸਨ।

ਇਨ੍ਹਾਂ ਲੇਖਾਂ ਵਿਚੋਂ ਕੁਝ ਟੁਕਾਂ ਹਾਜ਼ਰ ਹਨ-

1. ਗ਼ਦਰ ਪਾਰਟੀ ਅਤੇ ਮਜ਼ਹਬੀ ਝਗੜੇ

ਵਾਰ ਵਾਰ ਅਖ਼ਬਾਰ ਗ਼ਦਰ ਵਿਚ ਲਿਖਿਆ ਜਾ ਚੁੱਕਾ ਹੈ ਕਿ ਅਖ਼ਬਾਰ ਗ਼ਦਰ ਮਜ਼ਹਬੀ ਬਖੇੜਿਆਂ ਤੋਂ ਰਹਿਤ ਹੋ ਕੇ, ਅੰਗਰੇਜ਼ੀ ਸਰਦਾਰ ਦੀਆਂ ਦੇਸ ਵਿਚੋਂ ਜੜ੍ਹਾਂ ਪੁੱਟਣ ਦਾ ਠੇਕੇਦਾਰ ਹੈ। ਏਸ ਅਖ਼ਬਾਰ ਨੂੰ ਹਿੰਦੂ-ਸਿੱਖਾਂ, ਮੁਸਲਮਾਨਾਂ ਦੀਆਂ ਮਜ਼ਹਬੀ ਬਾਤਾਂ ਨਾਲ ਕੋਈ ਲਗਾਓ ਨਹੀਂ ਹੈ... ਗ਼ਦਰ ਲਹਿਰ ਕੌੜੀ ਵੇਲ ਵਾਂਗ ਰੋਜ਼ ਬਰੋਜ਼ ਵੱਧ ਰਹੀ ਹੈ। ਗ਼ਦਰ ਪਾਰਟੀ ਨੇ ਜੋ ਬੀੜਾ ਦੇਸ਼ ਅਤੇ ਕੌਮ ਦੀ ਆਜ਼ਾਦੀ ਲਈ ਉਠਾਇਆ ਹੈ ਉਸ ਵਿਚੋਂ ਦਿਨੋ ਦਿਨ ਉਨਤੀ ਹੋ ਰਹੀ ਹੈ। ਹਿੰਦੁਸਤਾਨੀ ਅਜੇ ਤਕ ਹਨੇਰੇ ਵਿਚ ਠੋਕਰਾਂ ਖਾਂਦੇ ਸੀ, ਪੁਰਾਣੇ ਲੀਡਰਾਂ ਨੇ ਹਿੰਦੁਸਤਾਨੀਆਂ ਨੂੰ ਧੋਖੇ ਵਿਚ ਲੁੱਟ ਛੱਡਿਆ ਹੈ। ਹੁਣ ਗ਼ਦਰ ਅਖ਼ਬਾਰ ਨੇ ਉਨ੍ਹਾਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ। ਹਿੰਦੁਸਤਾਨੀ ਹੁਣ ਭਲੇ ਬੁਰੇ ਨੂੰ ਪਰਖਣ ਲੱਗ ਪਏ ਹਨ।...

ਗ਼ਦਰ ਦੇ ਸਿਪਾਹੀਉ ਤੇ ਦੇਸ਼ ਸੇਵਕੋ। ਆਪਣੇ ਪੇਟ-ਪਾਲੂਆਂ ਤੇ ਬੇਅਸੂਲੇ ਦੇਸ਼-ਘਾਤੀਆਂ ਦੇ ਫੰਦੇ ਵਿਚ ਨਾ ਫਸਣਾ। ਵੇਖਣਾ ਕਿਤੇ ਇਹ ਤੁਹਾਨੂੰ ਮਜ਼ਹਬੀ ਪਾਖੰਡਾਂ ਤੇ ਝਗੜਿਆਂ ਵਿਚ ਫਸਾ ਕੇ ਉਲਟੇ ਰਸਤੇ ਨਾ ਪਾ ਦੇਣ। ਹੁਣ ਮੂਰਖਤਾਈ, ਗ਼ੁਲਾਮੀ ਅਤੇ ਮਜ਼ਹਬੀ ਝਗੜਿਆਂ ਦਾ ਵੇਲਾ ਨਹੀਂ ਹੈ। ਹੁਣ ਜਾਗੋ ਬਹੁਤ ਸੌਂ ਲਿਆ ਹੈ ਹੁਣ ਨਾ ਸਾਰੀ ਤਰ੍ਹਾਂ ਦੀ ਗ਼ੁਲਾਮੀ ਅੱਛੀ ਹੈ ਅਤੇ ਨਾ ਹੀ ਮਜ਼ਹਬੀ ਪਾਖੰਡੀਆਂ ਦੀ। ਮਜ਼ਹਬਾਂ ਦੇ ਚੋਰ ਭੀ, ਅੰਗਰੇਜ਼ਾਂ ਡਾਕੂਆਂ ਵਾਂਗੂੰ ਤੁਹਾਡਾ ਮਾਸ ਉਚੇੜ ਉਚੇੜ ਕੇ ਬੋਟੀ ਬੋਟੀ ਕਰਕੇ ਖਾਣਾ ਚਾਹੁੰਦੇ ਹਨ। ਤੁਸੀਂ ਇਨ੍ਹਾਂ ਦੇ ਮੂਹਰੇ ਮੱਥਾ ਰਗੜੋ ਤੇ ਹੱਥ ਜੋੜੋ ਅਤੇ ਇਹ ਵਿਹਲੇ ਖਾ ਕੇ ਢਿੱਡ

ਪੁਰ ਹੱਥ ਫੇਰ ਛੱਡਣ। ਇਹ ਗ਼ੁਲਾਮੀ ਨਹੀਂ ਤਾਂ ਹੋਰ ਕੀ ਹੈ। ਬਸ ਹੁਣ ਆਜ਼ਾਦੀ ਦਾ ਸੂਰਜ ਨਿਕਲ ਆਇਆ ਹੈ।...

ਦੇਖੋ! ਇਸ ਸੰਸਾਰ ਵਿਚ ਹਰ ਜਗ੍ਹਾ ਤੁਹਾਨੂੰ ਕੁਲੀ, ਕੁਲੀ, ਗ਼ੁਲਾਮ, ਗ਼ੁਲਾਮ ਕਹਿਕੇ ਖ਼ੁਆਰ ਕੀਤਾ ਜਾਂਦਾ ਹੈ। ਹਿੰਦੁਸਤਾਨ ਤੁਹਾਡੀ ਮਾਤਰ-ਭੂਮੀ ਵਿਚ ਦੁੱਖਾਂ ਦਾ ਕੋਈ ਅੰਤ ਨਹੀਂ, ਲੱਖਾਂ ਆਦਮੀ ਬਿਨਾਂ ਆਈ ਮੌਤੋਂ ਪਲੇਗ ਅਤੇ ਕਾਲ ਨਾਲ ਮਰ ਜਾਂਦੇ ਹਨ ਵਿਦਿਆ ਦਾ ਕੋਈ ਬੰਦੋਬਸਤ ਨਹੀਂ। ਟੈਕਸਾਂ ਅਤੇ ਲਗਾਨਾਂ ਦੀ ਕੋਈ ਹੱਦ ਨਹੀਂ। ਇਨਸਾਫ਼ ਦਾ ਨਾ-ਨਿਸ਼ਾਨ ਨਹੀਂ। ਪੁਲਿਸ ਦੇ ਜ਼ੁਲਮ ਦੀ ਕੋਈ ਹੱਦ ਨਹੀਂ। ਉਥੇ ਤੁਹਾਡੀ ਜ਼ਿੰਦਗੀ ਮੌਤ ਨਾਲੋਂ ਵੀ ਭੈੜੀ ਹੈ। ਇਹਨਾਂ ਸਾਰਿਆਂ ਦੁੱਖਾਂ ਤੋਂ ਖਲਾਸੀ, ਗ਼ਦਰ ਪਾਰਟੀ ਦਾ ਕੰਮ ਹੈ। ਇਸ ਤੋਂ ਪਵਿੱਤਰ ਕੰਮ ਹੋਰ ਕੀ ਹੋ ਸਕਦਾ ਹੈ। ਕੌਣ ਅਜਿਹਾ ਹਿੰਦੁਸਤਾਨੀ ਹੈ ਜੋ ਪਵਿੱਤਰ ਆਜ਼ਾਦੀ ਨਹੀਂ ਚਾਹੁੰਦਾ। ਜੇ ਲੋਕ ਮਜ਼ਹਬੀ ਪਾਖੰਡ ਦੀ ਆੜ ਵਿਚ ਤੁਹਾਨੂੰ ਗ਼ਦਰ ਪਾਰਟੀ ਦੇ ਵਿਰੁੱਧ ਉਕਸਾਉਂਦੇ ਹਨ, ਉਹ ਅਸਲ ਵਿਚ ਦੇਸ਼-ਘਾਤੀ, ਗੌਰਮਿੰਟ ਦੇ ਖ਼ੁਫ਼ੀਏ ਹਨ। ਅੰਗਰੇਜ਼ੀ ਸਰਕਾਰ ਡਰਦੀ ਦਾ ਅੜਾਟ ਨਿਕਲ ਗਿਆ ਹੈ। ਹੁਣ ਸਰਕਾਰ ਨੇ ਕਈ ਤਰ੍ਹਾਂ ਦੇ ਖ਼ੁਫ਼ੀਏ ਭੇਜੇ ਹਨ। ਹਿੰਦੁਸਤਾਨੀਓ ਖ਼ਬਰਦਾਰ ਹੋ ਜਾਓ, ਕਿਸੇ ਦੇ ਪੇਚ ਵਿਚ ਨਾ ਆਓ।

(10 ਮਾਰਚ, 1914)

2. ਮੈਕਸੀਕੋ ਦੇ ਗ਼ਦਰ ਚਾਹੁਣ ਵਾਲੇ ਲੀਡਰ। ਗ਼ਦਰ ਹੋ ਰਿਹਾ ਹੈ।

22 ਜਨਵਰੀ ਨੂੰ ਯੁਗਾਂਤਰ-ਆਸ਼ਰਮ ਵਲੋਂ ਮੈਕਸੀਕੋ ਦੇ ਗ਼ਦਰ ਦੇ ਚਾਰ ਲੀਡਰਾਂ ਦੀ ਸਟੇਸ਼ਨ ਪਰ ਆਓ-ਭਗਤ ਕੀਤੀ ਗਈ। ਇਹ ਚਾਰੇ ਲੀਡਰ ਜੇਲ੍ਹ ਵਿਚੋਂ ਨਿਕਲ ਕੇ ਆਏ ਹਨ। ਮਿਸਟਰ ਰਿਕਾਰਡੋ ਮੇਮੋਨ, ਮਿਸਟਰ ਮਾਨਰੀਕ ਮੇਗੋਨ, ਮਿਸਟਰ ਰਵੇਜਾ ਤੇ ਮਿਸਟਰ ਫਗੋਰਾ। ਜੇਲ੍ਹ ਤੋਂ ਬਾਹਰ ਆਉਣ ਪਰ ਇਨ੍ਹਾਂ ਦੇ ਹੌਸਲੇ ਪਹਿਲਾਂ ਨਾਲੋਂ ਵੀ ਦੂਣੇ ਹਨ। ਸਾਡੇ ਨਾਲ ਬਾਤਾਂ ਕਰਨ ਤੋਂ ਮਾਲੂਮ ਹੋਇਆ ਹੈ ਕਿ ਇਨ੍ਹਾਂ ਲੋਕਾਂ ਵਿਚ ਬੜਾ ਜੋਸ਼ ਹੈ। ਇਨ੍ਹਾਂ ਦੱਸਿਆ ਕਿ "ਮੈਕਸੀਕੋ ਵਿਚ ਘੱਟੋ ਘੱਟ ਸਤਰ ਗ਼ਦਰ ਹੋ ਚੁੱਕੇ ਹਨ ਤੇ ਅਸੀਂ ਉਤਨਾ ਚਿਰ ਹਥਿਆਰ ਨਹੀਂ ਰੱਖਾਂਗੇ ਜਦੋਂ ਤਕ ਜ਼ਾਲਮ ਰਾਜ ਦਾ ਖ਼ਾਤਮਾ ਕਰ ਕੇ ਆਜ਼ਾਦ ਨਾ ਹੋ ਜਾਈਏ। ਸਭ ਦੇ ਹੱਕ ਬਰਾਬਰ ਹੋਣੇ ਲਾਜ਼ਮੀ ਹਨ। ਜੇ ਕੋਈ ਆਦਮੀ ਰਾਜੇ ਜਾਂ ਨਵਾਬ ਦੀ ਪੂਛ ਲਾ ਕੇ ਹਕੂਮਤ ਕਰਨੀ ਚਾਹੇ ਤਾਂ ਲੋਕਾਂ ਨੂੰ ਚਾਹੀਦਾ ਹੈ ਕਿ ਮਿਲ ਕੇ ਏਕਾ ਕਰ ਕੇ ਉਸ ਬਦਮਾਸ਼ ਨੂੰ ਉਸ ਦੀ ਬਦਮਾਸ਼ੀ ਦੀ ਸਜ਼ਾ ਦੇਣ।

ਅਸੀਂ ਮੈਕਸੀਕੋ ਵਿਚ ਗ਼ਦਰ ਮਚਾਉਣ ਵਾਲੇ ਚੀਨ ਤੇ ਹਿੰਦੁਸਤਾਨ ਦੀ ਮਦਦ ਵਾਸਤੇ ਤਿਆਰ ਹਾਂ। ਅਸੀਂ ਸਾਰੀ ਦੁਨੀਆਂ ਵਿਚ ਹੀ ਜ਼ੁਲਮ ਤੇ ਜ਼ਾਲਮ ਦੇ ਵਿਰੁੱਧ ਗ਼ਦਰ ਕਰਨਾ ਪਸੰਦ ਕਰਦੇ ਹਾਂ।

ਉਸੇ ਹੀ ਦਿਨ ਰਾਤ ਨੂੰ ਉਨ੍ਹਾਂ ਦੇ ਲੈਕਚਰਾਂ ਦਾ ਬੰਦੋਬਸਤ ਕੀਤਾ ਗਿਆ। ਅਮਰੀਕਾ ਦੇ ਲੋਕਾਂ ਨੇ ਵੀ ਉਹਨਾਂ ਦਾ ਬੜਾ ਆਦਰ ਕੀਤਾ। ਉਹਨਾਂ ਵਿਚੋਂ ਇਕ ਨੇ ਆਪਣੇ ਵਿਖਿਆਨ ਵਿਚ ਕਿਹਾ ਕਿ ਰੈਡ ਇੰਡੀਅਨ (ਅਮਰੀਕਾ ਦੇ ਅਸਲੀ ਵਸਨੀਕ) ਸ਼ਹਿਰ ਛੱਡ ਕੇ ਜੰਗਲਾਂ ਵਿਚ ਜਾ ਵਸੇ ਹਨ, ਪਰ ਉਹਨਾਂ ਗ਼ੁਲਾਮੀ ਮਨਜ਼ੂਰ ਨਹੀਂ ਕੀਤੀ। ਇਸੇ ਤਰ੍ਹਾਂ ਅਸੀਂ ਭੀ ਮੈਕਸੀਕੋ ਵਿਚ ਕਿਸੇ ਗੋਰੀ ਕੌਮ ਦਾ ਜਾਂ ਜ਼ਾਲਮ ਹਾਕਮ ਜਾਂ ਸ਼ਾਹੂਕਾਰ ਲੋਕਾਂ ਦੀ ਗ਼ੁਲਾਮੀ ਨਹੀਂ ਝੱਲਾਂਗੇ। ਅਸੀਂ ਆਜ਼ਾਦੀ ਚਾਹੁੰਦੇ ਹਾਂ।

ਅਸੀਂ ਉਹਨਾਂ ਹਾਕਮਾਂ ਦੇ ਵਿਰੁੱਧ ਗ਼ਦਰ ਕਰਦੇ ਹਾਂ ਜੋ ਗਰੀਬਾਂ ਨੂੰ ਲੁੱਟਦੇ ਹਨ। ਪਾਦਰੀ ਧਨੀ ਲੋਕਾਂ ਦੀ ਇੱਜ਼ਤ ਕਰਦੇ ਹਨ। ਧਨੀ ਲੋਕ ਗ਼ਰੀਬਾਂ ਨੂੰ ਗ਼ੁਲਾਮੀ ਵਿਚ ਰੱਖਦੇ ਹਨ। ਅਸੀਂ ਸਾਰੀ ਦੁਨੀਆਂ ਵਿਚ ਜ਼ਾਲਮ ਹਕੂਮਤਾਂ ਦੇ ਵਿਰੁੱਧ ਗ਼ਦਰ ਦੇਖਣਾ ਚਾਹੁੰਦੇ ਹਾਂ। ਜਦੋਂ ਤਕ ਪੂਰੀ ਆਜ਼ਾਦੀ ਨਾ ਹੋਵੇਗੀ ਅਸੀਂ ਦਮ ਨਹੀਂ ਲਵਾਂਗੇ।"

(10 ਫਰਵਰੀ 1914)

3. ਰੂਸ ਵਿਚ ਗ਼ਦਰੀ ਖ਼ੂਨੀ ਐਤਵਾਰ

ਰੂਸ ਵਿਚ ਪੰਜਾਹ ਸਾਲਾਂ ਤੋਂ ਗ਼ਦਰ ਦਾ ਕੰਮ ਸ਼ੁਰੂ ਹੈ। ਖ਼ੁਫ਼ੀਆ ਸੋਸਾਇਟੀਆਂ ਆਪਣਾ ਕੰਮ ਕਰ ਰਹੀਆਂ ਹਨ। ਰੂਸ ਦੇ ਬਾਦਸ਼ਾਹ (ਜ਼ਾਰ) ਦੇ ਪਾਪੀ ਰਾਜ ਦੀਆਂ ਜੜ੍ਹਾਂ ਵਿਚ ਅੱਕ ਦੇਣ ਦੀ ਖ਼ਾਤਰ, ਦੂਜੇ ਦੇਸ਼ਾਂ ਵਿਚੋਂ ਕਿਤਾਬਾਂ ਤੇ ਅਖ਼ਬਾਰਾਂ ਦੇ ਸੰਦੂਕ ਭਰ ਭਰ ਕੇ ਭੇਜੇ ਜਾਂਦੇ ਹਨ। ਡਾਕਖਾਨਿਆਂ ਦੇ ਮੁਨਸ਼ੀ ਚੌਕੀਆਂ ਦੇ ਮਸੂਲੀਏ ਪੁਲਿਸ ਦੇ ਸਿਪਾਹੀ, ਜੇਲ੍ਹ ਖ਼ਾਨਿਆਂ ਦੇ ਦਰੋਗੇ, ਸਾਰੇ ਕੌਮੀ ਪਾਰਟੀ ਨਾਲ ਮਿਲੇ ਹੋਏ ਹਨ। ਜੋ ਅਖ਼ਬਾਰਾਂ ਤੇ ਕਿਤਾਬਾਂ ਦੂਜੇ ਦੇਸ਼ਾਂ ਤੋਂ ਭੇਜੇ ਜਾਂਦੇ ਹਨ ਇਹ ਰੂਸ ਦੇ ਜ਼ਾਰ ਦੇ ਦਿਲ ਵਿਚ ਸੂਈਆਂ ਚੋਭਦੇ ਹਨ। ਪੁਲਿਸ ਦੇ ਰਾਹੀਂ ਰਾਜ ਦਾ ਭੇਤ ਲਿਆ ਜਾਂਦਾ ਹੈ। ਦਰੋਗਿਆਂ ਰਾਹੀਂ ਰਾਜਸੀ ਕੈਦੀ ਛੁਡਾਏ ਜਾਂਦੇ ਹਨ। ਇਸ ਮਹੀਨੇ ਇਕ ਹੋਰ ਰਾਜਸੀ ਕੈਦੀ ਸਾਇਬੇਰੀਆ ਤੋਂ ਭੱਜ ਕੇ ਆਇਆ ਹੈ ਜੋ ਉਥੇ ਉਮਰ ਕੈਦ ਦੀ ਸਜ਼ਾ ਭੁਗਤ ਰਿਹਾ ਸੀ। ਇਕ ਰਾਜਸੀ ਕੈਦੀ ਦੀ ਇੱਜ਼ਤ ਵਿਚ ਤੇ ਖ਼ੂਨੀ- ਐਤਵਾਰ ਮਨਾਉਣ ਲਈ ਜਲਸਾ 24 ਜਨਵਰੀ ਨੂੰ ਕੀਤਾ ਗਿਆ। ਖ਼ੂਨੀ ਐਤਵਾਰ ਇਕ ਕੌਮੀ ਦਿਨ ਹੈ।

ਬੜਾ ਵੱਡਾ ਇਕੱਠ ਸਾਨਫਰਾਂਸਿਸਕੋ ਸ਼ਹਿਰ ਵਿਚ ਹੋਇਆ।

ਇਹ ਕਹਾਣੀ ਏਸ ਤਰ੍ਹਾਂ ਹੈ ਕਿ 22 ਜਨਵਰੀ 1905 ਨੂੰ ਕਈ ਸੌ ਰੂਸੀ ਮਜ਼ਦੂਰ ਮਿਲ ਕੇ ਜ਼ਾਰ ਪਾਸ ਗਏ ਤੇ ਆਪਣੇ ਹੱਕ ਮੰਗਣ ਵਾਸਤੇ ਅਰਜ਼ ਕੀਤੀ। ਬਾਂਦਸ਼ਾਹ ਨੇ ਸਾਰਿਆਂ ਨੂੰ ਬੰਦੂਕਾਂ ਤੇ ਤਲਵਾਰਾਂ ਨਾਲ ਮੌਤ ਦੇ ਘਾਟ ਉਤਾਰ ਦਿੱਤਾ। ਕਈ ਉਮਰ-ਕੈਦ ਕਰ ਦਿੱਤੇ। ਇਸ ਖ਼ੂਨੀ ਐਤਵਾਰ ਦੀ ਯਾਦ ਵਿਚ ਰੂਸੀ ਤੇ ਅਮਰੀਕਨਾਂ ਨੇ ਰਲ ਕੇ ਲੈਕਚਰ ਦਿੱਤੇ। ਲਾਲਾ ਹਰਦਿਆਲ ਨੇ ਆਪਣੇ ਲੈਕਚਰ ਵਿਚ ਕਿਹਾ "ਉਨ੍ਹੀਵੀਂ ਸਦੀ ਵਿਚ ਰੂਸੀ ਲੋਕਾਂ ਨੇ ਬੜੇ ਵੱਡੇ ਵੱਡੇ ਕੰਮ ਕੀਤੇ ਤੇ ਕੁਰਬਾਨੀਆਂ ਦਿੱਤੀਆਂ ਹਨ। ਗ਼ਦਰ ਦੀ ਉਨਤੀ ਲਈ ਜੋ ਕੰਮ ਰੂਸੀਆਂ ਨੇ ਕੀਤੇ ਹਨ ਉਹ ਅਜੇ ਤੱਕ ਯੂਰਪ ਤੇ ਏਸ਼ੀਆ ਵਿਚ ਕਿਸੇ ਨੇ ਨਹੀਂ ਕੀਤੇ। ਅਲੈਗਜ਼ੈਂਡਰ ਹਰਜ਼ਨ ਨੇ ਆਪਣੀ ਸਾਰੀ ਦੌਲਤ ਅੱਛੇ ਅੱਛੇ ਅਖ਼ਬਾਰ ਤੇ ਕਿਤਾਬਾਂ ਛਾਪ ਕੇ ਰੂਸ ਨੂੰ ਭੇਜਣ ਵਾਸਤੇ ਦਿੱਤੀ। ਔਰਤਾਂ ਤੇ ਮਰਦਾਂ ਨੇ ਪਰਲੇ ਦਰਜੇ ਦੀਆਂ ਕੁਰਬਾਨੀਆਂ ਤੇ ਸ਼ਹੀਦੀਆਂ ਨਾਲ ਰੂਸ ਦੀ ਤਵਾਰੀਖ ਨੂੰ ਲਾਲ ਕਰ ਦਿੱਤਾ। ਜੋ ਰੂਸੀ ਅਮਰੀਕਾ ਵਿਚ ਰਹਿੰਦੇ ਹਨ ਉਨ੍ਹਾਂ ਨੂੰ ਚਾਹੀਦਾ ਹੈ ਕਿ ਇਹ ਕੰਮ ਜਾਰੀ ਰੱਖਣ। ਛੇਤੀ ਹੀ ਤੇ ਕੁਝ ਦੇਰ ਪਿੱਛੋਂ ਸਾਰੀ ਦੁਨੀਆਂ ਵਿਚ ਇਹ ਗ਼ਦਰ ਹੋਣ ਵਾਲਾ ਹੈ।"

ਹਿੰਦੁਸਤਾਨੀਓ ਸੋਚੋ ਕਿ ਰੂਸੀ ਗ਼ਦਰੀ ਵੀ ਤੁਹਾਡੇ ਵਾਂਗੂੰ ਦੋ ਹੱਥ ਤੇ ਦੋ ਪੈਰ ਹੀ ਰੱਖਦੇ ਹਨ। ਪਰ ਉਹ ਆਪਣੇ ਰੂਸੀ ਲੀਡਰਾਂ ਨੂੰ ਸਾਇਬੇਰੀਆ ਜੈਸੀ ਔਖੀ ਜਗ੍ਹਾ ਤੋਂ ਕਿਸ ਤਰ੍ਹਾਂ ਲੈ ਆਉਂਦੇ ਹਨ। ਪਿਛਲੇ ਪੰਜਾਹ ਸਾਲਾਂ ਤੋਂ ਕਈ ਕੈਦੀ ਉਹਨਾਂ ਨੇ ਜੇਲ੍ਹਾਂ ਵਿਚੋਂ ਛੁਡਾ ਕੇ ਅਮਰੀਕਾ ਤੇ ਲੰਡਨ ਪਹੁੰਚਾ ਦਿੱਤੇ ਪਰ ਤੁਹਾਡੇ ਜੀਉਂਦੇ ਸ਼ਹੀਦ ਅੰਗਰੇਜ਼ੀ ਜੇਲ੍ਹਖ਼ਾਨਿਆਂ ਵਿਚ ਸੜ ਰਹੇ ਹਨ। ਉਨ੍ਹਾਂ ਨੂੰ ਬੈਂਤ ਮਾਰੇ ਜਾਂਦੇ ਹਨ। ਬੇੜੀਆਂ ਤੇ ਹਥਕੜੀਆਂ ਪਹਿਨਾਈਆਂ ਜਾਂਦੀਆਂ ਹਨ। ਸੁਆਹ ਤੇ ਮਿੱਟੀ ਮਿਲੀ ਹੋਈ ਰੋਟੀ ਮਿਲ ਰਹੀ ਹੈ। ਤੁਸੀਂ ਉਨ੍ਹਾਂ ਨੂੰ ਜੇਲ੍ਹਾਂ ਵਿਚੋਂ ਛੁਡਾਉਣ ਦਾ ਕੋਈ ਯਤਨ ਨਹੀਂ ਕੀਤਾ। ਅਸੀਂ ਏਸ ਬਾਤ ਦਾ ਜਵਾਬ ਤੁਹਾਡੇ ਪਾਸੋਂ ਉਡੀਕ ਰਹੇ ਹਾਂ।

(3 ਫਰਵਰੀ 1914)

4. ਚੀਨ ਦੀਆਂ ਔਕੜਾਂ

ਚੀਨ ਨੇ ਪੰਚਾਇਤੀ ਰਾਤ ਦਾ ਮੁਢ ਧਰਿਆ ਸੀ ਪਰ ਤਰ੍ਹਾਂ ਤਰ੍ਹਾਂ ਦੀਆਂ ਔਕੜਾਂ ਉੱਠ ਖੜ੍ਹੀਆਂ ਹਨ। ਜਿਨ੍ਹਾਂ ਦੀਆਂ ਜੜ੍ਹਾਂ ਵਿਚ ਦੂਜੀਆਂ ਕੌਮਾਂ ਦੇ ਹੱਥ ਦਿੱਤੇ ਹੋਏ ਹਨ। ਕਿਉਂਕਿ ਇਹ ਪੰਚਾਇਤੀ ਰਾਜ ਬਰਾਬਰੀ ਦੇ ਅਸੂਲਾਂ ਉਤੇ ਖੜ੍ਹਾ

ਹੁੰਦਾ ਹੈ ਅਤੇ ਕਈ ਕੌਮਾਂ ਬਰਾਬਰੀ ਤੋਂ ਜਲਦੀਆਂ ਹਨ ਅਤੇ ਉਸ ਦੇ ਖ਼ਿਲਾਫ਼ ਕੁਝ ਨਾ ਕੁਝ ਕਰਦੀਆਂ ਹੀ ਰਹਿੰਦੀਆਂ ਹਨ। ਚੀਨੀਆਂ ਨੇ ਵੀ ਇਕ ਬੜੀ ਗ਼ਲਤੀ ਕੀਤੀ ਕਿ ਪੁਰਾਣੇ ਵੇਲੇ ਦੇ ਅਹਿਲਕਾਰ ਯੂਆਨ ਸ਼ੀਕਾਈ ਨੂੰ ਏਨੇ ਹੱਕ ਦੇ ਦਿੱਤੇ। ਸੰਸਕ੍ਰਿਤ ਵਿਚ ਇਕ ਕਹਾਉਤ ਹੈ ਕਿ "ਦੁਸ਼ਮਣ ਨਾਲ ਕਦੇ ਮੁਹੱਬਤ ਨਹੀਂ ਕਰਨੀ ਚਾਹੀਦੀ ਭਾਵੇਂ ਉਹ ਕਿੰਨਾ ਹੀ ਦੋਸਤ ਕਿਉਂ ਨਾ ਬਣ ਬੈਠੇ ਕਿਉਂਕਿ ਪਾਣੀ ਕਿਤਨਾ ਹੀ ਗਰਮ ਹੋਵੇ ਫੇਰ ਵੀ ਅੱਗ ਨੂੰ ਬੁਝਾ ਹੀ ਦੇਂਦਾ ਹੈ।" ਜਿਨ੍ਹਾਂ ਆਦਮੀਆਂ ਦੇ ਤੌਰ ਤਰੀਕੇ, ਆਦਰਸ਼ ਖ਼ਿਆਲ ਤੇ ਅਸੂਲ ਪੁਰਾਣੇ ਜ਼ਮਾਨੇ ਦੇ ਹੋਣ ਉਹ ਕਿਸ ਤਰ੍ਹਾਂ ਏਨੀ ਛੇਤੀ ਨਵੇਂ ਖ਼ਿਆਲ ਅਪਣਾ ਸਕਦੇ ਹਨ। ਨਵੇਂ ਕੰਮ ਲਈ ਨਵੇਂ ਹੀ ਆਦਮੀ ਹੋਣੇ ਚਾਹੀਦੇ ਹਨ ਕਿਉਂਕਿ ਪੁਰਾਣੇ ਲੋਕਾਂ ਦੇ ਦਿਮਾਗਾਂ ਵਿਚੋਂ ਪੁਰਾਣੇ ਖ਼ਿਆਲਾਂ ਦੀ ਬੂ ਕਦੀ ਨਹੀਂ ਜਾਂਦੀ। ਬੇਲਗਾਮ ਰਾਜ ਦਾ ਪੁਰਾਣਾ ਅਹਿਲਕਾਰ ਯੂਆਨ ਸ਼ੀਕਾਈ ਬਰਾਬਰੀ ਤੇ ਪਰਜਾ ਦੇ ਬਲ ਨੂੰ ਕਿਸ ਤਰ੍ਹਾਂ ਪਸੰਦ ਕਰ ਸਕਦਾ ਹੈ। ਪੁਰਾਣੀਆਂ ਸੰਸਥਾਵਾਂ ਦੇ ਪੁਰਾਣੇ ਆਗੂਆਂ ਨੂੰ ਜੜ੍ਹਾਂ ਤੋਂ ਉਖਾੜ ਕੇ ਸੁੱਟ ਦੇਣਾ ਚਾਹੀਦਾ ਹੈ। ਇਹ ਨਹੀਂ ਕਿ ਅੱਧੀ ਨਵੀਂ ਤੇ ਅੱਧੀ ਪੁਰਾਣੀ। ਇਸ ਤਰ੍ਹਾਂ ਉਹੀ ਹਾਲ ਹੁੰਦਾ ਹੈ ਜੋ ਅਜ ਕੱਲ੍ਹ ਚੀਨ ਦਾ ਹੋ ਰਿਹਾ ਹੈ। ਬਣਾਈ ਸੀ ਖੀਰ ਹੋ ਗਿਆ ਦਲੀਆ। ਰਾਜਨੀਤੀ ਵਿਚ ਮਤਲਬੀ ਯਾਰਾਂ ਪੁਰ ਇਤਬਾਰ ਨਹੀਂ ਕਰਨਾ ਚਾਹੀਦਾ। ਗ਼ਦਰ ਵਿਚ ਨਵੇਂ ਆਗੂ ਨਵੇਂ ਕੰਮਾਂ ਦੇ ਮੁੱਢ ਬੰਨ੍ਹਦੇ ਹਨ। ਝੂਠ ਬੋਲਣ ਵਾਲੇ ਅਹਿਲਕਾਰ ਕਦੇ ਕੌਮ ਦੇ ਨਵੇਂ ਰਾਹ ਦੀ ਨਿਗਰਾਨੀ ਨਹੀਂ ਕਰਦੇ। ਹਿੰਦੀ ਰਿਆਸਤਾਂ ਵਿਚ ਜੇ ਨਵੇਂ ਅਸੂਲਾਂ ਪੁਰ ਕੰਮ ਚਲਾਇਆ ਜਾਵੇ ਤਾਂ ਅਹਿਲਕਾਰ ਵੀ ਨਵੇਂ ਹੀ ਹੋਣੇ ਚਾਹੀਦੇ ਹਨ। ਪੁਰਾਣੇ ਵੇਲੇ ਦੇ ਬਜ਼ੁਰਗ ਨਵੀਆਂ ਬਾਤਾਂ ਨਹੀਂ ਸਮਝਦੇ ਨੇ ਨਾ ਹੀ ਪਸੰਦ ਕਰਦੇ ਹਨ। ਕੌਮੀ ਪਧਰ ਦੇ ਪੁਰਾਣੇ ਲੀਡਰ ਕਿਸੇ ਕੰਮ ਦੇ ਨਹੀਂ ਹਨ। ਦੇਖਣ ਤੋਂ ਮਾਲੂਮ ਹੁੰਦਾ ਹੈ ਕਿ ਜਿਨ੍ਹਾਂ ਲੀਡਰਾਂ ਦੇ ਖ਼ਿਆਲ ਕਾਂਗਰਸ ਵਿਚ ਬਦਲੇ ਸਨ ਉਹ ਉਹੋ ਜਿਹੇ ਹੀ ਰਹੇ। ਡਰ ਦੇ ਵੇਲੇ ਸੂਰਬੀਰ ਨਹੀਂ ਬਣੇ। ਗੋਖਲੇ, ਲਾਜਪਤ ਰਾਏ, ਬਿਪਨ ਚੰਦਰਪਾਲ ਤੇ ਸੁਰਿੰਦਰ ਨਾਥ ਬੈਨਰਜੀ ਵਰਗੇ ਲੀਡਰ ਐਵੇਂ ਆਤਸ਼ਬਾਜੀ ਦਾ ਤਮਾਸ਼ਾ ਵਿਖਾ ਕੇ ਚੁੱਪ ਹੋ ਗਏ। ਅਸਲੀ ਗ਼ਦਰ ਵੇਲੇ ਉਹ ਕੁਝ ਕੰਮ ਨਹੀਂ ਆਉਂਦੇ। ਬਸ ਨੌਜਵਾਨਾਂ ਨੂੰ ਆਪਣੇ ਬਲ ਪਰ ਹੀ ਭਰੋਸਾ ਰੱਖਣਾ ਚਾਹੀਦਾ ਹੈ। ਚੀਨ ਵਿਚ ਜੇ ਇਨ੍ਹਾਂ ਅਸੂਲਾਂ ਉਤੇ ਚਲਦੇ ਤਾਂ ਇਹ ਔਕੜਾਂ ਨਾ ਆਉਂਦੀਆਂ। ਏਸ ਤੋਂ ਬਿਨਾਂ ਦੂਜੀਆਂ ਕੌਮਾਂ ਵੀ ਚੀਨ ਦੇ ਮਾਮਲੇ ਵਿਚ ਦਖ਼ਲ ਦੇ ਕੇ ਗੜਬੜ ਕਰਦੀਆਂ ਹਨ। ਅਮਰੀਕਾ ਵਪਾਰ ਦੇ ਹੱਕ ਮੰਗਦਾ ਹੈ। ਅੰਗਰੇਜ਼ ਮਿਰਕਣ ਦੇ ਖ਼ਿਲਾਫ਼ ਹਨ। ਜਾਪਾਨ ਦੇ ਮੂੰਹ ਵਿਚ ਪਾਣੀ ਭਰ ਆਇਆ ਹੈ।

ਜਰਮਨੀ ਕਹਿੰਦੀ ਹੈ ਕਿ ਮੈਨੂੰ ਕੁਝ ਨਹੀਂ ਮਿਲਿਆ। ਏਸ ਤਰ੍ਹਾਂ ਕਈ ਯੂਰਪੀਨ ਕੌਮਾਂ ਯੂਆਨ ਸ਼ੀਕਾਈ ਦੀ ਹਮਾਇਤ ਪਰ ਹਨ। ਚੀਨ ਵਿਚ ਪੰਚਾਇਤੀ ਰਾਜ ਤੋਂ ਮਿਰਕਣ ਨੂੰ ਬਹੁਤ ਫਾਇਦਾ ਹੈ ਅਤੇ ਹਿੰਦੁਸਤਾਨ ਵਿਚ ਵੀ ਗ਼ਦਰ ਦੇ ਖ਼ਿਆਲ ਪੈਦਾ ਕਰੂਗਾ। ਏਸ ਕਰਕੇ ਅੰਗਰੇਜ਼ ਪੰਚਾਇਤੀ ਰਾਜ ਦੇ ਵਿਰੁੱਧ ਹਨ। ਪਰ ਹੁਣ ਇਕ ਪੱਕੀ ਖ਼ਬਰ ਆਈ ਹੈ ਕਿ ਚੀਨ ਦੇ ਇਕ ਸੂਬੇ ਵਿਚ ਯੂਆਨ ਸ਼ੀਕਾਈ ਦੇ ਵਿਰੁੱਧ ਗ਼ਦਰ ਹੋ ਗਿਆ ਹੈ। ਫੌਜ ਤੇ ਪਰਜਾ ਨੇ ਡਾਕਟਰ ਸਨ ਯੈਤਸਨ ਨੂੰ ਪ੍ਰੈਜ਼ੀਡੈਂਟ ਮੰਨਿਆ ਹੈ। ਇਸ ਕੰਮ ਨਾਲ ਸਾਨੂੰ ਬੜੀ ਹਮਦਰਦੀ ਹੈ ਅਤੇ ਅਸਾਂ ਨੂੰ ਪੂਰੀ ਉਮੀਦ ਹੈ ਕਿ ਚੀਨੇ ਛੇਤੀ ਹੀ ਯੂਆਨ ਸ਼ੀਕਾਈ ਨੂੰ ਸਜ਼ਾ ਦੇ ਕੇ ਨਵੇਂ ਯੁੱਗ ਦਾ ਮੁੱਢ ਬੰਨਣਗੇ।

(9 ਜਨਵਰੀ, 1914)

5. ਪੰਜਾਬੀ ਬੋਲੀ ਤੇ ਗੁਰਮੁਖੀ ਲਿਪੀ ਨੂੰ ਮਾਨਤਾ

'ਗ਼ਦਰ' ਅਖ਼ਬਾਰ ਉਤੇ ਐਡੀਟਰ ਦਾ ਨਾਂ ਨਹੀਂ ਸੀ ਹੁੰਦਾ ਨਾ ਹੀ ਕੋਈ ਕਵੀ ਜਾਂ ਲੇਖਕ ਆਪਣਾ ਅਸਲੀ ਨਾਂ ਲਿਖਦਾ ਸੀ। ਕਵੀਆਂ ਦੇ ਕੁਝ ਤਖੱਲਸ ਇਸ ਤਰ੍ਹਾਂ ਸਨ-

ਇਕ ਪੰਜਾਬੀ ਲੇਖਕ, ਪ੍ਰੀਤਮ ਜੀ (ਭਾਈ ਭਗਵਾਨ ਸਿੰਘ ਪ੍ਰਧਾਨ ਗ਼ਦਰ ਪਾਰਟੀ), ਇਕ ਦੁਖੀਆ, ਇਕ ਦੁਖੀਆ ਸਿੰਘ, ਦੇਸ-ਪ੍ਰੇਮੀ, ਇਕ ਸੌ ਅੱਠ, ਜੀਊਂਦਾ ਸ਼ਹੀਦ (ਪ੍ਰੀਤਮ-ਭਾਈ ਭਗਵਾਨ ਸਿੰਘ), ਕਵੀਸ਼ਰ ਸਿੰਘ, ਇਕ ਘਾਇਲ ਸਿੰਘ ਦੁਖੀਆ, ਬਾਗ਼ੀ ਸਿੰਘ (ਟਾਪੂ ਨਿਵਾਸੀ), ਗ਼ਦਰ ਦਾ ਸਿਪਾਹੀ, ਫ਼ਕੀਰ (ਹਰੀ ਸਿੰਘ ਬੱਦੋਵਾਲ ਬਾਵਾ ਉਸਮਾਨ), ਗ਼ਦਰ ਦਾ ਪ੍ਰੇਮੀ ਸੇਵਕ, ਕਵੀ ਸਿੰਘ, ਗ਼ਦਰੀ ਸਿਪਾਹੀ, ਦੇਸ਼ ਦਾ ਪਿਆਰਾ ਸਿੰਘ ਤੇ ਹੋਰ ਕਈ ਤਖ਼ੱਲਸ ਵਰਤੇ ਗਏ ਹਨ। ਉਂਝ ਗ਼ਦਰੀ ਕਵਿਤਾ ਵਿਚੋਂ ਸਭ ਤੋਂ ਵੱਧ ਕਵਿਤਾ 'ਪ੍ਰੀਤਮ' ਦੇ ਤਖ਼ੱਲਸ ਹੇਠਾਂ ਲਿਖੀ ਗਈ ਹੈ।

'ਗ਼ਦਰ' ਅਖ਼ਬਾਰ ਦਾ ਮੁਖ-ਉਦੇਸ਼ ਹਿੰਦੁਸਤਾਨ ਦੀ ਆਜ਼ਾਦੀ ਸੀ ਪਰ ਇਹ ਪਰਚਾ ਸਭ ਗ਼ੁਲਾਮ ਦੇਸ਼ਾਂ ਦੀ ਆਜ਼ਾਦੀ ਤੇ ਮਨੁੱਖੀ ਹੱਕਾਂ ਦਾ ਅਲੰਬਰਦਾਰ ਬਣ ਨਿਕਲਿਆ। ਇਸ ਪਰਚੇ ਨੇ ਯੂਰਪੀਨ ਤਾਕਤਾਂ ਵੱਲੋਂ ਗ਼ੁਲਾਮ ਕੀਤੇ ਸਭ ਦੇਸ਼ਾਂ ਤੋਂ ਹੱਕ ਵਿਚ ਆਵਾਜ਼ ਉਠਾਈ। ਮੈਕਸੀਕੋ ਦੇ ਗ਼ਦਰ ਦੀ ਹਮਾਇਤ ਕੀਤੀ। ਚੀਨ ਵਿਚ ਡਾਕਟਰ ਸਨਯੈਤ ਸਨ ਦੀ ਤਰਫ਼ਦਾਰੀ ਕੀਤੀ। ਰੂਸੀ ਦੁਖਿਆਰਾਂ ਦੀ ਮਦਦ ਕੀਤੀ। ਗ਼ਦਰੀ ਲੇਖਕਾਂ ਨੇ ਸਮਝ ਲਿਆ ਸੀ ਕਿ ਜਦ ਤਕ ਯੂਰਪੀਨ ਤਾਕਤਾਂ ਦੀਆਂ ਬਸਤੀਆਂ ਆਜ਼ਾਦ ਨਹੀਂ ਹੁੰਦੀਆਂ, ਹਿੰਦੁਸਤਾਨ

ਵੀ ਆਜ਼ਾਦ ਨਹੀਂ ਹੋ ਸਕਦਾ। ਗ਼ਦਰੀਆਂ ਇਹ ਵੀ ਲਿਖਿਆ ਕਿ ਜੇ ਚੀਨ ਗ਼ੁਲਾਮ ਰਿਹਾ ਤਾਂ ਕਿਸੇ ਹਾਲਤ ਵਿਚ ਵੀ ਹਿੰਦੁਸਤਾਨ ਨੂੰ ਲੋਕ-ਰਾਜ ਨਹੀਂ ਪ੍ਰਾਪਤ ਹੋ ਸਕਦਾ।

ਗ਼ਦਰੀ ਕਵਿਤਾ ਵਿਚ ਦੇਸ਼ ਦੀ ਆਜ਼ਾਦੀ ਉਤੇ ਜ਼ੋਰ ਹੈ ਪਰ ਗ਼ਦਰੀ ਵਾਰਤਕ ਵਿਚ ਸਾਰੀ ਦੁਨੀਆਂ ਵਿਚਲੇ ਦੋ ਧੜਿਆਂ ਦੀ ਜੰਗ ਦਾ ਜ਼ਿਕਰ ਹੈ। ਵਿਹਲੜ ਸਰਮਾਏਦਾਰ ਤੇ ਕਿਸਾਨ-ਮਜ਼ਦੂਰ ਦੀ ਜੱਦੋ-ਜਹਿਦ ਗਰਮ ਹੋਈ ਦਿਸਦੀ ਹੈ। ਕੀ ਜਾਪਾਨ, ਕੀ ਚੀਨ, ਕੀ ਰੂਸ ਤੇ ਕੀ ਮੈਕਸੀਕੋ ਤੇ ਸਪੇਨ, ਜਿਥੇ ਵੀ ਲੋਕਾਂ ਉੱਤੇ ਜ਼ੁਲਮ ਹੋਏ ਗ਼ਦਰ ਨੇ ਹਕੂਮਤਾਂ ਦੇ ਉਲਟ ਤੇ ਲੋਕਾਂ ਦੇ ਹੱਕਾਂ ਦੀ ਹਮਾਇਤ ਕੀਤੀ।

ਗ਼ਦਰੀ ਕਵੀ ਥੋੜ੍ਹੇ ਪੜ੍ਹੇ ਲਿਖੇ ਸਾਬਕ ਫੌਜੀ ਸਨ। ਉਸ ਵੇਲੇ ਉਨ੍ਹਾਂ ਪ੍ਰਚਲਤ ਛੰਦਾ ਬੰਦੀ ਵਿਚ ਕਵਿਤਾ ਲਿਖੀ। ਉਨ੍ਹਾਂ ਬੈਂਤ, ਕਬਿਤ, ਕੋਰੜੇ ਛੰਦ, ਪੈਂਤੀ ਅੱਖਰੀ, ਸੀਹਰਫ਼ੀ, ਕਾਫ਼ੀ ਬੰਦ, ਮਨਰੰਚਕ ਛੰਦ, ਬਾਰਾਂ ਮਾਹ ਤੇ ਹੋਰ ਅਜਿਹੀ ਛੰਦਾ ਬੰਦੀ ਵਿਚ ਕਵਿਤਾ ਦੀ ਰਚਨਾ ਕੀਤੀ। ਉਨ੍ਹਾਂ ਉਸ ਬੋਲੀ ਵਿਚ ਕਵਿਤਾ ਲਿਖੀ ਜੋ ਉਨ੍ਹਾਂ ਦੀ ਆਪਣੀ ਹੈ ਜੋ ਹਰ ਇਕ ਪੰਜਾਬੀ ਨੂੰ ਸਮਝ ਆ ਸਕਦੀ ਹੈ। ਸਾਰੀ ਦੀ ਸਾਰੀ ਕਵਿਤਾ ਵਿਚ ਹਿੰਦੁਸਤਾਨ ਦੀ ਆਜ਼ਾਦੀ ਦੀ ਤੜਪ ਹੈ। ਇਸ ਲਈ ਕਈ ਵਾਰੀ ਇਉਂ ਜਾਪਦਾ ਹੈ ਕਿ ਜਿਵੇਂ ਸਾਰੀ ਕਵਿਤਾ ਵਿਚ ਇਕੋ ਗੱਲ ਹੀ ਕਹੀ ਗਈ ਹੋਵੇ। ਉਸ ਵੇਲੇ ਉਨ੍ਹਾਂ ਸਾਹਮਣੇ ਗੱਲ ਵੀ ਤਾਂ ਇਕੋ ਸੀ ਦੇਸ਼ ਦੀ ਪੂਰਨ ਆਜ਼ਾਦੀ।

'ਗ਼ਦਰ' ਅਖ਼ਬਾਰ ਦੇ ਚਾਲਕਾਂ ਨੇ ਜਦ ਪੰਜਾਬੀ ਬੋਲੀ ਤੇ ਗੁਰਮੁਖੀ ਲਿੱਪੀ ਵਿਚ ਪਰਚਾ ਕੱਢ ਕੇ ਬੋਲੀ ਤੇ ਲਿੱਪੀ ਉਤੇ ਜ਼ੋਰ ਦਿੱਤਾ ਤਾਂ ਕੈਨੇਡਾ ਤੇ ਅਮਰੀਕਾ ਦੇ ਗੁਰਦੁਆਰਿਆਂ ਦੇ ਆਗੂਆਂ ਨੇ ਵੀ ਹੁਕਮ ਕਰ ਦਿੱਤਾ ਕਿ ਸਭ ਪੰਜਾਬੀ, ਗੁਰਮੁਖੀ ਲਿੱਪੀ ਵਿਚ ਨਿਕਲਦਾ 'ਗ਼ਦਰ' ਖਰੀਦ ਕੇ ਪੜ੍ਹਨ। ਪੰਜਾਬੀ ਹਿੰਦੂਆਂ ਤੇ ਮੁਸਲਮਾਨਾਂ ਨੇ ਵੀ 'ਗ਼ਦਰ' ਪੜ੍ਹਨ ਲਈ ਪੰਜਾਬੀ ਸਿੱਖੀ।

ਗ਼ਦਰ ਲਹਿਰ ਦੀ ਸਭ ਤੋਂ ਵੱਡੀ ਦੇਣ ਹੈ ਕਿ ਪੰਜਾਬੀ ਬੋਲੀ ਤੇ ਗੁਰਮੁਖੀ ਲਿੱਪੀ ਨੂੰ ਮਾਨਤਾ ਦਿੱਤੀ ਗਈ। ਇਸ ਤੋਂ ਪਹਿਲੋਂ ਨਾ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੇ ਨਾ ਹੀ ਉਸ ਤੋਂ ਪਿੱਛੋਂ ਚਲੀਆਂ ਲਹਿਰਾਂ ਨੇ ਪੰਜਾਬੀ ਬੋਲੀ ਤੇ ਗੁਰਮੁਖੀ ਲਿੱਪੀ ਵੱਲ ਧਿਆਨ ਦਿੱਤਾ।

ਗ਼ਦਰ ਲਹਿਰ ਵੇਲੇ ਇਕ ਹੋਰ ਹੁਕਮ ਜਾਰੀ ਹੋਇਆ ਕਿ ਹਰ ਹਿੰਦੀ ਅੱਜ ਆਪਣੀ ਡਾਇਰੀ-ਕਾਪੀ ਬਣਾਏ ਤੇ ਉਸ ਵਿਚ ਆਪਣੇ ਹੱਥੀਂ ਗ਼ਦਰ ਦੀਆਂ ਕਵਿਤਾਵਾਂ ਲਿਖ ਕੇ ਮੂੰਹ-ਜ਼ਬਾਨੀ ਯਾਦ ਕਰਨ ਦਾ ਯਤਨ ਕਰੇ।

ਅਜਿਹੀ ਪਹਿਲੀ ਕਾਪੀ ਮੈਂ ਬਾਬਾ ਹਰੀ ਸਿੰਘ ਉਸਮਾਨ (ਬੱਦੋਵਾਲ) ਪਾਸ 1942 ਨੂੰ ਪੀਨਾਂਗ (ਮਲਾਯਾ) ਵਿਚ ਵੇਖੀ ਸੀ। ਜਿੰਨੀਆਂ ਕਵਿਤਾਵਾਂ ਉਸ ਕਾਪੀ ਵਿਚ ਸਨ, ਉਹ ਸਭ ਉਸ ਨੂੰ ਜ਼ਬਾਨੀ ਯਾਦ ਸਨ। ਬਾਬਾ ਮਲਵਈਆਂ ਵਾਲਾ ਚਾਹ ਦਾ ਪਤੀਲਾ ਧਰ ਕੇ, ਮਸਾਲੇ ਪਾ ਕੇ ਚਾਹ ਬਣਾਉਂਦਾ। ਅਸੀਂ ਰਲ ਕੇ ਚਾਹ ਪੀਂਦੇ। ਬਾਬਾ ਹੇਕ ਲਾ ਕੇ ਗ਼ਦਰੀ-ਕਵਿਤਾਵਾਂ ਸੁਣਾਉਂਦਾ ਸੁਣਾਉਂਦਾ ਇਕ ਵਜਦ ਵਿਚ ਆ ਕੇ ਅੱਖਾਂ ਮੀਟ ਲੈਂਦਾ। ਹੁਣ ਉਸ ਦਾ ਉਦੇਸ਼ ਕੇਵਲ ਹਿੰਦ ਦੀ ਆਜ਼ਾਦੀ ਨਹੀਂ ਸੀ। ਉਹ ਸਭ ਗ਼ੁਲਾਮ ਲੋਕਾਂ ਦੀਆਂ ਜੰਜ਼ੀਰਾਂ, ਹਥਿਆਰਬੰਦ ਜਦੋ-ਜਹਿਦ ਨਾਲ ਤੋੜਨ ਦਾ ਹਾਮੀ ਸੀ।

ਅਜਿਹੀ ਇਕ ਡਾਇਰੀ ਪ੍ਰੋਫ਼ੈਸਰ ਕਿਰਪਾਲ ਸਿੰਘ ਕਸੇਲ ਪਾਸ ਵੀ ਹੈ ਜੋ ਉਨ੍ਹਾਂ ਦੇ ਗ਼ਦਰੀ ਬਾਬੇ ਹਰਨਾਮ ਸਿੰਘ (ਪ੍ਰੀਤਮ ਸਿੰਘ) ਦੀ ਹੱਥ ਲਿਖਤ ਹੈ।

6. ਗ਼ਦਰ ਲਹਿਰ ਦਾ ਦੂਜਾ ਦੌਰ

ਗ਼ਦਰ ਲਹਿਰ ਦਾ ਦੂਜਾ ਦੌਰ ਮਾਰਚ 1929 ਵਿਚ ਆਰੰਭ ਹੋਇਆ। "ਹਿੰਦੁਸਤਾਨ ਗ਼ਦਰ" ਦੇ ਨਾਂ ਹੇਠਾਂ ਗ਼ਦਰ ਪਾਰਟੀ ਦੇ ਪਹਿਲੇ ਦਫ਼ਤਰ ਤੋਂ ਹੀ ਪਹਿਲਾ ਮਾਹਵਾਰੀ ਨਿਕਲਿਆ। 1913 ਤੋਂ 1918 ਤਕ ਨਿਕਲੇ 'ਗ਼ਦਰ' ਅਖ਼ਬਾਰ ਵਾਲੀ ਪਰੰਪਰਾ ਰਲ ਜਾਰੀ ਰੱਖੀ ਗਈ। ਪਰਚੇ ਉਤੇ ਕਿਸੇ ਐਡੀਟਰ ਦਾ ਨਾਂ ਨਹੀਂ ਲਿਖਿਆ ਗਿਆ। ਅਗਸਤ 1930 ਤੱਕ ਹੀ ਇਹ ਛਪਿਆ।

ਇਹ ਉਹ ਸਮਾਂ ਸੀ ਜਦ ਬਾਬਾ ਗੁਰਮੁਖ ਸਿੰਘ ਲਲਤੋਂ, ਤੇਜਾ ਸਿੰਘ ਸੁਤੰਤਰ, ਅੱਛਰ ਸਿੰਘ ਛੀਨਾ ਤੇ ਕੁਝ ਹੋਰ ਗ਼ਦਰੀ ਸਾਨਫਰਾਂਸਿਸਕੋ ਆਏ ਹੋਏ ਸਨ।

ਇਸ ਸਮੇਂ ਗ਼ਦਰੀ ਆਗੂਆਂ ਨੇ ਰੂਸੀ-ਕ੍ਰਾਂਤੀ ਤੋਂ ਪ੍ਰਭਾਵਤ ਹੋ ਕੇ ਰੂਸ ਵਲ ਮੂੰਹ ਕਰ ਲਿਆ ਸੀ। ਇਸ ਸਮੇਂ ਦੇ ਗ਼ਦਰੀ ਕਵੀਆਂ ਨੇ ਵੀ ਤਖ਼ੱਲਸ ਵਰਤ ਕੇ ਕਵਿਤਾਵਾਂ ਲਿਖੀਆਂ ਜਿਨ੍ਹਾਂ ਦੇ ਨਾਵਾਂ ਦਾ ਪਤਾ ਲੱਗਾ ਹੈ ਕਿ ਉਹ ਤਖ਼ੱਲਸ ਦੇ ਨਾਲ ਹਾਜ਼ਰ ਹਨ-

ਇਕਬਾਲ	:	ਡਾਕਟਰ ਭਾਗ ਸਿੰਘ
ਆਜ਼ਾਦ	:	ਤੇਜਾ ਸਿੰਘ ਸੁਤੰਤਰ
ਹਿੰਦ ਸੇਵਕ	:	ਨਿਰੰਜਨ ਸਿੰਘ ਪੰਡੋਰੀ ਲੱਧਾ ਸਿੰਘ
ਪ੍ਰੀਤਮ ਜੀ	:	ਭਾਈ ਭਗਵਾਨ ਸਿੰਘ ਵਿਣਰ (ਪ੍ਰਧਾਨ ਗ਼ਦਰ ਪਾਰਟੀ)
ਹਮਦਮ	:	ਹਜ਼ਾਰਾ ਸਿੰਘ
ਨਾਸਤਕ	:	ਨਿਧਾਨ ਸਿੰਘ ਮਹੇਸਰੀ

ਯਕਦਮ : ਗੁਰਦੇਵ ਸਿੰਘ ਢਿੱਲੋਂ
ਸੇਵਕ :
ਫ਼ਕੀਰ : (ਦੂਜੇ ਦੌਰ ਦਾ ਫ਼ਕੀਰ ਕੋਈ ਹੋਰ ਸੀ। ਬਾਬਾ ਉਸਮਾਨ ਨਹੀਂ ਸੀ)
ਜਾਚਕ : ਸੋਹਣ ਸਿੰਘ ਧਾਲੀਵਾਲ
ਮੋਚ :
ਦਖੀ :
ਭਾਈ ਬੱਗਾ ਸਿੰਘ :

ਦੀਵਾਨ ਚੰਦ ਨਿਊਜ਼ੀਲੈਂਡ, ਭਾਈ ਸੁਰੈਣ ਸਿੰਘ ਅਮਰੀਕਾ ਨਿਵਾਸੀ, ਮੁਨਸ਼ਾ ਸਿੰਘ ਦੁਖੀ (ਦੇਸੋਂ ਜੇਲ੍ਹ ਵਿਚੋਂ ਭੇਜੀ ਕਵਿਤਾ) ਭਾਈ ਪਿਆਰਾ ਸਿੰਘ ਪਨਾਮਾ ਤੇ ਭਾਈ ਗੱਜਣ ਸਿੰਘ ਨਜਾਤ, ਪਨਾਮਾ। ਇਸ ਸਮੇਂ ਦੀ ਕਵਿਤਾ ਦੇ ਕੁਝ ਨਮੂਨੇ-

ਅਸੀਂ ਅੱਗ ਆਸਮਾਨ ਨੂੰ ਲਾ ਦਿਆਂਗੇ

ਅਸੀਂ ਸੁਲੀਆਂ ਤੋਂ ਨਹੀਂ ਡਰਨ ਵਾਲੇ, ਹੱਸ ਹੱਸ ਕੇ ਖੱਲ ਲੁਹਾ ਦਿਆਂਗੇ।
ਹੋਵੇ ਮਿਹਰ ਦੀ ਨਜ਼ਰ ਬਸ ਇਕ ਤੇਰੀ, ਫਿਰ ਤੇ ਜ਼ਿੰਮੀਂ ਨੂੰ ਪਲਟ ਵਿਖਾ ਦਿਆਂਗੇ।
ਤੇਰੀ ਗੋਦ ਦੀ ਅਸਾਂ ਉਮੀਦ ਅੰਦਰ, ਜਗ੍ਹਾ ਪਾਣੀ ਦੇ ਖ਼ੂਨ ਵਹਾ ਦਿਆਂਗੇ।
ਜਿਚਰ ਤੀਕ ਹੈ ਜਿਸਮ ਵਿਚ ਜਾਨ ਸਾਡੇ, ਸਿਦਕ ਆਪਣਾ ਪੂਰਾ ਨਿਭਾ ਦਿਆਂਗੇ...
ਅਜੇ ਆਪਣੇ ਤੇ ਸਾਨੂੰ ਮਾਣ ਏਨਾ, ਅਸੀਂ ਅੱਗ ਆਸਮਾਨ ਨੂੰ ਲਾ ਦਿਆਂਗੇ।

* * *

ਭਾਰਤ ਵਰਸ਼ ਦੇ ਨੌਜਵਾਨਾਂ ਦਾ ਫ਼ਰਜ਼

ਆਉ ਨਿਤਰੋ ਹਿੰਦ ਦੇ ਜਵਾਂ ਮਰਦੋ, ਸ਼ਾਂਤਮਈ ਤੋਂ ਹੁਣ ਕੀ ਭਾਲਦੇ ਹੋ।
ਤਨ ਪਾਲ ਕੇ ਮੱਖਣਾਂ ਨਾਲ ਸੋਹਣਾ, ਸੁਟ ਮੁਰਦਿਆਂ ਵਾਂਗ ਕਿਉਂ ਗਾਲ਼ਦੇ ਹੋ।
ਰੀਤ ਛੱਡ ਕੇ ਜੰਗ ਬਹਾਦਰੀ ਦੀ, ਮਰੋ ਨਾਲ ਪਲੇਗ ਤੇ ਕਾਲ ਦੇ ਹੋ।
ਸੈਂਸ-ਵਿੱਦਿਆ ਹੁਨਰ ਸਭ ਗਿਆ ਕਿੱਥੇ, ਜਕੜੇ ਵਿਚ ਫਰੰਗ ਦੇ ਜਾਲ ਦੇ ਹੋ।
ਸ਼ਾਂਤਮਈ ਨੇ ਆ ਨੁਮਰਦ ਕੀਤੇ, ਰਹੀ ਰੱਤ ਨਾ ਹਰ ਜਵਾਨ ਅੰਦਰ,
ਜਾਨਾਂ ਫਿਰਨ ਲਕੋਮਦੇ ਵਾਂਗ ਗੀਧੀ, ਰਹੀ ਅਣਖ ਨਾ ਹਿੰਦੁਸਤਾਨ ਅੰਦਰ...
ਗਾਂਧੀ ਲਹਿਰ ਨੇ ਕੁਝ ਸਵਾਰਿਆ ਨਾ ਰਹੀ ਅਣਖ ਨਾ ਹਿੰਦੋਸਤਾਨ ਅੰਦਰ...
ਮਰਨਾ ਭਲਾ ਗੁਲਾਮੀ ਦੀ ਜ਼ਿੰਦਗੀ ਤੋਂ, ਮਸ਼ਹੂਰ ਮਸਾਲ ਜਹਾਨ ਅੰਦਰ,

ਲੋਕੀ ਆਖਦੇ ਪਏ ਪੁਕਾਰ 'ਜਾਚਕ' ਰਹੀ ਅਣਖ ਨਾ ਹਿੰਦੋਸਤਾਨ ਅੰਦਰ।

* * *

ਘੋਲ ਘੱਤਾਂ ਜ਼ਿੰਦਗੀ ਨੂੰ, ਕਸਮ ਇਹੋ ਖਾਧੀ ਏ

ਇਹ ਕਵਿਤਾ ਭਾਈ ਅਰਜਣ ਸਿੰਘ ਜੀ 'ਸਚ' ਨੇ ਮੁਲਤਾਨ ਜੇਲ੍ਹ ਵਿਚੋਂ ਗ਼ਦਰ ਅਖ਼ਬਾਰ ਵਿਚ ਪ੍ਰਕਾਸ਼ਿਤ ਕਰਨ ਵਾਸਤੇ ਭੇਜੀ ਹੈ- ਐਡੀਟਰ।

ਚਿਤ 'ਚ ਉਮੰਗ ਹੈ ਕਿ ਘੋਲ ਘੱਤਾਂ ਜ਼ਿੰਦੜੀ ਨੂੰ
ਲਖ ਵਾਰ ਦੇਸ ਉਤੇ, ਮਿਲੇ ਜੇ ਆਜ਼ਾਦ।
ਜਿਹਲ ਕੀ ਹੈ ਫਾਂਸੀ ਹਾਂਸੀ, ਸੂਲੀ ਕੂਲੀ ਸੇਜ ਜਾਣਾ,
ਦੇਸ਼ ਉਤੇ ਮਰਾਂ ਇਹ ਸੁਣ ਮੇਰਾ ਆਦੀ ਏ।
ਬੋਲਣੇ 'ਚ ਪੀੜ ਹੋਣਾ, ਆਰੇ ਨਾਲ ਚੀਰ ਹੋਣਾ,
ਭਾਮੇਂ ਲੀਰ ਲੀਰ ਹੋਵਾਂ ਤਾਂ ਭੀ ਦਿਲ ਸ਼ਾਦੀ ਏ।
ਹਿੰਦ ਨਾ ਗ਼ੁਲਾਮ ਰਹਿਣ ਦੇਣਾ, ਇਕ ਮਿੰਟ ਭਰ,
'ਸਚ' ਮੁਚ ਚਿਤ 'ਚ ਕਸਮ ਇਹੋ ਖਾਧੀ ਏ।

ਰਚਨਾ

ਨਾਵਲਕਾਰ ਗਿਆਨੀ ਕੇਸਰ ਸਿੰਘ

-ਡਾ. ਰਘਬੀਰ ਸਿੰਘ

ਛਿਆਨਵੇਂ ਵਰ੍ਹਿਆਂ ਦੀ ਭਰਪੂਰ ਉਮਰ ਭੋਗਕੇ ਕੈਨੇਡਾ ਦੇ ਐਡਮੰਟਨ ਸ਼ਹਿਰ ਵਿਚ ਪਿਛੇ ਜਿਹੇ ਸਦੀਵੀ ਵਿਛੋੜਾ ਦੇ ਗਏ ਗਿਆਨੀ ਕੇਸਰ ਸਿੰਘ ਦਾ ਸਮਕਾਲੀ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਨਿਵੇਕਲਾ ਸਥਾਨ ਹੈ। ਇਹ ਨਿਵੇਕਲਾਪਨ ਗਿਆਨੀ ਕੇਸਰ ਸਿੰਘ ਨੂੰ ਸਹਿਜ ਰੂਪ ਵਿਚ ਵੀ ਮਿਲਿਆ ਅਤੇ ਉਸ ਵੱਲੋਂ ਕੀਤੇ ਗਏ ਉਚੇਚੇ ਯਤਨਾਂ ਦੁਆਰਾ ਵੀ। ਸਹਿਜ ਰੂਪ ਵਿਚ ਇਉਂ ਕਿ ਕੇਸਰ ਸਿੰਘ ਦੇ ਜੀਵਨ-ਸਮਾਚਾਰ ਹੀ ਅਜਿਹੇ ਸਨ ਕਿ ਉਹਨਾਂ ਸਦਕਾ ਉਹ ਆਪਣੇ ਆਪ ਹੀ ਅਸਾਧਾਰਨ ਅਤੇ ਨਿਵੇਕਲੀ ਪਛਾਣ ਦਾ ਮਾਲਕ ਬਣ ਜਾਂਦਾ ਸੀ। ਉਚੇਚ ਵਾਲੀ ਗੱਲ ਇਸ ਤਰ੍ਹਾਂ ਕਿ ਗਿਆਨੀ ਕੇਸਰ ਸਿੰਘ ਨੇ ਆਪਣੇ ਨਿਵੇਕਲੇ ਜੀਵਨ-ਅਨੁਭਵ ਨੂੰ ਸੁਚੇਤ ਰੂਪ ਵਿਚ ਆਪਣੀ ਰਚਨਾ ਦੀ ਵਸਤ ਬਣਾਇਆ। ਵੀਹਵੀਂ ਸਦੀ ਦੇ ਦੂਸਰੇ ਦਹਾਕੇ ਵਿਚ ਉਸਦਾ ਜਨਮ ਉਦੋਂ ਹੋਇਆ ਜਦੋਂ ਰਾਸ਼ਟਰੀ ਜਾਗ੍ਰਤੀ ਦਾ ਅੰਦੋਲਨ ਉਭਰ ਰਿਹਾ ਸੀ ਅਤੇ ਜਿਸ ਸਮੇਂ ਉਹ ਜੁਆਨ ਹੋਇਆ ਉਸ ਸਮੇਂ ਇਹ ਅੰਦੋਲਨ ਸਮਾਜਕ ਸਭਿਆਚਾਰਕ ਅਤੇ ਰਾਜਨੀਤਕ ਆਪਣੇ ਕਿੰਨੇ ਹੀ ਪਾਸਾਰਾਂ ਸਹਿਤ ਪੂਰੀ ਤਰ੍ਹਾਂ ਮਘ ਚੁੱਕਿਆ ਸੀ। ਰਾਵਲਪਿੰਡੀ ਦੇ ਲਾਗੇ ਦੇ ਇਕ ਪਿੰਡ ਦਾ ਮਾਂ-ਪਿਉ ਬਾਹਰਾ ਕੇਸਰ ਸਿੰਘ ਅੰਮ੍ਰਿਤਸਰ ਦੇ ਖ਼ਾਲਸਾ ਯਤੀਮਖ਼ਾਨੇ ਤੋਂ ਹੁੰਦਾ ਹੋਇਆ 1936 ਵਿਚ ਮਲਾਇਆ ਦੇ ਸ਼ਹਿਰ ਪੀਨਾਂਗ ਪਹੁੰਚ ਗਿਆ ਸੀ। ਗੁਰਦੁਆਰੇ ਦੇ ਗ੍ਰੰਥੀ ਵਜੋਂ ਬਦੇਸ਼ ਗਏ ਨੌਜਵਾਨ ਕੇਸਰ ਸਿੰਘ ਨੂੰ ਹਾਲਾਤ ਨੇ ਅਜਿਹਾ ਘੇਰਿਆ ਕਿ ਪਤਾ ਹੀ ਨਾ ਲੱਗਾ ਕਿ ਉਹ ਕਿਸ ਸਮੇਂ ਦੇਸ਼ ਦੀ ਆਜ਼ਾਦੀ ਦੀ ਲਹਿਰ ਦਾ ਸਰਗਰਮ ਅੰਗ ਬਣਕੇ ਆਜ਼ਾਦ ਹਿੰਦ ਫ਼ੌਜ ਦਾ ਮੈਂਬਰ ਹੋ ਨਿਬੜਿਆ। ਮਲਾਇਆ, ਸਿੰਘਾਪੁਰ, ਥਾਈਲੈਂਡ, ਇੰਡੋਨੇਸ਼ੀਆ ਅਤੇ ਬਰ੍ਹਮਾ ਵਿਚ ਆਜ਼ਾਦੀ ਦੀ ਲਹਿਰ ਦੇ ਸੁਨੇਹੇ ਦੇ ਪ੍ਰਚਾਰ ਪਰਸਾਰ ਲਈ ਉਸਨੇ ਕਈ ਥਾਈਂ ਭ੍ਰਮਣ ਕੀਤਾ। ਦੂਸਰੀ ਸੰਸਾਰ ਜੰਗ ਦੌਰਾਨ

ਕੁਝ ਸਮਾਂ ਉਹ ਜਾਪਾਨੀਆਂ ਦੀ ਕੈਦ ਵਿਚ ਰਿਹਾ, ਜੰਗ ਦੇ ਮੋਰਚਿਆਂ ਨੂੰ ਨੇੜਿਉਂ ਵੇਖਿਆ ਅਤੇ ਮਾਨਵੀ ਦ੍ਰਿਸ਼ਟੀ ਤੋਂ ਜੰਗ ਦੀ ਬਰਬਰਤਾ ਦਾ ਅਨੁਭਵ ਵੀ ਗ੍ਰਹਿਣ ਕੀਤਾ।

ਸੱਤ ਸਾਲ ਪੂਰਬੀ ਏਸ਼ੀਆ ਵਿਚ ਰਹਿਕੇ ਆਜ਼ਾਦੀ ਤੋਂ ਕੁਝ ਸਮਾਂ ਪਹਿਲਾਂ 1946 ਵਿਚ ਦੇਸ਼ ਪਰਤਣ ਉਪਰੰਤ ਉਸਨੇ 1951 ਵਿਚ ਉਦੋਂ ਮੈਟਰਿਕ ਦਾ ਇਮਤਿਹਾਨ ਪਾਸ ਕੀਤਾ ਜਦੋਂ ਉਸਦੀ ਉਮਰ ਚਾਲੀ ਵਰ੍ਹਿਆਂ ਦੀ ਹੋ ਗਈ ਸੀ, ਅੰਗਰੇਜ਼ੀ ਜ਼ੁਬਾਨ ਵਿਚ ਇਕ ਕਿਤਾਬ ਛਪਵਾ ਚੁੱਕਾ ਸੀ ਅਤੇ ਕੁਝ ਸਮੇਂ ਲਈ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਦੇ ਪਦ ਉੱਤੇ ਵੀ ਰਹਿ ਚੁੱਕਾ ਸੀ। ਮੈਟਰਿਕ ਤੋਂ ਪਿੱਛੋਂ ਬੀ.ਏ.ਬੀ.ਟੀ. ਅਤੇ ਐੱਮ.ਏ. ਦੀ ਪੜ੍ਹਾਈ ਕਰਕੇ ਪੰਜਾਬ ਦੇ ਦੂਰ-ਦੁਰਾਡੇ ਦੇ ਕਈ ਪਿੰਡਾਂ ਵਿਚ ਸਕੂਲ ਅਧਿਆਪਨ ਕਰਨ ਵਾਲਾ ਕੇਸਰ ਸਿੰਘ ਉਹ ਵਿਅਕਤੀ ਸੀ ਜਿਸਨੂੰ ਆਜ਼ਾਦੀ ਤੋਂ ਪਹਿਲਾਂ ਜਵਾਹਰ ਲਾਲ ਨਹਿਰੂ ਦੇ ਨਿਵੇਕਲੇ ਨਿੱਜੀ ਸੰਗ ਦਾ ਮੌਕਾ ਮਿਲਿਆ ਸੀ। ਆਜ਼ਾਦ ਦੇਸ਼ ਦੇ ਵਿਚ ਲਗਭਗ 12 ਸਾਲ ਬਿਤਾਕੇ ਮੁੜ ਇੰਗਲੈਂਡ ਤੇ ਫਿਰ ਕੈਨੇਡਾ ਵਿਚ ਜਾ ਵਸਣਾ ਕੇਸਰ ਸਿੰਘ ਲਈ ਆਜ਼ਾਦੀ ਦੀ ਲਹਿਰ ਦੇ ਇਕ ਵੱਡੇ ਕਾਜ ਨੂੰ ਆਪਣੇ ਜੀਵਨ ਦਾ ਅੰਗ ਬਣਾ ਲੈਣ ਦਾ ਸਬੱਬ ਬਣਿਆ। 25 ਵਰ੍ਹਿਆਂ ਦੀ ਉਮਰ ਵਿਚ ਵਿਆਹੇ ਗਏ ਕੇਸਰ ਸਿੰਘ ਨੇ ਪਤਨੀ ਦੇ ਗੁਜ਼ਰ ਜਾਣ 'ਤੇ ਇੰਗਲੈਂਡ ਨਿਵਾਸ ਸਮੇਂ ਆਪਣੇ ਜੁਆਨ ਹੋ ਚੁੱਕੇ ਬੱਚਿਆਂ ਦੀ ਸਲਾਹ ਤੇ ਰਜ਼ਾਮੰਦੀ ਨਾਲ ਉਸ ਸਮੇਂ ਦੂਜੀ ਸ਼ਾਦੀ ਕੀਤੀ ਜਦੋਂ ਰਵਾਇਤੀ ਸਮਝ ਅਨੁਸਾਰ ਉਹ ਅੱਧਖੜ ਦੀ ਅਵਸਥਾ ਨੂੰ ਟੱਪ ਚੁੱਕਿਆ ਸੀ। ਜਦੋਂ ਉਸਨੇ ਦੁਬਾਰਾ ਯਾਨੀ ਇੰਗਲੈਂਡ ਤੇ ਅਮਰੀਕਾ ਵੱਲ ਪਰਵਾਸ ਕੀਤਾ ਉਦੋਂ ਉਹ ਆਪਣੀ ਜ਼ਿੰਦਗੀ ਦੀ ਅੱਧੀ ਸਦੀ ਦੇ ਨੇੜੇ ਢੁੱਕਣ ਵਾਲਾ ਸੀ ਅਤੇ ਐਨ ਏਨਾ ਹੀ ਸਮਾਂ ਉਸਨੇ ਪਰਵਾਸ ਵਿਚ ਬਿਤਾਇਆ।

ਕੇਸਰ ਸਿੰਘ ਦੇ ਅਸਾਧਾਰਨ ਜੀਵਨ-ਸਮਾਚਾਰਾਂ ਵਾਂਗ ਉਸਦੀ ਰਚਨਾਤਮਕਤਾ ਦਾ ਸਫ਼ਰ ਵੀ ਕਾਫ਼ੀ ਅਸਾਧਾਰਨ ਹੈ। ਜ਼ਿੰਦਗੀ ਦੇ ਮੁੱਢਲੇ ਵਰ੍ਹਿਆਂ ਵਿਚ ਹਾਲਾਤ ਹੀ ਅਜਿਹੇ ਸਨ ਕਿ ਸਾਹਿਤ-ਸਿਰਜਣਾ ਬਾਰੇ ਕੋਈ ਸੋਚ ਸਕਣ ਦੀ ਕੋਈ ਸੰਭਾਵਨਾ ਨਹੀਂ ਸੀ। ਜਵਾਨੀਆਂ ਦੀਆਂ ਬਰੂਹਾਂ ਉਤੇ ਖਲੋਤਾ ਉਹ ਇਕ ਕੀਰਤਨੀ ਜਥੇ ਦਾ ਸਦੱਸ ਸੀ। ਫਿਰ ਬਦੇਸ਼ ਵਿਚ ਗੁਰਦੁਆਰੇ ਦੇ ਗ੍ਰੰਥੀ ਦਾ ਪਦ ਅਤੇ ਆਜ਼ਾਦ ਹਿੰਦ ਫ਼ੌਜ ਵਿਚ ਸ਼ਮੂਲੀਅਤ। 1953 ਵਿਚ ਜਦ ਉਸਨੇ ਆਪਣਾ ਪਹਿਲਾ ਨਾਵਲ 'ਲਹਿਰ ਵਧਦੀ ਗਈ' ਲਿਖਿਆ ਤੇ ਛਪਵਾਇਆ ਉਦੋਂ ਉਹ ਜ਼ਿੰਦਗੀ ਦੇ ਚਾਰ ਦਹਾਕੇ ਪੂਰੇ ਕਰ ਚੁੱਕਿਆ ਸੀ। ਪੰਦਰਾਂ ਸਾਲ ਦੇ ਵਕਫ਼ੇ ਪਿਛੋਂ 1968 ਵਿਚ ਜਦ ਉਸਨੇ ਆਪਣਾ ਦੂਸਰਾ ਨਾਵਲ 'ਜੰਗੀ ਕੈਦੀ'

ਪ੍ਰਕਾਸ਼ਤ ਕਰਵਾਇਆ ਉਦੋਂ ਉਸਦੀ ਉਹ ਉਮਰ ਸੀ ਜਿਸ ਉਮਰ ਵਿਚ ਬਹੁਤੇ ਲੇਖਕ ਆਪਣੀ ਸਿਰਜਣਾਤਮਕਤਾ ਦੇ ਸਰੋਤਾਂ ਦੇ ਸੁੱਕ ਜਾਣ ਦਾ ਅਹਿਸਾਸ ਪਾਲਣ ਲਗਦੇ ਹਨ, ਜਦਕਿ ਕੇਸਰ ਸਿੰਘ ਲਈ ਜਿਵੇਂ ਇਹ ਸ਼ੁਰੂਆਤ ਹੀ ਸੀ। ਉਸ ਤੋਂ ਮਗਰੋਂ ਤਾਂ ਚਲ ਸੋ ਚਲ। ਕੇਸਰ ਸਿੰਘ ਦੀ ਰਚਨਾਤਮਕਤਾ ਦਾ ਘੇਰਾ ਭਾਵੇਂ ਕਵਿਤਾ ਤੇ ਵਾਰਤਕ ਵਿਚ ਵੀ ਫੈਲਿਆ ਪਰ ਉਸਦੀ ਵੱਡੀ ਪਛਾਣ ਇਕ ਨਾਵਲਕਾਰ ਦੀ ਹੀ ਬਣੀ। ਇਕ ਨਾਵਲਕਾਰ ਵਜੋਂ ਉਹ ਅਵੱਸ਼ ਬਹੁਤ ਜ਼ਰਖੇਜ਼ ਰਚਨਾਕਾਰ ਸੀ। ਗਿਣਤੀ ਅਤੇ ਆਕਾਰ ਦੇ ਪੱਖ ਤੋਂ ਉਸਦੀ ਨਾਵਲ-ਰਚਨਾ ਨਾਨਕ ਸਿੰਘ ਤੇ ਜਸਵੰਤ ਸਿੰਘ ਕੰਵਲ ਵਰਗੇ ਵੱਡੇ ਨਾਵਲਕਾਰਾਂ ਦੇ ਬਰਾਬਰ ਪੱਲਾ ਮੇਚਦੀ ਹੈ। ਉਸਦੇ ਪ੍ਰਕਾਸ਼ਤ ਹੋਏ ਨਾਵਲਾਂ ਦੀ ਗਿਣਤੀ ਇਕ ਘੱਟ ਵੀਹ ਹੈ ਜਦਕਿ ਕੁਝ ਨਾਵਲਾਂ ਦੇ ਪ੍ਰਕਾਸ਼ਤ ਹੋਣੋਂ ਰਹਿ ਜਾਣ ਦੀ ਵੀ ਸੂਚਨਾ ਮਿਲਦੀ ਹੈ। ਕੁਝ ਨਾਵਲ ਆਕਾਰ ਵਿਚ ਵੀ ਕਾਫੀ ਵੱਡੇ ਹਨ। ਇਹਨਾਂ ਵੱਡ-ਆਕਾਰੀ ਨਾਵਲਾਂ ਵਿਚ ਹੀ 'ਹਥਿਆਰਬੰਦ ਇਨਕਲਾਬ' ਨਾਉਂ ਦੀ ਨਾਵਲ-ਰਚਨਾ ਸ਼ਾਮਲ ਹੈ ਜੋ ਸ਼ਾਇਦ ਉਸਦੀ ਆਖ਼ਿਰੀ ਪ੍ਰਕਾਸ਼ਤ ਰਚਨਾ ਹੈ।

ਵਸਤੂ ਦੇ ਪੱਖ ਤੋਂ ਕੇਸਰ ਸਿੰਘ ਦੇ ਨਾਵਲਾਂ ਨੂੰ ਸਪੱਸ਼ਟ ਤੌਰ 'ਤੇ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੇ ਭਾਗ ਵਿਚ ਉਹ ਨਾਵਲ ਆਉਂਦੇ ਹਨ ਜਿਨ੍ਹਾਂ ਵਿਚ ਉਸਨੇ 1939 ਤੋਂ 1946 ਤਕ ਦੇ ਮਲਾਇਆ ਵਿਚਲੇ ਆਵਾਸ ਦੇ ਆਪਣੇ ਅਨੁਭਵਾਂ ਨੂੰ ਰੂਪਮਾਨ ਕੀਤਾ ਹੈ। ਇਨ੍ਹਾਂ ਅਨੁਭਵਾਂ ਵਿਚ ਹੀ ਆਜ਼ਾਦ ਹਿੰਦ ਫ਼ੌਜ ਦੀ ਸਰਗਰਮੀ ਅਤੇ ਦੂਜੀ ਸੰਸਾਰ ਜੰਗ ਨਾਲ ਸੰਬੰਧਤ ਵੇਰਵੇ ਸ਼ਾਮਲ ਹਨ। ਉਸਦੇ ਨਾਵਲਾਂ ਦੀ ਵਸਤ ਦਾ ਦੂਜਾ ਭਾਗ ਆਜ਼ਾਦੀ ਦੀ ਪ੍ਰਾਪਤੀ ਲਈ ਮਰ ਮਿਟਣ ਵਾਲੇ ਯੋਧਿਆਂ, ਖ਼ਾਸਕਰ ਗ਼ਦਰ ਪਾਰਟੀ ਦੀਆਂ ਜਥੇਬੰਦਕ ਸਰਗਰਮੀਆਂ ਅਤੇ ਗ਼ਦਰੀ ਸੂਰਬੀਰਾਂ ਦੀ ਕੁਰਬਾਨੀ ਦੀ ਗਾਥਾ ਨਾਲ ਸੰਬੰਧਤ ਹੈ। ਤੀਜੀ ਤਰ੍ਹਾਂ ਦੀ ਵਸਤ ਇੰਗਲੈਂਡ, ਕੈਨੇਡਾ ਤੇ ਅਮਰੀਕਾ ਵਰਗੇ ਵਿਕਸਤ ਪੂੰਜੀਵਾਦੀ ਦੇਸ਼ਾਂ ਵਿਚ ਪੰਜਾਬੀ ਪਰਵਾਸੀਆਂ ਦੇ ਜੀਵਨ-ਸਮਾਚਾਰਾਂ ਨੂੰ ਬਿਆਨਣ ਨਾਲ ਸੰਬੰਧਤ ਹੈ।

ਪਹਿਲੀ ਭਾਂਤ ਦੀ ਵਸਤ ਵਾਲੇ ਨਾਵਲਾਂ ਵਿਚ ਉਸਦੇ ਦੋਵੇਂ ਪਹਿਲੇ ਨਾਵਲਾਂ 'ਲਹਿਰ ਵਧਦੀ ਗਈ' ਅਤੇ 'ਜੰਗੀ ਕੈਦੀ' ਤੋਂ ਬਿਨਾਂ ਕਾਫੀ ਮਗਰੋਂ ਜਾ ਕੇ 1989 ਅਤੇ 1990 ਵਿਚ ਲਿਖੇ ਦੋ ਨਾਵਲਾਂ 'ਹੀਰੋਸ਼ੀਮਾ' ਅਤੇ 'ਇਕ ਮਾਂਗ ਸੰਧੂਰੀ' ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਪਹਿਲੇ ਨਾਵਲ 'ਲਹਿਰ ਵਧਦੀ ਗਈ' ਦਾ ਸਾਰਾ ਘਟਨਾ-ਸਥਲ ਮਲਾਇਆ ਤੇ ਸਿੰਘਾਪੁਰ ਦਾ ਹੈ। ਇਸ ਨਾਵਲ ਵਿਚ ਕੇਸਰ ਸਿੰਘ ਨੇ ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਯੋਗਦਾਨ ਪਾ ਰਹੇ

ਪੂਰਬੀ ਏਸ਼ੀਆਈ ਮੁਲਕਾਂ ਵਿਚ ਵਸੇ ਭਾਰਤੀ ਰਾਸ਼ਟਰਵਾਦੀਆਂ ਦੀਆਂ ਸਰਗਰਮੀਆਂ ਦਾ ਬਿਉਰਾ ਤਾਂ ਦਿੱਤਾ ਹੀ ਹੈ, ਨਾਲ ਦੀ ਨਾਲ ਚੀਨੀ ਰਾਸ਼ਟਰਵਾਦੀਆਂ ਦੇ ਸਰੋਕਾਰਾਂ ਨੂੰ ਵੀ ਭਾਰਤੀ ਕੌਮਪ੍ਰਸਤਾਂ ਦੇ ਨਾਲ ਜੋੜਕੇ ਇਕ ਸਮਾਨ ਕਰ ਦਿੱਤਾ ਹੈ। ਜੇ ਅੰਗਰੇਜ਼ੀ ਸਾਮਰਾਜ ਵੱਲੋਂ ਗ਼ੁਲਾਮ ਭਾਰਤ ਨਾਲ ਕੀਤੇ ਜਾ ਰਹੇ ਅਨਿਆਂ ਦੀ ਕਥਾ ਵਾਰਤਾ ਹੁੰਦੀ ਹੈ ਤਾਂ ਨਾਲ ਹੀ ਜਾਪਾਨ ਵੱਲੋਂ ਚੀਨੀ ਲੋਕਾਂ ਉੱਤੇ ਢਾਹੇ ਜਾ ਰਹੇ ਜ਼ੁਲਮਾਂ ਦੇ ਪਿਛੋਕੜ ਵਿਚ ਚੀਨੀ ਰਾਸ਼ਟਰਵਾਦੀ ਭਾਵਨਾਵਾਂ ਦੇ ਉਭਰਨ ਦਾ ਦ੍ਰਿਸ਼ ਵੀ ਸਾਹਮਣੇ ਆਉਂਦਾ ਹੈ। ਰਾਸ਼ਟਰਵਾਦ ਦੇ ਨਾਲ ਨਾਲ ਜਮਾਤੀ ਵਿਵਸਥਾ ਵਿਚ ਗ਼ਰੀਬ ਕਿਰਤੀਆਂ ਦੀ ਲੁੱਟ ਤੇ ਦਮਨ ਦਾ ਮਸਲਾ ਵੀ ਇਸ ਨਾਵਲ ਵਿਚੋਂ ਉਭਰਦਾ ਹੈ, ਜਿਸ ਦੇ ਅੰਤਰਗਤ ਲੇਖਕ ਦੀ ਵਿਗਸ ਰਹੀ ਸਮਾਜਵਾਦੀ ਸੋਚ ਦੀਆਂ ਕਨਸੋਆਂ ਵੀ ਆਉਣ ਲਗਦੀਆਂ ਹਨ। ਦੂਜੀ ਵੱਡੀ ਜੰਗ ਦੇ ਸਮਾਚਾਰਾਂ ਨੂੰ ਪਿਛੋਕੜ ਵਿਚ ਰੱਖਕੇ ਲਿਖਿਆ ਕੇਸਰ ਸਿੰਘ ਦਾ ਇਹ ਪਹਿਲਾ ਹੀ ਨਾਵਲ ਉਸ ਦਿਸ਼ਾ ਤੇ ਸੋਚ ਦਾ ਸੰਕੇਤ ਦਿੰਦਾ ਹੈ ਜਿਸ ਵਿਚ ਉਸਦੀ ਨਾਵਲਕਾਰੀ ਅਗਾਂਹ ਵਧੀ। ਇਸ ਨਾਵਲ ਵਿਚ ਗ਼ੈਰ ਪੰਜਾਬੀ ਪਾਤਰਾਂ ਦੀ ਮੌਜੂਦਗੀ ਅਤੇ ਪੰਜਾਬ ਤੋਂ ਬਹੁਤ ਦੂਰ-ਦੁਰਾਡੇ ਦਾ ਬਦੇਸ਼ ਵਿਚਲਾ ਘਟਨਾ-ਸਥਲ ਆਪਣੇ ਆਪ ਵਿਚ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਸ ਨਾਲ ਪੰਜਾਬੀ ਨਾਵਲਾਂ ਨੂੰ ਆਪਣੇ ਵਸਤੂ ਲਈ ਸਿਰਫ਼ ਪੰਜਾਬ ਅਤੇ ਪੰਜਾਬੀਆਂ ਤੋਂ ਅਗਾਂਹ ਜਾ ਕੇ ਇਕ ਅੰਤਰਰਾਸ਼ਟਰੀ ਪਾਸਾਰ ਮਿਲਦਾ ਹੈ। 1953 ਤਕ, ਜਦੋਂ ਇਹ ਨਾਵਲ ਲਿਖਿਆ ਗਿਆ, ਅਵੱਸ਼ ਹੀ ਸਮਾਜਵਾਦੀ ਚਿੰਤਨ ਦਾ ਪ੍ਰਭਾਵ ਪੰਜਾਬੀ ਸਾਹਿਤ-ਸਭਿਆਚਾਰ ਦੇ ਜਗਤ ਉਤੇ ਕਾਫ਼ੀ ਉਘੜਵਾਂ ਸੀ ਅਤੇ ਗਿਆਨੀ ਕੇਸਰ ਸਿੰਘ ਦਾ ਬਹੁਤ ਨਿਕਟਵਰਤੀ ਮਿੱਤਰ ਲੇਖਕ ਸੁਜਾਨ ਸਿੰਘ ਵੀ ਇਸੇ ਰੰਗ ਵਿਚ ਰੰਗਿਆ ਹੋਇਆ ਸੀ, ਇਸ ਲਈ ਇਸ ਨਾਵਲ ਵਿਚੋਂ ਸਮਾਜਵਾਦੀ ਤੇ ਮਾਨਵਵਾਦੀ ਸੁਰ ਦਾ ਉਭਰਨਾ ਤਾਂ ਕੋਈ ਬਹੁਤੀ ਅਸਾਧਾਰਨ ਗੱਲ ਨਹੀਂ, ਪਰ ਵਿਸ਼ੈ-ਵਸਤੂ, ਪਾਤਰਾਵਲੀ ਅਤੇ ਘਟਨਾ-ਸਥਲ ਵਜੋਂ ਇਸਦਾ ਦੇਸ਼ਾਂਤਰੀ ਪਾਸਾਰ, ਜੋ ਮਗਰੋਂ ਉਸਦੀ ਸਮੁੱਚੀ ਨਾਵਲ-ਰਚਨਾ ਦਾ ਵਸਤੂਗਤ ਲੱਛਣ ਬਣ ਗਿਆ, ਨਿਸ਼ਚੈ ਹੀ ਪੰਜਾਬੀ ਨਾਵਲ ਦੇ ਇਤਿਹਾਸ ਵਿਚ ਕੇਸਰ ਸਿੰਘ ਦੀ ਨਿਵੇਕਲੀ ਦੇਣ ਮੰਨੇ ਜਾਣ ਦੇ ਯੋਗ ਹੈ।

'ਜੰਗੀ ਕੈਦੀ', ਜੋ ਕੇਸਰ ਸਿੰਘ ਦਾ ਦੂਸਰਾ ਅਤੇ ਬਹੁ ਚਰਚਤ ਨਾਵਲ ਹੈ, ਇਕ ਤਰ੍ਹਾਂ ਨਾਵਲ 'ਲਹਿਰ ਵਧਦੀ ਗਈ' ਦਾ ਹੀ ਵਿਸਥਾਰ ਹੈ। 'ਲਹਿਰ ਵਧਦੀ ਗਈ' ਨਾਵਲ ਦੀਆਂ ਬਹੁਤ ਸਾਰੀਆਂ ਘਟਨਾਵਾਂ ਤੇ ਪਾਤਰ ਇਸ ਨਾਵਲ ਦੀ ਵਿਸਤ੍ਰਿਤ ਕਹਾਣੀ ਵਿਚ ਸਮੋ ਲਏ ਗਏ ਹਨ। ਇੰਝ ਇਸ ਨਾਵਲ

ਵਿਚ ਪਹਿਲੀ ਗੱਲ ਦਾ ਦੁਹਰਾਉ ਤਾਂ ਹੈ ਪਰ ਇਸਦੇ ਵੱਡੇ ਆਕਾਰ ਅਨੁਸਾਰ ਇਸਦੇ ਵਿਸ਼ੇ-ਵਸਤ ਦਾ ਘੇਰਾ ਵੀ 'ਲਹਿਰ ਵਧਦੀ ਗਈ' ਨਾਲੋਂ ਬਹੁਤ ਵਿਸਥਾਰ ਵਾਲਾ ਹੈ। ਇਸ ਨਾਵਲ ਵਿਚ ਦੂਜੀ ਵੱਡੀ ਜੰਗ ਦੌਰਾਨ ਇਕ ਬੰਨੇ ਜਾਪਾਨ-ਜਰਮਨੀ ਅਤੇ ਦੂਜੇ ਬੰਨੇ ਅੰਗਰੇਜ਼-ਅਮਰੀਕੀ ਧਿਰ ਦੇ ਰੋਲ ਅਤੇ ਯੁੱਧ ਖੇਤਰ ਵਿਚਲੇ ਉਤਰਾਵਾਂ ਚੜ੍ਹਾਵਾਂ ਦੇ ਨਾਲ, ਫ਼ੌਜੀ ਅਤੇ ਸਿਵਲ ਦੋਹਾਂ ਹੀ ਪੱਧਰਾਂ ਉਤੇ, ਸਾਧਾਰਨ ਲੋਕਾਂ ਦੀ ਤ੍ਰਾਸਦਕ ਹੋਣੀ ਪੇਸ਼ ਹੋਈ ਹੈ। ਇਸ ਵਿਚ ਜੰਗਬਾਜ਼ਾਂ ਵਜੋਂ ਜਾਪਾਨੀਆਂ ਦੀ ਕਰੂਰਤਾ ਵੀ ਉਵੇਂ ਸਾਹਵੇਂ ਆਉਂਦੀ ਹੈ, ਜਿਵੇਂ ਅੰਗਰੇਜ਼ ਅਮਰੀਕੀ ਇਤਹਾਦੀਆਂ ਦੀ। ਨਾਵਲ ਵਿਚ ਜੰਗੀ ਮੋਰਚਿਆਂ ਅਤੇ ਜੰਗੀ ਕੈਦੀਆਂ ਦੇ ਹਾਲਾਤ ਦਾ ਚਿਤਰਨ ਬਹੁਤ ਹਿਰਦੈ-ਸਪਰਸ਼ੀ ਢੰਗ ਨਾਲ ਹੋਇਆ ਹੈ। ਸਮੁੱਚੇ ਵਿਵਰਣ ਵਿਚੋਂ ਇਹ ਤੱਥ ਉਭਰਕੇ ਸਾਹਵੇਂ ਆਉਂਦਾ ਹੈ ਕਿ ਉਦੇਸ਼ ਭਾਵੇਂ ਕੋਈ ਵੀ ਹੋਵੇ, ਜੰਗ ਆਪਣੇ ਬੁਨਿਆਦੀ ਚਰਿੱਤਰ ਵਜੋਂ ਮਾਨਵਤਾ ਲਈ ਵੱਡੇ ਦੁੱਖ ਦਾ ਕਾਰਨ ਹੁੰਦੀ ਹੈ ਅਤੇ ਇਸੇ ਕਾਰਨ ਨਾਵਾਜਬ ਹੈ। ਜੰਗ ਦੌਰਾਨ ਔਰਤ ਉਤੇ ਜੋ ਜ਼ੁਲਮ ਢਹਿੰਦਾ ਹੈ, ਉਹ ਤਾਂ ਹੋਰ ਵੀ ਬਹੁਤ ਦੁਖਦਾਈ ਹੈ। ਇਸ ਨਾਵਲ ਵਿਚ ਆਜ਼ਾਦ ਹਿੰਦ ਫ਼ੌਜ ਦਾ ਅਤੇ 1914 ਵਿਚ ਦੇਸ਼ ਨੂੰ ਹਥਿਆਰਬੰਦ ਇਨਕਲਾਬ ਰਾਹੀਂ ਆਜ਼ਾਦ ਕਰਾਉਣ ਦੇ ਯਤਨ ਦੇ ਨਾਕਾਮ ਰਹਿ ਜਾਣ ਪਿਛੋਂ ਪੂਰਬੀ ਏਸ਼ੀਆ ਵਿਚਲੇ ਖਿੰਡੇ-ਪੁੰਡੇ ਗ਼ਦਰੀ ਸੂਰਬੀਰਾਂ ਵੱਲੋਂ ਪਹਿਲਾਂ ਜਿੰਨੇ ਸਿਰੜ ਨਾਲ ਹੀ ਕੰਮ ਕਰਦੇ ਰਹਿਣ ਦਾ ਵੀ ਪਤਾ ਲਗਦਾ ਹੈ।

ਨਾਵਲ 'ਹੀਰੋਸ਼ੀਮਾ' ਦੀ ਵਸਤ, ਜਿਵੇਂ ਕਿ ਨਾਮ ਤੋਂ ਹੀ ਪ੍ਰਤੱਖ ਹੈ, ਦੂਸਰੀ ਜੰਗ ਦੌਰਾਨ ਅਮਰੀਕਾ ਵੱਲੋਂ ਜਾਪਾਨ ਦੇ ਸ਼ਹਿਰ ਹੀਰੋਸ਼ੀਮਾ ਉਤੇ ਐਟਮ ਬੰਬ ਸੁੱਟਣ ਦੀ ਘਟਨਾ ਅਤੇ ਉਸਦੇ ਸਿੱਟੇ ਵਜੋਂ ਹੋਈ ਬੇਮਿਸਾਲ ਮਨੁੱਖੀ ਤਬਾਹੀ ਦੇ ਵੇਰਵਿਆਂ ਨਾਲ ਸਬੰਧਤ ਹੈ। ਇਸ ਨਾਵਲ ਦਾ ਘਟਨਾ-ਕ੍ਰਮ ਬੰਬ ਸੁੱਟੇ ਜਾਣ ਤੋਂ ਝੱਟ ਪਿੱਛੋਂ ਦੇ ਸਮਾਚਾਰਾਂ ਨੂੰ ਕਲਾਵੇ ਵਿਚ ਲੈਂਦਾ ਹੋਇਆ ਉਸ ਭਿਅੰਕਰਤਾ ਦਾ ਦਰਦਨਾਕ ਚਿਤਰ ਉਭਾਰਦਾ ਹੈ ਜਿਸ ਵਿਚੋਂ ਹੀਰੋਸ਼ੀਮਾ ਦੀ ਸਮੁੱਚੀ ਵਸੋਂ ਨੂੰ ਲੰਘਣਾ ਪਿਆ। ਕੇਸਰ ਸਿੰਘ ਨੇ ਬੇਗੁਨਾਹ ਜਾਪਾਨੀ ਜਨਤਾ ਉੱਤੇ ਢਲੇ ਕਹਿਰ ਦੀ ਬਾਤ ਜਿਸ ਸੰਵੇਦਨਸ਼ੀਲ ਢੰਗ ਨਾਲ ਇਸ ਨਾਵਲ ਵਿਚ ਪਾਈ ਹੈ ਉਸਤੋਂ ਉਸਦੀ ਮਾਨਵਵਾਦੀ ਚੇਤਨਾ ਦੇ ਪ੍ਰਚੰਡ ਹੋਣ ਦਾ ਭਰਵਾਂ ਸੁਨੇਹਾ ਮਿਲਦਾ ਹੈ। ਨਾਵਲ ਦੀ ਕਥਾ ਦਰਸਾਉਂਦੀ ਹੈ ਕਿ ਮਨੁੱਖ-ਹਿਤੈਸ਼ੀ ਅਤੇ ਮਨੁੱਖ-ਦੋਖੀ ਧਿਰਾਂ ਨੂੰ ਕਿਸੇ ਇਕ ਦੇਸ਼ ਜਾਂ ਕੌਮ ਦੇ ਖਾਨਿਆਂ ਵਿਚ ਸੀਮਤ ਕਰਕੇ ਨਹੀਂ ਵੇਖਿਆ ਜਾ ਸਕਦਾ। ਨਾ ਹੀ ਐਟਮ ਬੰਬ ਸੁੱਟਣ ਵਾਲੇ ਦੇਸ਼ ਅਮਰੀਕਾ ਦੇ ਸਾਰੇ ਲੋਕ ਅਤੇ ਨਾ ਹੀ ਇਸ ਦੀ ਮਾਰ ਵਿਚ ਆਉਣ ਵਾਲੇ ਜਾਪਾਨੀ ਸਾਰੇ ਇਕੋ

ਜਿਹੇ ਹਨ। ਬੰਬ ਦਾ ਸ਼ਿਕਾਰ ਹੋਣ ਵਾਲਿਆਂ ਵਿਚ ਹੋਰ ਅਨੇਕਾਂ ਨਿਰਦੋਸ਼ਿਆਂ ਦੇ ਨਾਲ ਉਹ ਜਾਪਾਨੀ ਵੀ ਸ਼ਾਮਲ ਹਨ ਜਿਨ੍ਹਾਂ ਨੇ ਖ਼ੁਦ ਕਿਸੇ ਸਮੇਂ ਚੀਨੀ ਲੋਕਾਂ ਉੱਤੇ ਜ਼ੁਲਮ ਢਾਹਿਆ ਸੀ ਅਤੇ ਬੰਬ ਨਾਲ ਹੋਈ ਤਬਾਹੀ ਪਿੱਛੋਂ ਲੋਕਾਂ ਦਾ ਦੁੱਖ-ਦਰਦ ਵੰਡਾਉਣ ਵਾਲਿਆਂ ਵਿਚ ਉਹ ਡਾਕਟਰ ਤੇ ਵਾਲੰਟੀਅਰ ਵੀ ਸ਼ਾਮਲ ਹਨ ਜਿਨ੍ਹਾਂ ਦੀ ਕੌਮੀਅਤ ਅਮਰੀਕਨ ਜਾਂ ਬ੍ਰਿਟਿਸ਼ ਹੈ। ਅਮਰੀਕਨ ਜਾਂ ਅੰਗਰੇਜ਼ ਹੋਣ ਕਰਕੇ ਕਿਤੇ ਕਿਤੇ ਸਥਾਨਕ ਲੋਕਾਂ ਦੇ ਰੋਹ ਦਾ ਸ਼ਿਕਾਰ ਹੁੰਦੇ ਇਹ ਭਲੇ ਪੁਰਖ ਡਾਕਟਰੀ ਸਹਾਇਤਾ ਪੁਚਾਉਣ ਦੇ ਆਪਣੇ ਕਰਮ ਵਿਚ ਪੂਰੀ ਲਗਨ ਨਾਲ ਰੁੱਝੇ ਨਜ਼ਰ ਆਉਂਦੇ ਹਨ। ਅੰਤਰਰਾਸ਼ਟਰੀਅਤਾ ਅਤੇ ਮਨੁੱਖੀ ਸਾਂਝ ਦੇ ਝੰਡੇ ਨੂੰ ਬੁਲੰਦ ਕਰਦਾ ਨਾਵਲ 'ਹੀਰੋਸ਼ੀਮਾ' ਅਵੱਸ਼ ਕੇਸਰ ਸਿੰਘ ਦੀ ਬਹੁਤ ਮਹੱਤਵਪੂਰਨ ਰਚਨਾ ਹੋ ਨਿਬੜਦਾ ਹੈ। ਨਾਵਲ ਵਿਚੋਂ ਭਵਿੱਖ ਵਿਚ ਸੰਸਾਰ ਜੰਗ ਅਤੇ ਐਟਮੀ ਹਥਿਆਰਾਂ ਦੀ ਵਰਤੋਂ ਦੇ ਭਿਅੰਕਰ ਸਿੱਟਿਆਂ ਵਿਰੁੱਧ ਚੌਕਸੀ ਉਭਰਦੀ ਹੈ। ਇਹ ਨਾਵਲ ਇਕ ਨਾਵਲਕਾਰ ਵਜੋਂ ਕੇਸਰ ਸਿੰਘ ਦੇ ਉਸ ਵੱਡੇ ਨਿਵੇਕਲੇ ਲੱਛਣ ਨਾਲ ਵੀ ਪਰਿਚਯ ਕਰਵਾਉਂਦਾ ਹੈ ਜਿਸ ਅਨੁਸਾਰ ਉਹ ਆਪਣੀ ਲਿਖਤ ਨੂੰ ਕਲਮ ਦੀ ਨੋਕ 'ਤੇ ਲਿਆਉਣ ਤੋਂ ਪਹਿਲਾਂ ਨਾਵਲੀ ਵਸਤੂ ਅਤੇ ਪਾਤਰਾਂ ਨਾਲ ਸੰਬੰਧਤ ਸਮੱਗਰੀ ਦੀ ਭਰਵੀਂ ਖੋਜ ਕਰਦਾ ਹੈ। 'ਇਕ ਮਾਂਗ ਸੰਧੂਰੀ' ਦੇ ਪਹਿਲੇ ਭਾਗ ਵਿਚ ਆਜ਼ਾਦ ਹਿੰਦ ਫ਼ੌਜ ਦੀ 'ਰਾਣੀ ਝਾਂਸੀ ਬਰੀਗੇਡ' ਵਜੋਂ ਸੰਗਠਤ ਕੀਤੀ ਔਰਤਾਂ ਦੀ ਟੁਕੜੀ ਆਜ਼ਾਦੀ ਦੀ ਲੜਾਈ ਵਿਚ ਪਾਏ ਯੋਗਦਾਨ ਦਾ ਵਰਨਣ ਹੈ ਜਦਕਿ ਦੂਜੇ ਹਿੱਸੇ ਵਿਚ ਆਜ਼ਾਦੀ ਉਪਰੰਤ ਦੇਸ਼ ਦੇ ਹਾਲਾਤ ਵਿਚ ਸੁਧਾਰ ਲਿਆਉਣ ਲਈ ਆਦਰਸ਼ਵਾਦੀ ਲੋਕਾਂ ਵੱਲੋਂ ਕੀਤੇ ਜਾਣ ਵਾਲੇ ਯਤਨਾਂ ਦੇ ਰਾਹ ਦੀਆਂ ਔਕੜਾਂ ਦਾ ਵੇਰਵਾ ਹੈ।

ਕੇਸਰ ਸਿੰਘ ਦੇ ਨਾਵਲਾਂ ਦੀ ਵਸਤ ਦਾ ਦੂਜਾ ਪਰ ਸ਼ਭ ਤੋਂ ਪ੍ਰਮੁੱਖ ਸਰੋਕਾਰ ਆਜ਼ਾਦੀ ਦੀ ਲਹਿਰ ਦੇ ਉਸ ਚੈਪਟਰ ਨਾਲ ਸੰਬੰਧਤ ਹੈ ਜੋ ਮਹਾਤਮਾ ਗਾਂਧੀ ਦੇ ਅਹਿੰਸਾ ਦੇ ਸੰਕਲਪ ਤੋਂ ਅਗਾਂਹ ਜਾ ਕੇ ਹਥਿਆਰਾਂ ਨਾਲ ਜਾਂ ਅੰਗਰੇਜ਼-ਵਿਰੋਧੀ ਸ਼ਕਤੀਆਂ ਨਾਲ ਹੱਥ ਮਿਲਾ ਕੇ ਬਸਤੀਵਾਦੀ ਗ਼ੁਲਾਮੀ ਤੋਂ ਛੁਟਕਾਰਾ ਪਾਉਣ ਲਈ ਕਾਰਜਸ਼ੀਲ ਸੀ। ਆਜ਼ਾਦੀ ਦੀ ਲਹਿਰ ਦੇ ਇਸ ਅੰਗ ਵਿਚ ਅਮਰੀਕਾ ਵਿਚ ਸਥਾਪਤ ਹੋਈ ਹਿੰਦੁਸਤਾਨ ਗ਼ਦਰ ਪਾਰਟੀ ਦਾ ਰੋਲ ਬਹੁਤ ਅਹਿਮ ਹੈ। ਕੇਸਰ ਸਿੰਘ ਦੇ ਇਸ ਵੰਨਗੀ ਦੇ ਪਹਿਲੇ ਦੋ ਨਾਵਲ 'ਸ਼ਹੀਦ ਊਧਮ ਸਿੰਘ' ਅਤੇ 'ਮਦਨ ਲਾਲ ਢੀਂਗਰਾ' ਭਾਵੇਂ ਸਿੱਧੇ ਤੌਰ 'ਤੇ ਗ਼ਦਰ ਪਾਰਟੀ ਦੀ ਜੱਥੇਬੰਦਕ ਸਰਗਰਮੀ ਦੇ ਘੇਰੇ ਵਿਚ ਨਹੀਂ ਆਉਂਦੇ ਪਰ ਉਹਨਾਂ ਵਿਚੋਂ ਗਾਂਧੀਵਾਦ ਨਾਲੋਂ ਵੱਖਰੇ ਢੰਗ ਨਾਲ ਆਜ਼ਾਦੀ ਦੀ ਪ੍ਰਾਪਤੀ ਦੀ ਖ਼ਾਤਰ ਜੂਝਣ ਵਾਲੇ

ਯੋਧਿਆਂ ਦੀ ਵਾਰਤਾ ਨਿਵੇਕਲੇ ਤੇ ਉਘੜਵੇਂ ਰੂਪ ਵਿਚ ਕਹਿਣ ਦੀ ਰੁਚੀ ਸਪੱਸ਼ਟ ਵਿਖਾਈ ਦਿੰਦੀ ਹੈ। ਇਹਨਾਂ ਨਾਵਲਾਂ ਵਿਚ ਲਾਲਾ ਹਰਦਿਆਲ ਅਤੇ ਵੀਰ ਸਾਵਰਕਰ ਵਰਗੇ ਲੀਡਰਾਂ ਦਾ ਪਾਤਰਾਂ ਵਜੋਂ ਆਉਣਾ ਇਹੀ ਦਰਸਾਉਂਦਾ ਹੈ ਕਿ ਇਹ ਨਾਵਲ ਵੀ ਗ਼ਦਰ ਪਾਰਟੀ ਦੇ ਉਦੇਸ਼ ਤੇ ਪ੍ਰਭਾਵ ਖੇਤਰ ਦੀ ਕਥਾ ਕਰਨ ਤੋਂ ਬਹੁਤਾ ਦੂਰ ਨਹੀਂ। ਇਹਨਾਂ ਦੋ ਨਾਵਲਾਂ ਤੋਂ ਪਿੱਛੋਂ ਗ਼ਦਰੀ ਸੂਰਬੀਰਾਂ ਦੀ ਗਾਥਾ ਲੜੀਬੱਧ ਰੂਪ ਵਿਚ ਬਿਆਨ ਕਰਨ ਨੂੰ ਤਾਂ ਕਿਵੇਂ ਕੇਸਰ ਸਿੰਘ ਨੇ ਆਪਣਾ ਮਿਸ਼ਨ ਹੀ ਬਣਾ ਲਿਆ। 'ਬਾਬਾ ਹਰੀ ਸਿੰਘ ਉਸਮਾਨ', 'ਸ਼ਹੀਦ ਮੇਵਾ ਸਿੰਘ ਲੋਪੋਕੇ', 'ਸਿੰਘ ਸਾਹਿਬ ਦੀ ਸ਼ਹਾਦਤ', 'ਜੰਞ ਲਾੜਿਆਂ ਦੀ', 'ਗ਼ਦਰੀ ਗੁਲਾਬ', 'ਗ਼ੱਦਾਰ', 'ਕਾਮਾਗਾਟਾ ਮਾਰੂ' ਅਤੇ 'ਹਥਿਆਰਬੰਦ ਇਨਕਲਾਬ' ਇਸ ਕੜੀ ਦੇ ਅਹਿਮ ਨਾਵਲ ਹਨ। ਗ਼ਦਰ ਲਹਿਰ ਅਤੇ ਆਜ਼ਾਦੀ ਦੀ ਲੜਾਈ ਦੇ ਦੂਸਰੇ ਅੰਗਾਂ, ਜੋ ਮਹਾਤਮਾ ਗਾਂਧੀ ਦੇ ਅਹਿੰਸਾ ਦੇ ਮਾਰਗ ਤੋਂ ਅਗਾਂਹ ਬਸਤੀਵਾਦੀ ਅੰਗਰੇਜ਼ ਹਾਕਮ ਨੂੰ ਦੇਸ਼ ਤੋਂ ਬਾਹਰ ਕੱਢਣ ਲਈ ਅੰਤਾਂ ਦੀ ਕੁਰਬਾਨੀ ਦੇ ਜਜ਼ਬੇ ਨਾਲ ਗੜੁੱਚ ਪੂਰੀ ਤਰ੍ਹਾਂ ਸਰਗਰਮ ਸਨ, ਨੂੰ ਸਾਹਵੇਂ ਲਿਆਉਣਾ ਇਸ ਲਈ ਵੀ ਮਹੱਤਵਪੂਰਨ ਹੈ ਕਿ ਦੇਸ਼ ਦੀ ਆਜ਼ਾਦੀ ਤੋਂ ਪਿੱਛੋਂ ਇਹਨਾਂ ਅੰਗਾਂ ਦੀ ਕਰਨੀ ਨੂੰ ਵੇਲੇ ਦੀ ਹਕੂਮਤ ਨੇ ਅਣਗੌਲਿਆਂ ਕੀਤਾ ਹੈ।

ਜਿਥੇ ਕਾਂਗਰਸ ਪਾਰਟੀ ਦੇ ਰੂਪ ਵਿਚ ਆਜ਼ਾਦੀ ਦੇ ਅੰਦੋਲਨ ਦੀ ਲੀਡਰਸ਼ਿਪ ਦੇਸ਼ ਦੇ ਪੂੰਜੀਪਤੀ ਵਰਗ ਦੇ ਹੱਥਾਂ ਵਿਚ ਸੀ ਉਥੇ ਹਿੰਦੁਸਤਾਨ ਗ਼ਦਰ ਪਾਰਟੀ ਦੇ ਸੰਗਠਨ ਵਿਚਲੇ ਕਾਰਕੁੰਨ ਅਤੇ ਆਗੂ ਮੁਕਾਬਲਤਨ ਕਿਰਤੀ ਵਰਗ ਵਿਚੋਂ ਆਏ ਸਨ। ਇਸ ਲਈ ਕੇਸਰ ਸਿੰਘ ਦੇ ਇਸ ਵੰਨਗੀ ਦੇ ਨਾਵਲਾਂ ਦੇ ਪਾਤਰ, ਜੋ ਸੱਚਮੁੱਚ ਦੀਆਂ ਇਤਿਹਾਸਕ ਸ਼ਖ਼ਸੀਅਤਾਂ ਹਨ, ਆਜ਼ਾਦੀ ਦੀ ਜੰਗ ਵਿਚ ਉਸ ਵੱਡੀ ਸ਼ਕਤੀ ਦੇ ਰੋਲ ਨੂੰ ਸਾਹਵੇਂ ਲਿਆਉਂਦੇ ਹਨ, ਜਿਸ ਦਾ ਤੁਆਲਕ ਜਨ ਸਾਧਾਰਨ ਨਾਲ ਸੀ। ਕੇਸਰ ਸਿੰਘ ਨੇ ਭਾਈ ਬਲਵੰਤ ਸਿੰਘ, ਮੇਵਾ ਸਿੰਘ ਲੋਪੋਕੇ, ਹਰੀ ਸਿੰਘ ਉਸਮਾਨ, ਬੀਬੀ ਗੁਲਾਬ ਕੌਰ ਵਰਗੇ ਗ਼ਦਰੀ ਸ਼ਹੀਦਾਂ ਤੇ ਸੰਗਰਾਮੀਆਂ ਨੂੰ ਜਿਥੇ ਇਕੱਲੇ-ਇਕੱਲੇ ਨਾਵਲ ਦਾ ਵਿਸ਼ਾ ਬਣਾਇਆ ਹੈ, ਉਥੇ 'ਜੰਞ ਲਾੜਿਆਂ ਦੀ', 'ਗੱਦਾਰ', 'ਕਾਮਾਗਾਟਾ ਮਾਰੂ' ਅਤੇ 'ਹਥਿਆਰਬੰਦ ਇਨਕਲਾਬ' ਵਿਚ ਸਮੁੱਚੇ ਤੌਰ 'ਤੇ ਗ਼ਦਰੀਆਂ ਤੇ ਦੂਜੇ ਜੁਝਾਰੂ ਦੇਸ਼ ਭਗਤਾਂ ਨੂੰ ਪਾਤਰਾਂ ਵਲੋਂ ਲਿਆ ਹੈ। ਇਹਨਾਂ ਪਾਤਰਾਂ ਦੀ ਨਾਇਕ ਨਾਇਕਾਵਾਂ ਵਜੋਂ ਭਾਵੇਂ ਨਿਵੇਕਲੀ ਪਛਾਣ ਨਹੀਂ ਬਣੀ, ਪਰ ਇਹਨਾਂ ਦੀ ਕਰਨੀ ਕਿਸੇ ਤਰ੍ਹਾਂ ਵੀ ਨਾਇਕਤਵ ਤੋਂ ਘੱਟ ਨਹੀਂ। ਬਹੁਤ ਹਾਲਤਾਂ ਵਿਚ ਇਤਿਹਾਸਕ ਘਟਨਾਵਾਂ ਨੂੰ ਪੇਸ਼ ਕਰਦੇ ਕੇਸਰ ਸਿੰਘ ਦੇ ਇਹ ਨਾਵਲ ਨਿਰੋਲ ਨਾਵਲ ਰੂਪ ਦੀ ਥਾਂ ਜੀਵਨੀ,

ਇਤਿਹਾਸ ਤੇ ਨਾਵਲ ਦਾ ਸੁਮੇਲ ਹੋ ਨਿਬੜਦੇ ਹਨ। 'ਹਥਿਆਰਬੰਦ ਇਨਕਲਾਬ' ਜੋ ਨਾ ਕੇਵਲ ਕੇਸਰ ਸਿੰਘ ਦੀਆਂ ਰਚਨਾਵਾਂ ਵਿਚ ਸਗੋਂ ਸਮੁੱਚੇ ਪੰਜਾਬੀ ਨਾਵਲ-ਸਾਹਿਤ ਵਿਚ, ਕਰਤਾਰ ਸਿੰਘ ਦੁੱਗਲ ਦੀ ਤ੍ਰੈਲੜੀ 'ਪੁੱਤ ਸਪੁੱਤ ਕਰੇਨ' ਨੂੰ ਛੱਡਕੇ, ਸਭ ਤੋਂ ਵੱਡੇ ਆਕਾਰ ਦੀ ਨਾਵਲ-ਰਚਨਾ ਹੈ, ਇਸ ਵੰਨਗੀ ਦੇ ਉਸਦੇ ਪਹਿਲੇ ਸਾਰੇ ਨਾਵਲਾਂ ਦਾ ਇਕ ਸਮੱਗਰ ਰੂਪਾਂਤਰ ਹੈ। ਇਸ ਨਾਵਲ ਦੇ ਛੇ ਵੱਖਰੇ-ਵੱਖਰੇ ਉਪ ਸਿਰਲੇਖ 'ਯੁਗਾਂਤਰ ਬੰਬ', 'ਗੱਜੇ ਸ਼ੇਰ ਵਲੈਤ ਵਿਚ', 'ਯੁਗਾਂਤਰ ਆਸ਼ਰਮ', 'ਗ਼ਦਰ', 'ਮਾਰੋ ਫ਼ਿਰੰਗੀ', 'ਜੇਲ੍ਹਾਂ ਵਤਨੋਂ ਦੂਰ' ਅਤੇ 'ਹਥਿਆਰਬੰਦ ਇਨਕਲਾਬ' ਇਕ ਤਰ੍ਹਾਂ ਸੱਤ ਸੁਤੰਤਰ ਨਾਵਲ ਪ੍ਰਤੀਤ ਹੁੰਦੇ ਹਨ, ਜਿਨ੍ਹਾਂ ਨੂੰ ਇਤਿਹਾਸਕ ਪ੍ਰਸੰਗ ਵਿਚ ਇਕ ਕੜੀ ਵਿਚ ਪਰੋਇਆ ਗਿਆ ਹੈ। ਇਸ ਵੰਨਗੀ ਦੇ ਨਾਵਲਾਂ ਦੁਆਰਾ ਹੀ ਇਕ ਰਾਸ਼ਟਰਵਾਦੀ ਨਾਵਲਕਾਰ ਵਜੋਂ ਕੇਸਰ ਸਿੰਘ ਦੀ ਵੱਖਰੀ ਪਛਾਣ ਉਭਰਦੀ ਹੈ। ਭਾਵੇਂ ਕੁਝ ਹੋਰ ਲੇਖਕਾਂ ਨੇ ਵੀ ਆਜ਼ਾਦੀ ਦੇ ਸੰਗਰਾਮੀਆਂ ਦੇ ਜੀਵਨ ਨੂੰ ਕਿਤੇ ਕਿਤੇ ਨਾਵਲੀ ਵਸਤ ਬਣਾਇਆ ਹੈ ਪਰ ਕੇਸਰ ਸਿੰਘ ਵਾਂਗ ਨਿੱਠਕੇ ਕੌਮੀ ਮੁਕਤੀ ਦੇ ਸੰਗਰਾਮ ਨੂੰ ਆਪਣੇ ਨਾਵਲਾਂ ਵਿਚ ਹੋਰ ਕਿਸੇ ਨੇ ਨਹੀਂ ਸਮੋਇਆ।

ਵਸਤ ਦੇ ਪੱਖ ਤੋਂ ਕੇਸਰ ਸਿੰਘ ਦੇ ਨਾਵਲਾਂ ਦਾ ਤੀਜਾ ਵਰਗ ਪੰਜਾਬੀਆਂ ਦੇ ਪਰਵਾਸ ਅਨੁਭਵ ਨਾਲ ਸੰਬੰਧਤ ਹੈ। ਪਰਵਾਸੀ ਪੰਜਾਬੀ ਲੇਖਕਾਂ ਦੀ ਗਿਣਤੀ ਦੇ ਵਧਣ ਨਾਲ ਹੁਣ ਪਰਵਾਸ ਅਨੁਭਵ ਦੇ ਰਚਨਾਤਮਕ ਸਾਹਿਤ ਦੀ ਪ੍ਰਾਪਤੀ ਕਾਫ਼ੀ ਗੌਲਣਯੋਗ ਹੋ ਗਈ ਹੈ ਅਤੇ ਇੰਝ ਪਰਵਾਸ ਅਨੁਭਵ ਦਾ ਵਿਸ਼ਾ ਕੋਈ ਓਪਰਾ ਨਹੀਂ ਰਿਹਾ। ਐਪਰ ਰਾਸ਼ਟਰਵਾਦੀ ਨਾਵਲਾਂ ਦੇ ਲੇਖਕ ਵਜੋਂ ਕੇਸਰ ਸਿੰਘ ਦੀ ਵੱਡੀ ਪਛਾਣ ਦੇ ਪਿਛੋਕੜ ਵਿਚ ਇਹ ਗੱਲ ਕਾਫੀ ਹੱਦ ਤੱਕ ਲੁਕੀ ਰਹੀ ਹੈ ਕਿ ਇੰਗਲੈਂਡ, ਕੈਨੇਡਾ ਤੇ ਅਮਰੀਕਾ ਵਿਚ ਪੰਜਾਬੀਆਂ ਦੇ ਪਰਵਾਸ ਨੂੰ ਰਚਨਾਤਮਕ ਗਲਪ ਦੀ ਵਸਤ ਬਣਾਉਣ ਵਾਲਾ ਜੇ ਉਹ ਪਹਿਲਾ ਨਹੀਂ ਤਾਂ ਮਹੱਤਵਪੂਰਨ ਹਸਤਾਖਰ ਜ਼ਰੂਰ ਹੈ। ਇਸ ਵਸਤ ਵਾਲੇ ਕੇਸਰ ਸਿੰਘ ਦੇ ਨਾਵਲਾਂ ਵਿਚ 'ਵਾਰੇ ਸ਼ਾਹ ਦੀ ਮੌਤ', 'ਲੰਡਨ ਰੋਡ', 'ਗਰੀਨ ਕਾਰਡ', 'ਤੀਜੀ ਪੀਹੜੀ' ਅਤੇ 'ਮਨੁੱਖਤਾ ਦੀ ਮੌਤ' ਸ਼ਾਮਲ ਕੀਤੇ ਜਾ ਸਕਦੇ ਹਨ। ਵਿਕਸਤ ਪੂੰਜੀਵਾਦੀ ਮੁਲਕਾਂ ਵਿਚ ਪੰਜਾਬੀਆਂ ਦੇ ਪਰਵਾਸ ਦੇ ਮਸਲੇ ਦੇ ਵਿਭਿੰਨ ਪਾਸਾਰ ਆਰਥਿਕ ਖ਼ੁਸ਼ਹਾਲੀ ਲਈ ਸੰਘਰਸ਼, ਭੂ ਹੇਰਵਾ, ਨਸਲੀ ਵਿਤਕਰਾ, ਸਭਿਆਚਾਰਕ ਦਵੰਦ, ਪੀਹੜੀ ਪਾੜਾ ਅਤੇ ਆਪਣੀ ਪਛਾਣ ਲਈ ਜਦੋ-ਜਹਿਦ ਦੂਸਰੇ ਪੰਜਾਬੀ ਪਰਵਾਸੀ ਲੇਖਕਾਂ ਦੇ ਸਾਹਿਤ ਵਾਂਗ ਉਸਦੇ ਨਾਵਲਾਂ ਵਿਚ ਵੀ ਬਾਖ਼ੂਬੀ ਸਾਕਾਰ ਹੋਏ ਹਨ। ਸਗੋਂ ਕੇਸਰ ਸਿੰਘ ਦੇ ਇਸ ਵਸਤ

ਵਾਲੇ ਨਾਵਲਾਂ ਦੇ ਨਿਵੇਕਲਾਪਨ ਇਸ ਤੱਥ ਵਿਚ ਮੌਜੂਦ ਹੈ ਕਿ ਉਸਨੇ ਮੁਕਾਬਲਤਨ ਪਹਿਲੇ ਪੜਾਅ ਦੇ ਪਰਵਾਸੀਆਂ ਦੇ ਜੀਵਨ-ਸਮਾਚਾਰਾਂ ਨੂੰ ਆਪਣੇ ਨਾਵਲਾਂ ਦੀ ਵਸਤ ਬਣਾਇਆ ਹੈ। ਉਸਦੇ ਇਹਨਾਂ ਨਾਵਲਾਂ ਵਿਚੋਂ ਕਈ ਹਾਲਤਾਂ ਵਿਚ ਉਹ ਪਾਤਰ ਝਾਤੀ ਮਾਰਦੇ ਹਨ ਜੋ ਬਹੁਤ ਪਹਿਲਾਂ ਪਰਦੇਸ ਚਲੇ ਗਏ ਸਨ ਅਤੇ ਜੋ ਗ਼ਦਰ ਪਾਰਟੀ ਤੇ ਹੋਰ ਰਾਸ਼ਟਰਵਾਦੀਆਂ ਨਾਲ ਜੁੜੇ ਰਹੇ ਜਾਂ ਉਹਨਾਂ ਦੇ ਲਾਗੇ-ਚਾਗੇ ਵਿਚਰਦੇ ਰਹੇ ਸਨ। ਇਸ ਲਈ ਇਹਨਾਂ ਨਾਵਲਾਂ ਵਿਚ ਪੰਜਾਬੀਆਂ ਦੇ ਨਾਲ ਨਾਲ ਗੋਰੇ, ਕਾਲੇ ਤੇ ਮੈਕਸੀਕਨ ਪਾਤਰ ਵੀ ਵੇਖੇ ਜਾ ਸਕਦੇ ਸ਼ਨ, ਕਈ ਹਾਲਤਾਂ ਵਿਚ ਜਿਨ੍ਹਾਂ ਦਾ ਪੰਜਾਬੀ ਪਾਤਰਾਂ ਨਾਲ ਪਰਿਵਾਰਕ ਰਿਸ਼ਤੇ ਦੀ ਪੱਧਰ 'ਤੇ ਸੰਬੰਧ ਵੀ ਜੁੜਿਆ ਹੋਇਆ ਹੈ। ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਆਪਣੀਆਂ ਮੂਲ ਭੋਂ ਤੋਂ ਲਗਭਗ ਪੂਰੀ ਤਰ੍ਹਾਂ ਟੁੱਟੇ ਮੁੱਢਲੇ ਪੰਜਾਬੀ ਪਰਵਾਸੀਆਂ ਦੇ ਮੈਕਸੀਕਨ ਜਾਂ ਗੋਰੀਆਂ ਔਰਤਾਂ ਨਾਲ ਵਿਆਹ ਰਚਾਕੇ ਪਰਿਵਾਰ ਬੰਨ੍ਹਣ ਉਪਰੰਤ ਵੱਖਰੇ ਵੱਖਰੇ ਪਿਛੋਕੜ ਵਾਲੇ ਮਾਂ ਤੇ ਪਿਉ ਦੀ ਔਲਾਦ ਦੇ ਸਮਾਜਕ ਰੁਤਬੇ ਤੇ ਵਿਹਾਰ ਦਾ ਬਿਰਤਾਂਤ ਪਰਵਾਸੀ ਅਨੁਭਵ ਵਾਲੇ ਪੰਜਾਬੀ ਗਲਪ ਵਿਚ ਵੀ ਗਿਆਨੀ ਕੇਸਰ ਸਿੰਘ ਦੇ ਨਾਵਲਾਂ ਨੂੰ ਵਿਲੱਖਣ ਵਸਤੂ ਪਛਾਣ ਦਿੰਦਾ ਹੈ।

ਤਿੰਨਾਂ ਹੀ ਪ੍ਰਕਾਰ ਦੀ ਵਸਤੂ ਵਾਲੇ ਆਪਣੇ ਨਾਵਲਾਂ ਨੂੰ ਕੇਸਰ ਸਿੰਘ ਨੇ ਕਲਾਤਮਕ ਪੱਖ ਤੋਂ ਲਗਪਗ ਇਕੋ ਤਰ੍ਹਾਂ ਦੀ ਪਹੁੰਚ ਨਾਲ ਪੇਸ਼ ਕੀਤਾ ਹੈ, ਜਿਸਨੂੰ ਦਸਤਾਵੇਜ਼ੀ ਪਹੁੰਚ ਦਾ ਨਾਂ ਦਿੱਤਾ ਜਾ ਸਕਦਾ ਹੈ। ਉਸਦੀ ਪੂਰੀ ਕੋਸ਼ਿਸ਼ ਰਹੀ ਹੈ ਕਿ ਉਹ ਸਿਰਜਣਾਤਮਕ ਗਲਪ ਦੀ ਰਚਨਾ ਕਰਦਾ ਹੋਇਆ ਵੀ ਗਲਪ ਨਾਲੋਂ ਯਥਾਰਥ ਦੇ ਵਧੇਰੇ ਨੇੜੇ ਰਹੇ। ਗ਼ਦਰ ਪਾਰਟੀ ਅਤੇ ਆਜ਼ਾਦੀ ਦੀ ਲਹਿਰ ਨਾਲ ਸੰਬੰਧਤ ਨਾਵਲ ਤਾਂ ਅਵੱਸ਼ ਹੀ ਇਕ ਤਰ੍ਹਾਂ ਦੇ ਦਸਤਾਵੇਜ਼ ਹਨ, ਜਿਨ੍ਹਾਂ ਨੂੰ ਪ੍ਰਮਾਣਕਤਾ ਦਾ ਦਰਜ਼ਾ ਦੁਆਉਣ ਲਈ ਕੇਸਰ ਸਿੰਘ ਨੇ ਉਚੇਚਾ ਯਤਨ ਕੀਤਾ ਹੈ। ਗਿਆਨੀ ਕੇਸਰ ਸਿੰਘ ਦੇ ਆਪਣੇ ਦੱਸਣ ਅਨੁਸਾਰ ਬਾਬਾ ਸੋਹਣ ਸਿੰਘ ਭਕਨਾ ਦੀ ਪ੍ਰੇਰਨਾ ਉੱਤੇ ਉਸਨੇ ਆਜ਼ਾਦੀ ਦੇ ਸੰਗਰਾਮ ਵਿਚ ਗ਼ਦਰ ਪਾਰਟੀ ਦੇ ਰੋਲ ਨੂੰ ਉਭਾਰਨ ਲਈ ਲਿਖਣ ਦਾ ਬੀੜਾ ਚੁੱਕਿਆ ਸੀ। ਇੰਗਲੈਂਡ ਪਹੁੰਚਣ ਉੱਤੇ ਉਸਨੇ ਕਾਫ਼ੀ ਸਮਾਂ ਲੰਡਨ ਦੀ ਇੰਡੀਆ ਆਫ਼ਿਸ ਲਾਇਬਰੇਰੀ ਵਿਚ ਇਸ ਸੰਬੰਧੀ ਖੋਜ ਕੀਤੀ ਸੀ ਅਤੇ ਅਗਾਂਹ ਹੋਰ ਖੋਜ ਨੂੰ ਸਹਿਲ ਬਣਾਉਣ ਲਈ ਕਾਨੂੰਨ ਦੀ ਪੜ੍ਹਾਈ ਵਾਸਤੇ ਵਿਧੀਵਤ ਦਾਖਲਾ ਵੀ ਲਿਆ ਸੀ। ਕੈਨੇਡਾ ਪਰਵਾਸ ਕਰਨ ਉਪਰੰਤ ਉਹ ਵੈਨਕੂਵਰ ਸ਼ਹਿਰ ਅਤੇ ਗ਼ਦਰੀਆਂ ਦੀ ਸਰਗਰਮੀ ਵਾਲੀਆਂ ਬ੍ਰਿਟਿਸ਼ ਕੋਲੰਬੀਆ ਦੀਆਂ ਹੋਰ ਥਾਵਾਂ ਤੋਂ ਬਿਨਾਂ ਅਮਰੀਕਾ ਦੇ ਸ਼ਹਿਰ

ਸਾਨਫ੍ਰਾਂਸਿਸਕੋ ਵੀ ਗਿਆ ਜਿਥੇ ਗ਼ਦਰ ਪਾਰਟੀ ਦਾ ਹੈਡਕੁਆਰਟਰ ਸੀ। ਉਪਰੰਤ ਉਸਨੇ ਕੈਲੇਫੋਰਨੀਆਂ, ਔਰੀਗਨ ਤੇ ਵਾਸ਼ਿੰਗਟਨ ਆਦਿ ਅਮਰੀਕਨ ਰਿਆਸਤਾਂ ਵਿਚ ਘੁੰਮਕੇ ਸਾਬਕਾ ਗ਼ਦਰੀਆਂ ਅਤੇ ਉਹਨਾਂ ਦੇ ਰਿਸ਼ਤੇਦਾਰਾਂ ਤੇ ਸੰਗੀਆਂ ਨਾਲ ਸੰਪਰਕ ਕਰਕੇ ਇਤਿਹਾਸਕ ਸਮੱਗਰੀ ਇਕੱਠੀ ਕੀਤੀ। ਗ਼ਦਰੀ ਸਰਗਰਮੀਆਂ ਸੰਬੰਧੀ ਅਮਰੀਕੀ ਤੇ ਕੈਨੇਡੀਅਨ ਸਰਕਾਰਾਂ ਦੇ ਰੀਕਾਰਡ ਤਕ ਪਹੁੰਚ ਕੀਤੀ। ਇਸ ਸਾਰੀ ਖੋਜ ਨੂੰ ਉਸਨੇ ਆਪਣੇ ਨਾਵਲਾਂ ਦੀ ਆਧਾਰ ਸਮੱਗਰੀ ਬਣਾਇਆ ਹੈ।

ਮੁੱਖ ਘਟਨਾਵਾਂ ਅਤੇ ਮੁੱਖ ਪਾਤਰਾਂ ਦੇ ਬਦਲਦੇ ਜਾਣ ਦੇ ਬਾਵਜੂਦ ਕਿਉਂਕਿ ਗ਼ਦਰ ਪਾਰਟੀ ਦੀ ਜ਼ਿਆਦਾਤਰ ਕੇਸਰ ਸਿੰਘ ਦੇ ਨਾਵਲਾਂ ਦੀ ਕੇਂਦਰੀ ਵਸਤੂ ਬਣੀ ਹੈ, ਇਸ ਲਈ ਵੱਖ ਵੱਖ ਨਾਵਲਾਂ ਵਿਚ ਦੁਹਰਾਉ ਦਾ ਅੰਸ਼ ਬਹੁਤ ਹੈ, ਜੋ ਉਨ੍ਹਾਂ ਨੂੰ ਅਕਸਰ ਉਕਾਊ ਇਕਸਾਰਤਾ ਵੱਲ ਲੈ ਜਾਂਦਾ ਹੈ। ਗ਼ਦਰੀਆਂ ਦੀ ਕਰਨੀ ਨੂੰ ਪ੍ਰਸ਼ੰਸਾਭਾਵੀ ਰੂਪ ਵਿਚ ਪੇਸ਼ ਕਰਨ ਦੀ ਉਸਦੀ ਅਕਾਂਖਿਆਂ ਵਿਚੋਂ ਪਾਤਰ ਉਸਾਰੀ ਬਾਰੇ ਕੇਸਰ ਸਿੰਘ ਦੀ ਪਹੁੰਚ ਵੀ ਇਕ ਸਿਰਜਣਾਤਮਕ ਲੇਖਕ ਦੀ ਪਹੁੰਚ ਨਾ ਰਹਿ ਕੇ ਇਕ ਧਿਰ ਦੇ ਮਹਿਮਾਕਾਰ ਦੀ ਪਹੁੰਚ ਬਣ ਜਾਂਦੀ ਹੈ। ਨਤੀਜੇ ਵਜੋਂ ਗ਼ਦਰੀ ਸੂਰਬੀਰ ਤਾਂ ਆਦਰਸ਼ ਨਾਇਕ ਦੇ ਉਜਲੇ ਰੂਪ ਵਿਚ ਪੇਸ਼ ਹੁੰਦੇ ਹਨ, ਜਦਕਿ ਵਿਰੋਧੀ ਧਿਰ ਨਾਲ ਸੰਬੰਧਤ ਸਭ ਪਾਤਰ ਕਿਸੇ ਵੀ ਗੁਣ ਤੋਂ ਸੱਖਣੇ ਖ਼ਲਨਾਇਕ ਹੋ ਨਿਬੜਦੇ ਹਨ। ਵੇਖੀਆਂ-ਭਾਲੀਆਂ ਤੇ ਇਤਿਹਾਸਕ ਸ਼ਖ਼ਸੀਅਤਾਂ ਨੂੰ ਐਨ ਹਕੀਕੀ ਰੂਪ ਵਿਚ ਪੇਸ਼ ਕਰਨ ਦੀ ਮਨਸ਼ਾ ਵਿਚੋਂ ਹੀ ਕੇਸਰ ਸਿੰਘ ਨੇ ਆਪਣੇ ਪਾਤਰਾਂ ਉਤੇ ਸਿਰਜਣਾਤਮਕ ਕਲਪਨਾ ਦਾ ਕੋਈ ਓਢਣ ਨਹੀਂ ਚਾੜ੍ਹਿਆ ਅਤੇ ਇੰਝ ਉਹਨਾਂ ਨੂੰ ਮਨੁੱਖੀ ਗੁਣਾਂ-ਔਗੁਣਾਂ ਵਾਲੇ ਜੀਵਣ ਵਜੋਂ ਉਭਰਨ ਨਹੀਂ ਦਿੱਤਾ। ਕਰਤਾਰ ਸਿੰਘ ਸਰਾਭਾ ਅਤੇ ਹਰੀ ਸਿੰਘ ਉਸਮਾਨ ਨੂੰ ਮੁਖ ਪਾਤਰ ਬਣਾਕੇ ਲਿਖੇ ਨਾਨਕ ਸਿੰਘ ਅਤੇ ਸੰਤ ਸਿੰਘ ਸੇਖੋਂ ਦੇ ਨਾਵਲਾਂ ਦੀ ਪਾਤਰ ਉਸਾਰੀ ਦੀ ਤੁਲਨਾ ਵਿਚ ਕੇਸਰ ਸਿੰਘ ਦੇ ਇਹਨਾਂ ਪਾਤਰਾਂ ਨੂੰ ਰੱਖਕੇ ਵੇਖਣ ਨਾਲ ਇਹ ਤੱਥ ਹੋਰ ਸਪੱਸ਼ਟ ਰੂਪ ਵਿਚ ਵੇਖਿਆ ਸਮਝਿਆ ਜਾ ਸਕਦਾ ਹੈ। ਗ਼ਦਰ ਪਾਰਟੀ ਦੀ ਜਥੇਬੰਦੀ ਦੇ ਅੰਦਰੂਨੀ ਸਮਾਚਾਰਾਂ, ਬਰਤਾਨਵੀ ਸਰਕਾਰਾਂ ਦੀ ਰਾਸ਼ਟਰਵਾਦੀ ਲਹਿਰ ਨੂੰ ਦਬਾਉਣ ਦੀ ਨੀਤੀ ਅਤੇ ਕੈਨੇਡੀਅਨ ਅਮਰੀਕਨ ਸਰਕਾਰਾਂ ਦੇ ਇੰਮੀਗਰੇਸ਼ਨ ਤੇ ਪੁਲੀਟੀਕਲ ਅਧਿਕਾਰੀਆਂ ਨਾਲ ਜਿਥੇ ਕਿਤੇ ਵੀ ਗ਼ਦਰੀਆਂ ਦੀ ਵਿਅਕਤੀਗਤ ਜਾਂ ਸਮੁੱਚੇ ਰੂਪ ਵਿਚ ਪਾਰਟੀ ਦੀ ਪੱਧਰ ਉੱਤੇ ਟੱਕਰ ਹੋਈ ਹੈ, ਉਥੇ-ਉਥੇ ਕੇਸਰ ਸਿੰਘ ਨੇ ਉਸ ਵਿਚਾਰ ਦੀ ਪੁਸ਼ਟੀ ਲਈ ਬਿਰਤਾਂਤ ਦੀ ਸਿਰਜਣਾ ਕੀਤੀ ਹੈ, ਜਿਸ ਉੱਤੇ ਗ਼ਦਰ ਪਾਰਟੀ ਦੀ ਔਫ਼ੀਸ਼ੀਅਲ

ਮੁਹਰ ਲੱਗੀ ਹੈ। ਇਸੇ ਲਈ ਰਾਮ ਚੰਦਰ ਵਰਗੇ ਉੱਘੇ ਗ਼ਦਰੀ, ਜਿਸ ਦੇ ਇਕ ਪੜਾਅ ਉੱਤੇ ਮੁਖ ਧੜੇ ਨਾਲ ਗੰਭੀਰ ਮਤਭੇਦ ਹੋ ਗਏ ਸਨ ਅਤੇ ਬੇਲਾ ਸਿੰਘ, ਨਵਾਬ ਖਾਂ ਅਤੇ ਹਾਪਕਿਨਸਨ ਵਰਗੇ ਲੋਕ, ਜੋ ਗ਼ਦਰੀਆਂ ਦੀਆਂ ਨਜ਼ਰਾਂ ਵਿਚ ਗ਼ੱਦਾਰ ਸਨ, ਕੇਸਰ ਸਿੰਘ ਦੇ ਨਾਵਲਾਂ ਵਿਚ ਏਸੇ ਤ੍ਰਿਸਕਾਰ ਦੇ ਹੱਕਦਾਰ ਪਾਤਰਾਂ ਦੇ ਰੂਪ ਵਿਚ ਪੇਸ਼ ਹੋਏ ਹਨ।

ਆਜ਼ਾਦ ਹਿੰਦ ਫ਼ੌਜ ਅਤੇ ਦੂਸਰੀ ਸੰਸਾਰ ਜੰਗ ਦੇ ਵਿਸ਼ੇ ਵਾਲੇ ਨਾਵਲਾਂ ਵਿਚ ਵੀ ਜਿਥੇ ਕੇਸਰ ਸਿੰਘ ਨੇ ਇਤਿਹਾਸਕ ਘਟਨਾਵਾਂ ਨੂੰ ਪੇਸ਼ ਕਰਨ ਵਿਚ ਦਸਤਾਵੇਜ਼ੀ ਪਹੁੰਚ ਅਪਨਾਉਣ ਦਾ ਪ੍ਰਮਾਣ ਦਿੱਤਾ ਹੈ, ਉਥੇ ਵੀ ਇਕ ਧਿਰ ਦਾ ਪ੍ਰਵਕਤਾ ਬਣਨ ਦੀ ਉਸਦੀ ਬਿਰਤੀ ਕਾਰਜਸ਼ੀਲ ਰਹੀ ਹੈ। ਇਹ ਧਿਰ ਅਵੱਸ਼ ਪ੍ਰਗਤੀਵਾਦੀ ਮਾਨਵਵਾਦੀ ਕੀਮਤਾਂ ਨੂੰ ਪਰਨਾਈ ਹੋਈ ਧਿਰ ਹੈ। ਅਜਿਹੀ ਧਿਰ ਦਾ ਸਾਥ ਦੇਣਾ ਇਕ ਸ਼ੁਭ ਕਾਰਜ ਹੈ, ਪਰ ਸਿਰਜਣਾਤਮਕ ਗਲਪ ਦੇ ਖੇਤਰ ਵਿਚ ਇਸ ਤਰ੍ਹਾਂ ਦੀ ਇਕ-ਪੱਖੀ ਪਹੁੰਚ ਨੇ ਨਾਵਲਕਾਰ ਵਜੋਂ ਕੇਸਰ ਸਿੰਘ ਦੀ ਸਥਿਤੀ ਨੂੰ ਅਵੱਸ਼ ਕਮਜ਼ੋਰ ਕੀਤਾ ਹੈ।

ਨਾਵਲੀ ਬਿਰਤਾਂਤ ਸਿਰਜਣ ਲਈ ਕੇਸਰ ਸਿੰਘ ਨੇ ਬਹੁ-ਭਾਂਤੀ ਜਾਂ ਨਵੀਆਂ ਨਵੀਆਂ ਗਲਪੀ ਜੁਗਤਾਂ ਵਰਤਣ ਦੀ ਲੋੜ ਨਹੀਂ ਸਮਝੀ। ਉਸਨੇ ਵਧੇਰੇ ਟੇਕ ਵਾਰਤਾਲਾਪ ਉੱਤੇ ਰੱਖੀ ਹੈ। ਅਕਸਰ ਨਾਵਲ ਦੀ ਕਥਾ ਲਕੀਰੀ ਬਿਰਤਾਂਤ ਵਿਚ, ਕੁਝ ਰੌਚਕਤਾ ਦਾ ਅੰਸ਼ ਆ ਜਾਂਦਾ ਹੈ। ਰੌਚਕਤਾ ਦੇ ਇਸ ਅੰਸ਼ ਨੂੰ ਹੋਰ ਵਧਾਉਣ ਲਈ ਕੇਸਰ ਸਿੰਘ ਨੇ ਸਾਧਾਰਨ ਪੱਧਰ 'ਤੇ ਵਿਚਰਨ ਵਾਲੇ ਪੇਂਡੂ ਭਾਂਤ ਦੇ ਮਨੁੱਖ ਦੀ ਮੋਟੀ-ਠੁਲ੍ਹੀ ਪਰ ਮੁਹਾਵਰੇਦਾਰ ਜ਼ੁਬਾਨ ਦੀ ਕੁਝ ਜ਼ਿਆਦਾ ਹੀ ਵਰਤੋਂ ਕੀਤੀ ਹੈ। ਬਿਰਤਾਂਤ ਸਿਰਜਣ ਵਿਚ ਜੋ ਗੱਲ ਉਸਨੇ ਨਵੀਂ ਕੀਤੀ ਹੈ ਉਹ ਹੈ ਅਦਾਲਤੀ ਕਾਰਵਾਈ ਦੀ ਵਿਧੀ ਦੀ ਵਰਤੋਂ। ਖ਼ਾਸ ਤੌਰ 'ਤੇ ਦੋ ਨਾਵਲਾਂ- 'ਸਿੰਘ ਸਾਹਿਬ ਦੀ ਸ਼ਹਾਦਤ' ਅਤੇ 'ਗ਼ੱਦਾਰ' ਵਿਚ, ਜਿਥੇ ਕਤਲ ਨਾਲ ਜੁੜੇ ਮੁਕੱਦਮੇ ਨਾਵਲੀ ਵਸਤ ਬਣੇ ਹਨ, ਉਥੇ ਗਵਾਹਾਂ ਦੇ ਜਿਸ ਤਰ੍ਹਾਂ ਬਿਆਨ ਹੁੰਦੇ ਹਨ, ਉਹਨਾਂ ਦੀ ਉਸੇ ਭਾਂਤ ਦੀ ਪੇਸ਼ਕਾਰੀ ਨੂੰ ਕੇਸਰ ਸਿੰਘ ਨੇ ਇਕ ਜੁਗਤ ਵਜੋਂ ਵਰਤਿਆ ਹੈ। ਇਕ ਹੋਰ ਨਵੀਂ ਵਿਧੀ ਉਸਨੇ ਕਥਾਨਕ ਦੇ ਅੰਤਰਗਤ ਪਾਤਰਾਂ ਦਾ ਇਕੱਠ ਕਰਵਾ ਕੇ ਲੰਮਾ ਵਿਚਾਰ-ਵਟਾਂਦਰਾ ਜਾਂ ਸੈਮੀਨਾਰ ਕਰਨ ਦੀ ਵਰਤੀ ਹੈ। ਇਸ ਤਰ੍ਹਾਂ ਸੰਬੰਧਤ ਨਾਵਲ ਦੇ ਮੁਖ ਵਿਚਾਰਧਾਰਕ ਸਰੋਕਾਰਾਂ ਨੂੰ ਉਜਾਗਰ ਕਰਨ ਲਈ ਮਜ਼ਬੂਤ ਆਧਾਰ ਸਿਰਜਿਆ ਗਿਆ ਹੈ। ਕੇਸਰ ਸਿੰਘ ਦੇ ਨਾਵਲਾਂ ਦਾ ਇਹ ਵੀ ਲੱਛਣ ਹੈ ਕਿ ਨਾਵਲੀ ਕਥਾਨਕ ਭਾਵੇਂ ਕੋਈ ਬਹੁਤੇ ਵਲ-ਵਲਾਵੇਂ ਵਿਚੋਂ ਨਹੀਂ ਲੰਘਦਾ ਪਰ ਆਪਣੇ ਅੰਤ ਉੱਤੇ ਇਹ ਅਵੱਸ਼ ਚਮਤਕਾਰੀ ਪ੍ਰਭਾਵ

ਸਿਰਜਦਾ ਹੈ, ਜੋ ਅਕਸਰ ਸ਼ਹਾਦਤ, ਬਦਲੇ ਦੇ ਕਾਰਜ ਅਥਵਾ ਮਿਸ਼ਨ-ਪੂਰਤੀ ਦੇ ਰੂਪ ਵਿਚ ਹੁੰਦਾ ਹੈ।

ਕੇਸਰ ਸਿੰਘ ਦੇ ਆਪਣੇ ਜੀਵਨ-ਸਮਾਚਾਰ ਵੀ ਮੁੜ ਮੁੜ ਦੁਹਰਾਏ ਜਾਣ ਦੀ ਹੱਦ ਤੱਕ ਅਕਸਰ ਨਾਵਲਾਂ ਦੀ ਕਹਾਣੀ ਵਿਚ ਗੁੰਦੇ ਮਿਲਦੇ ਹਨ। ਪਰ ਇਸ ਤੋਂ ਵੀ ਅਗਾਂਹ ਉਸਨੇ ਕੁਝ ਥਾਈਂ ਆਤਮਕਥਾ ਦੀ ਵਿਧੀ ਨੂੰ ਹੀ ਅਪਨਾ ਲਿਆ ਹੈ। ਵੱਡ-ਆਕਾਰੀ ਨਾਵਲ 'ਹਥਿਆਰਬੰਦ ਇਨਕਲਾਬ' ਦੇ ਆਖ਼ਿਰੀ ਖੰਡ ਵਿਚ ਜਦੋਂ ਅਚਾਨਕ ਹੀ ਮੈਂ ਪਾਤਰ ਸਾਹਵੇਂ ਆ ਜਾਂਦਾ ਹੈ ਤਾਂ ਪਾਠਕ ਨੂੰ ਇਕ ਵਾਰ ਤਾਂ ਅਚੰਭਾ ਜਿਹਾ ਲਗਦਾ ਹੈ, ਪਰ ਛੇਤੀ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਲੇਖਕ ਨੇ ਨਾਵਲ ਦੇ ਬਿਰਤਾਂਤ ਦੀ ਵਿਧੀ ਬਦਲਕੇ ਇਸਨੂੰ ਉਤਮਪੁਰਖੀ ਪ੍ਰਵਚਨ ਵਿਚ ਢਾਲ ਲਿਆ ਹੈ। ਇਸ ਵਿਧੀ ਦੀ ਵਰਤੋਂ ਨਾਲ ਨਾਵਲੀ ਵਸਤ ਦੀ ਪ੍ਰਮਾਣਿਕਤਾ ਦੇ ਤੱਥ ਦੀ ਪੁਸ਼ਟੀ ਤਾਂ ਅਵੱਸ਼ ਹੋਈ ਹੈ, ਪਰ ਅਚੇਤ ਸੁਚੇਤ ਪ੍ਰਵਕਤਾ ਦੀ ਹਉਂਭਾਵੀ ਰੁਚੀ, ਜਿਸਤੋਂ ਗਿਆਨੀ ਕੇਸਰ ਸਿੰਘ ਮੁਕਤ ਨਹੀਂ ਸੀ, ਦਾ ਦਖ਼ਲ ਵੀ ਵਧ ਜਾਂਦਾ ਰਿਹਾ ਹੈ।

ਕੇਸਰ ਸਿੰਘ ਦੀ ਦ੍ਰਿਸ਼ਟੀਗਤ ਪਹੁੰਚ ਮੋਟੇ ਤੌਰ 'ਤੇ ਪ੍ਰਗਤੀਵਾਦੀ ਮਾਨਵਵਾਦੀ ਹੈ। ਇਸ ਪਹੁੰਚ ਵਿਚ ਅੰਤਰਰਾਸ਼ਟਰੀਅਤਾ ਦਾ ਵੀ ਦਖ਼ਲ ਹੈ। ਪਰ ਇਸ ਸਮੁੱਚੀ ਪਹੁੰਚ ਦੇ ਅੰਤਰਗਤ ਉਸਦਾ ਸਿੱਖੀ ਪਿਛੋਕੜ ਕਿਧਰੇ ਗਾਇਬ ਨਹੀਂ ਹੁੰਦਾ। ਸਿੱਖ ਸਰੂਪ, ਸਿੱਖ ਰਹਿਣੀ-ਬਹਿਣੀ ਅਤੇ ਸਿੱਖ ਮਰਯਾਦਾ ਨੂੰ ਉਸਨੇ ਆਮ ਜੀਵਨ ਨਾਲੋਂ ਪੂਰੀ ਤਰ੍ਹਾਂ ਨਿਖੇੜਕੇ ਸੰਕੀਰਨ ਰੂਪ ਵਿਚ ਤਾਂ ਨਹੀਂ ਵੇਖਿਆ, ਸਗੋਂ ਬਹੁਤ ਹਾਲਤਾਂ ਵਿਚ ਸਮਾਂ ਵਿਹਾ ਚੁੱਕੇ ਅਤੇ ਗ਼ਲਤ ਵਿਹਾਰ ਦੀ ਆਲੋਚਨਾ ਕੀਤੀ ਹੈ। ਪਰ ਬਹੁਤ ਸਾਰੇ ਪਾਤਰ, ਜੋ ਸਪੱਸ਼ਟ ਹੀ ਲੇਖਕ ਦੀ ਆਪਣੀ ਸ਼ਖ਼ਸੀਅਤ ਦੇ ਪ੍ਰਤੀਨਿਧ ਅਤੇ ਉਸਦੇ ਵਿਚਾਰਾਂ ਦੇ ਪ੍ਰਵਕਤਾ ਵਜੋਂ ਪਛਾਣੇ ਜਾ ਸਕਦੇ ਹਨ, ਸਿੱਖੀ ਰਹਿਤਲ ਦਾ ਪ੍ਰਸ਼ੰਸਾਭਾਵੀ ਵਖਾਨ ਕਰਨ ਤੋਂ ਨਹੀਂ ਉਕਦੇ। ਇਸ ਲਈ ਬਦੇਸ਼ਾਂ ਵਿਚ ਵਸੇ ਪੰਜਾਬੀ ਮੂਲ ਦੇ ਪਾਤਰਾਂ ਦੇ ਦੂਜੀਆਂ ਕੌਮੀਅਤਾਂ ਦੇ ਪਾਤਰਾਂ ਨਾਲ ਸੰਪਰਕ ਤੇ ਸਹਿਚਾਰ ਸਮੇਂ ਵੀ ਲੇਖਕ ਦੀ ਸਿੱਖ ਮਾਨਸਿਕਤਾ ਵਾਲਾ ਪੱਖ ਕਿਸੇ ਪਾਸਿਉਂ ਆ ਝਾਤੀ ਮਾਰਦਾ ਹੈ। ਦੂਰ ਪਰਦੇਸਾਂ ਵਿਚ ਵੀ ਸਿੱਖ ਜਗਤ ਦੇ ਸਾਮਿਅਕ ਸਮਾਚਾਰ ਕਿਤੇ ਸਿੱਧੇ ਰੂਪ ਵਿਚ ਅਤੇ ਕਿਤੇ ਦੇਸ਼ ਬਦੇਸ਼ ਦੀ ਪੰਜਾਬੀ ਰਹਿਤਲ ਦੇ ਪ੍ਰਸੰਗ ਵਿਚ ਇਕ ਨਿਸਚਤ ਪਹੁੰਚ ਸਹਿਤ ਕੇਸਰ ਸਿੰਘ ਦੇ ਨਾਵਲਾਂ ਦੀ ਵਸਤ ਦਾ ਅੰਗ ਤੇ ਸਰੋਕਾਰ ਬਣੇ ਹਨ।

ਅੰਤ ਵਿਚ ਇਹ ਮੰਨਿਆ ਜਾ ਸਕਦਾ ਹੈ ਕਿ ਉਮਰ ਦਾ ਵਡੇਰਾ ਭਾਗ ਪਰਦੇਸਾਂ ਵਿਚ ਬਿਤਾਉਣ, ਆਮ ਰੂਪ ਵਿਚ ਧਰਮ-ਨਿਰਪੇਖ ਕਦਰਾਂ-ਕੀਮਤਾਂ

ਅਪਨਾਉਣ, ਵਿਕਸਤ ਪੂੰਜੀਵਾਦੀ ਪੱਛਮੀ ਜਗਤ ਵਿਚ ਵੱਖ-ਵੱਖ ਕੌਮਾਂ ਤੇ ਵੰਨ ਸੁਵੰਨੇ ਸਭਿਆਚਾਰਾਂ ਦੇ ਲੋਕਾਂ ਨਾਲ ਸਾਂਝ ਭਿਆਲੀ ਪਾਉਣ ਉਪਰੰਤ, ਆਪਣੇ ਨਾਵਲ 'ਵਾਰੇ ਸ਼ਾਹ ਦੀ ਮੌਤ' ਦੇ ਮੁਖ ਪਾਤਰ ਚਰਨ ਸਿੰਘ ਵਾਂਗ ਕੇਸਰ ਸਿੰਘ ਨੇ ਪੰਜਾਬੀਅਤ ਨੂੰ ਘੁੱਟਕੇ ਫੜੀ ਰੱਖਿਆ ਹੈ, ਜਿਸ ਪੰਜਾਬੀਅਤ ਵਿਚ ਸਿੱਖੀ ਦੀ ਭਾਵਨਾ ਦਾ ਯੋਗਦਾਨ ਵੀ ਕੋਈ ਘੱਟ ਨਹੀਂ। ਅਤੇ ਐਡਮੰਟਨ ਵਿਚ ਅੰਤਮ ਸਾਹ ਲੈਣ ਸਮੇਂ ਏਸੇ ਹੀ ਨਾਵਲ ਦੇ ਪਾਤਰ ਜਗਤ ਸਿੰਘ ਵਾਂਗ ਕੇਸਰ ਸਿੰਘ ਦੀ ਹੀ ਇਹ ਰੀਝ ਰਹੀ ਹੋਵੇਗੀ ਕਿ ਕਾਸ਼ ਉਸਦੇ ਪੋਤੇ ਪੋਤੀਆਂ ਤੇ ਦੋਹਤੇ ਦੋਹਤੀਆਂ ਉਸਦੇ ਨਾਲ ਉਸਦੀ ਆਪਣੀ ਬੋਲੀ ਯਾਨੀ ਪੰਜਾਬੀ ਵਿਚ ਗੱਲ ਕਰ ਸਕਦੇ।

ਹੀਰੋਸ਼ੀਮਾ ਦਾ ਸਿਰਜਣਾਤਮਕ ਸੰਦਰਭ

-ਕੇਸਰ ਸਿੰਘ

ਅਮਰੀਕਾ ਨੇ 6 ਅਗਸਤ 1945 ਨੂੰ ਹੀਰੋਸ਼ਾਮਾ ਉਤੇ ਐਟਮ-ਬੰਬ ਸੁੱਟਿਆ ਸੀ। ਤਿੰਨ ਦਿਨਾਂ ਮਗਰੋਂ ਨਾਗਾਸਾਕੀ ਉਤੇ ਬੰਬ ਮਾਰਿਆ। ਦੋ ਲੱਖ ਲੋਕ ਹੀਰੋਸ਼ੀਮਾ ਵਿਚ ਮਾਰੇ ਗਏ ਅਤੇ ਅੱਸੀ ਹਜ਼ਾਰ ਨਾਗਾਸਾਕੀ ਵਿਚ। ਇਸ ਕਤਲੇਆਮ ਨੂੰ 42 ਸਾਲ ਹੋਣ ਲੱਗੇ ਹਨ। ਇਹ ਕਤਲੇਆਮ ਅਜੇ ਵੀ ਸਾਡੇ ਮਨਾਂ ਵਿਚ ਘਰ ਕਰੀ ਬੈਠਾ ਹੈ।

ਅਜਿਹੇ ਤਬਾਹ-ਕੁਨ ਹਥਿਆਰਾਂ ਦੀ ਦੌੜ ਵਿਚ, ਹੀਰੋਸ਼ੀਮਾ ਤੇ ਨਾਗਾਸਾਕੀ ਉਤੇ ਸੁੱਟੇ ਗਏ ਬੰਬਾਂ ਨਾਲੋਂ ਵੀ, ਹਜ਼ਾਰਾਂ ਗੁਣਾਂ ਤਾਕਤਵਰ ਹਥਿਆਰ ਤਿਆਰ ਕੀਤੇ ਜਾ ਰਹੇ ਹਨ। ਅਮਨ-ਪਸੰਦ ਲੋਕਾਂ ਦੀ ਆਵਾਜ਼ ਦੀ ਪਰਵਾਹ ਨਾ ਕਰਦਿਆਂ ਹੋਇਆਂ 8 ਅਗਸਤ 1981 ਨੂੰ ਅਮਰੀਕਾ ਦੇ ਪ੍ਰਧਾਨ ਮੰਤਰੀ ਨੇ ਟੀਊਟਰਾਨ ਬੰਬ ਤਿਆਰ ਕਰਨ ਦਾ ਹੁਕਮ ਦੇ ਦਿੱਤਾ। ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਇਹ ਬਿਆਨ ਦਿੱਤੇ ਗਏ ਕਿ ਨੀਊਟਰਾਨ ਬੰਬ ਅਮਰੀਕਾ ਦੀ ਰਾਖੀ ਲਈ ਤਿਆਰ ਕੀਤਾ ਜਾ ਰਿਹਾ ਹੈ ਤੇ ਇਹ ਬੰਬ ਅਮਰੀਕਾ ਵਿਚ ਹੀ ਰੱਖੇ ਜਾਣਗੇ। ਇਹ ਗੱਲ ਪਰਤੱਖ ਹੈ ਕਿ ਅਜਿਹੇ ਬੰਬ ਕੁਝ ਘੰਟਿਆਂ ਵਿਚ ਹੀ ਯੂਰਪ ਜਾਂ ਕਿਸੇ ਹੋਰ ਦੇਸ਼ ਵਿਚ ਪਹੁੰਚਾਏ ਜਾ ਸਕਦੇ ਹਨ। ਇਹ ਗੱਲ ਵੀ ਸਪੱਸ਼ਟ ਹੈ ਕਿ ਅਮਰੀਕਾ ਯੂਰਪ ਜਾਂ ਧੁਰ ਪੂਰਬੀ ਏਸ਼ੀਆ ਦੇ ਲੋਕਾਂ ਨੂੰ ਕੁਰਬਾਨੀ ਦੇ ਬੱਕਰੇ ਬਣਾਉਣ ਲਈ ਤਿਆਰ ਹੈ, ਤਾਂ ਕਿ ਆਉਣ ਵਾਲੀ ਜੰਗ ਨੂੰ ਅਮਰੀਕਾ ਦੀ ਧਰਤੀ ਤੋਂ ਦੂਰ ਰੱਖਿਆ ਜਾ ਸਕੇ।

ਇਹ ਗੱਲ ਵੀ ਸਪੱਸ਼ਟ ਹੈ ਕਿ ਨੀਊਟਰਾਨ ਬੰਬ ਅਮਰੀਕਾ ਦੀ ਧਰਤੀ ਉਤੇ ਵਰਤਣ ਲਈ ਨਹੀਂ ਤਿਆਰ ਕੀਤੇ ਜਾ ਰਹੇ। ਕਿਹੜੇ ਦੇਸ਼ ਦੇ ਲੋਕਾਂ ਦੀ ਸ਼ਾਮਤ ਆਏਗੀ, ਇਸ ਦਾ ਨਿਰਣਾ ਵਾਈਟ-ਹਾਊਸ ਨੇ ਹੀ ਕਰਨਾ ਹੋਵੇਗਾ। ਅੱਜ ਅਮਰੀਕਾ ਦੀ ਸਰਕਾਰ ਇਸ ਨੂੰ ਅਮਰੀਕਾ ਦਾ ਘਰੋਗੀ ਮਾਮਲਾ ਕਹਿੰਦੀ

ਨਹੀਂ ਥੱਕਦੀ। ਅਮਰੀਕਾ ਦਾ ਇਹ ਘਰੋਗੀ ਮਾਮਲਾ ਦੁਨੀਆਂ ਦੀ ਤਬਾਹੀ ਦਾ ਕਾਰਨ ਬਣ ਸਕਦਾ ਹੈ।

ਨੀਊਟਰਾਨ ਬੰਬ ਜਿਥੇ ਵੀ ਸੁੱਟਿਆ ਜਾਏਗਾ, ਸਭ ਲੋਕ ਮਿੰਟਾਂ ਵਿਚ ਸੁਸਰੀ ਵਾਂਗ ਸੌਂ ਜਾਣਗੇ, ਪਰ ਇਮਾਰਤਾਂ ਦਾ ਕੋਈ ਨੁਕਸਾਨ ਨਹੀਂ ਹੋਵੇਗਾ। ਮਨੁੱਖ ਦੀ ਜਾਨ ਤੋਂ ਇਮਾਰਤ ਨੂੰ ਵੱਧ ਤਰਜੀਹ ਦਿੱਤੀ ਜਾ ਰਹੀ ਹੈ। ਮਨੁੱਖਤਾ ਦੇ ਕਾਤਲ ਆਪਣੀ ਤਬਾਹੀ ਉਤੇ ਤੁਲੇ ਬੈਠੇ ਹਨ।

ਦੁਨੀਆਂ ਦੇ ਅਮਨ-ਪਸੰਦ ਲੋਕਾਂ ਵਿਚ ਇਹ ਭੁਲੇਖਾ ਪਾਉਣ ਮਗਰੋਂ ਕਿ ਇਹ ਬੰਬ ਤਿਆਰ ਕਰਨੇ ਅਮਰੀਕਾ ਦਾ ਘਰੋਗੀ ਮਾਮਲਾ ਹੈ, ਇਕ ਹੋਰ ਭੁਲੇਖਾ ਪਾਇਆ ਜਾ ਰਿਹਾ ਹੈ ਕਿ ਜੰਗ ਦੀ ਹਾਲਤ ਵਿਚ ਲੋਕੀਂ ਸ਼ੈਲਟਰਾਂ ਵਿਚ ਰਹਿ ਕੇ ਬਚ ਜਾਣਗੇ। ਕਿੰਨੀ ਨਿਗੂਣੀ ਦਲੀਲ ਹੈ, ਜੰਗਬਾਜ਼ਾਂ ਨੂੰ ਕੋਈ ਪੁੱਛੇ ਕਿ ਕੀ ਦੁਨੀਆ ਦੇ ਲੋਕ ਸ਼ੈਲਟਰਾਂ ਵਿਚ ਹੀ ਸਾਰੀ ਉਮਰ ਵੜੇ ਰਹਿਣਗੇ ਜਾਂ ਕਦੇ ਬਾਹਰ ਦੀ ਹਵਾ ਵੀ ਲੈਣਗੇ, ਜਿਸ ਹਵਾ ਵਿਚ ਜ਼ਹਿਰੀਲੀ ਗੈਸ ਉਨ੍ਹਾਂ ਦਾ ਗਲ-ਘੋਟੂ ਕਰ ਦਏਗੀ।

ਦੁਨੀਆ ਦੇ ਅਮਨ-ਪਸੰਦ ਸਾਇੰਸਦਾਨ ਨਯੂਕਲੀਅਰ ਜੰਗ ਦੀ ਤਬਾਹੀ ਤੋਂ ਲੋਕਾਂ ਨੂੰ ਖ਼ਬਰਦਾਰ ਕਰ ਰਹੇ ਹਨ, ਪਰ ਅਸਲੀ ਤਾਕਤ ਦੁਨੀਆ ਦੇ ਲੋਕਾਂ ਪਾਸ ਹੈ। ਦੁਨੀਆ ਦੇ ਅਮਨ-ਪਸੰਦ ਲੋਕ ਜੰਗ-ਬਾਜ਼ਾਂ ਦੇ ਤਬਾਹ-ਕੁਨ ਹਥਿਆਰਾਂ ਦਾ ਸ਼ਿਕਾਰ ਬਣਨ ਤੋਂ ਇਨਕਾਰੀ ਹਨ। ਅਮਨ-ਪਸੰਦ ਲੋਕਾਂ ਦੀ ਆਵਾਜ਼ ਉੱਚੀ ਹੋ ਰਹੀ ਹੈ, ਫਿਰ ਵੀ ਇਹ ਆਵਾਜ਼ ਜੰਗ-ਬਾਜ਼ਾਂ ਦੇ ਬੋਲੇ ਕੰਨਾਂ ਤਕ ਨਹੀਂ ਪਹੁੰਚ ਰਹੀ। ਜੰਗ-ਬਾਜ਼ ਨਵੇਂ ਨਵੇਂ ਤਬਾਹ-ਕੰਨ ਹਥਿਆਰ ਬਣਾਉਣ ਵਿਚ ਦਿਨ ਰਾਤ ਰੁਝੇ ਹੋਏ ਹਨ।

ਹੀਰੋਸ਼ੀਮਾ ਤੇ ਨਾਗਾਸਾਕੀ ਦੀ ਤਬਾਹੀ

ਉਨ੍ਹੀਂਵੀ ਸਦੀ ਦੇ ਅੰਤ ਵਿਚ ਪੀਏਰੇ ਕੀਊਰੀ ਤੇ ਮੇਰੀ ਕੀਊਰੀ ਸੀਕਓਡੌਸਕਾ ਨੇ ਰੇਡੀਅਮ ਲੱਭਿਆ ਸੀ। ਉਸ ਤੋਂ ਵੀ ਪਹਿਲੇ ਯੂਰੇਨੀਅਮ, ਪੇਂਟ ਤੇ ਚਾਂਦੀ ਲਈ ਵਰਤਿਆ ਜਾਂਦਾ ਸੀ।

1938 ਵਿਚ ਜਰਮਨ ਕੈਮਿਸਟ ਨੇ ਆਪਣੇ ਸਾਥੀ ਸਟਰਾਬਮੈਨ ਦੀ ਸਹਾਇਤਾ ਨਾਲ ਨਯੂਕਲੀਅਰ ਸ਼ਕਤੀ ਲੱਭੀ। ਇਹ ਖ਼ਬਰ ਦੂਜੀ ਜੰਗ ਲੱਗਣ ਤੋਂ ਕੁਝ ਸਮਾਂ ਪਹਿਲੋਂ ਹੀ ਲੋਕਾਂ ਨੂੰ ਮਿਲੀ ਸੀ। ਅਪ੍ਰੈਲ 1939 ਵਿਚ ਜਰਮਨ ਜੰਗੀ ਵਜ਼ਾਰਤ ਨੂੰ ਪਤਾ ਲੱਗਿਆ ਕਿ ਇਹ ਸ਼ਕਤੀ ਬੰਬ ਤਿਆਰ ਕਰ ਸਕਦੀ ਹੈ। ਐਲਬਰਟ ਆਈਨਸਟਾਈਨ, ਜੋ ਅਮਨ ਪਸੰਦ ਸਾਇੰਸਦਾਨ ਸੀ, ਉਸ ਨੂੰ

ਫ਼ਿਕਰ ਲਗਾ ਕਿ ਕਿਧਰੇ ਹਿਟਲਰ ਬੰਬ ਨਾ ਤਿਆਰ ਕਰ ਲਵੇ, ਉਸ ਨੇ ਦੋ ਹੋਰ ਸਾਇੰਸਦਾਨਾਂ ਵਿਗਲਰ ਤੇ ਸਜ਼ੀਲਰਡ ਦੀ ਸਲਾਹ ਨਾਲ ਇਹ ਗੱਲ ਪ੍ਰਧਾਨ ਰੂਜ਼ਵੈਲਟ ਨੂੰ ਦੱਸੀ। ਰੂਜ਼ਵੈਲਟ ਨੇ ਇਸ ਮਾਮਲੇ ਲਈ ਉਚੇਚੀ ਪੜਤਾਲੀਆ ਕਮੇਟੀ ਕਾਇਮ ਕੀਤੀ। ਸਾਇੰਸਦਾਨ ਓਪਨ ਹਾਈਮਰ ਨੂੰ ਇਸ ਪੜਤਾਲ ਦਾ ਕੰਮ ਸੌਂਪਿਆ ਗਿਆ। ਇਹ ਪੜਤਾਲ ਬਹੁਤ ਗੁਪਤ ਰੱਖੀ ਗਈ। ਥੋੜ੍ਹੇ ਹੀ ਸਮੇਂ ਵਿਚ ਇਸ ਖੋਜ ਲਈ 1,25,000 ਬੰਦੇ ਲਾਏ ਗਏ। ਸਿਤੰਬਰ 1942 ਵਿਚ ਇਹ ਸਾਰੀ ਜ਼ਿੰਮੇਵਾਰੀ ਜਨਰਲ ਗਰੋਵਜ਼ ਦੇ ਹਵਾਲੇ ਕੀਤੀ ਗਈ।

ਐਟਮ ਬੰਬ ਤਿਆਰ ਕਰਨ ਲਈ ਨਯੂਕਲੀਅਰ ਰੀਐਕਟਰ ਤਿਆਰ ਕੀਤਾ ਗਿਆ। ਇਟਲੀ ਦਾ ਮਸ਼ਹੂਰ ਸਾਇੰਸਦਾਨ ਫ਼ਰਨੀ ਇਟਲੀ ਛੱਡ ਕੇ ਅਮਰੀਕਾ ਪਹੁੰਚ ਚੁੱਕਾ ਸੀ। ਉਸ ਨੇ ਦਸੰਬਰ 1942 ਵਿਚ ਨਯੂਕਲੀਅਰ ਸਟੇਸ਼ਨ ਤਿਆਰ ਕਰ ਲਿਆ।

16 ਜੁਲਾਈ, 1945 ਨੂੰ ਐਟਮ ਬੰਬ ਦਾ ਪਹਿਲਾ ਧਮਾਕਾ ਕੀਤਾ ਗਿਆ। ਐਟਮ ਬੰਬ, ਨੇਵਾਦਾ ਦੇ ਰੇਗਿਸਤਾਨ ਵਿਚ ਸਟੀਲ-ਟਾਵਰ ਬਣਾ ਕੇ ਚਲਾਇਆ ਗਿਆ। ਇਹ ਧਮਾਕਾ ਇਸ ਤਰ੍ਹਾਂ ਬਿਆਨ ਕੀਤਾ ਗਿਆ, "ਨੀਯਤ ਕੀਤੇ ਸਮੇਂ ਅੰਨ੍ਹਾਂ ਕਰ ਦੇਣ ਵਾਲੀ ਰੌਸ਼ਨੀ ਹੋਈ, ਜੋ ਸੂਰਜ ਦੀ ਰੌਸ਼ਨੀ ਨਾਲੋਂ ਵੀ ਵੱਧ ਸੀ। ...ਧਮਾਕੇ ਦੇ ਨਾਲ ਦੋ ਬੰਦੇ ਧਰਤੀ ਉਤੇ ਡਿੱਗ ਪਏ। ਰੰਗ-ਬਿਰੰਗਾ ਧੂੰਆਂ-ਬੱਦਲ ਚਾਲੀ ਹਜ਼ਾਰ ਫੁਟ ਆਕਾਸ਼ ਵੱਲ ਉਠਿਆ।... ਸਟੀਲ ਟਾਵਰ ਬਿਲਕੁਲ ਤਬਾਹ ਹੋ ਗਿਆ।"

ਉਸ ਵੇਲੇ ਪੋਸਟਡਮ ਕਾਨਫ਼ਰੰਸ ਹੋ ਰਹੀ ਸੀ। ਪਰੈਜ਼ੀਡੈਂਟ ਟਰੂਮੈਨ ਉਸ ਕਾਨਫ਼ਰੰਸ ਵਿਚ ਸ਼ਾਮਲ ਸੀ। ਉਸ ਨੂੰ ਗੁਪਤ ਤਰੀਕੇ ਨਾਲ ਇਸ ਤਜ਼ਰਬੇ ਦੀ ਸਫ਼ਲਤਾ ਬਾਰੇ ਦੱਸਿਆ ਗਿਆ। ਪਰੈਜ਼ੀਡੈਂਟ ਟਰੂਮੈਨ ਨੇ ਇਸ ਤਜਰਬੇ ਦੀ ਸਫ਼ਲਤਾ ਬਾਰੇ ਮਾਰਸ਼ਲ ਸਟਾਲਿਨ ਨੂੰ ਦੱਸਿਆ।

6 ਅਗਸਤ 1945 ਨੂੰ ਤਿੰਨ ਬੀ-29 ਅਮਰੀਕਾ ਜਹਾਜ਼ ਹੀਰੋਸ਼ੀਮਾ ਸ਼ਹਿਰ ਉਤੇ ਮੰਡਲਾਉਂਦੇ ਵੇਖੇ ਗਏ। ਠੀਕ ਸਵਾ ਅੱਠ ਵਜੇ ਸਵੇਰੇ 580 ਮੀਟਰ ਦੀ ਉੱਚਾਈ ਤੋਂ ਐਟਮ ਬੰਬ ਸੁੱਟਿਆ ਗਿਆ। ਇਕ ਬਹੁਤ ਵੱਡੀ ਖੁੰਭ ਦੀ ਸ਼ਕਲ ਵਿਚ ਧੂੰਆਂ ਉੱਠਿਆ। ਕੁਝ ਮਿੰਟਾਂ ਵਿਚ ਘੁੱਗ ਵਸਦਾ ਹੀਰੋਸ਼ੀਮਾ ਸ਼ਹਿਰ ਉਜਾੜ ਵਿਚ ਬਦਲ ਗਿਆ। ਦੋ ਲੱਖ ਨਿਦੋਸ਼ੇ, ਬੱਚੇ, ਤੀਵੀਂਆਂ, ਜਵਾਨ ਤੇ ਬੁੱਢੇ ਮਾਰੇ ਗਏ।

ਬੰਬ ਦੇ ਧਮਾਕੇ ਨਾਲ ਇਮਾਰਤਾਂ ਢਹਿ ਢੇਰੀ ਹੋ ਗਈਆਂ। ਲੋਕੀ ਮਲਬੇ ਵਿਚ ਦੱਬੇ ਗਏ। ਫਿਰ ਅੱਗ-ਗੋਲੇ ਨੇ ਸਾਰੇ ਸ਼ਹਿਰ ਨੂੰ ਆਪਣੀ ਲਪੇਟ ਵਿਚ ਲੈ

ਲਿਆ। ਅੱਧ-ਖੜ੍ਹੀਆਂ ਇਮਾਰਤਾਂ ਨੂੰ ਅੱਗ ਲੱਗ ਗਈ। ਇਸ ਅੱਗ-ਗੋਲੇ ਦੀ ਜ਼ਹਿਰ ਨੇ ਬਾਕੀ ਕਸਰ ਕੱਢ ਦਿੱਤੀ।

9 ਅਗਸਤ, 1945 ਨੂੰ ਦੂਜਾ ਬੰਬ ਨਾਗਾਸਾਕੀ ਸ਼ਹਿਰ ਉਤੇ ਸੁੱਟ ਕੇ ਅੱਸੀ ਹਜ਼ਾਰ ਨਿਦੋਸ਼ੇ ਲੋਕਾਂ ਦਾ ਕਤਲਾਮ ਕੀਤਾ ਗਿਆ। ਅੱਗ ਦੇ ਤੂਫ਼ਾਨ ਵਿਚ ਸਾਰਾ ਸ਼ਹਿਰ ਸੜ ਕੇ ਤਬਾਹ ਹੋ ਗਿਆ।

ਇਨ੍ਹਾਂ ਬੰਬਾਂ ਦਾ ਤਾਪਮਾਨ ਤਿੰਨ ਹਜ਼ਾਰ ਤੋਂ 4 ਹਜ਼ਾਰ ਸੈਲਸੀਅਸ ਤਕ ਸੀ ਜੋ ਲੋਕ ਹਾਈਪੋਸੈਂਟਰ ਤੋਂ ਨੇੜੇ ਸਨ, ਉਹ ਤਾਂ ਸੜ ਕੇ ਕੋਇਲਾ ਹੋ ਗਏ, ਜੋ ਦੂਰ ਸਨ ਉਨ੍ਹਾਂ ਦੇ ਪਿੰਡਿਆਂ ਦੀ ਚਮੜੀ ਸੜ ਗਈ, ਲੀਰਾਂ ਵਾਂਗੂੰ ਲਮਕ ਗਈ। ਜੋ ਲੋਕ ਬੰਬ ਪੈਣ ਵਾਲੀ ਥਾਂ 'ਤੇ ਸਨ ਉਨ੍ਹਾਂ ਦੇ ਸਰੀਰ ਆਸਮਾਨ ਵਲ ਉੱਡ ਕੇ ਫੀਤਾ ਫੀਤਾ ਹੋ ਗਏ, ਉਨ੍ਹਾਂ ਦੀ ਰਾਖ਼ ਵੀ ਨਾ ਲੱਭੀ।

ਹਾਈਡਰੋਜਨ ਤੇ ਸੁਪਰ ਬੰਬ

ਅਮਰੀਕਾ ਨੇ 1942 ਵਿਚ ਹੀ ਹਾਈਡਰੋਜਨ ਬੰਬ ਬਣਾਉਣ ਦੀ ਵਿਧੀ ਬਣਾ ਲਈ ਸੀ। ਦੋ ਸਾਇੰਸਦਾਨਾਂ ਫ਼ਰਮੀ ਤੇ ਟੈਲਰ ਵਿਚਾਲੇ ਗੱਲਬਾਤ ਚਲ ਰਹੀ ਸੀ। ਐਟਮ ਬੰਬ ਬਣਾਉਣ ਲਈ ਇਹ ਗੱਲ 1945 ਤਕ ਰੁਕੀ ਰਹੀ। ਜੰਗ ਜਿੱਤਣ ਮਗਰੋਂ ਇਹ ਗੱਲ ਫਿਰ ਤੁਰ ਪਈ। ਕੁਝ ਸਾਇੰਸਦਾਨ ਹਾਈਡਰੋਜਨ ਬੰਬ ਤਿਆਰ ਕਰਨ ਦੇ ਹੱਕ ਵਿਚ ਸਨ ਤੇ ਕੁਝ ਉਲਟ। ਟੈਲਰ ਬਣਾਉਣ ਵਾਲਿਆਂ ਦਾ ਆਗੂ ਸੀ ਤੇ ਓਪਨ ਹਾਈਮਰ ਬਣਾਉਣ ਦੇ ਉਲਟ। ਇਕ ਫ਼ਰਵਰੀ 1950 ਨੂੰ ਪ੍ਰੈਜ਼ੀਡੈਂਟ ਟਰੂਮੈਨ ਨੇ ਸਭ ਕਿਸਮ ਦੇ ਤਬਾਹ-ਕੁਨ ਬੰਬ ਬਣਾਉਣ ਲਈ ਖੁੱਲ੍ਹ ਦੇ ਦਿੱਤੀ। ਐਟੋਮਿਕ ਐਨਰਜੀ ਕਮਿਸ਼ਨ ਨੇ ਉਸੇ ਦਿਨ ਤੋਂ ਕੰਮ ਆਰੰਭ ਦਿੱਤਾ।

ਹਾਈਡਰੋਜਨ ਬੰਬ ਦਾ ਤਾਪਮਾਨ 100 ਮਿਲੀਅਨ ਡਿਗਰੀ ਸੈਲਸੀਅਸ ਹੋਵੇਗਾ। ਜਦ ਅਜਿਹਾ ਬੰਬ ਸੁੱਟਿਆ ਜਾਏਗਾ ਤਾਂ ਉਸ ਦੀ ਸ਼ਕਤੀ ਤਿੰਨ ਕਿਸਮਾਂ ਦੀ ਹੋਵੇਗੀ- ਮਕੈਨੀਕਲ ਐਨਰਜੀ, ਥਰਮਲ ਰੈਡੀਏਸ਼ਨ ਅਤੇ ਆਈਓਨਾਈਜ਼ਿੰਗ ਰੈਡੀਏਸ਼ਨ।

ਇਸ ਬੰਬ ਦੀ ਤਬਾਹੀ ਦਾ ਅੰਦਾਜ਼ਾ ਤਾਂ ਹੀ ਲਾਇਆ ਜਾ ਸਕਦਾ ਹੈ ਜੇ ਪਤਾ ਹੋਵੇ ਕਿ ਇਹ ਆਕਾਸ਼ ਵਿਚ ਛੱਡਿਆ ਜਾਏਗਾ ਤਾਂ ਧਰਤੀ ਤੋਂ ਥੋੜ੍ਹਾ ਉੱਚਾ ਹੀ।

ਜਿਥੇ ਬੰਬ ਡਿੱਗੇਗਾ, ਉਸ ਥਾਂ ਤੋਂ 44 ਕਿਲੋਮੀਟਰ ਤਕ ਮਾਰ ਕਰੇਗਾ। ਲੋਕ ਸੜ-ਭੁਜ ਜਾਣਗੇ। ਇੱਕੀ ਤੋਂ ਸਤਾਈ ਕਿਲੋਮੀਟਰਾਂ ਦੇ ਘੇਰੇ ਵਿਚ ਆਏ ਲੋਕ ਉੱਕਾ ਨਹੀਂ ਬਚ ਸਕਣਗੇ। ਪੰਦਰਾਂ ਕਿਲੋਮੀਟਰਾਂ ਦੇ ਘੇਰੇ ਵਿਚ ਅਰਸ਼ਾਂ ਦੇ

ਤੂਫ਼ਾਨ ਉਠਣਗੇ।

ਯੂਨਾਈਟਿਡ ਨੇਸ਼ਨਜ਼ ਦੇ ਸੈਕਰੇਟਰੀ-ਜਨਰਲ ਨੇ 1967 ਵਿਚ ਇਕ ਰਿਪੋਰਟ ਛਾਪ ਕੇ ਅਜਿਹੇ ਬੰਬ ਦੀ ਤਬਾਹੀ ਦਾ ਅੰਦਾਜ਼ਾ ਲਾਇਆ ਸੀ ਤੇ ਦੱਸਿਆ ਕਿ ਇਕ ਮਿਲੀਅਨ ਵਾਲੇ ਸ਼ਹਿਰ ਵਿਚ ਕਿੰਨੀ ਤਬਾਹੀ ਹੋਵੇਗੀ-

ਮਕੈਨੀਕਲ ਐਨਰਜੀ ਤੇ ਤਾਪਮਾਨ ਨਾਲ	2,70,000
ਆਈਓਨਾਈਜ਼ਿੰਡ ਕਿਰਨਾਂ ਤੇ ਡਿੱਗੀ ਸੁਆਹ ਨਾਲ	90,000
ਜ਼ਖ਼ਮੀ ਹੋਣ ਵਾਲੇ	90,000

ਇਸ ਹਿਸਾਬ ਨਾਲ, ਇਕ ਹਾਈਡਰੋਜਨ ਬੰਬ ਸੁਟਣ 'ਤੇ 3,60,000 (ਤਿੰਨ ਲੱਖ ਸੱਠ ਹਜ਼ਾਰ) ਮਾਰੇ ਜਾਣਗੇ, ਤੇ 90 ਹਜ਼ਾਰ ਲੋਕ ਜ਼ਖ਼ਮੀ ਹੋਣਗੇ।

ਅਜਿਹੇ ਬੰਬ ਦੀ ਸੁਆਹ ਹਜ਼ਾਰਾਂ ਮੀਲਾਂ ਤਕ ਜਾ ਕੇ ਡਿੱਗੇਗੀ। ਜਿਥੇ ਵੀ ਇਹ ਡਿੱਗੇਗੀ, ਪਾਣੀ ਤੇ ਬਨਾਸਪਤੀ ਉਤੇ ਅਸਰ ਕਰੇਗੀ। ਅਜਿਹਾ ਪਾਣੀ ਤੇ ਫਲ-ਸਬਜੀਆਂ ਵੀ ਲੋਕਾਂ ਦੀ ਬੀਮਾਰੀ ਦਾ ਕਾਰਨ ਬਣਨਗੀਆਂ।

ਅਗਸਤ 1883 ਵਿਚ ਕਰਾਕਾਤਾਓ ਟਾਬੂ (ਇੰਡੋਨੇਸ਼ੀਆ) ਦੇ ਪਹਾੜ ਦਾ ਲਾਵਾ ਫਟਿਆ ਸੀ। ਇਸ ਲਾਵੇ ਦੀ ਸੁਆਹ ਯੂਰਪ ਦੇ ਦੇਸ਼ਾਂ ਤੱਕ ਪਹੁੰਚ ਗਈ ਸੀ। ਹਾਈਡਰੋਜਨ ਬੰਬ ਦੀ ਸੁਆਹ ਵੀ ਕਈ ਸਾਲ ਅਕਾਸ਼ ਵਿਚ ਘੁੰਮਦੀ-ਘੁੰਮਦੀ ਸਾਰੀ ਦੁਨੀਆਂ ਦੇ ਦੇਸ਼ਾਂ ਵਿਚ ਜਾ ਡਿੱਗੇਗੀ।

ਮਨੁੱਖਤਾ ਦੇ ਅਲਮਬਰਦਾਰ ਤੇ ਉੱਘੇ ਸਾਇੰਸਦਾਨ ਐਲਬਰਟ ਸ਼ਵਾਈਟਜ਼ਰ ਨੇ ਆਪਣੇ ਇਕ ਲੈਕਚਰ ਵਿਚ ਇਸ ਤਰ੍ਹਾਂ ਆਖਿਆ ਹੈ :-

"ਜਿਹੜੇ ਲੋਕ ਇਸ ਵਿਕਰਾਲ ਸ਼ਕਤੀ ਦੇ ਪੈਦਾ ਹੋਣ ਸਮੇਂ ਅਜੇ ਜਨਮੇਂ ਨਹੀਂ ਸਨ ਜਾਂ ਜਿਨ੍ਹਾਂ ਨੇ ਧਰਤੀ-ਮਾਤਾ ਦੀ ਭਿਆਨਕ ਤਬਾਹੀ ਨਹੀਂ ਦੇਖੀ, ਕੇਵਲ ਉਹੀ ਲੋਕ ਹੀ ਇਸ ਗੱਲ ਲਈ ਰਾਜ਼ੀ ਹੋਣ ਦਾ ਹੌਸਲਾ ਕਰ ਸਕਦੇ ਹਨ ਕਿ ਜ਼ੋਖ਼ਮ ਭਰੇ ਐਟਮੀ ਧਮਾਕਿਆਂ ਦੇ ਤਜ਼ਰਬੇ ਕਦੇ-ਕਦਾਈਂ ਹੋ ਸਕਦੇ ਹਨ।"

("Only those who had never been present when a freak was born, who had never witnessed the horrification of the Mother, can dare to maintain that the continuation of test explosion is a risk which on occasion might possibly be acceptable.")

ਇਨ੍ਹਾਂ ਹਾਲਤ ਵਿਚ ਵੇਖਿਆ ਜਾ ਸਕਦਾ ਹੈ ਕਿ ਅਜਿਹੇ ਬੰਬਾਂ ਤੋਂ ਬਚਾਅ ਕਰਨ ਲਈ ਸ਼ੈਲਟਰ ਬਣਾਉਣ ਤੇ ਉਨ੍ਹਾਂ ਵਿਚ ਜਾ ਕੇ ਲੁਕਣਾ ਕਿੰਨੀ

ਹਾਸੋਹੀਣੀ ਗੱਲ ਹੈ।

ਬੰਬ ਸਿੱਧਾ ਸ਼ੈਲਟਰ ਉਤੇ ਵੀ ਡਿੱਗ ਸਕਦਾ ਹੈ। ਜੇ ਸ਼ੈਲਟਰ ਤੋਂ ਲਾਂਭੇ ਵੀ ਡਿੱਗੇ ਤਾਂ ਵੀ ਲੋਕ ਕਿੰਨੀ ਦੇਰ ਸ਼ੈਲਟਰ ਵਿਚ ਡੱਕੇ ਰਹਿਣਗੇ। ਕਦੇ ਤਾਂ ਬਾਹਰ ਨਿਕਲਣਗੇ ਹੀ। ਬਾਹਰ ਨਿਕਲਣ ਸਾਰ ਰੈਡੀਏਸ਼ਨ ਉਨ੍ਹਾਂ ਦਾ ਸੁਆਗਤ ਕਰੇਗੀ। ਨੋਬਲ ਪੀਸ ਪਰਾਈਜ਼ 'ਜੇਤੂ' ਨਿਊਲ ਬੇਕਰ ਦਾ ਕਹਿਣਾ ਹੈ ਕਿ ਸਵੀਡਨ ਦੇ ਕੁਝ ਲੋਕਾਂ ਨੇ ਪਹਾੜੀਆਂ ਵਿਚ ਮਜ਼ਬੂਤ ਸ਼ੈਲਟਰ ਬਣਾਏ ਹਨ, ਪਰ ਉਹ ਇਹ ਨਹੀਂ ਜਾਣਦੇ ਕਿ ਇਹ ਕੀਮਤੀ ਸ਼ੈਲਟਰ ਹੀ ਉਨ੍ਹਾਂ ਦੇ ਗਲਾਂ ਦੇ ਫੰਧੇ ਬਣਨਗੇ।

> *"ਜੰਗ ਰੋਕਣ ਵਾਲੀ ਮੈਡੀਕਲ ਐਸੋਸੀਏਸ਼ਨ' ਵੀ 'ਇਸੇ ਨਿਰਣੇ 'ਤੇ ਪੁੱਜੀ ਹੈ ਕਿ ਅਖੌਤੀ ਸ਼ੈਲਟਰਾਂ ਵਿਚ ਰਹਿਣ ਵਾਲੇ ਵੀ ਐਟਮ ਬੰਬ ਦੇ ਡਿੱਗਣ 'ਤੇ ਸ਼ੈਲਟਰਾਂ ਵਿਚ ਪਨਾਹ ਨਾ ਲੈਣ ਵਾਲੇ ਲੋਕਾਂ ਵਾਂਗ ਹੀ ਮਰਨਗੇ।"*
>
> ("Medical Association for Prevention of War" "also reaches the conclusion that occupants of so-called shelters would die in an Atom-bomb raid just the same as those who had not taken shelter.")

ਐਟਮ ਬੰਬ ਦੇ ਕਾਰਨ ਬੀਮਾਰੀਆਂ

ਐਟਮ ਬੰਬ ਦੀ ਜ਼ਹਿਰੀਲੀ ਗੈਸ ਦੇ ਕਾਰਨ ਕਈ ਬੀਮਾਰੀਆਂ, ਸਾਲਾਂ ਮਗਰੋਂ ਨਮੂਦਾਰ ਹੋਈਆਂ। ਲੋਕਾਂ ਦੀਆਂ ਅੱਖਾਂ ਦੀ ਰੌਸ਼ਨੀ ਘਟਣ ਲਗ ਪਈ। ਕਈ ਕਾਣੇ ਤੇ ਅੰਨ੍ਹੇ ਹੋ ਗਏ। ਲੋਕਾਂ ਨੂੰ ਕੈਂਸਰ, ਟੀਊਮਰ ਤੇ ਲੁਕੀਮੀਆ ਨੇ ਆ ਘੇਰਿਆ। ਇਕ-ਮਿੰਟੀ ਰੌਸ਼ਨ-ਧਮਾਕਾ ਲੋਕਾਂ ਦੇ ਲੁਕੀਮੀਆ ਦਾ ਕਾਰਨ ਬਣਿਆ। ਜੋ ਲੋਕ ਧਮਾਕੇ ਵੇਲੇ ਬੰਬ ਡਿੱਗਣ ਵਾਲੇ ਥਾਂ ਦੇ ਨੇੜੇ ਤੇੜੇ ਵੀ ਨਹੀਂ ਸਨ, ਉਹ ਜ਼ਹਿਰੀਲੀ ਗੈਸ ਦਾ ਸ਼ਿਕਾਰ ਹੋ ਕੇ ਲੁਕੀਮੀਏ ਦੀ ਬੀਮਾਰੀ ਵਿਚ ਗ੍ਰਸੇ ਗਏ। ਚਾਲੀ ਸਾਲਾਂ ਦੇ ਅਰਸੇ ਮਗਰੋਂ ਵੀ ਜਾਪਾਨ ਦੇ ਸ਼ਹਿਰੀਆਂ ਵਿਚ ਲੁਕੀਮੀਏ ਦੀ ਬੀਮਾਰੀ ਵਧ ਰਹੀ ਹੈ। ਲੰਗ-ਕੈਂਸਰ ਵਧ ਰਿਹਾ ਹੈ। ਪੇਟ ਦਾ ਕੈਂਸਰ ਤੇ ਅਲ਼ਸਰ ਵੀ ਵਧ ਰਿਹਾ ਹੈ। ਬੰਬ ਡਿੱਗਣ ਸਮੇਂ ਜੋ ਬੱਚੇ ਮਾਂ ਦੇ ਪੇਟ ਵਿਚ ਸਨ, ਉਹ ਪੈਦਾ ਹੋਣ ਮਗਰੋਂ ਹੀ ਮਰ ਗਏ। ਕਈਆਂ ਦੇ ਅੰਗ ਵਿੰਗੇ-ਟੇਢੇ ਸਨ, ਉਹ ਵੀ ਜੀਅ ਨਾ ਸਕੇ। ਕਈਆਂ ਦੇ ਸਿਰ ਨਿੱਕੇ-ਨਿੱਕੇ, ਉਹ ਚਾਲੀ ਸਾਲਾਂ ਦੇ ਵੀ ਹੋ ਕੇ ਤਿੰਨਾਂ ਚੌਹਾਂ ਸਾਲਾਂ ਦੇ ਬੱਚਿਆਂ ਵਰਗੇ ਹੀ ਹਨ। ਨਾ ਉਨ੍ਹਾਂ ਪਾਸ ਬੋਲਣ

ਦੀ ਸ਼ਕਤੀ ਹੈ ਤੇ ਨਾ ਹੀ ਸੋਚਣ-ਸ਼ਕਤੀ। ਨਾ ਹੀ ਉਹ ਆਪਣੇ ਆਪ ਦੀ ਦੇਖ-ਭਾਲ ਕਰਨ ਜੋਗੇ ਹਨ। ਉਨ੍ਹਾਂ ਦੇ ਵਿੰਗੇ-ਟੇਢੇ ਚਿਹਰੇ, ਅਪਾਹਜਾਂ ਵਰਗੇ ਸਰੀਰ ਤੇ ਜਾਨਵਰਾਂ ਵਰਗੀਆਂ ਆਵਾਜ਼ਾਂ। ਜੰਗ-ਬਾਜ਼ਾਂ ਦੇ ਹਤਿਆਰੇ ਕਰਮ ਦੇ ਕਾਰਨ ਇਹ ਨਿਦੋਸ਼ੇ ਲੋਕ ਨਰਕ ਭੋਗ ਰਹੇ ਹਨ। ਕਈਆਂ ਨੇ ਆਤਮ-ਹੱਤਿਆ ਦੇ ਜਤਨ ਕੀਤੇ। ਕਈ ਸਫ਼ਲ ਨਾ ਹੋਏ ਤੇ ਕਈ ਇਸ ਨਰਕੀ ਜੀਵਨ ਤੋਂ ਛੁਟਕਾਰਾ ਪਾ ਗਏ।

ਐਟਮ ਬੰਬ ਡਿੱਗਣ ਸਮੇਂ ਇਕ ਲੜਕੀ ਦਸਾਂ ਸਾਲਾਂ ਦੀ ਸੀ। ਗਿਆਰਾਂ ਸਾਲਾਂ ਮਗਰੋਂ ਉਸ ਨੇ ਵਿਆਹ ਕੀਤਾ। ਦੋ ਸਾਲਾਂ ਮਗਰੋਂ ਉਨ੍ਹਾਂ ਦੇ ਪੁੱਤਰ ਪੈਦਾ ਹੋਇਆ ਤੇ ਫਿਰ ਇਕ ਧੀ। ਉਨ੍ਹਾਂ ਦੀ ਧੀ 1974 ਵਿਚ ਲੁਕੀਮੀਆ ਨਾਲ ਮਰ ਗਈ ਤੇ ਪੁੱਤਰ ਵੀ ਲੁਕੀਮੀਆ ਦੇ ਕਾਰਨ 1975 ਵਿਚ ਮਰ ਗਿਆ। ਇਹ ਦੋਵੇਂ ਬੱਚੇ ਬੰਬ ਸੁੱਟੇ ਜਾਣ ਤੋਂ ਕਈ ਸਾਲਾਂ ਮਗਰੋਂ ਪੈਦਾ ਹੋਏ ਸਨ।

ਐਟਮ ਬੰਬਾਂ ਦੇ ਧਮਾਕਿਆਂ ਤੇ ਤਜਰਬਿਆਂ ਦਾ ਸਿਹਤ ਉਤੇ ਅਸਰ

ਜੰਗ ਖ਼ਤਮ ਹੋਣ ਸਾਰ ਹੀ ਅਮਰੀਕਾ ਨੇ ਨਵੇਂ ਤਜਰਬੇ ਤੇ ਧਮਾਕੇ ਕਰਨੇ ਅਰੰਭ ਦਿੱਤੇ। 1946-47 ਵਿਚ ਬੀਕੀਨੀ ਐਟੋਲ (Bikini Atoll) ਦੇ ਇਲਾਕੇ ਵਿਚ ਤਜਰਬੇ ਕੀਤੇ ਗਏ। ਪਹਿਲਾ ਬੰਬ ਏਬਲ (Able) ਆਕਾਸ਼-ਪੁਲਾੜ ਵਿਚ ਚਲਾਇਆ ਗਿਆ। ਬੇਕਰ (Baker) ਬੰਬ ਪਾਣੀ ਦੀ ਤਹਿ ਹੇਠ ਚਲਾਇਆ ਗਿਆ। ਤੀਜਾ ਬੰਬ ਚਾਰਲੀ (Charlie) ਡੂੰਘੇ ਪਾਣੀ ਵਿਚ ਵਰਤਿਆ ਗਿਆ। ਇਹ ਤਜਰਬੇ ਓਪਰੇਸ਼ਨ ਕਰਾਸਰੋਡ (Cross Road) ਦੇ ਨਾਂ ਨਾਲ ਜਾਣੇ ਜਾਂਦੇ ਹਨ। ਇਹ ਜਾਨਣ ਲਈ ਕਿ ਲੋਕਾਂ ਉਤੇ ਤੇ ਜੰਗੀ ਸਾਮਾਨ ਉਤੇ ਕੀ ਅਸਰ ਪੈਂਦਾ ਹੈ, 200 ਸਮੁੰਦਰੀ ਜਹਾਜ਼, 150 ਏਅਰ ਕਰਾਫ਼ਟ ਕੈਰੀਅਰ ਤੇ 42000 ਫ਼ੌਜੀ ਬੀਕੀਨੀ ਟਾਪੂਆਂ ਵਿਚ ਵਰਤੇ ਗਏ। ਜਿਹੜੇ ਜਹਾਜ਼ ਧਮਾਕੇ ਦੇ ਨੇੜੇ ਸਨ ਉਨ੍ਹਾਂ ਨੂੰ ਕੁਰਾਨੀਟੀਨ (Qurantined) ਦੇ ਗੇੜ ਵਿਚ ਪਾਇਆ ਗਿਆ ਤੇ ਸਫ਼ਾਈ ਕੀਤੀ ਗਈ। ਇਨ੍ਹਾਂ ਤਜਰਬਿਆਂ ਉਤੇ 90 ਮਿਲੀਅਨ ਡਾਲਰ ਖ਼ਰਚ ਕੀਤੇ ਗਏ। ਜਿਨ੍ਹਾਂ ਫੌਜੀਆਂ ਨੇ ਓਪਰੇਸ਼ਨ ਕਰਾਸਫੋਰਡ ਵਿਚ ਭਾਗ ਲਿਆ ਸੀ, ਉਨ੍ਹਾਂ ਵਿਚੋਂ ਦੋ ਫ਼ੌਜੀ ਦੋ ਸਾਲ ਮਗਰੋਂ ਰੈਡੀਏਸ਼ਨ ਨਾਲ ਬੀਮਾਰ ਹੋ ਕੇ ਮਰ ਗਏ। ਇਕ ਫ਼ੌਜੀ ਲੁਕੀਮੀਏ ਨਾਲ ਤੇ ਦੂਜਾ ਸਾਰਸੀਨੋਮਾ (Carcinoma) ਨਾਲ ਮਰਿਆ।

ਇਕ ਮਾਰਚ 1954 ਵਿਚ ਪਹਿਲੀ ਥਾਂ ਉਤੇ ਹੀ ਐਟਮ ਬੰਬ ਦਾ ਤਜਰਬਾ ਕੀਤਾ ਗਿਆ। ਇਸ ਤਜ਼ਰਬੇ ਦਾ ਨਾਂ ਬਰੇਵੋ (Bravo) ਰੱਖਿਆ ਗਿਆ। ਇਸ ਇਲਾਕੇ ਵਿਚ ਨਾਕਾਬੰਦੀ ਕਰਕੇ ਹੋਰ ਜਹਾਜ਼ਾਂ ਦੀ ਆਵਾਜਾਈ

ਬੰਦ ਕਰ ਦਿੱਤੀ ਗਈ। ਜਾਪਾਨੀ (ਮੱਛੀਆਂ ਫੜਨ ਵਾਲਾ) ਜਹਾਜ਼ 'ਡਾਈਮੋ ਫੁਕੂਰੀਓ ਮਾਰੂ' ਨਾਕਾਬੰਦੀ ਵਾਲੇ ਇਲਾਕੇ ਤੋਂ 150 ਕਿਲੋਮੀਟਰ ਪੂਰਬ ਵੱਲ ਸੀ। ਇਸ ਜਹਾਜ਼ ਦਾ ਵਜ਼ਨ 99 ਟਨ ਤੇ ਜਹਾਜ਼ ਉਤੇ ਕੰਮ ਕਰਨ ਵਾਲੇ 23 ਮਛੇਰੇ ਸਨ। ਏਨੀ ਦੂਰੀ ਉਤੇ ਹੋਣ 'ਤੇ ਵੀ ਜਹਾਜ਼ ਬੰਬ ਦੀ ਸੁਆਹ (fallout) ਨਾਲ ਢੱਕਿਆ ਗਿਆ। ਇਹ ਜਹਾਜ਼ 14 ਮਾਰਚ ਨੂੰ ਯਾਈਜੂ ਬੰਦਰਗਾਹ ਉਤੇ ਮੁੜਿਆ। ਉਥੇ ਮੁਆਇਨਾ ਕੀਤਾ ਗਿਆ ਤੇ ਪਤਾ ਲਗਾ ਕਿ ਮਛੇਰੇ ਤੇ ਫੜੀਆਂ ਮੱਛੀਆਂ ਸੁਆਹ ਦੀ ਜ਼ਦ ਵਿਚ ਆ ਗਈਆਂ ਸਨ। ਮੱਛੀਆਂ ਖਾਣ ਜੋਗੀਆਂ ਨਾ ਰਹੀਆਂ। 17 ਮਾਰਚ ਨੂੰ ਜਹਾਜ਼ ਦੇ ਮਸ਼ੀਨ-ਰੂਮ ਵਿਚ ਵੀ ਸੁਆਹ ਲੱਭੀ ਗਈ। ਮਛੇਰਿਆਂ ਦੇ ਕਮਰਿਆਂ ਵਿਚ ਵੀ ਸੁਆਹ ਸੀ।

ਕਈ ਹੋਰ ਜਾਪਾਨੀ (ਮੱਛੀਆਂ ਫੜਨ ਵਾਲੇ) ਜਹਾਜ਼ ਵੀ ਉਸੇ ਇਲਾਕੇ ਵਿਚ ਸਨ, ਜਿਨ੍ਹਾਂ ਉਤੇ ਸੁਆਹ ਦਾ ਅਸਰ ਹੋਇਆ। ਜਾਪਾਨ ਸਰਕਾਰ ਨੇ ਇਸ ਮਾਮਲੇ ਦੀ ਪੜਤਾਲ ਕਰਨ ਲਈ 'ਸ਼ੁੱਨਕੱਤਸੂਮਾਰੂ' ਭੇਜਿਆ। ਮਈ ਤੋਂ ਜੁਲਾਈ 1954 ਤਕ ਇਸ ਜਹਾਜ਼ ਨੇ ਪੜਤਾਲ ਕੀਤੀ। ਇਹ ਜਹਾਜ਼ ਦੁਬਾਰਾ ਪੜਤਾਲ ਕਰਨ ਲਈ 1956 ਵਿਚ ਭੇਜਿਆ ਗਿਆ।

ਧਮਾਕੇ ਵਾਲੇ ਦਿਨ ਹੀ ਜਹਾਜ਼ ਵਿਚ ਕੰਮ ਕਰਨ ਵਾਲਿਆਂ ਦੀਆਂ ਅੱਖਾਂ ਵਿਚ ਜਲਨ ਹੋਣ ਲਗ ਪਈ, ਭੁਖ ਲਗਣੀ ਹਟ ਗਈ। ਸੁਆਹ ਦੇ ਮੀਂਹ ਦੇ ਕਾਰਨ ਜਹਾਜ਼ ਦੇ ਕਾਮੇ ਨਿਢਾਲ ਹੋ ਗਏ। ਦੂਜੇ ਦਿਨ ਉਨ੍ਹਾਂ ਨੂੰ ਸਿਰ-ਦਰਦ ਹੋਣ ਲਗ ਪਿਆ, ਘੁੰਮਣ-ਘੇਰੀਆਂ ਆਉਣ ਲਗ ਪਈਆਂ। ਚੌਥੇ ਦਿਨ ਉਨ੍ਹਾਂ ਨੂੰ ਕੁਝ ਆਰਾਮ ਆਇਆ।

ਜਹਾਜ਼ ਦਾ ਫ਼ਰਸ਼ ਧੋਤਾ ਗਿਆ, ਪਰ ਫਿਰ ਵੀ ਵਿਥਾਂ ਵਿਚ ਸੁਆਹ ਜੰਮੀ ਰਹਿ ਗਈ। ਦਰਵਾਜ਼ਿਆਂ ਦੀਆਂ ਝੀਤਾਂ ਵਿਚੋਂ ਵੀ ਸੁਆਹ ਨਾ ਨਿਕਲ ਸਕੀ। ਲੋਕਾਂ ਨੇ ਸਿਰ ਧੋਤੇ ਪਰ ਸੁਆਹ ਪੂਰੀ ਤਰ੍ਹਾਂ ਉਨ੍ਹਾਂ ਦੇ ਵਾਲਾਂ ਵਿਚੋਂ ਵੀ ਨਾ ਨਿਕਲੀ। ਇਹ ਸੁਆਹ ਮੂੰਹ ਤੇ ਨੱਕਾਂ ਥਾਣੀਂ ਕਾਮਿਆਂ ਦੇ ਸਰੀਰ ਅੰਦਰ ਵੀ ਧੱਸ ਗਈ। ਨੌਵੇਂ ਦਿਨ ਕਾਮਿਆਂ ਦੇ ਵਾਲ ਲਹਿਣ ਲੱਗ ਪਏ। ਜਦ ਚੌਧਵੇਂ ਦਿਨ ਜਹਾਜ਼ ਆਪਣੀ ਬੰਦਰਗਾਹ ਉਤੇ ਲੱਗਾ ਤਾਂ ਉਨ੍ਹਾਂ ਦਾ ਡਾਕਟਰੀ ਮੁਆਇਨਾ ਕੀਤਾ ਗਿਆ। ਇਸ ਮੁਆਇਨੇ ਨੇ ਦੱਸਿਆ ਕਿ ਕਾਮਿਆਂ ਦੀ ਚਮੜੀ ਸੁਜ ਗਈ ਸੀ, ਨਿੱਕੇ ਨਿੱਕੇ ਛਾਲੇ ਪੈ ਗਏ ਸਨ। ਇਹ ਸਾਬਤ ਹੋ ਗਿਆ ਕਿ ਕਾਮੇ ਸੁਆਹ ਦੇ ਮੀਂਹ ਦੇ ਕਾਰਨ ਹੀ ਬੀਮਾਰ ਸੀ। ਫਿਰ ਬੁਖ਼ਾਰ ਚੜ੍ਹਨ ਲਗ ਪਿਆ। ਲਹੂ, ਪਿਸ਼ਾਬ ਤੇ ਟੱਟੀ ਵਿਚ ਹੀ ਸੁਆਹ ਦਾ ਅਸਰ ਲੱਭਿਆ। ਤੀਜੇ ਤੇ ਚੌਥੇ ਹਫ਼ਤੇ ਵਿਚ ਉਨ੍ਹਾਂ ਦੀ ਸਿਹਤ ਹੋਰ ਖ਼ਰਾਬ ਹੋ ਗਈ। ਦਸਵੇਂ ਤੋਂ ਬਾਰ੍ਹਵੇਂ

ਹਫ਼ਤੇ ਵਿਚ ਬੀਮਾਰਾਂ ਨੂੰ ਜਾਂਡਸ (ਪੀਲੀਆ) ਹੋਣ ਲਗ ਪਿਆ। ਲਿਵਰ (ਜਿਗਰ) ਉਤੇ ਵੀ ਹੋਏ ਅਸਰ ਦਾ ਪਤਾ ਲੱਗਾ। ਇਹ ਵੀ ਪਤਾ ਲੱਗਾ ਕਿ ਇਹ ਸੁਆਹ ਦਾ ਅਸਰ ਹੱਡੀਆਂ ਤਕ ਜਾ ਪਹੁੰਚਾ ਹੈ। ਕੁਝ ਹਫ਼ਤਿਆਂ ਮਗਰੋਂ ਇਹ ਸਾਰੀਆਂ ਬੀਮਾਰੀਆਂ ਚੰਗੇ ਇਲਾਜਾਂ ਦੇ ਕਾਰਨ ਘਟਣ ਲੱਗ ਪਈਆਂ, ਪਰ ਵਾਇਰਲੈਸ ਓਪਰੇਟਰ ਜ਼ਿਆਦਾ ਬੀਮਾਰ ਹੋ ਗਿਆ। ਮਈ ਦੇ ਅਖ਼ੀਰ ਵਿਚ ਉਸ ਦਾ ਲਿਵਰ ਬਹੁਤ ਹੀ ਵਧ ਗਿਆ। ਫਿਰ ਜਾਂਡਸ ਜ਼ੋਰ ਫੜ ਗਿਆ, ਪੇਟ ਵਿਚ ਪਾਣੀ ਭਰ ਗਿਆ, ਤਿੰਨ ਦਿਨ ਬੇਹੋਸ਼ ਪਿਆ ਰਿਹਾ। ਉਹ 23 ਸਤੰਬਰ ਨੂੰ 207 ਦਿਨਾਂ ਮਗਰੋਂ ਮੌਤ ਦੇ ਮੂੰਹ ਜਾ ਪਿਆ। ਇਹ ਸਾਬਤ ਹੋ ਗਿਆ ਕਿ ਵਾਇਰਲੈਸ ਓਪਰੇਟਰ ਦੀ ਮੌਤ ਰੈਡੀਏਸ਼ਨ ਸੁਆਹ ਦੇ ਮੀਂਹ ਨਾਲ ਹੋਈ ਹੈ।

ਇਸ ਤਰ੍ਹਾਂ ਜਾਪਾਨੀ ਦੂਜੀ ਵਾਰੀ ਐਟਮ ਬੰਬ ਦੀ ਜ਼ਦ ਹੇਠਾਂ ਆਏ। 'ਫੁਕੂਰਾਯੂ ਮਾਰੂ' (Lucky Dragon) 1956 ਤੋਂ 1966 ਤਕ ਜਾਪਾਨ ਦੀ ਵਿਦਿਅਕ ਵਜ਼ਾਰਤ ਦੇ ਕਬਜ਼ੇ ਵਿਚ ਰਿਹਾ। ਫਿਰ ਕਬਾੜੀਆਂ ਦਾ ਮਾਲ ਜਾਣ ਕੇ ਵੇਚ ਦਿੱਤਾ ਗਿਆ। ਅਕਤੂਬਰ 1967 ਵਿਚ ਫਿਰ ਇਸ ਜਹਾਜ਼ ਉਤੇ ਸੁਆਹ-ਬਾਰਸ਼ ਦਾ ਜ਼ਿਕਰ ਲੋਕਾਂ ਪਾਸ ਪਹੁੰਚਾ। ਜੋ ਲੋਕ ਐਟਮ-ਬੰਬ ਦੇ ਖ਼ਿਲਾਫ਼ ਸਨ, ਉਨ੍ਹਾਂ ਨੇ ਇਸ ਜਹਾਜ਼ ਨੂੰ ਅਜਾਇਬ-ਘਰ ਵਿਚ ਰੱਖ ਦੇਣ ਲਈ ਕਮੇਟੀ ਬਣਾਈ ਤੇ 1969 ਵਿਚ ਇਸ ਜਹਾਜ਼ ਨੂੰ ਐਟਮ-ਬੰਬ ਅਜਾਇਬ ਘਰ ਵਿਚ ਬਦਲ ਦਿੱਤਾ। ਐਟਮ-ਬੰਬ ਦੇ ਸੰਬੰਧ ਵਿਚ ਕਿਤਾਬਾਂ ਤੇ ਹੋਰ ਦਸਤਾਵੇਜ਼ਾਂ ਇਕੱਠੀਆਂ ਕਰ ਕੇ ਇਸੇ ਜਹਾਜ਼ ਵਿਚ ਰੱਖ ਦਿੱਤੀਆਂ ਤੇ ਇਕ ਯਾਦਗਾਰੀ ਲਾਇਬ੍ਰੇਰੀ ਬਣਾ ਦਿੱਤੀ। ਜਹਾਜ਼ ਦੇ ਆਲ਼ੇ-ਦੁਆਲ਼ੇ ਦੀ ਥਾਂ ਵਿਚ ਪੀਸ ਪਾਰਕ (ਅਮਨ ਬਾਗ) ਬਣਾ ਦਿੱਤਾ।

ਮਾਰਸ਼ਲ ਆਈਲੈਂਡਜ਼ ਰੌਨਗੇਲੈਪ (Rongelap), ਰੌਨਗੇਰਿੰਕ (Rongerink), ਉਟਰਕ (Utric) ਤੇ ਏਈਲਿੰਗੀਨੇਅ (Ailinginae) ਉਤੇ ਵੀ ਸੁਆਹ ਦਾ ਮੀਂਹ ਵਰ੍ਹਿਆ ਸੀ, ਜਦ 'ਫੁਕੂਰਾਯੂ ਮਾਰੂ' (Lucky Dragon) ਸੁਆਹ ਦੀ ਜ਼ਦ ਵਿਚ ਆਇਆ ਸੀ। ਇਨ੍ਹਾਂ ਟਾਪੂਆਂ ਦੇ ਵਸਨੀਕਾਂ ਦੀਆਂ ਗਲ-ਗ੍ਰੰਥੀਆਂ (Thyroid Glands) ਵਿਚ ਇਹ ਸੁਆਹ ਜਮ੍ਹਾਂ ਹੋ ਗਈ। ਜਦ ਇਸ ਖ਼ਤਰੇ ਦਾ ਪਤਾ ਲੱਗਾ ਤਾਂ ਰੌਨਗੇਲੈਪ (Rongelap) ਟਾਪੂ ਦੇ ਵਸਨੀਕ ਉੱਥੋਂ ਕੱਢ ਲਏ ਗਏ ਤੇ ਕਈ ਸਾਲਾਂ ਮਗਰੋਂ ਉਨ੍ਹਾਂ ਨੂੰ ਆਪਣੇ ਘਰਾਂ ਵਿਚ ਪਰਤਣ ਦੀ ਆਗਿਆ ਮਿਲੀ। ਇਸ ਟਾਪੂ ਦੇ ਕਈ ਵਸਨੀਕ ਟੀਊਮਰ ਨਾਲ ਮਰ ਗਏ।

ਬੀਕੀਨੇ ਵਿਚ ਕੀਤੇ ਬੰਬ-ਧਮਾਕੇ ਦੇ ਉਲਟ, ਉਥੋਂ ਦੇ ਵਸਨੀਕਾਂ ਨੇ

ਅਮਰੀਕਾ ਦੇ ਉਲਟ ਅੰਤਰ-ਰਾਸ਼ਟਰੀ ਸਭਾ (U.N.O.) ਨੂੰ ਸ਼ਿਕਾਇਤ ਭੇਜ ਕੇ ਅਪੀਲ ਕੀਤੀ ਕਿ ਅੱਗੇ ਤੋਂ ਇਸ ਇਲਾਕੇ ਵਿਚ ਬੰਬਾਂ ਦੇ ਤਜਰਬੇ ਨਾ ਕੀਤੇ ਜਾਣ ਤੇ ਬੰਬ ਦੇ ਕਾਰਨ ਬੇਘਰ ਹੋ ਗਏ ਤੇ ਬੀਮਾਰਾਂ ਨੂੰ ਇਵਜ਼ਾਨਾ ਦਿੱਤਾ ਜਾਏ, ਪਰ ਅਮਰੀਕਨ ਸਰਕਾਰ ਨੇ ਇਹ ਕਹਿ ਕੇ ਕਿ ਮਾਈਕਰੋਨੇਸ਼ੀਆ (Micronesia) ਅਮਰੀਕਾ ਦੀ ਟਰੱਸਟੀ-ਸ਼ਿਪ ਹੇਠਾਂ ਹੈ ਤੇ ਇਹ ਅਮਰੀਕਾ ਦਾ ਘਰੋਗੀ ਮਾਮਲਾ ਹੈ, ਕਹਿ ਕੇ ਕੋਈ ਵੀ ਗੱਲ ਮੰਨਣੀ ਨਾ-ਮਨਜ਼ੂਰ ਕਰ ਦਿੱਤੀ।

1971 ਵਿਚ ਐਟਮ-ਬੰਬ ਤੇ ਹਾਈਡਰੋਜਨ ਬੰਬ ਦੀ ਮੁਖ਼ਾਲਫ਼ਤ ਕਰਨ ਵਾਲੀ ਜਾਪਾਨੀ ਕਾਂਗਰਸ ਦੇ ਮੈਂਬਰਾਂ ਨੇ ਰੌਨਗੇਲੈਪ (Rongelap) ਤੇ ਉਟਰਕ (Utric) ਟਾਪੂਆਂ ਵਿਚ ਉਤਰ ਕੇ ਪੜਤਾਲ ਕਰਨੀ ਚਾਹੀ, ਪਰ ਅਮਰੀਕਨ ਸਰਕਾਰ ਨੇ ਉਨ੍ਹਾਂ ਨੂੰ ਟਾਪੂਆਂ ਵਿਚ ਦਾਖ਼ਲ ਹੋਣ ਦੀ ਆਗਿਆ ਨਾ ਦਿੱਤੀ।

ਅਮਰੀਕਾ ਨੇ ਆਪਣੇ ਫ਼ੌਜੀਆਂ ਦੀ ਸਿਹਤ ਦਾ ਵੀ ਖ਼ਿਆਲ ਨਾ ਰੱਖਿਆ। 1951 ਤੋਂ 1957 ਤਕ ਨੇਵਾਦਾ ਟੈਸਟ ਸਾਈਟ (Nevada Test Site) ਵਿਚ ਕਈ ਬੰਬ-ਧਮਾਕੇ ਕੀਤੇ ਕਈ ਅਜਿਹੇ ਤਜਰਬੇ ਖੁਲ੍ਹੇ ਪੁਲਾੜ ਤੇ ਖੁਲ੍ਹੇ ਆਸਮਾਨ ਵਿਚ ਕੀਤੇ ਗਏ। *G.I. Guinea Pigs* ਪੁਸਤਕ ਦੇ ਸੰਪਾਦਕਾਂ-ਐਮ. ਯੂਹੀ (M. Uhi) ਤੇ ਟੀ. ਐਨਸਾਈਨ (T. Ensign) ਨੇ ਇਨ੍ਹਾਂ ਬੰਬ ਧਮਾਕਿਆਂ ਦਿਆਂ ਤਜਰਬਿਆਂ ਦੀਆਂ ਤਸਵੀਰਾਂ ਛਾਪੀਆਂ ਹਨ, ਜਿਨ੍ਹਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਅਮਰੀਕਨ ਫ਼ੌਜੀਆਂ ਦੀ ਰਾਖੀ ਦਾ ਕੋਈ ਖ਼ਾਸ ਪ੍ਰਬੰਧ ਨਹੀਂ ਸੀ ਕੀਤਾ ਗਿਆ। ਇਸ ਪੁਸਤਕ ਦੇ ਪੰਨਾ 144 ਉਤੇ ਛਪੀ ਤਸਵੀਰ ਤੋਂ ਸਪੱਸ਼ਟ ਹੁੰਦਾ ਹੈ ਕਿ ਮਾਰਚ 1955 ਵਿਚ ਕੀਤੇ ਤਜਰਬੇ ਸਮੇਂ ਅਮਰੀਕਨ ਫ਼ੌਜੀਆਂ ਦੀ ਸਿਹਤ ਤੇ ਰੱਖਿਆ ਦਾ ਕੋਈ ਪ੍ਰਬੰਧ ਨਾ ਕੀਤਾ ਗਿਆ। ਇਸ ਤਜਰਬੇ ਦਾ ਨਾਮ ਟਰਕ (Turk) ਰੱਖਿਆ ਗਿਆ। ਇਸ ਤਸਵੀਰ ਵਿਚ ਕਈ ਅਮਰੀਕਨ ਫ਼ੌਜੀ ਖੁੱਲ੍ਹੇ ਟਰੈਂਚਾਂ ਦੇ ਬਾਹਰ ਖੜ੍ਹੇ ਵਿਖਾਈ ਦੇ ਰਹੇ ਹਨ। ਉਨ੍ਹਾਂ ਦੇ ਰੈਡੀਏਸ਼ਨ ਤੋਂ ਬਚਣ ਦਾ ਵੀ ਕੋਈ ਪ੍ਰਬੰਧ ਨਹੀਂ ਸੀ ਕੀਤਾ ਗਿਆ। ਕੁਝ ਪੰਨੇ ਅੱਗੇ ਜਾ ਕੇ ਸਮੋਕੀ ਟੈਸਟ (Smoky Test) ਬਾਰੇ ਤਸਵੀਰਾਂ ਹਨ, ਜੋ 27 ਅਗਸਤ 1957 ਕੀਤਾ ਗਿਆ। ਤਸਵੀਰ ਵਿਚ ਕਈ ਫ਼ੌਜੀ ਬਿਨਾਂ ਕਿਸੇ ਹਿਫ਼ਾਜ਼ਤ ਦੇ ਖੜ੍ਹੇ ਵਿਖਾਈ ਦੇ ਰਹੇ ਹਨ। ਐਨ ਉਸੇ ਵੇਲੇ ਟੈਸਟ ਦਾ ਖੁੰਭ-ਨੁਮਾ ਧੂੰਆਂ ਆਸਮਾਨ ਵੱਲ ਉੱਠ ਰਿਹਾ ਸੀ। ਕੁਝ ਸਮੇਂ ਮਗਰੋਂ ਇਨ੍ਹਾਂ ਫ਼ੌਜੀਆਂ ਵਿਚੋਂ ਅੱਠਾਂ ਨੂੰ ਲੁਕੀਮੀਆ ਹੋ ਗਿਆ। ਇਸ ਟੈਸਟ ਵਿਚ ਸ਼ਾਮਲ ਹੋਏ 111 ਫ਼ੌਜੀਆਂ ਨੂੰ ਕੈਂਸਰ ਹੋ ਗਿਆ।

ਸਟਾਕਹੋਮ ਇੰਟਰਨੈਸ਼ਨਲ ਪੀਸ ਰੀਸਰਚ ਇਨਸਟੀਚਿਊਟ ਯੀਅਰ-ਬੁਕ

(*Stockholm International Peace Research Institute Year-Book*

1981) ਨੇ ਐਟਮ-ਬੰਬਾਂ ਦੇ ਕੀਤੇ ਗਏ ਤਜਰਬਿਆਂ ਦਾ, 16 ਜੁਲਾਈ 1945 ਤੋਂ 5 ਅਗਸਤ 1963 ਤਕ ਦਾ ਵੇਰਵਾ ਦਿੱਤਾ ਹੈ:

ਦੇਸ਼	ਯੂ.ਐਸ.ਏ.	ਯੂ.ਐਸ.ਐਸ.ਐਰ.	ਯੂ.ਕੇ.	ਫਰਾਂਸ
ਟੈਸਟਾਂ ਦੀ ਗਿਣਤੀ	293	164	23	8

ਜੋ ਤਜਰਬੇ ਖੁੱਲ੍ਹੇ ਪੁਲਾੜ ਵਿਚ ਕੀਤੇ ਗਏ ਹਨ, ਉਨ੍ਹਾਂ ਦੀ ਰੈਡੀਏਸ਼ਨ ਦਨੀਆ ਦੇ ਹਰ ਹਿੱਸੇ ਵਿਚ ਪਹੁੰਚੀ ਹੈ। ਇਹ ਰੈਡੀਏਸ਼ਨ ਇਕ ਸਾਲ ਤੋਂ ਦਸ ਸਾਲਾਂ ਤਕ ਘੁੰਮਦੀ ਘੁੰਮਾਂਦੀ ਧਰਤੀ ਉੱਤੇ ਆ ਡਿੱਗਦੀ ਹੈ। ਸਭ ਤੋਂ ਪਹਿਲਾਂ ਇਹ ਬਨਸਪਤੀ ਉਤੇ ਅਸਰ ਕਰਦੀ ਹੈ। ਮੀਂਹ ਵਿਚ ਰਲੀ ਹੋਈ ਰੈਡੀਏਸ਼ਨ ਪੱਤਿਆਂ ਉੱਤੇ ਅਸਰ ਕਰਦੀ ਹੈ। ਨਾਲ ਹੀ ਉੱਠੀ ਭੜਾਸ ਜੜ੍ਹਾਂ ਉੱਤੇ ਵੀ ਅਸਰ ਕਰਦੀ ਹੈ। ਜਦ ਖਾਣ ਵਾਲੀਆਂ ਸਬਜ਼ੀਆਂ ਉੱਤੇ ਇਸ ਰੈਡੀਏਸ਼ਨ ਦਾ ਅਸਰ ਹੁੰਦਾ ਹੈ ਤਾਂ ਖਾਣ ਵਾਲੇ ਲੋਕਾਂ ਦੇ ਹਾਜ਼ਮੇ ਵੀ ਖ਼ਰਾਬ ਹੋ ਜਾਂਦੇ ਹਨ। ਇਸ ਤਰ੍ਹਾਂ ਦੁੱਧ ਦੇਣ ਵਾਲੇ ਜਾਨਵਰਾਂ ਉਤੇ ਵੀ ਭੈੜਾ ਅਸਰ ਹੁੰਦਾ ਹੈ। ਦੁੱਧ ਪੀਣ ਵਾਲੇ ਲੋਕਾਂ ਅੰਦਰ ਜ਼ਹਿਰ ਘਰ ਕਰਨਾ ਆਰੰਭ ਕਰ ਦੇਂਦੀ ਹੈ। ਦੁੱਧ-ਪੀਣੇ ਬੱਚੇ, ਖ਼ਾਸ ਕਰਕੇ, ਇਸ ਬਲਾਅ ਦਾ ਸ਼ਿਕਾਰ ਹੁੰਦੇ ਹਨ। ਦੁੱਧ ਤੋਂ ਬਣਾਈਆਂ ਗਈਆਂ ਚੀਜ਼ਾਂ, ਖ਼ਾਸ ਕਰਕੇ ਪਨੀਰ (Cheese) ਤੇ ਦੁੱਧ ਵਾਲੇ ਡੱਬਿਆਂ (Canned Milk) ਉੱਤੇ ਬੜੇ ਲੰਮੇ ਅਰਸੇ ਤਕ ਅਸਰ ਬਣਿਆ ਰਹਿੰਦਾ ਹੈ, ਜੋ ਹਰ ਬੰਦੇ ਲਈ ਹਾਨੀਕਾਰਕ ਹੈ। ਇਸ ਤਰ੍ਹਾਂ ਕੁਝ ਅਰਸੇ ਮਗਰੋਂ ਇਹ ਰੈਡੀਏਸ਼ਨ ਹੱਡੀਆਂ ਉੱਤੇ ਵੀ ਆਪਣਾ ਅਸਰ ਜਮਾ ਲੈਂਦੀ ਹੈ।

ਇਸ ਰੈਡੀਏਸ਼ਨ ਦਾ ਭੈੜਾ ਤੇ ਖ਼ਤਰਨਾਕ ਅਸਰ ਦੂਰ-ਦੁਰਾਡੇ ਇਲਾਕਿਆਂ ਵਿਚ ਵੀ ਹੋਇਆ। ਆਰਕਟਕ ਰੀਜਨ (Arctic Region) ਦੇ ਐਸਕੀਮੋ ਅਤੇ ਰੂਸ ਤੇ ਸਕੰਡੇਨੇਵੀਆ ਦੇ ਉਤਰ ਵਿਚ ਵਸਦੇ ਲੈਪ ਲੋਕ ਵੀ ਇਸ ਬਲਾਅ ਤੋਂ ਨਹੀਂ ਬਚ ਸਕੇ। ਐਸਕੀਮੋ, ਬਾਰਾਂਸਿੰਗੇ ਦਾ ਮਾਸ ਖਾਂਦੇ ਹਨ। ਬਾਰਾਂਸਿੰਗੇ ਕਾਈ (Moss) ਤੇ ਅਮਰ-ਵੇਲ (Lichen) ਖਾਂਦੇ ਹਨ। ਇਹ ਦੋਵੇਂ ਚੀਜ਼ਾਂ ਰੈਡੀਏਸ਼ਨ ਨਾਲ ਢਕੀਆਂ ਹੁੰਦੀਆਂ ਹਨ। ਮੱਛੀ, ਵੇਲ ਮੱਛੀ, ਸਮੁੰਦਰੀ ਸ਼ੇਰ ਤੇ ਹੋਰ ਜੀਵ ਜੰਤੂ ਵੀ ਰੈਡੀਏਸ਼ਨ ਤੋਂ ਨਹੀਂ ਬਚ ਸਕੇ।

ਨੀਊਟਰਾਨ ਬੰਬ

1932 ਵਿਚ ਅੰਗਰੇਜ਼ ਸਾਇੰਸਦਾਨ ਸਰ ਜੇਮਜ਼ ਚੈਡਵਿਕ ਨੇ ਨੀਊਟਰਾਨ ਦੀ ਭਾਲ ਵਿਚ ਸਫ਼ਲਤਾ ਪ੍ਰਾਪਤ ਕੀਤੀ ਸੀ। ਹੀਰੋਸ਼ੀਮਾ ਉੱਤੇ ਸੁੱਟੇ

ਗਏ ਬੰਬ ਵਿਚ ਨੀਊਟਰਾਨ ਦੀ ਵਰਤੋਂ ਵੀ ਕੀਤੀ ਗਈ ਸੀ। ਓਦੋਂ ਹੀ ਪਤਾ ਲੱਗਾ ਸੀ ਕਿ ਇਨਸਾਨ ਦੇ ਜਿਸਮ ਤੇ ਸਿਹਤ ਉਤੇ ਇਸ ਦਾ ਕਿੰਨਾ ਮਾਰੂ ਅਸਰ ਹੁੰਦਾ ਹੈ।

ਅਮਰੀਕਨ ਪੈਂਟਾਗੋਨ ਨੇ ਨੀਊਟਰਾਨ ਦੇ ਅਸਰ ਦਾ ਅੰਦਾਜ਼ਾ ਲਾਉਣ ਲਈ ਬਾਂਦਰਾਂ ਉੱਤੇ ਤਜਰਬੇ ਕੀਤੇ। ਜੇ ਇਕ ਕਿਲੋਟੋਨ ਟੀ-ਐਨ-ਟੀ ਵਾਲਾ ਨੀਊਟਰਾਨ ਬੰਬ ਸੁੱਟਿਆ ਜਾਏ ਤਾਂ ਇਕ ਸੌ ਪੰਜਾਹ ਮੀਟਰ ਦੇ ਘੇਰੇ ਵਿਚ ਸਭ ਲੋਕ ਮਾਰੇ ਜਾਣਗੇ। ਇਕ ਹਜ਼ਾਰ ਮੀਟਰ ਦੇ ਘੇਰੇ ਵਿਚਲੇ ਲੋਕ ਵੀ ਖ਼ਤਮ ਹੋ ਜਾਣਗੇ। ਸੋਲਾਂ ਸੌ ਮੀਟਰ ਦੇ ਘੇਰੇ ਵਿਚ ਆਏ ਲੋਕ ਵੀ ਰੈਡੀਏਸ਼ਨ ਦੇ ਕਾਰਨ ਥੋੜ੍ਹੇ ਅੰਰਸੇ ਵਿਚ ਚੁੜ ਚੁੜ ਕੇ ਮਰ ਜਾਣਗੇ।

ਅਮਰੀਕਾ ਨੇ ਅਜਿਹੇ ਬੰਬ ਤਾ ਤਜਰਬਾ 1969 ਵਿਚ ਨੇਵਾਦਾ ਦੇ ਰੇਗਿਸਤਾਨ ਵਿਚ ਕੀਤਾ, ਜਿਸ ਦਾ ਕੋਡ-ਵਰਡ ਡਬਲੀਓ-63 ਸੀ। ਅਜਿਹੀ ਰੈਡੀਏਸ਼ਨ ਦਾ ਅੱਖਾਂ ਉਤੇ ਝਟਪਟ ਅਸਰ ਹੁੰਦਾ ਹੈ। ਇਸੇ ਰੈਡੀਏਸ਼ਨ ਨਾਲ ਬਰੇਨ-ਟੀਊਮਰ ਦੀ ਬੀਮਾਰੀ ਪੈਦਾ ਹੁੰਦੀ ਹੈ। ਜਿਹੜੇ ਲੋਕ ਬਰੇਨ-ਟੀਊਮਰ ਨਾਲ ਨਹੀਂ ਮਰਦੇ, ਉਹ ਸਦਾ ਲਈ ਅੰਨ੍ਹੇ ਹੋ ਜਾਂਦੇ ਹਨ। ਉਨ੍ਹਾਂ ਦਾ ਅੰਨ੍ਹਾਪਣ ਕਿਸੇ ਵੀ ਇਲਾਜ ਨਾਲ ਠੀਕ ਨਹੀਂ ਹੋ ਸਕਦਾ। ਅੰਗਰੇਜ਼ ਸਾਇੰਸਦਾਨ ਈ.ਬਰਹੋਪ ਦੀ ਖੋਜ ਅਨੁਸਾਰ ਉਹ ਲੋਕ ਚੰਗੇ ਰਹਿਣਗੇ ਜੋ ਇਸ ਰੈਡੀਏਸ਼ਨ ਨਾਲ ਛੇਤੀ ਮਰ ਜਾਣਗੇ ਤੇ ਜੋ ਬਚੇ ਰਹਿਣਗੇ ਉਨ੍ਹਾਂ ਨੂੰ ਕਈ ਸਾਲ ਚੁੜ ਚੁੜ ਕੇ ਮਰਨਾ ਪਵੇਗਾ।

ਵਰਲਡ-ਪੀਸ-ਕੌਂਸਲ ਤੇ ਸਵਿਟਜ਼ਰਲੈਂਡ ਦੀ ਪੀਸ-ਕਮੇਟੀ ਨੇ ਫ਼ਰਵਰੀ 1978 ਵਿਚ ਅੰਤਰ-ਰਾਸ਼ਟਰੀ ਕਾਨਫ਼ਰੰਸ ਕਰ ਕੇ ਨੀਊਟਰਨ ਬੰਬ ਬਣਾਉਣ ਉਤੇ ਬੰਦਸ਼ ਲਾਉਣ ਦੀ ਮੰਗ ਕੀਤੀ ਸੀ। ਇਸ ਕਾਨਫ਼ਰੰਸ ਵਿਚ ਪੰਦਰਾਂ ਅੰਤਰ-ਰਾਸ਼ਟਰੀ ਜਮਾਤਾਂ, 125 ਸਿਆਸੀ ਪਾਰਟੀਆਂ ਤੇ 50 ਦੇਸਾਂ ਦੇ ਪ੍ਰਤੀਨਿਧ ਸ਼ਾਮਲ ਹੋਏ। ਇਹ ਕਾਨਫ਼ਰੰਸ ਅਮਰੀਕਾ ਵਲੋਂ ਨੀਊਟਰਾਨ ਬੰਬ ਬਣਾਏ ਜਾਣ ਉਤੇ ਬੰਦਸ਼ ਲਾਉਣ ਦੇ ਉਦੇਸ਼ ਨਾਲ ਸੱਦੀ ਗਈ ਸੀ। ਇਸ ਕਾਨਫ਼ਰੰਸ ਵਿਚ ਸਰਬ-ਸੰਮਤੀ ਨਾਲ, ਨੀਊਟਰਾਨ ਬੰਬ ਦੇ ਤਜਰਬੇ ਕਰਨ ਉੱਤੇ ਬੰਦਸ਼ ਲਾਉਣ ਦੀ ਮੰਗ ਕੀਤੀ ਗਈ।

ਇਸੇ ਤਰ੍ਹਾਂ ਦੀਆਂ ਹੋਰ ਕਾਨਫਰੰਸਾਂ ਵੀ ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਵਿਚ ਕੀਤੀਆਂ ਗਈਆਂ ਤੇ ਨੀਊਟਰਾਨ ਬੰਬ ਦੇ ਤਜਰਬਿਆਂ ਉਤੇ ਬੰਦਸ਼ ਲਾਉਣ ਦੀ ਮੰਗ ਕੀਤੀ ਗਈ।

ਅਜਿਹੇ ਬੰਬ ਦੀ ਜ਼ਦ ਵਿਚ ਆਈਆਂ ਇਮਾਰਤਾਂ ਤਾਂ ਬਚ ਜਾਣਗੀਆਂ, ਪਰ ਇਕ ਬੰਦਾ ਵੀ ਨਹੀਂ ਬਚ ਸਕੇਗਾ।

ਲੋਕਾਂ ਦੀ ਆਵਾਜ਼ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਅਮਰੀਕਾ ਦੇ ਪ੍ਰਧਾਨ ਮੰਤਰੀ ਰੀਗਨ ਨੇ 8 ਅਗਸਤ 1981 ਨੂੰ ਨੀਊਟਰਾਨ ਬੰਬ ਤਿਆਰ ਕਰਨ ਦਾ ਹੁਕਮ ਦੇ ਦਿੱਤਾ।

ਲਿਮਿਟਡ-ਜੰਗ ਦਾ ਭੁਲੇਖਾ

ਸਾਰੀ ਦੁਨੀਆਂ ਦੇ ਲੋਕ ਜਾਣਦੇ ਹਨ ਕਿ ਜੇ ਐਟਮ-ਬੰਬਾਂ ਦੀ ਜੰਗ ਲੱਗੀ ਤਾਂ ਇਕਦਮ-ਸਾਰੀ ਦੁਨੀਆਂ ਵਿਚ ਫ਼ੈਲ ਜਾਏਗੀ, ਪਰ ਕਈ ਲੋਕ, ਖ਼ਾਸ ਕਰਕੇ ਅਮਰੀਕਨ ਸਰਕਾਰ, ਇਹ ਪ੍ਰਚਾਰ ਕਰ ਰਹੀ ਹੈ ਕਿ ਨਯੂਕਲੀਅਰ ਜੰਗ ਹੱਦ-ਬੰਦੀ ਵਿਚ ਰੱਖੀ ਜਾ ਸਕਦੀ ਹੈ। ਭਾਵ ਕਿ ਜਿਸ ਇਲਾਕੇ ਵਿਚ ਛੇੜੀ ਜਾਏਗੀ ਉਸ ਤੋਂ ਬਾਹਰ ਨਹੀਂ ਜਾਣ ਦਿੱਤੀ ਜਾਏਗੀ ਤੇ ਇਸ ਤਰ੍ਹਾਂ ਉਸ ਜੰਗੀ-ਇਲਾਕੇ ਤੋਂ ਬਿਨਾਂ ਬਾਕੀ ਸਾਰੀ ਮਨੁੱਖਤਾ ਬਚਾਈ ਜਾ ਸਕੇਗੀ।

ਅਜਿਹੀ ਬੇਹੂਦਾ ਨਯੂਕਲੀਅਰ ਜੰਗ ਦੇ ਪ੍ਰਚਾਰਕ ਪਹਿਲੀਆਂ ਹੋਈਆਂ ਜੰਗਾਂ ਦੇ ਇਤਿਹਾਸ ਤੋਂ ਵੀ ਕੋਈ ਸਿੱਖਿਆ ਨਹੀਂ ਲੈ ਰਹੇ। ਉਹ ਭੁੱਲ ਜਾਂਦੇ ਹਨ ਕਿ ਆਮ ਜੰਗਾਂ ਵੀ ਹੱਦ-ਬੰਦੀਆਂ ਵਿਚ ਨਹੀਂ ਰੱਖੀਆਂ ਜਾ ਸਕੀਆਂ, ਫਿਰ ਨਯੂਕਲੀਅਰ ਜੰਗ ਕਿਵੇਂ ਹੱਦਾਂ ਦੇ ਘੇਰੇ ਵਿਚ ਰੱਖ ਸਕਣਗੇ।

ਜਦ ਆਸਟਰੀਅਨ-ਹੰਗੇਰੀਅਨ ਬਾਦਸ਼ਾਹਤ ਨੇ ਜੁਲਾਈ 1914 ਵਿਚ ਸਰਬੀਆ ਦੇ ਖ਼ਿਲਾਫ਼ ਜੰਗ ਦਾ ਐਲਾਨ ਕੀਤਾ ਸੀ ਤਾਂ ਉਹ ਜੰਗ ਥੋੜ੍ਹੇ ਦਿਨਾਂ ਵਿਚ ਹੀ ਦੁਨੀਆਂ ਦੀ ਜੰਗ ਬਣ ਗਈ ਸੀ, ਜਿਸ ਨੂੰ ਅੱਜਕੱਲ੍ਹ ਦੁਨੀਆਂ ਦੀ ਪਹਿਲੀ ਜੰਗ ਕਿਹਾ ਜਾਂਦਾ ਹੈ। ਫਿਰ ਜਦ ਇਕ ਸਤੰਬਰ 1939 ਵਾਲੇ ਦਿਨ ਨਾਜ਼ੀ ਜਰਮਨੀ ਨੇ ਪੋਲੈਂਡ ਉੱਤੇ ਹਮਲਾ ਕੀਤਾ ਸੀ ਤਾਂ ਅਠਤਾਲੀ ਘੰਟਿਆਂ ਵਿਚ ਹੀ ਇਹ ਜੰਗ ਦੁਨੀਆਂ ਦੀ ਦੂਜੀ ਜੰਗ ਬਣ ਗਈ ਸੀ। ਇਹ ਗੱਲਾਂ ਨਯੂਕਲੀਅਰ ਬੰਬਾਂ ਦੀ ਵਰਤੋਂ ਤੋਂ ਪਹਿਲਾਂ ਦੀਆਂ ਹਨ। ਜਿਹੜੇ ਲੋਕ ਨਯੂਕਲੀਅਰ ਜੰਗ ਨੂੰ ਹੱਦਾਂ ਵਿਚ ਬੰਨ੍ਹ ਕੇ ਰੱਖਣ ਦਾ ਪ੍ਰਚਾਰ ਕਰਦੇ ਹਨ, ਉਹਨਾਂ ਦਾ ਬੜਾ ਵੱਡਾ ਭੁਲੇਖਾ ਇਹ ਹੈ ਕਿ ਉਹੋ ਲੋਕ ਅਜਿਹੀ ਜੰਗ ਨੂੰ ਫੈਲਾਉਣ ਤੋਂ ਰੋਕਣ ਦੇ ਸਮਰੱਥ ਹੋਣਗੇ। ਹੱਦ-ਬੰਦੀਆਂ ਵਿਚ ਨਯੂਕਲੀਅਰ ਜੰਗ ਦੇ ਹਾਮੀ ਜਾਣ ਬੁਝ ਕੇ ਝੂਠਾ ਪ੍ਰਚਾਰ ਕਰ ਰਹੇ ਹਨ।

1974 ਵਿਚ ਅਮਰੀਕਾ ਦੀ ਡੀਫ਼ੈਂਸ ਸੈਕਰੇਟਰੀ ਨੂੰ ਜਦ ਇਸ ਬਾਰੇ ਪੁੱਛਿਆ ਗਿਆ ਤਾਂ ਉਸ ਨੇ ਇਹ ਉੱਤਰ ਦਿੱਤਾ-

"...ਜੰਗ ਵਿਚ ਸੀਮਿਤ ਸਾਧਨਾਂ ਦੀ ਵਰਤੋਂ ਕਰ ਕੇ ਉਸ ਦੇ ਨਤੀਜਿਆਂ ਨੂੰ ਸੋਚਣ ਦੀ ਬਜਾਏ, ਵਾਪਸੀ ਹਮਲਾ ਕਰਨ ਦੀ ਸਮਰੱਥਾ

ਵਾਲੇ ਦੇਸ਼ਾਂ ਦੇ ਸ਼ਹਿਰੀ, ਸਨਅਤੀ ਅੱਡਿਆਂ ਤੋਂ ਇਕੋ ਵੇਰ ਤਬਾਹ-ਕੁਨ ਹਮਲਾ ਕਰਨ ਬਾਰੇ ਸੋਚਣਾ ਆਸਾਨ ਹੈ।"

("...It is easier to think of the circumstances in which limited use might occur than it would be to think of a massive all-out strike against the urban Industrial base of another nation which has the capability of striking back.")

ਪ੍ਰੈਜ਼ੀਡੈਂਟ ਕਾਰਟਰ ਦਾ ਵੀ ਖ਼ਿਆਲ ਸੀ ਕਿ ਪਹਿਲੇ ਹਮਲੇ ਨਾਲ ਹੀ ਵਾਰਸਾ ਪੈਕਟ ਦੇ ਦੇਸ਼ਾਂ ਦੇ ਸਾਰੇ ਰਖਿਅਕ-ਅੱਡੇ ਤਬਾਹ ਕੀਤੇ ਜਾ ਸਕਣਗੇ। ਇਸ ਤਰ੍ਹਾਂ ਉਹ ਹਮਲੇ ਦਾ ਉੱਤਰ ਦੇਣ ਦੇ ਸਮਰੱਥ ਹੀ ਨਹੀਂ ਹੋਣਗੇ।

ਅਮਰੀਕਨ ਪਾਲਿਸੀ ਦਾ ਜ਼ੋਰ ਇਸ ਗੱਲ 'ਤੇ ਹੈ ਕਿ ਨਯੂਕਲੀਅਰ-ਜੰਗ ਯੂਰਪ ਦੀ ਹੱਦ-ਬੰਦੀ ਵਿਚ ਹੀ ਰੱਖੀ ਜਾਵੇ। ਅਮਰੀਕਨ ਲੋਕਾਂ ਨੂੰ ਬਚਾਉਣ ਲਈ ਯੂਰਪ ਦੇ ਲੋਕਾਂ ਨੂੰ ਕੁਰਬਾਨੀ ਦਾ ਬੱਕਰਾ ਬਣਾਇਆ ਜਾਏ।

ਇਸੇ ਗੱਲ ਨੂੰ ਮੁੱਖ ਰੱਖਕੇ ਕੇ ਨੇਟੋ (N.A.T.O.) ਨੇ ਫ਼ੈਸਲਾ ਕੀਤਾ ਕਿ 572 ਨਯੂਕਲੀਅਰ ਹਥਿਆਰ ਯੂਰਪ ਵਿਚ ਰੱਖੇ ਜਾਣ।

ਇਸ ਤਰ੍ਹਾਂ ਅਮਰੀਕਨ ਲੋਕਾਂ ਨੂੰ ਵੀ ਭੁਲੇਖੇ ਵਿਚ ਰੱਖਿਆ ਜਾ ਰਿਹਾ ਹੈ ਕਿ ਜੇ ਨਯੂਕਲੀਅਰ ਜੰਗ ਲੱਗੀ ਤਾਂ ਯੂਰਪ ਵਿਚ ਹੀ ਮਹਿਦੂਦ ਰੱਖੀ ਜਾ ਸਕੇਗੀ।

ਦੂਜੇ ਪਾਸੇ ਅਮਨ-ਪਸੰਦ ਲੋਕ ਕਹਿ ਰਹੇ ਹਨ ਕਿ ਅਜਿਹੀ ਜੰਗ-ਹੱਦਾਂ-ਬੰਨੇ ਤੋੜ ਕੇ ਸਾਰੀ ਦੁਨੀਆਂ ਵਿਚ ਫੈਲ ਜਾਏਗੀ ਤੇ ਅਮਰੀਕਾ ਦੀ ਧਰਤੀ ਤੇ ਅਮਰੀਕਾ ਦੇ ਲੋਕ ਵੀ ਇਸ ਨਯੂਕਲੀਅਰ ਜੰਗ ਤੋਂ ਨਹੀਂ ਬਚ ਸਕਣਗੇ।

ਕਈ ਅਮਰੀਕਨ ਸਾਹਿਤਕਾਰ ਵੀ ਇਸ ਦੌੜ ਵਿਚ ਸ਼ਾਮਲ ਹੋ ਗਏ ਹਨ ਕਿ ਹੱਦਾਂ ਵਿਚ ਰੱਖ ਕੇ ਨਯੂਕਲੀਅਰ ਜੰਗ ਲੜੀ ਜਾ ਸਕਦੀ ਹੈ ਤੇ ਇਸ ਤਰ੍ਹਾਂ ਮਨੁੱਖਤਾ ਦਾ ਇਕ ਹਿੱਸਾ ਕੁਰਬਾਨ ਕਰ ਕੇ ਸਮੁੱਚੀ ਦੁਨੀਆਂ ਦੇ ਲੋਕਾਂ ਤੇ ਸਭਿਅਤਾ ਨੂੰ ਬਚਾਇਆ ਜਾ ਸਕਦਾ ਹੈ।

ਨੋਬਲ-ਪ੍ਰਾਈਜ਼ ਜੇਤੂ ਤੇ ਉੱਘਾ ਅਮਰੀਕਨ ਵਿਦਵਾਨ ਐਲ.ਪੌਲਿੰਗ ਅਜਿਹੇ ਲੋਕਾਂ ਨੂੰ ਖ਼ਬਰਦਾਰ ਕਰਦਾ ਹੋਇਆ ਕਹਿੰਦਾ ਹੈ ਕਿ ਲਿਮਿਟਿਡ ਨਯੂਕਲੀਅਰ ਜੰਗ ਦਾ ਪ੍ਰਚਾਰ ਕਰਕੇ, ਉਹ ਆਪਣੇ ਆਪ ਨੂੰ ਤੇ ਦੁਨੀਆ ਦੇ ਲੋਕਾਂ ਨੂੰ ਭੁਲੇਖੇ ਵਿਚ ਨਾ ਪਾਉਣ। ਜੇ ਇਸ ਤਰ੍ਹਾਂ ਕਰਨਾ ਜਾਰੀ ਰੱਖਣਗੇ ਤਾਂ ਲੋਕਾਂ ਦੇ ਨਾਲ ਹੀ ਉਹ ਆਪ ਵੀ ਤਬਾਹ ਹੋ ਜਾਣਗੇ।

ਇਸ ਸਮੇਂ ਜਿੰਨੇ ਤਬਾਹ-ਕੁਨ ਹਥਿਆਰ ਦੁਨੀਆ ਵਿਚ ਬਣਾਏ ਜਾ ਚੁੱਕੇ ਹਨ, ਉਹ ਦੁਨੀਆਂ ਦੇ ਸਾਰੇ ਲੋਕਾਂ ਨੂੰ ਇਕ ਵਾਰੀ ਹੀ ਨਹੀਂ, ਕਈ ਵਾਰੀ ਖ਼ਤਮ ਕਰ ਸਕਦੇ ਹਨ। ਕਈ ਕੀੜੇ-ਮਕੌੜੇ ਤੇ ਪੌਦੇ ਮਨੁੱਖੀ ਸ਼ਕਤੀ ਨਾਲੋਂ ਕਾਫ਼ੀ ਵੱਧ ਸ਼ਕਤੀ ਰੱਖਦੇ ਹਨ। ਜੇ ਮਨੁੱਖ, ਜਾਨਵਰ ਤੇ ਸਾਰੀ ਬਨਾਸਪਤੀ ਤਬਾਹ ਹੋ ਜਾਏ ਤਾਂ ਵੀ ਕੁਝ ਕੀੜੇ-ਮਕੌੜੇ ਬਚ ਨਿਕਲਣਗੇ। ਇਸ ਤਰ੍ਹਾਂ ਤਬਾਹ-ਕੁਨ ਨਯੂਕਲੀਅਰ ਜੰਗ ਤੋਂ ਮਗਰੋਂ ਕੀੜੇ-ਮਕੌੜੇ ਹੀ ਆਪਣੀ ਬਾਦਸ਼ਾਹਤ ਕਾਮ ਕਰ ਸਕਣਗੇ।

ਨਯੂਕਲੀਅਰ ਜੰਗ ਹੁਣ ਵੀ ਰੋਕੀ ਜਾ ਸਕਦੀ ਹੈ

ਜਦ ਦੁਨੀਆ ਦੇ ਲੋਕ ਨੂੰ ਹੀਰੋਸ਼ੀਮਾ ਤੇ ਨਾਗਾਸਾਕੀ ਦੀ ਤਬਾਹੀ ਦਾ ਪਤਾ ਲੱਗਾ ਤਾਂ ਉਦੋਂ ਹੀ ਕਈ ਦੇਸ਼ਾਂ ਦੀ ਜਨਤਾ ਨੇ ਆਵਾਜ਼ ਉਠਾਉਣੀ ਆਰੰਭ ਦਿੱਤੀ ਕਿ ਕੋਈ ਅਜਿਹਾ ਜਤਨ ਕੀਤਾ ਜਾਏ ਜਿਸ ਨਾਲ ਹੀਰੋਸ਼ੀਮਾ ਤੇ ਨਾਗਾਸਾਕੀ ਵਰਗੀ ਤਬਾਹੀ ਮੁੜ ਕੇ ਨਾ ਦੁਹਰਾਈ ਜਾ ਸਕੇ। ਜਦ ਦੁਨੀਆਂ ਦੀਆਂ ਸ਼ਕਤੀਸ਼ਾਲੀ ਤਾਕਤਾਂ ਨਵੇਂ ਨਵੇਂ ਹੋਰ ਤਬਾਹ-ਕੁਨ ਹਥਿਆਰ ਬਣਾਉਣ ਵਿਚ ਰੁਝ ਗਈਆਂ ਤਾਂ 'ਐਟਮ-ਬੰਬ ਬੰਦ ਕਰੋ' (Ban the Atom bomb) ਦੀ ਲਹਿਰ ਤੁਰ ਪਈ। ਇਹ ਗੱਲ ਕੁਦਰਤੀ ਸੀ ਕਿ ਵੱਡੇ ਵੱਡੇ ਸਾਇੰਸਦਾਨਾਂ ਨੂੰ ਆਉਣ ਵਾਲੀ ਤਬਾਹੀ ਦਾ ਪੂਰਾ ਗਿਆਨ ਸੀ, ਇਸ ਲਈ ਉਹ ਵੀ ਇਸ ਲਹਿਰ ਦੇ ਹਾਮੀ ਬਣ ਗਏ। ਐਲਬਰਟ ਆਈਨਸਟਾਈਨ ਤੇ ਬਰਟਰੈਂਡ ਰੱਸਲ ਨੇ ਇਕ ਮੈਨੀਫ਼ੈਸਟੋ ਤਿਆਰ ਕੀਤਾ, ਜਿਸ ਵਿਚ ਉਨ੍ਹਾਂ ਆਪਣੇ ਵਿਚਾਰ ਇਸਤਰ੍ਹਾਂ ਜ਼ਾਹਰ ਕੀਤੇ :-

"ਹੁਣ ਸਾਡੇ ਲਈ ਇਹ ਪੁੱਛਣਾ ਜ਼ਰੂਰੀ ਹੈ ਕਿ ਸਭ ਦੀ ਤਬਾਹੀ ਕਰਨ ਵਾਲੇ ਫ਼ੌਜੀ ਟਕਰਾਓ ਨੂੰ ਰੋਕਣ ਲਈ ਕੀ ਕੀਤਾ ਜਾਣਾ ਚਾਹੀਦਾ ਹੈ।... ਇਸ ਗੱਲ ਦਾ ਖ਼ਦਸ਼ਾ ਹੈ ਕਿ ਹਾਈਡਰੋਜਨ ਬੰਬਾਂ ਦੀ ਵਰਤੋਂ ਨਾਲ ਧਰਤੀ ਦੇ ਸਾਰੇ ਜੀਵਨ ਦਾ ਅੰਤ ਹੋ ਜਾਵੇਗਾ- ਕਾਫ਼ੀ ਗਿਣਤੀ ਵਿਚ ਲੋਕਾਂ ਦੀ ਇਕ-ਦਮ ਮੌਤ ਹੋ ਜਾਵੇਗੀ ਤੇ ਬਾਕੀ ਵੱਡੀ ਗਿਣਤੀ ਵਿਚ ਲੋਕ ਲੰਬੀ ਦਰਦਨਾਕ ਬੀਮਾਰੀ ਭੋਗ ਕੇ ਖ਼ਤਮ ਹੋ ਜਾਣਗੇ। ਜਿਨ੍ਹਾਂ ਲੋਕਾਂ ਕੋਲ ਇਸ ਵਿਸ਼ੇ ਦੀ ਉਚੇਰੀ ਮੁਹਾਰਤ ਹੈ, ਉਹ ਇਸ ਬਾਰੇ ਬੜੀਆਂ ਉਦਾਸੀ ਭਰੀਆਂ ਪੇਸ਼ੀਨਗੋਈਆਂ ਕਰਦੇ ਹਨ। ਇਸ ਲਈ ਅਸੀਂ ਜਿਹੜਾ ਸੁਆਲ ਤੁਹਾਡੇ ਸਾਹਮਣੇ ਰੱਖ ਰਹੇ ਹਾਂ, ਇਹ ਬੜਾ ਗੰਭੀਰ ਤੇ ਭਿਆਨਕ ਹੈ ਤੇ ਐਵੇਂ ਟਾਲਣ ਵਾਲਾ ਨਹੀਂ- ਕੀ ਅਸੀਂ ਮਨੁੱਖ-ਜਾਤੀ ਦਾ ਨਾਮੋ-ਨਿਸ ਮਿਟਾ ਕੇ ਛੱਡਾਂਗੇ ਜਾਂ ਮਨੁੱਖ-ਜਾਤੀ

ਜੰਗ ਨੂੰ ਖ਼ਤਮ ਕਰ ਦੇਵੇਗੀ ?"

("Now we must ask what steps will avoid a military conflict, that can only end in disaster for all concerned ... It is to be feared that the use of many Hydrogen bombs will bring universal death, an instant death for the minority, and for the majority protracted, painful illness and decay. Indeed it is true that those with the highest specialized knowledge make the gloomiest predictions... Therefore the question we confront you with is grim, alarming and inevitable : Will we annihilate man-kind of will mankind abolish war?" From The Atom Bomb to a Nuclear Holocaust, by George Fuchs, Publication of the International Institute for Peace.")

ਆਈਨਸਟਾਈਨ-ਰੱਸਲ ਮੈਨੀਫ਼ੈਸਟੋ ਜੁਲਾਈ 1955 ਵਿਚ ਲੰਡਨ ਦੀ ਪ੍ਰੈਸ ਕਾਨਫ਼ਰੰਸ ਵਿਚ ਪੇਸ਼ ਕੀਤਾ ਗਿਆ ਸੀ। ਇਸ ਦਾ ਨਤੀਜਾ 'ਪਗਵਾਸ਼ ਲਹਿਰ' ਦੀ ਸ਼ਕਲ ਵਿਚ ਲੋਕਾਂ ਦੇ ਸਾਹਮਣੇ ਆਇਆ। ਜੁਲਾਈ 1957 ਵਿਚ ਸਾਇਰਸ ਈਟਨ, ਇਕ ਕੈਨੇਡੀਅਨ ਧਨੀ ਨੇ ਆਪਣੇ ਖ਼ਰਚੇ 'ਤੇ ਬਾਈ ਉੱਘੇ ਸਾਇੰਸਦਾਨਾਂ ਦੀ ਮੀਟਿੰਗ ਵਿਚ ਪਗਵਾਸ਼, ਨੋਵਾ ਸਕੋਸ਼ੀਆ, ਕੈਨੇਡਾ ਵਿਚ ਸੱਦੀ। ਪਗਵਾਸ਼, ਪਿੰਡ ਦਾ ਨਾਮ ਸੰਸਥਾ ਦਾ ਨਾਮ ਬਣ ਗਿਆ। ਪਗਵਾਸ਼ ਕੌਂਸਲ ਬਣਾਈ ਗਈ। ਇਸ ਦਾ ਮੁਖ ਕੇਂਦਰ ਲੰਡਨ ਵਿਚ ਥਾਪਿਆ ਗਿਆ। ਹੁਣ ਇਸ ਪਗਵਾਸ਼ ਲਹਿਰ ਦੀਆਂ ਬਰਾਂਚਾਂ ਤੀਹ ਦੇਸ਼ਾਂ ਵਿਚ ਕਾਇਮ ਹੋ ਚੁੱਕੀਆਂ ਹਨ।

ਜਦ ਨੀਊਟਰਾਨ ਬੰਬ ਬਣਾਉਣ ਦੀ ਚਰਚਾ ਚਲੀ ਤਾਂ ਮੀਊਨਿਕ (ਜਰਮਨੀ) ਸ਼ਹਿਰ ਵਿਚ, 1979 ਵਿਚ ਪਗਵਾਸ਼ ਕਾਨਫ਼ਰੰਸ ਕੀਤੀ ਗਈ।

ਦਸੰਬਰ 1979 ਵਿਚ ਜਨੇਵਾ ਵਿਚ ਸੈਮੀਨਾਰ ਕੀਤਾ ਗਿਆ, ਜਿਸ ਦਾ ਮਜ਼ਮੂਨ ਸੀ—

'ਸੰਕਟ-ਸਥਿਤੀਆਂ ਤੋਂ ਬਚਾਅ ਤੇ ਇਨ੍ਹਾਂ ਦੇ ਹੱਲ ਲਈ ਰਾਜਨੀਤਕ ਤੇ ਮਨੋਵਿਗਿਆਨਕ ਪੱਖ'

(Political and Psychological Aspects of Managing and Preventing Crisis Situation)

ਰੂਸੀ ਸਾਇੰਸਦਾਨ ਐਮ.ਮਾਰਕੋਵ ਨੇ ਇਸ ਸੈਮੀਨਾਰ ਦਾ ਵਿਸ਼ਲੇਸ਼ਣ ਇਸ ਤਰ੍ਹਾਂ ਕੀਤਾ :-

"ਬਹਿਸ ਤੋਂ ਬਾਅਦ ਵੱਖ-ਵੱਖ ਸੋਸ਼ਲ ਸਿਸਟਮਾਂ ਵਾਲੇ ਦੇਸ਼ਾਂ ਦੇ ਸਾਇੰਸਦਾਨ, ਵੱਖ-ਵੱਖ ਰਾਜਨੀਤਕ ਤੇ ਵਿਚਾਰਧਾਰਕ ਗਰੁੱਪਾਂ ਦੇ ਧਾਰਨੀ ਹੋਣ ਦੇ ਬਾਵਜੂਦ, ਇਸੇ ਨਤੀਜੇ 'ਤੇ ਪੁੱਜੇ ਕਿ ਮੌਜੂਦਾ ਹਾਲਾਤ ਵਿਚ ਅੰਤਰਰਾਸ਼ਟਰੀ ਖਿਚਾਓ ਨੂੰ ਘੱਟ ਕਰਨਾ, ਸਹਿ ਹੋਂਦ ਦੇ ਸਿਧਾਂਤ ਦਾ ਸਤਿਕਾਰ ਕਰਨਾ, ਹਥਿਆਰਾਂ ਦੀ ਦੌੜ ਰੋਕਣਾ, ਨਿਸ਼ਸਤ੍ਰੀਕਰਨ ਕਰਨਾ ਅਜਿਹੇ ਤਰੀਕੇ ਹਨ ਜੋ ਨਿਸ਼ਚੇ ਹੀ ਟਕਰਾਓ ਰੋਕਣ ਤੇ ਟਕਰਾਵਾਂ ਨੂੰ ਜੰਗ ਵਿਚ ਬਦਲਣੋਂ ਰੋਕਣ ਵਿਚ ਅਹਿਮ ਭੂਮਿਕਾ ਨਿਭਾ ਸਕਦੇ ਹਨ।"

("As the discussion showed, scientists from countries with different social systems agreed, despite their different Political and Ideological views, that under present conditions International détente, the Implementation of the Principle of co-existence, a limitation of the arms race, as well as disarmament, play a decisive role in preventing conflicts and their escalation into war.")

1980 ਵਿਚ ਤੀਹਵੀਂ ਸਦੀ ਪਗਵਾਸ਼ ਕਾਨਫ਼ਰੰਸ ਹੋਈ। ਇਸ ਵਿਚ ਉੱਘੇ ਸਾਇੰਸਦਾਨਾਂ ਦੀ ਰਿਪੋਰਟ ਪੇਸ਼ ਕੀਤੀ ਗਈ। ਇਸ ਰਿਪੋਰਟ ਵਿਚ ਦਰਸਾਇਆ ਗਿਆ ਕਿ ਨਯੂਕਲੀਅਰ ਜੰਗ ਵਿਚ ਏਨੀਆਂ ਮੌਤਾਂ ਤੇ ਏਨੇ ਲੋਕ ਜ਼ਖ਼ਮੀ ਹੋਣਗੇ ਕਿ ਪਹਿਲੀਆਂ ਸਾਰੀਆਂ ਜੰਗਾਂ ਵਿਚ ਹੋਈ ਤਬਾਹੀ ਨੂੰ ਮਾਤ ਪਾ ਦੇਣਗੇ। ਦੁਨੀਆਂ ਸ਼ੁਰੂ ਹੋਣ ਤੋਂ ਲੈ ਕੇ ਹੁਣ ਤਕ ਪਲੇਗਾਂ, ਹੈਜ਼ਿਆਂ ਤੇ ਹੋਰ ਬੀਮਾਰੀਆਂ ਨਾਲ ਜਿੰਨੇ ਲੋਕ ਮਰੇ ਹਨ, ਉਨ੍ਹਾਂ ਦੀ ਗਿਣਤੀ ਨੂੰ ਨਿਰਾਰਥਕ ਬਣਾ ਦੇਣਗੇ। ਨਯੂਕਲੀਅਰ ਜੰਗ ਦੇ ਕਾਰਨ ਹਸਪਤਾਲ ਤਬਾਹ ਹੋ ਜਾਣਗੇ। ਡਾਕਟਰ, ਨਰਸਾਂ ਤੇ ਉਨ੍ਹਾਂ ਦੇ ਸਹਾਇਕ ਮਾਰੇ ਜਾਣਗੇ। ਜ਼ਖ਼ਮੀਆਂ ਦੇ ਇਲਾਜ ਦਾ ਸਿਲਸਿਲਾ ਬਿਲਕੁਲ ਠੱਪ ਹੋ ਜਾਏਗਾ। ਨਤੀਜਾ ਇਹ ਹੋਵੇਗਾ ਕਿ ਜੋ ਲੋਕ ਜ਼ਖ਼ਮੀ ਹੋਏ ਹੋਣਗੇ, ਉਹ ਇਲਾਜ ਤੋਂ ਬਿਨਾਂ ਖ਼ਤਮ ਹੋ ਜਾਣਗੇ।

ਇਸੇ ਖ਼ਤਰੇ ਨੂੰ ਪ੍ਰਤੀਤ ਕਰ ਕੇ ਐਫ. ਜੋਲੀਅਟ ਕੀਊਰੀ ਨੇ 'ਵਰਲਡ ਫੈਡਰੇਸ਼ਨ ਔਫ ਸਾਇੰਟਿਸਟਜ਼' ਦੀ ਨੀਂਹ ਰੱਖੀ। ਸਾਇੰਸਦਾਨਾਂ ਦੀਆਂ ਕੌਂਸਲਾਂ

ਦੇ ਨਾਲ ਨਾਲ ਆਮ ਲੋਕਾਂ ਦਾ ਜਥੇਬੰਦ ਹੋਣਾ ਵੀ ਜ਼ਰੂਰੀ ਸੀ, ਵੱਖੋ ਵੱਖਰੇ ਦੇਸਾਂ ਵਿਚ ਆਮ ਲੋਕਾਂ ਨੇ ਅਮਨ-ਕਮੇਟੀਆਂ ਬਣਾਈਆਂ। ਅਜਿਹੀਆਂ ਸਭ ਸੰਸਥਾਵਾਂ ਵਰਲਡ ਪੀਸ ਕੌਂਸਲ ਦੀ ਛਤਰੀ ਹੇਠ ਇਕੱਠੀਆਂ ਹੋ ਗਈਆਂ ਹਨ।

ਵਰਲਡ ਪੀਸ ਕੌਂਸਲ ਨੇ ਨਯੂਕਲੀਅਰ ਬੰਬਾਂ ਉਤੇ ਪੂਰੀ ਪਾਬੰਦੀ ਲਾਉਣ ਦੀ ਮੰਗ ਕੀਤੀ ਹੈ :-

"ਅਸੀਂ ਜਨ-ਸਮੂਹ ਦੀ ਤਬਾਹੀ ਕਰਨ ਵਾਲੇ ਭਿਆਨਕ ਐਟਮ ਬੰਬਾਂ ਉੱਤੇ ਮੁਕੰਮਲ ਪਾਬੰਦੀ ਲਾਉਣ ਦੀ ਮੰਗ ਕਰਦੇ ਹਾਂ। ਅਸੀਂ ਮੰਗ ਕਰਦੇ ਹਾਂ ਕਿ ਅਜਿਹਾ ਅੰਤਰ-ਰਾਸ਼ਟਰੀ ਕੰਟਰੋਲ ਬਣਾਇਆ ਜਾਵੇ ਜੋ ਇਸ ਪਾਬੰਦੀ ਨੂੰ ਅਮਲੀ ਰੂਪ ਦੇ ਸਕੇ ਅਤੇ ਕਿਸੇ ਵੀ ਦੇਸ਼ ਦੇ ਖ਼ਿਲਾਫ਼ ਐਟਮ ਬੰਬ ਦੀ ਵਰਤੋਂ ਕਰਨ ਵਾਲੀ ਸਰਕਾਰ 'ਤੇ ਮਨੁੱਖਤਾ ਵਿਰੁੱਧ ਅਪਰਾਧ ਕਰਨ ਦਾ ਮੁਕੱਦਮਾ ਚਾਇਆ ਜਾਵੇ।"

("This calls for an absolute ban of Atom bombs as a ghastly weapon of mass destruction, for strict International control to guarantee the implementation of the ban, and for the prosecution of any Government which employs atom bombs against any other country as a war criminal committing a crime against humanity.")

ਦੁਨੀਆ ਦੀ ਅਮਨ-ਕੌਂਸਲ ਦਾ ਇਹ ਮਤਾ ਸਾਰੀ ਦੁਨੀਆ ਦੇ ਲੋਕਾਂ ਨੂੰ ਅਪੀਲ ਕਰਦਾ ਹੈ ਕਿ ਉਹ ਇਸ ਮਤੇ ਉਤੇ ਆਪਣੀ ਸੰਮਤੀ ਦੇਣ ਲਈ ਦਸਤਖਤ ਕਰਨ। (ਸਟਾਕਹੋਮ ਮਾਰਚ 19, 1950)

ਕਈ ਲੋਕਾਂ ਨੂੰ ਇਹ ਭੁਲੇਖਾ ਹੈ ਕਿ ਇਕ ਦੂਜੇ ਦੇਸ ਦੇ ਹਮਲੇ ਤੋਂ ਬਚਣ ਲਈ ਵੱਧ ਤੋਂ ਵੱਧ ਮਾਰੂ ਹਥਿਆਰ ਤਿਆਰ ਕਰ ਕੇ ਰੱਖਣੇ ਚਾਹੀਦੇ ਹਨ। ਇਸੇ ਖ਼ਿਆਲ ਨਾਲ ਕਈ ਦੇਸ ਦਬਾ-ਦਬ ਮਾਰੂ ਬੰਬ ਤਿਆਰ ਕਰ ਰਹੇ ਹਨ। ਕਈ ਹੋਰ ਦੇਸ਼ਾਂ ਨੇ ਵੀ ਅਜਿਹੇ ਮਾਰੂ ਹਥਿਆਰ ਤਿਆਰ ਕਰ ਲਏ ਹਨ ਤੇ ਤਿਆਰ ਕਰ ਰਹੇ ਹਨ, ਪਰ ਜੋ ਸ਼ਕਤੀ ਅਮਰੀਕਾ ਤੇ ਰੂਸ ਪਾਸ ਹੈ, ਉਸ ਦਾ ਹੋਰ ਕੋਈ ਦੇਸ਼ ਮੁਕਾਬਲਾ ਨਹੀਂ ਕਰ ਸਕਦਾ। ਇਨ੍ਹਾਂ ਦੋਹਾਂ ਦੇਸ਼ਾਂ ਪਾਸ ਏਨੇ ਹਥਿਆਰ ਦੱਸੇ ਜਾਂਦੇ ਹਨ ਕਿ ਇਕ ਦੂਜੇ ਦੇ ਦੇਸ਼ ਵਿਚ ਵਸਦੇ ਸਭ ਲੋਕਾਂ ਨੂੰ ਕਈ ਵਾਰ ਖ਼ਤਮ ਕਰ ਸਕਦੇ ਹਨ। ਘਰ ਬੈਠੇ ਹੀ ਇਕ ਦੂਜੇ ਦੇ ਦੇਸ਼ ਉਤੇ ਨਯੂਕਲੀਅਰ ਬੰਬ ਸੁੱਟ ਸਕਦੇ ਹਨ। ਜੇ ਇਹੋ ਦੌੜ ਚਲਦੀ ਰਹੀ ਤਾਂ ਦੁਨੀਆਂ ਦੇ ਆਮ ਲੋਕਾਂ ਦੇ ਬਚਣ

ਦਾ ਕੋਈ ਉਪਾਅ ਨਹੀਂ ਰਹਿ ਜਾਣਾ। ਅਸੀਂ ਇਹ ਸਮਝਦੇ ਹਾਂ ਕਿ ਇਹ ਸ਼ਕਤੀ ਦਾ ਸੰਤੁਲਨ (Balance of Power) ਅੰਤ ਵਿਚ ਡਰ-ਰੂਪੀ ਸੰਤੁਲਨ (Balance of Terror) ਬਣ ਕੇ ਦੁਨੀਆਂ ਦੇ ਨਾਸ ਦਾ ਕਾਰਨ ਬਣੇਗਾ, ਜੇ ਦੁਨੀਆ ਦੇ ਅਮਨ-ਪਸੰਦ ਲੋਕਾਂ ਨੇ ਇਨ੍ਹਾਂ ਤਾਕਤਾਂ ਨੂੰ ਢੰਗਾ ਨਾ ਪਾਇਆ ਤਾਂ।

ਇਕ ਹੋਰ ਗੱਲ ਕਿ ਕਿਸੇ ਗ਼ਲਤੀ ਨਾਲ ਵੀ ਨਯੂਕਲੀਅਰ ਜੰਗ ਸ਼ੁਰੂ ਹੋ ਜਾਣ ਦਾ ਡਰ ਹੈ। ਇਸ ਸੰਬੰਧ ਵਿਚ ਜਾਰਜ ਫੂਚਸ ਨੇ ਅਜਿਹੀਆਂ ਕੁਝ ਗ਼ਲਤੀਆਂ ਦਾ ਜਿਕਰ ਕੀਤਾ ਹੈ। ਉਹ ਲਿਖਦਾ ਹੈ :

"ਇਹ ਇਕ ਭਰਮ-ਭੁਲਾਵਾ ਹੀ ਹੈ- ਸੰਸਾਰ ਤਾਂ ਕਈ ਵਾਰ ਨਯੂਕਲੀਅਰ ਜੰਗ ਦੇ ਬਿਲਕੁਲ ਨੇੜੇ ਪੁੱਜ ਚੁੱਕਾ ਹੈ। ਅਜਿਹਾ ਮੌਜੂਦਾ ਸਮੇਂ ਦੇ ਰਾਜਨੀਤਕ ਤਨਾਵਾਂ ਕਰਕੇ ਨਹੀਂ ਹੋਇਆ, ਬਲਕਿ ਇਲੈਕਟ੍ਰਾਨਿਕ ਸਿਸਟਮਾਂ ਵਿਚ ਨੁਕਸ ਪੈਣ ਕਰਕੇ ਗ਼ਲਤ ਆਰਡਰ ਦਿੱਤੇ ਗਏ ਸਨ। ਕਿਹਾ ਜਾਂਦਾ ਹੈ ਕਿ 1974 ਵਿਚ ਅਜਿਹੀ ਹੀ ਇਕ ਗ਼ਲਤੀ ਸਦਕਾ ਅਮਰੀਕਾ ਦੇ ਨਯੂਕਲੀਅਰ ਜੰਗੀ ਸਿਪਾਹੀਆਂ ਨੇ ਅਭਿਆਸ ਦੇ ਇਕ ਆਰਡਰ ਨੂੰ ਹਮਲੇ ਦਾ ਆਰਡਰ ਸਮਝ ਲਿਆ। ਵਾਇਰਲੈਸ ਰਾਹੀਂ ਸੰਕੇਤ ਭੇਜੇ ਜਾਣ ਸਮੇਂ ਹਵਾਈ ਫ਼ੌਜ ਦੀ ਕਮਾਨ ਨੇ ਗ਼ਲਤੀ ਨਾਲ ਹੀ ਮਿਜ਼ਾਇਲਾਂ ਦਾ ਹਮਲਾ ਕਰਨ ਦੇ ਆਰਡਰ ਜਾਰੀ ਕਰ ਦਿੱਤੇ।

"ਜੂਨ 1980 ਵਿਚ ਵੀਆਨਾ ਦੇ ਇਕ ਅਖ਼ਬਾਰ ਨੇ ਖ਼ਬਰ ਦਿੱਤੀ ਕਿ ਅਮਰੀਕਾ ਦੇ ਇਕ ਕੰਪਿਊਟਰ ਦੀ ਗ਼ਲਤੀ ਨਾਲ ਨਯੂਕਲੀਅਰ ਜੰਗ ਸ਼ੁਰੂ ਹੋਣ ਲੱਗੀ ਸੀ। ਇਹ ਗ਼ਲਤੀ ਹਮਲਾ ਸ਼ੁਰੂ ਹੋਣ ਤੋਂ ਕੇਵਲ ਤਿੰਨ ਮਿੰਟ ਪਹਿਲਾਂ ਹੀ ਫੜੀ ਜਾ ਸਕੀ ਸੀ। ਇਨ੍ਹਾਂ ਕੁਝ ਹੀ ਮਿੰਟਾਂ ਵਿਚ ਦੂਸਰੇ ਪਾਸੇ ਜਵਾਬੀ ਨਯੂਕਲੀਅਰ ਹਮਲੇ ਦੀਆਂ ਤਿਆਰੀਆਂ ਵੀ ਸ਼ੁਰੂ ਹੋ ਗਈਆਂ ਸਨ।"

("This is an illusion because the world has been very close to a nuclear war several times, not because of the political tension existing at present, but because of break-down in electronic systems or errors in transmitting orders. An error of this kind is said to have occurred in 1974 when U.S. nuclear warfare troops misunderstood the order for an exercise as an order to attack! 'When wirelessing the signal, the strategic

Air command transmitted the genuine order to start the missiles by mistake.'

"In June 1980, A Viennese newspaper reported that in the U.S.A. a Computer had simulated the outbreak of a nuclear war by mistake. The error was discovered only three minutes later, in these few minutes preparations for a nuclear counter-attack had already been put into operation.")

ਅਜਿਹੀਆਂ ਘਟਨਾਵਾਂ ਤੋਂ ਸਪੱਸ਼ਟ ਹੈ ਕਿ ਅਨਜਾਣ-ਪੁਣੇ ਵਿਚ ਹੀ ਨਯੂਕਲੀਅਰ ਜੰਗ ਸ਼ੁਰੂ ਹੋ ਸਕਦੀ ਹੈ।

1981 ਵਿਚ, ਮਾਰਚ 20 ਤੋਂ 25 ਤੱਕ 'ਨਯੂਕਲੀਅਰ ਜੰਗ ਨੂੰ ਰੋਕਣ ਲਈ ਡਾਕਟਰਾਂ ਦੀ ਅੰਤਰ-ਰਾਸ਼ਟਰੀ ਕਾਂਗਰਸ' (International Congress of Physicians for the Prevertion of Nuclear war) ਦੀ ਇਕਤਰਤਾ ਏਅਰਲੀ ਸ਼ਹਿਰ (Virginia, U.S.A.) ਵਿਖੇ ਹੋਈ। ਗਿਆਰਾਂ ਦੇਸ਼ਾਂ ਦੇ ਇਕ ਸੌ ਡਾਕਟਰਾਂ ਨੇ ਇਸ ਕਾਨਫ਼ਰੰਸ ਵਿਚ ਹਿੱਸਾ ਲਿਆ। ਇਸ ਕਾਂਗਰਸ ਨੇ ਆਪਣੀ ਰਿਪੋਰਟ ਵਿਚ ਲਿਖਿਆ :-

"ਕਰੋੜਾਂ ਲੋਕ ਨਯੂਕਲੀਅਰ ਜੰਗ ਵਿਚ ਮਾਰੇ ਜਾਣਗੇ ਅਤੇ ਜੋ ਬਚਣਗੇ ਉਹ ਕੋਈ ਅਸਰਦਾਇਕ ਡਾਕਟਰੀ ਸਹਾਇਤਾ ਵੀ ਨਹੀਂ ਪ੍ਰਾਪਤ ਕਰ ਸਕਣਗੇ ਅਤੇ ਉਹ ਸ਼ੁਧ ਪਾਣੀ (ਜੋ ਰੇਡੀਓ-ਐਕਟਿਵ ਤੋਂ ਮੁਕਤ ਹੋਵੇ) ਅਤੇ ਸ਼ੁੱਧ ਭੋਜਨ ਤੋਂ ਵੀ ਵੰਚਿਤ ਰਹਿਣਗੇ ਅਤੇ ਇਹ ਸਭ ਬੜੇ ਸੰਤਾਪਮਈ ਦੁਖ ਭੋਗ ਕੇ ਹੌਲ਼ੀ ਹੌਲ਼ੀ ਮੌਤ ਦੇ ਮੂੰਹ ਵਿਚ ਜਾ ਪੁੱਜਣਗੇ।"

("Hundreds of millions of people would be killed in a nuclear war and most of the survivors deprived of effective medical care or even pure (Non-radioactive) water and food would face a slow and excruciating death.")

23 ਤੋਂ 27 ਸਤੰਬਰ 1980 ਵਿਚ 'ਵਰਲਡ ਪਾਰਲੀਮੈਂਟ ਆਫ ਪੀਪਲ ਫਾਰ ਪੀਸ' ("World Parliament of the People for Peace") ਦੀ ਇਕੱਤਰਤਾ ਸੋਫੀਆ (ਬਲਗਾਰੀਆ) ਵਿਖੇ ਹੋਈ। ਇਸ ਕਾਨਫ਼ਰੰਸ ਵਿਚ 137

ਦੇਸਾਂ ਦੇ ਪ੍ਰਤੀਨਿਧਾਂ ਨੇ ਹਿੱਸਾ ਲਿਆ। 2260 ਪ੍ਰਤੀਨਿਧਾਂ ਨੇ ਸਰਬ-ਸੰਮਤੀ ਨਾਲ "ਚਾਰਟਰ ਆਫ਼ ਦੀ ਪੀਪਲਜ਼ ਫ਼ਾਰ ਪੀਸ" ਵਾਲਾ ਮਤਾ ਪਾਸ ਕੀਤਾ, ਜਿਸ ਦਾ ਮੁਖ ਮੰਤਵ ਇਸ ਤਰ੍ਹਾਂ ਸੀ :-

"ਸ਼ਾਂਤੀ ਵਿਚ ਰਹਿਣਾ ਹਰ ਮਨੁੱਖ ਤੇ ਹਰ ਦੇਸ ਦਾ ਪਵਿੱਤਰ ਤੇ ਨਾ ਖੋਹੇ ਜਾਣ ਵਾਲਾ ਅਧਿਕਾਰ ਹੈ। ਸ਼ਾਂਤੀ ਮਨੁੱਖਤਾ ਦੀ ਪਹਿਲੀ ਸ਼ਰਤ ਹੈ ਤੇ ਤਰੱਕੀ ਲਈ ਇਸ ਦੀ ਸਭ ਤੋਂ ਵੱਧ ਲੋੜ ਹੈ।"

("The live in peace is a sacred and inalienable right of every human being and every country. Peace is mankind s..... main condition and prerequisite for progress.")

ਅੰਤਲੀ ਗੱਲ

ਇਹ ਠੀਕ ਹੈ ਕਿ ਜਾਪਾਨੀ ਤੇ ਅੰਗਰੇਜ਼ਾਂ ਨੇ ਪੂਰਬ ਵਿਚ ਜੰਗ ਦੇ ਬੀਜ ਬੀਜੇ। ਅਮਰੀਕਾ ਉਤੇ ਵੀ ਅਚਾਨਕ ਹਵਾਈ ਹਮਲਾ ਕੀਤਾ। ਇਸ ਦੀ ਸਜ਼ਾ ਜਾਪਾਨੀ ਜੰਗਬਾਜ਼ਾਂ ਨੂੰ ਦਿੱਤੀ ਗਈ। ਇਕ ਗੱਲ ਦੀ ਸਾਨੂੰ ਅਜੇ ਤਕ ਸਮਝ ਨਹੀਂ ਆਈ ਕਿ ਜਾਪਾਨੀ ਜੰਗਬਾਜ਼ਾਂ ਦੀ ਸਜ਼ਾ ਹੀਰੋਸ਼ੀਮਾ ਤੇ ਨਾਗਾਸਾਕੀ ਦੇ ਨਿਦੋਸ਼ੇ ਸ਼ਹਿਰੀਆਂ ਨੂੰ ਕਿਉਂ ਦਿੱਤੀ ਗਈ ਤੇ ਇਸ ਕਤਲੇਆਮ ਦੇ ਜ਼ਿੰਮੇਵਾਰਾਂ ਨੂੰ ਅਜੇ ਤਕ ਜੰਗਬਾਜ਼ ਸਾਬਤ ਕਰ ਕੇ, ਉਨ੍ਹਾਂ ਨੂੰ ਇਨਸਾਫ਼ ਦੇ ਕਟਹਿਰੇ ਵਿਚ ਕਿਉਂ ਨਹੀਂ ਖੜ੍ਹਾ ਕੀਤਾ ਗਿਆ? ਅਮਰੀਕਾ ਹੀ ਇਕ ਅਜਿਹਾ ਦੇਸ਼ ਹੈ, ਜਿਸ ਨੇ ਐਟਮ-ਬੰਬ ਵਰਤਣ ਦੀ ਪਹਿਲ ਕੀਤੀ ਹੈ।

ਜਦ ਤੋਂ ਇਸ ਦੁਨੀਆ ਦੀ ਹਸਤੀ ਕਾਇਮ ਹੋਈ ਹੈ, ਹੀਰੋਸ਼ੀਮਾ ਤੇ ਨਾਗਾਸਾਕੀ ਵਾਲਾ ਕਤਲੇਆਮ ਪਹਿਲੋਂ ਕਦੇ ਨਹੀਂ ਹੋਇਆ। ਇਕ ਬੇਗੁਨਾਹ ਬੰਦੇ ਦੇ ਕਾਤਲ ਨੂੰ ਇਨਸਾਫ਼ ਦੇ ਕਟਹਿਰੇ ਵਿਚ ਖੜ੍ਹਾ ਕਰ ਕੇ ਮੌਤ ਦੀ ਸਜ਼ਾ ਦਿੱਤੀ ਜਾ ਸਕਦੀ ਹੈ, ਪਰ ਇਸ ਤੋਂ ਉਲਟ ਲੱਖਾਂ ਨਿਦੋਸ਼ੇ ਸ਼ਹਿਰੀਆਂ ਦੇ ਕਾਤਲਾਂ ਨੂੰ ਬਹਾਦਰੀ ਦੇ ਤਮਗ਼ੇ ਦਿੱਤੇ ਗਏ ਹਨ। ਸਭ ਤੋਂ ਵੱਡੀ ਸ਼ਰਮ ਵਾਲੀ ਗੱਲ ਇਹ ਹੈ ਕਿ ਅਜਿਹੇ ਕਤਲੇਆਮ ਦੇ ਜ਼ਿੰਮੇਵਾਰ ਅਮਰੀਕਨਾਂ ਨੂੰ ਜਾਪਾਨ ਦੀ ਸਰਕਾਰ ਨੇ ਵੀ ਬਹਾਦਰੀ ਦੇ ਤਮਗ਼ੇ ਦਿੱਤੇ ਹਨ। ਬੁਜ਼ਦਿਲੀ ਤੇ ਚਮਚਾਗੀਰੀ ਦੀ ਵੀ ਕੋਈ ਹੱਦ ਹੁੰਦੀ ਹੈ।

ਇਕ ਬੰਦੇ ਦੇ ਕਤਲ ਨੂੰ ਗ਼ੈਰ-ਕਾਨੂੰਨੀ ਕਿਹਾ ਜਾਂਦਾ ਹੈ, ਪਰ ਲੱਖਾਂ ਬੇਗੁਨਾਹ ਲੋਕਾਂ ਦੇ ਕਤਲੇਆਮ ਨੂੰ ਕਾਨੂੰਨਨ ਠੀਕ ਮੰਨਿਆ ਜਾਂਦਾ ਹੈ।

ਐਟਮ ਬੰਬਾਂ ਦੀ ਮਾਰ ਹੇਠ ਆਏ ਅਨਗਿਣਤ ਦੁਖਿਆਰਿਆਂ ਦੀਆਂ ਮੁਲਾਕਾਤਾਂ ਕੀਤੀਆਂ ਹਨ। ਜਿਨ੍ਹਾਂ ਲੋਕਾਂ ਦੇ ਸਾਰੇ ਪਰਵਾਰ ਤਬਾਹ ਹੋ ਗਏ ਹਨ, ਉਨ੍ਹਾਂ ਦੇ ਦੁਖ ਸੁਣੇ ਤੇ ਪ੍ਰਤੀਤ ਕੀਤੇ ਹਨ। ਜਿਨ੍ਹਾਂ ਬੱਚਿਆਂ ਨੇ ਉਹ ਨਰਕ ਆਪਣੇ ਉੱਤੇ ਝੱਲਿਆ ਹੈ ਉਨ੍ਹਾਂ ਦੇ ਟੇਢੇ-ਮੇਢੇ ਚਿਹਰੇ ਤੇ ਅੰਗ ਵੇਖੇ ਹਨ। ਉਨ੍ਹਾਂ ਦੇ ਪਿੰਡਿਆਂ ਉਤੇ ਜ਼ਖਮਾਂ ਦੇ ਘਾਓ ਵੇਖੇ ਹਨ। ਸੁਣੱਖੀਆਂ ਮੁਟਿਆਰਾਂ ਦੇ ਬਦਸ਼ਕਲ ਹੋਏ ਚਿਹਰੇ ਵੇਖੇ ਹਨ। ਚੁੜ ਚੁੜ ਕੇ ਮਰ ਰਹੇ ਮਰੀਜ਼ਾਂ ਦੀਆਂ ਦੁਖ-ਭਰੀਆਂ ਕਹਾਣੀਆਂ ਸੁਣੀਆਂ ਹਨ।

ਚਾਲੀ ਸਾਲਾਂ ਦੀ ਉਮਰ ਭੋਗ ਚੁਕੇ ਉਹ ਲੋਕ ਮਿਲੇ ਹਨ ਜੋ ਬੰਬ ਡਿੱਗਣ ਵੇਲੇ ਗਰਭਵਤੀ ਮਾਵਾਂ ਦੇ ਗਰਭਾਂ ਵਿਚ ਸਨ। ਉਨ੍ਹਾਂ ਦੇ ਅੰਗ ਟੇਢੇ-ਮੇਢੇ, ਨਜ਼ਰਾਂ ਕਮਜ਼ੋਰ ਤੇ ਸਿਰ ਨਿੱਕੇ-ਨਿੱਕੇ। ਚਾਲੀ ਸਾਲਾਂ ਦੇ ਹੁੰਦੇ ਹੋਏ ਵੀ ਦਿਮਾਗ਼ੀ ਤੌਰ 'ਤੇ ਚਾਰ-ਚਾਰ, ਪੰਜ-ਪੰਜ ਸਾਲ ਦੇ ਬੱਚਿਆਂ ਵਰਗੇ ਹਨ। ਉਹ ਆਪਣੇ ਆਪ ਦੀ ਸੰਭਾਲ ਕਰਨ ਜੋਗੇ ਨਹੀਂ।

ਬੰਬ-ਧਮਾਕਿਆਂ ਸਮੇਂ ਜ਼ਖ਼ਮੀ ਹੋਈਆਂ ਨਿੱਕੀਆਂ-ਨਿੱਕੀਆਂ ਬੱਚੀਆਂ, ਹੁਣ ਵੀ ਅਣ-ਵਿਆਹੀਆਂ ਬੈਠੀਆਂ ਹਨ। ਕਈ ਤਾਂ ਘਰੋਂ ਬਾਹਰ ਨਿਕਲਣ ਤੋਂ ਵੀ ਸ਼ਰਮਾਂਦੀਆਂ ਹਨ, ਅਜਨਬੀ ਲੋਕਾਂ ਨੂੰ ਮਿਲਣ ਤੋਂ ਕਤਰਾਂਦੀਆਂ ਹਨ। ਵਾਰੋ-ਵਾਰੀ, ਘੁਲ-ਘੁਲ ਕੇ ਮਰ ਰਹੀਆਂ ਹਨ। ਇਨ੍ਹਾਂ ਜਿੰਦੜੀਆਂ ਦੇ ਦੁੱਖਾਂ ਦੇ ਜ਼ਿੰਮੇਵਾਰ ਨਵੇਂ ਸਿਰਿਓਂ ਨੰਗਾ ਨਾਚ ਨੱਚਣ ਲਈ ਲੰਗਰ ਲੰਗੋਟੇ ਕਸ ਰਹੇ ਹਨ।

1945 ਤੇ 1950 ਦੇ ਵਿਚਾਲੇ ਅਣ-ਵਿਆਹੀਆਂ ਜਾਪਾਨੀ ਮੁਟਿਆਰਾਂ ਦੇ ਪੇਟੋਂ ਅਮਰੀਕਨ ਫ਼ੌਜੀਆਂ ਦੇ ਰੰਗ-ਬਰੰਗੇ ਜੰਮੇ ਹੋਏ ਬੱਚਿਆਂ ਵਿਚੋਂ ਕੁਝ ਕੁ ਨੂੰ ਮਿਲਣ ਦਾ ਅਵਸਰ ਮਿਲਿਆ। ਉਹ ਅਪਣੀ ਸ਼ਨਾਖ਼ਤ ਦੇਣ ਤੋਂ ਵੀ ਇਨਕਾਰੀ ਹਨ। ਨਾ ਮਾਂ ਦਾ ਪਤਾ ਤੇ ਨਾ ਪਿਓ ਦਾ। ਈਸਾਈ ਪਾਦਰੀਆਂ ਵਲੋਂ ਜਾਰੀ ਕੀਤੇ ਗਏ ਯਤੀਮਖ਼ਾਨਿਆਂ ਵਿਚੋਂ ਧੱਕੇ ਖਾ ਕੇ ਨਿਕਲੇ ਲੋਕਾਂ ਨੂੰ ਨਾ ਜਾਪਾਨੀ ਸਵੀਕਾਰ ਕਰਦੇ ਹਨ ਤੇ ਨਾ ਹੀ ਅਮਰੀਕਨ। ਉਨ੍ਹਾਂ ਦੀ ਹਾਲਤ ਬੜੀ ਤਰਸਯੋਗ ਹੈ। ਸਭ ਅਣ-ਵਿਆਹੇ ਹਨ। ਅਜਿਹੀਆਂ ਲੜਕੀਆਂ ਦੀ ਬੜੀ ਭਾਲ ਕੀਤੀ, ਪਰ ਪਤਾ ਨਹੀਂ ਉਹ ਕਿਹੜੀ ਪਾਤਾਲਪੁਰੀ ਵਿਚ ਜਾ ਗ਼ਰਕ ਹੋਈਆਂ ਹਨ, ਕਿਹੜੇ ਅਥਾਹ ਸਮੁੰਦਰ ਵਿਚ ਡੁੱਬ ਗਈਆਂ ਹਨ?

ਇਸ ਸਾਰੀ ਖੋਜ ਵਿਚ ਸਹਾਇਤਾ ਦੇਣ ਵਾਲੇ ਆਪਣੇ ਪਰਮ-ਮਿੱਤਰ ਤੇ ਉੱਘੇ ਕਵੀ ਹੀਰੋਮੂ ਮੋਰੀਸ਼ੀਤਾ ਦਾ ਅਤੀ ਧੰਨਵਾਦੀ ਹਾਂ। ਉਹ ਮੈਨੂੰ ਹੀਰੋਸ਼ੀਮਾ ਸਟੇਸ਼ਨ ਉਤੇ ਆ ਮਿਲੇ। ਰਿਹਾਇਸ਼ ਦਾ ਵਧੀਆ ਪ੍ਰਬੰਧ ਕੀਤਾ। ਆਪਣੇ ਪਰਵਾਰ ਦਾ ਹੀ ਇਕ ਜੀਅ ਜਾਣ ਕੇ ਅਗਵਾਈ ਕੀਤੀ। ਨਵੀਂ ਪੀੜ੍ਹੀ ਨੂੰ ਮਿਲਾਉਣ

ਦੇ ਪ੍ਰਬੰਧ ਕੀਤੇ। ਸਭ ਤਬਕਿਆਂ ਦੇ ਲੋਕਾਂ ਨਾਲ ਮੁਲਾਕਾਤਾਂ ਕਰਵਾਈਆਂ। ਲੋੜ ਲੈਣ 'ਤੇ ਦੁਭਾਸ਼ੀਏ ਦਾ ਕੰਮ ਵੀ ਕੀਤਾ।

ਜਿਸ ਸਮੇਂ ਹੀਰੋਸ਼ੀਮਾ ਉਤੇ ਬੰਬ ਡਿੱਗਾ, ਹੀਰੋਮੂ ਮੋਰੀਸ਼ੀਤਾ ਸੌਲ੍ਹਾਂ ਸਾਲਾਂ ਦੇ ਸਨ। ਉਨ੍ਹਾਂ ਦੇ ਖੱਬੇ ਪਾਸੇ ਦਾ ਜਬਾੜਾ ਟੇਢਾ ਹੋ ਕੇ ਗਰਦਨ ਦੇ ਨੇੜੇ ਢੁਕਿਆ ਹੈ। ਉਨ੍ਹਾਂ ਨੇ ਆਪ ਉਹ ਸਾਰਾ ਨਰਕ ਭੋਗਿਆ ਹੈ। ਉਨ੍ਹਾਂ ਦਾ ਸਰੀਰ ਪਤਲਾ ਤੇ ਕਮਜ਼ੋਰ ਹੈ। ਅਜੇ ਤਕ ਕਿਸੇ ਹੋਰ ਬੀਮਾਰੀ ਤੋਂ ਬਚੇ ਹੋਏ ਹਨ। ਉਨ੍ਹਾਂ ਦੀ ਪਤਨੀ, ਦੋ ਧੀਆਂ ਤੇ ਇਕ ਪੁੱਤਰ ਹੈ। ਫਿਰ ਵੀ ਹੀਰੋਮੂ ਦੇ ਕਮਜ਼ੋਰ ਸਰੀਰ ਦੇ ਕਾਰਨ ਪਰਵਾਰ ਦੇ ਜੀਅ ਇਸ ਗੱਲੋਂ ਸਹਿਮੇ ਰਹਿੰਦੇ ਹਨ ਕਿ ਕਿਧਰੇ ਬੰਬ ਤੇ ਰੈਡੀਏਸ਼ਨ ਨਾਲ ਸੰਬੰਧਤ ਕੋਈ ਬੀਮਾਰੀ ਅਚਾਨਕ ਹੀ ਉਨ੍ਹਾਂ ਨੂੰ ਨਾ ਆ ਘੇਰੇ।

ਉਨ੍ਹਾਂ ਆਪਣੇ ਸਕੂਲ ਦੇ ਤਿੰਨ ਸੌ ਵਿਦਿਆਰਥੀਆਂ ਤੇ ਵਿਦਿਆਰਥਣਾਂ ਨੂੰ ਨਾਲ ਲੈ ਕੇ ਪੀਸ-ਪਾਰਕ, ਪੀਸ-ਮੀਊਜ਼ੀਅਮ ਤੇ ਹੋਰ ਸੰਬੰਧਤ ਥਾਵਾਂ ਵਿਖਾਈਆਂ। ਬੰਬ ਪੈਣ ਸਮੇਂ ਲਈਆਂ ਗਈਆਂ ਮੂਵੀਆਂ ਵਿਖਾਉਣ ਦਾ ਪ੍ਰਬੰਧ ਕੀਤਾ। ਬੰਬ ਨਾਲ ਸੰਬੰਧਤ ਸਲਾਈਡਾਂ ਤੇ ਤਸਵੀਰਾਂ ਵਿਖਾਈਆਂ। ਐਟਮ-ਬੰਬ ਨਾਲ ਹੋਈ ਤਬਾਹੀ ਉਤੇ ਛਪੀਆਂ ਹਜ਼ਾਰਾਂ ਕਿਤਾਬਾਂ ਵਿਖਾਈਆਂ। ਕਾਗਜ਼ਾਤ ਦੇ ਜ਼ੀਰਾਕਸ ਕਰਵਾਉਣ ਵਿਚ ਮਦਦ ਕੀਤੀ। ਆਪਣੇ ਘਰ ਦੀ ਦਾਅਵਤ ਦੇ ਕੇ ਪਰਵਾਰ ਦੇ ਜੀਆਂ ਨਾਲ ਮੁਲਾਕਾਤ ਕਰਵਾਈ। ਇਸ ਇਹ ਨਾਵਲ ਹੀਰੋਮੂ ਮੋਰੀਸ਼ੀਤਾ ਤੇ ਉਨ੍ਹਾਂ ਵਰਗੇ ਐਟਮ-ਬੰਬ ਦੇ ਮਾ[illegible]ਆਂ ਦੁਖਿਆਰਿਆਂ ਦੀ ਸੇਵਾ ਵਿਚ ਸਮਰਪਣ ਕਰਦਾ ਹਾਂ।

ਨਾਵਲਕਾਰ ਗਿਆਨੀ ਕੇਸਰ ਸਿੰਘ

-ਡਾ. ਜੁਗਿੰਦਰ ਨਹਿਰੂ

ਗਿਆਨੀ ਕੇਸਰ ਸਿੰਘ ਪੰਜਾਬੀ ਸਾਹਿਤ ਦਾ ਇਕ ਪ੍ਰਸਿਧ ਤੇ ਸਥਾਪਿਤ ਨਾਵਲਕਾਰ ਹੈ। ਉਹ ਹੁਣ ਤਕ ਡੇਢ ਦਰਜਨ ਤੋਂ ਵੱਧ ਨਾਵਲ ਪੰਜਾਬੀ ਸਾਹਿਤ ਨੂੰ ਦੇ ਚੁੱਕਾ ਹੈ। ਉਹ 1936 ਤੋਂ ਹੀ ਇਕ ਪਰਵਾਸੀ ਵਿਅਕਤੀ ਦਾ ਜੀਵਨ ਹੰਢਾ ਰਿਹਾ ਹੈ। ਦੂਸਰੇ ਵਿਸ਼ਵ-ਯੁਧ ਦੇ ਸਮੇਂ ਤੋਂ ਹੀ ਉਸਦਾ ਸੰਪਰਕ ਗ਼ਦਰੀ ਬਾਬਿਆਂ ਅਤੇ ਗ਼ਦਰ ਲਹਿਰ ਨਾਲ ਬੜਾ ਸੰਘਣਾ ਰਿਹਾ ਹੈ। ਉਸਨੇ ਆਜ਼ਾਦ-ਹਿੰਦ ਫ਼ੌਜ ਵਿਚ ਭਰਤੀ ਹੋ ਕੇ, ਹਿੰਦੋਸਤਾਨ ਦੀ ਜੰਗੇ-ਆਜ਼ਾਦੀ ਵਿਚ ਵੱਧ ਚੜ੍ਹਕੇ ਹਿੱਸਾ ਲਿਆ ਹੈ। ਉਹ ਪਾਰਟੀ ਦੇ ਕੰਮਾਂ ਨੂੰ ਪ੍ਰਤੱਖ ਤੇ ਅਪ੍ਰਤੱਖ ਰੂਪ ਵਿਚ ਮਲਾਇਆ, ਬਰਮਾ, ਥਾਈਲੈਂਡ ਤੇ ਸਿੰਘਾਪੁਰ ਆਦਿ ਦੇਸ਼ਾਂ ਵਿਚ ਰਹਿੰਦਾ ਹੋਇਆ ਬੜੀ ਹੀ ਲਗਨ, ਸੁਹਿਰਦਤਾ ਤੇ ਇਕ ਮਰਜੀਵੜੇ ਵਾਂਗ ਕਰਦਾ ਰਿਹਾ ਹੈ। ਉਸਦੀ ਗ਼ਦਰ ਲਹਿਰ ਅਤੇ ਆਜ਼ਾਦ-ਹਿੰਦ ਫ਼ੌਜ ਵਿਚ ਸ਼ਮੂਲੀਅਤ ਨੇ ਉਸਦੇ ਅਨੁਭਵ ਅਤੇ ਚਿੰਤਨ ਵਿਚ ਬੜੀ ਵਿਸ਼ਾਲਤਾ ਅਤੇ ਡੂੰਘਿਆਈ ਲਿਆਂਦੀ ਹੈ। ਕੇਸਰ ਸਿੰਘ ਨੇ ਆਪਣੇ ਪੂਰੇ ਇਸ ਇਤਿਹਾਸਕ ਅਨੁਭਵ ਨੂੰ ਪਹਿਲੀ ਵਾਰ ਆਪਣੀ ਪ੍ਰਥਮ ਇਤਿਹਾਸਕ ਗਲਪ-ਰਚਨਾ **'ਲਹਿਰ ਵਧਦੀ ਗਈ'** ਵਿਚ ਪੇਸ਼ ਕੀਤਾ ਹੈ ਜੋ 1953 ਵਿਚ ਪ੍ਰਕਾਸ਼ਤ ਹੋਈ ਸੀ।

ਜੰਗੀ ਕੈਦੀ ਉਸਦਾ ਦੂਸਰਾ, ਇਕ ਅੰਤਰ-ਰਾਸ਼ਟਰੀ ਪੱਧਰ ਦਾ ਨਾਵਲ ਹੈ ਜਿਸ ਵਿਚ ਲੇਖਕ ਨੇ ਦੂਸਰੀ ਵਿਸ਼ਵ-ਜੰਗ ਵੇਲੇ ਜਾਪਾਨੀ ਫ਼ੌਜਾਂ ਦੇ ਹੱਥ ਵਿਚ ਆਏ ਭਾਰਤੀ ਫ਼ੌਜੀਆਂ ਅਤੇ ਨਾਗਰਿਕਾਂ ਉਤੇ ਢਾਹੇ ਗਏ ਜ਼ੁਲਮਾਂ ਨੂੰ ਆਪਣਾ ਵਿਸ਼ਾ-ਵਸਤੂ ਬਣਾਇਆ ਹੈ। ਇਹ ਨਾਵਲ ਸਾਹਿਤਕ ਪੱਖੋਂ ਇਕ ਉਤਮ ਕਿਸਮ ਦੀ ਰਚਨਾ ਹੈ। ਇਸ ਵਿਚ ਲੇਖਕ ਨੇ ਜੰਗ ਦੀ ਵਿਭੀਸ਼ਕਾ ਅਤੇ ਜੰਗ ਦੇ ਬਾਦ ਦੀਆਂ ਸਥਿਤੀਆਂ ਨੂੰ ਬੜੀ ਹੀ ਸੰਵੇਦਨਸ਼ੀਲਤਾ ਨਾਲ ਆਪਣੇ ਨਾਵਲੀ ਕਥਾਨਕ ਵਿਚ ਬੰਨ੍ਹ ਕੇ ਗਲਪੀ ਰੂਪ ਪ੍ਰਦਾਨ ਕੀਤਾ ਹੈ। ਪੰਜਾਬੀ

ਸਾਹਿਤ ਦੇ ਪਾਠਕਾਂ, ਆਲੋਚਕਾਂ ਤੇ ਲੇਖਕਾਂ ਵਲੋਂ ਇਸ ਨਾਵਲ ਨੂੰ ਬੜੀ ਪ੍ਰਸ਼ੰਸਾ ਪ੍ਰਾਪਤ ਹੋਈ ਹੈ।

ਕੇਸਰ ਸਿੰਘ ਦੀ ਸਮੁੱਚੀ ਗਲਪ-ਰਚਨਾ ਵਿਚ ਵੀਹਵੀਂ ਸਦੀ ਦੇ ਪ੍ਰਥਮ ਅੱਧ ਦੇ ਭਾਰਤੀ ਇਤਿਹਾਸ ਦੇ ਕ੍ਰਾਂਤੀਕਾਰੀ ਜੀਵੰਤ ਇਤਿਹਾਸ ਨੂੰ ਪ੍ਰਸਤੁਤ ਕੀਤਾ ਗਿਆ ਮਿਲਦਾ ਹੈ। ਹਿੰਦੋਸਤਾਨ ਦੀ ਪਹਿਲੀ ਜੰਗੇ-ਆਜ਼ਾਦੀ, 1857 ਦੇ ਗ਼ਦਰ ਤੋਂ ਬਾਦ, ਭਾਰਤੀ ਗ਼ੁਲਾਮੀ ਤੋਂ ਮੁਕਤ ਕਰਾਉਣ ਲਈ ਜੋ ਕ੍ਰਾਂਤੀਕਾਰੀ ਲਹਿਰ ਉਤਪੰਨ ਹੋਈ, ਉਹ ਵਿਦੇਸ਼ਾਂ ਵਿਚ ਹੀ ਉਤਪੰਨ ਹੋਈ ਹੈ, ਜਿਸ ਨਾਲ ਲੇਖਕ ਆਪਣੇ ਜੁਆਨੀ ਦੇ ਸਮੇਂ ਤੋਂ ਹੀ ਸੰਬੰਧਤ ਤੇ ਸਰਗਰਮ ਰਿਹਾ ਹੈ।

ਲੇਖਕ ਦੀ ਇਤਿਹਾਸ-ਦ੍ਰਿਸ਼ਟੀ ਅਤੇ ਪਹੁੰਚ ਪ੍ਰਗਤੀਸ਼ੀਲ ਚੇਤਨਾ ਨਾਲ ਪ੍ਰਤਿਬਧ ਹੈ। ਉਸਨੇ ਭਾਰਤੀ ਇਤਿਹਾਸ ਅਤੇ ਪੰਜਾਬ ਦੇ ਇਤਿਹਾਸ ਨੂੰ ਇਸੇ ਦ੍ਰਿਸ਼ਟੀ ਤੋਂ ਹੀ ਵੇਖਿਆ-ਪਰਖਿਆ ਅਤੇ ਗਲਪ-ਰੂਪ ਵਿਚ ਚਿਤਰਿਤ ਕੀਤਾ ਹੈ। ਕੇਸਰ ਸਿੰਘ ਬੁਨਿਆਦੀ ਰੂਪ ਵਿਚ ਇਕ ਮਾਨਵਵਾਦੀ ਲੇਖਕ ਹੈ ਪਰ ਉਸਦਾ ਇਹ ਮਾਨਵਵਾਦ, ਸਹੀ ਅਰਥਾਂ ਵਿਚ ਮਾਨਵਵਾਦ ਹੈ, ਜਿਹੜਾ ਉਸਨੂੰ ਬੁਰਯਵਾ ਮਾਨਵਵਾਦ ਤੋਂ ਵਖਰਾਉਂਦਾ ਹੈ। ਲੇਖਕ ਦੇ ਮਾਨਵਵਾਦ ਵਿਚ ਇਕ ਅਜਿਹੀ ਪ੍ਰਗਤੀਸ਼ੀਲ ਧਾਰਾ ਪ੍ਰਵਾਹਮਾਨ ਹੈ, ਜਿਹੜੀ ਅਚੇਤ ਹੀ ਸਮਾਜ ਦੇ ਸ਼੍ਰੇਣੀਗਤ ਸੰਬੰਧਾਂ ਨੂੰ ਵੇਖਣ ਤੋਂ ਨਹੀਂ ਖੁੰਝਦੀ। ਕੇਸਰ ਸਿੰਘ ਦੇ ਨਾਵਲਾਂ ਦੀ ਆਲੋਚਕਾ ਡਾ. ਜਸਬੀਰ ਕੇਸਰ ਨੇ ਲੇਖਕ ਦੇ ਇਸ ਮਾਨਵਵਾਦ ਨੂੰ 'ਜੁਝਾਰੂ ਮਾਨਵਵਾਦ' ਦੀ ਸੰਗਿਆ ਪ੍ਰਦਾਨ ਕੀਤੀ ਹੈ, ਜਿਹੜੀ ਕਿ ਬਿਲਕੁਲ ਦਰੁਸਤ ਹੈ। ਅਜਿਹਾ ਮਾਨਵਵਾਦ, ਮਨੁੱਖ ਨੂੰ ਸਮਾਜ ਵਿਚ ਪਸਰੇ ਅਨਿਆਂ, ਜ਼ੁਲਮ, ਦਮਨ, ਅੱਤਿਆਚਾਰ, ਅਣ-ਮਨੁੱਖੀ ਤਸ਼ੱਦਦ ਤੇ ਸ਼ੋਸ਼ਨ ਦੇ ਵਿਰੁੱਧ ਵਿਸ਼ਾਲ ਪੱਧਰ 'ਤੇ ਜਥੇਬੰਦ ਹੋਣ ਲਈ ਪ੍ਰੇਰਦਾ ਤੇ ਉਕਸਾਉਂਦਾ ਹੈ। ਅਜਿਹੇ ਵਿਗਿਆਨਕ ਮਾਨਵਵਾਦ ਦਾ ਸੰਕਲਪ, ਮਨੁੱਖ ਨੂੰ ਆਪਣੀ ਹੋਣੀ ਆਪ ਬਣਾਉਣ ਲਈ ਉਤਸ਼ਾਹਤ ਕਰਦਾ ਹੈ, ਉਸ ਵਿਚ ਕੁਰਬਾਨੀ ਦਾ ਜਜ਼ਬਾ ਭਰਦਾ ਹੈ ਅਤੇ ਸਮੁੱਚੇ ਸਮਾਜ ਦੇ ਹਿੱਤ ਵਿਚ ਲੜਨ ਲਈ ਪ੍ਰੇਰਿਤ ਤੇ ਜਥੇਬੰਦ ਕਰਦਾ ਹੈ।

ਕੇਸਰ ਸਿੰਘ ਦੀ ਸਮੁੱਚੀ ਗਲਪ-ਰਚਨਾ ਉਪਰੋਕਤ ਉਦੇਸ਼ ਨੂੰ ਹੀ ਪ੍ਰਣਾਈ ਹੋਈ ਹੈ। ਕੇਸਰ ਸਿੰਘ ਨੇ ਪੰਜਾਬੀ ਨਾਵਲ ਨੂੰ ਇਕ ਅਜਿਹੀ ਧਰਮ-ਨਿਰਪੱਖ ਤੇ ਧਰਮ-ਨਿਰਪੇਖ ਇਤਿਹਾਸ-ਦ੍ਰਿਸ਼ਟੀ ਤੋਂ ਗਲਪ ਸਿਰਜਣਾ ਕਰਨ ਦੀ ਪਰੰਪਰਾ ਪ੍ਰਦਾਨ ਕੀਤੀ ਹੈ ਜਿਸਦਾ ਭਵਿੱਖ ਵਿਚ ਜਿੰਨਾ ਵਿਕਾਸ ਹੋਵੇ, ਓਨਾ ਹੀ ਚੰਗਾ ਹੈ।

ਕੇਸਰ ਸਿੰਘ ਦੇ 1957 ਵਿਚ ਬਰਤਾਨੀਆ ਪਰਵਾਸ ਕਰਨ ਨਾਲ

ਉਸਦਾ ਪੱਛਮੀ ਸੱਭਿਅਤਾ ਤੇ ਸੰਸਕ੍ਰਿਤੀ ਨਾਲ ਮੇਲ-ਮਿਲਾਪ ਹੁੰਦਾ ਹੈ। 1963 ਤੋਂ ਬਾਅਦ ਉਹ ਉੱਤਰੀ ਅਮਰੀਕਾ ਮਹਾਂਦੀਪ (ਕਨੇਡਾ) ਵਿਚ ਟਿਕੇ ਹੋਏ ਹਨ। ਕਨੇਡਾ ਵਿਚ ਰੁਜ਼ਗਾਰ ਕਰਦਿਆਂ ਉਸਨੇ ਨਿਰੰਤਰ ਸਾਹਿਤ-ਸਿਰਜਣਾ ਕੀਤੀ ਹੈ। ਉਸਦਾ ਇਹ ਪਰਵਾਸੀ ਅਨੁਭਵ, ਉਸਦੇ ਸਾਰੇ ਮਗਰਲੇ ਨਾਵਲਾਂ ਵਿਚ ਪ੍ਰਦਰਸ਼ਿਤ ਹੁੰਦਾ ਹੈ। ਉਸਦੇ ਨਾਵਲਾਂ **ਹਰੀ ਸਿੰਘ ਉਸਮਾਨ, ਅਮਰ ਸ਼ਹੀਦ ਮੇਵਾ ਸਿੰਘ ਲੋਪੋਕੇ, ਸਿੰਘ ਸਾਹਿਬ ਦੀ ਸ਼ਹਾਦਤ, ਵਾਰੇਸ਼ਾਹ ਦੀ ਮੌਤ** ਅਤੇ **ਤੀਜੀ ਪੀੜ੍ਹੀ, ਲੰਡਨ ਰੋਡ** ਤੇ **ਗਰੀਨ ਕਾਰਡ** ਵਿਚ ਇਹ ਪਰਵਾਸੀ ਅਨੁਭਵ ਆਪਣੇ ਵੱਖੋ-ਵੱਖਰੇ ਸੰਦਰਭਾਂ ਤੇ ਪਰਿਪੇਖਾਂ ਵਿਚ ਪ੍ਰਸਤੁਤ ਕੀਤਾ ਗਿਆ ਮਿਲਦਾ ਹੈ।

ਮੇਵਾ ਸਿੰਘ ਲੋਪੋਕੇ ਅਤੇ **ਸਿੰਘ ਸਾਹਿਬ ਦੀ ਸ਼ਹਾਦਤ** ਨਾਵਲਾਂ ਦਾ ਵਿਸ਼ਾ-ਵਸਤੂ ਅਤੇ ਘਟਨਾ-ਸਥਲ ਨਿਰੋਲ ਕਨੇਡਾ ਨਾਲ ਸੰਬੰਧ ਰੱਖਦੇ ਹਨ। **ਹਰੀ ਸਿੰਘ ਉਸਮਾਨ** ਨਾਵਲ ਅਮਰੀਕਾ ਤੇ ਕਨੇਡਾ ਵਿਚ ਉਤਪੰਨ ਹੋਈ ਗ਼ਦਰ ਲਹਿਰ ਨਾਲ ਸੰਬੰਧਤ ਹੈ। ਇਸ ਕਰਕੇ ਉਸਦੇ **ਮੇਵਾ ਸਿੰਘ ਲੋਪੋਕੇ** ਅਤੇ **ਸਿੰਘ ਸਾਹਿਬ ਦੀ ਸ਼ਹਾਦਤ**, ਦੋਵਾਂ ਨਾਵਲਾਂ ਨੂੰ ਕਨੇਡੀਅਨ ਪੰਜਾਬੀ ਨਾਵਲ ਕਹਿਣਾ ਉਚਿਤ ਪ੍ਰਤੀਤ ਹੁੰਦਾ ਹੈ।

ਵਾਰੇਸ਼ਾਹ ਦੀ ਮੌਤ ਅਤੇ **ਤੀਜੀ ਪੀੜ੍ਹੀ, ਲੰਡਨ ਰੋਡ** ਤੇ **ਗਰੀਨ ਕਾਰਡ**

ਇਨ੍ਹਾਂ ਚੌਹਾਂ ਨਾਵਲਾਂ ਵਿਚ ਲੇਖਕ ਨੇ ਕ੍ਰਮਵਾਰ ਬਰਤਾਨੀਆਂ ਅਤੇ ਅਮਰੀਕਾ ਵਿਚ ਵਸਦੇ ਪੰਜਾਬੀ ਸਮੁਦਾਇ ਦੇ ਪ੍ਰਵਾਸੀ ਅਨੁਭਵ ਨੂੰ, ਉਨ੍ਹਾਂ ਦੀਆਂ ਆਰਥਿਕ, ਸਮਾਜਿਕ ਤੇ ਸੰਸਕ੍ਰਿਤਕ ਸਥਿਤੀਆਂ-ਪਰਿਸਥਿਤੀਆਂ ਵਿਚ ਰੱਖ ਕੇ ਚਿਤਰਿਤ ਕੀਤਾ ਗਿਆ ਹੈ। ਪਰਵਾਸੀ ਪੰਜਾਬੀ ਸਮੁਦਾਇ ਨੂੰ ਵਰਤਮਾਨ ਸਮੇਂ ਵਿਚ ਕਿਹੜੀਆਂ-ਕਿਹੜੀਆਂ ਪਰਿਸਥਿਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਉਹ ਨਿੱਤ ਨਵੀਆਂ ਉਠ ਰਹੀਆਂ ਸਮੱਸਿਆਵਾਂ ਨਾਲ ਕਿਵੇਂ ਨਜਿੱਠ ਰਹੇ ਹਨ ਅਤੇ ਇਸ ਇਤਿਹਾਸਕ-ਸੰਸਕ੍ਰਿਤਕ ਰੂਪਾਂਤਰਨ ਦੀ ਪ੍ਰਕ੍ਰਿਆ ਅਧੀਨ, ਆਪਣੀ ਬੋਲੀ ਤੇ ਸੰਸਕ੍ਰਿਤੀ ਨੂੰ ਕਾਇਮ ਰੱਖ ਸਕਦੇ ਹਨ ਜਾਂ ਨਹੀਂ, ਆਦਿ ਪ੍ਰਸ਼ਨ, ਇਨ੍ਹਾਂ ਨਾਵਲਾਂ ਵਿਚ ਪੇਸ਼ ਕੀਤੇ ਗਏ ਹਨ।

ਸਮੁੱਚੇ ਪੰਜਾਬੀ ਪਰਵਾਸੀ ਸਾਹਿਤ ਵਿਚ, ਗਿਆਨੀ ਕੇਸਰ ਸਿੰਘ ਦਾ ਯੋਗਦਾਨ ਬੜਾ ਵੱਡਮੁੱਲਾ ਹੈ, ਜਿਸਨੇ ਪਰਵਾਸੀ ਸਾਹਿਤ ਦੀ ਹਰੇਕ ਵੰਨਗੀ ਉਤੇ ਆਪਣਾ ਹੱਥ ਅਜ਼ਮਾਇਆ ਹੈ। ਗਲਪ-ਸਾਹਿਤ ਤਾਂ ਨਿਰਸੰਦੇਹ ਉਸਦੀ ਬਹੁਤ ਵੱਡੀ ਪ੍ਰਾਪਤੀ ਮੰਨੀ ਜਾ ਸਕਦੀ ਹੈ, ਜਿਸ ਉਤੇ ਪ੍ਰਵਾਸੀ ਪੰਜਾਬੀ ਸਾਹਿਤ ਨੂੰ ਬਹੁਤ ਵੱਡਾ ਮਾਣ ਹਾਸਲ ਕਰਨ ਦਾ ਸੁਭਾਗ ਪ੍ਰਾਪਤ ਹੈ।

ਬਾਬਾ ਹਰੀ ਸਿੰਘ ਉਸਮਾਨ (1975)

ਬਾਬਾ ਹਰੀ ਸਿੰਘ ਉਸਮਾਨ ਗਿਆਨੀ ਕੇਸਰ ਸਿੰਘ ਦਾ ਉੱਤਰੀ ਅਮਰੀਕਾ ਮਹਾਂਦੀਪ 'ਚ ਵਸਦੇ ਭਾਰਤੀ/ਪੰਜਾਬੀ ਪਰਵਾਸੀਆਂ ਬਾਰੇ ਇਹ ਪ੍ਰਥਮ ਨਾਵਲ ਹੈ। ਇਸ ਰਚਨਾ ਦਾ ਕਥਾਨਕ ਇਕ ਅਜਿਹੇ ਪ੍ਰਸਿੱਧ ਗ਼ਦਰੀ ਕਾਰਕੁਨ ਦੁਆਲੇ ਸਿਰਜਿਆ ਗਿਆ ਹੈ ਜਿਹੜਾ ਹੋਰ ਹਜ਼ਾਰਾਂ ਭਾਰਤੀ ਪੰਜਾਬੀਆਂ ਵਾਂਗ ਪਰਿਵਾਰ ਦੇ ਆਰਥਿਕ ਸਰੋਤਾਂ ਦੇ ਨਾ-ਮਾਤਰ ਹੋਣ ਕਰਕੇ ਆਪਣੀ ਰੋਟੀ-ਰੋਜ਼ੀ ਦੀ ਭਾਲ ਵਿਚ ਵਿਦੇਸ਼ਾਂ ਨੂੰ ਚੱਲ ਪਏ ਸਨ। ਇਸ ਰਚਨਾ ਦਾ ਮੁਖ-ਪਾਤਰ ਹਰੀ ਸਿੰਘ ਵੀ 'ਜੋਰ ਵੇਚ। ਧਰ ਗਹਿਣੇ ਪਾਈ। ਬਿਸਤਰਾ ਮੋਢੇ ਸੁੱਟਿਆ' ਆਪਣੇ ਮਾਮੂ ਦੀ ਰਹਿਨੁਮਾਈ ਹੇਠ ਸ਼ੰਘਾਈ ਪਹੁੰਚ ਜਾਂਦਾ ਹੈ। ਜਿਥੇ ਉਹ ਕੁਝ ਕੰਮ-ਧੰਦਾ ਕਰਕੇ, ਤੇ ਗੁਰਦਵਾਰੇ ਦੀ ਸੇਵਾ ਕਰਕੇ ਆਪਣੇ ਰੁਜ਼ਗਾਰ ਦਾ ਮਸਲਾ ਹੱਲ ਕਰਦਾ ਹੈ।

ਭਾਰਤੀ/ਪੰਜਾਬੀ ਲੋਕ 19ਵੀਂ ਸਦੀ ਦੇ ਅਖ਼ੀਰ ਵਿਚ ਆਪਣੀ ਰੋਟੀ-ਰੋਜ਼ੀ ਦਾ ਮਸਲਾ ਹੱਲ ਕਰਨ ਲਈ ਹਿੰਦ-ਚੀਨੀ ਦੇ ਦੇਸ਼ਾਂ ਵਿਚ ਪੁਲੀਸ ਤੇ ਫ਼ੌਜ ਵਿਚ, ਚੌਕੀਦਾਰੀ ਤੇ ਹੋਰ ਨਿੱਕੇ-ਮੋਟੇ ਧੰਦੇ ਕਰਨ ਲਈ ਜਾਣਾ ਸ਼ੁਰੂ ਕਰਦੇ ਹਨ। ਇਹ ਦੇਸ਼ ਵੀ ਅੰਗਰੇਜ਼ ਸਾਮਰਾਜ ਦੇ ਅਧੀਨ ਸਨ। ਅੰਗਰੇਜ਼ਾਂ ਨੂੰ ਇਨ੍ਹਾਂ ਬਸਤੀਆਂ ਵਿਚ ਪੰਜਾਬੀਆਂ/ਸਿੱਖਾਂ ਦੀ ਫ਼ੌਜ ਤੇ ਪੁਲੀਸ ਵਿਚ ਬਹੁਤ ਲੋੜ ਸੀ ਅਤੇ ਪੰਜਾਬੀਆਂ ਨੂੰ ਆਪਣੇ ਰੁਜ਼ਗਾਰ ਦੀ। ਇਸ ਕਰਕੇ ਭਾਰਤੀਆਂ ਦਾ ਇਨ੍ਹਾਂ ਦੇਸ਼ਾਂ ਵਿਚ ਪਰਵਾਸ ਹੋਣਾ ਸ਼ੁਰੂ ਹੁੰਦਾ ਹੈ।

ਹਰੀ ਸਿੰਘ ਸ਼ੰਘਾਈ ਤੋਂ ਉੱਤਰੀ ਅਮਰੀਕਾ ਪਹੁੰਚ ਜਾਂਦਾ ਹੈ।

ਇਸ ਨਾਵਲ ਦਾ ਕਥਾਨਕ ਅਮਰੀਕਾ ਅਤੇ ਕਨੇਡਾ ਦੋਵਾਂ ਸਥਾਨਾਂ ਨਾਲ ਸਾਂਝੇ ਰੂਪ ਵਿਚ ਜੁੜਿਆ ਹੋਇਆ ਹੈ। ਵਾਸਤਵ ਵਿਚ ਵੀਹਵੀਂ ਸਦੀ ਦੇ ਇਨ੍ਹਾਂ ਮੁਢਲੇ ਦਹਾਕਿਆਂ ਵਿਚ, ਅਮੇਰੀਕਾ ਤੇ ਕਨੇਡਾ ਦੇ ਆਪਸੀ ਸੰਬੰਧ ਗੂੜ੍ਹੀ ਮਿੱਤਰਤਾ ਵਾਲੇ ਹੋਣ ਕਰਕੇ, ਭਾਰਤੀ ਪਰਵਾਸੀ ਇਨ੍ਹਾਂ ਦੋਵਾਂ ਦੇਸ਼ਾਂ ਵਿਚ ਕੰਮ-ਧੰਦੇ ਲਈ ਇਕ-ਦੂਜੇ ਪਾਸ ਆਮ ਹੀ ਆਉਂਦੇ ਜਾਂਦੇ ਰਹਿੰਦੇ ਸਨ। ਭਾਰਤੀ ਪਰਵਾਸੀਆਂ ਦੀਆਂ ਜੀਵਨ-ਹਾਲਤਾਂ, ਰਹਿਣ-ਸਹਿਣ ਤੇ ਹੋਰ ਗਤਿਵਿਧੀਆਂ ਇਨ੍ਹਾਂ ਦੋਵਾਂ ਦੇਸ਼ਾਂ ਵਿਚ ਇਕੋ ਜਿਹੀਆਂ ਹੀ ਸਨ।

ਬਾਬਾ ਹਰੀ ਸਿੰਘ ਉਸਮਾਨ ਨਾਵਲ ਦਾ ਕਥਾਨਕ ਵੀਹਵੀਂ ਸਦੀ ਦੇ ਪ੍ਰਥਮ ਡੇਢ ਦਹਾਕੇ ਦੀ ਕਾਲ-ਅਵਧੀ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਇਨ੍ਹਾਂ ਮੁਢਲੇ ਦਹਾਕਿਆਂ ਵਿਚ, ਵੀਹਵੀਂ ਸਦੀ ਦੇ ਅਖ਼ੀਰਲੇ ਦਹਾਕਿਆਂ ਵਾਂਗ ਭਾਰਤੀ/ਪੰਜਾਬੀ ਪਰਵਾਸੀਆਂ ਦੀ ਗਿਣਤੀ ਉੱਤਰੀ ਅਮਰੀਕਾ ਵਿਚ ਬਹੁਤੀ

ਨਹੀਂ ਸੀ। ਵੀਹਵੀਂ ਸਦੀ ਦੇ ਅੱਧ ਤੋਂ ਵੀ ਜ਼ਿਆਦਾ ਅਵਧੀ ਤਕ, ਭਾਰਤੀ/ਪੰਜਾਬੀ ਪਰਵਾਸੀ ਇਕ ਸੀਮਤ ਗਿਣਤੀ ਵਿਚ ਹੋਣ ਕਰਕੇ, ਸਮਾਜਕ ਤੌਰ 'ਤੇ ਝੁੰਡਾਂ ਵਿਚ ਹੀ ਰਹਿੰਦੇ ਸਨ ਜਿਨ੍ਹਾਂ ਨੂੰ ਉਹ ਡੇਰੇ ਨਾਮ ਨਾਲ ਸੱਦਦੇ ਸਨ। ਹਰੀ ਸਿੰਘ ਵੀ ਸ਼ੰਘਾਈ ਤੋਂ ਜਾ ਕੇ ਉਨ੍ਹਾਂ ਦੇ ਇਕ ਡੇਰੇ ਵਿਚ ਸ਼ਾਮਲ ਹੋ ਜਾਂਦਾ ਹੈ ਤੇ ਇਉਂ ਉਹ ਉੱਤਰੀ ਅਮਰੀਕਾ ਵਿਚ ਭਾਰਤੀ/ਪੰਜਾਬੀ ਪਰਵਾਸੀਆਂ ਦਾ ਇਕ ਅੰਗ ਬਣ ਜਾਂਦਾ ਹੈ।

ਇਸ ਨਾਵਲ ਦੀ ਰੂਪ-ਰਚਨਾ ਵਿਚ ਬਿਰਤਾਂਤ ਦੋ ਪੱਧਰਾਂ ਉਤੇ ਕਾਰਜਸ਼ੀਲ ਹੁੰਦਾ ਹੈ। ਇਕ ਬਿਰਤਾਂਤ ਭਾਰਤੀ/ਪੰਜਾਬੀ ਪਰਵਾਸੀਆਂ ਦੇ ਉੱਤਰੀ ਅਮਰੀਕਾ ਵਿਚਲੀਆਂ ਜੀਵਨ-ਸਥਿਤੀਆਂ-ਪਰਿਸਥਿਤੀਆਂ ਵਿਚੋਂ ਉਤਪੰਨ ਹੋਇਆ, ਆਪਣੇ ਗ਼ੁਲਾਮ ਦੇਸ਼ ਨੂੰ ਆਜ਼ਾਦ ਕ਼ਰਾਉਣ ਹਿਤ, ਇਥੇ ਉਤਪੰਨ ਹੋਈ 'ਗ਼ਦਰ ਲਹਿਰ' ਤੇ 'ਗ਼ਦਰ ਪਾਰਟੀ' ਨਾਲ ਸੰਬੰਧਿਤ ਹੈ। ਇਹ ਦੋਵੇਂ ਇਤਿਹਾਸਕ ਬਿਰਤਾਂਤ ਭਾਰਤੀ/ਪੰਜਾਬੀ ਪਰਵਾਸੀਆਂ ਦੀ ਵਾਸਤਵਿਕ ਜ਼ਿੰਦਗੀ ਹਨ ਅਤੇ ਇਨ੍ਹਾਂ ਦਾ ਇਤਿਹਾਸਕ ਮਹੱਤਵ ਹੈ।

ਨਾਵਲ ਦਾ ਮੁੱਖ-ਪਾਤਰ ਜਿਉਂ ਹੀ ਇਥੋਂ ਦੇ ਇਕ ਡੇਰੇ ਵਿਚ ਪ੍ਰਵੇਸ਼ ਕਰਦਾ ਹੈ ਤਾਂ ਉਹ ਪਹਿਲੀ ਨਜ਼ਰੇ ਹੀ, ਇਥੋਂ ਦੇ ਪੰਜਾਬੀ ਪਰਵਾਸੀਆਂ ਦੀ ਜੀਵਨ-ਸ਼ੈਲੀ ਨੂੰ ਪਛਾਣ ਲੈਂਦਾ ਹੈ।

'ਇਕ ਲੰਮੀ ਰੱਸੀ ਇਕ ਸਿਰੇ ਤੋਂ ਦੂਸਰੇ ਸਿਰੇ ਤੱਕ ਬੱਧੀ ਹੋਈ ਸੀ। ਉਸ ਉਤੇ ਵੰਨ-ਸੁਵੰਨੇ ਕੱਛੇ, ਕਛਹਿਰੇ, ਲੰਗੋਟ ਤੇ ਨਿੱਕੇ ਮੋਟੇ ਤੌਲੀਏ ਵੇਖਕੇ ਉਸਦਾ ਹਾਸਾ ਨਿਕਲ ਗਿਆ... ਕਿੰਨੀਆਂ ਸਾਰੀਆਂ ਪਲੇਟਾਂ ਦਾ ਇਕ ਅੰਬਾਰ ਲੱਗਾ ਹੋਇਆ ਸੀ। ਇਹ ਪਲੇਟਾਂ ਕਿਸੇ ਸੁਚੱਜੇ ਹੱਥ ਨੇ ਧੋਤੀਆਂ ਜਾਪਦੀਆਂ ਸਨ। ਵੱਡੇ ਨਿੱਕੇ ਮੱਘ ਧੋ-ਧਾ ਕੇ ਇਕ ਅਲਮਾਰੀ ਜਿਹੀ ਵਿਚ ਰੱਖੇ ਹੋਏ ਸਨ। ਦੂਜੇ ਪਾਸੇ ਜੂਠੀਆਂ ਪਲੇਟਾਂ ਵਿਚ ਦਾਲ ਸੁਕ ਗਈ ਸੀ। ਜੂਠੇ ਚਮਚੇ ਵੀ ਪਏ ਸਨ। ਕਾਂਸੀ ਦਾ ਇਕ ਛੰਨਾ... ਆਟੇ ਦੀ ਤੌਣ ਦਾ ਅੰਦਾਜ਼ਾ ਲਾਂਦਿਆਂ ਉਸਨੇ ਸੋਚਿਆ ਕਿ ਪੰਦਰਾਂ-ਵੀਹ ਬੰਦੇ ਜ਼ਰੂਰ ਰਹਿੰਦੇ ਹੋਣਗੇ ਇਸ ਡੇਰੇ ਵਿਚ।' (ਪੰਨੇ 18-20)

ਭਾਰਤੀ ਪਰਵਾਸੀ ਜਿਨ੍ਹਾਂ ਸ਼ਹਿਰਾਂ ਅਤੇ ਕਸਬਿਆਂ ਵਿਚ ਉਨ੍ਹਾਂ ਨੂੰ ਕੰਮ ਮਿਲਦਾ ਅਜਿਹੇ ਡੇਰੇ ਲਾ ਲੈਂਦੇ। ਇਸ ਤਰ੍ਹਾਂ ਡੇਰੇ ਲਾਉਣ ਦੇ ਕਈ ਕਾਰਨ ਸਨ। ਇਹ ਕਾਰਨ, ਸਮਾਜਿਕ-ਸਭਿਆਚਾਰਕ ਤੇ ਰਾਜਨੀਤਕ-ਆਰਥਿਕ ਸਨ। ਸਮਾਜਕ ਤੌਰ 'ਤੇ ਸਥਾਨਕ ਗੋਰੇ ਲੋਕ ਏਸ਼ੀਆਈ ਲੋਕਾਂ ਨੂੰ ਪਸੰਦ ਨਹੀਂ ਸਨ ਕਰਦੇ, ਸਗੋਂ ਉਨ੍ਹਾਂ ਦੇ ਦਿਲਾਂ ਵਿਚ ਇਨ੍ਹਾਂ ਲੋਕਾਂ ਪ੍ਰਤਿ ਤਿਰਸਕਾਰ ਦੀ ਭਾਵਨਾ ਵਧੇਰੇ ਸੀ। ਪਰਵਾਸੀਆਂ ਦਾ ਇਉਂ ਇਕੱਠੇ ਰਹਿਣਾ, ਉਨ੍ਹਾਂ ਲਈ ਆਰਥਿਕ ਤੌਰ 'ਤੇ ਸਸਤਾ

ਪੈਂਦਾ ਸੀ। ਇਨ੍ਹਾਂ ਮੁਢਲੇ ਸਮਿਆਂ ਵਿਚ ਵੀ ਕੰਮਾਂ ਧੰਦਿਆਂ ਦਾ ਹਾਲ ਇਹੋ ਜਿਹਾ ਹੀ ਸੀ। ਕਿਸੇ ਦਾ ਕੰਮ ਛੁੱਟ ਜਾਂਦਾ ਸੀ, ਕਿਸੇ ਦਾ ਲੱਗ ਜਾਂਦਾ ਸੀ ਆਰਥਿਕ ਪੱਖੋਂ ਇਹ ਲੋਕ ਸਾਵੇਂ ਹੀ ਰਹਿੰਦੇ ਸਨ। ਕੋਈ ਨਾ ਕੋਈ ਨਵਾਂ ਵਿਅਕਤੀ, ਦੁਨੀਆਂ ਦੇ ਕਿਸੇ ਕੋਨੇ ਤੋਂ ਉੱਤਰੀ ਅਮਰੀਕਾ ਮਹਾਂਦੀਪ ਵਿਚ ਵੜਦਾ ਰਹਿੰਦਾ ਸੀ। ਅਜਿਹੇ ਨਵੇਂ ਤੇ ਅਜਨਬੀ ਪਰਵਾਸੀ ਨੂੰ ਇਹ ਡੇਰੇ ਹੀ ਸੰਭਾਲਦੇ ਸਨ। ਜਿਹੜੇ ਅਧਿਕਤਰ ਇਨ੍ਹਾਂ ਲੋਕਾਂ ਦੇ ਇਲਾਕਾਈ ਪੇਂਡੂ ਹੀ ਹੁੰਦੇ ਸਨ। ਜਿੰਨਾਂ ਚਿਰ ਨਵੇਂ ਆਏ ਵਿਅਕਤੀ ਨੂੰ ਕੋਈ ਕੁੰਮ-ਧੰਦਾ ਨਾ ਮਿਲਦਾ ਤਾਂ ਉਹ ਨਿਸ਼ਚਿੰਤ ਹੋ ਕੇ ਇਨ੍ਹਾਂ ਡੇਰਿਆਂ ਵਿਚ ਵਾਸ ਕਰਦਾ। ਇਸ ਤਰ੍ਹਾਂ ਪਰਵਾਸੀਆਂ ਦੇ ਇਹ ਡੇਰੇ ਨਵੇਂ-ਪੁਰਾਣੇ ਪਰਵਾਸੀਆਂ ਦੀਆਂ ਆਰਥਿਕ ਸਮੱਸਿਆਵਾਂ ਨੂੰ ਸੁਲਝਾਉਂਦੇ ਹੋਏ ਇਕ ਤਵਾਜ਼ਨ ਬਣਾਈ ਰੱਖਦੇ।

ਸਭਿਆਚਾਰਕ ਪੱਖੋਂ ਇਨ੍ਹਾਂ ਡੇਰਿਆਂ ਦੀ ਅਨਿਵਾਰਤਾ ਜ਼ਰੂਰੀ ਸੀ। ਪ੍ਰਥਮ ਲੋਕ ਜਿਹੜੇ ਉੱਤਰੀ ਅਮਰੀਕਾ ਵਿਚ ਆਏ, ਉਨ੍ਹਾਂ ਵਿਚੋਂ ਕੁਝ ਕੁ ਨੂੰ ਛੱਡ ਕੇ, ਬਾਕੀ ਸਾਰੇ ਪੰਜਾਬ ਦੇ ਕਿਰਸਾਨੀ ਸਮੁਦਾਇ ਵਿਚੋਂ ਆਏ ਨਿਰੋਲ ਅਨਪੜ੍ਹ ਜਾਂ ਅੱਧ-ਪੜ੍ਹੇ ਲੋਕ ਸਨ, ਜਿਨ੍ਹਾਂ ਨੂੰ ਅੰਗਰੇਜ਼ੀ ਜ਼ੁਬਾਨ ਬੋਲਣੀ ਨਾ ਆਉਣ ਬਰਾਬਰ ਸੀ। ਅਜਿਹੇ ਲੋਕਾਂ ਦਾ ਸਥਾਨਕ ਸਭਿਆਚਾਰ ਵਿਚ ਘੁਲ-ਮਿਲ ਸਕਣਾ ਸੰਭਵ ਨਹੀਂ ਸੀ ਅਤੇ ਨਾ ਹੀ ਸਥਾਨਕ ਲੋਕ ਉਨ੍ਹਾਂ ਨੂੰ ਅਜਿਹੀ ਗੁੰਜਾਇਸ਼ ਹੀ ਦਿੰਦੇ ਸਨ। ਇਸ ਲਈ ਆਪਣੀ ਸਭਿਆਚਾਰਕ ਸਾਂਝ ਨੂੰ ਬਣਾਈ ਰੱਖਣ ਲਈ, ਇਨ੍ਹਾਂ ਲੋਕਾਂ ਦਾ ਡੇਰਿਆਂ ਵਿਚ ਇਕੱਠੇ ਰਹਿਣਾ ਇਕ ਸਭਿਆਚਾਰਕ ਲੋੜ ਸੀ, ਜਿਥੇ ਉਹ ਆਪਣੀਆਂ ਧਾਰਮਿਕ ਤੇ ਹੋਰ ਸਭਿਆਚਾਰਕ ਲੋੜਾਂ ਦੀ ਪੂਰਤੀ ਕਰ ਲੈਂਦੇ ਸਨ।

ਰਾਜਨੀਤਕ ਪੱਖੋਂ ਤੇ ਸਮਾਜਕ ਪੱਖੋਂ ਇਨ੍ਹਾਂ ਏਸ਼ੀਆਈ ਪਰਵਾਸੀਆਂ ਨਾਲ ਨਸਲੀ ਵਿਤਕਰਾ ਬਹੁਤ ਕੀਤਾ ਜਾਂਦਾ ਸੀ। ਨਸਲੀ ਵਿਤਕਰਾ ਤਾਂ ਇਨ੍ਹਾਂ ਪਰਵਾਸੀਆਂ ਨਾਲ ਹਰ ਪੱਧਰ 'ਤੇ ਕੀਤਾ ਜਾਂਦਾ ਸੀ। ਇਨ੍ਹਾਂ ਸਾਰੇ ਏਸ਼ੀਆਈ-ਚੀਨੀ, ਜਾਪਾਨੀ ਤੇ ਹਿੰਦੀ-ਪਰਵਾਸੀਆਂ ਦੀ ਵਸਤੂ-ਸਥਿਤੀ ਹੀ ਅਜੇਹੀ ਹੀ ਕਿ ਉਹ ਇਸ ਨਸਲੀ ਵਿਤਕਰੇ ਨੂੰ ਬੜੇ ਜਿਗਰੇ ਨਾਲ ਜਰਨ ਤੋਂ ਸਿਵਾਏ ਹੋਰ ਕੁਝ ਨਹੀਂ ਸਨ ਕਰ ਸਕਦੇ। ਕੰਮ ਦੀਆਂ ਥਾਵਾਂ ਉਤੇ ਅਤੇ ਸ਼ਹਿਰਾਂ ਦੀਆਂ ਜਨਤਕ ਥਾਵਾਂ ਉਤੇ ਸਥਾਨਕ ਗੋਰੇ ਉਨ੍ਹਾਂ ਉਤੇ ਅਕਸਰ ਹੀ ਬੇ-ਬਜ਼ਾ ਹਮਲੇ ਕਰਦੇ ਰਹਿੰਦੇ ਸਨ। ਇਨ੍ਹਾਂ ਵਿਕਟ ਸਥਿਤੀਆਂ ਦੇ ਬਚਾਓ ਲਈ ਉਨ੍ਹਾਂ ਦਾ ਇਕੱਠਾ ਰਹਿਣਾ ਸੁਰੱਖਿਆ ਪੱਖੋਂ ਜ਼ਰੂਰੀ ਸੀ।

ਨਾਵਲ ਦੀ ਰੂਪ-ਰਚਨਾ ਉਪਰੋਕਤ ਸਮੱਸਿਆਵਾਂ ਨਾਲ ਸੰਬੰਧਿਤ

ਬਿਰਤਾਂਤਕ ਵੇਰਵਿਆਂ ਦੁਆਲੇ ਹੀ ਸਿਰਜੀ ਗਈ ਹੈ।

ਭਾਰਤੀਆਂ ਨੂੰ ਵਿਦੇਸ਼ਾਂ ਵਿਚ ਆ ਕੇ ਬਹੁਤ ਸਖ਼ਤ ਕੰਮ ਕਰਨਾ ਪਿਆ ਹੈ। ਪੰਜਾਬੀ ਲੋਕ ਜੁੱਸੇ ਪੱਖੋਂ ਬਲਸ਼ਾਲੀ ਤੇ ਮਨੋਂ ਤਗੜੇ ਹੋਣ ਕਰਕੇ ਅਜਿਹੇ ਸਖ਼ਤ ਤੇ ਭਾਰੇ ਕੰਮਾਂ ਨੂੰ ਕਰਨ ਵਾਸਤੇ ਪੇਸ਼-ਪੇਸ਼ ਸਨ। 'ਵੱਡੇ ਵੱਡੇ ਰੱਸੇ ਪਾ ਕੇ ਗਾਡਰ ਚੁੱਕਣ, ਸਲੀਪਰ ਵਿਛਾਉਣ, ਲੋਹੇ ਦੇ ਕਿੱਲੇ ਵਦਾਨਾਂ ਨਾਲ ਗੱਡਣ, ਰੋੜੀ ਪਾਉਣ, ਕਹੀਆਂ ਤੇ ਬੇਲਚਿਆਂ ਨਾਲ ਰੇਲ-ਪਟੜੀ ਵਾਲੀ ਥਾਂ ਪੱਧਰੀ ਕਰਨ ਤੇ ਹੋਰ ਅਜਿਹੇ ਨਿੱਕੇ-ਮੋਟੇ ਕੰਮ ਕਰਨ ਲਈ ਸੈਂਕੜੇ ਮਜ਼ਦੂਰ ਲੱਗੇ ਹੋਏ ਸਨ।' ਇਹ ਸਖ਼ਤ ਤੇ ਭਾਰੇ ਕੰਮ ਪੂਰੀ ਠੰਢ ਵਿਚ ਕੀਤੇ ਜਾਂਦੇ ਸਨ। ਮਜ਼ਦੂਰਾਂ ਦੇ ਏਨੇ ਸਖ਼ਤ ਕੰਮ ਕਰਨ ਤੋਂ ਬਾਅਦ, ਉਨ੍ਹਾਂ ਦੀਆਂ ਜੀਵਨ-ਹਾਲਤਾਂ ਏਨੀਆਂ ਖ਼ਸਤਾ ਸਨ ਕਿ ਉਹ ਕੰਮ ਉਤੇ ਠੰਢੇ ਪਰੌਂਠੇ ਤੇ ਬਰਫ਼ ਵਰਗੀ ਠੰਡੀ ਸਬਜ਼ੀ ਖਾਣ ਲਈ ਮਜ਼ਬੂਰ ਹੁੰਦੇ ਸਨ। ਕੰਮ ਦੀ ਥਾਂ ਉਨ੍ਹਾਂ ਦੇ ਡੇਰਿਆਂ ਤੋਂ ਦੂਰ ਹੁੰਦੀ ਸੀ ਅਤੇ ਕੰਮ-ਸਮਾਂ ਵੀ ਦਸਾਂ ਘੰਟਿਆਂ ਤੋਂ ਲੈ ਕੇ ਬਾਰਾਂ-ਚੌਦਾਂ ਘੰਟਿਆਂ ਤੱਕ, ਘੱਟੋ-ਘੱਟ ਹੁੰਦਾ ਸੀ। 'ਅਜੇ ਉਹ ਡੇਰਿਓਂ ਦੋ ਢਾਈ ਮੀਲ ਉਤੇ ਹੋਣਗੇ ਕਿ ਬਰਫ਼ ਪੈਣੀ ਸ਼ੁਰੂ ਹੋ ਗਈ। ਪੰਝੀ ਤੀਹ ਹਿੰਦੀ ਮਜ਼ਦੂਰ ਇਕ ਦੂਜੇ ਦੇ ਪਿੱਛੇ ਤੁਰੇ ਜਾ ਰਹੇ ਸਨ। ਹਨੇਰਾ ਹੁੰਦਿਆਂ ਉਹ ਕੰਮ ਨੂੰ ਤੁਰੇ ਸਨ ਤੇ ਹਨੇਰੇ ਵਿਚ ਹੀ ਉਹ ਠਰੂੰ-ਠਰੂੰ ਕਰਦੇ ਡੇਰੇ ਵਲ ਮੁੜ ਰਹੇ ਸਨ।' ਡੇਰੇ ਵਿਚ ਰੋਟੀ-ਪਾਣੀ ਤੇ ਹੋਰ ਨਿਕੇ ਮੋਟੇ ਕੰਮਾਂ ਲਈ ਵਾਰੀ ਸਿਰ ਇਕ-ਦੋ ਮਜ਼ਦੂਰਾਂ ਨੂੰ ਇਹ ਡਿਊਟੀ ਦੇਣੀ ਪੈਂਦੀ ਸੀ। ਇਸ ਤਰ੍ਹਾਂ ਮਿਲ-ਮਿਲਾਕੇ ਇਹ ਲੋਕ ਆਪਣਾ ਜੀਵਨ-ਬਸਰ ਕਰਦੇ ਸਨ।

ਭਾਰਤੀ ਮਜ਼ਦੂਰਾਂ ਲਈ ਸਭ ਤੋਂ ਵੱਡੀ ਸਮੱਸਿਆ ਤਾਂ ਨਸਲੀ ਵਿਤਕਰੇ ਦੇ ਆਧਾਰ 'ਤੇ ਕੰਮਾਂ ਉਤੇ ਅਤੇ ਆਮ ਸਮਾਜਕ ਜੀਵਨ ਵਿਚ ਹੁੰਦੇ ਭੇਦ-ਭਾਵ ਦੀ ਸੀ। ਗੋਰੇ ਮਜ਼ਦੂਰ, ਏਸ਼ੀਆਈ ਮਜ਼ਦੂਰਾਂ ਨੂੰ ਆਪਣੀਆਂ ਯੂਨੀਅਨਾਂ ਵਿਚ ਸ਼ਾਮਲ ਨਹੀਂ ਸਨ ਕਰਦੇ ਅਤੇ ਉਨ੍ਹਾਂ ਪ੍ਰਤਿ ਆਪਣੀ ਨਫ਼ਰਤ ਜ਼ਾਹਰ ਕਰਦੇ ਸਨ। ਸਥਾਨਕ ਗੋਰੀ ਮਜ਼ਦੂਰ ਜਮਾਤ, ਆਪਣੀ ਸ਼ੁੱਧ ਸਮਾਜਕ ਸਥਿਤੀ ਤੋਂ ਚੇਤਨ ਨਹੀਂ ਸੀ ਅਤੇ ਨਾ ਹੀ ਉਸਨੂੰ ਪੂੰਜੀਵਾਦੀ ਵਿਵਸਥਾ ਬਾਰੇ ਬਹੁਤਾ ਗਿਆਨ ਸੀ, ਜਿਹੜੀ ਵਿਵਸਥਾ ਉਸਨੂੰ ਹਮੇਸ਼ਾ ਮਜ਼ਦੂਰ ਰਖੀ ਆ ਰਹੀ ਸੀ। ਇਸ ਸ਼ੁੱਧ ਚੇਤਨਾ ਦੇ ਅਭਾਵ ਵਿਚ ਉਹ ਇਸ ਵਿਵਸਥਾ ਨੂੰ ਦੁਸ਼ਮਣ ਸਮਝਣ ਦੀ ਬਜਾਇ ਪਰਵਾਸੀ ਮਜ਼ਦੂਰਾਂ ਨੂੰ ਹੀ ਆਪਣਾ ਦੁਸ਼ਮਣ ਸਮਝ ਰਹੇ ਸਨ। ਇਹ ਗੋਰੀ ਮਜ਼ਦੂਰ ਜਮਾਤ ਵਾਪਰ ਰਹੇ ਇਤਿਹਾਸਕ ਵਰਤਾਰੇ ਨੂੰ ਸਮਝਣ ਤੋਂ ਅਸਮਰੱਥ ਸੀ। 'ਚੀਨੀ, ਜਾਪਾਨੀ ਤੇ ਹਿੰਦੀ ਮਜ਼ਦੂਰ ਧੜਾ-ਧੜ, ਕਨੇਡਾ, ਅਮਰੀਕਾ ਤੇ ਮੈਕਸੀਕੋ ਦੀਆਂ ਬੰਦਰਗਾਹਾਂ ਉਤੇ ਉਤਰ ਰਹੇ ਸਨ। ਸਰਕਾਰੀ ਤੇ ਆਮ ਜਨਤਾ ਦੀ ਮੁਖ਼ਾਲਫ਼ਤ

ਹੁੰਦਿਆਂ ਵੀ, ਰੇਲਵੇ ਲਾਈਨ ਵਿਛਾਉਣ ਤੇ ਮਿੱਲਾਂ ਦੇ ਮਾਲਕ, ਏਸ਼ੀਆਈ ਮਜ਼ਦੂਰ ਭਰਤੀ ਕਰਕੇ ਅਮਰੀਕਾ ਅਤੇ ਕਨੇਡਾ ਨੂੰ ਲਿਆ ਰਹੇ ਸਨ। ਗੋਰਿਆਂ ਨਾਲੋਂ ਹਿੰਦੀਆਂ ਨੂੰ ਘੱਟ ਮਜ਼ਦੂਰੀ ਦੇਂਦੇ ਸਨ। ਹਿੰਦੀਆਂ ਨਾਲੋਂ ਵੀ ਘੱਟ ਮਜ਼ਦੂਰੀ ਮਿਲਦੀ ਸੀ ਚੀਨੀਆਂ ਤੇ ਜਾਪਾਨੀਆਂ ਨੂੰ। ਮਿੱਲ ਮਾਲਕ ਜਾਣਦੇ ਸਨ ਕਿ ਏਸ਼ੀਆਈ ਮਜ਼ਦੂਰ ਮਨ ਲਾ ਕੇ ਕੰਮ ਕਰਦੇ ਹਨ ਤੇ ਉਨ੍ਹਾਂ ਦੇ ਹੜਤਾਲ ਕਰਨ ਦਾ ਸੁਆਲ ਹੀ ਨਹੀਂ ਪੈਦਾ ਹੁੰਦਾ। ਦੂਜੇ ਪਾਸੇ ਗੋਰੇ ਮਜ਼ਦੂਰ ਕੰਮ ਵੀ ਘੱਟ ਕਰਦੇ ਸਨ, ਮਜ਼ਦੂਰੀ ਵੀ ਜ਼ਿਆਦਾ ਮੰਗਦੇ ਸਨ ਤੇ ਹਰ ਵੇਲੇ ਹੜਤਾਲ ਕਰਨ ਦਾ ਡਰ ਵੀ ਬਣਾਈ ਰੱਖਦੇ ਸਨ।'

ਜੇਕਰ ਸਥਾਨਕ ਮਜ਼ਦੂਰ ਸ਼੍ਰੇਣੀ, ਏਸ਼ੀਆਈ ਮਜ਼ਦੂਰਾਂ ਨੂੰ ਵੀ ਆਪਣੇ ਨਸਲੀ ਵਿਤਕਰੇ ਦੇ ਪੂਰਵਾਗ੍ਰਹਿ ਤੋਂ ਮੁਕਤ ਹੋ ਕੇ, ਆਪਣੇ ਭਰਾਵਾਂ ਵਾਂਗ ਸਮਝਦੀ ਅਤੇ ਇਨ੍ਹਾਂ ਮਜ਼ਦੂਰਾਂ ਨੂੰ ਦਿੱਤੀ ਜਾਂਦੀ ਘੱਟ ਉਜਰਤ ਬਾਰੇ ਜਥੇਬੰਦਕ ਤੌਰ 'ਤੇ ਜੱਦੋ-ਜਹਿਦ ਕਰਦੀ ਤਾਂ ਸਮੁੱਚੀ ਮਜ਼ਦੂਰ ਸ਼੍ਰੇਣੀ ਦੀ ਤਾਕਤ ਕਈ ਗੁਣਾ ਵਧਦੀ, ਜਿਸ ਦੇ ਜ਼ੋਰ ਉਤੇ ਉਹ ਸਾਰੇ ਮਜ਼ਦੂਰਾਂ ਲਈ ਚੰਗੀ ਉਜਰਤ ਦੀ ਵਿਵਸਥਾ ਕਰ ਸਕਦੀ ਸੀ। ਪਰ ਕੋਈ ਵੀ ਪੂੰਜੀਵਾਦੀ ਵਿਵਸਥਾ ਆਪਣੇ ਮਜ਼ਦੂਰਾਂ ਨੂੰ ਏਨੀ ਚੇਤਨਤਾ ਨਹੀਂ ਆਉਣ ਦਿੰਦੀ। ਪੂੰਜੀਵਾਦ ਦਾ ਸਾਰ-ਤੱਤ ਉਸਦਾ ਮੁਨਾਫ਼ਾ ਹੈ ਤੇ ਇਸ ਮੁਨਾਫ਼ੇ ਦੀ ਦਰ ਨੂੰ ਵਧਾਉਣ ਵਿਚ ਉਸ ਲਈ ਹਰ ਕਰਮ ਨੈਤਿਕ ਤੇ ਪਵਿੱਤਰ ਹੁੰਦਾ ਹੈ।

ਇਸ ਸ਼੍ਰੇਣਿਕ ਚੇਤੰਨਤਾ ਦੀ ਅਣਹੋਂਦ ਵਿਚ ਸਥਾਨਕ ਗੋਰੇ ਮਜ਼ਦੂਰ ਏਸ਼ੀਆਈ ਮਜ਼ਦੂਰਾਂ ਉਤੇ ਨਿਰੰਤਰ ਹੱਲੇ ਬੋਲਦੇ ਰਹਿੰਦੇ। ਉਨ੍ਹਾਂ ਦੇ ਇਹੋ ਜਿਹੇ ਸਲੂਕ ਦੇ ਪ੍ਰਤਿਕਰਮ ਵਜੋਂ ਹੀ ਭਾਰਤੀ ਮਜ਼ਦੂਰ ਗੋਰੇ ਮਜ਼ਦੂਰਾਂ ਦੀ ਹੜਤਾਲ ਵੇਲੇ ਕੰਮ 'ਤੇ ਚਲੇ ਜਾਂਦੇ ਸਨ, ਜਿਸ ਕਰਕੇ ਇਹ ਫਸਾਦ ਹੋਰ ਵੀ ਵਧੇਰੇ ਭੜਕ ਉਠਦੇ ਸਨ। ਇਨ੍ਹਾਂ ਹੁੰਦੇ ਫਸਾਦਾਂ ਤੋਂ ਤੰਗ ਆ ਕੇ ਅਤੇ ਸ਼ਹਿਰ ਵਿਚ ਜਨਤਕ ਥਾਵਾਂ 'ਤੇ ਹੋ ਰਹੀਆਂ ਨਿਰੰਤਰ ਬੇਇੱਜ਼ਤੀਆਂ ਸਦਕਾ, ਭਾਰਤੀ ਮਜ਼ਦੂਰਾਂ ਵਿਚ ਵੀ ਆਪਣੇ ਆਪ ਨੂੰ ਕਿਸੇ ਸੰਗਠਨ ਵਿਚ ਬੱਝਣ ਦੀ ਸਖ਼ਤ ਲੋੜ ਅਨੁਭਵ ਹੋਈ। ਉਨ੍ਹਾਂ ਨੇ ਦਰਪੇਸ਼ ਔਕੜਾਂ ਤੇ ਸਮੱਸਿਆਵਾਂ ਬਾਰੇ ਵਿਚਾਰ ਕਰਨ ਲਈ ਦੂਸਰੇ ਡੇਰਿਆਂ ਨਾਲ ਸੰਪਰਕ ਕੀਤਾ ਅਤੇ ਇਕ ਥਾਂ ਇਕੱਤਰ ਹੋ ਕੇ ਉਨ੍ਹਾਂ ਦੀ ਸਾਂਝੀ ਰਾਇ ਵਿਚੋਂ ਕੁਝ ਗੱਲਾਂ ਨਿਤਰਕੇ ਸਾਹਮਣੇ ਆਈਆਂ। ਪ੍ਰਥਮ ਤੇ ਪ੍ਰਮੁੱਖ ਇਹ ਕਿ ਮਜ਼ਦੂਰਾਂ ਦੀ 'ਮਜ਼ਦੂਰ ਜਥੇਬੰਦੀ' ਉਸਾਰੀ ਜਾਵੇ ਤੇ ਦੂਜਾ, ਵੱਖੋ-ਵੱਖਰੀਆਂ ਮਿੱਲਾਂ ਤੇ ਡੇਰਿਆਂ ਦੇ ਬੰਦੇ ਲੈ ਕੇ ਇਕ 'ਤਾਲਮੇਲ ਕਮੇਟੀ' ਬਣਾਈ ਜਾਵੇ।

ਇਸ ਤਰ੍ਹਾਂ ਭਾਰਤੀ/ਪੰਜਾਬੀ ਲੋਕ ਜਿਹੜੇ ਅਮਰੀਕਾ ਮਹਾਂ-ਦੀਪ ਵਿਚ

ਕਿਰਤ ਕਰਨ ਗਏ, ਉਹ ਕਿਰਤ ਲੋਕਾਂ ਦੀਆਂ ਵਿਦੇਸ਼ੀ ਸਮੱਸਿਆਵਾਂ ਤੋਂ ਅਵਗਤ ਹੋਏ ਅਤੇ ਆਪਣੀ ਇਸ ਕਿਰਤ-ਪ੍ਰਕ੍ਰਿਆ ਦੌਰਾਨ, ਆਪਣੇ-ਆਪ ਨੂੰ ਮਜ਼ਦੂਰ ਸ਼੍ਰੇਣੀ ਵਿਚ ਗਿਣਦੇ ਹੋਏ, ਆਪਣੇ ਹੱਕਾਂ ਤੇ ਸੁਰੱਖਿਅਤਾ ਦੀ ਪੂਰਤੀ ਲਈ ਜਥੇਬੰਦ ਹੋਏ। ਇਕ ਪਾਸੇ ਉਹ ਬਤੌਰ ਇਕ ਹਿੰਦੋਸਤਾਨੀ/ਪੰਜਾਬੀ ਸਮੁਦਾਇ ਦੇ ਸੰਗਠਤ ਹੋਏ ਅਤੇ ਦੂਜੇ ਪਾਸੇ ਬਤੌਰ ਇਕ ਮਜ਼ਦੂਰ ਸ਼੍ਰੇਣੀ ਦੇ ਜਥੇਬੰਦ ਹੋਏ। ਭਾਰਤੀ ਮਜ਼ਦੂਰਾਂ ਨੂੰ ਇਕੱਤਰ ਕਰਨ ਅਤੇ ਜਥੇਬੰਦੀ ਵਿਚ ਬੰਨ੍ਹਣ ਲਈ, ਭਾਰਤ ਵਿਚੋਂ ਗਏ ਉਹ ਕ੍ਰਾਂਤੀਕਾਰੀ ਚੇਤਨਾ ਵਾਲੇ ਵਿਅਕਤੀ ਸਨ, ਜਿਹੜੇ ਭਾਰਤ ਨੂੰ ਗ਼ੁਲਾਮੀ ਦੀਆਂ ਜੰਜ਼ੀਰਾਂ ਤੋਂ ਮੁਕਤ ਕਰਨ ਲਈ ਵਚਨਬੱਧ ਸਨ।

ਦਿਲਚਸਪ ਗੱਲ ਇਹ ਹੈ ਕਿ "ਸਰਕਾਰੀ ਕਰਮਚਾਰੀ ਫਸਾਦ ਰੋਕਣ ਦੀ ਥਾਂ ਫਸਾਦੀਆਂ ਨੂੰ ਹੋਰ ਹੱਲਾ-ਸ਼ੇਰੀ ਦੇ ਰਹੇ ਸਨ। ਅਖ਼ਬਾਰ ਹਿੰਦੀ, ਚੀਨੀ ਤੇ ਜਪਾਨੀ ਮਜ਼ਦੂਰਾਂ ਦੇ ਕੈਨੇਡਾ ਵਿਚ ਦਾਖ਼ਲੇ ਉਤੇ ਪੂਰੀ ਪਾਬੰਦੀ ਲਾਉਣ ਲਈ ਜ਼ੋਰ ਦੇ ਰਹੇ ਸਨ। ਉਧਰ ਹਿੰਦੋਸਤਾਨ ਦੀ ਬਦੇਸ਼ੀ ਸਰਕਾਰ ਅਮਰੀਕਾ ਜਾਂ ਕੈਨੇਡਾ ਵੱਲ ਤੁਰਨ ਵਾਲੇ ਜਹਾਜ਼ਾਂ ਉਤੇ ਪੂਰੀ ਨਿਗਰਾਨੀ ਰੱਖਣ ਲੱਗ ਪਈ ਸੀ। ਕੈਨੇਡਾ ਤੇ ਅਮਰੀਕਾ ਜਾਣ ਵਾਲੇ ਹਿੰਦੀਆਂ ਉਤੇ ਕਈ ਪਾਬੰਦੀਆਂ ਲਾ ਦਿੱਤੀਆਂ ਗਈਆਂ ਸਨ। ਸਕੂਲਾਂ ਦੇ ਵਿਦਿਆਰਥੀਆਂ ਵਿਚ ਵੀ ਏਸ਼ੀਆਈ ਮਜ਼ਦੂਰਾਂ ਦੇ ਉਲਟ ਨਫ਼ਰਤ ਫੈਲਾਈ ਜਾ ਰਹੀ ਸੀ। ਮੁੰਡੇ ਕੁੜੀਆਂ ਨੂੰ 'ਓਰੀਐਂਟਲ ਬਾਸਟਰਡ' ਕਹਿ ਦੇਣਾ ਇਕ ਆਮ ਗੱਲ ਬਣ ਗਈ ਸੀ।"

ਉਪਰੋਕਤ ਵਸਤੂ-ਸਥਿਤੀ ਵਿਚ ਵਿਚਰਦਿਆਂ ਭਾਰਤੀ ਪਰਵਾਸੀਆਂ ਨੂੰ ਇਹ ਇਤਿਹਾਸਕ ਸੱਚ ਸਮਝਣ ਵਿਚ ਦੇਰ ਨਾ ਲੱਗੀ ਕਿ ਸਾਡੇ ਨਾਲ ਪੂਰੇ ਉੱਤਰੀ ਅਮਰੀਕਾ ਵਿਚ ਜੋ ਕੁੱਤੇ-ਖਾਣੀ ਹੋ ਰਹੀ ਹੈ, ਜੋ ਜ਼ਲਾਲਤ ਸਾਨੂੰ ਭੋਗਣੀ ਪੈ ਰਹੀ ਹੈ, ਉਸ ਪਿੱਛੇ ਬੁਨਿਆਦੀ ਕਾਰਨ ਸਾਡਾ ਇਕ ਗ਼ੁਲਾਮ ਦੇਸ਼ ਦਾ ਵਾਸੀ ਹੋਣਾ ਹੈ। ਇਕ ਗੱਲ ਉਨ੍ਹਾਂ ਦੇ ਅਨੁਭਵ ਵਿਚ ਆ ਚੁੱਕੀ ਸੀ ਕਿ ਜਾਪਾਨੀ ਤੇ ਚੀਨੀ ਮਜ਼ਦੂਰਾਂ ਸਾਹਮਣੇ ਆਉਂਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਹਿੱਤ ਉਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਉਨ੍ਹਾਂ ਦੀ ਪਿੱਠ 'ਤੇ ਆ ਜਾਂਦੀਆਂ ਸਨ। ਪਰ ਭਾਰਤੀ ਮਜ਼ਦੂਰ ਇਸ ਪੱਖੋਂ ਨਿਖ਼ਸਮੇ ਸਨ, ਇਸ ਲਈ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਸੀ ਹੁੰਦੀ। ਭਾਰਤੀ ਪਰਵਾਸੀ ਦਿਨੋ-ਦਿਨ, ਵੈਨਕੂਵਰ, ਵਿਕਟੋਰੀਆ, ਬੈਲਿੰਗਮ, ਟੈਕੋਮਾ ਤੇ ਸਿਆਟਲ ਵਿਚ ਸਾਂਝੇ ਰੂਪ ਵਿਚ ਇਕੱਤਰਤਾਵਾਂ ਕਰਨ ਲੱਗੇ ਜਿਸ ਵਿਚ ਪ੍ਰਸਿੱਧ ਦੇਸ਼ਭਗਤ ਪਰਮਾਨੰਦ, ਤਾਰਕ ਨਾਥ ਦਾਸ ਤੇ ਡਾਕਟਰ ਹਰਦਿਆਲ ਵਰਗੇ ਪ੍ਰਬੁੱਧ ਵਿਦਵਾਨ ਆਪਣੇ ਭਾਸ਼ਨ ਦਿੰਦੇ। ਜਿਨ੍ਹਾਂ ਦੇ ਭਾਸ਼ਨਾਂ ਦਾ ਸਾਰ-ਤੱਤ ਇਹੀ ਹੁੰਦਾ ਸੀ ਕਿ ਭਾਰਤੀ ਪਰਵਾਸੀਆਂ ਦੀਆਂ ਕੁੱਲ ਮੁਸ਼ਕਲਾਂ

ਤੇ ਦੁੱਖਾਂ ਦਾ ਇਕੋ-ਇਕ ਇਲਾਜ ਆਪਣੇ ਗ਼ੁਲਾਮ ਦੇਸ਼ ਨੂੰ ਆਜ਼ਾਦ ਕਰਾਉਣ ਵਿਚ ਹੈ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਨਾਵਲ ਦੇ ਕਥਾਨਕ ਦਾ ਇਕ ਬਿਰਤਾਂਤਕ ਭਾਗ ਭਾਰਤੀ ਪਰਵਾਸੀਆਂ ਦੇ ਉੱਤਰੀ ਅਮਰੀਕਾ ਸਥਿਤ ਵਿਕਟ ਸਥਿਤੀਆਂ-ਪਰਿਸਥਿਤੀਆਂ ਨਾਲ ਸੰਬੰਧਿਤ ਸਮਾਜਕ ਯਥਾਰਥ ਨੂੰ ਚਿਤਰਦਾ ਹੈ ਅਤੇ ਇਸ ਬਿਰਤਾਂਤ ਦੇ ਅਗਲੇ ਭਾਗ ਵਿਚ ਉਪਰੋਕਤ ਸਥਿਤੀਆਂ ਵਿਚੋਂ ਹੀ ਉਤਪੰਨ ਹੋਈ ਰਾਜਸੀ ਚੇਤਨਾ ਨੂੰ, ਪ੍ਰਬੁੱਧ ਦੇਸ਼ ਭਗਤ ਰਾਸ਼ਟਰੀ ਚੇਤਨਾ ਵਿਚ ਪਰਿਵਰਤਿਤ ਕਰਨ ਵਾਸਤੇ 'ਗ਼ਦਰ ਲਹਿਰ' ਤੇ 'ਗ਼ਦਰ ਪਾਰਟੀ' ਦੀ ਉਸਾਰੀ ਕਰਨ ਵਿਚ ਜੁੱਟ ਜਾਂਦੇ ਸਨ।

ਨਾਵਲ ਦਾ ਮੁੱਖ-ਪਾਤਰ ਹਰੀ ਸਿੰਘ ਇਨ੍ਹਾਂ ਡੇਰਿਆਂ ਵਿਚ ਆ ਕੇ ਇਕ ਨਵੀਂ ਰੂਹ ਫੂਕ ਦਿੰਦਾ ਹੈ। ਕੰਮ-ਸਥਾਨਾਂ ਜਾਂ ਡੇਰਿਆਂ ਉਤੇ ਹੋਏ ਹਮਲਿਆਂ ਵਿਚ ਹਰੀ ਸਿੰਘ ਆਪਣੇ ਦੂਸਰੇ ਸਾਥੀਆਂ ਨਾਲ ਮਿਲਕੇ ਦ੍ਰਿੜ੍ਹਤਾ-ਪੂਰਵਕ ਹਮਲਿਆਂ ਨੂੰ ਪਛਾੜ ਦਿੰਦਾ ਹੈ। ਉਹ ਆਪਣੇ ਸਾਥੀਆਂ ਪੰਡਤ, ਮੀਰੂ, ਪਿਆਰੂ ਤੇ ਸੰਧੂ ਨਾਲ ਇਕਮੁਕ ਹੋ ਜਾਂਦਾ ਹੈ। ਕੱਦ-ਕਾਠ ਦਾ ਉੱਚਾ-ਲੰਮਾ ਤੇ ਮੁੱਛਾਂ ਵਿਚ ਹਮੇਸ਼ਾ ਮੁਸਕਰਾਂਦਾ ਇਹ ਨੌਜਵਾਨ, ਇਥੋਂ ਦੀਆਂ ਵਸਤੂ-ਸਥਿਤੀਆਂ ਦਾ ਭੰਨਿਆ ਹੋਇਆ ਦਿਨੋ-ਦਿਨ ਸੰਜੀਦਾ ਹੋ ਰਿਹਾ ਹੈ। ਸਭ ਤੋਂ ਪਹਿਲਾਂ ਤਾਂ ਇਨ੍ਹਾਂ ਡੇਰਿਆਂ ਦੀ ਸਾਂਝੀਵਾਲਤਾ ਤੇ ਮਨੁੱਖੀ ਸਾਂਝ ਉਸਦੇ ਅੰਦਰੋਂ ਜਾਤ-ਪਾਤੀ ਸੰਸਕਾਰਾਂ ਨੂੰ ਹੂੰਝ ਸੁੱਟਦੀ ਹੈ। ਦੂਜਾ, ਉਹ ਵਿਅਕਤਿਗਤ ਜੀਵਨ ਜਿਊਣ ਦੀ ਖ਼ਾਹਸ਼ ਤਿਆਗਦਾ ਹੋਇਆ, ਕਿਸੇ ਵਡੇਰੇ ਇਤਿਹਾਸਕ ਕਾਰਜ ਪ੍ਰਤਿ ਸਮਰਪਿਤ ਹੋ ਜਾਂਦਾ ਹੈ। ਉਸਨੂੰ ਜਿਉਂਏ ਜਾ ਰਹੇ ਜੀਵਨ ਅਨੁਭਵ ਤੋਂ ਇਹ ਗੱਲ ਸੁਤੇ-ਸਿੱਧ ਗ੍ਰਹਿਣ ਹੋ ਜਾਂਦਾ ਹੈ ਕਿ ਅਜਿਹੇ ਜਲਾਲਤ-ਭਰੇ ਜੀਵਨ ਜਿਊਣ ਨਾਲੋਂ, ਉਨ੍ਹਾਂ ਕਾਰਨਾਂ ਨੂੰ ਦੂਰ ਕਰਨਾ ਜਰੂਰੀ ਹੈ, ਜਿਹੜੇ ਇਹੋ-ਜਿਹੇ ਜੀਵਨ ਲਈ ਆਧਾਰ ਮੁਹੱਈਆ ਕਰਦੇ ਹਨ। ਉਹ ਆਪਣੇ ਸਾਥੀਆਂ ਦੁਆਰਾ ਕੀਤੇ ਇਕੱਠਾਂ ਤੇ ਇਕੱਤਰਤਾਵਾਂ ਵਿਚ, ਇਨ੍ਹਾਂ ਵਿਚ ਕੀਤੇ ਜਾਂਦੇ ਦੇਸ਼ ਭਗਤਾਂ ਦੇ ਭਾਸ਼ਨਾਂ ਵਿਚੋਂ 'ਅਸਲ ਗੱਲ' ਨੂੰ ਲੱਭ ਲੈਂਦਾ ਹੈ। ਜਿਸਨੂੰ ਦੇਸ਼ ਭਗਤ ਵਾਰ-ਵਾਰ ਹਰ ਜਲਸੇ ਵਿਚ ਕਹਿੰਦੇ ਸਨ ਕਿ ਭਾਰਤੀ ਪਰਵਾਸੀਓ, ਜੋ ਤੁਹਾਡੇ ਨਾਲ ਬੀਤ ਰਹੀ ਹੈ, ਜੋ ਤੁਹਾਡੇ ਨਾਲ ਧੱਕਾ, ਜ਼ੋਰੋ-ਜ਼ਬਰ ਤੇ ਅਨਿਆਂ ਹੋ ਰਿਹਾ ਹੈ, ਜੋ ਤੁਹਾਡੇ ਨਾਲ ਇਥੇ ਕੁੱਤਿਆਂ ਵਾਲਾ ਸਲੂਕ ਹੋ ਰਿਹਾ ਹੈ, ਇਸ ਸਭ ਦੀ ਜੜ੍ਹ ਤੁਹਾਡਾ ਇਕ ਗ਼ੁਲਾਮ ਦੇਸ਼ ਦਾ ਵਾਸੀ ਹੋਣਾ ਹੈ। ਜੇਕਰ ਤੁਸੀਂ ਕਿਸੇ ਵੀ ਬਾਹਰਲੇ ਦੇਸ਼ ਵਿਚ ਮਾਣ-ਸਨਮਾਨ ਨਾਲ ਰਹਿਣਾ ਚਾਹੁੰਦੇ ਹੋ, ਆਪਣੇ ਨਾਗਰਿਕ ਹੱਕਾਂ ਨੂੰ

ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਸਭ ਤੋਂ ਪਹਿਲਾਂ ਇਸ ਵਾਸਤੇ ਇਕ ਆਜ਼ਾਦ ਦੇਸ਼ ਦੇ ਨਾਗਰਿਕ ਹੋਣ ਦੀ ਸ਼ਰਤ ਪੂਰੀ ਕਰੋ ਅਤੇ ਇਹ ਸ਼ਰਤ ਤਾਂ ਹੀ ਪੂਰੀ ਹੋਵੇਗੀ ਜੇਕਰ ਹਿੰਦੋਸਤਾਨ ਨੂੰ ਅੰਗਰੇਜ਼ ਸਾਮਰਾਜ ਦੀ ਗ਼ੁਲਾਮੀ ਤੋਂ ਮੁਕਤ ਕਰਵਾਉਗੇ। ਇਸ ਮੁਕਤੀ-ਸੰਘਰਸ਼ ਲਈ ਕੁਰਬਾਨੀਆਂ ਦੇਣੀਆਂ ਪੈਣਗੀਆਂ, ਆਪਣ ਪ੍ਰਾਣਾਂ ਦੀ ਆਹੂਤੀ ਦੇਣੀ ਪਵੇਗੀ।

ਹਰੀ ਸਿੰਘ ਇਕ ਅਨਪੜ੍ਹ ਸਾਧਾਰਨ ਜੱਟ, ਜੋ ਆਪਣੇ ਪਿੰਡ ਬੱਦੋਵਾਲ ਤੋਂ ਆਪਣੇ ਜੀਵਨ ਨੂੰ ਚੰਗੇਰਾ ਤੇ ਆਰਥਿਕ ਤੌਰ 'ਤੇ ਸਮ੍ਰਿਧ ਕਰਨ ਲਈ ਵਿਦੇਸ਼ਾਂ ਨੂੰ ਠਿੱਲ੍ਹ ਪਿਆ ਸੀ, ਬਾਹਰ ਆ ਕੇ, ਆਜ਼ਾਦ ਮੁਲਕਾਂ ਦੀ ਆਜ਼ਾਦ ਹਵਾ ਵਿਚ ਸਾਹ ਲੈ ਕੇ, ਆਜ਼ਾਦ ਕੌਮਾਂ ਦੇ ਲੋਕਾਂ ਨੂੰ ਵਿਚਰਦਿਆਂ ਵੇਖਕੇ, ਗ਼ੁਲਾਮ ਮੁਲਕ ਦੇ ਬਾਸ਼ਿੰਦਿਆਂ ਨਾਲ ਕੀਤੀ ਜਾਂਦੀ ਦੁਰਗਤੀ ਵੇਖਕੇ ਇਕ ਸਿਆਣੇ, ਸੰਜੀਦਾ ਤੇ ਪ੍ਰਤਿਬੱਧ ਦੇਸ਼ ਭਗਤ ਵਿਚ ਵਟ ਜਾਂਦਾ ਹੈ। ਜੁਆਨੀ ਵਿਚ ਲੋਹੜੇ ਦੀ ਸੁਹਣੀ ਰੰਨ-ਆਪਣੀ ਮਾਮੀ ਨਾਲ ਦਿਲ ਦੀ ਸਾਂਝ ਬਣਾਉਣ ਤੋਂ ਤਾਂ ਅਸਮਰੱਥ ਰਿਹਾ, ਪਰ ਹੁਣ ਉਸ ਤੋਂ ਕਿਤੇ ਸੁਹਣੀ ਰੰਨ- ਜਿਹੜੀ ਧੁਰ-ਅੰਦਰੋਂ ਧੂਹ ਪਾਉਂਦੀ ਸੀ, 'ਦੇਸ਼ ਦੀ ਆਜ਼ਾਦੀ' ਲਈ ਮਰ-ਮਿਟਣ ਲਈ ਤਿਆਰ ਹੋ ਜਾਂਦਾ ਹੈ। ਇਸ ਰੰਨ ਨੇ ਤਾਂ ਉਸਨੂੰ ਕਵੀਸ਼ਰ ਬਣਾ ਕੇ ਰੱਖ ਦਿੱਤਾ। ਇਕ ਸਾਬਤ-ਸਬੂਤ ਆਸ਼ਕ!

ਇਉਂ ਲੇਖਕ, ਵਿਅਕਤੀ ਅਤੇ ਇਤਿਹਾਸ ਦੇ ਦਵੰਦਾਤਮਕ ਸੰਬੰਧਾਂ ਰਾਹੀਂ ਆਪਣੇ ਮੁੱਖ-ਪਾਤਰ ਦੇ ਚਰਿਤਰ ਦੀ ਉਸਾਰੀ ਕਰਦਾ ਹੈ। ਵਿਅਕਤੀ ਤੇ ਉਸਦੀ ਵਸਤਮਾਨ ਇਤਿਹਾਸ ਇਕ ਦੂਸਰੇ ਨੂੰ ਬਣਾਉਂਦੇ-ਘੜਦੇ ਹਨ, ਇਕ ਦੂਜੇ ਦੇ ਪੂਰਕ ਬਣਦੇ ਹਨ। ਜਿਵੇਂ ਹਰੀ ਸਿੰਘ ਵਰਤਮਾਨ ਇਤਿਹਾਸ ਦਾ ਇਕ ਪਾਤਰ ਵੀ ਹੈ ਅਤੇ ਉਸਦਾ ਸਿਰਜਣਹਾਰ ਵੀ। ਇਸੇ ਇਤਿਹਾਸ ਪ੍ਰਕ੍ਰਿਆ ਵਿਚੋਂ ਜੁਗ-ਪੁਰਸ਼ ਆਪਣਾ ਅਸਤਿਤਵ ਧਾਰਨ ਕਰਦੇ ਹਨ। ਜਿਵੇਂ ਲੇਖਕ ਆਪਣੇ ਮੁੱਖ-ਪਾਤਰ ਹਰੀ ਸਿੰਘ ਦੇ ਮਾਧਿਅਮ ਰਾਹੀਂ ਭਾਰਤੀ/ਪੰਜਾਬੀ ਪਰਵਾਸੀਆਂ ਦੀਆਂ ਵਸਤੂਗਤ ਸਮੱਸਿਆਵਾਂ ਦਾ ਯਥਾਰਥਕ ਚਿਤਰਣ ਕਰਨ ਵਿਚ ਸਫ਼ਲ ਹੋਇਆ ਹੈ (ਭਾਵੇਂ ਕਿ ਗੱਲ ਇਸਦੇ ਵਿਪਰੀਤ ਵੀ ਕਹੀ ਜਾ ਸਕਦੀ ਹੈ) ਉਸੇ ਤਰ੍ਹਾਂ ਹੀ ਉਹ ਨਾਵਲੀ ਬਿਰਤਾਂਤ ਦੇ ਅਗਲੇ ਭਾਗ ਵਿਚ 'ਗ਼ਦਰ ਲਹਿਰ' ਤੇ 'ਗ਼ਦਰ ਪਾਰਟੀ' ਦੀ ਸਿਰਜਣ ਪ੍ਰਕ੍ਰਿਆ ਨੂੰ ਇਨ੍ਹਾਂ ਹੀ ਵਸਤੂਗਤ ਸਥਿਤੀਆਂ ਦੇ ਮਾਧਿਅਮ ਰਾਹੀਂ ਗਲਪੀ-ਰੂਪ ਦੇਣ ਵਿਚ ਸਫ਼ਲ ਹੁੰਦਾ ਹੈ ਜਿਸ ਵਿਚ ਉਸਦੇ ਨਾਵਲ ਦਾ ਮੁੱਖ-ਪਾਤਰ ਹਰੀ ਸਿੰਘ ਆਪਣੇ ਨਾਇਕਤਵ ਨੂੰ ਪ੍ਰਾਪਤ ਕਰਦਾ ਹੈ।

ਭਾਰਤੀ ਪਰਵਾਸੀਆਂ ਦੀਆਂ ਵਸਤੂਗਤ ਸਥਿਤੀਆਂ ਉਨ੍ਹਾਂ ਨੂੰ ਦੇਸ਼ ਆਜ਼ਾਦ ਕਰਾਉਣ ਦੇ ਏਜੰਡੇ 'ਤੇ ਲੈ ਆਉਂਦੀਆਂ ਹਨ। ਇਨ੍ਹਾਂ ਵਸਤੂਗਤ ਸਥਿਤੀਆਂ ਨੇ ਹੀ ਉਨ੍ਹਾਂ ਨੂੰ ਆਪਸ ਵਿਚ ਨੇੜੇ ਲਿਆਕੇ ਇਕ ਸੂਤਰ ਵਿਚ ਪਰੋ ਦਿੱਤਾ ਸੀ। ਪਰ ਜਿਹੜੀਆਂ ਔਕੜਾਂ, ਸਮੱਸਿਆਵਾਂ ਤੇ ਬਿਪਤਾਵਾਂ ਉਨ੍ਹਾਂ ਨੂੰ ਪੇਸ਼ ਆ ਰਹੀਆਂ ਸਨ, ਉਨ੍ਹਾਂ ਦਾ ਵਕਤੀ ਇਲਾਜ ਤਾਂ ਉਹ ਆਪਣੇ ਬਾਹੂ-ਬਲ ਨਾਲ ਕਰ ਹੀ ਰਹੇ ਸਨ ਕਿਉਂਕਿ ਏਨੇ ਕੁ ਉਦਮ ਤੋਂ ਬਿਨਾਂ ਉਨ੍ਹਾਂ ਦਾ ਇਥੇ ਟਿਕੇ ਰਹਿਣਾ ਹੀ ਅਸੰਭਵ ਹੋ ਜਾਣਾ ਸੀ। ਪਰ ਭਾਰਤੀ ਪਰਵਾਸੀ ਇਨ੍ਹਾਂ ਮੁਲਕਾਂ ਦੇ ਸਭ ਤੋਂ ਚੰਗੇ, ਤਕੜੇ ਮਜ਼ਦੂਰ ਹੋਣ ਕਰਕੇ, ਬਾਕੀ ਸਥਾਨਕ ਨਾਗਰਿਕਾਂ ਵਾਂਗ ਹੀ, ਆਪਣੇ ਹੱਕ ਪ੍ਰਾਪਤ ਕਰਨਾ ਚਾਹੁੰਦੇ ਸਨ ਜੋ ਕਿ ਕੁਦਰਤੀ ਤੌਰ 'ਤੇ ਬਿਲਕੁਲ ਸਹੀ ਸੀ। ਪਰ ਇਨ੍ਹਾਂ ਲੋਕਾਂ ਨੂੰ ਜੋ ਮਿਲ ਰਿਹਾ ਸੀ, ਉਹ ਉਪਰੋਕਤ ਦੇ ਬਿਲਕੁਲ ਉਲਟ ਸੀ। ਇਸ ਲਈ ਭਾਰਤੀ ਪਰਵਾਸੀਆਂ ਨੇ ਇਸਦੀ ਅਸਲ ਜੜ੍ਹ ਨੂੰ ਫੜਦਿਆਂ, ਦੇਸ਼ ਭਗਤਾਂ ਦੁਆਰਾ ਕੀਤੇ ਜਾ ਰਹੇ ਯਤਨ ਨੂੰ ਇਕ ਭਰਵਾਂ ਹੁੰਗਾਰਾ ਦਿੱਤਾ ਅਤੇ ਉੱਤਰੀ ਅਮਰੀਕਾ ਮਹਾਂਦੀਪ ਵਿਚ ਪ੍ਰਥਮ ਵਾਰ 'ਹਿੰਦ ਐਸੋਸੀਏਸ਼ਨ ਆਫ ਪੈਸਿਫਿਕ ਕੋਸਟ' ਨਾਂ ਦੀ ਮਜ਼ਦੂਰ ਜਥੇਬੰਦੀ ਦੀ ਆਧਾਰ-ਸ਼ਿਲਾ ਰਖ ਦਿੱਤੀ ਗਈ।

ਕ੍ਰਾਂਤੀਕਾਰੀ ਦੇਸ਼ ਭਗਤਾਂ ਤਾਰਕ ਨਾਥ ਦਾਸ, ਪਰਮਾਨੰਦ, ਹਸਨ ਰਹੀਮ ਅਤੇ ਡਾ. ਹਰਦਿਆਲ ਹੋਰਾਂ ਨੇ ਬਿਲਕੁਲ ਸਹੀ ਵਕਤ ਭਾਰਤੀ ਪਰਵਾਸੀਆਂ ਦੇ ਰੋਹ, ਜੋਸ਼ ਤੇ ਗੁੱਸੇ ਨੂੰ, ਰਾਸ਼ਟਰੀ ਮੁਕਤੀ ਅੰਦੋਲਨ ਨਾਲ ਜੋੜ ਦਿੱਤਾ। ਕਨੇਡਾ ਵਿਚ ਕਾਮਾਗਾਟਾ-ਮਾਰੂ ਜਹਾਜ਼ ਵਿਚਲੇ ਮੁਸਾਫ਼ਰਾਂ ਨੂੰ ਉਤਾਰਨ ਵਾਸਤੇ, ਜੋ ਜਦੋ-ਜਹਿਦ ਅਤੇ ਕਾਨੂੰਨੀ ਲੜਾਈ ਕਨੇਡੀਅਨ ਭਾਰਤੀ/ਪੰਜਾਬੀ ਲੋਕਾਂ ਨੇ ਕੀਤੀ, ਉਹ ਆਪਣੀ ਮਿਸਾਲ ਆਪ ਹੈ। ਕਨੇਡੀਅਨ ਸਰਕਾਰ, ਸਥਾਨਕ ਗੋਰੀ ਜਨਤਾ, ਕਨੇਡਾ ਸਰਕਾਰ ਦਾ ਪਰਵਾਸ-ਵਿਭਾਗ ਤੇ ਬਰਤਾਨਵੀ ਭਾਰਤੀ ਸਰਕਾਰ, ਦੀ ਮਿਲੀ-ਭੁਗਤ ਨਾਲ ਇਸ ਜਹਾਜ਼ ਵਿਚ ਸਵਾਰ ਮੁਸਾਫ਼ਰਾਂ ਨਾਲ ਦੋ ਮਹੀਨੇ ਅਣ-ਮਨੁੱਖੀ ਵਰਤਾਓ ਕਰਦਿਆਂ, ਇਸਨੂੰ ਵਾਪਸ ਜਾਣ ਲਈ ਮਜ਼ਬੂਰ ਕਰ ਦਿੱਤਾ। ਕਾਮਾਗਾਟਾ-ਮਾਰੂ ਦੇ ਵਾਪਸ ਜਾਣ ਦੇ ਸਮੇਂ ਤੋਂ ਹੀ ਕਨੇਡੀਅਨ ਪੰਜਾਬੀ ਲੋਕਾਂ ਦਾ ਵਿਸ਼ਵਾਸ ਤੇ ਅੰਗਰੇਜ਼ ਹਕੂਮਤ ਪ੍ਰਤਿ ਆਪਣੀ ਵਫ਼ਾਦਾਰੀ ਖ਼ਤਮ ਹੋ ਗਈ। ਇਨ੍ਹਾਂ ਪਰਵਾਸੀ ਲੋਕਾਂ ਨੇ ਗ਼ਦਰ ਪਾਰਟੀ ਵਿਚ ਆਪਣੀਆਂ ਸਰਗਰਮੀਆਂ ਹੋਰ ਤੇਜ਼ ਕਰ ਦਿੱਤੀਆਂ। ਹੁਣ ਇਨ੍ਹਾਂ ਲੋਕਾਂ ਦਾ ਇਕੋ-ਇਕ ਨਿਸ਼ਾਨਾ ਭਾਰਤ ਨੂੰ ਆਜ਼ਾਦ ਕਰਾਉਣ ਲਈ ਗ਼ਦਰ ਕਰਨਾ ਬਣ ਗਿਆ ਸੀ। ਕਨੇਡਾ ਵਿਚ ਪਰਵਾਸ-ਵਿਭਾਗ ਦੇ ਇੰਸਪੈਕਟਰ ਹਾਪਕਿਨਸਨ, ਜਿਹੜਾ ਕਿ

ਐਂਗਲੋ-ਇੰਡੀਅਨ ਅੰਗਰੇਜ਼ ਸੀ, ਪੰਜਾਬੀ ਪਰਵਾਸੀਆਂ ਵਿਚੋਂ ਦੋ ਚਾਰ ਬੰਦਿਆਂ ਨੂੰ ਖ਼ਰੀਦ ਕੇ, ਉਨ੍ਹਾਂ ਤੋਂ ਮੁਖ਼ਬਰੀ ਦਾ ਕੰਮ ਲੈਂਦਾ ਸੀ, ਵੈਨਕੂਵਰ ਵਿਚ ਸਥਿਤ ਭਾਰਤੀ/ਪੰਜਾਬੀ ਪਰਵਾਸੀਆਂ ਨੂੰ ਬਹੁਤ ਤੰਗ ਕਰ ਰਿਹਾ ਸੀ। ਇਨ੍ਹਾਂ ਲੋਕਾਂ ਉਤੇ ਆਪਣੀ ਦਹਿਸ਼ਤ ਦਾ ਡਰ ਪਾਉਣ ਲਈ ਉਸਨੇ ਆਪਣੇ ਵਿਸ਼ੇਸ਼ ਮੁਖ਼ਬਰ ਬੇਲਾ ਸਿੰਘ ਤੋਂ ਵੈਨਕੂਵਰ ਗੁਰਦਵਾਰੇ ਗੋਲੀ ਚਲਾ ਕੇ ਦੋ ਗ਼ਦਰੀਆਂ, ਭਾਈ ਭਾਗ ਸਿੰਘ ਤੇ ਭਾਈ ਬਤਨ ਸਿੰਘ ਨੂੰ ਕਤਲ ਕਰਵਾ ਦਿੱਤਾ ਸੀ। ਇਸ ਸਮੇਂ ਵਿਚ ਹੀ ਹਰੀ ਸਿੰਘ, ਵੱਡੇ ਨੇਤਾਵਾਂ ਦੇ ਹਿੰਦੋਸਤਾਨ ਤੁਰਨ ਬਾਦ, ਯੁਗਾਂਤਰ ਆਸ਼ਰਮ ਵਿਚ ਡਿਊਟੀ ਕਰ ਰਿਹਾ ਸੀ। ਹਰੀ ਸਿੰਘ ਅਤੇ ਉਸਦੇ ਸਾਥੀਆਂ ਨੂੰ ਕਨੇਡਾ ਵਿਚ ਵਾਪਰਦੀ ਹਰ ਗੱਲ ਦੀ ਕਨਸੋ ਰਹਿੰਦੀ ਸੀ। ਕਾਮਾਗਾਟਾ-ਮਾਰੂ ਜਹਾਜ਼ ਦੇ ਸੰਬੰਧ ਵਿਚ ਕੀਤੀ ਗਈ ਜਦੋ-ਜਹਿਦ ਵਿਚ ਆਪਣੇ ਵਲੋਂ ਹੁਣ ਤੱਕ ਕਮਾਈ ਦੇ ਪੰਜ ਸੌ ਡਾਲਰ ਉਹ ਇਸ ਸੰਘਰਸ਼ ਲਈ ਦਿੰਦਾ ਹੈ।

ਯੁਗਾਂਤਰ ਆਸ਼ਰਮ ਵਿਚ ਕੰਮ ਕਰਦਿਆਂ ਹੀ ਹਰੀ ਸਿੰਘ ਨੂੰ ਮੇਵਾ ਸਿੰਘ ਦੁਆਰਾ ਗੋਲੀ ਮਾਰਕੇ ਮਿ. ਹਾਪਕਿਨਸਨ ਨੂੰ ਕਾਮਾਗਾਟਾ-ਮਾਰੂ ਜਹਾਜ਼ ਦੇ ਸੰਬੰਧ ਵਿਚ ਅਤੇ ਉਸ ਦੀਆਂ ਭਾਰਤੀ ਪਰਵਾਸੀ ਲੋਕਾਂ ਵਿਰੋਧੀ ਗਤਿਵਿਧੀਆਂ ਦੀ ਸਜ਼ਾ ਦੇ ਦੇਣ ਦਾ ਸ਼ੁਭ ਸਮਾਚਾਰ ਪ੍ਰਾਪਤ ਹੁੰਦਾ ਹੈ। ਹਰੀ ਸਿੰਘ, ਵੈਨਕੂਵਰ ਜਾ ਕੇ ਮੇਵਾ ਸਿੰਘ ਦੇ ਡੇਰੇ ਗੇੜਾ ਕਢ ਆਇਆ ਸੀ ਅਤੇ ਉਹ ਆਪਸ ਵਿਚ ਚੰਗੇ ਦੋਸਤ ਬਣ ਗਏ ਸਨ। ਜਿਉਂ ਹੀ ਉਸਨੂੰ ਮੇਵਾ ਸਿੰਘ ਦੇ ਫਾਂਸੀ ਹੋ ਜਾਣ ਦੀ ਖ਼ਬਰ ਮਿਲਦੀ ਹੈ, ਤਾਂ ਉਹ ਉਸ ਸਮੇਂ ਉਸ ਨਾਲ ਮੁਲਾਕਾਤ ਵਾਸਤੇ ਵੈਨਕੂਵਰ ਆ ਪਹੁੰਚਦਾ ਹੈ। ਹਰੀ ਸਿੰਘ ਦੀ ਮੇਵਾ ਸਿੰਘ ਨਾਲ ਮੁਲਾਕਾਤ ਤਾਂ ਨਹੀਂ ਹੋ ਸਕੀ, ਪਰ ਉਹ ਉਸਦੀ ਅਰਥੀ ਵਿਚ ਸ਼ਾਮਲ ਹੋਣ ਦਾ ਸੁਭਾਗ ਆਵੱਸ਼ ਪ੍ਰਾਪਤ ਕਰ ਲੈਂਦਾ ਹੈ। ਉਸਦੇ ਸ਼ਰਧਾਂਜਲੀ ਸਮਾਰੋਹ ਵਿਚ ਹਰੀ ਸਿੰਘ, ਆਪਣੇ ਮਿੱਤਰ ਦੀ ਯਾਦ ਵਿਚ ਇਕ ਕ੍ਰਾਂਤੀਕਾਰੀ ਕਵਿਤਾ ਸੁਣਾ ਕੇ, ਉਸਨੂੰ ਸ਼ਰਧਾਂਜਲੀ ਅਰਪਿਤ ਕਰਦਾ ਹੈ। ਇਸ ਤੋਂ ਪਤਾ ਲਗਦਾ ਹੈ ਕਿ ਇਸ ਨਾਵਲ ਦਾ ਇਹ ਮੁੱਖ ਪਾਤਰ ਅਮਰੀਕਾ-ਕਨੇਡਾ ਦੋਵਾਂ ਦੇਸ਼ਾਂ ਵਿਚ ਆਪਣੀਆਂ ਗਤਿਵਿਧੀਆਂ ਜਾਰੀ ਰਖਦਾ ਹੈ।

"ਹਿੰਦ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ" ਜਥੇਬੰਦੀ ਨੇ ਆਪਣਾ ਇਕ ਅਖ਼ਬਾਰ ਪੰਜਾਬੀ ਤੇ ਉਰਦੂ ਵਿਚ ਕੱਢਣ ਦੀ ਯੋਜਨਾ ਬਣਾਈ, ਜਿਸ ਦਾ ਨਾਂ ਡਾ. ਹਰਦਿਆਲ ਦੀ ਸਿਫਾਰਸ਼ 'ਤੇ ਭਾਰਤ ਦੀ ਪ੍ਰਥਮ ਜੰਗੇ-ਆਜ਼ਾਦੀ 1857, ਜਿਸਨੂੰ ਅੰਗਰੇਜ਼ ਹਕੂਮਤ ਨੇ 'ਗ਼ਦਰ' ਦਾ ਨਾਂ ਦਿੱਤਾ ਸੀ, ਉਨ੍ਹਾਂ ਗ਼ਦਰੀਆਂ ਨੂੰ ਸਮਰਪਿਤ ਕਰਦੇ ਹੋਏ ਆਪਣੇ ਇਸ ਅਖ਼ਬਾਰ ਦਾ ਨਾਂ ਗ਼ਦਰ ਹੀ

ਰੱਖ ਦਿੱਤਾ। ਇਹ ਗ਼ਦਰ ਪਰਚਾ ਦੁਨੀਆ ਭਰ ਦੇ ਭਾਰਤੀ ਪਰਵਾਸੀਆਂ ਵਿਚ ਏਨਾ ਲੋਕ-ਪ੍ਰੀਆ ਹੋ ਗਿਆ ਕਿ ਰਾਸ਼ਟਰੀ ਆਜ਼ਾਦੀ ਦੀ ਇਸ ਲਹਿਰ ਦਾ ਨਾਂ ਹੀ ਗ਼ਦਰ ਲਹਿਰ ਪੈ ਗਿਆ ਅਤੇ ਇਸਦੇ ਜਥੇਬੰਦਕ ਸੰਗਠਨ ਦਾ ਨਾਂ 'ਗ਼ਦਰ ਪਾਰਟੀ' ਹੀ ਰੱਖਿਆ ਗਿਆ। ਇਸ ਗ਼ਦਰ ਪਾਰਟੀ ਦਾ ਸਾਰ-ਤੱਤ ਇਹ ਸੀ :

"ਇਹ ਗ਼ਦਰ ਪਾਰਟੀ ਕੌਮੀ ਪਾਰਟੀ ਹੈ, ਇਸ ਪਾਰਟੀ ਵਿਚ ਹਰ ਇਕ ਮੈਂਬਰ ਜੋ ਵੀ ਮਜ਼ਹਬੀ ਖ਼ਿਆਲ ਰੱਖਣਾ ਚਾਹੇ ਰਖ ਸਕਦਾ ਹੈ-

"ਮਜ਼ਹਬ ਇਕ ਇਨਸਾਨ ਦਾ ਆਪਣਾ ਜ਼ਾਤੀ ਮਸਲਾ ਹੈ, ਪਰ ਆਜ਼ਾਦੀ ਦੀ ਪਾਰਟੀ ਇਕ ਹੈ। ਇਸ ਲਈ ਗ਼ਦਰ ਪਾਰਟੀ ਦਾ ਕਿਸੇ ਖ਼ਾਸ ਮਜ਼ਹਬ ਨਾਲ ਕੋਈ ਸੰਬੰਧ ਨਹੀਂ। ਗ਼ਦਰ ਪਾਰਟੀ ਬ਼ਗਾਵਤੀ ਪਾਰਟੀ ਹੈ-

"ਇਹ ਪਾਰਟੀ ਅੰਗਰੇਜ਼ੀ ਰਾਜ ਦੀ ਪੱਕੀ ਦੁਸ਼ਮਣ ਹੈ। ਅੰਗਰੇਜ਼ ਰਾਜ ਨੂੰ ਜੜ੍ਹੋਂ ਪੁਟਕੇ ਸਮੁੰਦਰ ਵਿਚ ਸੁੱਟਣ ਦੀ ਕਸਮ ਖਾਂਦੀ ਹੈ... ਇਹ ਕੌਮੀ ਪਾਰਟੀ ਪਿੰਡਾਂ ਦੇ ਕਿਸਾਨਾਂ ਤੇ ਮਜ਼ਦੂਰਾਂ ਦੀ ਪਾਰਟੀ ਹੈ... ਇਹ ਗਰੀਬਾਂ ਤੇ ਮਿਹਨਤ ਨਾਲ ਵਾਲਿਆਂ ਦੀ ਪਵਿੱਤਰ ਫ਼ੌਜ ਹੈ-

"ਗ਼ਦਰ ਪਾਰਟੀ ਫ਼ਰੰਗੀ-ਨਾਸ਼ਕ ਪਾਰਟੀ ਹੈ। ਇਹ ਜਮਹੂਰੀ ਪਾਰਟੀ ਹੈ। ਪੰਚੈਤੀ ਰਾਜ ਦੀ ਹਾਮੀ ਭਰਨ ਵਾਲੀ ਪਾਰਟੀ ਹੈ।"

(ਪੰਨੇ 129-130)

ਹਰੀ ਸਿੰਘ ਆਪਣੇ ਸਾਥੀਆਂ ਸਮੇਤ, ਇਸ ਗ਼ਦਰ ਲਹਿਰ ਵਿਚ ਪੂਰਾ ਸਰਗਰਮ ਹੋ ਗਿਆ। ਉਸ ਦੇ ਨਿਸ਼ਚੇ, ਵਫ਼ਾਦਾਰੀ ਤੇ ਕੰਮ ਕਰਨ ਦੀ ਲਗਨ ਵੇਖ ਕੇ ਉਸਦੇ ਜ਼ਿੰਮੇ ਕਈ ਮਹੱਤਵਪੂਰਨ ਕੰਮ ਸੌਂਪੇ ਜਾਣ ਲਗੇ। ਅਜਿਹੀ ਜ਼ਿੰਮੇਵਾਰੀ ਨੂੰ ਲੈ ਕੇ ਹੀ ਉਹ ਉੱਤਰੀ ਅਮਰੀਕਾ ਤੋਂ ਹਿੰਦ-ਚੀਨੀ ਦੇਸ਼ ਵਿਚ ਇਕ ਗ਼ਦਰ ਲਹਿਰ ਨੂੰ ਹੋਰ ਵਿਸਤਾਰ ਦੇਣ ਅਤੇ ਗ਼ਦਰ ਪਾਰਟੀ ਨੂੰ ਹੋਰ ਤਕੜਿਆਂ ਕਰਨ ਵਾਸਤੇ ਪੂਰੀ ਸਰਗਰਮੀ ਨਾਲ ਜੁਟ ਪੈਂਦਾ ਹੈ।

ਗ਼ਦਰ ਪਾਰਟੀ ਬੀੜਾ ਚੁਕਿਆ ਹਿੰਦ ਆਜ਼ਾਦ ਕਰਾਵਣ ਦਾ
ਆਓ ਵੀਰੋ ਗ਼ਦਰ ਮਚਾਈਏ, ਵੇਲਾ ਨਹੀਂ ਖੁੰਝਾਵਣ ਦਾ।

ਹਰੀ ਸਿੰਘ ਜਾਵਾ ਵਿਚ ਜਾ ਕੇ, ਗੁਪਤ ਰੂਪ ਵਿਚ ਆਪਣੀਆਂ ਗ਼ਦਰੀ ਸਰਗਰਮੀਆਂ ਕਰਨ ਵਾਸਤੇ ਹਰੀ ਸਿੰਘ ਤੋਂ "ਹੈਰੀ", ਫਿਰ 'ਓਮ ਪ੍ਰਕਾਸ਼' ਤੇ ਓਮ ਪ੍ਰਕਾਸ਼ ਤੋਂ 'ਉਸਮਾਨ ਖਾਂ' ਬਣਦਾ ਹੋਇਆ ਭਾਰਤੀ ਗ਼ਦਰੀਆਂ ਨਾਲ ਤਾਲਮੇਲ ਪੈਦਾ ਕਰਦਾ ਰਿਹਾ। ਪਰ ਦੂਜੇ ਪਾਸੇ, ਪ੍ਰਥਮ ਵਿਸ਼ਵ ਜੰਗ ਛਿੜਣ ਕਰਕੇ, ਗ਼ਦਰ ਨੂੰ ਹੋਰ ਵਿਆਪਕ ਰੂਪ ਦੇਣ ਦਾ ਕੰਮ ਕਾਫੀ ਠੰਢਾ ਪੈ ਜਾਂਦਾ ਹੈ ਤੇ ਨਾਵਲ ਦਾ ਇਹ ਨਾਇਕ ਜਾਵਾ ਵਿਚ ਵੀ ਆਪਣੀਆਂ ਸਰਗਰਮੀਆਂ ਨੂੰ ਸੀਮਤ ਰੱਖਣ ਲਈ ਮਜ਼ਬੂਰ ਹੁੰਦਾ ਹੈ ਅਤੇ ਉਥੇ ਹੀ ਵਿਆਹ ਕਰਵਾਕੇ, ਕਬੀਲਦਾਰਾਂ ਵਾਲੀ ਜ਼ਿੰਦਗੀ ਗੁਜ਼ਾਰਦਾ ਹੋਇਆ ਕਿਸਾਨਾਂ ਅਤੇ ਮੁਜ਼ਾਰਿਆਂ ਦੀ ਮੁਸ਼ਕਤ-ਭਰੀ ਜ਼ਿੰਦਗੀ ਵਿਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੰਦਾ ਹੈ। ਆਪਣੇ ਦੋਵਾਂ ਪੁੱਤਰਾਂ ਦੇ ਨੌਜਵਾਨ ਹੁੰਦਿਆਂ ਹੀ ਉਨ੍ਹਾਂ ਨੂੰ ਆਜ਼ਾਦ ਹਿੰਦ ਫ਼ੌਜ ਦੇ ਹਵਾਲੇ ਕਰ ਦਿੰਦਾ ਹੈ ਤਾਂ ਜੋ ਉਸ ਦੁਆਰਾ ਵਿੱਢੇ ਸੰਘਰਸ਼ ਨੂੰ ਹੋਰ ਅੱਗੇ ਲਿਜਾਣ।

ਦੇਸ਼ ਦੇ ਆਜ਼ਾਦ ਹੋ ਜਾਣ 'ਤੇ ਜਦੋਂ ਇਹ ਗ਼ਦਰੀ ਤਕਰੀਬਨ ਅੱਧੀ ਸਦੀ ਜਲਾਵਤਨੀ ਕਟਕੇ ਵਾਪਸ ਆਪਣੇ ਆਜ਼ਾਦ ਦੇਸ਼ ਦੀ ਭੂਮੀ ਉਤੇ ਪੈਰ ਪਾਉਂਦਾ ਹੈ ਤਾਂ ਉਸਨੂੰ ਸਭ ਕੁਝ ਓਪਰਾ-ਓਪਰਾ ਲਗਦਾ ਹੈ। ਉਹ ਆਪਣੇ ਹੀ ਲੋਕਾਂ ਵਿਚ ਇਕ ਅਜਨਬੀ ਵਾਂਗ ਵਿਚਰ ਰਿਹਾ ਹੈ। ਉਸਨੂੰ ਆਪਣਾ ਸਾਰਾ ਆਲਾ-ਦੁਆਲਾ ਹੀ ਓਪਰਾ-ਓਪਰਾ ਲਗ ਰਿਹਾ ਹੈ। ਉਸਦਾ ਆਪਣਾ ਪਰਿਵਾਰ-ਭਰਾ-ਭਰਜਾਈ ਤੇ ਉਨ੍ਹਾਂ ਦੇ ਬੱਚੇ ਉਸਨੂੰ ਓਪਰਿਆਂ ਵਾਂਗ ਹੀ ਵੇਖ ਰਹੇ ਹਨ।

ਨਾਵਲ ਦਾ ਇਹ ਨਾਇਕ, ਆਪਣੇ ਗ਼ਦਰੀ ਸਾਥੀਆਂ ਪਿਆਰੂ ਤੇ ਮੀਰੂ- ਜਿਹੜੇ ਦੋਵੇਂ ਆਪਣੇ ਉਦਰ-ਪੂਰਤੀ ਲਈ ਰਿਕਸ਼ਾ ਚਲਾ ਕੇ ਗੁਜ਼ਾਰਾ ਕਰ ਰਹੇ ਹਨ, ਕੋਲ ਇਸ ਸਿੱਟੇ ਉਤੇ ਪਹੁੰਚਦਾ ਹੈ :

> *ਮੇਰੀ ਰਾਏ ਇਹ ਬਣੀ ਹੈ ਕਿ ਜਦ ਤਕ ਕਾਮਾ, ਕਿਰਤੀ, ਮਜ਼ਦੂਰ ਆਪਣੇ ਭਵਿੱਖ ਬਾਰੇ ਸਭ ਫੈਸਲੇ ਆਪ ਕਰਨ-ਯੋਗ ਨਹੀਂ ਹੁੰਦਾ ਤੇ ਜਮਾਤੀ ਕੀਤੇ ਫੈਸਲਿਆਂ ਨੂੰ ਅਸਲੀਅਤ ਦਾ ਰੂਪ ਨਹੀਂ ਦੇ ਸਕਦਾ, ਤਦ ਤੱਕ ਕਿਰਤੀ ਦੀ ਕਿਰਤ ਦਾ ਫ਼ਲ ਕੋਈ ਹੋਰ ਵਿਹਲੜ ਖਾਂਦਾ ਰਹੇਗਾ। ਜਦ ਤਕ ਕਿਰਤੀ, ਵਿਹਲੜਾਂ ਦੇ ਜੂਲੇ ਹੇਠ ਹੈ ਤਦ ਤਕ ਦੁਨੀਆਂ ਵਿਚ ਸ਼ਾਂਤੀ ਨਹੀਂ ਹੋ ਸਕਦੀ।*

ਅਤੇ ਇਹ ਵੀਰ ਨਾਇਕ ਆਪਣੀ ਉਮਰ ਦੇ ਅੰਤਲੇ ਵਰ੍ਹਿਆਂ ਵਿਚ

ਆਜ਼ਾਦ ਭਾਰਤ ਦੇ ਜੋ ਹਾਲਾਤ ਵੇਖ ਰਿਹਾ ਹੈ, "ਕਿਰਤੀਆਂ ਤੇ ਕਿਰਤੀਆਂ ਦੀ ਕਿਰਤ ਨੂੰ ਲੁੱਟਣ ਵਾਲੇ ਜਥੇਬੰਦ ਸਰਮਾਏਦਾਰਾਂ ਦੀਆਂ ਚਾਲਾਂ ਨੂੰ ਸੋਚ ਸਮਝਕੇ, ਇਕ ਵਾਰੀ ਫਿਰ ਮੈਦਾਨ ਵਿਚ ਕੁੱਦਣ ਲਈ ਸਕੀਮਾਂ ਬਣਾਂਦਾ ਰਹਿੰਦਾ" ਹੈ।

ਅਮਰ ਸ਼ਹੀਦ ਮੇਵਾ ਸਿੰਘ ਲੋਪੋਕੇ (1978)

ਇਹ ਨਾਵਲ ਭਾਰਤੀ ਪੰਜਾਬੀ ਪਰਵਾਸੀਆਂ ਦੇ ਕੈਨੇਡਾ ਦੇ ਪ੍ਰਥਮ ਡੇਢ ਦਹਾਕਿਆਂ ਦੇ ਜੀਵਨ-ਸਮਾਚਾਰਾਂ 'ਤੇ ਆਧਾਰਤ ਇਕ ਨਾਇਕ-ਮੁਖ ਰਚਨਾਤਮਕ ਕਿਰਤ ਹੈ। ਵੀਹਵੀਂ ਸਦੀ ਦਾ ਇਹ ਆਰੰਭਕ ਡੇਢ ਦਹਾਕਾ ਉੱਤਰੀ ਅਮਰੀਕਾ ਦੇ ਭਾਰਤੀ/ਪੰਜਾਬੀ ਪਰਵਾਸੀਆਂ ਦਾ ਸਭ ਤੋਂ ਮਹੱਤਵ-ਪੂਰਨ ਤੇ ਹੋਣੀਆਂ-ਭਰਪੂਰ ਦਹਾਕਾ ਹੈ। ਇਸ ਮਹੱਤਵਪੂਰਨ ਅਵਧੀ ਵਿਚ ਭਾਰਤੀ ਲੋਕ ਇਸ ਦੂਰ-ਦੁਰਾਡੇ ਮਹਾਂਦੀਪ ਵਿਚ ਆਪਣਾ ਪ੍ਰਵੇਸ਼ ਪਾਉਣਾ ਸ਼ੁਰੂ ਕਰਦੇ ਹਨ ਜਿਸ ਨਾਲ ਪ੍ਰਥਮ ਵਾਰ ਇਸ ਨਿਵੇਕਲੀ ਤੇ ਬਿਗਾਨੀ ਧਰਤੀ ਉਤੇ ਭਾਰਤੀ ਸਭਿਅਤਾ ਤੇ ਸੰਸਕ੍ਰਿਤੀ ਦਾ ਵਿਧੀ-ਵੱਧ ਰੂਪ ਵਿਚ ਦਾਖ਼ਲ ਹੋਣਾ ਸ਼ੁਰੂ ਹੁੰਦਾ ਹੈ। ਇਸ ਤੋਂ ਪਹਿਲਾਂ ਪੱਛਮੀ ਲੋਕਾਂ ਨੇ ਇਸ ਪ੍ਰਾਚੀਨ ਸਭਿਅਤਾ ਤੇ ਸੰਸਕ੍ਰਿਤੀ ਬਾਰੇ ਸਿਰਫ਼ ਸੁਣਿਆ ਹੋਇਆ ਹੀ ਸੀ। ਪਰ, ਹਿੰਦੋਸਤਾਨ ਅੰਗਰੇਜ਼ ਸਾਮਰਾਜ ਦੇ ਅਧੀਨ ਹੋ ਜਾਣ ਬਾਦ, ਅੰਗਰੇਜ਼ ਇਤਿਹਾਸਕਾਰਾਂ ਤੇ ਹੋਰ ਲੇਖਕਾਂ ਨੇ ਇਸ ਮਹਾਨ ਦੇਸ਼ ਤੇ ਇਸ ਵਿਚ ਵਸਦੇ ਲੋਕਾਂ ਬਾਰੇ ਬੜੀਆਂ ਹੀ ਗਲਤ ਤੇ ਊਲ-ਜਲੂਲ ਪੂਰਵਾਗ੍ਰਹੀ ਧਾਰਨਾਵਾਂ ਬਣਾ ਦਿੱਤੀਆਂ ਸਨ। ਪਰ ਪੱਛਮੀ ਸਥਾਨਕ ਲੋਕਾਂ ਦਾ ਭਾਰਤੀਆਂ ਦੇ ਉੱਤਰੀ ਅਮਰੀਕਾ ਵਿਚ ਪ੍ਰਵੇਸ਼ ਪਾਉਣ ਨਾਲ, ਪਹਿਲੀ ਵਾਰ ਉਨ੍ਹਾਂ ਨਾਲ ਸਿੱਧਾ ਮੇਲ ਹੁੰਦਾ ਹੈ।

ਭਾਰਤ ਦੇ ਇਕ ਗ਼ੁਲਾਮ ਦੇਸ਼ ਹੋਣ, ਇਸਦੀ ਸਭਿਅਤਾ ਤੇ ਸੰਸਕ੍ਰਿਤੀ ਬਾਰੇ ਪੂਰਵਾਗ੍ਰਹੀ ਦ੍ਰਿਸ਼ਟੀਕੋਣ ਰਖਣ ਅਤੇ ਭਾਰਤ ਦੇ ਇਕ ਪਛੜੇ ਹੋਏ ਦੇਸ਼ ਹੋਣ ਕਰਕੇ, ਭਾਰਤੀ ਲੋਕਾਂ ਦਾ ਇਨ੍ਹਾਂ ਪੱਛਮੀ ਲੋਕਾਂ ਨੇ ਆਉ-ਭਗਤ ਕਰਨ ਦੀ ਬਜਾਇ ਇਨ੍ਹਾਂ ਨੂੰ ਦੁਰਕਾਰਿਆ ਹੀ। ਦੂਜਾ, ਇਹ ਪ੍ਰਥਮ ਪਰਵਾਸੀ ਅਨਪੜ੍ਹ-ਅੱਧਖੜ੍ਹ ਤੇ ਪਿਛੋਂ ਕਿਰਸਾਨੀ ਸਮੁਦਾਇ ਵਿਚੋਂ ਹੋਣ ਕਰਕੇ ਬੇ-ਹੁਨਰੇ ਵੀ ਸਨ ਜਿਹੜੇ ਚੰਗੇ ਰੁਜ਼ਗਾਰ ਦੀ ਭਾਲ ਵਿਚ ਹਿੰਦ-ਚੀਨੀ ਦੇਸ਼ਾਂ ਵਿਚੋਂ ਹੁੰਦੇ ਹੋਏ ਉੱਤਰੀ ਅਮਰੀਕਾ ਆ ਗਏ ਸਨ।

ਨਾਵਲ ਦੀ ਰੂਪ-ਰਚਨਾ ਦਾ ਆਰੰਭ ਇਨ੍ਹਾਂ ਭਾਰਤੀ/ਪੰਜਾਬੀ ਪਰਵਾਸੀਆਂ ਦਾ ਕੈਨੇਡਾ ਵਿਚ ਰੁਜ਼ਗਾਰ ਦੇ ਵਧੇਰੇ ਅਵਸਰ ਉਪਲਬਧ ਹੋ ਜਾਣ

ਦੀ ਆਸ ਵਿਚ ਧੜਾ-ਧੜ ਵੈਨਕੂਵਰ ਉਤਰ ਜਾਣ ਨਾਲ ਹੁੰਦਾ ਹੈ। ਸਥਾਨਕ ਲੋਕ ਇਸ ਵਿਲੱਖਣ ਤੇ ਨਿਰਾਲੀ ਰਹਿਣੀ-ਬਹਿਣੀ ਵਾਲੇ ਲੋਕਾਂ ਨੂੰ ਵੇਖ ਕੇ ਅਸਚਰਜ ਵੀ ਹੋ ਰਹੇ ਹਨ ਅਤੇ ਉਨ੍ਹਾਂ ਬਾਰੇ ਆਪੋ ਆਪਣੀਆਂ ਮਨੋ-ਕਲਪਨਾਵਾਂ ਵੀ ਕਰ ਰਹੇ ਹਨ। ਨਾਵਲਕਾਰ ਹਿੰਦੋਸਤਾਨੀਆਂ ਦੀ ਕਨੇਡਾ ਵੱਲ ਪਰਵਾਸ-ਪ੍ਰਕਿਰਿਆ ਦੇ ਇਤਿਹਾਸਕ ਯਥਾਰਥ ਅਤੇ ਸਥਾਨਕ ਲੋਕਾਂ ਵਲੋਂ ਇਸ ਪ੍ਰਕ੍ਰਿਆ ਪ੍ਰਤਿ ਪ੍ਰਤਿਰੋਧਕ ਰਵੱਈਏ ਦੇ ਯਥਾਰਥ ਨੂੰ ਗਲਪੀ ਰੂਪ ਦੇਣ ਦਾ ਜਤਨ ਕਰਦਾ ਹੈ। ਦੂਜੇ ਸ਼ਬਦਾਂ ਵਿਚ, ਕਿਸੇ ਇਕ ਕੌਮ ਦੇ ਕੁਝ ਵਿਅਕਤੀਆਂ ਦੇ, ਦੂਸਰੇ ਦੂਰ-ਦੁਰਾਡੇ ਦੇਸ਼ ਵਿਚ ਵਸੇਬਾ ਕਰਨ ਦੀ ਸੰਘਰਸ਼ਮਈ ਇਤਿਹਾਸਕ ਗਾਥਾ ਨੂੰ ਗਲਪ-ਬਿੰਬ ਵਿਚ ਢਾਲਣ ਦਾ ਜਤਨ ਕੀਤਾ ਹੈ।

ਲੇਖਕ ਦੇ ਸ਼ਬਦਾਂ ਵਿਚ :

> *ਇਹ ਗਾਥਾ ਇਕ ਸ਼ਹੀਦ ਦੀ ਹੀ ਨਹੀਂ ਸਗੋਂ ਉਨ੍ਹਾਂ ਲੋਕਾਂ ਦੀ ਹੈ ਜਿਨ੍ਹਾਂ ਵਿਚ ਸ਼ਹੀਦ ਪੈਦਾ ਹੁੰਦੇ ਹਨ। ਇਸ ਨਾਵਲ ਦਾ ਵਿਸ਼ਾ ਕੇਵਲ ਸ਼ਹੀਦ ਦੀ ਸ਼ਹੀਦੀ ਨੂੰ ਜਗਾਉਣਾ ਹੀ ਨਹੀਂ ਸਗੋਂ ਉਸਦੇ ਆਪਣੇ ਲੋਕਾਂ ਦੇ ਜੀਵਨ-ਸੰਘਰਸ਼ ਦੀ ਇਕ ਵਿਥਿਆ ਹੈ।*

ਨਾਵਲਕਾਰ ਨੇ ਭਾਰਤੀ/ਪੰਜਾਬੀਆਂ ਦੇ ਕਨੇਡਾ ਵਿਚ ਵਸੇਬਾ ਕਰਨ ਦੀ ਇਸ ਜਦੋ-ਜਹਿਦ ਨੂੰ, ਇਸ ਉਦੇਸ਼ ਪੂਰਤੀ ਹਿਤ ਕੁਰਬਾਨ ਹੋਏ ਨਾਇਕ ਮੇਵਾ ਸਿੰਘ ਲੋਪੋਕੇ ਨੂੰ ਕੇਂਦਰ ਵਿਚ ਰੱਖ ਕੇ, ਪਾਠਕਾਂ ਨਾਲ ਸਾਂਝੇ ਕੀਤਾ ਹੈ। ਭਾਰਤੀ/ਪੰਜਾਬੀ ਪਰਵਾਸੀਆਂ ਦਾ ਇਸ ਡੇਢ ਦਹਾਕੇ ਦਰਮਿਆਨ ਕੀਤਾ ਸੰਘਰਸ਼ ਨਿਰਣਾਇਕ ਸਾਬਤ ਹੁੰਦਾ ਹੈ। ਦੂਜੀ ਮਹੱਤਵ-ਪੂਰਨ ਗੱਲ ਇਹ ਹੈ ਕਿ ਇਸੇ ਸੰਘਰਸ਼ ਵਿਚੋਂ ਹੀ ਦੇਸ਼ ਨੂੰ ਆਜ਼ਾਦ ਕਰਾਉਣ ਲਈ ਦੂਜਾ ਹਥਿਆਰ-ਬੰਦ ਗ਼ਦਰ ਜਥੇਬੰਦ ਕੀਤਾ ਜਾਂਦਾ ਹੈ। ਇਸ ਗ਼ਦਰ ਦੀ ਜਥੇਬੰਦ ਪ੍ਰਕ੍ਰਿਆ ਨੂੰ ਰੂਪਮਾਨ ਕਰਨ ਵਾਲੀ ਸਾਹਿਤਕ ਕਿਰਤ, ਲੇਖਕ ਦੇ ਇਸ ਤੋਂ ਪਹਿਲਾਂ ਲਿਖੇ ਨਾਵਲ ਹਰੀ ਸਿੰਘ ਉਸਮਾਨ ਬਾਰੇ ਗੱਲ ਹੋ ਚੁੱਕੀ ਹੈ। ਮੇਵਾ ਸਿੰਘ ਲੋਪੋਕੇ ਨਾਵਲ ਦੀ ਰੂਪ-ਰਚਨਾ ਦੇ ਕੇਂਦਰ ਵਿਚ ਕਨੇਡਾ ਵਿਚ ਰਹਿ ਰਹੇ ਭਾਰਤੀ/ਪੰਜਾਬੀ ਪਰਵਾਸੀਆਂ ਦੀ ਉਹ ਜਦੋ-ਜਹਿਦ ਆ ਜਾਂਦੀ ਹੈ, ਜਿਸਦੀ ਬਦੌਲਤ ਇਸ ਸਦੀ ਦੇ ਅਖ਼ੀਰ ਵਿਚ ਭਾਰਤੀ/ਪੰਜਾਬੀ ਪਰਵਾਸੀਆਂ ਦਾ ਇਕ ਖਾਸਾ ਤਕੜਾ ਸਮੁਦਾਇ, ਕਨੇਡਾ ਵਿਚ ਪੂਰੇ ਨਾਗਰਿਕ ਹੱਕਾਂ ਸਮੇਤ, ਕਨੇਡੀਅਨ ਬਣ ਚੁੱਕਾ

ਹੈ। ਇਹ ਨਾਵਲ ਰਚਨਾ ਹੁਣ ਦੇ ਇੰਡੋ-ਕਨੇਡੀਅਨ ਸਮੁਦਾਇ ਨੂੰ, ਆਪਣੇ ਅਤੀਤ ਨੂੰ ਵੇਖਣ ਦਾ ਇਕ ਅਵਸਰ ਮੁਹੱਈਆ ਕਰਦੀ ਹੈ ਅਤੇ ਇਸਦੇ ਨਾਲ ਕਨੇਡੀਅਨ ਭਾਰਤੀ/ਪੰਜਾਬੀ ਪਰਵਾਸੀਆਂ ਦੇ ਇਸ ਕ੍ਰਾਂਤੀਕਾਰੀ ਇਤਿਹਾਸ ਵਿਚ ਦਿਲਚਸਪੀ ਉਤਪੰਨ ਕਰਕੇ, ਨਵੀਂ ਪੀੜ੍ਹੀ ਨੂੰ ਇਸ ਇਤਿਹਾਸ ਵੱਲ ਹੋਰ ਖੋਜ-ਕਾਰਜ ਕਰਨ ਵਿਚ ਰੁਚਿਤ ਕਰ ਸਕਦੀ ਹੈ।

ਕਨੇਡਾ ਵਿਚ ਭਾਰਤੀ ਮਜ਼ਦੂਰ ਦਾਖਲ ਹੋਣ ਤੋਂ ਪਹਿਲਾਂ ਏਸ਼ੀਆਈ ਦੇਸ਼ਾਂ ਵਿਚੋਂ ਚੀਨੇ ਅਤੇ ਜਾਪਾਨੀ ਮਜ਼ਦੂਰ ਕੰਮ ਕਰਦੇ ਸਨ। ਭਾਰਤੀ ਪੰਜਾਬੀ ਮਜ਼ਦੂਰ ਜਿਹੜੇ ਅਧਿਕਤਰ ਫ਼ੌਜ ਤੇ ਪੁਲੀਸ ਦੀ ਨੌਕਰੀ ਕਰਦੇ ਆਏ ਸਨ, ਕੱਦ-ਕਾਠ ਅਤੇ ਸਰੀਰਕ ਤਾਕਤ ਪੱਖੋਂ ਕਾਫੀ ਬਲਸ਼ਾਲੀ ਸਨ, ਜਿਨ੍ਹਾਂ ਦਾ ਸੁਭਾਅ ਵੀ ਖੁੱਲ੍ਹਾ-ਡੁੱਲ੍ਹਾ ਤੇ ਹੌਸਲੇ ਵਾਲਾ ਸੀ। ਭਾਰਤੀ ਪੰਜਾਬੀ ਮਜ਼ਦੂਰਾਂ ਨੇ ਆਉਂਦਿਆਂ ਸਾਰ ਹੀ ਮਿੱਲ-ਮਾਲਕਾਂ ਦਾ ਧਿਆਨ ਆਪਣੇ ਵੱਲ ਖਿੱਚ ਲਿਆ। ਮਿੱਲਾਂ ਦੇ ਭਾਰੇ ਤੇ ਔਖੇ ਕੰਮਾਂ ਨੂੰ ਪੰਜਾਬੀ ਕਿਰਸਾਨਾਂ ਨੇ ਆਪਣੇ ਬਾਹੂ-ਬਲ ਨਾਲ ਕਰਕੇ ਹਰ ਪਾਸੇ ਆਪਣੀ ਧਾਂਕ ਜਮਾ ਦਿੱਤੀ ਜਿਸ ਨਾਲ ਮਿੱਲਾਂ ਵਿਚ ਪੰਜਾਬੀ ਮਜ਼ਦੂਰਾਂ ਦੀ ਪਹਿਲ ਦਿੱਤੀ ਜਾਣ ਲਗੀ ਅਤੇ ਚੀਨੀ ਤੇ ਜਾਪਾਨੀ ਮਜ਼ਦੂਰਾਂ ਦੇ ਮੁਕਾਬਲੇ ਇਨ੍ਹਾਂ ਦੀ ਮੰਗ ਵੀ ਵਧਣ ਲੱਗੀ।

ਗੋਰੇ ਮਜ਼ਦੂਰ, ਪਹਿਲੋਂ ਹੀ ਚੀਨੀ, ਜਾਪਾਨੀ ਏਸ਼ੀਆਈ ਮਜ਼ਦੂਰਾਂ ਵਿਰੁੱਧ ਆਪਣੀ ਪ੍ਰਤਿਕ੍ਰਿਆ ਜ਼ਾਹਰ ਕਰਦੇ ਆ ਰਹੇ ਸਨ। ਉਨ੍ਹਾਂ ਵਿਚ ਇਹ ਭ੍ਰਾਮਕ ਵਿਚਾਰ ਘਰ ਕਰ ਗਿਆ ਸੀ ਕਿ ਸਾਡੇ ਰੁਜ਼ਗਾਰ ਦੇ ਅਵਸਰਾਂ ਨੂੰ ਇਹ ਏਸ਼ੀਆਈ ਮਜ਼ਦੂਰ ਹੀ ਸੀਮਤ ਕਰਦੇ ਆ ਰਹੇ ਹਨ। ਦੂਜਾ, ਏਸ਼ੀਆਈ ਮਜ਼ਦੂਰ ਨਵਾਂ ਪਰਵਾਸੀ ਹੋਣ ਕਰਕੇ, ਮਜ਼ਬੂਰੀ-ਵੱਸ ਮਿੱਲ-ਮਾਲਕਾਂ ਦੁਆਰਾ ਪ੍ਰਸਤੁਤ ਘੱਟ ਉਜਰਤ ਉਤੇ ਵੀ ਕੰਮ ਕਰਨ ਲਈ ਤਿਆਰ ਹੋ ਜਾਂਦਾ ਸੀ। ਇਹ ਗੱਲ ਵੀ ਗੋਰੇ ਮਜ਼ਦੂਰਾਂ ਨੂੰ ਬਹੁਤ ਚੁੱਭਦੀ ਸੀ। ਕਿਉਂਕਿ ਇਸ ਨਾਲ ਗੋਰੇ ਮਜ਼ਦੂਰਾਂ ਦੀਆਂ ਵੱਧ ਉਜਰਤਾਂ ਲੈਣ ਵਾਸਤੇ ਕੀਤੀਆਂ ਹੜਤਾਲਾਂ ਉਤੇ ਵੀ ਇਸਦਾ ਬੁਰਾ ਅਸਰ ਪੈਂਦਾ ਸੀ। ਤੀਜਾ, ਜਦੋਂ ਗੋਰੇ ਮਜ਼ਦੂਰਾਂ ਦੀਆਂ ਯੂਨੀਅਨਾਂ ਹੜਤਾਲਾਂ ਕਰਦੀਆਂ ਸਨ ਤਾਂ ਮਿੱਲ-ਮਾਲਕ ਏਸ਼ੀਆਈ ਮਜ਼ਦੂਰਾਂ ਨੂੰ ਘੱਟ ਉਜਰਤ ਦੇ ਕੇ ਵੀ ਕੰਮ ਉਤੇ ਲਾ ਲੈਂਦੇ ਸਨ ਜਿਸਦੀ ਵਜ੍ਹਾ ਕਰਕੇ ਗੋਰੇ ਮਜ਼ਦੂਰ ਏਸ਼ੀਆਈ ਮਜ਼ਦੂਰਾਂ ਨੂੰ 'ਹੜਤਾਲ ਤੋੜਕ' ਮੰਨਦੇ ਸਨ। ਕਨੇਡਾ ਦੇ ਮਜ਼ਦੂਰਾਂ ਦੀ ਅਜਿਹੀ ਸਥਿਤੀ ਤੇ ਵਾਤਾਵਰਣ ਵਿਚ ਹੀ ਭਾਰਤੀ ਮਜ਼ਦੂਰਾਂ ਦਾ ਉਸ ਮਜ਼ਦੂਰ ਬਲ (Labour force) ਵਿਚ ਪ੍ਰਵੇਸ਼ ਹੁੰਦਾ ਹੈ ਜਿਹੜੇ ਬਤੌਰ ਮਜ਼ਦੂਰ,ਚੀਨੀ ਤੇ ਜਾਪਾਨੀ ਮਜ਼ਦੂਰਾਂ ਨਾਲੋਂ ਕਿਤੇ ਵੱਧ ਤਾਕਤਵਰ ਤੇ ਪਸੰਦੀ ਵਾਲੇ ਸਾਬਤ ਹੋ ਰਹੇ ਸਨ। ਗੋਰੇ ਮਜ਼ਦੂਰ

ਭਾਰਤੀ ਮਜ਼ਦੂਰਾਂ ਦੇ ਮਿੱਲਾਂ ਵਿਚ ਆ ਜਾਣ ਕਰਕੇ ਇਕ ਵਾਰ ਹੀ ਬੁਖਲਾ ਜਾਂਦੇ ਹਨ ਅਤੇ ਉਨ੍ਹਾਂ ਦਾ ਏਸ਼ੀਆਈ ਮਜ਼ਦੂਰਾਂ ਵਿਰੁੱਧ ਰੋਹ ਤੇ ਜੋਸ਼ ਸਿਧੀ ਲੜਾਈ ਵਿਚ ਬਦਲ ਜਾਂਦਾ ਹੈ। ਪੰਜਾਬੀ ਮਜ਼ਦੂਰ ਵਧੇਰੇ ਕਰਕੇ ਫ਼ੌਜੀ ਤੇ ਪੁਲਸੀਏ ਹੋਣ ਕਰਕੇ ਤੇ ਦੂਜਾ ਕਿਸਾਨ ਹੋਣ ਕਰਕੇ, ਗੋਰੇ ਮਜ਼ਦੂਰਾਂ ਨਾਲ ਸਿੱਧੀ ਟੱਕਰ ਵਿਚ ਆ ਖਲੋਂਦੇ ਸਨ। ਜਦੋਂ ਕਿ ਚੀਨੀ ਤੇ ਜਾਪਾਨੀ ਮਜ਼ਦੂਰ ਗੋਰੇ ਮਜ਼ਦੂਰਾਂ ਤੋਂ ਡਰਦੇ ਸਨ ਅਤੇ ਉਨ੍ਹਾਂ ਤੋਂ ਦੱਬ ਕੇ ਵੀ ਰਹਿੰਦੇ ਸਨ। ਗੋਰੇ ਮਜ਼ਦੂਰ ਪੂੰਜੀਵਾਦੀ ਵਿਵਸਥਾ ਦੇ ਚਰਿਤਰ ਤੇ ਪ੍ਰਕ੍ਰਿਤੀ ਤੋਂ ਕੋਰੇ ਸਨ ਜਿਸ ਕਰਕੇ ਉਨ੍ਹਾਂ ਵਿਚ ਸ਼੍ਰੇਣਿਕ ਚੇਤਨਾ ਦਾ ਅਭਾਵ ਸੀ। ਇਸ ਸ਼੍ਰੇਣਿਕ ਚੇਤਨਾ ਦੇ ਅਭਾਵ ਕਰਕੇ ਹੀ ਨਸਲੀ ਵਿਤਕਰੇ ਦੇ ਆਧਾਰ 'ਤੇ ਉਹ ਏਸ਼ੀਆਈ ਮਜ਼ਦੂਰਾਂ ਦੇ ਵਿਰੁੱਧ ਲਾਮਬੰਦ ਹੋ ਗਏ ਸਨ। ਕਨੇਡਾ ਵਿਚ ਸਥਿਤੀ ਕੁਝ ਇਸ ਤਰ੍ਹਾਂ ਬਣ ਜਾਂਦੀ ਹੈ ਕਿ ਇਕ ਪਾਸੇ ਸਰਕਾਰ ਤੇ ਸਥਾਨਕ ਗੋਰੇ ਲੋਕ ਸਨ, ਜਿਹੜੇ ਨਵੇਂ ਆਏ ਲੋਕਾਂ ਨੂੰ ਪਸੰਦ ਨਹੀਂ ਕਰਦੇ ਅਤੇ ਨਸਲ ਦੇ ਆਧਾਰ ਉਤੇ ਉਨ੍ਹਾਂ ਨੂੰ ਖਦੇੜਣਾ ਚਾਹੁੰਦੇ ਹਨ। ਦੂਜੇ, ਇਸ ਵਿਰੋਧ-ਪ੍ਰਕ੍ਰਿਆ ਵਿਚ ਸਭ ਤੋਂ ਅੱਗੇ ਜਥੇਬੰਦਕ ਰੂਪ 'ਚ ਇਥੋਂ ਦਾ ਗੋਰਾ ਮਜ਼ਦੂਰ ਸਰਗਰਮ ਹੋ ਜਾਂਦਾ ਹੈ ਕਿਉਂਕਿ ਉਸ ਦੇ ਹਿੱਤਾਂ ਨੂੰ ਸੱਟ ਲੱਗ ਰਹੀ ਸੀ। ਤੀਜਾ, ਬੁਰਜਵਾ ਸ਼੍ਰੇਣੀ ਸੀ, ਜਿਸਦੇ ਹਿਤ ਸਸਤੀ ਤੋਂ ਸਸਤੀ ਮਜ਼ਦੂਰ ਬਲ (Labour force) ਲੈਣ ਵਿਚ ਸਨ। ਚੌਥਾ, ਏਸ਼ੀਆਈ ਪਰਵਾਸੀ ਮਜ਼ਦੂਰ ਸਨ ਜਿਹੜੇ ਆਪਣੀ ਮਜ਼ਦੂਰੀ ਦੀ ਉਚਿਤ ਉਜਰਤ ਮੰਗਦੇ ਹਨ ਅਤੇ ਸਮਾਜ ਦੇ ਹੋਰਨਾਂ ਸਥਾਨਕ ਲੋਕਾਂ ਵਾਂਗ ਹੀ ਪੂਰੇ ਨਾਗਰਿਕ ਹੱਕਾਂ ਸਮੇਤ ਬਾ-ਇੱਜ਼ਤ ਜੀਵਨ ਜਿਉਣਾ ਚਾਹੁੰਦੇ ਹਨ। ਉਪਰੋਕਤ ਵਸਤੂ ਸਥਿਤੀ ਦੇ ਰੂ-ਬ-ਰੂ ਭਾਰਤੀ/ਪੰਜਾਬੀ ਲੋਕ ਇਥੇ ਆਪਣੇ ਵਸੇਬੇ ਦੀ ਜਦੋ-ਜਹਿਦ ਦੀ ਪ੍ਰਕ੍ਰਿਆ ਵਿਚ ਪੈਂਦੇ ਹਨ, ਜਿਸਨੂੰ ਲੇਖਕ ਗਲਪੀ ਰੂਪ ਪ੍ਰਦਾਨ ਕਰਦਾ ਹੈ।

ਭਾਰਤੀ/ਪੰਜਾਬੀ ਪਰਵਾਸੀਆਂ ਦੀ ਪ੍ਰਥਮ ਆਵੱਸ਼ਕਤਾ ਆਪਣੇ ਆਪ ਦੀ ਸੁਰੱਖਿਅਤਾ ਕਰਨੀ ਅਤੇ ਇਸ ਉਦੇਸ਼ ਦੀ ਪੂਰਤੀ ਲਈ ਸੰਗਠਤ ਹੋਣਾ ਸੀ। ਦੂਜਾ, ਨਸਲੀ ਵਿਤਕਰੇ ਦੇ ਆਧਾਰ 'ਤੇ ਜੋ ਭੇਦ-ਭਾਵ ਕੀਤਾ ਜਾਂਦਾ ਸੀ ਤੇ ਸਥਾਨਕ ਲੋਕਾਂ ਵਲੋਂ ਨਫ਼ਰਤ ਕੀਤੀ ਜਾਂਦੀ ਸੀ ਉਸ ਵਿਰੁੱਧ ਲਾਮਬੰਦ ਹੋਣਾ ਸੀ। ਨਾਵਲੀ ਬਿਰਤਾਂਤ ਵਿਚ ਉਪਰੋਕਤ ਮਸਲਾ ਸਪੱਸ਼ਟ ਕੀਤਾ ਗਿਆ ਹੈ :

"ਅਸੀਂ ਦੇਸ਼ ਛਡਿਆ। ਪਰਵਾਰ ਛਡੇ। ਜ਼ਮੀਨਾਂ ਛਡੀਆਂ। ਸਰਦਾਰੀਆਂ ਛੱਡੀਆਂ। ਹਜ਼ਾਰਾਂ ਮੀਲ ਦੂਰ ਆ ਕੇ ਮਜ਼ਦੂਰੀਆਂ ਕਰਨ ਲਈ ਮਜਬੂਰ ਹੋ ਰਹੇ ਹਾਂ। ਸਾਡੇ ਮਿਲ ਬੈਠਣ ਲਈ ਕੋਈ

ਸਾਂਝੀ ਥਾਂ ਨਹੀਂ। ਹਰ ਰੋਜ਼ ਨਵੇਂ ਤੇ ਨਵੇਂ ਮਸਲੇ ਪੈਦਾ ਹੋ ਰਹੇ ਹਨ। ਨਵੀਆਂ ਤੋਂ ਨਵੀਆਂ ਮੁਸ਼ਕਲਾਂ ਆ ਰਹੀਆਂ ਹਨ।

"ਦੂਜੀ ਗੱਲ ਇਹ ਹੈ ਕਿ ਅਸੀਂ ਹਜ਼ਾਰਾਂ ਮੀਲ ਦੂਰ ਪਰਦੇਸ ਵਿਚ ਆ ਕੇ ਵੀ ਆਪਣੀ ਰਹਿਣੀ ਬਹਿਣੀ ਕਾਇਮ ਰੱਖਣੀ ਹੈ। ਅਸੀਂ ਆਪਣੀ ਸਭਿਅਤਾ ਦੀ ਰਾਖੀ ਕਰਨੀ ਹੈ। ਆਪਣੇ ਧਰਮ ਵਿਚ ਪੱਕੇ ਰਹਿਣਾ ਹੈ। ਆਪਣੇ ਦੇਸ਼ ਨੂੰ ਨਹੀਂ ਭੁੱਲਣਾ।

"ਉਹ ਇਸ ਦੇਸ਼ ਨੂੰ ਗੋਰੀ ਨਸਲ ਲਈ ਵਕਫ਼ ਰਖਣਾ ਚਾਹੁੰਦੇ ਹਨ। ਉਹ ਨਹੀਂ ਚਾਹੁੰਦੇ ਕਿ ਅਸੀਂ ਇਸ ਦੇਸ਼ ਵਿਚ ਪੈਰ ਪਾਈਏ। ਉਹ ਸਾਡੇ ਪਹਿਰਾਵੇ ਨੂੰ ਪਰਵਾਨ ਨਹੀਂ ਕਰਦੇ। ਸਾਡੇ ਧਰਮ ਦਾ ਮਖ਼ੌਲ ਉਡਾਂਦੇ ਹਨ। ਸਾਡੀ ਸਭਿਅਤਾ ਨੂੰ ਨੀਵੀਂ ਦਸਦੇ ਹਨ। ਆਪਣੇ ਧਰਮ ਨੂੰ ਇਕੋ ਧਰਮ ਮੰਨਦੇ ਹਨ।...

"ਸਾਡਾ ਦੇਸ ਪਰਦੇਸੀ ਹਕੂਮਤ ਦੇ ਜੂਲੇ ਹੇਠ ਹੈ, ਇਸ ਲਈ ਸਾਨੂੰ ਗ਼ੁਲਾਮ ਗ਼ੁਲਾਮ ਕਹਿੰਦੇ ਨਹੀਂ ਥਕਦੇ। ਨਸਲੀ ਵਿਤਕਰਾ ਉਭਰ ਰਿਹਾ ਹੈ। ਹੋਰ ਤਾਂ ਹੋਰ ਸਾਨੂੰ 'ਮਾਣਸ ਖਾਣੇ' ਦਸਦੇ ਹਨ। ਅਜਿਹੇ ਕਈ ਮਸਲੇ ਹਨ ਜਿਨ੍ਹਾਂ ਨੂੰ ਸੋਚਣ ਸਮਝਣ ਲਈ ਮਿਲ-ਬੈਠਣ ਲਈ ਸਾਂਝੇ ਥਾਂ ਦੀ ਲੋੜ ਹੈ।"

ਇਸ ਸਮੇਂ ਭਾਰਤੀ ਪਰਵਾਸੀ ਬਹੁਤੇ ਨਹੀਂ ਸਨ, ਉਨ੍ਹਾਂ ਦੀ ਗਿਣਤੀ ਸਿਰਫ਼ ਚਾਰ-ਪੰਜ ਹਜ਼ਾਰ ਸੀ ਅਤੇ ਉਹ ਵੀ, ਜਿਥੇ-ਜਿਥੇ ਕੰਮ ਮਿਲਦਾ ਸੀ, ਉਥੇ ਹੀ 'ਡੇਰਾ' ਲਾ ਕੇ ਬੈਠੇ ਸਨ। ਇਸ ਲਈ ਦਰਪੇਸ਼ ਸਮੱਸਿਆ ਨੂੰ ਨਜਿੱਠਣ ਲਈ, ਇਕ ਥਾਂ ਉਤੇ ਇਕੱਠੇ ਹੋਣਾ ਜ਼ਰੂਰੀ ਸੀ ਅਤੇ ਇਸ ਮਕਸਦ ਲਈ ਉਨ੍ਹਾਂ ਕੋਲ ਆਪਣਾ ਧਾਰਮਕ ਅਸਥਾਨ ਉਸਾਰ ਕੇ ਮਿਲ ਬੈਠਣ ਤੋਂ ਬਿਨਾਂ ਕੋਈ ਹੋਰ ਸੁਵਿਧਾਜਨਕ ਵਸੀਲਾ ਵੀ ਨਹੀਂ ਸੀ। ਗੁਰਦਵਾਰਾ ਉਸਾਰਨ ਦਾ ਅਮਲ, ਇਕ ਪਾਸੇ ਇਨ੍ਹਾਂ ਲੋਕਾਂ ਦੀ ਧਾਰਮਿਕ ਤੇ ਅਧਿਆਤਮਕ ਭੁੱਖ ਨੂੰ ਪੂਰਾ ਕਰਦਾ ਸੀ, ਦੂਜਾ, ਇਹ ਇਕ ਸਰਬ-ਸਾਂਝੀ ਜਗ੍ਹਾ ਦਾ ਬਣ ਜਾਣਾ ਸੀ ਜਿਥੇ ਬੈਠ ਕੇ ਆਪਣੀਆਂ ਸਮੱਸਿਆਵਾਂ; ਦੁੱਖਾਂ ਤੇ ਬਿਪਤਾਵਾਂ ਉਤੇ ਖੁੱਲ੍ਹ ਕੇ ਵਿਚਾਰ ਕੀਤੀ ਜਾ ਸਕਦੀ ਸੀ ਤੇ ਤੀਜਾ, ਏਸ਼ੀਆਈ ਮਜ਼ਦੂਰਾਂ ਨੂੰ ਕੋਈ ਆਪਣਾ ਸੰਗਠਨ ਬਣਾਉਣ ਦੇ ਹੱਕਾਂ ਤੋਂ ਵੰਚਿਤ ਕੀਤਾ ਗਿਆ ਸੀ, ਇਸ ਲਈ ਉਸਦੇ ਬਦਲ ਵਜੋਂ 'ਸਾਧ ਸੰਗਤ' ਦਾ ਓਹਲਾ ਇਕ ਬੜਾ ਕਾਰਗਰ ਸਾਧਨ ਸੀ, ਜਿਸ ਉਤੇ ਸਰਕਾਰ ਵੀ ਛੇਤੀ ਕੀਤਿਆਂ ਕੋਈ ਇਤਰਾਜ਼ ਨਹੀਂ ਸੀ ਕਰ ਸਕਦੀ। ਭਾਰਤੀ/

ਪੰਜਾਬੀ ਪਰਵਾਸੀਆਂ ਨੇ ਗੁਰਦਵਾਰਾ ਉਸਾਰਨ ਦੇ ਉਦਮ ਵਿਚ ਵਧ ਚੜ੍ਹਕੇ ਹਿੱਸਾ ਲਿਆ, ਵੱਧ ਤੋਂ ਵੱਧ ਉਗਰਾਹੀ ਦਿੱਤੀ ਅਤੇ ਇਸ ਉਗਰਾਹੀ ਨੂੰ ਉਗਰਾਹੁਣ ਵਿਚ ਨਾਇਕ ਮੇਵਾ ਸਿੰਘ ਸਭ ਤੋਂ ਅੱਗੇ ਹੁੰਦਾ ਹੈ। ਮੋਹਤਬਰ ਬੰਦੇ ਮੇਵਾ ਸਿੰਘ ਵਰਗੇ ਸਾਊ, ਸੁਸ਼ੀਲ ਤੇ ਈਮਾਨਦਾਰ ਵਿਅਕਤੀ ਨੂੰ ਇਹ ਮਾਇਕ ਜ਼ਿੰਮੇਵਾਰੀ ਸੌਂਪ ਕੇ ਨਿਸ਼ਚਿੰਤ ਰਹਿੰਦੇ ਹਨ।

ਇਸ ਤਰ੍ਹਾਂ ਭਾਰਤੀ/ਪੰਜਾਬੀ ਪਰਵਾਸੀ, ਕਨੇਡਾ ਵਿਚ ਆਪਣੇ ਵਸੇਬੇ ਦੇ ਰਾਹ ਵਿਚ ਆਉਂਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਵਾਸਤੇ ਅਤੇ ਆਪਣੇ ਧਰਮ ਤੇ ਸਭਿਆਚਾਰ ਨੂੰ ਜਿਉਂਦਾ ਰੱਖਣ ਲਈ, ਸਮਾਜਕ ਤੌਰ 'ਤੇ ਠੋਸ ਰੂਪ ਵਿਚ ਗਤਿਵਿਧੀਆਂ ਦਾ ਆਰੰਭ ਕਰ ਦਿੰਦੇ ਹਨ। ਇਸਦੇ ਫਲਸਰੂਪ ਕਨੇਡਾ ਦੀ ਧਰਤੀ ਉਤੇ 1908 ਵਿਚ ਵੈਨਕੂਵਰ ਸ਼ਹਿਰ ਵਿਖੇ ਪਹਿਲੇ ਗੁਰਦਵਾਰੇ ਦੀ ਸਥਾਪਨਾ ਹੋ ਜਾਂਦੀ ਹੈ, ਜਿਸ ਨਾਲ ਭਾਰਤੀ/ਪੰਜਾਬੀ ਸਭਿਅਤਾ ਤੇ ਸੰਸਕ੍ਰਿਤੀ ਨੂੰ ਭਵਿੱਖ ਵਿਚ ਵਿਕਸਤ ਤੇ ਫੈਲਣ ਲਈ ਇਕ ਠੋਸ ਸਮਾਜਕ ਆਧਾਰ ਮਿਲ ਜਾਂਦਾ ਹੈ। ਗੁਰਦਵਾਰਾ, ਨਿਰਸੰਦੇਹ, ਇਕ ਸਮੁਦਾਇਕ ਕੇਂਦਰ (Community centre) ਸੀ, ਜਿਥੇ ਭਾਰਤੀ ਪਰਵਾਸੀਆਂ ਨੇ ਬੈਠਕੇ ਆਪਣੇ ਵਰਤਮਾਨ ਮਸਲਿਆਂ ਨੂੰ ਨਜਿੱਠਣਾ ਸੀ ਅਤੇ ਸਮੁਦਾਇ ਦੀਆਂ ਭਵਿੱਖੀ ਯੋਜਨਾਵਾਂ ਉਤੇ ਵਿਚਾਰ-ਵਟਾਂਦਰਾ ਕਰਨਾ ਸੀ। ਗੁਰਦਵਾਰੇ ਦੇ ਗ੍ਰੰਥੀ ਦੀ ਸੇਵਾ ਇਕ ਸਜਗ, ਸਭਿਅਕ ਤੇ ਸਮੁਦਾਇ ਵਿਚ ਸਤਿਕਾਰੇ ਜਾਂਦੇ ਭਾਈ ਬਲਵੰਤ ਸਿੰਘ ਨੂੰ ਸੌਂਪੀ ਜਾਂਦੀ ਹੈ। ਉਹ ਇਸ ਗੁਰਦਵਾਰੇ ਨੂੰ ਉਸਾਰਨ ਦੇ ਮੂਲ ਮਕਸਦ ਤੇ ਉਦੇਸ਼ ਨੂੰ ਬਹੁਤ ਚੰਗੀ ਤਰ੍ਹਾਂ ਜਾਣਦੇ ਸਨ, ਏਸੇ ਕਰਕੇ ਤਾਂ ਉਹ ਕਹਿੰਦੇ ਹਨ :

> *"ਸਾਧ ਸੰਗਤ ਬੇਅਦਬੀ ਮੁਆਫ਼ ਕਰੇ, ਮੈਂ ਤਾਂ ਗੁਰਦਵਾਰੇ ਦੀ ਸੰਗਤ ਨੂੰ 'ਮਜ਼ਦੂਰ ਸਭਾ' ਕਹਿਣ ਨੂੰ ਵੀ ਤਿਆਰ ਹਾਂ।"*

ਭਾਰਤੀ ਪਰਵਾਸੀ ਗੁਰਦਵਾਰੇ ਦੇ ਓਟ ਵਿਚ ਇਕੱਤਰ ਹੋ ਕੇ ਆਪਣੀ 'ਮਜ਼ਦੂਰ ਸਭਾ' ਬਣਾਉਣ ਵਿਚ ਕਾਮਯਾਬ ਹੋ ਜਾਂਦੇ ਹਨ।

ਭਾਰਤੀ ਪਰਵਾਸੀਆਂ ਦੀ ਇਸ ਬਣੀ 'ਮਜ਼ਦੂਰ ਸਭਾ' ਸਾਹਮਣੇ ਅਨੇਕਾਂ ਮਸਲੇ ਤੇ ਸਮੱਸਿਆਵਾਂ ਉਪਸਥਿਤ ਹੁੰਦੀਆਂ ਹਨ। ਇਨ੍ਹਾਂ ਵਿਚੋਂ ਸਭ ਤੋਂ ਮਹੱਤਵ-ਪੂਰਨ ਸਮੱਸਿਆ 'ਨਸਲੀ ਵਿਤਕਰਾ' ਹੈ। ਇਹ ਨਸਲੀ ਵਿਤਕਰਾ ਕਨੇਡਾ ਦੀ ਸਰਕਾਰ ਵਲੋਂ, ਸਥਾਨਕ ਗੋਰੇ ਲੋਕਾਂ ਵਲੋਂ, ਗੋਰੀ ਮਜ਼ਦੂਰ ਸ਼੍ਰੇਣੀ ਵਲੋਂ ਤੇ ਪ੍ਰਸ਼ਾਸਨ ਦੀ ਮੁੱਖ ਸੰਚਾਲਕ ਸ਼ਕਤੀ ਨੌਕਰਸ਼ਾਹੀ ਵਲੋਂ ਏਸ਼ੀਆਈ

ਮਜ਼ਦੂਰਾਂ ਦੇ ਜੀਵਨ ਦੇ ਹਰ ਪੱਖ, ਹਰ ਸਤਰ ਤੇ ਹੱਰ ਪਾਸਿਉਂ ਕੀਤਾ ਜਾਂਦਾ ਮਿਲਦਾ ਹੈ।ਗੋਰੇ ਮਜ਼ਦੂਰ, ਏਸ਼ੀਆਈ ਮਜ਼ਦੂਰਾਂ ਨੂੰ ਉਨ੍ਹਾਂ ਦੇ ਕੰਮਾਂ ਦੇ ਥਾਵਾਂ ਉਤੇ, ਕੰਮਾਂ ਉਤੇ ਆਉਂਦੇ-ਜਾਂਦਿਆਂ ਨੂੰ ਅਤੇ ਉਨ੍ਹਾਂ ਦੇ ਰਿਹਾਇਸ਼ੀ ਥਾਵਾਂ ਉਤੇ ਵਾਰ-ਵਾਰ ਮਾਰੂ ਹਮਲੇ ਕਰਦੇ ਹਨ। ਗੋਰੇ ਮਜ਼ਦੂਰਾਂ ਦੀਆਂ ਯੂਨੀਅਨਾਂ ਇਕ ਪਾਸੇ ਤਾਂ ਨਸਲੀ ਵਿਤਕਰੇ ਦੇ ਆਧਾਰ 'ਤੇ ਏਸ਼ੀਆਈ ਮਜ਼ਦੂਰਾਂ ਨੂੰ ਆਪਣੀਆਂ ਯੂਨੀਅਨਾਂ ਵਿਚ ਸ਼ਾਮਲ ਨਹੀਂ ਸਨ ਕਰਦੀਆਂ ਅਤੇ ਦੂਜੇ ਪਾਸੇ, ਜਦੋਂ ਇਹ ਮਜ਼ਦੂਰ ਹੜਤਾਲ ਦੇ ਸਮੇਂ ਕੰਮ ਉਤੇ ਲਗਦੇ ਸਨ ਤਾਂ ਉਨ੍ਹਾਂ ਦੀ ਕੁੱਟ-ਮਾਰ ਕੀਤੀ ਜਾਂਦੀ ਸੀ। ਇਸ ਤਰ੍ਹਾਂ ਹੀ ਉਹ ਜਦੋਂ ਆਪਣੀਆਂ ਉਜਰਤਾਂ ਵਧਾਉਣ ਲਈ ਮਿੱਲਾਂ ਵਿਚ ਹੜਤਾਲਾਂ ਕਰਦੇ ਸਨ, ਉਦੋਂ ਉਹ ਏਸ਼ੀਆਈ ਮਜ਼ਦੂਰਾਂ ਨੂੰ ਦਿੱਤੀ ਜਾਂਦੀ ਘੱਟ ਉਜਰਤ ਦੇ ਵਿਰੁੱਧ ਕੋਈ ਆਵਾਜ਼ ਨਹੀਂ ਸਨ ਉਠਾਉਂਦੇ, ਪਰ ਇਸ ਗੱਲ 'ਤੇ ਲੋਹੇ-ਲਾਖੇ ਹੁੰਦੇ ਸਨ ਕਿ ਏਸ਼ੀਆਈ ਮਜ਼ਦੂਰ ਘੱਟ ਉਜਰਤਾਂ ਲੈ ਕੇ ਸਾਡੀਆਂ ਕੀਤੀਆਂ ਜਾਂਦੀਆਂ ਹੜਤਾਲਾਂ ਨੂੰ ਕਾਮਯਾਬ ਨਹੀਂ ਹੋਣ ਦਿੰਦੇ। ਗੋਰੀ ਮਜ਼ਦੂਰ ਸ਼੍ਰੇਣੀ ਦਾ ਇਹ ਆਪਾ-ਵਿਰੋਧੀ ਕਿਰਦਾਰ ਉਹਨਾਂ ਦਾ ਏਸ਼ੀਆਈ ਮਜ਼ਦੂਰਾਂ ਵਿਰੁੱਧ ਨਸਲੀ ਵਿਤਕਰੇ ਉਤੇ ਆਧਾਰਤ ਸੀ। ਦੂਜਾ, ਉਹ ਸ਼੍ਰੇਣੀ ਚੇਤਨਾ ਦੇ ਅਭਾਵ ਵਿਚ ਸਮੁੱਚੀ ਮਜ਼ਦੂਰ ਸ਼੍ਰੇਣੀ ਦੇ ਹਿੱਤਾਂ ਨੂੰ ਵੇਖਣ ਤੋਂ ਅਸਮਰਥ ਸਨ, ਜਿਸ ਨਾਲ ਸਮੁੱਚੀ ਮਜ਼ਦੂਰ ਸ਼੍ਰੇਣੀ ਵਿਚ ਏਕਤਾ ਹੋਣ ਦੀ ਬਜਾਇ ਇਸ ਵਿਚ ਫੁੱਟ ਪਈ ਰਹਿੰਦੀ ਤੇ ਮਜ਼ਦੂਰ ਲਹਿਰ ਤਕੜੀ ਹੋਣ ਦੀ ਬਜਾਇ ਕਮਜ਼ੋਰ ਰਹਿੰਦੀ ਹੈ। ਇਹ ਦੋਵੇਂ ਗੱਲਾਂ, ਕਨੇਡਾ ਸਰਕਾਰ ਤੇ ਉਸਦੀ ਪੂੰਜੀਵਾਦੀ ਸ਼੍ਰੇਣੀ ਨੂੰ ਬੜੀਆਂ ਰਾਸ ਆਉਂਦੀਆਂ ਸਨ, ਜਿਸ ਕਰਕੇ ਉਹ ਨਸਲੀ ਵਿਤਕਰੇ ਨੂੰ ਹਮੇਸ਼ਾ ਹਵਾ ਦਿੰਦੀਆਂ ਰਹਿੰਦੀਆਂ ਹਨ। ਇਥੋਂ ਦਾ ਧਰਮ, ਆਪਣੇ ਦ੍ਰਿਸ਼ਟੀਕੋਣ ਤੋਂ ਇਸ ਨਸਲੀ ਵਿਤਕਰੇ ਨੂੰ ਵਰਤ ਰਿਹਾ ਸੀ ਕਿਉਂਕਿ ਏਸ਼ੀਆਈ ਮਜ਼ਦੂਰਾਂ ਦੇ ਆਪਣੇ ਵੱਖੋ-ਵੱਖਰੇ ਧਰਮ ਸਨ ਅਤੇ ਉਹ ਈਸਾਈ ਧਰਮ ਤੋਂ ਬਾਹਰੇ ਹੋਣ ਕਰਕੇ, ਆਮ ਜਨਤਾ ਦੀ ਨਫ਼ਰਤ ਦੇ ਸ਼ਿਕਾਰ ਹੁੰਦੇ ਰਹਿੰਦੇ ਹਨ। ਇਸ ਤਰ੍ਹਾਂ ਕਨੇਡਾ ਦੀਆਂ ਪ੍ਰਤਿਕ੍ਰਿਆਵਾਦੀ ਸ਼ਕਤੀਆਂ ਮਜ਼ਦੂਰਾਂ ਅਤੇ ਜਨਤਾ ਦੇ ਨਸਲੀ ਵਿਤਕਰੇ ਦੇ ਸੰਸਕਾਰਾਂ ਨੂੰ ਵਰਤ ਕੇ ਆਪਣੇ ਹੱਕ ਵਿਚ ਭੁਗਤਾਉਂਦੀਆਂ ਹਨ। ਜਿਸਦੇ ਫਲਸਰੂਪ ਏਸ਼ੀਆਈ ਮਜ਼ਦੂਰਾਂ ਨੂੰ ਇਸ ਦੇਸ਼ ਵਿਚੋਂ ਖਦੇੜਣ ਲਈ ਕਈ ਸੰਗਠਨਾਂ ਨੂੰ ਜਥੇਬੰਦ ਕਰ ਲੈਂਦੀਆਂ ਹਨ। ਇਹ ਸੰਗਠਨ ਆਏ ਦਿਨ ਸ਼ਹਿਰਾਂ-ਕਸਬਿਆਂ ਵਿਚ ਜਲਸੇ-ਜਲੂਸ ਕਢਦੇ ਹਨ ਅਤੇ ਨਵੇਂ ਆ ਰਹੇ ਪਰਵਾਸੀਆਂ ਦੇ ਆਉਣ ਉਤੇ ਰੋਕ ਲਾਉਣ ਲਈ ਸਰਕਾਰ ਉਤੇ ਹਮੇਸਾ ਜ਼ੋਰ ਪਾਉਂਦੇ ਰਹਿੰਦੇ ਸਨ।

ਉਪਰੋਕਤ ਵਸਤੂ-ਸਥਿਤੀ ਦੇ ਸਨਮੁਖ ਭਾਰਤੀ ਭਾਈਚਾਰਾ ਆਪਣੀ ਹੋਂਦ ਨੂੰ ਬਣਾਈ ਰੱਖਣ ਲਈ ਜਦੋਂ-ਜਹਿਦ ਦੇ ਰਾਹ ਪੈਂਦਾ ਹੈ। ਇਸ ਜਦੋ-ਜਹਿਦ ਨੂੰ ਸੰਗਠਤ ਰੂਪ ਦੇਣ, ਇਸ ਨੂੰ ਆਰਥਿਕ ਤੌਰ 'ਤੇ ਪੈਰਾਂ ਸਿਰ ਰੱਖਣ ਵਿਚ ਨਾਵਲ ਦਾ ਨਾਇਕ ਇਕ ਵੱਡਮੁੱਲਾ ਯੋਗਦਾਨ ਪਾਉਂਦਾ ਹੈ।

ਨਾਵਲ ਦਾ ਨਾਇਕ ਕੋਈ ਬਹੁਤਾ ਪੜ੍ਹਿਆ-ਲਿਖਿਆ ਵਿਅਕਤੀ ਨਹੀਂ ਹੈ। ਲੇਖਕ ਨੇ ਉਸਨੂੰ ਸਾਊ, ਸ਼ਰੀਫ਼ ਤੇ ਸੀਤਲ ਸੁਭਾਅ ਦਾ ਚਿਤਰਿਆ ਹੈ। ਉਹ ਇਕ ਗਰਮਖ ਬੰਦਾ ਉਸਾਰਿਆ ਗਿਆ ਹੈ ਜਿਹੜਾ ਮਾਨਵੀ ਕਦਰਾਂ-ਕੀਮਤਾਂ ਨਾਲ ਬੱਝਾ ਹੋਇਆ, ਮਨੁੱਖ ਦੇ ਭਲੇ ਹਿਤ ਕੰਮ ਕਰਦਾ ਹੈ। ਉਹ ਆਪਣੇ ਸਹਿਯੋਗੀ ਭਰਾਵਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ, ਸਾਫ਼ ਸੁਥਰਾ ਜੀਵਨ ਬਿਤਾਉਣ ਅਤੇ ਸਾਂਝੇ ਕੰਮਾਂ ਲਈ ਵਧ ਚੜ੍ਹ ਕੇ ਆਪਣਾ ਯੋਗਦਾਨ ਪਾਉਣ ਲਈ ਪ੍ਰੇਰਦਾ ਹੈ। ਐਬਸਫੋਰਡ ਕਸਬੇ ਦੀ ਮਿੱਲ ਵਿਚ, ਜਿਥੇ ਉਹ ਕੰਮ ਕਰ ਰਿਹਾ ਸੀ, ਵਿਚ ਆਪਣੇ ਮਿੱਲ ਮਾਲਕ ਨਾਲ, ਚੀਨੇ ਜਾਪਾਨੀ ਮਜ਼ਦੂਰਾਂ ਨਾਲ ਅਤੇ ਆਪਣੇ ਭਾਈਚਾਰੇ ਦੇ ਬਾਕੀ ਮਜ਼ਦੂਰ ਸਾਥੀਆਂ ਨਾਲ, ਇਉਂ ਪੇਸ਼ ਆਉਂਦਾ ਹੈ, ਜਿਵੇਂ ਇਕ ਚੇਤਨ, ਵਿਚਾਰਧਾਰਕ ਤੌਰ 'ਤੇ ਸੁਦ੍ਰਿੜ੍ਹ ਸੰਗਠਨ-ਕਾਰੀ ਨੇਤਾ ਆਉਂਦਾ ਹੈ।

ਨਾਵਲਕਾਰ ਆਪਣੇ ਨਾਇਕ ਨੂੰ, ਆਪਣੇ ਦ੍ਰਿਸ਼ਟੀਕੋਣ ਅਨੁਸਾਰ ਉਸਾਰਦਾ ਪ੍ਰਤੀਤ ਹੁੰਦਾ ਹੈ। ਨਾਵਲਕਾਰ ਆਪਣੀਆਂ ਸਮੂਹ ਰਚਨਾਤਮਕ ਕਿਰਤਾਂ ਵਿਚ ਇਕ ਪ੍ਰਗਤੀਵਾਦੀ ਮਾਨਵਵਾਦੀ ਸੁਰ ਵਾਲੇ ਦ੍ਰਿਸ਼ਟੀਕੋਣ ਦਾ ਧਾਰਨੀ ਲੇਖਕ ਸਿੱਧ ਹੁੰਦਾ ਹੈ, ਜਿਸਦਾ ਪਿਛੋਕੜ ਸਿੱਖ ਸਮਾਜ ਤੇ ਸਿੱਖੀ ਨਾਲ ਸੰਬੰਧਿਤ ਹੈ। ਉਹ ਆਪ ਵੀ ਇਸ ਰਚਨਾ ਦੀ ਭੂਮਿਕਾ ਵਿਚ ਲਿਖਦਾ ਹੈ :

> *"ਸਾਹਿਤ ਦੀ ਰਚਨਾ ਮੇਰਾ ਆਦਰਸ਼ ਨਹੀਂ, ਇਹ ਮੇਰਾ ਇਕ ਹਥਿਆਰ ਹੈ ਲੋਕ-ਸੇਵਾ ਲਈ। ਲੋਕ-ਸੇਵਾ ਕਰਨ ਵਾਲੇ ਜੋਧਿਆਂ ਦੇ ਪਾਏ ਪੂਰਨਿਆਂ ਤੇ ਕਰਮ ਯੋਗੀਆਂ ਦੀਆਂ ਕਥਾਵਾਂ ਨੂੰ ਨਵੀਆਂ ਕਰਨ ਲਈ ਸਾਹਿਤ ਰਚਨਾ ਮੇਰਾ ਇਕ ਰਾਹ ਹੈ। ਕਰਮ ਯੋਗ ਦੇ ਬੀਜ ਪੁੰਗਰਦੇ ਰਹਿਣ, ਸਿੱਟੇ ਲਗਦੇ ਰਹਿਣ। ਲੋਕਾਂ ਦੇ ਹੱਕਾਂ ਲਈ ਸੰਘਰਸ਼ ਕਰਨ ਵਾਲੇ ਜੋਧੇ ਪੈਦਾ ਹੁੰਦੇ ਰਹਿਣ ਤਾਂ ਕਿ ਕੋਈ ਜਰਵਾਣਾ ਚਿੱਟੇ-ਦਿਨ ਸਿਖਰ-ਦੁਪਹਿਰੇ ਲੋਕਾਂ ਨੂੰ ਹਫੀਮੀ-ਲੋਰੀਆਂ ਦੇ ਕੇ ਸੁਆ ਨਾ ਸਕੇ ਤੇ ਲੋਕ ਜਾਗਰਤ-ਅਵਸਥਾ ਵਿਚ ਆਪਣਾ ਆਪ ਪਛਾਣ ਸਕਣ।"*

ਆਪਣੀ ਇਸ ਰਚਨਾਤਮਕ ਪ੍ਰਤਿਬੱਧਤਾ ਅਧੀਨ ਲੇਖਕ ਆਪਣੇ ਨਾਇਕ ਦਾ ਚਰਿਤਰ ਸੰਤ-ਸਿਪਾਹੀ ਵਾਲਾ ਉਸਾਰਦਾ ਹੈ। ਮੇਵਾ ਸਿੰਘ ਪੰਜਾਬੀ ਭਾਈਚਾਰੇ ਵਿਚ ਇਕ ਸੰਤ ਵਾਂਗ ਵਿਚਰਦਾ ਹੈ, ਆਪਣੇ ਸਹਿਕਰਮੀਆਂ ਨਾਲ ਸੰਤ ਸੁਭਾਅ ਨਾਲ ਹੀ ਪੇਸ਼ ਆਉਂਦਾ ਹੈ। ਉਸਦਾ ਧੀਰਜ, ਠਰੰਮਾ ਤੇ ਧੀਮੀ ਸੁਰ ਅਤੇ ਕਥਨੀ ਤੇ ਕਰਨੀ ਦੀ ਇਕਸੁਰਤਾ ਉਸਦੇ ਵਿਅਕਤਿਤਵ ਨੂੰ ਸੰਤ ਰਪ ਵਿਚ ਪੇਸ਼ ਕਰਦੇ ਹਨ। ਪਰ ਜਦੋਂ ਭਾਈਚਾਰੇ ਉਤੇ ਕੋਈ ਬਿਪਤਾ ਆਉਂਦੀ ਹੈ ਤਾਂ ਉਹ ਆਪਣੇ ਉਤੇ ਸੌਂਪੀ ਗਈ ਜ਼ਿੰਮੇਵਾਰੀ ਨੂੰ ਨਿਡਰਤਾ, ਸਾਹਸ ਤੇ ਦਲੇਰੀ ਨਾਲ ਪੂਰੀ ਕਰਦਾ ਹੈ। ਉਹ ਇਕ ਅਣਥੱਕ ਕਾਮਾ ਹੈ, ਜਿਸਨੂੰ ਆਪਣੇ ਤੋਂ ਸਿਵਾਏ ਸਭ ਦਾ ਫ਼ਿਕਰ ਰਹਿੰਦਾ ਹੈ। ਉਹ ਆਪਣੇ ਭਾਈਚਾਰੇ ਨਾਲ ਹੋ ਰਹੇ ਧੱਕਿਆਂ ਤੇ ਜ਼ੁਲਮਾਂ ਨੂੰ ਨਿਚਲਾ ਬੈਠ ਕੇ ਸਹਿਣ ਨਹੀਂ ਕਰ ਸਕਦਾ, ਉਹ ਆਪਣੇ ਸਾਥੀਆਂ ਦੁਆਰਾ ਬਣਾਈ ਯੋਜਨਾ ਨੂੰ ਪੂਰੀ ਤਨਦੇਹੀ ਨਾਲ ਪੂਰੀ ਕਰਨ ਦੀ ਕੋਸ਼ਿਸ਼ ਕਰਦਾ ਹੈ ਅਤੇ ਬਾਕੀ ਭਾਈਚਾਰੇ ਦੇ ਲੋਕਾਂ ਨੂੰ ਇਸ ਵਾਸਤੇ ਲਾਮਬੰਦ ਕਰਦਾ ਹੈ। ਉਸਦੇ ਜੀਵਨ ਦੀਆਂ ਗਤਿਵਿਧੀਆਂ ਇਕ ਕਰਮਯੋਗੀ ਦੀਆਂ ਗਤਿਵਿਧੀਆਂ ਹਨ, ਜਿਹੜੀਆਂ ਉਸ ਦੇ ਚਰਿਤਰ ਨੂੰ ਸਿਪਾਹੀ ਦਾ ਰੂਪ ਦਿੰਦੀਆਂ ਹਨ।

ਭਾਰਤੀ ਪੰਜਾਬੀ ਪਰਵਾਸੀ ਸਮਾਜਕ ਤੌਰ 'ਤੇ ਸਭ ਤੋਂ ਪਹਿਲਾਂ 'ਖਾਲਸਾ ਦੀਵਾਨ ਸੁਸਾਇਟੀ' ਰਾਹੀਂ ਸੰਗਠਿਤ ਹੋਣੇ ਸ਼ੁਰੂ ਹੁੰਦੇ ਹਨ ਜਿਸ ਦੀਆਂ ਬਰਾਂਚਾਂ ਵਿਕਟੋਰੀਆ, ਐਬਟਸਫੋਰਡ, ਨਿਊ ਵੈਸਟਮਿਨਸਟਰ, ਫਰੇਜ਼ਰ ਮਿਲਜ਼, ਡੰਕਨ ਤੇ ਓਸ਼ਨ ਫਾਲਜ਼ ਵਿਚ ਛੇਤੀ ਬਣ ਜਾਂਦੀਆਂ ਹਨ। ਇਨ੍ਹਾਂ ਬਰਾਂਚਾਂ ਸਦਕਾ ਪੰਜਾਬੀ ਪਰਵਾਸੀਆਂ ਦਾ ਆਪਸੀ ਤਾਲਮੇਲ ਹੋਣਾ ਸੌਖਾ ਹੋ ਜਾਂਦਾ ਹੈ ਅਤੇ ਉਹ ਸਮੂਹ ਭਾਈਚਾਰੇ ਦੇ ਹਿਤ ਵਿਚ ਵਿੱਢੇ ਗਏ ਕੰਮ ਵਿਚ ਵਧ ਚੜ੍ਹ ਕੇ ਆਪਣਾ ਯੋਗਦਾਨ ਪਾਉਣ ਦੇ ਸਮਰੱਥ ਹੋ ਜਾਂਦੇ ਹਨ। ਜਦੋਂ ਵੈਨਕੂਵਰ ਜਾਂ ਬਾਅਦ ਵਿਚ ਵਿਕਟੋਰੀਆ ਅਤੇ ਹੋਰ ਥਾਵਾਂ 'ਤੇ ਗੁਰਦਵਾਰਾ ਉਸਾਰਨ ਦੀ ਵਿਉਂਤ ਸਾਹਮਣੇ ਆਉਂਦੀ ਹੈ ਤਾਂ ਇਹ ਜਥੇਬੰਦ ਹੋਏ ਪਰਵਾਸੀ ਯਕਦਮ ਹਰਕਤ ਵਿਚ ਆਉਣੇ ਸ਼ੁਰੂ ਹੋ ਜਾਂਦੇ ਹਨ। ਪਰਵਾਸੀ ਆਪਣੀ ਇਸ ਜਥੇਬੰਦਕ ਪ੍ਰਕਿਰਿਆ ਕਰਕੇ, ਤਤਕਾਲੀ ਰੂਪ ਵਿਚ ਉਠ ਰਹੇ ਮਸਲਿਆਂ ਵਿਰੁੱਧ ਇਕ-ਜੁਟ ਹੋ ਕੇ ਆਪਣੀ ਤਿਖੀ ਪ੍ਰਤਿਕ੍ਰਿਆ ਜ਼ਾਹਰ ਕਰਦੇ ਹਨ।

ਨਾਵਲੀ ਬਿਰਤਾਂਤ ਵਿਚ ਕਈ ਅਜਿਹੇ ਉਪਰੋਕਤ ਮਸਲੇ ਰੂਪ-ਰਚਨਾ ਦਾ ਆਧਾਰ ਬਣਦੇ ਵਿਖਾਈ ਦਿੰਦੇ ਹਨ। ਇਨ੍ਹਾਂ ਮਹੱਤਵਪੂਰਨ ਮਸਲਿਆਂ ਵਿਚ ਭਾਰਤੀ ਪਰਵਾਸੀਆਂ ਦੇ ਦਾਖਲੇ ਉੱਤੇ ਪਰਵਾਸ-ਵਿਭਾਗ ਵਲੋਂ ਤਰ੍ਹਾਂ-ਤਰ੍ਹਾਂ

ਦੀਆਂ ਪਾਬੰਦੀਆਂ ਲਾਉਣੀਆਂ, ਉਨ੍ਹਾਂ ਨੂੰ ਆਪਣੇ ਪਰਿਵਾਰ ਮੰਗਵਾਉਣ ਦੇ ਹੱਕ ਤੋਂ ਵੰਚਿਤ ਕਰਨਾ ਅਤੇ ਪਰਵਾਸੀਆਂ ਦੀ ਇਸ ਬਾਰੇ ਜਦੋ-ਜਹਿਦ ਕਰਨੀ। ਭਾਰਤੀ ਪਰਵਾਸੀਆਂ ਨੂੰ ਕਨੇਡਾ ਵਿਚੋਂ ਖਦੇੜਕੇ ਹੌਂਡੂਰਸ ਭੇਜਣ ਦੀ ਸਾਜ਼ਿਸ਼ ਰਚਣਾ, ਚੀਨੇ ਤੇ ਜਾਪਾਨੀ ਪਰਵਾਸੀਆਂ ਦੇ ਮੁਕਾਬਲੇ 'ਤੇ ਦੋ ਸੌ ਡਾਲਰ ਪ੍ਰਤਿ ਵਿਅਕਤੀ ਟੈਕਸ ਦੇਣ ਦੀ ਸ਼ਰਤ ਲਾਉਣ ਅਤੇ ਹਿੰਦੋਸਤਾਨ ਤੋਂ ਸਿੱਧੇ ਸਫ਼ਰ ਦੀ ਸ਼ਰਤ ਆਦਿ ਨੂੰ ਕੇਂਦਰੀ ਸਥਾਨ ਹਾਸਲ ਹੈ। ਭਾਰਤੀ/ਪੰਜਾਬੀ ਪਰਵਾਸੀਆਂ ਦੀ ਇਹ ਜਦੋ-ਜਹਿਦ ਦੂਸਰੇ ਚਰਿਤਰ ਵਾਲੀ ਬਣ ਜਾਂਦੀ ਹੈ। ਇਕ ਪਾਸੇ ਤਾਂ ਉਹ ਆਪਣੇ ਨਾਲ ਹੋ ਰਹੇ ਹਰ ਕਿਸਮ ਦੇ ਵਿਤਕਰੇ ਵਿਰੁੱਧ ਲੜਾਈ ਲੜ ਰਹੇ ਹਨ ਅਤੇ ਦੂਜੇ ਪਾਸੇ, ਕਨੇਡਾ ਸਰਕਾਰ, ਬ੍ਰਿਟਿਸ਼ ਸਰਕਾਰ ਅਤੇ ਬਰਤਾਨਵੀ ਭਾਰਤ ਸਰਕਾਰ ਦੀ ਮਿਲੀ-ਭੁਗਤ ਨਾਲ ਉਨ੍ਹਾਂ ਦੇ ਕਨੇਡਾ ਦੇ ਦਾਖ਼ਲੇ ਨੂੰ ਮੂਲੋਂ ਹੀ ਬੰਦ ਕਰਨ ਵਾਸਤੇ ਨਵੇਂ ਤੋਂ ਨਵੇਂ ਪਰਵਾਸ-ਕਾਨੂੰਨ ਘੜ ਰਹੀ ਹੈ ਅਤੇ ਇਸ ਵਾਸਤੇ ਜਨਤਕ ਮਤ ਨੂੰ ਹੱਲਾਸ਼ੇਰੀ ਵੀ ਦੇ ਰਹੀ ਹੈ। ਪਰਵਾਸੀਆਂ ਦੇ ਆਪਣੀ ਹੋਂਦ ਨੂੰ ਬਣਾਈ ਰੱਖਣ ਦੇ ਇਸ ਦੂਹਰੇ ਸੰਘਰਸ਼ ਵਿਚੋਂ ਹੀ, ਉਨ੍ਹਾਂ ਵਿਚ ਰਾਸ਼ਟਰੀ ਆਜ਼ਾਦੀ ਦੀ ਚੇਤਨਾ ਦਾ ਉਦੈ ਹੁੰਦਾ ਹੈ ਜਿਹੜਾ ਉਨ੍ਹਾਂ ਨੂੰ ਆਖ਼ਿਰਕਾਰ ਇਕ ਕ੍ਰਾਂਤੀਕਾਰੀ ਜਥੇਬੰਦੀ 'ਗ਼ਦਰ ਪਾਰਟੀ' ਵਿਚ ਸੰਗਠਿਤ ਹੋਣ ਦਾ ਅਵਸਰ ਪ੍ਰਦਾਨ ਕਰਦਾ ਹੈ। ਇਸ ਗ਼ਦਰ ਪਾਰਟੀ ਦਾ ਹਿੰਦੋਸਤਾਨ ਦੀ ਆਜ਼ਾਦੀ ਦੀ ਲਹਿਰ ਵਿਚ ਇਕ ਬਹੁਤ ਮਹੱਤਵਪੂਰਨ ਇਤਿਹਾਸਕ ਰੋਲ ਹੋ ਨਿਬੜਦਾ ਹੈ।

ਵਾਸਤਵ ਵਿਚ ਭਾਰਤੀ ਪਰਵਾਸੀਆਂ ਨਾਲ ਜਿਹੜਾ ਅਣ-ਮਨੁੱਖੀ ਵਰਤਾਉ ਕੀਤਾ ਜਾਂਦਾ ਸੀ, ਉਸਦੀ ਤਹਿ ਵਿਚ ਉਨ੍ਹਾਂ ਦਾ ਇਕ ਗ਼ੁਲਾਮ ਦੇਸ਼ ਦਾ ਵਾਸੀ ਹੋਣਾ ਹੀ ਸੀ। ਉਹ ਉਨ੍ਹਾਂ ਨਾਲ ਗ਼ੁਲਾਮਾਂ ਵਰਗਾ ਵਿਵਹਾਰ ਹੀ ਜਾਰੀ ਰੱਖਣਾ ਚਾਹੁੰਦੇ ਸਨ। ਪਰਵਾਸੀਆਂ ਪ੍ਰਤਿ ਇਨ੍ਹਾਂ ਲੋਕਾਂ ਇਹ ਗ਼ੁਲਾਮਾਨਾ ਰਵੱਈਆ ਹੀ ਉਨ੍ਹਾਂ ਨੂੰ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿਚ ਕੁੱਦਣ ਲਈ ਮਜ਼ਬੂਰ ਕਰ ਦਿੰਦਾ ਹੈ। ਨਾਵਲ ਦਾ ਇਹ ਨਾਇਕ 'ਹਿੰਦੋਸਤਾਨ', 'ਫਰੀ ਹਿੰਦੋਸਤਾਨ' ਤੇ 'ਗ਼ਦਰ' ਦੀਆਂ ਕਾਪੀਆਂ ਪਰਵਾਸੀਆਂ ਦੇ ਡੇਰਿਆਂ ਵਿਚ ਵੰਡਦਾ, ਗ਼ਦਰ ਪਾਰਟੀ ਲਈ ਚੰਦੇ ਇਕੱਠੇ ਕਰਦਾ, ਦੇਸ ਨੂੰ ਆਜ਼ਾਦ ਕਰਾਉਣ ਦੇ ਮਿਸ਼ਨ ਦਾ ਆਵਾਹਨ ਕਰਦਾ ਹੈ। ਉਹ ਕਨੇਡਾ ਸਮਾਜ ਦੀਆਂ ਵਸਤੂ ਸਥਿਤੀਆਂ ਵਿਚ ਵਿਚਰਦਾ ਹੋਇਆ, ਇਕ ਪ੍ਰਤਿਬਧ ਦੇਸ਼ ਭਗਤ ਬਣ ਜਾਂਦਾ ਹੈ, ਜਿਹੜਾ ਆਪਣੇ ਦੇਸ਼ ਵਾਸੀਆਂ ਨਾਲ ਹੋ ਰਹੇ ਧੱਕੇ, ਅਨਿਆਂ ਤੇ ਜ਼ੁਲਮਾਂ ਵਿਰੁੱਧ ਡਟ ਕੇ ਲੜਾਈ ਲੜਣ ਵਿਚ ਯਕੀਨ ਰੱਖਦਾ ਹੈ, ਭਾਵੇਂ ਇਹ ਲੜਾਈ ਉੱਤਰੀ ਅਮਰੀਕਾ ਵਿਚ ਹੋਵੇ, ਚਾਹੇ ਆਪਣੇ ਵਤਨ ਭਾਰਤ ਵਿਚ।

ਨਾਇਕ ਮੇਵਾ ਸਿੰਘ, ਜਿਹੜਾ ਇਕ ਗੁਰਮੁਖ ਸੁਭਾਅ ਵਾਲਾ ਵਿਅਕਤੀ ਹੈ, ਉਹ ਕਨੇਡਾ ਵਿਚ ਮਜ਼ਦੂਰੀ ਕਰਦਾ, ਮਜ਼ਦੂਰਾਂ ਵਿਚ ਰਹਿੰਦਾ, ਇਨ੍ਹਾਂ ਮਜ਼ਦੂਰਾਂ ਦੇ ਹੱਕਾਂ ਲਈ ਸੰਘਰਸ਼ ਕਰਦਾ ਹੋਇਆ ਇਕ ਮਜ਼ਦੂਰ ਦੀ ਸ਼ੋਣਿਕ ਚੇਤਨਾ ਨੂੰ ਸੁੱਤੇ-ਸਿੱਧ ਵਰ ਲੈਂਦਾ ਹੈ, ਜਿਹੜੀ ਉਸਨੂੰ ਇਕ ਕ੍ਰਾਂਤੀਕਾਰੀ ਗ਼ਦਰੀ ਵਿਚ ਪਰਿਵਰਤਿਤ ਕਰ ਦਿੰਦੀ ਹੈ।

ਇਸ ਨਾਇਕ ਨੇ ਕਾਮਾਗਾਟਾ-ਮਾਰੂ ਦੇ ਮੁਸਾਫ਼ਰਾਂ ਨਾਲ ਕੀਤੇ ਗਏ ਧੱਕੇ ਨੂੰ ਵੇਖਿਆ, ਪ੍ਰਤਿ-ਦਿਨ ਕਨੇਡਾ ਦੇ ਬਜ਼ੁਰਗਾਂ ਵਿਚ ਸ਼ਰੇਆਮ ਪਰਵਾਸੀਆਂ ਦੀ ਹੁੰਦੀ ਬੇਇਜ਼ਤੀ ਨੂੰ ਵੇਖਿਆ, ਅਦਾਲਤ ਤੇ ਪੁਲੀਸ ਵਲੋਂ ਬੇ-ਦੋਸ਼ੇ ਲੋਕਾਂ ਨੂੰ ਸਜ਼ਾ ਪਾਉਂਦੇ ਅਤੇ ਗ਼ੱਦਾਰਾਂ ਦੇ ਹੱਕ ਵਿਚ ਭੁਗਤਦਿਆਂ ਵੇਖਿਆ ਹੈ।

ਜਦੋਂ ਇਕ ਦਿਨ ਪ੍ਰਸਿੱਧ ਪੰਜਾਬੀ ਗ਼ੱਦਾਰ ਬੇਲਾ ਸਿੰਘ ਨੂੰ ਗੁਰਦਵਾਰੇ ਵਿਚ ਆ ਕੇ ਦੋ ਦੇਸ਼ ਭਗਤਾਂ ਭਾਗ ਸਿੰਘ ਅਤੇ ਬਤਨ ਸਿੰਘ ਨੂੰ ਗੋਲੀ ਦਾ ਨਿਸ਼ਾਨਾ ਬਣਾਉਂਦਾ ਵੇਖਦਾ ਹੈ ਤਾਂ ਉਸਦਾ ਅੰਦਰਲਾ ਧੀਰਜ ਟੁੱਟ ਜਾਂਦਾ ਹੈ ਅਤੇ ਉਹ ਦੁਸ਼ਮਣ ਨੂੰ ਸਹੀ ਪਾਠ ਪੜ੍ਹਾਉਣ ਲਈ ਦ੍ਰਿੜ੍ਹ ਹੋ ਜਾਂਦਾ ਹੈ ਜਿਸਦਾ ਅੰਤਿਮ ਸਿੱਟਾ ਇਸ ਲੋਕ ਨਾਇਕ ਦੀ ਸ਼ਹਾਦਤ ਵਿਚ ਨਿਕਲਦਾ ਹੈ। ਮੇਵਾ ਸਿੰਘ ਪਰਵਾਸ ਵਿਭਾਗ ਦੇ ਉਸ ਬਦਨਾਮ ਇੰਸਪੈਕਟਰ ਹਾਪਕਿਨਸਨ ਨੂੰ ਆਪਣੀ ਗੋਲੀ ਦਾ ਨਿਸ਼ਾਨਾ ਬਣਾਉਂਦਾ ਹੈ ਜਿਸਦਾ ਕਾਮਾਗਾਟਾ ਮਾਰੂ ਜਹਾਜ਼ ਨੂੰ ਵਾਪਸ ਭੇਜਣ ਵਿਚ ਬਹੁਤ ਵੱਡਾ ਹੱਥ ਸੀ। ਬੇਲਾ ਸਿੰਘ ਇਸੇ ਇੰਸਪੈਕਟਰ ਦੇ ਢਹੇ ਚੜ੍ਹ ਕੇ ਦੋ ਗ਼ਦਰੀਆਂ ਨੂੰ ਕਤਲ ਕਰਦਾ ਹੈ। ਇਹ ਉਹੀ ਇੰਸਪੈਕਟਰ ਸੀ ਜਿਹੜਾ ਸਮੁੱਚੇ ਉੱਤਰੀ ਅਮਰੀਕਾ ਵਿਚ ਹੋ ਰਹੀਆਂ ਗ਼ਦਰੀ ਗਤਿਵਿਧੀਆਂ ਬਾਰੇ ਝੂਠੀਆਂ-ਸੱਚੀਆਂ ਰਿਪੋਰਟਾਂ ਦੇ ਕੇ ਸਰਕਾਰ ਨੂੰ ਭਾਰਤੀ ਪਰਵਾਸੀ ਲੋਕਾਂ ਤੇ ਵਿਸ਼ੇਸ਼ ਕਰਕੇ ਗ਼ਦਰੀਆਂ ਉਤੇ ਵੱਧ ਤੋਂ ਵੱਧ ਜ਼ੁਲਮ ਢਾਹੁਣ ਲਈ ਪ੍ਰੇਰਿਤ ਕਰਦਾ ਸੀ। ਮੇਵਾ ਸਿੰਘ ਵਰਗਾ ਚੇਤਨ ਤੇ ਸਿਆਣਾ ਗ਼ਦਰੀ ਕਦੀ ਵੀ ਇਸ ਵਿਅਕਤਿਗਤ ਕਤਲ ਦੇ ਰਾਹ ਨਾ ਪੈਂਦਾ, ਜੇ ਇਸ ਬਦਨਾਮ ਇੰਸਪੈਕਟਰ ਦਾ, ਆਮ ਭਾਰਤੀ ਪਰਵਾਸੀ ਸ਼ਹਿਰੀਆਂ ਪ੍ਰਤਿ ਅਤੇ 'ਗ਼ਦਰ ਪਾਰਟੀ' ਦੇ ਕਾਰਕੁੰਨਾਂ ਪ੍ਰਤਿ ਵਿਸ਼ੇਸ਼ ਤੌਰ 'ਤੇ ਏਡਾ ਵੱਡਾ ਵਿਰੋਧੀ ਰੋਲ ਨਾ ਹੁੰਦਾ।

ਨਾਵਲਕਾਰ ਆਪਣੀ ਇਸ ਰਚਨਾ ਵਿਚ ਭਾਰਤੀ/ਪੰਜਾਬੀ ਪਰਵਾਸੀਆਂ ਦੇ ਡੇਢ ਦਹਾਕੇ ਦੇ ਇਤਿਹਾਸਕ ਯਥਾਰਥ, ਉਨ੍ਹਾਂ ਦੀ ਕਨੇਡਾ ਵਿਚ ਵਸੇਬੇ ਵਾਸਤੇ ਕੀਤੀ ਜਦੋ-ਜਹਿਦ ਅਤੇ ਆਪਣੇ ਵਤਨ ਨੂੰ ਗ਼ੁਲਾਮੀ ਤੋਂ ਆਜ਼ਾਦ ਕਰਾਉਣ ਵਾਸਤੇ ਗ੍ਰਹਿਣ ਕੀਤੀ ਰਾਸ਼ਟਰੀ ਕ੍ਰਾਂਤੀਕਾਰੀ ਰਾਜਨੀਤਕ ਚੇਤਨਾ ਦੇ ਸਮ-ਵਿਥ ਇਕ ਸਾਧਾਰਨ ਵਿਅਕਤੀ ਦੇ ਵਿਅਕਤਿਤਵ ਵਿਚ ਆ ਗਏ

ਵਿਕਾਸ ਨੂੰ ਪ੍ਰਦਰਸ਼ਿਤ ਕਰਕੇ ਇਤਿਹਾਸ ਅਤੇ ਵਿਅਕਤੀ ਦੇ ਦਵੰਧ-ਰੂਪੀ ਸੰਬੰਧਾਂ ਨੂੰ ਦ੍ਰਿਸ਼ਟੀਗੋਚਰ ਕਰਵਾਉਂਦਾ ਹੈ। ਇਕ ਵਿਅਕਤੀ ਦਾ ਇਤਿਹਾਸ ਦੀ ਸਿਰਜਣਾ ਵਿਚ ਕਿੰਨਾ ਵੱਡਾ ਰੋਲ ਹੋ ਸਕਦਾ ਹੈ, ਇਸ ਤੱਥ ਦੀ ਸਥਾਪਨਾ ਹੀ ਉਸਦੇ ਸਾਰੇ ਨਾਇਕ-ਕੇਂਦਰ ਨਾਵਲਾਂ ਦਾ ਮੂਲ ਵਿਸ਼ਾ ਹੈ।

ਮੇਵਾ ਸਿੰਘ ਕਨੇਡਾ ਦੇ ਭਾਰਤੀ/ਪੰਜਾਬੀ ਸਮੁਦਾਇ ਦਾ ਇਕ ਸ਼ਿਰੋਮਣੀ ਸ਼ਹੀਦ ਹੈ ਜਿਸ ਉਤੇ ਇਹ ਪੰਜਾਬੀ ਭਾਈਚਾਰਾ ਜਿੰਨਾ ਮਾਣ ਕਰ ਸਕੇ, ਓਨਾ ਹੀ ਥੋੜ੍ਹਾ ਹੈ।

ਸਿੰਘ ਸਾਹਿਬ ਦੀ ਸ਼ਹਾਦਤ (1982)

ਇਸ ਨਾਵਲ ਵਿਚ ਪ੍ਰਸਤੁਤ ਨਾਇਕ ਭਾਈ ਬਲਵੰਤ ਸਿੰਘ, ਜੋ ਇਕ ਪ੍ਰਸਿੱਧ ਗ਼ਦਰੀ ਸੀ ਅਤੇ ਜਿਸਨੂੰ ਕਨੇਡਾ ਵਿਚ ਪੰਜਾਬੀ/ਭਾਰਤੀ ਪਰਵਾਸੀਆਂ ਨੇ ਵੈਨਕੂਵਰ ਵਿਚ ਸਥਾਪਿਤ ਪ੍ਰਥਮ ਗੁਰਦਵਾਰੇ ਦਾ ਗ੍ਰੰਥੀ ਨਿਯੁਕਤ ਕੀਤਾ ਹੋਇਆ ਸੀ, ਦੇ ਜੀਵਨ ਬਿਰਤਾਂਤ ਨੂੰ ਸਿੰਘ ਸਾਹਿਬ ਦੀ ਸ਼ਹਾਦਤ ਨਾਵਲ ਦਾ ਕਥਾ-ਵਸਤੂ ਬਣਾਇਆ ਗਿਆ ਹੈ।

ਵੀਹਵੀਂ ਸਦੀ ਦੇ ਇਸ ਪ੍ਰਥਮ ਦਹਾਕੇ ਵਿਚ ਕਨੇਡਾ ਵਰਗੇ ਦੇਸ਼ ਵਿਚ ਪੰਜਾਬੀਆਂ/ਭਾਰਤੀਆਂ ਵਲੋਂ ਆਪਣੇ ਧਾਰਮਿਕ ਸਥਾਨ ਦੀ ਉਸਾਰੀ ਕਰ ਲੈਣੀ ਇਕ ਬਹੁਤ ਵੱਡੀ ਇਤਿਹਾਸਕ ਘਟਨਾ ਸੀ। ਗੁਰਦਵਾਰਾ ਜਿਥੇ ਪੰਜਾਬੀ/ਭਾਰਤੀ ਲੋਕਾਂ ਦੀ ਧਾਰਮਿਕ ਜਗਿਆਸਾ ਦੀ ਪੂਰਤੀ ਕਰਦਾ ਸੀ ਉਥੇ ਉਹ ਉਨ੍ਹਾਂ ਦੀ ਭਾਈਚਾਰਕ-ਸਭਿਆਚਾਰਕ ਸਾਂਝ ਦੀ ਭੁੱਖ ਨੂੰ ਵੀ ਤ੍ਰਿਪਤ ਕਰਦਾ ਸੀ। ਇਨ੍ਹਾਂ ਪਹਿਲੇ ਸਮਿਆਂ ਵਿਚ ਭਾਰਤੀ ਪਰਵਾਸੀਆਂ ਨੂੰ ਕਿਸੇ ਸੰਗਠਨ ਵਿਚ ਸੰਗਠਿਤ ਹੋਣ ਦੀ ਕਾਨੂੰਨਨ ਮਨਾਹੀ ਸੀ। ਪਰ ਇਹ ਸਾਰੇ ਪੰਜਾਬੀ/ਭਾਰਤੀ ਮਜ਼ਦੂਰ ਸਨ ਅਤੇ ਉਨ੍ਹਾਂ ਨੂੰ ਆਪਣੇ ਦਰਪੇਸ਼ ਸਮੱਸਿਆਵਾਂ ਉਤੇ ਵਿਚਾਰ-ਵਿਮਰਸ਼ ਲਈ ਕਿਸੇ ਨਾ ਕਿਸੇ ਸਾਂਝੇ ਥਾਂ ਦੀ ਜ਼ਰੂਰਤ ਸੀ ਅਤੇ ਉਨ੍ਹਾਂ ਦੀ ਇਸ ਲੋੜ ਨੂੰ ਤੇ ਪਰੋਖ ਰੂਪ ਵਿਚ ਜਥੇਬੰਦਕ ਤਾਕਤ ਨੂੰ ਕੇਂਦਰੀ-ਭੂਤ ਕਰਨ ਲਈ ਗੁਰਦਵਾਰਾ ਹੀ ਇਕ ਸਭ ਤੋਂ ਵੱਧ ਕਾਰਗਰ ਧਾਰਮਿਕ ਓਹਲਾ ਬਣ ਸਕਦਾ ਸੀ। ਇਸ ਕਰਕੇ ਭਾਰਤੀ ਪਰਵਾਸੀਆਂ ਲਈ ਕਨੇਡਾ ਵਿਚ ਸਿਰਫ਼ ਆਪਣੇ ਧਾਰਮਿਕ ਅਕੀਦੇ ਦੀ ਪੂਰਤੀ ਹਿਤ ਕਿਸੇ ਧਾਰਮਿਕ ਸਥਾਨ ਦਾ ਉਸਾਰ ਲੈਣਾ ਹੀ ਕਾਫ਼ੀ ਨਹੀਂ ਸੀ ਬਲਕਿ ਆਪਣੇ ਸੀਮਤ ਜਿਹੇ ਭਾਈਚਾਰੇ ਦੀ ਇਕੱਤਰ ਹੋ ਕੇ ਮਿਲ-ਬੈਠਣ ਦੇ ਇਕ ਸਾਂਸਕ੍ਰਿਤਕ ਕੇਂਦਰ ਦੀ ਸਿਰਜਣਾ ਕਰਨਾ ਉਨ੍ਹਾਂ ਦਾ ਮੁੱਖ ਉਦੇਸ਼ ਸੀ। ਇਸ ਉਪਰੋਕਤ ਇਤਿਹਾਸਕ ਤੱਥ ਦਾ ਸਬੂਤ, ਕਨੇਡਾ ਦੇ ਪੰਜਾਬੀ/ਭਾਰਤੀ ਪਰਵਾਸੀਆਂ

ਦੇ ਪੌਣੀ ਸਦੀ ਦੇ ਵਸੇਬੇ ਦੇ ਇਤਿਹਾਸ ਤੋਂ ਭਲੀ-ਭਾਂਤ ਮਿਲ ਜਾਂਦਾ ਹੈ। ਕਨੇਡਾ ਵਿਚਲੇ ਗੁਰਦਵਾਰਿਆਂ ਨੇ ਸਤਵੇਂ ਦਹਾਕੇ ਤੱਕ ਪੰਜਾਬੀ ਸਮੁਦਾਇ ਦੀ ਧਾਰਮਿਕ ਭੁੱਖ ਪੂਰੀ ਕਰਨ ਦੇ ਨਾਲ-ਨਾਲ, ਅਧਿਕਤਰ ਰਾਜਨੀਤਕ ਤੇ ਸਮਾਜਕ-ਸਾਂਸਕ੍ਰਿਤਕ ਲੋੜਾਂ ਦੀ ਪੂਰਤੀ ਵਧੇਰੇ ਕੀਤੀ ਹੈ। ਇਹ ਗੁਰਦਵਾਰੇ ਧਾਰਮਿਕ ਅਸਥਾਨ ਘੱਟ ਤੇ ਸਾਂਸਕ੍ਰਿਤਕ ਕੇਂਦਰ ਵਧੇਰੇ ਰਹੇ ਹਨ। ਇਸ ਦਾ ਇਕ ਹੋਰ ਉਭਰਵਾਂ ਸਬੂਤ ਇਹ ਹੈ ਕਿ ਇਨ੍ਹਾਂ ਗੁਰਦਵਾਰਿਆਂ ਵਿਚ ਆਉਂਦੀ 'ਸੰਗਤ' ਨੂੰ 'ਮਜ਼ਦੂਰ ਜਮਾਤ' ਕਹਿ ਕੇ ਸੰਬੋਧਨ ਕੀਤਾ ਜਾਂਦਾ ਰਿਹਾ ਹੈ। ਇਸ ਲਈ, ਇਹ ਗੁਰਦਵਾਰੇ ਨਿਰ-ਸੰਦੇਹ ਪਰਵਾਸੀ ਮਜ਼ਦੂਰਾਂ ਦੇ ਅਜਿਹੇ ਕੇਂਦਰ ਬਣੇ ਰਹੇ ਹਨ ਜਿਥੇ ਉਨ੍ਹਾਂ ਦੀਆਂ ਆਰਥਿਕ, ਸਮਾਜਕ-ਸਾਂਸਕ੍ਰਿਤਕ ਸਮੱਸਿਆਵਾਂ ਤੇ ਗਤਿਵਿਧੀਆਂ ਉਤੇ ਸੰਗਠਨ-ਮਈ ਵਿਚਾਰ-ਵਿਮਰਸ਼ ਕੀਤਾ ਜਾਂਦਾ ਰਿਹਾ ਹੈ। ਇਸ ਲਈ ਇਸ ਨਾਵਲ ਦਾ ਨਾਇਕ ਭਾਈ ਬਲਵੰਤ ਸਿੰਘ ਨਾ ਸਿਰਫ 1908 ਵਿਚ ਉਸਾਰੇ ਵੈਨਕੂਵਰ ਦੇ ਗੁਰਦਵਾਰੇ ਦਾ ਮੋਢੀ ਹੀ ਸੀ ਬਲਕਿ ਪੰਜਾਬੀ/ਭਾਰਤੀ ਪਰਵਾਸੀਆਂ ਦੇ ਪ੍ਰਥਮ ਸਾਂਸਕ੍ਰਿਤਕ ਤੇ ਰਾਜਨੀਤਕ-ਸਮਾਜਕ ਕੇਂਦਰ ਦਾ ਮੁਖੀ ਵੀ ਸੀ।

ਪੰਜਾਬੀ/ਭਾਰਤੀ ਪਰਵਾਸੀਆਂ ਵਲੋਂ ਆਪਣੇ ਹੱਕਾਂ ਵਾਸਤੇ ਜੋ ਸੰਘਰਸ਼ ਕੀਤਾ ਗਿਆ, ਨਾਵਲ ਦਾ ਨਾਇਕ ਉਸ ਮੁਹਿੰਮ ਦਾ ਮੋਢੀ ਸੀ। ਉਸ ਸਮੇਂ ਪਰਵਾਸੀ ਭਾਰਤੀਆਂ ਸਾਹਮਣੇ ਦੋ ਮਹੱਤਵਪੂਰਨ ਮੁੱਦੇ ਉਪਸਥਿਤ ਸਨ। ਪਹਿਲਾ ਭਾਰਤੀਆਂ ਲਈ ਕਨੇਡਾ ਪਹੁੰਚਣ ਲਈ ਸਿੱਧੇ ਸਫ਼ਰ ਦੀ ਜੋ ਗ਼ੈਰ-ਵਾਜਬ ਤੇ ਅਨਿਆਇ-ਪੂਰਨ ਸ਼ਰਤ ਲਾਈ ਗਈ ਸੀ, ਉਸ ਵਿਰੁੱਧ ਜਹਾਦ ਕਰਨਾ। ਦੂਸਰਾ, ਕੈਨੇਡਾ ਵਿਚਲੇ ਪੰਜਾਬੀ/ਭਾਰਤੀ ਪਰਵਾਸੀ ਆਪਣੇ ਪਰਿਵਾਰਾਂ ਨੂੰ ਇਥੇ ਮੰਗਵਾਉਣ ਦੇ ਬੁਨਿਆਦੀ ਹੱਕ ਤੋਂ ਵੰਚਿਤ ਕੀਤੇ ਗਏ ਸਨ। ਜਦੋਂ ਕਿ ਉਸੇ ਸਮੇਂ ਜਾਪਾਨੀ ਤੇ ਚੀਨੀ ਪਰਵਾਸੀਆਂ ਉਤੇ, ਸੁਤੰਤਰ ਦੇਸ਼ਾਂ ਦੇ ਨਾਗਰਿਕ ਹੋਣ ਕਰਕੇ, ਇਹ ਆਵਾਸੀ ਕਾਨੂੰਨੀ ਬੰਦਸ਼ਾਂ ਨਹੀਂ ਸਨ।

ਭਾਰਤੀ ਪਰਵਾਸੀਆਂ ਉਤੇ ਇਨ੍ਹਾਂ ਦੋਵੇਂ ਕਾਨੂੰਨੀ ਬੰਦਸ਼ਾਂ ਦਾ ਅਸਲ ਮਨੋਰਥ ਕਨੇਡਾ ਸਰਕਾਰ ਦਾ ਭਾਰਤੀ ਲੋਕਾਂ ਨੂੰ ਕਨੇਡਾ ਵਿਚ ਪ੍ਰਵੇਸ਼ ਕਰਨ ਤੋਂ ਰੋਕਣਾ ਸੀ ਅਤੇ ਜੇ ਕੋਈ ਭਾਰਤੀ ਵਿਅਕਤੀ ਕਨੇਡਾ ਪਹੁੰਚਣ ਵਿਚ ਕਾਮਯਾਬ ਹੋ ਵੀ ਜਾਵੇ ਤਾਂ ਉਸਨੂੰ ਉਸਦੇ ਸਮੁੱਚੇ ਪਰਿਵਾਰ ਤੋਂ ਵਾਂਝਾ ਰਖ ਕੇ, ਉਸਨੂੰ ਯਾਤਨਾ ਦੇਣ ਅਤੇ ਉਨ੍ਹਾਂ ਦੇ ਅਗਲੇਰੇ ਪਰਵਾਸ-ਵਿਕਾਸ ਨੂੰ ਰੋਕਣਾ ਸੀ, ਤਾਂ ਜੋ ਉਨ੍ਹਾਂ ਦੀ ਥੋੜ੍ਹੇ ਅਰਸੇ ਵਿਚ ਹੀ ਕਨੇਡਾ ਦੀ ਧਰਤੀ ਤੋਂ ਹੋਂਦ ਮਿਟਾਈ ਜਾ ਸਕੇ। ਕਨੇਡਾ ਸਰਕਾਰ ਦੀ ਇਸ ਕੂਟਨੀਤੀ ਦਾ ਸਭ ਤੋਂ ਵੱਡਾ ਪ੍ਰਮਾਣ,

ਭਾਰਤੀ ਲੋਕਾਂ ਨੂੰ ਕਨੇਡਾ ਵਿਚੋਂ ਕੱਢ ਕੇ ਬ੍ਰਿਟਿਸ਼ ਹੌਂਡੂਰਸ ਵਸਾਉਣ ਦੀ ਰਾਜਨੀਤਕ ਚਾਲ ਤੋਂ ਭਲੀ-ਭਾਂਤ ਮਿਲ ਜਾਂਦਾ ਹੈ ਜਿਸਨੂੰ ਨਾਵਲ ਦਾ ਨਾਇਕ ਭਾਈ ਬਲਵੰਤ ਸਿੰਘ ਆਪਣੇ ਸਾਥੀਆਂ ਨਾਲ ਮਿਲ ਕੇ ਬੁਰੀ ਤਰ੍ਹਾਂ ਬਿਫ਼ਲ ਕਰਨ ਵਿਚ ਕਾਮਯਾਬ ਹੋ ਜਾਂਦਾ ਹੈ।

ਨਾਵਲ ਦਾ ਨਾਇਕ, ਪੰਜਾਬੀ/ਭਾਰਤੀ ਪਰਵਾਸੀਆਂ ਨੂੰ ਦੋਵਾਂ ਮੋਰਚਿਆਂ- ਧਾਰਮਿਕ ਅਤੇ ਰਾਜਨੀਤਕ- ਉਤੇ ਯੋਗ ਨੇਤ੍ਰਿਤਵ ਪ੍ਰਦਾਨ ਕਰ ਰਿਹਾ ਹੈ। ਕਨੇਡੀਅਨ ਭਾਰਤੀ ਪਰਵਾਸੀਆਂ ਦੀਆਂ ਆਵਾਸ-ਸੰਬੰਧੀ ਇਨ੍ਹਾਂ ਦੋਵਾਂ ਮੰਗਾਂ ਦਾ ਸੰਬੰਧ ਵੇਖਣ ਨੂੰ ਆਵਾਸ-ਕਾਨੂੰਨਾਂ ਨਾਲ ਹੀ ਸੰਬੰਧ ਰਖਦਾ ਪ੍ਰਤੀਤ ਹੁੰਦਾ ਹੈ, ਪਰ ਇਸਦੀ ਤਹਿ ਵਿਚ, ਕਨੇਡਾ ਸਰਕਾਰ ਵਲੋਂ ਭਾਰਤੀ ਨਾਗਰਿਕਾਂ ਨਾਲ ਕੀਤੇ ਜਾ ਰਹੇ ਗੁਲਾਮਾਨਾ ਤੇ ਵਿਤਕਰੇ ਭਰੇ ਸਲੂਕ ਦੇ ਵਿਰੁੱਧ ਲਾਮਬੰਦ ਹੋਣਾ ਸੀ। ਇਸ ਕਰਕੇ ਕਨੇਡਾ ਦੇ ਪਰਵਾਸੀਆਂ ਦਾ ਕੀਤਾ ਜਾ ਰਿਹਾ ਸੰਘਰਸ਼, ਆਪਣੇ ਵਤਨ ਨੂੰ ਆਜ਼ਾਦ ਕਰਾਉਣ ਵਿਚ ਪਰਿਵਰਤਿਤ ਹੁੰਦਾ ਗਿਆ। ਕਨੇਡਾ ਦੇ ਭਾਰਤੀ ਮਜ਼ਦੂਰਾਂ ਦੀ ਆਪਣੇ ਪਰਵਾਸ-ਕਾਨੂੰਨਾਂ ਸੰਬੰਧੀ ਕੀਤੀ ਜਾ ਰਹੀ ਜਦੋ-ਜਹਿਦ ਗ਼ਦਰ ਲਹਿਰ ਦਾ ਇਕ ਅੰਗ ਬਣ ਜਾਂਦੀ ਹੈ।

ਇਨ੍ਹਾਂ ਮੁੱਢਲੇ ਦਹਾਕਿਆਂ ਵਿਚ ਪੂਰੇ ਉੱਤਰੀ ਅਮਰੀਕਾ ਵਿਚ, ਵਿਸ਼ੇਸ ਕਰਕੇ ਕਨੇਡਾ ਵਿਚ ਭਾਰਤੀ ਲੋਕਾਂ ਦੀ ਗਿਣਤੀ ਬਹੁਤ ਘੱਟ ਸੀ, ਜਿਸ ਕਰਕੇ ਉਹ ਆਪਣੀਆਂ ਸਥਾਨਕ ਮੰਗਾਂ ਦੇ ਹੱਕ ਵਿਚ ਕੋਈ ਸ਼ਕਤੀਸ਼ਾਲੀ ਪਰਵਾਸੀ ਲਹਿਰ ਉਸਾਰਨ ਤੋਂ ਅਸਮਰੱਥ ਸਨ। ਨਾਵਲ ਦਾ ਨਾਇਕ ਭਾਈ ਬਲਵੰਤ ਸਿੰਘ, ਅਜਿਹੀ ਸ਼ਕਤੀਸ਼ਾਲੀ ਲਹਿਰ ਦੀ ਉਸਾਰੀ ਦੇ ਜਤਨਾਂ ਵਿਚ ਹੀ ਗ਼ਦਰ ਲਹਿਰ ਦਾ ਇਕ ਸਰਕਰਦਾ ਕਾਰਕੁਨ ਬਣ ਕੇ ਰਹਿ ਜਾਂਦਾ ਹੈ।

ਨਾਵਲ ਦੀ ਰੂਪ-ਰਚਨਾ ਵਿਚ ਇਹ ਤੱਥ ਭਲੀ-ਭਾਂਤ ਸਪੱਸ਼ਟ ਹੋ ਜਾਂਦਾ ਹੈ ਕਿ ਭਾਰਤੀ/ਪੰਜਾਬੀ ਲੋਕਾਂ ਵਲੋਂ ਖ਼ੁਦ ਆਪਣਾ ਜਹਾਜ਼ ਖਰੀਦ ਕੇ ਕਨੇਡਾ ਵਿਚ ਪ੍ਰਵੇਸ਼ ਕਰਨ ਦੇ ਜਤਨਾਂ ਦੀ ਵਿਉਂਤ ਪਿੱਛੇ ਭਾਈ ਬਲਵੰਤ ਸਿੰਘ ਦਾ ਹੀ ਦਿਮਾਗ ਕੰਮ ਕਰ ਰਿਹਾ ਸੀ, ਤਾਂ ਜੋ ਉਹ ਕਨੇਡਾ ਸਰਕਾਰ ਵਲੋਂ ਲਾਈ ਗਈ ਸਿਧੇ ਸਫ਼ਰ ਦੀ ਸ਼ਰਤ ਨੂੰ ਪੂਰਾ ਕਰਕੇ, ਕਨੇਡਾ ਸਰਕਾਰ ਦੀ ਨਸਲਵਾਦੀ-ਪੱਖਵਾਦੀ ਤੇ ਅਨਿਆਇ-ਪੂਰਨ ਪਰਵਾਸ-ਨੀਤੀ ਦਾ ਪਰਦਾ ਫਾਸ਼ ਕਰ ਸਕਣ। 'ਕਾਮਾਗਾਟਾ ਮਾਰੂ' ਜਹਾਜ਼ ਦਾ ਕਨੇਡਾ ਵੱਲ ਰਵਾਨਾ ਹੋਣਾ, ਨਾਇਕ ਦੇ ਕਲਪੇ ਹੋਏ ਮਨਸੂਬੇ ਦੇ ਵਿਚਾਰ ਦਾ ਵਿਵਹਾਰਕ ਰੂਪ ਸੀ ਜਿਸ ਨੂੰ ਉਹ ਕਾਮਯਾਬ ਕਰਨਾ ਚਾਹੁੰਦਾ ਸੀ। ਇਸੇ ਕਰਕੇ ਉਹ ਕਾਮਾਗਾਟਾ-ਮਾਰੂ ਜਹਾਜ਼ ਦੇ ਵੈਨਕੂਵਰ ਅਪੜਣ ਤੋਂ ਦੋ ਦਿਨ ਪਹਿਲਾਂ ਹੀ ਵੈਨਕੂਵਰ ਪਹੁੰਚਦਾ ਹੈ, ਤਾਂ ਜੋ ਉਹ ਜਹਾਜ਼

ਦੇ ਮੁਸਾਫਰਾਂ ਨੂੰ ਅੰਦਰ-ਖਾਤੇ ਭਲੀ-ਭਾਂਤ ਉਤਾਰਨ ਵਿਚ ਕਾਮਯਾਬ ਹੋ ਸਕਣ। ਵਾਸਤਵ ਵਿਚ ਨਾਵਲ ਦਾ ਨਾਇਕ, ਕਨੇਡਾ ਵਿਚ ਰਹਿ ਰਹੇ ਭਾਰਤੀ ਨਾਗਰਿਕਾਂ ਦੇ ਹੱਕਾਂ ਵਾਸਤੇ ਅਤੇ ਕਨੇਡਾ ਸਰਕਾਰ ਵਲੋਂ ਕੀਤੇ ਜਾਂਦੇ ਨਸਲਵਾਦੀ-ਪੱਖਵਾਦੀ ਰਵੱਈਏ ਵਿਰੁੱਧ ਇਕ ਵਿਆਪਕ ਸ਼ਕਤੀਸ਼ਾਲੀ ਲਹਿਰ ਨੂੰ ਉਸਾਰਨ ਦੇ ਜਤਨਾਂ ਵਿਚ ਸਰਗਰਮ ਵਿਖਾਈ ਦਿੰਦਾ ਹੈ। 'ਕਾਮਾਗਾਟਾ-ਮਾਰੂ' ਦੇ ਦੁਖਾਂ ਤੋਂ ਬਾਅਦ, ਨਾਇਕ ਵਲੋਂ ਉਸਾਰੀ ਜਾ ਰਹੀ ਲਹਿਰ ਨੂੰ ਬਹੁਤ ਵੱਡਾ ਧੱਕਾ ਲਗਦਾ ਹੈ ਅਤੇ ਕਨੇਡਾ ਦੇ ਭਾਰਤੀ ਪਰਵਾਸੀਆਂ ਦੀ ਇਹ ਲਹਿਰ, ਸਿਧੀ ਹੀ ਗ਼ਦਰ ਲਹਿਰ ਵਿਚ ਵਿਲੀਨ ਹੋ ਕੇ, ਹਿੰਦੋਸਤਾਨ ਦੀ ਜੰਗੇ-ਆਜ਼ਾਦੀ ਵਿਚ ਬਦਲ ਕੇ ਰਹਿ ਜਾਂਦੀ ਹੈ।

ਸਿੰਘ ਸਾਹਿਬ ਦੀ ਸ਼ਹਾਦਤ, ਕਨੇਡਾ ਵਿਚਲੇ ਪੰਜਾਬੀ/ਭਾਰਤੀ ਪਰਵਾਸੀਆਂ ਦੀਆਂ ਮੰਗਾਂ ਸਮੇਤ, ਹਿੰਦੋਸਤਾਨ ਦੀ ਆਜ਼ਾਦੀ ਲਈ ਕੀਤੀ ਗਈ 'ਸ਼ਹਾਦਤ' ਬਣ ਜਾਂਦੀ ਹੈ, ਕਿਉਂਕਿ ਅਜਿਹੀ ਆਜ਼ਾਦੀ ਦੀ ਲੜਾਈ ਲੜੇ ਬਿਨਾਂ, ਕਨੇਡਾ ਦੇ ਪਰਵਾਸੀਆਂ ਦੀ ਕੋਈ ਵੀ ਲਹਿਰ ਆਪਣੇ ਪੈਰ ਨਹੀਂ ਸੀ ਜਮਾ ਸਕਦੀ। ਸਿੰਘ ਸਾਹਿਬ ਦੀ ਸ਼ਹਾਦਤ ਨਾਵਲ ਦੀ ਰੂਪ-ਰਚਨਾ ਵਿਚ ਕਾਮਾਗਾਟਾ-ਮਾਰੂ ਜਹਾਜ਼ ਦੇ ਵੈਨਕੂਵਰ ਵਿਚ ਸਥਿਤ ਦੋ ਮਹੀਨਿਆਂ ਤੱਕ ਦੇ ਮਹਾਂ-ਦ੍ਰਿਸ਼ ਅਤੇ ਸਥਾਨਕ ਭਾਰਤੀ ਪਰਵਾਸੀਆਂ ਵਲੋਂ ਇਸ ਵਾਸਤੇ ਕੀਤੀ ਗਈ ਭਰਵੀਂ ਜਦੋ-ਜਹਿਦ ਨੂੰ ਕਥਾਨਕ ਦਾ ਭਾਗ ਨਾ ਬਣਾਉਣਾ, ਲੇਖਕ ਦੀ ਇਕ ਬਹੁਤ ਵੱਡੀ ਉਕਾਈ ਪ੍ਰਤੀਤ ਹੁੰਦੀ ਹੈ। ਕਿਉਂਕਿ 'ਕਾਮਾਗਾਟਾ-ਮਾਰੂ' ਦਾ ਇਹ ਇਤਿਹਾਸਕ ਵਾਕਿਆ ਕਨੇਡਾ ਵਿਚਲੇ ਪੰਜਾਬੀ/ਭਾਰਤੀ ਪਰਵਾਸੀਆਂ ਦੇ ਸੰਘਰਸ਼ ਨੂੰ ਇਕ ਨਵਾਂ ਮੋੜ ਪ੍ਰਦਾਨ ਕਰਦਾ ਹੈ, ਜਿਸ ਨਾਲ ਸਮੁੱਚੇ ਉੱਤਰੀ ਅਮਰੀਕਾ ਮਹਾਂਦੀਪ ਵਿਚ ਹਿੰਦੋਸਤਾਨ ਦੀ ਜੰਗਿ-ਆਜ਼ਾਦੀ ਵਾਸਤੇ 'ਗ਼ਦਰ' ਵਰਗੀ ਇਕ ਵਿਆਪਕ ਤੇ ਸ਼ਕਤੀਸ਼ਾਲੀ ਲਹਿਰ ਉਤਪੰਨ ਹੁੰਦੀ ਹੈ। ਲੇਖਕ ਵਲੋਂ ਕੀਤੀ ਗਈ ਇਹ ਕਥਾਨਕੀ ਉਕਾਈ ਰੂਪ-ਰਚਨਾ ਦੀ ਥੀਮਿਕ ਇਕਾਈ ਨੂੰ ਵੀ ਭੰਗ ਕਰਦੀ ਹੈ ਅਤੇ ਕਨੇਡਾ ਵਿਚ ਛੇੜੀ ਗਈ ਪੰਜਾਬੀ ਪਰਵਾਸੀਆਂ ਦੀ ਇਤਿਹਾਸਕ ਜਦੋ-ਜਹਿਦ ਨੂੰ ਵੀ ਅੱਖੋਂ ਪਰੋਖੇ ਕਰਦੀ ਹੈ।

ਭਾਈ ਬਲਵੰਤ ਸਿੰਘ ਤੇ ਉਸ ਦੇ ਸਾਥੀ ਪੰਜਾਬੀ ਪਰਵਾਸੀਆਂ ਦੀਆਂ ਜਿਨ੍ਹਾਂ ਮੰਗਾਂ ਨੂੰ ਲੈ ਕੇ ਆਪਣੇ ਭਾਈਚਾਰੇ ਵਿਚ ਸਰਗਰਮ ਹੁੰਦੇ ਹਨ, 'ਕਾਮਾਗਾਟਾ-ਮਾਰੂ ਜਹਾਜ਼ ਹਾਦਸਾ' ਇਸ ਉਕਤ ਸਰਗਰਮੀ ਦਾ ਇਕ ਸਿਰਕੱਢ ਵੇਰਵਾ ਬਣਦਾ ਹੈ ਅਤੇ ਇਸ ਇਤਿਹਾਸਕ ਹਾਦਸੇ ਨੂੰ ਨਾਵਲ ਵਿਚ ਸ਼ਾਮਲ ਨਾ ਕਰਨਾ, ਬਲਵੰਤ ਸਿੰਘ ਤੇ ਉਸਦੇ ਸਾਥੀਆਂ ਵਲੋਂ ਕੀਤੀ ਜਾ ਰਹੀ ਜਦੋ-

ਜਹਿਦ ਨੂੰ ਛੁਟਿਆ ਕੇ ਵੇਖਣਾ ਹੈ। ਇਹ ਠੀਕ ਹੈ ਕਿ ਕਨੇਡਾ ਦੇ ਪੰਜਾਬੀ ਪਰਵਾਸੀਆਂ ਦੀ ਆਵਾਸ ਸੰਬੰਧੀ ਕਾਨੂੰਨੀ ਬੰਦਸ਼ਾਂ ਤੇ ਹੋਰ ਅਧਿਕਾਰਾਂ ਲਈ ਕੀਤੀ ਜਦੋ-ਜਹਿਦ ਛੇਤੀ ਹੀ ਦੇਸ਼ ਦੀ ਗ਼ੁਲਾਮੀ ਦੇ ਮੁੱਦੇ ਨਾਲ ਜੁੜਕੇ 'ਗ਼ਦਰ ਲਹਿਰ' ਵਿਚ ਹੀ ਵਿਲੀਨ ਹੋ ਜਾਂਦੀ ਹੈ ਜਿਸ ਨੇ ਆਖ਼ਿਰ ਇਉਂ ਹੀ ਹੋਣਾ ਸੀ। ਪਰ ਆਵਾਸ-ਸੰਬੰਧੀ ਕਾਨੂੰਨਾਂ ਦੀ ਲੜਾਈ ਤੇ ਪੰਜਾਬੀ ਪਰਵਾਸੀਆਂ ਨੂੰ ਕਨੇਡਾ ਵਿਚੋਂ ਕੱਢਣ ਦਾ ਇਥੋਂ ਦੀ ਸਰਕਾਰ ਤੇ ਸਥਾਨਕ ਲੋਕਾਂ ਦੇ ਹਰ ਕੋਝੇ ਜਤਨ ਵਿਰੁੱਧ ਡਰ ਜਾਣਾ, ਆਪਣੇ ਆਪ ਵਿਚ ਇਕ ਇਤਿਹਾਸਕ ਸੰਘਰਸ਼ ਬਣ ਜਾਂਦਾ ਹੈ। ਬਲਵੰਤ ਸਿੰਘ ਦੀ ਧਾਰਮਿਕ-ਇਨਕਲਾਬੀ ਸ਼ਖ਼ਸੀਅਤ ਨੇ ਇਸ ਸੰਘਰਸ਼ ਵਿਚੋਂ ਉਭਰਕੇ, ਨਾ ਕੇਵਲ ਹਿੰਦੋਸਤਾਨ ਦੀ ਆਜ਼ਾਦੀ ਨਾਲ ਹੀ ਜੁੜਣਾ ਸੀ ਬਲਕਿ ਸੰਸਾਰ ਪੱਧਰ 'ਤੇ ਅੰਗਰੇਜ਼ ਸਾਮਰਾਜ ਵਿਰੁੱਧ, ਸਵਸਥ ਤੇ ਸਮਾਜਵਾਦੀ ਸੁਭਾਅ ਵਾਲੀ 'ਸੰਸਾਰ ਵਿਵਸਥਾ' ਦੀ ਉਸਾਰੀ ਦੇ ਜਤਨਾਂ ਨਾਲ ਵੀ ਜੁੜ ਜਾਣਾ ਸੀ। ਇਸ ਤਰ੍ਹਾਂ ਬਲਵੰਤ ਸਿੰਘ ਦੀ ਸ਼ਖ਼ਸੀਅਤ ਨੇ, ਇਕ ਇਨਕਲਾਬੀ ਦੀ ਜ਼ਿੰਦਗੀ ਵਿਚ ਵਟ ਜਾਣਾ ਸੀ। ਪਰ ਨਾਵਲਕਾਰ ਨੇ ਆਪਣੀ ਸਿਰਜਣਾਤਮਕ ਕਲਪਨਾ ਤੋਂ ਕੰਮ ਨਾ ਲੈ ਕੇ, ਉਸਨੂੰ ਉਸਦੇ ਵਾਸਤਵਿਕ ਵੇਰਵਿਆਂ ਦੀ ਜਦੋ-ਜਹਿਦ ਤਕ ਸੀਮਤ ਰਖਕੇ, ਇਕ ਸੰਤ-ਭਾਵੀ ਸ਼ਖ਼ਸੀਅਤ ਵਿਚ ਰਖ ਕੇ, ਗੁਰੂਆਂ ਵਰਗੀ ਸੁਦ੍ਰਿੜ ਭਾਵਨਾ ਤੇ ਕੁਰਬਾਨੀ ਕਰਵਾ ਕੇ, ਨਾਵਲ ਸਮਾਪਤ ਕਰ ਦਿੱਤਾ ਹੈ। ਇਸ ਨਾਲ ਬਲਵੰਤ ਸਿੰਘ ਵਰਗੇ ਸੁਹਿਰਦ, ਧਾਰਮਿਕ-ਇਨਕਲਾਬੀ ਤੇ ਸੁਦ੍ਰਿੜ੍ਹ ਤਥਾ ਸਿਆਣਪ ਵਾਲੇ ਚਰਿੱਤਰ ਵਿਚ ਜੋ ਸੰਭਾਵੀ ਸੰਭਾਵਨਾਵਾਂ ਸਨ, ਉਨ੍ਹਾਂ ਨੂੰ ਨਾਵਲਕਾਰ ਆਪਣੀ ਗਾਲਪਿਕ ਚੇਤਨਾ ਦੀ ਅਣਹੋਂਦ ਕਾਰਨ, ਗਲਪੀ ਚਰਿੱਤਰ ਵਿਚ ਢਾਲ ਨਹੀਂ ਸਕਿਆ।

ਨਾਵਲਕਾਰ ਨੇ ਆਪਣੇ ਮੁੱਖ-ਪਾਤਰ ਅਤੇ ਉਸਦੇ ਸਾਥੀਆਂ ਨੂੰ, ਉਨ੍ਹਾਂ ਦੀ 'ਵਾਸਤਵਿਕਤਾ' ਵਿਚ ਰੱਖ ਕੇ ਚਿਤਰਿਆ ਹੈ, ਜਿਸ ਨਾਲ ਆਮ ਮਨੁੱਖ ਨੂੰ ਉਸਦੀ ਲਘੂਮਤਾ ਵਿਚ ਹੀ ਨਾਇਕਤਵ ਪ੍ਰਦਾਨ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਤਰ੍ਹਾਂ ਬਲਵੰਤ ਸਿੰਘ ਤੇ ਉਸਦੇ ਸਾਥੀਆਂ ਰਾਹੀਂ, ਸਮੁੱਚੇ ਪੰਜਾਬੀ ਪਰਵਾਸੀਆਂ ਨੂੰ ਹੀ ਨਾਇਕਤਵ ਪ੍ਰਦਾਨ ਹੋ ਜਾਂਦਾ ਹੈ। ਹਰ ਪਰਵਾਸੀ ਜਿਹੜਾ ਆਪਣੇ ਮੁਲਕ ਦੀ ਆਜ਼ਾਦੀ ਦੇ ਸੰਘਰਸ਼ ਵਿਚ ਕਾਰਜਸ਼ੀਲ ਹੈ, ਭਾਵੇਂ ਕਿੰਨੇ ਵੀ ਨਿਗੂਣਾ ਰੋਲ ਅਦਾ ਕਿਉਂ ਨਾ ਕਰਦਾ ਹੋਵੇ, ਉਹ ਵੀ ਸਮੇਂ ਤੇ ਸਥਿਤੀਆਂ ਅਨੁਸਾਰ ਇਕ ਨਾਇਕ ਹੀ ਹੈ। 'ਗ਼ਦਰ ਪਾਰਟੀ' ਤੇ 'ਗ਼ਦਰ ਲਹਿਰ' ਨਾਲ ਸੰਬੰਧਿਤ ਹਰੇਕ ਵਿਅਕਤੀ ਆਪਣੇ ਆਪ ਵਿਚ ਇਕ ਸੂਰਮਾ ਸੀ ਜਿਹੜਾ ਆਪਣੇ ਵਿਤ ਮੁਤਾਬਕ ਆਜ਼ਾਦੀ ਦੇ ਮਹਾਂ-ਯੱਗ ਵਿਚ ਆਪਣੀ ਆਹੂਤੀ ਪਾ

ਰਿਹਾ ਸੀ।

ਨਾਵਲਕਾਰ ਨੇ ਇਸ ਨਾਵਲ ਵਿਚ ਆਮ ਵਿਅਕਤੀ ਦੇ ਇਸ ਸੂਰਮਤਾਈ ਕਾਰਜ ਨੂੰ ਹੀ ਪ੍ਰਦਰਸ਼ਿਤ ਕਰਨ ਦਾ ਜਤਨ ਕੀਤਾ ਹੈ।

ਵਾਰੇ ਸ਼ਾਹ ਦੀ ਮੌਤ (1984)

ਗਿਆਨੀ ਕੇਸਰ ਸਿੰਘ ਨੇ ਆਪਣੇ ਇਸ ਨਾਵਲ ਵਿਚ ਪਹਿਲੇ ਦਹਾਕੇ ਵਿਚ ਆਏ ਇਕ ਗ਼ਦਰੀ ਬਾਬੇ ਬਚਨ ਸਿੰਘ ਦੇ ਪਰਿਵਾਰ ਦੇ ਜੀਵਨ-ਬਿਰਤਾਂਤ ਨੂੰ ਕਥਾ-ਵਸਤੂ ਬਣਾ ਕੇ, ਉੱਤਰੀ ਅਮਰੀਕਾ ਵਿਚ ਪੰਜਾਬੀ ਸਭਿਆਚਾਰ ਦੀ ਖੁਰਨ ਲਗ ਪਈ ਪ੍ਰਕ੍ਰਿਆ ਦੇ ਸੰਕਟ ਨੂੰ ਮੂਰਤੀਮਾਨ ਕਰਨ ਦਾ ਜਤਨ ਕੀਤਾ ਹੈ। ਇਸ ਨਾਵਲ ਦੀ ਰੂਪ-ਰਚਨਾ ਵਿਚ ਨਾਇਕ ਬਚਨ ਸਿੰਘ ਦੇ ਆਪਣੀ ਪੰਜਾਬੀ ਸੰਸਕ੍ਰਿਤੀ ਤੇ ਧਰਮ ਨੂੰ ਇਸ ਬਿਗਾਨੀ ਧਰਤੀ ਉਤੇ ਹਰ ਹੀਲੇ-ਵਸੀਲੇ ਜਿਉਂਦਾ ਰਖਣ ਤੇ ਉਸਨੂੰ ਸੁਰਖਿਅਤ ਬਣਾਈ ਰੱਖਣ ਦੇ ਸਿਰਤੋੜ ਪ੍ਰਯਾਸ ਨੂੰ ਪ੍ਰਦਰਸ਼ਿਤ ਕੀਤਾ ਗਿਆ ਹੈ।

ਨਾਵਲਕਾਰ ਨੇ ਆਪਣੇ ਨਾਇਕ ਬਚਨ ਸਿੰਘ ਦਾ ਚਰਿਤਰ ਚਿਤਰਣ ਬੜੀ ਸੰਵੇਦਨਸ਼ੀਲਤਾ ਤੇ ਯਥਾਰਥਕ ਦ੍ਰਿਸ਼ਟੀ ਤੋਂ ਕੀਤਾ ਹੈ। ਉਸਦੀ ਪੂਰੀ ਦੀ ਪੂਰੀ ਸ਼ਖ਼ਸੀਅਤ, ਪੰਜਾਬੀ ਸਭਿਆਚਾਰ ਦੀ ਠੋਸ ਤੇ ਪ੍ਰਤਿਨਿਧ ਮਿਸਾਲ ਆਖੀ ਜਾ ਸਕਦੀ ਹੈ। ਲੇਖਕ ਨੇ ਉਸਦੇ ਅੰਦਰਲੇ ਤੇ ਬਾਹਰਲੇ ਸੁਭਾਅ ਨੂੰ ਬੜੀ ਯਥਾਰਥਕ ਮਨੋ-ਵਿਗਿਆਨਕ ਦ੍ਰਿਸ਼ਟੀ ਤੋਂ ਚਿਤਰਣ ਦਾ ਜਤਨ ਕੀਤਾ ਹੈ।

ਬਚਨ ਸਿੰਘ ਇਕ ਬਹੁ-ਪੱਖੀ ਸ਼ਖ਼ਸੀਅਤ ਦਾ ਮਾਲਕ ਹੈ। ਉਹ ਆਪਣੇ ਸਭਿਆਚਾਰ ਤੇ ਧਾਰਮਿਕ ਵਿਰਸੇ ਨਾਲ ਪੂਰੀ ਤਰ੍ਹਾਂ ਜੁੜਿਆ ਹੋਇਆ ਹੈ। ਉਸ ਨਾਲ ਤਨੋਂ-ਮਨੋਂ ਇਕ-ਸੁਰ ਹੈ। ਉਹ ਆਪਣੇ ਇਸ ਸਭਿਆਚਾਰਕ ਅਤੇ ਧਾਰਮਿਕ ਵਿਰਸੇ ਸਮੇਤ ਇਸ ਬਿਗਾਨੀ ਧਰਤੀ ਉਤੇ ਜਿਉਣਾ ਚਾਹੁੰਦਾ ਹੈ, ਜਿਸ ਵਿਚ ਉਹ ਬਹੁਤਾ ਸਫ਼ਲ ਨਹੀਂ ਹੁੰਦਾ। ਇਹ ਅਸਫ਼ਲਤਾ ਉਸਦੇ ਪਰਿਵਾਰ ਦੀ ਇਕ ਤ੍ਰਾਸਦਿਕ ਸਥਿਤੀ ਬਣ ਕੇ ਰਹਿ ਜਾਂਦੀ ਹੈ।

ਨਾਇਕ ਬਚਨ ਸਿੰਘ, ਆਪਣੇ ਪਰਿਵਾਰ ਦੇ ਸਾਂਸਕ੍ਰਿਤਕ ਸੰਕਟ ਦੇ ਰੂ-ਬ-ਰੂ ਹੋਣ ਤੋਂ ਪਹਿਲਾਂ ਖ਼ੁਦ ਇਸ ਸੰਕਟ ਦਾ ਸ਼ਿਕਾਰ ਹੁੰਦਾ ਹੈ। ਉਹ ਅਤੇ ਉਸ ਵਰਗੇ ਹੋਰ ਕਈ ਸਿੱਖ ਪੰਜਾਬੀ ਵੀਹਵੀਂ ਸਦੀ ਦੇ ਪ੍ਰਥਮ ਦਹਾਕੇ ਵਿਚ ਦੂਰ ਪੂਰਬ ਦੇ ਦੇਸ਼ਾਂ ਵਿਚ ਕੰਮ ਕਰਦੇ ਹੋਏ, ਆਪਣੇ ਸਿੱਖੀ ਸਰੂਪ ਸਮੇਤ ਅਮਰੀਕਾ ਮਹਾਂਦੀਪ ਆ ਦਾਖ਼ਲ ਹੁੰਦੇ ਹਨ। ਸਥਾਨਕ ਸਮਾਜ ਵਲੋਂ ਚਾਰ-ਪੰਜ ਸਾਲ ਉਨ੍ਹਾਂ ਪ੍ਰਤਿ ਅਣਗਹਿਲੀ ਕਰਨ ਮਗਰੋਂ ਏਸ਼ੀਆ ਵਿਚੋਂ ਆ ਰਹੇ ਇਨ੍ਹਾਂ ਅਜਨਬੀ ਤੇ

ਵਿਲੱਖਣ ਸਰੂਪ ਵਾਲੇ ਮਜ਼ਦੂਰਾਂ ਦਾ ਉਹ ਨੋਟਿਸ ਲੈਣਾ ਸ਼ੁਰੂ ਕਰ ਦਿੰਦੇ ਹਨ, ਜਿਸਦਾ ਅੰਤਮ ਪਰਿਣਾਮ ਬੜੇ ਉਘੜਵੇਂ ਰੂਪ ਵਿਚ ਨਸਲਵਾਦ ਵਿਚ ਨਿਕਲਦਾ ਹੈ। ਬੜੇ ਥੋੜ੍ਹੇ ਅਰਸੇ ਵਿਚ ਹੀ ਸਥਾਨਕ ਸਮਾਜ ਦੇ ਆਮ ਸ਼ਹਿਰੀਆਂ ਵਲੋਂ ਇਨ੍ਹਾਂ ਵਿਰੁੱਧ ਵਾਅ-ਵੇਲਾ ਮੱਚਣਾ ਸ਼ੁਰੂ ਹੋ ਜਾਂਦਾ ਹੈ। ਨਸਲਵਾਦੀ ਪ੍ਰਵਿਰਤੀ ਵਾਲੇ ਨੌਜਵਾਨ ਜਥੇਬੰਦਕ ਰੂਪ ਵਿਚ ਪੰਜਾਬੀ/ਭਾਰਤੀ ਮਜ਼ਦੂਰਾਂ ਦੇ ਡੇਰਿਆਂ ਉਤੇ ਹਮਲੇ ਬੋਲਣੇ ਸ਼ੁਰੂ ਕਰ ਦਿੰਦੇ ਹਨ। ਉਹ ਇਨ੍ਹਾਂ ਸਿੱਖ ਪੰਜਾਬੀ ਮਜ਼ਦੂਰਾਂ ਦੇ ਲਿਬਾਸ, ਪਗੜੀ, ਲੰਮੀ ਦਾੜ੍ਹੀ ਤੇ ਕੇਸਾਂ ਨੂੰ ਬੇਹੱਦ ਨਫ਼ਰਤ ਕਰਨ ਦਾ ਵਿਖਾਲਾ ਕਰਨ ਲੱਗ ਪਏ। ਉਹ ਇਨ੍ਹਾਂ ਦੀ ਰਹਿਣੀ-ਬਹਿਣੀ ਤੇ ਪਛੜੇ ਸਭਿਆਚਾਰ ਨੂੰ ਜਾਂਗਲੀ ਮੰਨਦੇ ਸਨ। ਮਿੱਲਾਂ ਤੇ ਕਾਰਖਾਨਿਆਂ ਦੇ ਮਾਲਕ ਇਨ੍ਹਾਂ ਦੀ ਸਰੀਰਕ ਸ਼ਕਤੀ ਨੂੰ ਤਾਂ ਪਸੰਦ ਕਰਦੇ ਸਨ ਪਰ ਇਨ੍ਹਾਂ ਦੀ ਦਿੱਖ ਨੂੰ ਨਾ-ਪਸੰਦ। ਇਸ ਕਰਕੇ ਪੰਜਾਬੀ ਸਿੱਖ ਮਜ਼ਦੂਰਾਂ ਨੂੰ ਕੰਮ ਲੱਭਣ ਵਿਚ ਕਾਫੀ ਔਕੜਾਂ ਦਾ ਸਾਹਮਣਾ ਕਰਨਾ ਪੈਣ ਲੱਗ ਪਿਆ। ਉਨ੍ਹਾਂ ਨੇ ਨਸਲਵਾਦੀ ਹਮਲਿਆਂ ਤੋਂ ਬਚਣ, ਆਮ ਸ਼ਹਿਰੀਆਂ ਵਲੋਂ ਉਨ੍ਹਾਂ ਦੀ ਵਿਲੱਖਣ ਦਿੱਖ ਪ੍ਰਤਿ ਆਕਰਸ਼ਨ ਨੂੰ ਘਟਾਉਣ ਤੇ ਕੰਮ ਲੱਭਣ ਦੀ ਸਹੂਲਤ ਨੂੰ ਮੁੱਖ ਕਰਕੇ, ਆਪਣੀ ਇਸ ਸਭਿਆਚਾਰਕ ਪਛਾਣ ਵਾਲੇ ਲਿਬਾਸ ਤੇ ਦਿਖ ਨੂੰ- ਦਾੜ੍ਹੀ ਤੇ ਕੇਸਾਂ ਨੂੰ, ਕਤਲ ਕਰਾਉਣ ਵਿਚ ਹੀ ਭਲਾ ਸਮਝਿਆ। ਇਸ ਕਰਕੇ ਪਹਿਲੇ ਦੋ ਦਹਾਕਿਆਂ ਦੌਰਾਨ ਆਏ ਪੰਜਾਬੀ/ਭਾਰਤੀ, ਵਿਸ਼ੇਸ਼ ਕਰਕੇ ਸਿੱਖ ਰਹਿਤ-ਮਰਿਆਦਾ ਵਾਲੇ ਪਰਵਾਸੀਆਂ ਨੂੰ ਆਪਣੇ ਇਸ ਸਾਂਸਕ੍ਰਿਤਕ ਤੇ ਧਾਰਮਿਕ ਪਹਿਚਾਣ ਵਾਲੇ ਸੰਕਟ ਦੇ ਰੂ-ਬ-ਰੂ ਹੋਣਾ ਪਿਆ ਹੈ। ਉਸ ਸਮੇਂ ਉਨ੍ਹਾਂ ਮੁੱਢਲੇ ਪੰਜਾਬੀ ਪਰਵਾਸੀਆਂ ਦੀ ਸਮੇਂ, ਸਥਾਨ ਤੇ ਸਥਿਤੀ ਦੇ ਪਰਿਪੇਖ ਵਿਚ ਬਹੁਤ ਵੱਡੀ ਮਜਬੂਰੀ ਸੀ, ਜੋ ਉਨ੍ਹਾਂ ਨੂੰ ਹੰਢਾਉਣੀ ਪਈ।

ਪੰਜਾਬੀ/ਭਾਰਤੀ ਪਰਵਾਸੀਆਂ ਨੇ ਦਿਨ-ਰਾਤ ਹੱਡ-ਭੰਨਵੀਂ ਮੁਸ਼ੱਕਤ ਕਰ ਕੇ ਆਪਣੇ ਘਰ-ਬਾਰ ਬਣਾ ਲਏ, ਫਾਰਮਾਂ ਦੇ ਮਾਲਕ ਹੋ ਗਏ, ਹੋਰ ਜਾਇਦਾਦਾਂ ਬਣਾ ਲਈਆਂ, ਕਈ ਕਿਸਮ ਦੇ ਛੋਟੇ-ਵੱਡੇ ਧੰਦੇ ਤੇ ਕਾਰੋਬਾਰ ਚਲਾ ਲਏ ਪਰ ਇਨ੍ਹਾਂ ਗਤਿਵਿਧੀਆਂ ਦੇ ਨਾਲ-ਨਾਲ ਉਨ੍ਹਾਂ ਦੇ ਅੰਦਰ ਆਪਣੇ ਨਾਲ ਸਥਾਨਕ ਸਮਾਜ ਤੇ ਸਰਕਾਰ ਵਲੋਂ ਕੀਤੇ ਜਾ ਰਹੇ ਅਨਿਆਂ, ਦੁਰ-ਵਿਵਹਾਰ ਤੇ ਨਸਲਵਾਦ ਵਿਰੁੱਧ ਅੱਗ ਮਘਦੀ ਰਹੀ। ਉਨ੍ਹਾਂ ਨੂੰ ਆਪਣੀਆਂ ਸਥਾਨਕ ਮਜਬੂਰੀਆਂ-ਵਸ ਆਪਣੇ ਸਭਿਆਚਾਰ ਤੇ ਧਰਮ ਵਲੋਂ ਬੇ-ਮੁੱਖ ਹੋਣ ਦਾ ਹਮੇਸ਼ਾ ਸੰਤਾਪ ਝੋਗਣਾ ਪਿਆ। ਇਸ ਦੇ ਨਾਲ ਹੀ ਉਨ੍ਹਾਂ ਦੇ ਅੰਦਰ ਇਹ ਖਾਹਸ਼ ਵੀ ਪਲਦੀ ਰਹੀ ਹੈ ਕਿ ਉਹ ਆਪਣੀ ਔਲਾਦ ਨਾਲ ਭਵਿੱਖ ਵਿਚ ਅਜਿਹਾ ਕੁਝ

ਨਹੀਂ ਹੋਣ ਦੇਣਗੇ। ਇਸੇ ਪਹਿਰੇਦਾਰੀ ਦੀ ਚੇਤਨਾ ਵਿਚ ਹੀ ਉਹ ਆਪਣੇ ਸਭਿਆਚਾਰ ਤੇ ਧਾਰਮਿਕ ਵਿਰਸੇ ਨੂੰ ਬਣਾਈ ਰੱਖਣ ਦਾ ਭਰਮ ਪਾਲਦੇ ਰਹੇ ਹਨ।

ਪੰਜਾਬੀ/ਭਾਰਤੀ ਪਰਵਾਸੀਆਂ ਨੇ ਆਪਣੇ ਨਾਲ ਹੋ ਰਹੇ ਦੁਰ-ਵਿਵਹਾਰ ਤੇ ਅਨਿਆਂ ਦੀਆਂ ਜੜ੍ਹਾਂ ਨੂੰ ਅਲਪ ਸਮੇਂ ਵਿਚ ਹੀ ਤੇ ਬਾ-ਖ਼ੂਬੀ ਸਮਝ ਲਿਆ ਸੀ। ਇਸ ਲਈ ਉਹ ਭਾਰਤ ਨੂੰ ਸੁਤੰਤਰ ਕਰਵਾਉਣ ਵਾਸਤੇ ਜਥੇਬੰਦ ਹੋਏ, ਗ਼ਦਰ ਪਾਰਟੀ ਦੀ ਨੀਂਹ ਰੱਖੀ ਤੇ ਗ਼ਦਰ ਦੀ ਲਹਿਰ ਨੂੰ ਸਾਰੀ ਦੁਨੀਆਂ ਵਿਚ ਫੈਲਾਉਣ ਦਾ ਮਿਸ਼ਨ ਆਪਣੇ ਸਾਹਮਣੇ ਰੱਖਿਆ। ਨਾਇਕ ਬਚਨ ਸਿੰਘ ਵੀ ਉਨ੍ਹਾਂ ਗ਼ਦਰੀਆਂ ਵਿਚੋਂ ਇਕ ਸੀ। ਜਦੋਂ ਇਹ ਗ਼ਦਰੀ, ਹਿੰਦੋਸਤਾਨ ਵਿਚ ਗ਼ਦਰ ਕਰਨ ਲਈ 1914 ਵਿਚ ਵਤਨ ਨੂੰ ਵਹੀਰਾਂ ਘੱਤ ਦਿੰਦੇ ਹਨ ਤਾਂ ਬਚਨ ਸਿੰਘ ਦੀ ਡਿਊਟੀ ਉਥੇ ਹੀ ਪਾਰਟੀ ਦੇ ਕੰਮਾਂ ਦੀ ਦੇਖ-ਰੇਖ ਲਈ ਲਾਈ ਜਾਂਦੀ ਹੈ।

ਬਚਨ ਸਿੰਘ, ਇਕ ਸੁਹਿਰਦ, ਸਿਰੜੀ ਤੇ ਨਿਸ਼ਕਾਮ ਸੇਵਾ ਵਾਲਾ ਗ਼ਦਰੀ ਹੈ। ਉਹ ਤਾਂ ਆਪਣੀ ਜ਼ਿੰਦਗੀ ਵਿਚ ਇਹ ਉਪ-ਭਾਵੁਕ ਫੈਸਲਾ ਵੀ ਕਰ ਲੈਂਦਾ ਹੈ ਕਿ ਜਿੰਨਾ ਚਿਰ ਤਕ ਦੇਸ਼ ਆਜ਼ਾਦ ਨਹੀਂ ਹੋ ਜਾਂਦਾ, ਉਹ ਵਿਆਹ ਨਹੀਂ ਕਰਵਾਏਗਾ। ਇਹ ਗੱਲ ਵੱਖਰੀ ਹੈ ਕਿ ਮਗਰੋਂ ਸਥਿਤੀਆਂ-ਵਸ ਉਹ ਵਿਆਹ ਵੀ ਕਰਾ ਲੈਂਦਾ ਹੈ। ਬਚਨ ਸਿੰਘ ਗ਼ਦਰ ਲਹਿਰ ਦਾ ਇਕ ਜਿਉਂਦਾ-ਜਾਗਦਾ ਦਸਤਾਵੇਜ਼ ਹੈ, ਜਿਹੜਾ ਇਸ ਲਹਿਰ ਦੇ ਇਤਿਹਾਸ ਨੂੰ ਸਾਂਭੀ ਬੈਠਾ ਹੈ। ਉਹ ਅੰਗਰੇਜ਼ਾਂ ਦਾ ਪੱਕਾ ਦੁਸ਼ਮਣ, ਆਜ਼ਾਦੀ ਦਾ ਮਤਵਾਲਾ, ਗ਼ਦਰ ਪਾਰਟੀ ਦਾ ਧੜੱਲੇਦਾਰ ਮੈਂਬਰ, ਗ਼ਦਰ ਪਾਰਟੀ ਦੇ ਆਗੂਆਂ ਦਾ ਸਤਿਕਾਰ ਤੇ ਇਜ਼ਤ ਕਰਨ ਵਾਲਾ, ਉਨ੍ਹਾਂ ਦੀ ਆਰਥਿਕ ਤੇ ਸਮਾਜਕ ਮਦਦ ਕਰਨ ਵਾਲਾ, ਗ਼ਦਰ ਦੇ ਗ਼ੱਦਾਰਾਂ ਨੂੰ ਜਾਨੋਂ ਮਾਰ-ਮੁਕਾਉਣ ਵਾਲਾ ਇਕ ਸੂਰਮਾ ਹੈ। ਉਹ ਆਪਣੇ ਖ਼ਰੇ ਤੇ ਖ਼ਹੁਰੇ ਸੁਭਾਅ ਦੇ ਬਾਵਜੂਦ, ਅੜੇ-ਥੁੜ੍ਹਿਆਂ ਦੀ ਮਦਦ ਕਰਨ ਵਾਲਾ, ਖ਼ਰੀਆਂ ਸੁਣਨ ਤੇ ਸੁਣਾਣ ਵਾਲਾ, ਸਮੁਦਾਇ ਵਿਚ ਸਤਿਕਾਰਿਆ ਜਾਂਦਾ ਪਤਵੰਤਾ ਹੈ, ਜਿਸਦੀ ਭਰਪੂਰ ਸੰਗਤ ਹਰ ਕੋਈ ਕਰਨਾ ਚਾਹੁੰਦਾ ਹੈ।

ਉਸਦੀ ਸਿੱਕ ਤਾਂ ਕੈਲੇਫੋਰਨੀਆਂ ਪ੍ਰਾਂਤ ਵਿਚ ਇਕ ਹੋਰ 'ਪੰਜਾਬ' ਦੀ ਉਸਾਰੀ ਕਰਨਾ ਹੈ ਤਾਂ ਜੋ ਉਨ੍ਹਾਂ ਨੂੰ ਇਹ ਬਿਗਾਨਾ ਮੁਲਕ ਵੀ ਆਪਣਾ-ਆਪਣਾ ਲੱਗੇ। ਉਹ ਅਮਰੀਕਾ ਵਿਚ ਆਵਾਸ ਕਰਦਾ ਹੋਇਆ, ਪੰਜਾਬੀ ਸੰਸਕ੍ਰਿਤੀ ਤੇ ਸਿੱਖ ਧਰਮ ਦੀ ਗੌਰਵਤਾ ਨੂੰ ਬਣਾਈ ਰੱਖਣ ਦਾ ਇੱਛਕ ਹੈ। ਪੰਜਾਬੀ ਸਭਿਆਚਾਰ ਉਸਦੇ ਲਹੂ ਦੇ ਕਣ-ਕਣ ਵਿਚ ਸਮਾ ਚੁੱਕਿਆ ਹੈ। ਉਹ ਵਾਰੇ ਸ਼ਾਹ, ਬੁੱਲ੍ਹੇ ਸ਼ਾਹ, ਸ਼ਾਹ ਮੁਹੰਮਦ, ਕਾਦਰਯਾਰ, ਸੋਹਣੀ ਮਹੀਂਵਾਲ, ਸੱਸੀ ਪੁੰਨੂੰ, ਸ਼ੀਰੀਂ-ਫ਼ਰਹਾਦ ਨੂੰ ਆਪਣੇ ਗਲ਼ ਨਾਲ ਲਾਈ ਫਿਰਦਾ ਹੈ। ਉਸ ਨੂੰ

ਵਾਰੇਸ਼ਾਹ ਦੀ ਹੀਰ ਦਾ ਇਕ-ਇਕ ਬੰਦ ਮੂੰਹ-ਜ਼ੁਬਾਨੀ ਯਾਦ ਹੈ। ਸ਼ਾਹ ਮੁਹੰਮਦ ਦੇ ਟੋਟਕੇ ਉਸਦੇ ਮੂੰਹੋਂ ਆਪ-ਮੁਹਾਰੇ ਨਿਕਲਦੇ ਰਹਿੰਦੇ ਹਨ। ਪੁਰਾਣੇ ਪੰਜਾਬੀ ਗੀਤਾਂ ਵਾਲੇ ਤਵਿਆਂ ਵਾਲੀ ਮਸ਼ੀਨ ਉਸਨੇ ਅਜੇ ਵੀ ਸਾਂਭ ਕੇ ਰੱਖੀ ਹੋਈ ਹੈ ਜਿਸਨੂੰ ਉਹ ਅਮਰੀਕਾ ਵੱਲ ਨੂੰ ਤੁਰਨ ਲੱਗਿਆਂ ਸ਼ੌਘਾਈ ਤੋਂ ਨਾਲ ਲੈ ਕੇ ਆਇਆ ਸੀ।

ਨਾਵਲ ਦਾ ਨਾਇਕ ਬਚਨ ਸਿੰਘ ਅਵਚੇਤਨ ਤੌਰ 'ਤੇ ਆਪਣੇ ਧਰਮ-ਗੁਰੂਆਂ ਨਾਲ ਜੁੜਿਆ ਹੋਇਆ ਸਿੱਖ ਧਰਮ ਦਾ ਸਹਿਜ-ਵਿਸ਼ਵਾਸੀ ਸਿੱਖ ਹੈ। ਉਹ ਕਿਸੇ ਵੀ ਕਿਸਮ ਦੀ ਕੱਟੜਤਾ ਤੋਂ ਮੁਕਤ ਸੰਗਤ ਨੂੰ ਸਰਵੋਤਮ ਦਰਜਾ ਦੇਣ ਦਾ ਹਾਮੀ ਹੈ। ਪੱਛਮੀ ਸਮਾਜ ਦੀਆਂ ਕਦਰਾਂ-ਕੀਮਤਾਂ ਅਨੁਸਾਰੀ ਬਦਲਦਾ ਹੋਇਆ ਵੀ ਅੰਦਰੋਂ ਉਹ ਆਪਣੀਆਂ ਸਭਿਆਚਾਰਕ ਤੇ ਧਾਰਮਕ ਕਦਰਾਂ-ਕੀਮਤਾਂ ਨਾਲ ਪੂਰੀ ਤਰ੍ਹਾਂ ਜੁੜਿਆ ਹੋਇਆ ਹੈ :

> *ਗੁਰੂ ਗੋਬਿੰਦ ਸਿਹਾਂ। ਮੈਨੂੰ ਪਤੈ ਮੈਂ ਤੇਰਾ ਸਿੱਖ ਨਹੀਂ ਰਿਹਾ। ਮੈਂ ਕੇਸ ਕਤਲ ਕਰਾਏ... ਪਰ ਸਚ ਮੰਨੀਂ ਅਸੀਂ ਤੇਰਾ ਪੱਲਾ ਨਹੀਂ ਛੱਡਿਆ। ਤੂੰ ਨਾ ਸਾਡਾ ਛੱਡੀਂ। ਅਸੀਂ ਹਰ ਸੰਡੇ ਗੁਰਦਵਾਰੇ ਜਾਂਦੇ ਆਂ। ਤੇਰੇ ਸ਼ਬਦ ਪੜ੍ਹਦੇ ਆਂ। ਤੇਰੇ ਗੁਣ ਗਾਉਂਦੇ ਹਾਂ। ਲੰਗਰ ਕਰਦੇ ਆਂ... ਅਸੀਂ ਮਸੀਤੇ ਨਹੀਂ ਜਾਂਦੇ। ਚਰਚ ਨਹੀਂ ਮੰਨਦੇ। ਤੇਰੇ ਦਿੱਤੇ ਗ੍ਰੰਥ ਸਾਹਿਬ ਨੂੰ ਮੱਥਾ ਟੇਕਦੇ ਆਂ। (ਪੰਨਾ 71)*

ਬਚਨ ਸਿੰਘ, ਆਪਣੇ ਇਕ ਹੋਰ ਗ਼ਦਰੀ ਸਾਥੀ ਚੇਤ ਸਿੰਘ ਦੀ ਆਇਰਿਸ਼ ਪਤਨੀ ਸੋਫ਼ੀਆ ਦੀ ਧੀ ਜੈਨੀ ਨਾਲ ਵਿਆਹਿਆ ਹੋਇਆ ਹੈ। ਉਨ੍ਹਾਂ ਦੇ ਆਪਣੇ ਪਰਿਵਾਰ ਵਿਚ ਇਕ ਧੀ ਸ਼ੀਲਾ, ਜਿਹੜੀ ਘਰ ਤੋਂ ਬਾਹਰ ਸ਼ੈਲੀ ਕਰਕੇ ਜਾਣੀ ਜਾਂਦੀ ਹੈ, ਅਤੇ ਇਕ ਪੁੱਤਰ ਗੁਰਮੀਤ ਉਰਫ਼ ਮੀਤੂ ਹੈ। ਬਚਨ ਸਿੰਘ ਦੀ ਇਹ ਤਹਿ-ਦਿਲੋਂ ਮਨੋ-ਇੱਛਾ ਹੈ ਕਿ ਉਨ੍ਹਾਂ ਦੋਵਾਂ ਦਾ ਵਿਆਹ ਪੰਜਾਬੀ ਪਰਿਵਾਰ ਵਿਚ ਹੋਵੇ ਜਾਂ ਘੱਟੋ-ਘੱਟ ਭਾਰਤੀ ਪਰਿਵਾਰ ਵਿਚ ਆਵੱਸ਼ ਹੋਵੇ, ਤਾਂ ਜੋ ਉਨ੍ਹਾਂ ਦੇ ਪਰਿਵਾਰ ਵਿਚਲੀ 'ਤੀਜੀ ਪੀੜ੍ਹੀ' ਪੰਜਾਬੀ ਸਭਿਆਚਾਰ ਤੇ ਧਰਮ ਦੇ ਨੇੜੇ ਹੋਵੇ। ਉਸ ਦੇ ਪੋਤੇ-ਪੋਤੀਆਂ ਅਥਵਾ ਦੋਹਤੇ-ਦੋਹਤੀਆਂ ਉਸ ਨਾਲ ਪੰਜਾਬੀ ਬੋਲੀ ਵਿਚ ਗੱਲਾਂ-ਬਾਤਾਂ ਕਰਨ। ਬਚਨ ਸਿੰਘ ਦੀ ਇਸ ਸਾਂਸਕ੍ਰਿਤਕ ਮਨੋ-ਇੱਛਾ ਪਿਛੇ ਇਕ ਤਰਕ ਇਹ ਵੀ ਹੈ : "ਬਚਨਿਆ! ਦੇਸ਼ਾਂ ਬਿਦੇਸ਼ਾਂ ਦੀ ਖੇਹ ਛਾਣਦਾ ਰਿਹਾ ਸਾਰੀ ਉਮਰ! ਤੇਰੇ ਕੋਲ ਕੋਠੀ, ਤੇਰੇ ਕੋਲ ਕਾਰਾਂ, ਬਾਰਾਂ ਸੌ ਘੁੰਮਾਂ ਖੇਤ।

ਤੂੰ ਜੋ ਮੰਗਿਆ ਉਹ ਪਾਇਆ। ਤੂੰ ਘਾਲਾਂ ਘਾਲੀਆਂ। ਬੰਜਰ ਵਸਾਏ। ਕਾਹਦੇ ਵਾਸਤੇ। ਇਕ ਕੁੜੀ ਤੇ ਇਕ ਮੁੰਡਾ। ਦੋਵੇਂ ਹੱਥੋਂ ਨਿਕਲ ਜਾਣੈ ਐਂ। ਜੇ ਔਲਾਦ ਹੀ ਹੱਥੋਂ ਨਿਕਲ ਗਈ ਤਾਂ ਫਿਰ ਕੀ ਰਹਿ ਗਿਆ?" (ਪੰਨਾ 41)

ਨਾਇਕ ਬਚਨ ਸਿੰਘ ਦੀ ਆਪਣੀ ਔਲਾਦ ਪ੍ਰਤੀ ਇਹ ਮਨੋ-ਇੱਛਿਆ ਤੇ ਫਿਕਰਮੰਦੀ ਸਮੁੱਚੇ ਪੰਜਾਬੀ/ਭਾਰਤੀ ਪਰਵਾਸੀਆਂ ਦੀ ਇਸ ਮਨੋ-ਇੱਛਾ ਦਾ ਇਕ ਪ੍ਰਤਿਨਿਧ ਰੂਪ ਹੈ। ਆਖ਼ਿਰ ਪਰਵਾਸੀ ਲੋਕਾਂ ਨੇ ਆਪਣੇ ਘਰ-ਪਰਿਵਾਰਾਂ ਦੀ ਗਰੀਬੀ ਤੋਂ ਤੰਗ ਆ ਕੇ, ਆਪਣੀ ਔਲਾਦ ਦੇ ਸੁਨਹਿਰੇ ਭਵਿੱਖ ਦੀ ਸਿਰਜਣਾ ਕਰਨ ਵਾਸਤੇ ਹੀ ਤਾਂ ਪਰਵਾਸ ਦਾ ਸੰਤਾਪ ਝੱਲਿਆ ਸੀ? ਉਨ੍ਹਾਂ ਨੇ ਪਦਾਰਥਕ ਤੌਰ 'ਤੇ ਉਹ ਸਭ ਕੁਝ ਪ੍ਰਾਪਤ ਕਰ ਲਿਆ ਹੈ ਅਥਵਾ ਕਰ ਰਹੇ ਹਨ, ਜਿਸਦੀ ਉਨ੍ਹਾਂ ਨੇ ਮਨੋ-ਇੱਛਿਆ ਕੀਤੀ ਸੀ। ਪਰ ਪਰਵਾਸੀ ਲੋਕ ਸ਼ਾਇਦ ਇਸ ਗੱਲ ਤੋਂ ਸਜੱਗ ਰੂਪ ਵਿਚ ਏਨੇ ਚੇਤਨ ਨਹੀਂ ਸਨ ਕਿ ਉਨ੍ਹਾਂ ਨੂੰ ਇਸ ਪਦਾਰਥਕ ਸਮ੍ਰਿਧੀ ਤੇ ਖੁਸ਼ਹਾਲੀ ਦੀ ਔਲਾਦ ਦੇ ਰੂਪ ਵਿਚ ਏਨੀ ਵੱਡੀ ਕੁਰਬਾਨੀ ਦੇਣੀ ਪਵੇਗੀ।

ਉਪਰੋਕਤ ਦੁਖਾਂਤਕ-ਸਥਿਤੀ ਦਾ ਦਿਲਚਸਪ ਪਹਿਲੂ ਤਾਂ ਇਹ ਹੈ ਕਿ ਵੀਹਵੀਂ ਸਦੀ ਦੇ ਪ੍ਰਥਮ ਦਹਾਕੇ ਤੋਂ ਲੈ ਕੇ ਇਸਦੇ ਅੰਤਲੇ ਦਹਾਕੇ ਦੇ ਅਖ਼ੀਰ ਤਕ ਭਾਰਤੀ ਲੋਕ ਅਜੇ ਵੀ ਆਪਣੀ ਭੁੱਖ-ਨੰਗ ਨੂੰ ਦੂਰ ਕਰਨ ਵਾਸਤੇ, ਵਿਦੇਸ਼ਾਂ ਨੂੰ ਭੱਜ ਰਹੇ ਹਨ, ਜਿਨ੍ਹਾਂ ਦੇ ਸਾਹਮਣੇ ਅਜੇ ਵੀ ਸੁਚੇਤ ਰੂਪ ਵਿਚ ਆਪਣੇ ਸਭਿਆਚਾਰਕ ਤੇ ਧਰਮ ਦੇ ਭਾਵੀ ਸੰਕਟ ਦੇ ਮਸਲੇ ਗੌਣ ਮਹੱਤਤਾ ਹੀ ਰਖਦੇ ਹਨ। ਇਸ ਕਰਕੇ ਪਰਵਾਸੀ ਲੋਕਾਂ ਦਾ ਇਹ ਸਭਿਆਚਾਰਕ ਸੰਕਟ ਦੁਹਰੇ ਪਿੰਡੇ ਵਾਲਾ ਹੈ। ਇਕ ਪਾਸੇ ਉਹ ਕਾਲੇ ਅੰਗਰੇਜ਼/ਅਮੈਰਿਕਨ ਬਣ ਕੇ, ਆਪਣੀ ਬੋਲੀ ਤੇ ਸਭਿਆਚਾਰ ਨੂੰ ਭੁਲਾਕੇ/ਤਿਲਾਂਜਲੀ ਦੇ ਕੇ ਸਥਾਨਕ ਸਮਾਜ ਵਿਚ ਰਚ-ਮਿਚ ਜਾਣ ਦਾ ਪ੍ਰਯਾਸ ਕਰਦੇ ਹਨ। ਪਰ ਸਥਾਨਕ ਸਮਾਜ ਵਿਚ ਪੱਸਰੀਆਂ ਨਸਲਵਾਦੀ ਪ੍ਰਵਿਰਤੀਆਂ ਤੇ ਸੋਚ ਪਰਵਾਸੀਆਂ ਨੂੰ ਉਨ੍ਹਾਂ ਦੀ ਸਹੀ ਹੈਸੀਅਤ ਦਾ ਅਹਿਸਾਸ ਕਰਵਾਉਂਦੀਆਂ ਰਹਿੰਦੀਆਂ ਹਨ। ਪੁਰਾਣੀ ਪੀੜ੍ਹੀ, ਜਿਸਦੀ ਪ੍ਰਤਿਨਿਧਤਾ ਬੜੀ ਅੱਛੀ ਤਰ੍ਹਾਂ ਬਚਨ ਸਿੰਘ ਕਰ ਰਿਹਾ ਹੈ, ਉਹ ਆਪਣੀ ਇਥੇ ਜੰਮੀ, ਪਲੀ ਤੇ ਪੜ੍ਹੀ ਔਲਾਦ ਨੂੰ ਆਪਣੇ ਦੇਸੀ ਸਭਿਆਚਾਰ ਤੇ ਧਾਰਮਿਕ ਵਿਰਸੇ ਦੇ ਕਿੱਲੇ ਨਾਲ ਬੰਨ੍ਹ ਕੇ ਰੱਖਣਾ ਚਾਹੁੰਦੀ ਹੈ। ਪੁਰਾਣੀ ਪੀੜ੍ਹੀ ਆਪਣੀ ਇਥੇ ਜੰਮੀ ਔਲਾਦ ਨੂੰ ਆਪਣੇ ਧਰਮ ਦੇ ਮਾਧਿਅਮ ਰਾਹੀਂ ਆਪਣੇ ਸਭਿਆਚਾਰ ਤੇ ਉਸਦੀਆਂ ਕਦਰਾਂ-ਕੀਮਤਾਂ ਨਾਲ ਜੋੜ ਕੇ ਰੱਖਣ ਦਾ ਪ੍ਰਯਾਸ ਕਰ ਰਹੀ ਹੈ, ਜਿਸ ਵਿਚ ਉਹ ਬਹੁਤ ਸਫ਼ਲ ਨਹੀਂ ਹੋ ਰਹੀ ਬਲਕਿ ਬੁਰੀ ਤਰ੍ਹਾਂ ਵਿਫ਼ਲ ਹੀ ਹੋ

ਰਹੀ ਹੈ।

ਪਰਵਾਸੀ ਸਮੁਦਾਇ ਦੇ ਇਸ ਸਭਿਆਚਾਰਕ ਸੰਕਟ ਦਾ ਮਸਲਾ ਦੋ ਵੱਖੋ-ਵੱਖ ਸਭਿਆਚਾਰਾਂ ਦੇ ਪਰਸਪਰ ਦਵੰਦਾਤਮਕ ਸੰਬੰਧਾਂ ਵਿਚ ਬੱਝਣ ਦਾ ਮਸਲਾ ਹੈ। ਪਰ ਪੱਛਮੀ ਸਮਾਜਾਂ ਦੇ ਲੋਕ, ਆਪਣੀ ਨਸਲ, ਭਾਸ਼ਾ ਤੇ ਸੰਸਕ੍ਰਿਤੀ ਨੂੰ ਸਰਵੋਤਮ ਮੰਨਦੇ ਹੋਏ, ਬਸਤੀਵਾਦੀ, ਸਾਮਰਾਜਾਂ ਤੋਂ ਮੁਕਤ ਹੋਏ ਦੇਸ਼ਾਂ ਦੇ ਲੋਕਾਂ ਦੇ ਸਭਿਆਚਾਰ ਤੇ ਧਰਮ ਨੂੰ ਆਪਣੀ ਪੁਰਾਣੀ ਬਣੀ ਬਸਤੀਵਾਦੀ ਸੋਚ ਮੁਤਾਬਕ ਘਟੀਆ ਗਰਦਾਨਦੇ ਰਹਿੰਦੇ ਹਨ, ਜਿਸਨੂੰ ਉਨ੍ਹਾਂ ਸਮਾਜਾਂ ਵਿਚ ਪਸਰੀ ਨਸਲਵਾਦੀ ਸੋਚ ਤੇ ਪ੍ਰਵਿਰਤੀ ਹਮੇਸ਼ਾ ਬਲ ਬਖ਼ਸ਼ਦੀ ਰਹਿੰਦੀ ਹੈ। ਇਸ ਕਰਕੇ ਪਰਵਾਸੀਆਂ ਵਿਚ ਸਭਿਆਚਾਰਕ-ਰੂਪਾਂਤਰਣ ਦਾ ਮਸਲਾ, ਕਈ ਹੋਰ ਗੰਭੀਰ ਮਸਲਿਆਂ ਨੂੰ ਨਾਲ ਲਈ ਬੈਠਾ ਹੈ ਜਿਸਦਾ ਭਵਿੱਖ ਸਮਾਧਾਨ ਅਜੇ ਅਨਿਸ਼ਚਤਾ ਦੀ ਸਥਿਤੀ ਵਿਚ ਹੀ ਵਿਚਰ ਰਿਹਾ ਹੈ।

ਵਾਰੇ ਸ਼ਾਹ ਦੀ ਮੌਤ ਨਾਲ ਨਾਵਲ ਦੀ ਰੂਪ-ਰਚਨਾ ਵਿਚ ਨਾਇਕ ਬਚਨ ਸਿੰਘ ਆਪਣੇ ਧੀ-ਪੁੱਤ ਨੂੰ ਭਾਰਤ ਜਾ ਕੇ ਕਿਸੇ ਸਿੱਖ ਪੰਜਾਬੀ ਘਰਾਣੇ ਵਿਚ ਵਿਆਹੁਣ ਦੀ ਖ਼ਾਹਸ਼ ਰੱਖਦਾ ਹੋਇਆ ਵੀ ਆਪਣੇ ਮਨਸ਼ੇ ਵਿਚ ਕਾਮਯਾਬ ਨਹੀਂ ਹੁੰਦਾ। ਉਸਦੇ ਪੁੱਤ ਗੁਰਮੀਤ ਅਤੇ ਧੀ ਸ਼ੀਲਾ ਨੂੰ ਭਾਰਤ ਵਿਚੋਂ ਨਾ ਕੁੜੀ ਪਸੰਦ ਆਉਂਦੀ ਹੈ ਤੇ ਨਾ ਹੀ ਮੁੰਡਾ। ਦੋਵੇਂ ਆਪਣੇ ਪਿਤਾ ਨਾਲ ਭਾਰਤ ਦੀ ਸੈਰ ਕਰਦੇ ਹੋਏ ਵਾਪਸ ਅਮਰੀਕਾ ਆ ਪਹੁੰਚਦੇ ਹਨ। ਹਾਲੇ ਉਨ੍ਹਾਂ ਦੇ ਮਾਪੇ ਅਮਰੀਕਾ ਵਿਚ ਵਸ ਰਹੇ ਕਿਸੇ ਪੰਜਾਬੀ ਪਰਿਵਾਰਾਂ ਵਿਚੋਂ ਹੀ ਕੋਈ ਚੰਗਾ ਤੇ ਖ਼ਾਨਦਾਨੀ ਮੁੰਡਾ ਤੇ ਕੁੜੀ ਲੱਭਣ ਦੀਆਂ ਵਿਉਂਤਾਂ ਹੀ ਬਣਾ ਰਹੇ ਹਨ ਜਦੋਂ ਨੂੰ ਸ਼ੀਲਾ ਰੌਨ ਨੂੰ ਲੱਭ ਲੈਂਦੀ ਹੈ ਅਤੇ ਗੁਰਮੀਤ ਸ਼ੈਰਨ ਨੂੰ। ਰੌਨ ਬਚਨ ਸਿੰਘ ਦੇ ਪੁਰਾਣੇ ਖੇਤ ਮਾਲਕ ਐੱਡ ਫਰੇਜ਼ਰ ਦਾ ਇਕਲੌਤਾ ਪੋਤਾ ਹੈ ਜਿਸਨੂੰ ਉਸਨੇ ਇਕ ਗ਼ੁਲਾਮ ਹਿੰਦੂ ਮਜ਼ਦੂਰ ਦੀ ਲੜਕੀ ਨਾਲ ਵਿਆਹ ਕਰਾਉਣ ਕਰਕੇ ਘਰੋਂ ਕੱਢ ਦਿੱਤਾ ਹੈ। ਸ਼ੈਰਨ ਇਕ ਪੱਬ ਵਿਚ ਕੰਮ ਕਰਨ ਵਾਲੀ ਸਾਧਾਰਨ ਲੜਕੀ ਹੈ ਜਿਸਦੇ ਅੱਗੇ-ਪਿੱਛੇ ਦਾ ਕੋਈ ਖ਼ਾਸ ਪਤਾ ਨਹੀਂ ਹੈ। ਗੁਰਮੀਤ ਅਤੇ ਸ਼ੈਲੀ ਦੇ ਗੋਰੇ ਲੋਕਾਂ ਨੂੰ ਪਸੰਦ ਕਰਨ ਅਤੇ ਉਨ੍ਹਾਂ ਨਾਲ ਵਿਆਹ ਕਰਨ ਤੋਂ ਪਤਾ ਲਗਦਾ ਹੈ ਕਿ ਇਹ ਦੋਵੇਂ ਭਾਰਤੀ ਜਾਂ ਭਾਰਤੀ ਪਰਵਾਸੀ ਮੁੰਡੇ-ਕੁੜੀ ਨੂੰ ਆਪਣੀ ਨੱਕ ਥੱਲੇ ਨਹੀਂ ਲਿਆਉਂਦੇ ਤੇ ਗੋਰੇ ਸਮਾਜ ਵਿਚ ਵਿਆਹ ਕਰਾਉਣ ਨੂੰ ਪਹਿਲ ਦਿੰਦੇ ਤੇ ਪਸੰਦ ਕਰਦੇ ਹਨ। ਦਿਲਚਸਪ ਗੱਲ ਇਹ ਹੈ ਕਿ ਗੁਰਮੀਤ ਸ਼ੈਰਨ ਪਿਛੇ ਪਾਗ਼ਲ ਹੋਇਆ ਫਿਰਦਾ ਹੈ ਅਤੇ ਸ਼ੈਲੀ ਰੌਨ ਦੀ ਦੀਵਾਨੀ ਹੋਈ ਫਿਰਦੀ ਹੈ। ਉਨ੍ਹਾਂ ਦੇ ਪਿਤਾ ਬਚਨ ਸਿੰਘ ਦਾ ਉਨ੍ਹਾਂ ਦੇ ਵਿਆਹ ਬਾਰੇ ਲਿਆ ਸੁਪਨਾ ਖੇਰੂੰ-

ਖੇਰੂੰ ਹੋ ਕੇ ਰਹਿ ਜਾਂਦਾ ਹੈ। ਇਸ ਸਮੇਂ ਦੌਰਾਨ ਗੁਰਮੀਤ ਦੇ ਘਰ ਟੈੱਡ ਤੇ ਪਾਲ ਦਾ ਜਨਮ ਹੁੰਦਾ ਹੈ ਅਤੇ ਸ਼ੈਲੀ ਦੇ ਘਰ ਟਾਈਗਰ ਤੇ ਜਾਇਸ ਦਾ।

ਬਚਨ ਸਿੰਘ ਪਾਸ ਧੀ-ਪੁੱਤ ਦੇ ਆਪਣੀ ਮਰਜ਼ੀ ਨਾਲ ਕਰਾਏ ਗਏ ਵਿਆਹਾਂ ਨੂੰ ਮਾਨਤਾ ਦੇਣ ਤੋਂ ਸਿਵਾਏ ਹੋਰ ਕੋਈ ਚਾਰਾ ਨਹੀਂ ਰਹਿੰਦਾ। ਉਸਦੀ ਝੋਲੀ ਵਿਚ ਪੰਜਾਬੀ ਤੋਤਲੀ ਬੋਲੀ ਬੋਲਦੇ ਬੱਚਿਆਂ ਦੀ ਜਗ੍ਹਾ ਅੰਗਰੇਜ਼ੀ ਬੋਲੀ ਬੋਲਦੇ ਬੱਚੇ ਪੈਂਦੇ ਹਨ। ਬਚਨ ਸਿੰਘ ਅੰਦਰੋਂ ਬੇਹੱਦ ਨਿਰਾਸ਼ਿਆ ਜਾਂਦਾ ਹੈ ਤੇ ਉਸਨੂੰ ਲਗਦਾ ਹੈ ਕਿ ਉਸਦਾ 'ਵਾਰਸ ਸ਼ਾਹ ਬੀਮਾਰ ਪੈ ਗਿਆ ਹੈ।' "ਮੇਰੀ ਤਾਂ ਇਕੋ ਇੱਛਾ ਹੈ ਕਿ ਮੇਰੇ ਅੰਤ ਵੇਲੇ ਮੇਰੇ ਪੁੱਤ-ਪੋਤੇ ਤੇ ਧੀ ਦੋਹਤੇ ਮੇਰੀ ਬਾਤ ਵਿਚ ਮੇਰੇ ਨਾਲ ਗੱਲਾਂ ਕਰਨ। ਬਸ ਏਸ ਤੋਂ ਵੱਡੀ ਕੋਈ ਸ਼ੈ ਮੰਗਣੀ ਹੀ ਨਹੀਂ ਹੈ ਮੈਂ।"- ਉਸਦੀ ਇਹੋ ਮਨੋ-ਕਾਮਨਾ ਪੂਰੀ ਨਹੀਂ ਹੁੰਦੀ।

ਨਾਵਲੀ ਬਿਰਤਾਂਤ ਦੀ ਗਲਪ-ਸਥਿਤੀ ਉਦੋਂ ਨਾਟਕੀ ਰੂਪ ਗ੍ਰਹਿਣ ਕਰ ਲੈਂਦੀ ਹੈ ਜਦੋਂ ਰੌਨ ਸ਼ੈਲੀ ਨੂੰ ਤੇ ਸ਼ੈਰਨ ਮੀਤੂ ਨੂੰ ਛੱਡ ਕੇ ਚਲੇ ਜਾਂਦੇ ਹਨ, ਰੌਨ, ਤੀਵੀਂਬਾਜ਼ ਨਿਕਲਦਾ ਹੈ ਤੇ ਸ਼ੈਰਨ ਨੂੰ ਕਬੀਲਦਾਰ ਬਣਕੇ ਘਰ ਵਿਚ ਬੱਝ ਕੇ ਰਹਿਣਾ ਅੱਛਾ ਨਹੀਂ ਲਗਦਾ। ਬਚਨ ਸਿੰਘ ਲਈ ਪਰਿਵਾਰ ਦੀ ਸਥਿਤੀ ਬਦ ਤੋਂ ਬਦਤਰ ਬਣਕੇ ਰਹਿ ਜਾਂਦੀ ਹੈ।

ਉਪਰੋਕਤ ਸਥਿਤੀ ਦਾ ਵਿਅੰਗ-ਪੂਰਨ ਪੱਖ ਤਾਂ ਇਹ ਹੈ ਕਿ ਰੌਨ ਅਤੇ ਸ਼ੈਰਨ ਦੇ ਮਨਾਂ ਅੰਦਰ, ਭਾਰਤੀ/ਪੰਜਾਬੀ ਸਭਿਆਚਾਰ ਪ੍ਰਤਿ ਸਦਭਾਵਨਾ ਦੀ ਜਗ੍ਹਾ ਨਾਪਸੰਦਗੀ ਵਾਲਾ ਭਾਵ ਤੇ ਰਵੱਈਆ ਵਧੇਰੇ ਹੈ। ਰੌਨ, ਸ਼ੈਲੀ ਨੂੰ ਭੋਗਣ ਲਈ, ਤੇ ਸ਼ੈਰਨ ਗੁਰਮੀਤ ਨੂੰ ਭੋਗਣ ਲਈ ਉਨ੍ਹਾਂ ਦੇ ਨੇੜੇ ਵਧੇਰੇ ਹੁੰਦੇ ਹਨ। ਗਲਪੀ ਬਿਰਤਾਂਤ ਵਿਚ ਇਸਦਾ ਠੋਸ ਪ੍ਰਮਾਣ ਤਾਂ ਇਹੀ ਹੈ ਕਿ ਸ਼ੈਲੀ, ਹਰ ਹੀਲੇ-ਵਸੀਲੇ ਤੇ ਉਸਦੀਆਂ ਕਮਜ਼ੋਰੀਆਂ ਨੂੰ ਅੱਖੋਂ-ਪਰੋਖੇ ਕਰਕੇ ਵੀ ਉਸ ਨਾਲ ਰਹਿਣਾ ਚਾਹੁੰਦੀ ਹੈ। ਗੁਰਮੀਤ, ਸ਼ੈਰਨ ਦੇ ਛੱਡ ਜਾਣ ਦੇ ਬਾਵਜੂਦ, ਉਸਦੀ ਬਿਰਥਾ ਭਾਲ ਕਰਦਾ ਰਹਿੰਦਾ ਹੈ। ਇਉਂ ਜਾਪਦਾ ਪ੍ਰਤੀਤ ਹੁੰਦਾ ਹੈ ਕਿ ਸ਼ੈਲੀ ਤੇ ਗੁਰਮੀਤ ਦੇ ਮਨਾਂ ਅੰਦਰ ਗੋਰੀ ਚਮੜੀ ਤੇ ਉਸਦੇ ਸਭਿਆਚਾਰ ਲਈ ਸਰਵੋਤਮ ਥਾਂ ਹੈ ਜਦੋਂ ਕਿ ਭਾਰਤੀ ਸਭਿਆਚਾਰ ਲਈ ਉਨ੍ਹਾਂ ਅੰਦਰ ਕੋਈ ਆਦਰ-ਸਤਿਕਾਰ ਦੀ ਭਾਵਨਾ ਨਜ਼ਰ ਨਹੀਂ ਆਉਂਦੀ।

ਦੂਜੇ ਪਾਸੇ, ਰੌਨ ਅਤੇ ਸ਼ੈਰਨ ਨੂੰ ਸ਼ੈਲੀ, ਗੁਰਮੀਤ ਤੇ ਉਨ੍ਹਾਂ ਦੇ ਪਿਉ ਉਤੇ ਇਸ ਗੱਲ ਦੀ ਰੰਜ਼ਸ਼ ਹੈ ਕਿ ਉਹ ਆਪਣੇ ਸਭਿਆਚਾਰ ਤੇ ਧਰਮ ਨੂੰ ਤਿਆਗ ਕੇ ਹੁਣ ਤਕ ਪੂਰੇ ਦੇ ਪੂਰੇ ਗੋਰੇ ਸਮਾਜ ਤੇ ਸੰਸਕ੍ਰਿਤੀ ਵਿਚ ਵਿਲੀਨ ਕਿਉਂ ਨਹੀਂ ਹੋ ਗਏ? ਬਚਨ ਸਿੰਘ ਦੇ ਸੰਦਰਭ ਵਿਚ ਤਾਂ ਆਪਣੀ ਇਸ ਅੰਦਰਲੀ

ਰੰਜ਼ਸ਼ ਨੂੰ ਮੂੰਹ ਪਾੜ ਕੇ ਸ਼ੈਲੀ ਕੋਲ ਪ੍ਰਗਟ ਕਰਦਾ ਹੋਇਆ ਕਹਿੰਦਾ ਹੈ :

"ਸਾਰੀ ਉਮਰ ਉਸਨੇ ਅਮਰੀਕਾ ਦਾ ਅੰਨ ਖਾਧਾ ਹੈ, ਪਰ ਹੁਣ ਤਕ ਆਪਣੇ ਧਰਮ, ਆਪਣੇ ਟੈਂਪਲ ਤੇ ਆਪਣੀ ਜੰਗਲੀ ਬੋਲੀ ਨੂੰ ਨਹੀਂ ਛੱਡ ਸਕਿਆ। ਹੋਰ ਤਾਂ ਹੋਰ ਉਹ ਅਜੇ ਤਕ ਕ੍ਰਿਸ਼ਚੀਅਨ ਵੀ ਨਹੀਂ।

"...ਡਰਿੰਕ ਦੇ ਨਾਲ ਉਹ ਕਾਲੇ ਛੋਲੇ ਲੈ ਕੇ ਬਹਿ ਜਾਂਦਾ"... ਮੇਰਾ ਬਾਬਾ ਕਹਿੰਦਾ ਸੀ ਕਿ ਤੁਹਾਡੇ ਘਰ ਵਿਚੋਂ ਲਸਣ ਦੀ ਬੋ ਆਉਂਦੀ ਹੈ'... 'ਤੁਹਾਡੇ ਟੈਂਪਲ ਵਿਚ ਅਜੀਬ ਕਿਸਮ ਦੇ ਬਲਕ ਬੀਨਜ਼ ਬਣਾਉਂਦੇ ਹਨ।'... 'ਟੈਂਪਲ ਦੇ ਬਾਹਰ ਬੁਢੇ ਵੀਹ ਵੀਹ ਸਾਲ ਪੁਰਾਣੀਆਂ ਲੋਹੇ ਦੀਆਂ ਕੁਰਸੀਆਂ ਉਤੇ ਬੈਠੇ ਜੰਗਲੀ ਬੋਲੀ ਵਿਚ ਗੱਲਾਂ ਕਰਦੇ ਰਹਿੰਦੇ ਹਨ। ਉਹ ਅੰਗਰੇਜ਼ੀ ਨਹੀਂ ਸਿਖ ਸਕਦੇ।"

(ਪੰਨਾ 189-190)

ਵਾਸਤਵ ਮਸਲਾ ਸਥਾਨਕ ਸਭਿਆਚਾਰ ਅਤੇ ਪਰਵਾਸੀਆਂ ਦੇ ਘੱਟ-ਗਿਣਤੀ ਵਾਲੇ ਸਮੂਹਾਂ ਦੇ ਉਪ-ਸਭਿਆਚਾਰਾਂ ਦੇ ਪਰਸਪਰ ਸੰਬੰਧਾਂ ਦਾ ਹੈ। ਸਥਾਨਕ ਸਮਾਜ ਵਿਚ ਉਨ੍ਹਾਂ ਦੇ ਸਭਿਆਚਾਰ ਦੀ ਪ੍ਰਭੂਸੱਤਾ ਹੈ ਅਤੇ ਉਹ ਘੱਟ-ਗਿਣਤੀ ਪਰਵਾਸੀਆਂ ਦੇ ਆਪੋ-ਆਪਣੇ ਉਪ-ਸਭਿਆਚਾਰਾਂ ਨੂੰ ਉਹ ਮਾਨਤਾ ਨਹੀਂ ਦਿੰਦੇ ਜੋ ਉਨ੍ਹਾਂ ਨੂੰ ਵਾਸਤਵ ਵਿਚ ਮਿਲਣੀ ਚਾਹੀਦੀ ਹੈ। ਸ਼ਕਤੀਸ਼ਾਲੀ ਪ੍ਰਭੂਸੱਤਾ ਵਾਲਾ ਸਭਿਆਚਾਰ, ਦੂਸਰੇ ਉਪ-ਸਭਿਆਚਾਰਾਂ ਨਾਲ ਸਹਿ-ਅਸਤਿਤਵ ਵਾਲੇ ਸਿਧਾਂਤ ਉਤੇ ਨਾ ਵਿਚਰਕੇ ਉਨ੍ਹਾਂ ਨੂੰ ਆਪਣੇ ਵਿਚ ਵਿਲੀਨ ਕਰਨ ਦੀ ਆਪਣੀ ਬਸਤੀਵਾਦੀ ਨੀਤੀ ਉਤੇ ਚਲਣ ਦਾ ਜਤਨ ਕਰਦਾ ਹੈ, ਜਿਸ ਕਰਕੇ ਉਥੋਂ ਦਾ ਸਮਾਜ, ਦੂਜੀ ਸੰਸਕ੍ਰਿਤੀ ਤੇ ਧਰਮ ਵਾਲੇ ਲੋਕਾਂ ਨੂੰ ਆਪਣੇ ਬਰਾਬਰ ਦਾ ਗਿਣਕੇ ਆਦਰ-ਸਤਿਕਾਰ ਪ੍ਰਦਾਨ ਨਹੀਂ ਕਰਦਾ, ਬਲਕਿ ਉਨ੍ਹਾਂ ਨੂੰ ਤ੍ਰਿਸਕਾਰ ਦੀ ਨਜ਼ਰ ਨਾਲ ਵੇਖਦਾ ਹੈ।

ਨਾਇਕ ਬਚਨ ਸਿੰਘ ਦਾ ਅਮਰੀਕਾ ਵਿਚ ਆਵਾਸ ਕਰਦਿਆਂ ਹੋਇਆਂ, ਆਪਣੀ ਬੋਲੀ, ਆਪਣੇ ਸਭਿਆਚਾਰ ਤੇ ਆਪਣੇ ਧਰਮ ਨੂੰ ਬਚਾਈ ਰੱਖਣ ਦਾ ਤਰਲਾ ਤੇ ਮਨੋ-ਇੱਛਿਆ, ਵਿਦੇਸ਼ਾਂ 'ਚ ਜਾ ਵਸੇ ਸਮੁੱਚੇ ਭਾਰਤੀ ਪਰਵਾਸੀਆਂ ਦੀ ਪ੍ਰਤਿਨਿਧ ਮਿਸਾਲ ਵਜੋਂ ਪੇਸ਼ ਹੋ ਰਿਹਾ ਹੈ। ਇਨ੍ਹਾਂ ਪਰਵਾਸੀ

ਭਾਰਤੀਆਂ ਦੀ ਦੂਜੀ ਅਥਵਾ ਤੀਜੀ ਪੀੜ੍ਹੀ ਦਾ ਸੰਕਟ ਇਸ ਤੋਂ ਵੀ ਗਹਿਰਾ ਤੇ ਵਿਆਪਕ ਹੈ। ਉਹ ਨਾ ਭਾਰਤੀ ਰਹੇ ਹਨ ਅਤੇ ਨਾ ਹੀ ਪੱਛਮੀ। ਗੁਰਮੀਤ ਆਪਣੇ ਪਿਤਾ ਬਚਨ ਸਿੰਘ ਨੂੰ ਕਹਿੰਦਾ ਹੈ : "ਬਾਪੂ ਇੰਡੀਆ ਤੇਰਾ ਦੇਸ ਹੈ। ਮੇਰਾ ਨਹੀਂ।" ਪਰ ਇਹ ਨਵੀਂ ਪੀੜ੍ਹੀ ਜਿਸਨੂੰ- ਆਪਣੀ ਜਨਮ ਭੋਇੰ- ਆਪਣਾ ਦੇਸ਼ ਕਹਿੰਦੇ ਹਨ, ਉਥੇ ਆਏ ਦਿਨ, ਬਲੈਕ ਬਾਸਟਰਡ, ਪਾਕੀ ਬਾਸਟਰਡ, ਬਲੈਕ, ਬ੍ਰਾਊਨ, ਯੈਲੋ ਆਲ ਆਊਟ ਦੇ ਨਾਅਰੇ ਵਜਦੇ ਰਹਿੰਦੇ ਹਨ। ਨਸਲਵਾਦੀ ਹਿੰਸਕ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਉਥੋਂ ਦੀ ਨਵੀਂ ਪੀੜ੍ਹੀ ਦੋ-ਖੰਡਤਾ ਦਾ ਸ਼ਿਕਾਰ ਹੋ ਕੇ ਰਹਿ ਗਈ ਹੈ। ਘਰ-ਪਰਿਵਾਰਾਂ ਵਿਚ ਅਤੇ ਆਪਣੇ ਸੀਮਤ ਸਮੁਦਾਇ ਦੇ ਵਾਤਾਵਰਣ ਵਿਚ ਉਨ੍ਹਾਂ ਨੂੰ ਆਪਣੇ ਸਭਿਆਚਾਰ ਤੇ ਧਾਰਮਕ ਸਮਾਚਾਰਾਂ ਤੇ ਵੇਰਵਿਆਂ ਦੇ ਰੂ-ਬ-ਰੂ ਹੋਣਾ ਪੈਂਦਾ ਹੈ। ਉਨ੍ਹਾਂ ਦਾ ਅਵਚੇਤਨ ਆਪਣੇ ਭਾਈਚਾਰੇ ਤੋਂ ਆਵੱਸ਼ ਪ੍ਰਭਾਵਿਤ ਹੁੰਦਾ ਹੈ। ਪਰ ਘਰ-ਪਰਿਵਾਰ ਤੇ ਸਮੁਦਾਇ ਤੋਂ ਬਾਹਰ ਉਨ੍ਹਾਂ ਦਾ ਸਾਰਾ ਸਮੁੱਚਾ ਪਰਿਵੇਸ਼ ਪੱਛਮੀ ਹੈ। ਇਸ ਲਈ ਉਨ੍ਹਾਂ ਦੇ ਜੀਵਨ ਵਿਚ ਤਨਾਉ ਤੇ ਟਕਰਾਓ ਦਾ ਹੋਣਾ ਕੁਦਰਤੀ ਹੈ, ਜਿਸਦਾ ਸਹੀ ਤੇ ਵਿਗਿਆਨਕ ਸਮਾਧਾਨ, ਹਰੇਕ ਘੱਟ-ਗਿਣਤੀ ਸਮੂਹ ਦੇ ਸਭਿਆਚਾਰ, ਧਰਮ ਤੇ ਭਾਸ਼ਾ ਨੂੰ ਵਿਧਾਨਕ ਤੌਰ 'ਤੇ ਬਰਾਬਰ ਦਾ ਦਰਜਾ ਦੇ ਕੇ, ਇਨ੍ਹਾਂ ਪ੍ਰਤਿ ਕਿਸੇ ਪੂਰਵਾਗ੍ਰਹਿ ਤੋਂ ਮੁਕਤ ਹੋ ਕੇ ਸਹਿ-ਅਸਤਿਤਵੀ ਤੌਰ 'ਤੇ ਵਿਚਰਨ ਵਿਚ ਹੈ। ਹਰੇਕ ਕੌਮ ਦਾ ਸਭਿਆਚਾਰ, ਭਾਸ਼ਾ ਤੇ ਧਰਮ, ਆਪਣੀਆਂ ਸ਼ਰਤਾਂ ਉਤੇ ਚੰਗਾ, ਉਸਾਰੂ ਤੇ ਸਰਵੋਤਮ ਹੀ ਹੁੰਦਾ ਹੈ। ਲੋੜ ਇਸ ਗੱਲ ਦੀ ਹੈ ਕਿ ਹਰੇਕ ਕੌਮ, ਦੂਸਰੇ ਸਭਿਆਚਾਰਾਂ ਵਿਚੋਂ ਹਾਂ-ਪੱਖੀ ਤੇ ਉਸਾਰੂ ਕਦਰਾਂ-ਕੀਮਤਾਂ ਤੋਂ ਆਵੱਸ਼ ਲਾਭ ਪ੍ਰਾਪਤ ਕਰਦੀ ਹੋਈ ਉਸਨੂੰ ਆਤਮ-ਸਾਤ ਕਰਕੇ ਆਪਣੇ ਸਭਿਆਚਾਰ ਨੂੰ ਹੋਰ ਵੀ ਸਮ੍ਰਿਧ ਕਰਨ ਦੀ ਪ੍ਰਕ੍ਰਿਆ ਵਿਚ ਸਲੰਗਨ ਰਹੇ।

ਨਾਵਲੀ ਬਿਰਤਾਂਤ ਵਿਚ ਨਾਇਕ ਦੇ ਆਪਣੇ ਜੀਵਨ ਵਿਚ ਅਤੇ ਉਸਦੇ ਪਰਿਵਾਰ ਵਿਚ ਇਕ ਧਰਵਾਸ ਦੀ ਆਸ ਉਦੋਂ ਬੱਝਣੀ ਆਰੰਭ ਹੁੰਦੀ ਹੈ ਜਦੋਂ ਕੀਰਤੀ ਅਤੇ ਮਹਿੰਦਰ ਸਿੰਘ ਉਨ੍ਹਾਂ ਨੂੰ ਆਪਣੇ ਦੋਵਾਂ ਧੀ-ਪੁੱਤ ਦੇ ਅਸਫਲ ਵਿਆਹ ਪਿਛੋਂ ਉਸਦੇ ਬਦਲ ਵਿਚ ਮਿਲ ਜਾਣ ਦੀ ਆਸ ਲਗ ਜਾਂਦੀ ਹੈ। ਕੀਰਤੀ ਅਤੇ ਮਹਿੰਦਰ, ਦੋਵੇਂ ਆਪੋ-ਆਪਣੀਆਂ ਸਥਿਤੀਆਂ-ਬਸ, ਬਚਨ ਸਿੰਘ ਦੇ ਪਰਿਵਾਰ ਦੇ ਨੇੜੇ ਹੁੰਦੇ ਹਨ। ਬਚਨ ਸਿੰਘ ਤੇ ਉਸਦੀ ਪਤਨੀ ਜੈਕੀ ਉਨ੍ਹਾਂ ਦੀ ਅਜਿਹੀ ਸਮੱਸਿਆ-ਗ੍ਰਸਤ ਸਥਿਤੀ ਤੋਂ ਪੂਰਾ-ਪੂਰਾ ਲਾਭ ਉਠਾਉਣ ਦੇ ਜਤਨ ਵਿਚ ਹਨ। ਕੀਰਤੀ, ਆਪਣੇ ਪਿਉ ਦੇ ਰਵੱਈਏ ਤੋਂ ਤੰਗ ਤੇ ਦੁਖੀ ਹੋ

ਕੇ, ਆਪਣੀ ਵਸਤੂ-ਸਥਿਤੀ ਨੂੰ ਵਾਚਦੀ ਹੋਈ, ਕਿਸੇ ਹੱਦ ਤੱਕ ਆਪਣੇ ਮਨ ਨੂੰ ਮਾਰਦੀ ਹੋਈ ਗੁਰਮੀਤ ਨਾਲ ਵਿਆਹ ਕਰਾਉਣ ਨੂੰ ਮੰਨ ਜਾਂਦੀ ਹੈ। ਉਧਰ ਗੁਰਮੀਤ ਸ਼ੈਰਨ ਦੇ ਪ੍ਰੇਮ ਵਿਚ ਫਾਥਾ ਹੋਇਆ ਉਸਦੇ ਲੱਭ ਜਾਣ ਦੀ ਆਸ ਤੋਂ ਨਿਰਾਸ਼ ਹੋਇਆ ਹੋਇਆ, ਕੀਰਤੀ ਨੂੰ ਅਪਣਾ ਲੈਂਦਾ ਹੈ। ਦੂਜੇ ਪਾਸੇ, ਸ਼ੈਲੀ ਆਪਣੀ ਮਾਂ ਜੈਕੀ ਦੇ ਸਹਿਯੋਗ ਨਾਲ ਇਕ ਪਾਸੇ ਮਹਿੰਦਰ ਦੀ ਨੇੜਤਾ ਪ੍ਰਾਪਤ ਕਰਨ ਦਾ ਜਤਨ ਕਰ ਰਹੀ ਹੈ ਤੇ ਦੂਜੇ ਪਾਸੇ, ਹਰ ਹੀਲੇ-ਵਸੀਲੇ ਰੌਨ ਨੂੰ ਵੱਸ ਵਿਚ ਕਰਨ ਦਾ ਜਤਨ ਵੀ ਜਾਰੀ ਰਖ ਰਹੀ ਹੈ।

ਨਿਰਸੰਦੇਹ ਕੀਰਤੀ ਦੇ ਆਉਣ ਨਾਲ ਬਚਨ ਸਿੰਘ ਵਿਚ ਇਕ ਨਵੀਂ ਜਾਨ ਪੈ ਗਈ ਸੀ। ਉਹ ਤੜਕੇ ਉਠਕੇ ਵਾਰਸ ਸ਼ਾਹ ਦੀ ਹੀਰ ਦੇ ਬੰਦ ਗਾਉਣ ਲੱਗ ਪੈਂਦਾ। ਕਦੇ ਸ਼ਾਹ ਮੁਹੰਮਦ, ਕਦੇ ਕਾਦਰ ਯਾਰ, ਕਦੇ ਬੁੱਲ੍ਹੇਸ਼ਾਹ ਤੇ ਕਦੇ ਦਮੋਦਰ ਦੇ ਕਿੱਸਿਆਂ ਦੇ ਬੰਦ ਗਾਉਂਦਾ ਅੱਖਾਂ ਬੰਦ ਕਰਕੇ ਮਸਤ ਬੈਠਾ ਰਹਿੰਦਾ।' ਪਰ ਗੁਰਮੀਤ ਦਾ ਕੀਰਤੀ ਪ੍ਰਤਿ ਕੀਤਾ ਵਿਸ਼ਵਾਸ-ਘਾਤ ਕੀਰਤੀ ਅਤੇ ਬਚਨ ਸਿੰਘ ਦੋਵਾਂ ਨੂੰ ਕਿਸੇ ਜੋਗਾ ਨਹੀਂ ਰਹਿਣ ਦਿੰਦਾ। ਬਚਨ ਸਿੰਘ ਕੀਰਤੀ ਦੇ ਲੱਖ ਤਰਲੇ ਪਾਉਣ ਦੇ ਬਾਵਜੂਦ ਉਸਨੂੰ ਮੋੜ ਲਿਆਉਣ ਵਿਚ ਅਸਫਲ ਰਹਿੰਦਾ ਹੈ।

ਦੂਜੇ ਪਾਸੇ, ਮਹਿੰਦਰ ਸ਼ੈਲੀ ਦੇ ਨੇੜ ਆਉਣ ਦਾ ਚਾਹਵਾਨ ਹੁੰਦਾ ਹੋਇਆ ਵੀ ਆਪਣੇ ਪਿਉ ਤੇ ਪਰਿਵਾਰ ਦੇ ਦਬਾਉ ਅਧੀਨ, ਉਸ ਨਾਲ ਰਿਸ਼ਤਾ ਬਣਾ ਸਕਣ ਤੋਂ ਅਸਮਰਥ ਹੋ ਜਾਂਦਾ ਹੈ।

ਨਾਇਕ ਬਚਨ ਸਿੰਘ ਦੇ ਦੋਵੇਂ ਬੱਚੇ, ਸਥਾਨਕ ਸਮਾਜ ਵਿਚ ਵਿਆਹ ਕਰਵਾਕੇ, ਉਸ ਵਿਚ ਬੁਰੀ ਤਰ੍ਹਾਂ ਅਸਫਲ ਹੋ ਕੇ, ਦੋ-ਦੋ ਬੱਚਿਆਂ ਦੇ ਮਾਂ ਪਿਉ ਹੋ ਕੇ, ਰਹਿ ਜਾਂਦੇ ਹਨ। ਬਚਨ ਸਿੰਘ ਤੇ ਉਸਦੀ ਪਤਨੀ ਜੈਕੀ ਲਈ ਇਹ ਸਦਮਾ ਅਸਹਿ ਹੋ ਨਿਬੜਦਾ ਹੈ। ਬਚਨ ਸਿੰਘ ਦੀ ਆਪਣੇ ਬੱਚਿਆਂ ਨੂੰ ਆਪਣੀ ਖਾਹਸ਼ ਮੁਤਾਬਕ ਵਿਆਹੁਣ ਦੀ ਮਨੋ-ਕਾਮਨਾ ਮਿੱਟੀ ਵਿਚ ਰੁਲਕੇ ਰਹਿ ਜਾਂਦੀ ਹੈ।

ਇਉਂ, ਵਾਰੇ ਸ਼ਾਹ ਦੀ ਮੌਤ ਨਾਵਲ ਦਾ ਨਾਇਕ ਬਚਨ ਸਿੰਘ ਆਪਣੀਆਂ ਲੱਖ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਆਪਣੇ 'ਵਾਰੇ ਸ਼ਾਹ', ਜੋ ਕਿ ਉਸ ਲਈ ਪੰਜਾਬੀ ਸੰਸਕ੍ਰਿਤੀ ਦਾ ਪ੍ਰਤੀਕ ਹੈ, ਨੂੰ ਮਰਨ ਤੋਂ ਨਹੀਂ ਬਚਾ ਸਕਿਆ। ਉਹ ਮੰਜੇ ਉਤੇ ਨਿਢਾਲ ਪਿਆ ਹੋਇਆ ਬੇਹੋਸ਼ੀ ਦੀ ਹਾਲਤ ਵਿਚ ਆਪਣੇ-ਆਪ ਨਾਲ ਗੱਲਾਂ ਕਰਦਾ ਹੋਇਆ ਕੁਰਲਾ ਉਠਦਾ ਹੈ :

ਨਾ ਮੀਤੂ, ਨਾ ਸ਼ੈਰਨ, ਨਾ ਸ਼ੀਲਾ, ਨਾ ਰੌਨ। ਨਾ ਟੈਡ,
ਨਾ ਪਾਲ, ਨਾ ਟੈਗੋਰ ਨਾ ਜੈਸ, ਨਾ ਹੀ ਜਾਰਜ ਕੋਈ ਵੀ ਮੇਰੀ

ਭਾਸ਼ਾ ਨਹੀਂ ਜਾਣਦਾ। ਵਾਰੇ ਸ਼ਾਹ ਮਰਿਆ ਕਿ ਮਰਿਆ। ਓਏ! ਲੋਕੋ! ਵਾਰੇ ਸ਼ਾਹ ਦੀ ਮੌਤ ਤੋਂ ਪਹਿਲਾਂ ਮੈਨੂੰ ਮਰ ਲੈਣ ਦਿਓ।

(ਪੰਨਾ 280)

ਮੌਤ ਦੇ ਮੰਜੇ ਉਤੇ ਆਪਣੇ ਜੀਵਨ ਦੀਆਂ ਆਖ਼ਿਰੀ ਘੜੀਆਂ ਗਿਣਦਾ ਹੋਇਆ ਆਪਣੀ ਪਤਨੀ ਜੈਕੀ ਨੂੰ ਆਪਣੀ ਅੰਤਿਮ ਬੇਨਤੀ ਕਰਦਾ ਹੋਇਆ ਕਹਿੰਦਾ ਹੈ :

ਡਾਰਲੀ! ਮੇਰਾ ਪੁੱਤ, ਮੇਰੀ ਧੀ, ਮੇਰੇ ਪੋਤੇ, ਮੇਰਾ ਦੋਹਤਾ ਜਾਂ ਦੋਹਤੀ ਕੋਈ ਵੀ ਮੇਰੇ ਮਰਨ ਵੇਲੇ ਵਾਰੇ ਸ਼ਾਹ ਦੀ ਹੀਰ ਦਾ ਬੰਦ ਸੁਣਾ ਦੇਵੇ ਤਾਂ ਮੇਰਾ ਸਾਹ ਸੌਖਾ ਨਿਕਲੂ। ਮੈਂ ਸਿਧਾ ਸੁਰਗਾਂ ਨੂੰ ਜਾਊਂ।

(ਪੰਨਾ 280)

ਵਾਰੇਸ਼ਾਹ ਦੀ ਮੌਤ ਦੇ ਨਾਇਕ ਬਚੰਨ ਸਿੰਘ ਦਾ ਆਪਣੀ ਮਾਤ-ਭਾਸ਼ਾ, ਸੰਸਕ੍ਰਿਤੀ ਤੇ ਧਰਮ ਨੂੰ ਬਚਾਉਣ ਦਾ ਆਵਾਹਣ, ਪੰਜਾਬੀ/ਭਾਰਤੀ ਪਰਵਾਸੀ ਲੋਕਾਂ ਸਾਹਮਣੇ ਆਪਣੇ ਦਾਇਤਵ ਨੂੰ ਪਛਾਣਨ ਤੇ ਉਸ ਵਾਸਤੇ ਚੇਤਨ ਰੂਪ ਵਿਚ ਕਾਰਜ ਕਰਨ ਦੇ ਇਤਿਹਾਸਕ ਮਿਸ਼ਨ ਨੂੰ ਸਾਹਮਣੇ ਲਿਆਉਂਦਾ ਹੈ।

ਨਾਵਲ ਲੇਖਕ ਖ਼ੁਦ ਉਪਰੋਕਤ ਸਮੱਸਿਆ ਦੇ ਸੰਦਰਭ ਨੂੰ ਆਪਣੇ ਇਸ ਤੋਂ ਅਗਲੇ ਨਾਵਲ ਤੀਜੀ ਪੀੜ੍ਹੀ ਵਿਚ ਗਲਪੀ ਰੂਪ ਪ੍ਰਦਾਨ ਕਰਦਾ ਹੋਇਆ, ਇਸ ਦੇ ਸੰਭਾਵਿਤ ਸਮਾਧਾਨ ਕਰਨ ਦੇ ਵਿਵੇਕ ਨੂੰ ਪ੍ਰਸਤੁਤ ਕਰਨ ਵੱਲ ਰੁਚਿਤ ਹੁੰਦਾ ਹੈ।

ਤੀਜੀ ਪੀੜ੍ਹੀ (1984)

ਤੀਜੀ ਪੀੜ੍ਹੀ ਨਾਵਲ ਵਿਚ ਗਿਆਨੀ ਕੇਸਰ ਸਿੰਘ ਨੇ ਬਰਤਾਨੀਆ ਵਿਚ ਪਰਵਾਸੀ ਪੰਜਾਬੀ ਸਮੁਦਾਇ ਦੇ ਸਨਮੁਖ ਆ ਰਹੀ ਨਸਲਵਾਦ ਦੀ ਸਮੱਸਿਆ, ਉਨ੍ਹਾਂ ਦੀ ਇਥੇ ਜੰਮੀ ਤੇ ਪਰਵਾਨ ਚੜ੍ਹ ਰਹੀ 'ਤੀਜੀ ਪੀੜ੍ਹੀ' ਦੇ ਪੀੜ੍ਹੀ-ਪਾੜੇ, ਉਸਦੇ ਸਥਾਨਕ ਸਮਾਜ ਦੇ ਮੁਖ ਸਭਿਆਚਾਰ ਵਿਚ ਆਪਣੀ ਸਭਿਆਚਾਰਕ ਪਹਿਚਾਣ ਦੇ ਸੰਕਟ ਅਤੇ ਉਸਦੇ ਆਪਣੇ ਭਾਈਚਾਰੇ ਵਿਚ

'ਜਾਤ-ਪਾਤ' ਤੇ 'ਇਲਾਕਾਵਾਦ' ਆਦਿ ਦੀਆਂ ਸਮੱਸਿਆਵਾਂ ਨੂੰ ਕੇਂਦਰ ਵਿਚ ਰਖਕੇ ਆਪਣੇ ਕਥਾ-ਵਸਤੂ ਰਾਹੀਂ ਗਲਪ ਦੀ ਉਸਾਰੀ ਕੀਤੀ ਹੈ।

ਨਾਵਲ ਦੀ ਰੂਪ-ਰਚਨਾ ਵਿਚ, ਉਪਰੋਕਤ ਸਾਰੀਆਂ ਸਮੱਸਿਆਵਾਂ ਨਾਵਲੀ ਬਿਰਤਾਂਤ ਵਿਚ ਨਾਲੋ-ਨਾਲ ਕਾਰਜਸ਼ੀਲ ਹੋ ਰਹੀਆਂ ਹਨ। ਪੰਜਾਬੀ ਪਰਵਾਸੀਆਂ ਦਾ ਸਭ ਤੋਂ ਪਹਿਲਾਂ ਵਾਹ ਇਥੋਂ ਦੇ ਨਸਲਵਾਦ ਨਾਲ ਪੈਂਦਾ ਹੈ। ਪੰਜਾਬੀ/ਭਾਰਤੀ ਪਰਵਾਸੀਆਂ ਨੂੰ ਕੰਮ ਲੱਭਣ ਵੇਲੇ, ਕੰਮ ਕਰਨ ਦੇ ਦੌਰਾਨ, ਕੰਮ ਕਰਨ ਦੇ ਰੁਤਬੇ ਵਿਚ, ਨੌਕਰੀਆਂ ਲੈਣ ਵੇਲੇ, ਨੌਕਰੀਆਂ ਵਿਚੋਂ ਬਰਖ਼ਾਸਤ ਕਰਨ ਸਮੇਂ, ਆਮ ਸਮਾਜਕ ਤੇ ਜਨਤਕ ਥਾਵਾਂ ਉਤੇ, ਅਰਥਾਤ ਜੀਵਨ ਦੇ ਹਰ ਪੱਖ ਤੇ ਪਹਿਲੂ ਵਿਚ ਉਨ੍ਹਾਂ ਨੂੰ ਨਸਲਵਾਦ ਦਾ ਸਾਹਮਣਾ ਕਰਨਾ ਪੈਂਦਾ ਹੈ। ਬਰਤਾਨਵੀ ਸਮਾਜ ਵਿਚ ਨਸਲਵਾਦ ਵਿਸ਼ੇਸ਼ ਕਰਕੇ ਦੋ ਪੱਧਰਾਂ 'ਤੇ ਆਮ ਵਿਚਰਦਾ ਹੈ। ਇਕ ਆਮ ਜਨਤਾ ਵਿਚ, ਉਨ੍ਹਾਂ ਦੀ ਆਮ ਸਮਾਜਕ ਪ੍ਰਵਿਰਤੀ ਬਣਕੇ ਤੇ ਦੂਜਾ ਸੰਸਥਾਗਤ ਰੂਪ ਵਿਚ- ਰਾਜਨੀਤਕ ਫਾਸ਼ੀਵਾਦ ਦੇ ਰੂਪ ਵਿਚ। ਨਸਲਵਾਦ ਦੇ ਇਹ ਦੋਵੇਂ ਰੂਪ ਹੀ ਬੜੇ ਘਿਣਾਉਣੇ ਹਨ ਅਤੇ ਬਰਤਾਨੀਆ ਵਿਚ ਵਸ ਰਹੇ ਹਰੇਕ ਪਰਵਾਸੀ ਸਮੂਹ ਨੂੰ ਇਸਦੇ ਮਾਰੂ ਸਿੱਟੇ ਭੁਗਤਣੇ ਪੈ ਰਹੇ ਹਨ।

ਨਸਲਵਾਦ, ਸਰਮਾਏਦਾਰੀ ਸ਼੍ਰੇਣੀ ਦਾ ਇਕ ਅਜਿਹਾ ਹਥਿਆਰ ਹੈ ਜਿਸ ਨਾਲ ਉਹ ਆਪਣੇ ਮੁਲਕ ਦੀ ਅਧਿਕਤਰ ਜਨਤਾ ਨੂੰ ਆਪਣੇ ਪਿੱਛੇ ਲਾਉਣ ਵਿਚ ਕਾਫੀ ਹੱਦ ਤੱਕ ਕਾਮਯਾਬ ਹੋ ਜਾਂਦੀ ਹੈ। ਉਹ ਆਪਣੀ ਸਮਾਜਕ ਵਿਵਸਥਾ ਦੇ ਅਨਿਵਾਰੀ ਜਨਤਾ-ਵਿਰੋਧੀ ਕਾਰਜ ਦੇ ਸਿੱਟਿਆਂ ਯਥਾ ਬੇਰੁਜ਼ਗਾਰੀ, ਮੁਦਰਾ-ਸਫੀਤੀ, ਮਹਿੰਗਾਈ ਤੇ ਹੋਰ ਆਰਥਿਕ ਤੇ ਸਮਾਜਕ ਸਮੱਸਿਆਵਾਂ ਉਤੇ ਪਰਦਾ ਪਾਉਣ ਵਾਸਤੇ, 'ਨਸਲਵਾਦ' ਦੀ ਬਿਰਤੀ ਨੂੰ ਇਕ ਸਿੱਕੇ ਵਾਂਗ ਵਰਤੋਂ ਵਿਚ ਲਿਆਉਂਦੀ ਹੈ। ਉਹ ਮਜ਼ਦੂਰ ਸ਼੍ਰੇਣੀ ਅਤੇ ਆਪਣੇ ਛੋਟੇ-ਵੱਡੇ ਕਰਿੰਦਿਆਂ ਅਰਥਾਤ ਨੌਕਰਸ਼ਾਹੀ ਉਤੇ ਨਸਲਵਾਦੀ ਪਾਣ ਚਾੜ੍ਹਕੇ, ਉਨ੍ਹਾਂ ਨੂੰ ਪਾੜ ਕੇ ਰੱਖਣ ਅਤੇ ਬਾਹਰੋਂ ਆਏ ਹਰ ਕਿਸਮ ਦੇ ਆਵਾਸੀਆਂ ਪ੍ਰਤਿ ਉਨ੍ਹਾਂ ਦੇ ਅੰਦਰ ਨਫ਼ਰਤ ਬਣਾਈ ਰੱਖਣ ਲਈ ਕੂਟ-ਨੀਤੀ ਰਾਹੀਂ ਆਪਣੇ ਆਰਥਿਕ ਹਿਤਾਂ ਨੂੰ ਸੁਰੱਖਿਅਤ ਬਣਾਈ ਰੱਖਦੀ ਹੈ।

ਨਸਲਵਾਦ ਦੀ ਇਸ ਵਬਾਅ ਤੋਂ ਸਥਾਨਕ ਸਮਾਜ ਦੀ ਨਵੀਂ ਪੀੜ੍ਹੀ ਬੜੀ ਛੇਤੀ ਤੇ ਤਿੱਖੇ ਰੂਪ ਵਿਚ ਪ੍ਰਭਾਵਿਤ ਹੁੰਦੀ ਹੈ ਅਥਵਾ ਕੀਤੀ ਜਾਂਦੀ ਹੈ। ਜਿਸ ਨਾਲ ਇਸ ਨਸਲਵਾਦ ਦੀਆਂ ਜੜ੍ਹਾਂ ਉਸ ਧਰਤੀ ਵਿਚ ਹੋਰ ਵਧੇਰੇ ਡੂੰਘੀਆਂ ਹੁੰਦੀਆਂ ਜਾਂਦੀਆਂ ਹਨ।

ਨਾਵਲਕਾਰ ਨੇ, ਪੰਜਾਬੀ ਸਮੁਦਾਇ ਦੇ ਤਿੰਨ ਪਰਿਵਾਰਾਂ ਦੇ ਜੀਵਨ-

ਬਿਰਤਾਂਤਾਂ ਨੂੰ ਕੇਂਦਰ ਵਿਚ ਰਖਕੇ, ਸਮੁੱਚੇ ਪੰਜਾਬੀ ਸਮੁਦਾਇ ਦੇ ਪਰਵਾਸੀ ਸਮਾਜਕ ਯਥਾਰਥ ਵਿਚ ਉਤਪੰਨ ਹੋ ਰਹੀਆਂ ਸਮੱਸਿਆਵਾਂ, ਉਨ੍ਹਾਂ ਦੇ ਸਾਹਮਣੇ ਪੇਸ਼ ਹੋ ਰਹੀਆਂ ਚੁਣੌਤੀਆਂ ਅਤੇ ਉਨ੍ਹਾਂ ਦੇ ਸੰਭਾਵਿਤ ਸਮਾਧਾਨ ਨੂੰ ਦ੍ਰਿਸ਼ਟੀ-ਗੋਚਰ ਕਰਵਾਉਣ ਦਾ ਜਤਨ ਕੀਤਾ ਹੈ।

ਇਨ੍ਹਾਂ ਤਿੰਨਾਂ ਪਰਿਵਾਰਾਂ ਵਿਚ, ਇਕ ਪਰਿਵਾਰ ਕਿਸਾਨੀ ਸਮਾਜ ਨਾਲ ਸੰਬੰਧਿਤ ਹੈ ਅਤੇ ਦੂਜਾ ਭੋਇੰ-ਹੀਣ ਸ਼੍ਰੇਣੀ ਨਾਲ। ਪਰ ਵਲੈਤ ਵਿਚ ਆ ਕੇ ਦੋਵੇਂ ਪਰਿਵਾਰ ਸ਼੍ਰੇਣੀ ਪੱਖੋਂ ਇਕ ਹੋ ਗਏ ਹਨ। ਬਰਤਾਨੀਆ ਦੇ ਸਮਾਜ ਵਿਚ ਜਾਤ-ਪਾਤੀ ਸੰਸਥਾ ਦੀ ਅਣਹੋਂਦ ਹੈ, ਇਸ ਲਈ ਇਨ੍ਹਾਂ ਦੋਵਾਂ ਪਰਿਵਾਰਾਂ ਦਾ ਜਾਤ-ਪਾਤੀ ਆਧਾਰ, ਬਰਤਾਨੀਆ ਦੇ ਪ੍ਰਸੰਗ ਵਿਚ ਖ਼ਤਮ ਹੋ ਚੁੱਕਾ ਹੈ। ਦੋਵੇਂ ਪਰਿਵਾਰ, ਆਰਥਿਕ ਤੇ ਸਮਾਜਕ ਪੱਖੋਂ ਇਕ ਧਰਾਤਲ 'ਤੇ ਵਿਚਰ ਰਹੇ ਹਨ। ਬਰਤਾਨਵੀ ਸਮਾਜ ਵਿਚ ਪਸਰਿਆ ਨਸਲਵਾਦ ਦੋਵਾਂ ਉਤੇ ਬਰਾਬਰ ਦਾ ਮਾਰੂ ਪ੍ਰਭਾਵ ਪਾ ਰਿਹਾ ਹੈ। ਜਿਸ ਸਮਾਜ ਵਿਚ ਰਹਿ ਰਹੇ ਹਨ, ਉਥੋਂ ਦੇ ਸਭਿਆਚਾਰ ਵਿਚ ਜਾਤ-ਪਾਤ ਆਧਾਰਤ ਕਦਰਾਂ-ਕੀਮਤਾਂ ਨੂੰ ਕੋਈ ਥਾਂ ਨਹੀਂ। ਇਸ ਕਰਕੇ ਪਰਵਾਸੀ ਲੋਕਾਂ ਨੂੰ ਮੁਖ ਸਭਿਆਚਾਰ ਦੇ ਇਸ ਉਸਾਰੀ ਪੱਖ ਨੂੰ ਆਪਣੇ ਸਭਿਆਚਾਰ ਵਿਚ ਸੰਮਿਲਿਤ ਕਰਨਾ ਬਣਦਾ ਹੈ। ਪਰ ਦਿਲਚਸਪ ਗੱਲ ਇਹ ਹੈ ਕਿ ਪਰਵਾਸੀ ਲੋਕ ਮੁੱਖ ਸਭਿਆਚਾਰ ਦੀਆਂ ਹੋਰ ਬਹੁਤ ਸਾਰੀਆਂ ਗੱਲਾਂ ਨੂੰ, ਉਸ ਦੀਆਂ ਕਦਰਾਂ ਕੀਮਤਾਂ ਨੂੰ, ਉਨ੍ਹਾਂ ਦੀ ਜੀਵਨ-ਸ਼ੈਲੀ ਨੂੰ ਅਪਣਾਉਣ ਦਾ ਜਤਨ ਕਰ ਰਹੇ ਹਨ, ਪਰ ਜਿਹੜੀ ਚੀਜ਼ ਬੁਨਿਆਦੀ ਰੂਪ ਵਿਚ ਸਿੱਖਣ ਵਾਲੀ ਹੈ, ਉਹ ਨਹੀਂ ਸਿੱਖ ਰਹੇ। ਉਹ ਹਾਲੇ ਵੀ ਆਪਣੀਆਂ ਦਕਿਆਨੂਸੀ ਸਾਮੰਤਵਾਦੀ ਕਦਰਾਂ-ਕੀਮਤਾਂ, ਉਨ੍ਹਾਂ ਦੀ ਬਣਾਈ ਜਾਤ-ਪਾਤੀ ਸੰਸਥਾ ਦੇ ਭਾਵ-ਸੰਸਕਾਰਾਂ ਨਾਲ ਬੜੀ ਬੁਰੀ ਤਰ੍ਹਾਂ ਜੁੜੇ ਹੋਏ ਹਨ। ਜਿਸ ਕਰਕੇ ਪੰਜਾਬੀ ਲੋਕ ਵਲੈਤ ਦੀ ਧਰਤੀ 'ਤੇ ਆ ਕੇ ਵੀ, ਭਾਰਤੀ ਸਭਿਆਚਾਰਕ ਕਦਰਾਂ-ਕੀਮਤਾਂ ਅਨੁਸਾਰ ਹੀ ਆਪਣਾ ਜੀਵਨ ਜਿਉਂ ਰਹੇ ਹਨ। ਜਦੋਂ ਕਿ ਉਨ੍ਹਾਂ ਦੀ ਔਲਾਦ ਜਿਹੜੀ ਇਥੇ ਜੰਮੀ, ਪੜ੍ਹੀ ਤੇ ਨੇਪਰੇ ਚੜ੍ਹ ਰਹੀ ਹੈ, ਉਹ ਇਨ੍ਹਾਂ ਪਿਛਾਂਹ-ਖਿੱਚੂ ਦਕਿਆਨੂਸੀ ਸਾਮੰਤੀ ਦੌਰ ਦੀਆਂ ਕਦਰਾਂ-ਕੀਮਤਾਂ ਨੂੰ ਕਦੇ ਵੀ ਮੰਨਣ ਲਈ ਤਿਆਰ ਨਹੀਂ ਹੋ ਸਕਦੀ। ਇਸ ਕਰਕੇ ਪਹਿਲੀ ਪੀੜ੍ਹੀ ਤੇ ਦੂਜੀ ਅਥਵਾ ਤੀਜੀ ਪੀੜ੍ਹੀ ਵਿਚਕਾਰ ਤਕਰਾਰ ਲਾਜ਼ਮੀ ਹੈ। ਉਨ੍ਹਾਂ ਦੇ ਆਪਸੀ ਸੰਬੰਧਾਂ ਵਿਚ ਤਨਾਓ ਆਵੱਸ਼ ਵਿਦਮਾਨ ਰਹਿਣ ਦੀ ਸਥਿਤੀ ਬਣੀ ਰਹੇਗੀ।

ਦੂਜਾ ਦਿਲਚਸਪ ਪਹਿਲੂ ਇਹ ਹੈ ਕਿ ਭੋਇੰ-ਹੀਣ ਸ਼੍ਰੇਣੀ ਨੂੰ ਭਾਰਤ ਵਿਚ ਸਭ ਪੱਖੋਂ ਨੀਚੇ ਰੱਖਿਆ ਗਿਆ ਹੈ। ਉਨ੍ਹਾਂ ਲਈ ਨਸਲ਼ਵਾਦ, ਖਿਨਾ ਤਿੱਖਾ

ਭੰਗ ਮਾਰਦਾ ਪ੍ਰਤੀਤ ਨਾ ਹੋਵੇ, ਜਿੰਨਾ ਦੂਸਰੀਆਂ ਜਾਤਾਂ ਵਾਲਿਆਂ ਨੂੰ ਇਹ ਡਸਦਾ ਹੈ। ਪਰ ਇਸ ਦੇ ਬਾਵਜੂਦ, ਕਿਸੇ ਵੀ ਸਭਿਆਚਾਰ ਦੀਆਂ ਕਦਰਾਂ-ਕੀਮਤਾਂ ਦਾ ਪ੍ਰਭਾਵ ਸਭ ਲੋਕਾਂ ਅਤੇ ਅਧਿਕਤਰ ਇਕੋ ਜਿਹਾ ਹੀ ਪੈਂਦਾ ਹੈ। ਇਸ ਲਈ ਸਥਾਨਕ ਸਮਾਜ ਵਿਚ ਫੈਲਿਆ ਨਸਲਵਾਦ ਦੋਵਾਂ ਪਰਿਵਾਰਾਂ 'ਤੇ ਇਕੋ ਜਿਹਾ ਹੀ ਹਾਵੀ ਰਹਿੰਦਾ ਹੈ।

ਨਾਵਲ ਦੀ ਰੂਪ-ਰਚਨਾ ਵਿਚ ਸਥਾਨਕ 'ਨਸਲਵਾਦ' ਅਤੇ ਪੰਜਾਬ ਸਮੁਦਾਇ ਵਿਚ ਪ੍ਰਚਲਿਤ 'ਜਾਤ-ਪਾਤੀ ਸੰਸਕਾਰ' ਇਕੋ ਸਮੇਂ ਕਾਰਜਸ਼ੀਲ ਹੁੰਦੇ ਵਿਖਾਏ ਗਏ ਹਨ। ਨਾਵਲੀ ਬਿਰਤਾਂਤ ਦੇ ਕੇਂਦਰ ਵਿਚ ਇਕ ਪਾਸੇ ਰਤਨ ਸਿੰਘ, ਪ੍ਰੀਤਮ ਕੌਰ, ਰੇਸ਼ਮ ਸਿੰਘ ਤੇ ਨਸੀਬ ਕੌਰ ਵਾਲਾ ਪਰਿਵਾਰ ਹੈ, ਦੂਜੇ ਪਾਸੇ, ਭਗਤੂ, ਜੀਣੀ, ਸਾਧੂ ਹੋਰਾਂ ਦਾ ਪਰਿਵਾਰ ਹੈ ਜਿਹੜਾ ਪਿਛੋਂ ਭੋਇੰ-ਹੀਣ ਸ਼ੈਣੀ-ਚਮਾਰ ਜਾਤੀ ਨਾਲ ਸੰਬੰਧਿਤ ਹੈ। ਤੀਜਾ ਪਰਿਵਾਰ ਬਾਤਨ ਸਿੰਘ, ਗੁਰਜੀਤ ਕੌਰ, ਮਨਜੀਤ ਕੌਰ ਹੋਰਾਂ ਦਾ ਹੈ। ਨਾਵਲਕਾਰ ਨੇ ਇਨ੍ਹਾਂ ਤਿੰਨਾਂ ਪਰਿਵਾਰਾਂ ਦੇ ਪਰਸਪਰ ਸੰਬੰਧਾਂ ਰਾਹੀਂ ਪਰਵਾਸੀ ਪੰਜਾਬੀ ਭਾਈਚਾਰੇ ਦੇ ਜੀਵਨ ਯਥਾਰਥ ਵਿਚ ਆ ਰਹੇ ਪਰਿਵਰਤਨਾਂ ਨੂੰ ਗਲਪੀ ਰੂਪ ਦੇਣ ਅਤੇ ਇਸ ਬਾਰੇ ਸਹੀ ਦ੍ਰਿਸ਼ਟੀਕੋਣ ਅਪਣਾਉਣ ਬਾਰੇ ਆਪਣੇ ਗਲਪੀ-ਉਦੇਸ਼ ਨੂੰ ਮੁਖ ਰੱਖਿਆ ਹੈ।

ਰੇਸ਼ਮ ਨੂੰ, ਸਿੱਖੀ ਪਹਿਰਾਵੇ ਵਿਚ ਹੋਣ ਕਰਕੇ ਉਸਦੇ ਜਮਾਤੀ ਛੇੜਦੇ ਹਨ, ਉਸਦੀ 'ਅਲੀ ਬਾਬੇ' ਵਾਲੀ ਛੇੜ ਪਾਉਂਦੇ ਹਨ, ਉਸਦੀ ਪੱਗ, ਜਿਹੜੀ ਸਿੱਖ ਤੇ ਪੰਜਾਬੀ ਭਾਈਚਾਰੇ ਲਈ ਇਜ਼ਤ ਦਾ ਚਿੰਨ੍ਹ ਹੈ, ਨੂੰ ਠੁੱਡੇ ਮਾਰਦੇ ਹਨ ਅਤੇ ਪੈਰਾਂ ਵਿਚ ਰੋਲਦੇ ਹਨ। ਕੁਝ ਖਰੂਦੀ ਕਿਸਮ ਦੇ ਵਿਦਿਆਰਥੀ ਉਸਦੀ ਕੁੱਟ-ਮਾਰ ਵੀ ਕਰਦੇ ਹਨ। ਬਲੈਕੀ, ਬਰਾਊਨੀ ਤੇ ਨਸਲਵਾਦੀ ਨਾਅਰੇ ਵੀ ਮਾਰਦੇ ਹਨ। ਉਸਦੇ ਸਭਿਆਚਾਰ ਦੀ, ਉਸਦੀ ਨਸਲ ਦੀ, ਉਸਦੇ ਦੇਸ਼ ਦੀ ਸ਼ਰੇਆਮ ਬੇਇਜ਼ਤੀ ਕਰਦੇ ਹਨ। ਰੇਸ਼ਮ ਦੇ ਘਰ ਦਾ ਵਾਤਾਵਰਣ ਸਿੱਖੀ ਰਹਿਤ-ਮਰਿਆਦਾ ਵਾਲਾ ਹੈ, ਉਹ ਇਹ ਪਹਿਰਾਵੇ ਤੇ ਇਨ੍ਹਾਂ ਨਾਲ ਜੁੜੀਆਂ ਮਾਨਤਾਵਾਂ ਨਾਲ ਜੁੜੇ ਹੋਏ ਹਨ। ਘਰ ਤੋਂ ਬਾਹਰਲਾ ਪਰਿਵੇਸ਼ ਇਸ ਰਹਿਣੀ-ਬਹਿਣੀ ਦੇ, ਇਨ੍ਹਾਂ ਕਦਰਾਂ-ਕੀਮਤਾਂ ਦੇ ਵਿਪਰੀਤ ਹੈ। ਰੇਸ਼ਮ ਦਾ ਵਿਦਿਆਰਥੀ ਜੀਵਨ ਲਈ ਇਕ ਕਠਿਨ ਪਰੀਖਿਆ ਸਾਬਤ ਹੋ ਰਿਹਾ ਹੈ। ਅਜਿਹੀ ਸਥਿਤੀ ਵਿਚ ਉਸਦਾ ਤਨਾਓ-ਗ੍ਰਸਤ ਰਹਿਣਾ ਕੁਦਰਤੀ ਹੈ।

ਉਪਰੋਕਤ ਬਾਹਰਮੁਖੀ ਸਮਾਜਕ ਸਥਿਤੀ ਬਾਰੇ ਸਾਰੇ ਪੰਜਾਬੀ ਪਰਵਾਸੀ ਇਕ-ਮਤ ਹਨ, ਪਰ ਅਜਿਹੀ ਸਥਿਤੀ ਦਾ ਪੂਰਨ-ਭਾਂਤ ਸਮਾਧਾਨ ਕਢ ਲੈਣਾ ਉਨ੍ਹਾਂ ਲਈ ਵਿਤੋਂ ਬਾਹਰਾ ਹੈ। ਉਸਦੇ ਲਈ ਵਿਸ਼ਾਲ ਪੱਧਰ 'ਤੇ ਜਨਤਕ ਰਾਇ

ਉਸਾਰਨ ਤੇ ਗੈਰ-ਚਿੱਟੇ ਸਮੁਚੇ ਆਵਾਸੀਆਂ ਦੀ ਜਨਤਕ ਲਾਮਬੰਦੀ ਕਰਨ ਦੀ ਸਖ਼ਤ ਜ਼ਰੂਰਤ ਹੈ।

ਸਾਧੂ, ਰੇਸ਼ਮ ਦਾ ਭਾਈਵੰਦ ਤੇ ਦੋਸਤ ਹੈ, ਹਮ-ਜਮਾਤੀ ਹੈ। ਦੋਹਾਂ ਦੀ ਆਪਸ ਵਿਚ ਗੂੜ੍ਹੀ ਦੋਸਤੀ ਤੇ ਪਿਆਰ ਹੈ। ਉਨ੍ਹਾਂ ਦੇ ਪਰਿਵਾਰਾਂ ਦੇ ਵੀ ਪਰਸਪਰ ਨਿੱਘੇ ਸੰਬੰਧ ਹਨ। ਪਰ ਗੁਰਦਵਾਰੇ ਵਰਗੇ ਸਾਂਝੇ ਥਾਂ 'ਤੇ ਸਾਧੂ ਤੇ ਰੇਸ਼ਮ ਦਾ ਇਕੱਠਿਆਂ ਰੋਟੀ ਖਾਣਾ ਰੇਸ਼ਮ ਦੀ ਮਾਂ ਪ੍ਰੀਤਮ ਕੌਰ ਨੂੰ ਬਿਲਕੁਲ ਨਹੀਂ ਭਾਉਂਦਾ, ਉਹ ਰੇਸ਼ਮ ਨੂੰ ਸਾਧੂ ਨਾਲੋਂ ਵੱਖ ਕਰ ਲੈਂਦੀ ਹੈ। ਰੇਸ਼ਮ ਨੂੰ ਆਪਣੀ ਮਾਂ ਦੇ ਇਸ ਅਤਾਰਕਿਕ ਵਿਵਹਾਰ ਦੀ ਸਮਝ ਨਹੀਂ ਪੈਂਦੀ। ਜਿਸ ਸਮਾਜ ਤੇ ਸਭਿਆਚਾਰ ਵਿਚ ਉਹ ਵਿਚਰ ਰਿਹਾ ਹੈ, ਉਸ ਵਿਚੋਂ ਵੀ ਆਪਣੀ ਮਾਂ ਦੇ ਵਿਵਹਾਰ ਲਈ ਕੋਈ ਤੱਥ-ਯੁਕਤ ਤਰਕ ਨਹੀਂ ਲੱਭ ਸਕਦਾ। ਪਰ ਉਸਦੀ ਸੋਚ ਪਿਛਾਂਹ ਜਾਂਦੀ ਹੈ, ਜਿਥੋਂ ਉਸ ਨੂੰ ਸਾਧੂ ਨਾਲ ਕੀਤੇ ਵਿਵਹਾਰ ਦੀ ਸਮਝ ਪੈਂਦੀ ਹੈ। ਰੇਸ਼ਮ ਇਸ ਤਾਣੇ-ਬਾਣੇ ਵਿਚ ਉਲਝ ਕੇ ਰਹਿ ਜਾਂਦਾ ਹੈ।

ਪ੍ਰੀਤਮ ਕੌਰ ਦਾ ਸਾਧੂ ਨਾਲ ਕੀਤਾ ਗਿਆ ਵਿਵਹਾਰ, ਭਗਤੂ ਦੇ ਪਰਿਵਾਰ ਨੂੰ ਬੜੀ ਮਾਨਸਿਕ ਠੇਸ ਪਹੁੰਚਾਂਦਾ ਹੈ। ਘਰ ਤੋਂ ਬਾਹਰ ਸਾਧੂ ਨਾਲ ਉਹੋ ਕੁਝ ਹੁੰਦਾ ਹੈ, ਜੋ ਰੇਸ਼ਮ ਨਾਲ ਹੁੰਦਾ ਹੈ। ਪਰ ਜੋ ਗੁਰਦਵਾਰੇ 'ਚ ਸਾਧੂ ਨਾਲ ਹੋਇਆ ਹੈ, ਉਹ ਸਿਰਫ਼ ਸਾਧੂ ਜਾਂ ਸਾਧੂ ਕੇ ਪਰਿਵਾਰ ਨਾਲ ਜਾਂ ਉਨ੍ਹਾਂ ਵਰਗੇ ਹੋਰ ਪਰਿਵਾਰਾਂ ਨਾਲ ਹੀ ਹੋ ਸਕਦਾ ਹੈ। ਸਾਧੂ ਹੋਰੀਂ ਦੋਵਾਂ ਪਾਸਿਆਂ ਤੋਂ ਦੁਰਕਾਰੇ ਜਾ ਰਹੇ ਹਨ। ਉਹ ਦੂਹਰੇ- ਦੇਸੀ ਤੇ ਪੱਛਮੀ 'ਨਸਲਵਾਦ' ਦੇ ਸ਼ਿਕਾਰ ਹੋ ਰਹੇ ਹਨ। ਸਾਧੂ ਕੇ ਪਰਿਵਾਰ ਨੂੰ, ਇਸ ਦੇਸੀ ਨਸਲਵਾਦ ਵਿਚੋਂ ਨਿਕਲਣ ਦਾ ਇਕੋ-ਇਕ ਰਾਹ ਈਸਾਈ ਬਣਨ ਵਿਚ ਨਿਕਲਦਾ ਅਨੁਭਵ ਹੁੰਦਾ ਹੈ ਤੇ ਉਹ ਸਾਰਾ ਟੱਬਰ ਸਿਰ-ਮੂੰਹ ਮੁਨਾ ਕੇ, ਆਪਣੇ ਨਾਂ ਤਬਦੀਲ ਕਰਕੇ ਈਸਾਈ ਬਣ ਜਾਂਦੇ ਹਨ। ਭਗਤੂ ਦੇ ਪਰਿਵਾਰ ਨੂੰ ਸ਼ਾਇਦ ਇਹ ਆਸ ਬੱਝਦੀ ਵਿਖਾਈ ਦਿੰਦੀ ਹੈ ਕਿ ਉਹ ਇਸ ਤਰ੍ਹਾਂ ਈਸਾਈ ਮਤ ਧਾਰਨ ਕਰਨ ਨਾਲ ਦੋਵਾਂ ਤਰ੍ਹਾਂ ਦੇ ਨਸਲਵਾਦ ਤੋਂ ਮੁਕਤੀ ਪ੍ਰਾਪਤ ਕਰ ਲੈਣਗੇ। ਪਰ ਜਦੋਂ ਗੋਰੇ ਲੋਕ ਚਰਚ ਵਿਚ ਵੀ ਉਨ੍ਹਾਂ ਤੋਂ ਵੱਖਰਾ ਬੈਠਦੇ ਹਨ ਅਤੇ ਉਨ੍ਹਾਂ ਨਾਲ ਕੋਈ ਵਾਹ-ਵਾਸਤਾ ਨਹੀਂ ਰੱਖਣਾ ਚਾਹੁੰਦੇ ਤਾਂ ਫਿਰ ਹੀ ਉਨ੍ਹਾਂ ਦੀਆਂ ਅੱਖਾਂ ਖੁਲ੍ਹਦੀਆਂ ਹਨ ਅਤੇ ਨਸਲਵਾਦ ਦੇ ਇਸ ਭਿਅੰਕਰ ਦੈਂਤ ਦਾ ਹੋਰ ਵੀ ਵਧੇਰੇ ਗੰਭੀਰ ਅਹਿਸਾਸ ਹੋਣ ਲੱਗ ਪੈਂਦਾ ਹੈ।

ਦਿਲਚਸਪ ਤੇ ਵਿਅੰਗ-ਪੂਰਨ ਸਥਿਤੀ ਤਾਂ ਇਹ ਬਣਦੀ ਹੈ ਕਿ ਕਿਸਾਨੀ ਸਮੁਦਾਇ ਦੇ ਪਿਛੋਕੜ ਵਾਲੇ ਪੰਜਾਬੀ/ਭਾਰਤੀ ਪਰਵਾਸੀ, ਆਪਣੇ

ਨਾਲ ਹੋ ਰਹੇ ਨਸਲੀ ਵਿਤਕਰੇ ਤੋਂ ਬੜੇ ਦੁਖੀ ਤੇ ਭੈ-ਭੀਤ ਹੋ ਰਹੇ ਹਨ, ਪਰ ਦੂਜੇ ਪਾਸੇ, ਆਪਣੀ ਹੀ ਕੌਮ ਦੇ ਗੈਰ-ਕਿਸਾਨੀ ਤੇ ਵਿਸ਼ੇਸ਼ ਕਰਕੇ ਭੋਇੰ-ਹੀਣ ਵਰਗ ਦੇ ਲੋਕਾਂ ਨਾਲ ਜਾਤ-ਪਾਤ ਦੇ ਆਧਾਰ ਉਤੇ ਨਸਲਵਾਦ ਤੋਂ ਵੀ ਕੋਝਾ ਵਿਵਹਾਰ ਕਰਨ ਤੋਂ ਜ਼ਰਾ ਵੀ ਗੁਰੇਜ਼ ਨਹੀਂ ਕਰਦੇ। ਭਾਰਤੀ ਪਰਵਾਸੀ ਮਾਪਿਆਂ ਦੇ ਇਨ੍ਹਾਂ ਦੂਹਰੇ ਮਾਨਦੰਡਾਂ ਨੂੰ ਨਵੀਂ ਪੀੜ੍ਹੀ ਬੁਰੀ ਤਰ੍ਹਾਂ ਅਨੁਭਵ ਕਰ ਰਹੀ ਹੈ, ਉਨ੍ਹਾਂ ਦਾ ਪੂਰੀ ਤਰ੍ਹਾਂ ਮੌਜੂ ਉਡਾ ਰਹੀ ਹੈ ਅਤੇ ਯਥਾ-ਸ਼ਕਤੀ ਇਨ੍ਹਾਂ ਦੂਸਰੇ ਮਾਨਦੰਡਾਂ ਦਾ ਉਹ ਵਿਵਹਾਰਕ ਅਮਲ ਵਿਚ ਪੈ ਕੇ ਬੁਰੀ ਤਰ੍ਹਾਂ ਨਕਾਰਣ ਵੀ ਕਰ ਰਹੀ ਹੈ।

ਰੇਸ਼ਮ ਦੀ ਮਾਂ ਪ੍ਰੀਤਮ ਕੌਰ, ਰੇਸ਼ਮ ਨਾਲ ਨਿਤਾ-ਪ੍ਰਤੀ ਹੁੰਦੇ ਨਸਲਵਾਦ ਦੁਰ-ਵਿਵਹਾਰ ਤੋਂ ਅਤਿਅੰਤ ਦੁਖੀ ਹੈ ਅਤੇ ਦੂਜੇ ਪਾਸੇ ਆਪ, ਭਗਤੂ ਕੇ ਪਰਿਵਾਰ ਨਾਲ ਕੁੱਤੇ-ਖਾਣੀ ਕਰਨ ਦਾ ਜ਼ਰਾ ਵੀ ਮੌਕਾ ਖੁੰਝਣ ਨਹੀਂ ਦਿੰਦੀ ਅਤੇ ਇਸ ਬਾਰੇ ਰੇਸ਼ਮ ਨੂੰ ਹਮੇਸ਼ਾ ਚੰਗਾ-ਮੰਦਾ ਬੋਲਦੀ ਨਹੀਂ ਥੱਕਦੀ। ਰੇਸ਼ਮ ਦਾ ਪਿਉ ਰਤਨ ਸਿੰਘ ਸਹੀ ਸੋਚ ਦਾ ਵਿਅਕਤੀ ਹੈ, ਪਰ ਉਹ ਆਪਣੇ ਹੀ ਘਰ ਵਿਚ ਇਸ ਸੋਚ ਨੂੰ ਲਾਗੂ ਕਰਨ ਤੋਂ ਅਸਮਰੱਥ ਰਹਿੰਦਾ ਹੈ।

ਰਤਨ ਸਿੰਘ ਇਕ ਪਾਸੇ ਆਪਣੀਆਂ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਬਣਾਈ ਰੱਖਣਾ ਚਾਹੁੰਦਾ ਹੈ ਅਤੇ ਦੂਜੇ ਪਾਸੇ ਉਹ ਸਥਾਨਕ ਸਮਾਜ ਅਤੇ ਸਭਿਆਚਾਰ ਨਾਲ ਇਸ ਉਸਾਰੂ ਰਿਸ਼ਤੇ ਵਿਚ ਵੀ ਬੱਝਣਾ ਚਾਹੁੰਦਾ ਹੈ। ਰਤਨ ਸਿੰਘ ਆਪਣੇ ਪੁੱਤਰ ਰੇਸ਼ਮ ਨੂੰ ਸਮਝਾਉਂਦਾ ਹੋਇਆ ਕਹਿੰਦਾ ਹੈ, "ਜਦ ਉੱਚ-ਵਿੱਦਿਆ ਪ੍ਰਾਪਤੀ ਲਈ ਮੌਕੇ ਹਾਜ਼ਰ ਐ ਤਾਂ ਵਿੱਦਿਆ ਪ੍ਰਾਪਤ ਨਾ ਕਰਨੀ ਇਕ ਮੂਰਖਤਾ ਐ। ਇਸ ਗੱਲ ਦਾ ਖ਼ਿਆਲ ਕਰਨਾ ਕਿ ਅਸੀਂ ਗਰੀਬ ਆਂ ਤੇ ਅਸੀਂ ਅੰਗਰੇਜ਼ ਨਹੀਂ। ਹਿੰਦੋਸਤਾਨ ਤੋਂ ਆਏ ਆਂ ਤੇ ਪਰਦੇਸੀ ਆਂ ਤੇ ਇੰਗਲੈਂਡ ਸਾਡਾ ਦੇਸ਼ ਨਹੀਂ, ਇਹ ਗਲਤੀ ਹੈ।" ਇਕ ਥਾਂ ਹੋਰ ਕਹਿੰਦਾ ਹੈ, "ਸਾਨੂੰ ਲੋੜ ਹੈ ਐਜੂਕੇਸ਼ਨ ਦੀ, ਸਾਨੂੰ ਇਕੋ ਗੱਲ ਸੁਝਦੀ ਹੈ ਕਿ ਸਾਡੀ ਔਲਾਦ ਵੱਧ ਤੋਂ ਵੱਧ ਪੜ੍ਹ ਕੇ ਅੰਗਰੇਜ਼ਾਂ ਦੇ ਮੁਕਾਬਲੇ ਖੜ੍ਹੀ ਹੋਵੇ।"

ਪਰਵਾਸੀਆਂ ਦਾ ਆਪਣੀ ਔਲਾਦ ਨੂੰ ਉੱਚ ਸਿੱਖਿਆ ਦੇਣ ਦਾ ਉਸਾਰੂ ਵਿਚਾਰ ਉਨ੍ਹਾਂ ਦੀ ਸਿਹਤਮੰਦ ਸੋਚਣੀ ਤੇ ਪ੍ਰਗਤੀਸ਼ੀਲ ਚੇਤਨਾ ਦਾ ਲਖਾਇਕ ਹੈ। ਉਨ੍ਹਾਂ ਦੇ ਬੱਚੇ ਉੱਚ-ਸਿੱਖਿਆ ਪ੍ਰਾਪਤ ਕਰਕੇ ਚੰਗੀਆਂ ਤੇ ਉਚ-ਪਾਏ ਦੀਆਂ ਨੌਕਰੀਆਂ ਕਰਨ ਦੇ ਯੋਗ ਹੋ ਸਕਦੇ ਹਨ। ਪਰ ਮਸਲਾ ਤਾਂ ਉਹੀ ਨਸਲਵਾਦ ਦਾ ਸਾਹਮਣੇ ਆ ਖਲੋਂਦਾ ਹੈ ਕਿ ਕੀ ਸਥਾਨਕ ਸਮਾਜ ਤੇ ਉਸਦੀ ਨੌਕਰਸ਼ਾਹੀ ਆਵਾਸੀਆਂ ਨੂੰ ਅਜਿਹੀਆਂ ਨੌਕਰੀਆਂ ਦੇਣ ਦੇ ਪਖ ਵਿਚ ਹਨ ਜਾਂ

ਨਹੀਂ? ਨਸਲਵਾਦ ਤਾਂ ਬਰਤਾਨੀਆਂ ਦੀ ਪੂਰੀ ਵਿਵਸਥਾ ਵਿਚ ਸਿਧੇ ਜਾਂ ਅਸਿੱਧੇ ਰੂਪ ਵਿਚ ਸਮਾਇਆ ਹੋਇਆ ਹੈ। ਇਸ ਲਈ ਉੱਚ ਪੱਧਰ ਦੀ ਸਿੱਖਿਆ ਲੈਣ ਦੇ ਨਾਲ-ਨਾਲ, ਨਸਲਵਾਦ ਨੂੰ ਉਤਪੰਨ ਕਰਨ ਦੇ ਕਾਰਨਾਂ ਦੀ ਸਹੀ ਸੋਝੀ ਪ੍ਰਾਪਤ ਕਰਕੇ ਉਨ੍ਹਾਂ ਵਿਰੁੱਧ ਨਿਰੰਤਰ ਸੰਘਰਸ਼ ਵਿਚ ਪੈਣ ਦੀ ਆਵੱਸ਼ਕਤਾ ਹੈ, ਤਾਂ ਹੀ ਆਵਾਸੀ ਸਮੂਹ ਆਪਣੇ ਬਣਦੇ ਹੱਕਾਂ ਦੀ ਪ੍ਰਾਪਤੀ ਕਰਨ ਦੇ ਯੋਗ ਹੋ ਸਕਣਗੇ।

ਪੀੜ੍ਹੀ-ਪਾੜਾ, ਸਮਾਜਕ ਗਤਿਸ਼ੀਲਤਾ ਤੇ ਪ੍ਰਗਤੀਸ਼ੀਲਤਾ ਦਾ ਇਕ ਸੁਭਾਵਕ ਵਰਤਾਰਾ ਹੈ। ਦੋਵਾਂ ਪੀੜ੍ਹੀਆਂ ਦੀਆਂ ਕਦਰਾਂ-ਕੀਮਤਾਂ ਵਿਚ ਗਿਣਨਾਤਮਕ ਅਧਿਕਤਰ ਤੇ ਗੁਣਾਤਮਕ ਘੱਟ ਅੰਤਰ ਵਿਆਪਦਾ ਹੈ, ਪਰ ਵਾਪਰਦਾ ਜ਼ਰੂਰ ਹੈ। ਪੰਜਾਬੀ/ਭਾਰਤੀ ਪਰਵਾਸੀਆਂ ਵਿਚ ਇਹ ਪੀੜ੍ਹੀ-ਪਾੜਾ ਸਥਾਨ ਤੇ ਸੰਸਕ੍ਰਿਤੀ ਦੀ ਬਦਲੀ ਕਰਕੇ ਇਕ ਗੰਭੀਰ ਸਮੱਸਿਆ ਦੇ ਰੂਪ ਵਿਚ ਉਪਸਥਿਤ ਹੁੰਦਾ ਹੈ। ਇਸ ਪੀੜ੍ਹੀ-ਪਾੜੇ ਵਿਚ ਦੋ ਵੱਖੋ-ਵੱਖਰੀਆਂ ਸੰਸਕ੍ਰਿਤੀਆਂ ਦਾ ਪਰਸਪਰ ਵਿਰੋਧ ਤੇ ਸਾਂਝ ਦੀ ਸਮੱਸਿਆ ਉਪਸਥਿਤ ਹੁੰਦੀ ਹੈ। ਪੁਰਾਣੀ ਪੀੜ੍ਹੀ ਇਕ ਪਿਛਲੇ ਸਾਮੰਤੀ ਦੌਰ ਦੀ ਸੰਸਕ੍ਰਿਤੀ ਦੀ ਪੈਦਾਵਾਰ ਹੈ, ਜਦੋਂ ਕਿ ਦੂਜੀ ਇਕ ਵਿਕਸਿਤ ਪੂੰਜੀਵਾਦੀ ਦੌਰ ਦੀ ਪੈਦਾਵਾਰ ਹੈ, ਦੋਵਾਂ ਵਿਚ ਤਕਰਾਰ ਤੇ ਤਨਾਓ ਦਾ ਹੋਣਾ ਅਨਿਵਾਰੀ ਹੈ। ਇਸਦਾ ਉਚਿਤ ਸਮਾਧਾਨ, ਵਿਗਿਆਨਕ ਦ੍ਰਿਸ਼ਟੀ ਤੋਂ ਇਸ ਦੇ ਸਹੀ ਸੰਸ਼ਲੇਸ਼ਣ ਵਿਚ ਲੱਭਣ 'ਚ ਹੈ ਜਿਸ ਵਾਸਤੇ ਦੋਵਾਂ ਪੀੜ੍ਹੀਆਂ ਨੂੰ ਹੀ ਸਹੀ ਤੇ ਤਾਰਕਿਕ ਦ੍ਰਿਸ਼ਟੀ ਅਪਨਾਉਣ ਦੀ ਜ਼ਰੂਰਤ ਹੈ।

ਰੇਸ਼ਮ ਦਾ ਪਿਉ ਰਤਨ ਸਿੰਘ, ਇਕ ਘੱਟ ਪੜ੍ਹਿਆ ਹੋਇਆ ਪਰ ਸਿਆਣਾ ਤੇ ਅਨੁਭਵੀ ਵਿਅਕਤੀ ਹੈ। ਉਹ ਇਸ ਪੀੜ੍ਹੀ-ਪਾੜੇ ਦੀ ਸਮੱਸਿਆ ਨੂੰ ਚੰਗੀ ਤਰ੍ਹਾਂ ਸਮਝਦਾ ਹੈ, ਇਸੇ ਕਰਕੇ ਉਸਦਾ ਆਪਣੀ ਔਲਾਦ ਪ੍ਰਤੀ ਰਵੱਈਆ ਅਨਵਰ ਦੇ ਪਿਉ ਵਰਗਾ ਨਹੀਂ। ਅਨਵਰ ਤਾਂ ਰੇਸ਼ਮ ਨੂੰ ਦੱਸਦਾ ਹੈ ਕਿ, "ਮੇਰਾ ਅੱਬਾ ਹਿਟਲਰ ਐ ਹਿਟਲਰ! ਘਰੋਂ ਬਾਹਰ ਨਿਕਲ਼ਾਂ ਤਾਂ ਵੀ ਪੁੱਛਕੇ ਜਾਵਾਂ... ਗੋਰਿਆਂ ਮੁੰਡਿਆਂ ਨਾਲ ਫਿਰਨ ਦੀ ਤਾਂ ਮੈਨੂੰ ਉਕੀ ਇਜਾਜ਼ਤ ਨਹੀਂ। ਉਸਨੂੰ ਸਭ ਗੋਰੇ ਮੁੰਡੇ ਬਦਮਾਸ਼ ਦਿਸਦੇ ਐ।" "ਉਹ ਕਹਿੰਦੈ ਸਿੱਖਾਂ ਦੇ ਮੁੰਡੇ ਨਾਲ ਨਾ ਫਿਰਿਆ ਕਰ।"

ਪਰ ਰਤਨ ਸਿੰਘ ਆਪਣੇ ਪੁੱਤਰ ਰੇਸ਼ਮ ਸਿੰਘ ਨੂੰ ਕਹਿੰਦਾ ਹੈ :

ਤੈਨੂੰ ਮੈਂ ਛੁੱਟੀ ਦਿੱਤੀ ਐ ਕਿ ਤੂੰ ਆਪੇ ਬਾਹਰਲੀ
ਦੁਨੀਆਂ ਵੇਖਕੇ ਆਪਣਾ ਰਾਹ ਬਣਾ ਸਕੇਂ। ਤੂੰ ਰਤਨ ਸਿੰਘ ਨਹੀਂ

ਬਣ ਸਕਦਾ ਤੇ ਨਾ ਹੀ ਮੈਂ ਰੇਸ਼ਮ ਬਣ ਸਕਦਾਂ। ਤੂੰ ਆਪਣੀਆਂ ਕਦਰਾਂ-ਕੀਮਤਾਂ ਉਤੇ ਅੱਗਾ ਉਸਾਰਨਾ ਐ। ਤੇਰੀ ਮਰਜ਼ੀ ਤੋਂ ਬਿਨਾਂ ਤੇਰੇ ਅੱਗੇ ਬਾਰੇ ਹੋਰ ਕੋਈ ਕੁਝ ਨਹੀਂ ਕਰ ਸਕਦਾ।

(ਪੰਨਾ 183)

ਰੇਸ਼ਮ ਦਾ ਪਿਉ ਰਤਨ ਸਿੰਘ, ਉਸਨੂੰ ਵੱਧ ਤੋਂ ਵੱਧ ਉੱਚੀ ਸਿੱਖਿਆ ਦਿਵਾਕੇ, ਉਸਨੂੰ ਅੰਗਰੇਜ਼ਾਂ ਦੇ ਬਰਾਬਰ ਕਰਨਾ ਚਾਹੁੰਦਾ ਹੈ ਤਾਂ ਜੋ ਉਨ੍ਹਾਂ ਦੇ ਬਰਾਬਰ ਹੋ ਕੇ ਉਹ ਸਮਾਜ ਵਿਚ ਵਿਚਰ ਸਕੇ। ਪਰ ਸਮਾਜ ਤੇ ਅਕਾਦਮਿਕ ਅਦਾਰਿਆਂ ਵਿਚ ਘਰ ਕਰੀ ਬੈਠਾ ਨਸਲਵਾਦ ਉਸਦੀ ਪੇਸ਼ ਨਹੀਂ ਜਾਣ ਦਿੰਦਾ। ਰੇਸ਼ਮ, ਘਰ ਦੇ ਵਾਤਾਵਰਣ ਤੋਂ ਪ੍ਰੇਸ਼ਾਨ ਹੋ ਕੇ, ਬੁਰੀ ਸੰਗਤ ਵਿਚ ਫਸਕੇ, ਨਾ ਸਿਰਫ਼ ਕੇਸ ਹੀ ਕਟਵਾਉਂਦਾ ਹੈ ਬਲਕਿ ਸ਼ਰਾਬ, ਸਿਗਰਟ ਤੇ ਹੋਰ ਨਸ਼ਿਆਂ ਦਾ ਸੇਵਨ ਵੀ ਕਰਦਾ ਹੈ। ਲੜਕੀਆਂ ਨਾਲ ਸਰੀਰਕ ਸਾਂਝ ਵੀ ਬਣਾਉਂਦਾ ਹੈ।

ਰੇਸ਼ਮ (ਨਵੀਂ ਪੀੜ੍ਹੀ) ਨੂੰ ਨਾ ਤਾਂ ਆਪਣੇ ਧਾਰਮਿਕ ਸਥਾਨ ਹੀ ਕੋਈ ਯੋਗ ਸਿੱਖਿਆ ਦੇਣ ਦੇ ਯੋਗ ਸਿੱਧ ਹੋ ਰਹੇ ਹਨ ਅਤੇ ਨਾ ਹੀ ਉਨ੍ਹਾਂ ਦੇ ਘਰ-ਪਰਿਵਾਰਾਂ ਦਾ ਵਾਤਾਵਰਣ ਹੀ ਕਿਸੇ ਪਾਸੇ ਉਤਸ਼ਾਹ-ਜਨਕ ਸਾਬਤ ਹੋ ਰਿਹਾ ਹੈ। ਉਹ ਸਾਧੂ ਨਾਲ ਆਪਣੀ ਨਿੱਘੀ ਯਾਰੀ ਬਣਾਈ ਰੱਖਣਾ ਚਾਹੁੰਦਾ ਹੈ, ਪਰ ਉਸ ਵਿਚ ਉਸਦੀ ਮਾਂ ਅੜਿੱਕਾ ਬਣ ਕੇ ਖੜ੍ਹੀ ਹੈ। ਉਹ ਆਪਣੀ ਤਥਾ-ਕਥਿਤ ਮਾਸੀ ਦੀ ਧੀ ਮਨਜੀਤ ਦਾ ਪਿਉ ਬਾਤਨ ਸਿੰਘ ਰੁਕਾਵਟ ਬਣ ਕੇ ਖੜ੍ਹਾ ਹੈ। ਅਜਿਹੀ ਤਨਾਉ-ਗ੍ਰਸਤ ਸਥਿਤੀ ਵਿਚ ਰੇਸ਼ਮ ਦਾ, ਜੋ ਤੀਜੀ ਪੀੜ੍ਹੀ ਦਾ ਪ੍ਰਤਿਨਿਧ ਪਾਤਰ ਹੈ, ਪਰੇਸ਼ਾਨ ਹੋਣਾ, ਘਰੋਂ ਬਾਹਰ ਨਿਕਲ ਜਾਣਾ, ਤੇ ਬੁਰੀ ਸੰਗਤ ਵਿਚ ਫਸਣਾ ਅਨਿਵਾਰੀ ਪ੍ਰਤੀਤ ਹੁੰਦਾ ਹੈ। ਇਸੇ ਸੰਦਰਭ ਵਿਚ ਹੀ ਰਤਨ ਸਿੰਘ ਦਾ ਉਸ ਪ੍ਰਤਿ ਅਪਣਾਇਆ ਜਾ ਰਿਹਾ ਸੰਤੁਲਿਤ ਵਤੀਰਾ ਬੜਾ ਹੀ ਮਹੱਤਵਪੂਰਨ ਹੈ :

ਮੈਂ ਆਪਣੀਆਂ ਕਦਰਾਂ-ਕੀਮਤਾਂ ਤੇਰੇ ਉਤੇ ਨਹੀਂ ਠੋਸਣਾ ਚਾਹੁੰਦਾ। ਜੇ ਤੂੰ ਸਲਾਹ ਮੰਗੇਂਗਾ ਤਾਂ ਜ਼ਰੂਰ ਦਿਆਂਗਾ, ਪਰ ਹਰ ਗੱਲ ਦਾ ਫੈਸਲਾ ਤੂੰ ਆਪ ਹੀ ਕਰਨਾ ਹੋਵੇਗਾ। ਤੇਰੇ ਕੀਤੇ ਫੈਸਲੇ ਦੇ ਚੰਗੇ ਮੰਦੇ ਨਤੀਜੇ ਦਾ ਜ਼ਿੰਮੇਵਾਰ ਤੂੰ ਆਪ ਹੋਵੇਂਗਾ।

ਕਦੇ ਮੈਂ ਸਮਝਦਾ ਸਾਂ ਕਿ ਇੰਗਲੈਂਡ ਆ ਕੇ ਗਲਤੀ ਕੀਤੀ ਐ। ਫਿਰ ਸਮਝਦਾ ਹਾਂ ਕਿ ਠੀਕ ਹੀ ਕੀਤਾ ਐ। ਟਿਸਦਾ

ਠੀਕ ਜਾਂ ਗਲਤ ਨਤੀਜਾ ਤੇਰੇ ਤੇ ਨਸੀਬ ਉਤੇ ਨਿਰਭਰ ਐ। ਤੁਹਾਡੀਆਂ ਦੋਹਾਂ ਦੀਆਂ ਕਦਰਾਂ-ਕੀਮਤਾਂ ਉਤੇ ਨਿਰਭਰ ਐ ਕਿ ਤੁਸੀਂ ਕੀ ਬਣਦੇ ਹੋ। ਤੁਸੀਂ ਦੋਵੇਂ ਨਵੀਂ ਪੀੜ੍ਹੀ ਦੇ ਨੁਮਾਇੰਦੇ ਓ। ਅਸੀਂ ਤੁਹਾਡੇ ਦਿਲਾਂ ਤੇ ਦਿਮਾਗਾਂ ਵਿਚ ਬੈਠਕੇ ਮਨ ਆਈਆਂ ਨਹੀਂ ਕਰ ਸਕਦੇ। ਤੁਸਾਂ ਆਪਣੇ ਸੱਚੇ ਆਪ ਬਣਾਉਣੇ ਐ ਤੇ ਆਪਣੇ ਬਣਾਏ ਸੱਚਿਆਂ ਵਿਚ ਆਪ ਢਲਣਾ ਹੈ।

(ਪੰਨਾ 184-85)

ਲੇਖਕ ਰਤਨ ਸਿੰਘ ਦੇ ਪਾਤਰ ਰਾਹੀਂ, ਉਸਦੇ ਵਿਚਾਰਾਂ ਰਾਹੀਂ ਪਰਵਾਸੀ ਪੰਜਾਬੀ ਸਮੁਦਾਇ ਵਿਚ ਪੀੜ੍ਹੀ-ਪਾੜੇ ਦੀ ਸਮੱਸਿਆ ਦਾ ਹੱਲ ਵੇਖਦਾ ਹੈ। ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਪਰਵਾਸੀ ਭਾਈਚਾਰੇ ਵਿਚ ਰਤਨ ਸਿੰਘ ਵਾਲੀ ਸੋਚ ਦੇ ਕਿੰਨੇ ਕੁ ਹਨ ਅਤੇ ਬਾਤਨ ਸਿੰਘ ਵਾਲੀ ਸੋਚ ਦੇ ਕਿੰਨੇ ਕੁ। ਨਾ ਤਾਂ ਰਤਨ ਸਿੰਘ ਹੀ ਆਪਣੇ ਮਿਸ਼ਨ ਵਿਚ ਪੂਰੀ ਤਰ੍ਹਾਂ ਕਾਮਯਾਬ ਹੁੰਦਾ ਹੈ ਅਤੇ ਨਾ ਹੀ ਬਾਤਨ ਸਿੰਘ ਦੀ ਸਿਰੇ ਤਕ ਪੁਗਦੀ ਹੈ। ਜੇਕਰ ਵੇਖਿਆ ਜਾਵੇ ਤਾਂ ਭਾਰਤੀ/ਪੰਜਾਬੀ ਪਰਵਾਸੀ ਸਮੁਦਾਇ, ਚਾਹੇ ਉਹ ਬਰਤਾਨੀਆਂ, ਕਨੇਡਾ ਜਾਂ ਅਮਰੀਕਾ ਵਿਚ ਆਵਾਸ ਕਰ ਰਿਹਾ, ਚਾਹੇ ਕਿਸੇ ਹੋਰ ਦੇਸ਼ ਵਿਚ, ਅਜੇ ਉਹ ਆਪਣੇ ਸਭਿਆਚਾਰਕ ਰੂਪਾਂਤਰਣ ਦੇ ਸੰਕ੍ਰਾਂਤੀ ਦੌਰ ਵਿਚੋਂ ਦੀ ਹੀ ਲੰਘ ਰਿਹਾ ਹੈ। ਪਹਿਲੀ ਪੀੜ੍ਹੀ ਜਿੰਨੀ ਛੇਤੀ ਆਪਣੀ ਔਲਾਦ ਪ੍ਰਤਿ ਵਿਵੇਕ-ਪੂਰਨ ਰਵੱਈਆ ਅਪਣਾਏਗੀ ਓਨੀ ਹੀ ਰਫ਼ਤਾਰ ਨਾਲ ਦੂਜੀ ਜਾਂ ਤੀਜੀ ਪੀੜ੍ਹੀਆਂ ਦੀਆਂ ਸਮੱਸਿਆਵਾਂ ਘੱਟ ਹੋਣਗੀਆਂ। ਤੇ ਦੂਸਰੇ ਪਾਸੇ, ਇਹ ਪੀੜ੍ਹੀਆਂ ਜਿੰਨੀ ਜਲਦੀ, ਕਾਲੇ ਅੰਗਰੇਜ਼ ਬਣਨ ਦਾ ਚਾਅ ਛੱਡ ਕੇ, ਆਪਣੀ ਸੰਸਕ੍ਰਿਤੀ ਦੇ ਉਸਾਰੂ ਪੱਖਾਂ ਤੇ ਕਦਰਾਂ-ਕੀਮਤਾਂ ਨੂੰ ਸੰਮਿਲਿਤ ਕਰਕੇ, ਸਥਾਨਕ ਸਮਾਜ ਵਿਚ ਵਿਚਰਨ ਦਾ ਜਤਨ ਕਰਨਗੀਆਂ, ਓਨਾ ਹੀ ਚੰਗਾ ਹੈ। ਕਿਉਂਕਿ ਉਨ੍ਹਾਂ ਦੀ ਮਾਤਰ-ਭੂਮੀ ਬਰਤਾਨੀਆਂ ਹੈ, ਭਾਰਤ ਨਹੀਂ। ਪਰ ਪੂੰਜੀਵਾਦੀ ਵਿਵਸਥਾ ਵਿਚ ਜਿੰਨਾ ਮਾਨਵ-ਵਿਰੋਧੀ ਕਦਰਾਂ-ਕੀਮਤਾਂ ਦਾ ਦਿਨੋ-ਦਿਨ ਪ੍ਰਚਲਣ ਹੋ ਰਿਹਾ ਹੈ, ਉਸ ਤੋਂ ਬਚਣਾ ਵੀ ਜ਼ਰੂਰੀ ਹੈ। ਇਸ ਲਈ ਤੀਜੀ ਪੀੜ੍ਹੀ, ਆਪਣੀ ਸਭਿਆਚਾਰਕ ਪਹਿਚਾਣ ਨੂੰ ਕਾਇਮ ਰਖਦੀ ਹੋਈ, ਬਰਤਾਨਵੀ ਸਮਾਜ ਵਿਚ ਵਿਚਰਨ ਦਾ ਜਤਨ ਕਰੇ। ਬਰਤਾਨਵੀ ਸਮਾਜ, ਕਨੇਡਾ ਵਾਂਗ ਹੀ ਇਕ ਬਹੁ-ਸਭਿਆਚਾਰੀ ਦੇਸ਼ ਹੈ, ਜਿਸ ਵਿਚ ਹਰੇਕ ਪਰਵੇਸੀ ਸਮੁਦਾਇ ਦੇ ਸਭਿਆਚਾਰ ਨੂੰ ਵਧਣ-ਫੁੱਲਣ ਦੇ ਬਰਾਬਰ ਦੇ ਅਵਸਰ ਉਪਲਬਧ ਹੋਣੇ ਚਾਹੀਦੇ ਹਨ, ਕਿਉਂਕਿ ਇਨ੍ਹਾਂ ਆਵਾਸੀ ਸਮੂਹਾਂ

ਦੇ ਸਭਿਆਚਾਰ ਹੁਣ ਬਰਤਾਨੀਆ ਦੇ ਹੀ ਉਪ-ਸਭਿਆਚਾਰ ਬਣ ਚੁੱਕੇ ਹਨ।

ਦੂਜਾ, ਨਸਲਵਾਦ ਅਤੇ ਪੂੰਜੀਵਾਦੀ ਵਿਵਸਥਾ ਦੀਆਂ ਦੂਸਰੀਆਂ ਨਾਂਹ-ਪੱਖੀ ਤੇ ਮਾਨਵ-ਦੋਖੀ ਪ੍ਰਵਿਰਤੀਆਂ ਵਿਰੁੱਧ ਇਕ ਵਿਸਤ੍ਰਿਤ ਪੱਧਰ 'ਤੇ ਲਾਮਬੰਦੀ ਕਰਕੇ, ਮਾਨਵ-ਹਿੱਤੀ ਸਮਾਜ ਦੀ ਸਿਰਜਣਾ ਕਰਨਾ ਹੈ।

ਨਾਵਲ ਲੇਖਕ, ਆਪ ਇਕ ਪ੍ਰਗਤੀਸ਼ੀਲ ਚੇਤਨਾ ਨਾਲ ਪ੍ਰਤਿਬਧ ਲੇਖਕ ਹੋਣ ਦੇ ਨਾਤੇ, ਉਸਨੇ ਆਪਣੇ ਇਸ ਨਾਵਲ ਦੇ ਅੰਤ ਵਿਚ ਤੀਜੀ ਪੀੜ੍ਹੀ ਨੂੰ ਇਸ ਉਦਮ ਵੱਲ ਅਗ੍ਰਸਰ ਹੁੰਦੀ ਵਿਖਾਇਆ ਹੈ। ਰੇਸ਼ਮ ਆਪਣੇ ਪਿਤਾ ਰਤਨ ਸਿੰਘ ਦੀ ਯੋਗ ਅਗਵਾਈ ਵਿਚ, ਜੀਵਨ ਵਿਚ ਆਏ ਉਤਰਾਵਾਂ-ਚੜ੍ਹਾਵਾਂ ਦੇ ਅਨੁਭਵੀ ਗਿਆਨ ਨਾਲ ਅਤੇ ਆਪਣੇ ਆਲੇ-ਦੁਆਲੇ ਤੋਂ ਪ੍ਰਾਪਤ ਕੀਤੇ ਗਿਆਨ ਰਾਹੀਂ ਇਸ ਸੂਝ-ਬੂਝ ਤਕ ਜਾ ਪਹੁੰਚਦਾ ਹੈ ਕਿ ਸਾਡੇ ਭਾਈਚਾਰੇ ਵਿਚ ਉਠ ਰਹੀਆਂ ਸਮੱਸਿਆਵਾਂ ਤੇ ਚਣੌਤੀਆਂ ਦਾ ਮੁਕਾਬਲਾ ਕਰਨ ਲਈ ਅਤੇ ਦੂਜੇ ਪਾਸੇ, ਸਥਾਨਕ ਸਮਾਜ ਤੇ ਸਭਿਆਚਾਰ ਵਿਚ ਉਤਪੰਨ ਹੋਈਆਂ ਮਾਨਵ-ਦੋਖੀ ਸ਼ਕਤੀਆਂ ਤੇ ਕਦਰਾਂ-ਕੀਮਤਾਂ ਵਿਰੁੱਧ ਖੜ੍ਹਣ ਤੇ ਲੜਣ ਲਈ ਜਥੇਬੰਦ ਹੋ ਕੇ ਅੱਗੇ ਆਉਣ ਦੀ ਲੋੜ ਹੈ। ਰੇਸ਼ਮ, ਅਨਵਰ, ਚਾਰਲੀ, ਜਾਹਨ, ਟੌਮ ਤੇ ਦੂਸਰੇ ਦੋਸਤ ਮਿਲਕੇ ਅਤੇ ਮਿਸਟਰ ਹਿਲੇਰੀ ਵਰਗੇ ਸੂਝਵਾਨ ਗੋਰਿਆਂ ਨੂੰ ਨਾਲ ਲੈ ਕੇ ਯੂਥ ਫੈਡਰੇਸ਼ਨ ਖੜ੍ਹੀ ਕਰਨ ਦਾ ਉਦਮ ਕਰਦੇ ਹਨ। ਇਹ ਨੌਜਵਾਨ ਵੱਖ-ਵੱਖ ਕੌਮੀਅਤਾਂ ਦੇ ਹੁੰਦੇ ਹੋਏ ਇਸ ਸਾਂਝੇ ਨਿਰਣੇ 'ਤੇ ਪਹੁੰਚਦੇ ਹਨ ਕਿ ਨੌਜਵਾਨ ਕਿਸੇ ਵੀ ਸਮਾਜ ਵਿਚ, ਉਸਦੇ ਸਭਿਆਚਰ ਵਿਚ ਬੜਾ ਨਿੱਗਰ ਸਕ੍ਰਿਆ ਰੋਲ ਅਦਾ ਕਰ ਸਕਦੇ ਹਨ। ਉਨ੍ਹਾਂ ਨੇ ਸਥਾਨਕ ਸਮਾਜ ਅਤੇ ਸਭਿਆਚਾਰ, ਜੋ ਇਕ ਪੂੰਜੀਵਾਦੀ ਵਿਵਸਥਾ ਦੀ ਦੇਣ ਹੈ, ਵਿਚ ਹੋ ਰਹੀ ਆਪਣੀ, ਆਪਣੇ ਮਾਪਿਆਂ ਦੀ ਤੇ ਹੋਰ ਮਜ਼ਦੂਰਾਂ ਦੀ ਦੁਰਗਤੀ ਨੂੰ ਚੰਗੀ ਤਰ੍ਹਾਂ ਵੇਖ ਲਿਆ ਹੈ। ਉਨ੍ਹਾਂ ਨੇ ਇਸ ਸਮਾਜ ਵਿਚ ਪਸਰੇ ਨਸਲਵਾਦ ਦੇ ਅਜਗਰ, ਜਿਹੜਾ ਬੜੇ ਸਚੇਤ ਪੱਧਰ 'ਤੇ ਸੰਸਥਾਗਤ ਰੂਪ 'ਚ ਸਕ੍ਰਿਆ ਹੈ, ਦੇ ਵਿਰੁੱਧ ਡਟ ਕੇ ਸੰਘਰਸ਼ ਕਰਨ ਲਈ ਜਥੇਬੰਦ ਹੋਣ ਦੀ ਲੋੜ ਨੂੰ ਤਿੱਖੇ ਰੂਪ ਵਿਚ ਅਨੁਭਵ ਕਰ ਲਿਆ ਹੈ।

ਅਨਵਰ ਯੂਥ ਫੈਡਰੇਸ਼ਨ ਦੇ ਜਲਸੇ ਵਿਚ ਸ਼ਿਕਾਇਤ ਕਰਦਾ ਹੈ ਕਿ, "ਸਾਡੇ ਮਾਪੇ ਮੁੜ ਮੁੜ ਪਿਛੇ ਨੂੰ ਭੱਜਦੇ ਹਨ। ਆਪਣਾ ਅੱਗਾ ਨਹੀਂ ਤੱਕਦੇ। ਨਵੇਂ ਦੇਸ ਵਿਚ ਆ ਕੇ ਉਨ੍ਹਾਂ ਦੀ ਸੋਚ ਨਹੀਂ ਬਦਲੀ। ਉਹ ਪੌਂਡ ਕਮਾਂਦੇ ਹੋਏ ਵੀ ਦਿਮਾਗੀ ਤੌਰ 'ਤੇ ਆਪਣੇ ਪੁਰਾਣੇ ਦੇਸ਼ਾਂ ਵਿਚ ਰਹਿੰਦੇ ਹਨ। ਸ਼ਿਕਾਇਤਾਂ ਕਰਦੇ ਨਹੀਂ ਥੱਕਦੇ ਕਿ ਉਨ੍ਹਾਂ ਦੇ ਬੱਚੇ ਉਨ੍ਹਾਂ ਦੇ ਹੱਥੋਂ ਨਿਕਲਦੇ ਜਾ ਰਹੇ ਹਨ ਅਸੀਂ ਤਾਂ ਅਜੇ ਸਭ ਕੁਝ ਸਿੱਖਣਾ ਹੈ। ਤੁਸੀਂ ਸਿੱਖੇ ਸਿਖਾਏ ਮਾਪੇ ਆਪਣੇ ਰਾਹ

ਨੂੰ ਹੀ ਇਕ ਰਾਹ ਸਮਝਦੇ ਹੋ।" ਰੇਸ਼ਮ, ਜਿਸਨੇ ਇਕ ਯੂਥ ਫੈਡਰੇਸ਼ਨ ਨੂੰ ਉਸਾਰਨ ਵਿਚ ਮੋਢੀਆਂ ਵਾਲਾ ਰੋਲ ਅਦਾ ਕੀਤਾ ਹੈ, ਆਪਣੇ ਹੱਡੀਂ-ਹੰਢਾਏ ਜੀਵਨ ਅਨੁਭਵ ਵਿਚੋਂ ਬੋਲਦਾ ਹੋਇਆ ਕਹਿੰਦਾ ਹੈ :

ਪਹਿਲੀ ਗੱਲ ਮੈਂ ਆਪਣੀ ਨਵੀਂ ਪੀੜ੍ਹੀ ਤੇ ਆਪਣੇ ਮਾਪਿਆਂ ਦੀ ਪੁਰਾਣੀ ਪੀੜ੍ਹੀ ਬਾਰੇ ਕਰਨੀ ਹੈ। ਦੋਵੇਂ ਪੀੜ੍ਹੀਆਂ ਇਕ ਦੂਜੀ ਤੋਂ ਦੁਖੀ ਐ। ਨਵੀਂ ਪੁਰਾਣੀ ਦੇ ਆਖੇ ਨਹੀਂ ਲਗਦੀ। ਪੁਰਾਣੀ ਪਾਸ ਨਵੀਆਂ ਦੀਆਂ ਮੁਸ਼ਕਲਾਂ ਸੁਣਨ ਲਈ ਵਕਤ ਨਹੀਂ। ਦੋਵੇਂ ਪੀੜ੍ਹੀਆਂ ਇਕ ਦੂਜੀ ਤੋਂ ਦਿਨੇ-ਦਿਨ ਦੂਰ ਹੋ ਰਹੀਆਂ ਹਨ। ਦੋਵਾਂ ਪੀੜ੍ਹੀਆਂ ਨੂੰ ਇਕ ਦੂਜੇ ਦੇ ਨੇੜੇ ਲਿਆਉਣ ਤੇ ਰੱਖਣ ਦਾ ਕੋਈ ਢੰਗ ਲੱਭਣ ਦੀ ਲੋੜ ਐ। ਦੋਵੇਂ ਪੀੜ੍ਹੀਆਂ ਰਲ-ਮਿਲ ਬੈਠਕੇ ਹੀ ਇਹ ਹੱਲ ਕੱਢ ਸਕਦੀਆਂ।

ਸਾਰੇ ਮਜ਼ਹਬਾਂ, ਸਾਰੀਆਂ ਨਸਲਾਂ, ਸਾਰੇ ਇਜ਼ਮਾਂ ਨੂੰ ਇਕ ਪਾਸੇ ਰਖਕੇ ਕੇਵਲ ਮਜ਼ਦੂਰ ਤੇ ਸਰਮਾਏਦਾਰ ਦੇ ਘੋਲ ਵਿਚ ਪੈ ਕੇ ਨਵੀਂ ਦੁਨੀਆਂ ਦੀ ਨੀਂਹ ਰਖੋ ਜਿਸ ਵਿਚ ਹਰ ਮਜ਼ਦੂਰ ਨੂੰ ਪੇਟ ਭਰਕੇ ਖਾਣ ਨੂੰ ਮਿਲੇ।... ਆਉ ਅਜਿਹੀ ਦੁਨੀਆਂ ਦੀ ਨੀਂਹ ਰੱਖੀਏ।

(ਪੰਨਾ 315 ਅਤੇ 317)

ਪਹਿਲੀ ਪੀੜ੍ਹੀ ਦੇ ਦੁਖਾਂਤ ਦੀ ਆਪਣੀ ਵਾਸਤਵਿਕਤਾ ਹੈ ਅਤੇ ਦੂਸਰੀ ਦੀ ਆਪਣੀ ਨਾਵਲਕਾਰ ਨੇ ਤੀਜੀ ਪੀੜ੍ਹੀ ਦੇ ਨੌਜਵਾਨਾਂ ਰਾਹੀਂ ਇਨ੍ਹਾਂ ਉਠੇ ਹੋਏ ਮਸਲਿਆਂ ਦੇ ਸਮਾਧਾਨ ਦਾ ਸੰਦੇਸ਼ ਸੰਪ੍ਰੇਸ਼ਿਤ ਕਰਨ ਦਾ ਯਤਨ ਕੀਤਾ ਹੈ। ਵੇਖਣ ਵਾਲੀ ਗੱਲ ਇਹ ਹੈ ਕਿ ਤੀਜੀ ਪੀੜ੍ਹੀ ਦੇ ਇਨ੍ਹਾਂ ਨੌਜਵਾਨਾਂ ਨੂੰ ਉਪਰੋਕਤ ਕਿਸਮ ਦੀ ਸੂਝ ਤੇ ਵਿਵੇਕ ਵਾਸਤਵਿਕ ਪੱਧਰ 'ਤੇ ਕਿੰਨਾ ਕੁ ਹੈ। ਉਨ੍ਹਾਂ ਵਿਚ ਪੂੰਜੀਵਾਦੀ ਵਿਵਸਥਾ ਦੇ ਵਿਰੋਧਾਂ ਤੇ ਅੰਤਰ-ਵਿਰੋਧਾਂ ਨੂੰ ਵੇਖਣ-ਸਮਝਣ ਦੀ ਕਿੰਨੀ ਕੁ ਸਿਧਾਂਤਕ ਸਪਸ਼ਟਤਾ ਹੈ? ਉਨ੍ਹਾਂ ਨੂੰ ਇਸ ਯਥਾਰਥ ਦਾ ਬੋਧ ਤਾਂ ਹੋ ਗਿਆ ਹੈ 'ਕਿ ਉਹ ਨਾ ਇੰਡੀਆ ਦੇ ਹਨ ਨਾ ਇੰਗਲੈਂਡ ਦੇ। ਵਿਚ-ਵਿਚਾਲੇ ਤੁਰੇ ਫਿਰਦੇ ਹਨ। ਨਾ ਸਾਨੂੰ ਮਾਪੇ ਅਪਣਾਉਂਦੇ ਐ ਤੇ ਨਾ ਹੀ ਅੰਗਰੇਜ਼ ਲੋਕ। ਉਹ ਅਜਿਹੀ ਦੋਗਲੀ ਸਥਿਤੀ ਵਿਚੋਂ ਨਿਕਲਣਾ ਚਾਹੁੰਦੇ ਹਨ। ਉਹਨਾਂ ਦਾ ਜੀਵਨ ਅਜੇਹੀ ਤਨਾਓ-ਗ੍ਰਸਤ ਸਥਿਤੀ ਵਿਚੋਂ ਪਾਰ ਲੰਘਣਾ ਚਾਹੁੰਦਾ ਹੈ। ਇਸੇ

ਲਈ ਉਹ ਆਖ਼ਿਰ ਇਸ ਨਿਰਣੇ 'ਤੇ ਪਹੁੰਚਣ ਲਈ ਮਜਬੂਰ ਹਨ। ਰੇਸ਼ਮ ਦੇ ਸ਼ਬਦਾਂ ਵਿਚ, 'ਇਹ ਮੇਰੀ ਧਰਤੀ ਐ। ਇਹ ਮੇਰਾ ਦੇਸ ਐ। ਇਹ ਮੇਰਾ ਐ ਇਹ ਮੇਰਾ ਐ ਇਹ ਮੇਰਾ ਐ।"

ਤੀਜੀ ਪੀੜ੍ਹੀ ਦਾ ਉਪਰੋਕਤ ਨਿਰਣਾ, ਉਨ੍ਹਾਂ ਦੀ ਜੀਵਨ ਸਥਿਤੀ ਵਿਚੋਂ ਰੂਪ ਧਾਰਦਾ ਹੈ ਜਿਸਨੂੰ ਪੁਰਾਣੀ ਪੀੜ੍ਹੀ ਨੂੰ ਸਵੀਕਾਰ ਕਰਨਾ ਹੀ ਪੈਣਾ ਹੈ। ਉਨ੍ਹਾਂ ਲਈ ਖ਼ੁਦ ਵੀ ਤਾਂ ਆਪਣੀ ਮਾਤਰ-ਭੂਮੀ ਦਿਨੋਂ-ਦਿਨ ਬਿਗਾਨੀ ਤੇ ਅਜਨਬੀ ਹੋ ਰਹੀ ਹੈ। ਇਸੇ ਸੰਦਰਭ ਵਿਚ ਹੀ ਪਰਵਾਸੀ ਭਾਰਤੀਆਂ ਦੀ ਆਪਣੀ ਸਭਿਆਚਾਰਕ ਪਹਿਚਾਣ ਨੂੰ ਕਾਇਮ ਰੱਖਦੇ ਹੋਏ, ਉਨ੍ਹਾਂ ਦੀ ਆਵਾਸੀ ਮੁਲਕ ਨੂੰ ਆਪਣਾ ਦੇਸ਼ ਮੰਨਣ ਦੀ ਸਾਰਥਕਤਾ ਉਜਾਗਰ ਹੁੰਦੀ ਹੈ। ਉਨ੍ਹਾਂ ਦੀ ਆਪਣੇ ਇਸ ਦੇਸ਼ ਦੀ ਸਮਾਜ-ਵਿਵਸਥਾ ਦੇ ਸੰਕਟ ਵਿਚੋਂ ਹੀ ਅਗਲੇਰੇ ਮਜ਼ਦੂਰ ਸ਼੍ਰੇਣੀ ਰਹਿਤ ਸਮਾਜਵਾਦੀ ਸਮਾਜ ਦੀ ਸਿਰਜਣਾ ਦਾ ਸੰਕਲਪ ਤੇ ਆਦਰਸ਼ ਆਪਣਾ ਰੂਪ ਧਾਰਦੇ ਪ੍ਰਤੀਤ ਹੁੰਦੇ ਹਨ ਜਿਹੜੇ ਇਸ ਤੀਜੀ ਪੀੜ੍ਹੀ ਦੇ ਪ੍ਰਗਤੀਵਾਦੀ ਸੋਚ ਦੇ ਲਖਾਇਕ ਸਾਬਤ ਹੁੰਦੇ ਹਨ।

ਨਾਵਲਕਾਰ ਦਾ ਇਹ ਇਤਿਹਾਸਕ ਆਸ਼ਾਵਾਦ, ਭਵਿੱਖ ਵਿਚ ਕਿੰਨਾ ਕੁ ਯਥਾਰਥ ਵਿਚ ਪਰਿਵਰਤਿਤ ਹੋਣ ਦੀਆਂ ਸੰਭਾਵਨਾਵਾਂ ਰਖਦਾ ਹੈ, ਇਸ ਦਾ ਨਿਰਣਾ ਤਾਂ ਆਉਣ ਵਾਲੇ ਸਮੇਂ 'ਤੇ ਨਿਰਭਰ ਕਰੇਗਾ।

ਹਥਿਆਰਬੰਦ ਇਨਕਲਾਬ-ਇਤਿਹਾਸਕ ਦਸਤਾਵੇਜ਼

-ਮਹਿਲ ਸਿੰਘ (ਡਾ.)

ਪੰਜਾਬੀ ਸਾਹਿਤ ਦਾ ਖਾਸਾ ਸਥਾਪਤੀ ਵਿਰੋਧੀ ਰਿਹਾ ਹੈ। ਅਜਿਹੀ ਸੁਰ ਕਿਤੇ ਮੱਧਮ ਰੂਪ ਵਿਚ ਤੇ ਕਿਤੇ ਤਿੱਖੇ ਰੂਪ ਵਿਚ ਸਮੁੱਚੇ ਪੰਜਾਬੀ ਸਾਹਿਤ ਇਤਿਹਾਸ ਵਿਚੋਂ ਪਛਾਣੀ ਜਾ ਸਕਦੀ ਹੈ। ਸੂਫ਼ੀ ਕਾਵਿ ਵਿਚੋਂ ਰਾਜਾ ਸ਼ਰੇਣੀ ਦੀ ਠਾਠਬਾਠ ਦੇ ਸਮਵਿੱਧ ਸਾਧਾਰਨ ਜੀਵਨ ਦੀ ਤਰਫ਼ਦਾਰੀ ਝਲਕਦੀ ਹੈ। ਗੁਰੂ-ਬਾਣੀ ਵਿਚੋਂ ਉਸ ਸਮੇਂ ਦੀਆਂ ਹਕੂਮਤਾਂ ਦੇ ਅਨਿਆਂ ਅਤੇ ਪੱਛਣੀ ਧਾਰਮਿਕਤਾ ਦਾ ਸਿੱਧਾ ਵਿਰੋਧ ਝਲਕਦਾ ਹੈ। ਕਿੱਸਾ-ਕਾਵਿ ਸਭਿਆਚਾਰਕ ਪੈਂਤੜੇ ਤੋਂ ਆਪਣੇ ਵੇਲੇ ਦੀਆਂ ਪਿਛਾਖੜੀ ਕਦਰਾਂ ਨੂੰ ਨਕਾਰਦਾ ਹੈ। ਮੱਧਕਾਲੀ ਸਾਹਿਤ ਵਾਂਗ ਆਧੁਨਿਕ ਸਾਹਿਤ ਵਿਚ ਵੀ ਇਹ ਪ੍ਰਤਿਕ੍ਰਿਆ ਜਾਰੀ ਰਹਿੰਦੀ ਹੈ। ਭਾਰਤ ਸਦੀਆਂ ਤਕ ਪਹਿਲਾਂ ਮੁਗ਼ਲ ਸਲਤਨਤ ਦੀ ਮਾਰ ਹੇਠ ਰਿਹਾ। ਫਿਰ ਅੰਗਰੇਜ਼ ਇਥੇ ਕਾਬਜ਼ ਹੋ ਗਏ। ਅਠਾਰ੍ਹਵੀਂ ਸਦੀ ਵਿਚ ਸਿੱਖ ਲਹਿਰ ਨੇ ਪੰਜਾਬ ਵਿਚੋਂ ਮੁਗ਼ਲ ਹਕੂਮਤ ਨੂੰ ਖਦੇੜ ਕੇ ਆਪਣਾ ਰਾਜ ਸਥਾਪਿਤ ਕੀਤਾ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਪੰਜਾਬ ਵੀ ਅੰਗਰੇਜ਼ਾਂ ਦੇ ਅਧਿਕਾਰ ਖੇਤਰ ਹੇਠ ਆ ਗਿਆ। ਪਰ ਪੰਜਾਬ ਵਿਚ ਸ਼ੁਰੂ ਤੋਂ ਹੀ ਅੰਗਰੇਜ਼ ਰਾਜ ਵਿਰੋਧੀ ਪ੍ਰਤਿਕ੍ਰਿਆ ਜਾਰੀ ਰਹੀ। ਪਹਿਲਾਂ ਕੂਕਾ ਲਹਿਰ ਨੇ ਤਿੱਖੇ ਰੂਪ ਵਿਚ, ਫਿਰ ਸਿੰਘ ਸਭਾ ਲਹਿਰ ਨੇ ਸਾਹਿਤ ਦੇ ਪ੍ਰਚਾਰ ਮਾਧਿਅਮ ਦੀ ਧੀਮੀ ਸੁਰ ਵਿਚ ਅਤੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਗ਼ਦਰ ਲਹਿਰ (1913) ਨੇ ਸਿੱਧੇ ਸਿਆਸੀ ਰੂਪ ਵਿਚ ਅੰਗਰੇਜ਼ਾਂ ਦਾ ਵਿਰੋਧ ਕੀਤਾ। ਸਿੰਘ ਸਭਾ ਲਹਿਰ ਦੇ ਆਸ਼ੇ ਮੁਤਾਬਕ ਅੰਗਰੇਜ਼ੀ ਪ੍ਰਭਾਵ ਦੇ ਵਿਰੋਧ ਵਿਚ ਭਾਈ ਵੀਰ ਸਿੰਘ ਨੇ ਆਧੁਨਿਕ ਸਾਹਿਤ ਦਾ ਮੁੱਢ ਬੱਧਾ। ਇਸੇ ਤਰ੍ਹਾਂ ਹੀ ਗ਼ਦਰ ਲਹਿਰ ਦੇ ਉਦੇਸ਼ ਮੁਤਾਬਕ ਬਹੁਤ ਸਾਰਾ ਗ਼ਦਰ ਸਾਹਿਤ ਰਚਿਆ ਗਿਆ। ਇਸ ਲਹਿਰ ਸੰਬੰਧੀ ਸਭ ਤੋਂ ਵੱਧ ਲਿਖਣ ਵਾਲਾ ਕੇਸਰ ਸਿੰਘ ਹੈ। ਕੇਸਰ ਸਿੰਘ ਨੇ ਗ਼ਦਰ ਲਹਿਰ ਦੇ ਸ਼ਾਨ-ਮੱਤੇ ਇਤਿਹਾਸ ਨੂੰ *ਹਥਿਆਰਬੰਦ*

ਇਨਕਲਾਬ ਨਾਵਲ ਵਿਚ ਪੇਸ਼ ਕੀਤਾ ਹੈ। ਇਹ ਗ਼ਦਰ ਲਹਿਰ ਨਾਲ ਸੰਬੰਧਿਤ ਸਭ ਤੋਂ ਵੱਡਾ ਨਾਵਲ ਹੈ। ਕੇਸਰ ਸਿੰਘ ਦੇ ਹੋਰ ਨਾਵਲ *ਲਹਿਰ ਵਧਦੀ ਗਈ, ਜੰਗੀ ਕੈਦੀ, ਸ਼ਹੀਦ ਊਧਮ ਸਿੰਘ, ਬਾਬਾ ਹਰੀ ਸਿੰਘ ਉਸਮਾਨ, ਅਮਰ ਸ਼ਹੀਦ ਮਦਨ ਲਾਲ ਢੀਂਗਰਾ, ਅਮਰ ਸ਼ਹੀਦ ਮੇਵਾ ਸਿੰਘ, ਸਿੰਘ ਸਾਹਿਬ ਦੀ ਸ਼ਹਾਦਤ, ਜੰਞ ਲਾੜਿਆਂ ਦੀ* ਵਗ਼ੈਰਾ ਵਿਚ ਵੀ ਗ਼ਦਰ ਲਹਿਰ ਜਾਂ ਗ਼ਦਰੀ ਬਾਬਿਆਂ ਦੀਆਂ ਕੁਰਬਾਨੀਆਂ ਦਾ ਜਸ ਪ੍ਰਗਟਾਇਆ ਗਿਆ ਹੈ।

ਲਹਿਰ ਵਧਦੀ ਗਈ ਵਿਚੋਂ ਅੰਗਰੇਜ਼ਾਂ ਦੀ ਦੂਜੇ ਸੰਸਾਰ ਜੰਗ ਵਿਚ ਵੱਖ ਵੱਖ ਦੇਸ਼ਾਂ ਨੂੰ ਲੜਾਉਣ ਦੀਆਂ ਚਾਲਾਂ ਦਾ ਭੇਦ ਖੁਲ੍ਹਦਾ ਹੈ। ਆਜ਼ਾਦ ਹਿੰਦ ਫ਼ੌਜ ਦੇ ਸਿਪਾਹੀ ਅਜਿਹੀਆਂ ਚਾਲਾਂ ਤੋਂ ਸਾਵਧਾਨ ਕਰਦੇ ਹੋਏ ਆਪੋ ਵਿਚ ਲੜਨ ਦੀ ਥਾਂ ਅੰਗਰੇਜ਼ਾਂ ਵਿਰੁੱਧ ਡਟਣ ਦੀ ਪ੍ਰੇਰਨਾ ਦੇਂਦੇ ਹਨ। *ਜੰਗੀ ਕੈਦੀ* ਵਿਚ ਦੂਜੀ ਸੰਸਾਰ ਜੰਗ ਦੇ ਮਨੁੱਖਤਾ ਵਿਰੋਧੀ ਵਿਹਾਰ ਅਤੇ ਮਨੁੱਖੀ ਹੋਂਦ ਨੂੰ ਪੈਦਾ ਹੋਏ ਖ਼ਤਰਿਆਂ ਦੀ ਦਾਸਤਾਨ ਪੇਸ਼ ਹੋਈ ਹੈ। *ਸ਼ਹੀਦ ਊਧਮ ਸਿੰਘ* ਨਾਵਲ ਵਿਚ ਜਲ੍ਹਿਆਂ ਵਾਲੇ ਬਾਗ਼ ਵਿਚ ਵਾਪਰੇ ਖ਼ੂਨੀ ਸਾਕੇ ਦੇ ਬਦਲੇ ਦੀ ਗਾਥਾ ਪੇਸ਼ ਹੋਈ ਹੈ। ਇਸ ਵਿਚ ਊਧਮ ਸਿੰਘ ਪੰਜਾਬੀਆਂ ਦੀ ਅਣਖ ਰੱਖਣ ਵਾਲੇ ਸੂਰਮੇ ਵਜੋਂ ਪੇਸ਼ ਹੋਇਆ ਹੈ। ਉਹ ਇੱਕੀ ਸਾਲ ਬਾਅਦ ਇੰਗਲੈਂਡ ਵਿਚ ਜਨਰਲ ਡਾਇਰ ਨੂੰ ਗੋਲੀਆਂ ਨਾਲ ਢੇਰੀ ਕਰ ਦੇਂਦਾ ਹੈ। ਇਸ ਦੀ ਸਜ਼ਾ ਵਜੋਂ ਊਧਮ ਸਿੰਘ ਨੂੰ ਫਾਂਸੀ ਹੋ ਜਾਂਦੀ ਹੈ। ਕੇਸਰ ਸਿੰਘ ਨੇ ਊਧਮ ਸਿੰਘ ਨੂੰ ਰਾਸ਼ਟਰੀ ਸ਼ਹੀਦ ਵਜੋਂ ਪੇਸ਼ ਕੀਤਾ ਹੈ।

ਬਾਬਾ ਹਰੀ ਸਿੰਘ ਉਸਮਾਨ ਵਿਚ ਸੁਤੰਤਰਤਾ ਲਈ ਜ਼ਿੰਦਗੀ ਦਾਅ 'ਤੇ ਲਾ ਦੇਣ ਵਾਲੇ ਗ਼ਦਰੀ ਬਾਬਿਆਂ ਦੀ ਕਥਾ ਪੇਸ਼ ਹੋਈ ਹੈ। ਇਸ ਰਚਨਾ ਵਿਚ ਆਜ਼ਾਦੀ ਤੋਂ ਬਾਅਦ ਗ਼ਦਰੀਆਂ ਦੇ ਪੱਲੇ ਪਈ ਨਿਰਾਸ਼ਾ ਦਾ ਵੀ ਚਿਤਰਣ ਮਿਲਦਾ ਹੈ। ਲੇਖਕ ਦੇਸ਼ ਭਗਤਾਂ ਦੀ ਪੀੜਤ ਅਥਵਾ ਦੁਖਾਂਤ ਮਾਨਸਿਕਤਾ 'ਤੇ ਧਿਆਨ ਜੋੜਦਾ ਹੈ। *ਅਮਰ ਸ਼ਹੀਦ ਮਦਨ ਲਾਲ ਢੀਂਗਰਾ* ਵਿਚ ਅੰਗਰੇਜ਼ ਅਫ਼ਸਰ ਕਰਜ਼ਨ ਵਾਇਲੀ ਦੇ ਕਤਲ ਦਾ ਵਰਣਨ ਹੈ। ਇਹ ਅਫ਼ਸਰ ਵਲੈਤ ਵਿਚ ਪੜ੍ਹਦੇ ਭਾਰਤੀ ਵਿਦਿਆਰਥੀਆਂ ਨੂੰ ਸਿਵਲ ਸਰਵਿਸ ਦੇ ਲਾਲਚ ਰਾਹੀਂ ਸੁਤੰਤਰਤਾ ਦੇ ਘੋਲ ਵਲੋਂ ਮੋੜਨ ਦੀਆਂ ਕੋਸ਼ਿਸ਼ਾਂ ਕਰਦਾ ਹੈ। ਮਦਨ ਲਾਲ ਢੀਂਗਰਾ ਆਜ਼ਾਦੀ ਲਹਿਰ ਨੂੰ ਢਾਹ ਲਾਉਣ ਵਾਲੇ ਇਸ ਅਫ਼ਸਰ ਦਾ ਕਤਲ ਕਰ ਦੇਂਦਾ ਹੈ। ਢੀਂਗਰਾ ਨੂੰ ਵਿਦੇਸ਼ ਵਿਚ ਪਹਿਲੇ ਕੌਮੀ ਸ਼ਹੀਦ ਦਾ ਮਾਣ ਮਿਲਦਾ ਹੈ।

ਅਮਰ ਸ਼ਹੀਦ ਮੇਵਾ ਸਿੰਘ ਵਿਚ ਵਿਦੇਸ਼ਾਂ ਵਿਚ ਗਏ ਭਾਰਤੀ ਕਾਮਿਆਂ ਨਾਲ ਹੋਏ ਵਿਤਕਰਿਆਂ ਦੀ ਕਹਾਣੀ ਪੇਸ਼ ਹੋਈ ਹੈ। ਇਸ ਨਾਵਲ ਵਿਚੋਂ ਗ਼ਦਰ

ਲਹਿਰ ਦੇ ਮੁੱਢ ਬੱਝਣ ਦੇ ਅਸਲ ਕਾਰਨਾਂ ਦੀ ਸਮਝ ਪੈਂਦੀ ਹੈ। ਮੇਵਾ ਸਿੰਘ ਗ਼ਦਰ ਲਹਿਰ ਦੇ ਲੋਕ ਨਾਇਕ ਵਜੋਂ ਉਭਰਦਾ ਹੈ। ਉਹ ਵੀ ਸੁਤੰਤਰਤਾ ਘੋਲ ਦੇ ਰਾਹ ਵਿਚ ਰੋੜਾ ਬਣਨ ਵਾਲੇ ਅਫ਼ਸਰ ਹਾਪਕਿਨਸਨ ਦਾ ਸਫ਼ਾਇਆ ਕਰ ਦੇਂਦਾ ਹੈ। ਮੇਵਾ ਸਿੰਘ ਫਾਂਸੀ ਦੀ ਸਜ਼ਾ ਭੁਗਤਦਾ ਲੋਕ-ਸ਼ਹੀਦ ਵਜੋਂ ਪ੍ਰਵਾਨ ਹੁੰਦਾ ਹੈ। *ਸਿੰਘ ਸਾਹਿਬ ਦੀ ਸ਼ਹਾਦਤ* ਨਾਵਲ ਵਿਚ ਜੰਗੇ ਆਜ਼ਾਦੀ ਲਈ ਲੜ ਰਹੇ ਜਰਵਾਣਿਆਂ ਨੂੰ ਘਰ-ਪਰਿਵਾਰ ਦੀਆਂ ਯਾਦਾਂ, ਚਿੰਤਾਵਾਂ, ਪ੍ਰੇਸ਼ਾਨੀਆਂ ਦੇ ਮਾਨਸਿਕ ਦਵੰਦ ਭੋਗਦੇ ਵਿਖਾਇਆ ਗਿਆ ਹੈ। *ਜੰਞ ਲਾੜਿਆਂ ਦੀ* ਵਿਚ ਸੱਤ ਗ਼ਦਰੀ ਯੋਧਿਆਂ ਦੀ ਗ਼ਦਰ ਲਹਿਰ ਪ੍ਰਤੀ ਵਚਨਬੱਧਤਾ ਦੱਸੀ ਗਈ ਹੈ। ਗ਼ਦਰੀ ਯੋਧੇ ਨਿਧੜਕ ਰੂਪ ਵਿਚ ਹਰ ਸਜ਼ਾ ਖਿੜੇ ਮੱਥੇ ਪ੍ਰਵਾਨ ਕਰਦੇ ਹਨ। ਕੇਸਰ ਸਿੰਘ ਕੌਮੀ ਸ਼ਹੀਦਾਂ ਨੂੰ ਕੌਮ ਦੇ ਸਰਮਾਏ ਵਜੋਂ ਪੇਸ਼ ਕਰਦਾ ਹੈ।

ਇਹ ਨਾਵਲ ਗ਼ਦਰ ਲਹਿਰ ਨਾਲ ਸੰਬੰਧਿਤ ਵੀ ਹਨ ਤੇ ਲਹਿਰ ਨੂੰ ਸਮਰਪਿਤ ਵੀ। ਗ਼ਦਰ ਲਹਿਰ ਨਾਲ ਸੰਬੰਧਿਤ ਇਤਿਹਾਸਕ ਨੇਤਾਵਾਂ, ਇਤਿਹਾਸਕ ਘਟਨਾਵਾਂ, ਸੰਸਾਰ ਜੰਗਾਂ ਤੇ ਸੁਤੰਤਰਤਾ ਅੰਦੋਲਨ ਨਾਲ ਸੰਬੰਧਿਤ ਵੇਰਵੇ ਉਪਰੋਕਤ ਨਾਵਲਾਂ ਵਿਚ ਵੱਖਰੇ ਰੂਪ ਵਿਚ ਪੇਸ਼ ਹੋਏ ਹਨ। ਪਰ *ਹਥਿਆਰਬੰਦ ਇਨਕਲਾਬ* ਵਿਚ ਗ਼ਦਰ ਲਹਿਰ ਬਾਰੇ ਸਾਰੇ ਵੇਰਵੇ ਜੁੜਵੇਂ ਰੂਪ ਵਿਚ ਪੇਸ਼ ਹੋਏ ਹਨ। ਇਹ ਸੱਤ ਨਾਵਲਾਂ ਦੀ ਲੜੀ ਦੇ ਰੂਪ ਵਿਚ ਪ੍ਰਕਾਸ਼ਿਤ ਹੋਇਆ। ਵੱਡੇ ਆਕਾਰ ਦਾ ਨਾਵਲ ਹੈ। ਇਸ ਵਿਚ 'ਯੁਗਾਂਤਰ ਬੰਬ', 'ਗੱਜੇ ਸ਼ੇਰ ਵਲੈਤ ਵਿਚ', 'ਯੁਗਾਂਤਰ ਆਸ਼ਰਮ', 'ਗ਼ਦਰ', 'ਮਾਰੋ ਫ਼ਰੰਗੀ', 'ਜੇਲ੍ਹਾਂ ਵਤਨੋਂ ਦੂਰ' ਅਤੇ 'ਹਥਿਆਰਬੰਦ ਇਨਕਲਾਬ' ਨਾਵਲ ਸ਼ਾਮਿਲ ਹਨ। ਇਹ ਇਕ ਦੂਜੇ ਤੋਂ ਵੱਖਰੇ ਜਾਂ ਟੁਟਵੇਂ ਨਾਵਲ ਨਹੀਂ ਹਨ। ਇਹ ਇਕ ਹੀ ਨਾਵਲ ਦੇ ਵੱਖ ਵੱਖ ਹਿੱਸੇ ਹਨ। ਇਨ੍ਹਾਂ ਵਿਚ ਕੁਝ ਪਾਤਰਾਂ, ਘਟਨਾਵਾਂ ਤੇ ਥਾਵਾਂ ਦੀ ਵੱਖਰਤਾ ਤਾਂ ਹੈ, ਪਰ ਇਸ ਵੱਖਰਤਾ ਜਾਂ ਅਨੇਕਤਾ ਨੂੰ ਵਿਸ਼ੇ ਦੀ ਸਾਂਝ ਨਾਵਲੀ ਏਕਤਾ ਵਿਚ ਬੰਨ੍ਹਦੀ ਹੈ। ਗ਼ਦਰ ਲਹਿਰ ਦਾ ਵਿਸ਼ਾ ਸਭ ਹਿੱਸਿਆਂ ਦੇ ਆਰਪਾਰ ਫੈਲਿਆ ਹੋਇਆ ਹੈ।

'ਯੁਗਾਂਤਰ ਬੰਬ' ਵਿਚ ਵੀਹਵੀਂ ਸਦੀ ਦੇ ਸ਼ੁਰੂ ਵਿਚ ਭਾਰਤੀਆਂ ਦੇ ਵਿਦੇਸ਼ਾਂ ਵੱਲ ਜਾਣ ਦਾ ਜ਼ਿਕਰ ਹੈ। ਵਿਦੇਸ਼ਾਂ ਵਿਚ ਗਏ ਭਾਰਤੀ ਨਵੇਂ ਅਨੁਭਵ ਦੇ ਰੂ-ਬ-ਰੂ ਹੁੰਦੇ ਹਨ। ਉਹ ਗ਼ੁਲਾਮ ਤੇ ਆਜ਼ਾਦ ਜੀਵਨ ਦਾ ਫ਼ਰਕ ਮਹਿਸੂਸ ਕਰਦੇ ਹਨ। 'ਯੁਗਾਂਤਰ ਬੰਬ' ਇਕ ਅਖ਼ਬਾਰ ਦਾ ਨਾਂ ਹੈ। ਇਸ ਅਖ਼ਬਾਰ ਰਾਹੀਂ ਭਾਰਤੀ ਮੂਲ ਦੇ ਵਸਨੀਕਾਂ ਨੂੰ ਅੰਗਰੇਜ਼ਾਂ ਦੀ ਗ਼ੁਲਾਮੀ ਵਿਰੁੱਧ ਪ੍ਰੇਰਿਤ ਕੀਤਾ ਜਾਂਦਾ ਹੈ। ਲਾਲਾ ਹਰਦਿਆਲ ਮੋਢੀ ਨੇਤਾ ਵਜੋਂ ਉਭਰਦਾ ਹੈ। 'ਗੱਜੇ ਸ਼ੇਰ ਵਲੈਤ ਵਿਚ' ਦੇਸ਼ ਭਗਤਾਂ ਦੀਆਂ ਕ੍ਰਾਂਤੀਕਾਰੀ ਸਰਗਰਮੀਆਂ ਪੇਸ਼ ਹਨ। ਇਸ ਹਿੱਸੇ

ਵਿਚ ਆਜ਼ਾਦੀ ਦੀ ਲੜਾਈ ਦੇ ਰਾਹ ਵਿਚ ਰੋੜਾ ਬਣਨ ਵਾਲੇ ਅਫ਼ਸਰ ਦਾ ਕਤਲ ਕੀਤਾ ਜਾਂਦਾ ਹੈ ਜਿਸ ਦੀ ਸਜ਼ਾ ਵਜੋਂ ਮਦਨ ਲਾਲ ਢੀਂਗਰਾ ਹੱਸ ਕੇ ਫਾਂਸੀ ਚੜ੍ਹਦਾ ਵਿਖਾਇਆ ਗਿਆ ਹੈ। 'ਯੁਗਾਂਤਰ ਆਸ਼ਰਮ' ਇਕ ਜਗ੍ਹਾ ਦਾ ਨਾਂ ਹੈ, ਜਿਥੇ ਭਾਰਤੀ ਦੇਸ਼ ਭਗਤ ਆਪਣੀਆਂ ਕਾਰਵਾਈਆਂ ਲਈ ਵਿਉਂਤਾਂ ਬਣਾਉਂਦੇ ਹਨ। ਗ਼ਦਰੀ ਨੇਤਾ ਅੰਗਰੇਜ਼ੀ ਸੰਸਕ੍ਰਿਤੀ ਦੇ ਪੈ ਰਹੇ ਪ੍ਰਭਾਵ ਤੋਂ ਵੀ ਚਿੰਤਤ ਜਾਪਦੇ ਹਨ। ਅੰਗਰੇਜ਼ ਇਕ ਹੱਥ ਰੋਟੀ ਦੇ ਕੇ ਦੂਜੇ ਹੱਥ ਬਾਈਬਲ ਫੜ੍ਹਾਉਣ ਦੀ ਜੁਗਤ ਵਰਤਦੇ ਹਨ। ਗ਼ਦਰੀ ਨੇਤਾ ਭਾਰਤੀਆਂ ਨੂੰ ਅਜਿਹੀ ਸਭਿਆਚਾਰਕ ਗ਼ੁਲਾਮੀ ਵਿਰੁੱਧ ਸਾਵਧਾਨ ਕਰਦੇ ਹਨ। 'ਗ਼ਦਰ' ਵਾਲੇ ਹਿੱਸੇ ਵਿਚ 1913 ਵਿਚ ਕੱਢੇ ਗਏ **ਗ਼ਦਰ** ਅਖ਼ਬਾਰ ਦਾ ਜ਼ਿਕਰ ਹੈ। ਇਸ ਪਰਚੇ ਰਾਹੀਂ ਅੰਗਰੇਜ਼ਾਂ ਦੀ ਗ਼ੁਲਾਮੀ ਠੁਕਰਾ ਦੇਣ ਦਾ ਸਿੱਧਾ ਪ੍ਰਚਾਰ ਕੀਤਾ ਜਾਂਦਾ ਹੈ। 'ਮਾਰੋ ਫ਼ਰੰਗੀ ਨੂੰ' ਵਿਚ ਕ੍ਰਾਂਤੀਕਾਰੀ ਸਜ਼ਾ ਭੁਗਤਦੇ ਥਾਣੇ ਕਚਹਿਰੀ ਪੇਸ਼ ਹੁੰਦੇ ਫ਼ਰੰਗੀਆਂ ਨੂੰ ਮਾਰਨ ਦੇ ਨਾਹਰੇ ਲਾਉਂਦੇ ਹਨ। ਗ਼ਦਰੀ ਨੇਤਾ ਆਪਣੇ ਰਾਜਸੀ ਮਨੋਰਥ ਵਿਚ ਅਸਫ਼ਲ ਰਹਿਣ ਦੇ ਬਾਵਜੂਦ ਮਾਨਸਿਕ ਪੱਧਰ 'ਤੇ ਪੂਰੀ ਚੜ੍ਹਤ ਵਿਚ ਵਿਖਾਈ ਦੇਂਦੇ ਹਨ। ਇਸ ਹਿੱਸੇ ਵਿਚ ਦੇਸ਼ ਭਗਤਾਂ ਦੀ ਫੜੋ ਫੜੀ ਅਤੇ ਉਨ੍ਹਾਂ 'ਤੇ ਚਲਾਏ ਕੇਸਾਂ ਦਾ ਵਰਣਨ ਹੈ। 'ਜੇਲ੍ਹਾਂ ਵਤਨੋਂ ਦੂਰ' ਵਿਚ ਮੁੱਖ ਤੌਰ 'ਤੇ ਗ਼ਦਰੀ ਬਾਬਿਆਂ 'ਤੇ ਪਾਏ ਕੇਸਾਂ ਉਤੇ ਉਨ੍ਹਾਂ ਨੂੰ ਦਿੱਤੀਆਂ ਸਜ਼ਾਵਾਂ ਦਾ ਵਰਣਨ ਹੈ। ਆਖ਼ਿਰੀ ਹਿੱਸੇ 'ਹਥਿਆਰਬੰਦ ਇਨਕਲਾਬ' ਵਿਚ ਗ਼ਦਰ ਲਹਿਰ ਦੇ ਮੱਧਮ ਪੈ ਜਾਣ ਅਤੇ ਅੰਗਰੇਜ਼ਾਂ ਵਿਰੁੱਧ ਬਣੇ ਰਾਸ਼ਟਰੀ ਮੁਹਾਜ਼ ਦਾ ਜ਼ਿਕਰ ਹੈ।

ਆਜ਼ਾਦੀ ਮਿਲਣ ਦੀ ਸੰਭਾਵਨਾ 'ਤੇ ਰਾਜ ਸੱਤਾ ਸੰਭਾਲਣ ਦੇ ਨੁਕਤੇ ਤੋਂ ਕਾਂਗਰਸ ਅਤੇ ਮੁਸਲਮ ਲੀਗ ਵਿਚਕਾਰ ਵਿਰੋਧ ਬਣ ਜਾਂਦਾ ਹੈ। ਇਹ ਰਾਜਸੀ ਵਿਰੋਧ ਧਾਰਮਿਕ ਅਤੇ ਜਾਤੀ ਫ਼ਿਰਕਾਪ੍ਰਸਤੀ ਦੇ ਰੂਪ ਵਿਚ ਫੁੱਟਦਾ ਹੈ। ਨਹਿਰੂ ਤੇ ਜਿਨਾਹ ਦੇ ਟਕਰਾ ਕਾਰਨ 'ਕੁਇਟ ਇੰਡੀਆ' ਦੀ ਲਹਿਰ 'ਸਪਲਿਟ ਇੰਡੀਆ' ਦੇ ਰੂਪ ਵਿਚ ਸਿਰੇ ਚੜ੍ਹਦੀ ਹੈ। ਰਾਜਗੱਦੀ ਦੀ ਕੁੱਕੜਖੋਹ ਕਾਰਨ ਦੇਸ਼ ਵੰਡ ਦਾ ਦੁਖਾਂਤ ਵਾਪਰਦਾ ਹੈ। ਦੰਗੇ-ਫ਼ਸਾਦਾਂ ਕਾਰਨ ਹੋਏ ਜਾਨੀ ਤੇ ਮਾਲੀ ਨੁਕਸਾਨ ਦੇ ਸਿੱਟੇ ਵਜੋਂ ਆਜ਼ਾਦੀ ਦਾ ਚਿਹਰਾ ਬੁਰੀ ਤਰ੍ਹਾਂ ਧੁਆਂਖਿਆ ਜਾਂਦਾ ਹੈ। ਭਾਰਤ ਦੀ ਹਕੂਮਤ ਕਾਂਗਰਸ ਸਰਮਾਏਦਾਰੀ ਸੰਭਾਲ ਲੈਂਦੀ ਹੈ। ਕਾਂਗਰਸ ਆਪਣੇ ਪ੍ਰਚਾਰ ਸਾਧਨਾਂ ਰਾਹੀਂ ਆਪਣੇ ਆਪ ਨੂੰ ਆਜ਼ਾਦੀ ਦੇ ਨਾਇਕ ਵਜੋਂ ਪ੍ਰਚਾਰਦੀ ਹੈ। ਦੂਸਰੇ ਪਾਸੇ ਸੁਤੰਤਰਤਾ ਦੇ ਘੋਲ ਵਿਚ ਕੁਰਬਾਨ ਹੋਏ ਕ੍ਰਾਂਤੀਕਾਰੀ ਬਣਦੇ ਮਾਣ-ਸਨਮਾਨ ਤੋਂ ਵਾਂਝੇ ਰਹਿ ਜਾਂਦੇ ਹਨ। ਅਜਿਹੀ ਬੇਕਦਰੀ ਕਾਰਨ 'ਬਾਬਾ ਹਰੀ ਸਿੰਘ ਉਸਮਾਨ' ਵਾਂਗ ਕੁਝ ਹੋਰ ਗ਼ਦਰੀ ਨੇਤਾ ਡੂੰਘੇ ਮਾਨਸਿਕ ਸੰਤਾਪ ਵਿਚ ਗ੍ਰਸੇ

ਜਾਂਦੇ ਹਨ। ਅਜਿਹੀ ਨਿਰਾਸ਼ਾ ਵਿਚ ਉਹ ਮੁੜ ਵਿਦੇਸ਼ਾਂ ਵੱਲ ਪਰਤ ਜਾਣ ਦਾ ਮਨ ਬਣਾ ਲੈਂਦੇ ਹਨ।

ਹਥਿਆਰਬੰਦ ਇਨਕਲਾਬ ਨਾਵਲ ਸਿਰਫ਼ ਗ਼ਦਰ ਲਹਿਰ ਦਾ ਇਤਿਹਾਸ ਹੀ ਨਹੀਂ, ਬਲਕਿ ਇਹ ਸਮੁੱਚੀ ਆਜ਼ਾਦੀ ਦੀ ਲੜਾਈ ਦਾ ਇਤਿਹਾਸ ਹੈ। ਕਿਉਂਕਿ ਇਸ ਵਿਚ ਗ਼ਦਰ ਲਹਿਰ ਦਾ ਉਦਭਵ, ਸਿਖ਼ਰ ਤੇ ਕਮਜ਼ੋਰ ਪੈ ਜਾਣ ਦਾ ਇਤਿਹਾਸ ਸਮੁੱਚੀ ਭਾਰਤੀ ਸਿਆਸਤ ਦੇ ਸੰਦਰਭ ਵਿਚ ਪੇਸ਼ ਹੋਇਆ ਹੈ। ਇਹ ਨਾਵਲ ਸੁਤੰਤਰਤਾ ਦੇ ਘੋਲ ਸੰਬੰਧੀ ਇਕ ਸਿਆਸੀ ਬਿਉਰਾ ਹੈ। ਇਸ ਵਿਚੋਂ ਆਜ਼ਾਦੀ ਲਹਿਰ ਵਿਚ ਸ਼ਾਮਲ ਲਹਿਰਾਂ ਤੇ ਪਾਰਟੀਆਂ ਦੇ ਆਪੋ-ਆਪਣੇ ਦਾਅ-ਪੇਚਾਂ ਅਤੇ ਆਪਸੀ ਟਕਰਾ ਦਾ ਪਤਾ ਲਗਦਾ ਹੈ। ਇਸ ਨਾਵਲ ਵਿਚ ਲਹਿਰਾਂ ਦੇ ਗੁਣ ਤੇ ਗੌਰਵ ਵਾਲੇ ਪੱਖਾਂ ਦੇ ਨਾਲ ਨਾਲ ਔਗੁਣ ਵਾਲੇ ਪੱਖ ਵੀ ਲੁਕੇ ਨਹੀਂ ਰਹਿੰਦੇ। ਅਜਿਹੀ ਪੇਸ਼ਕਾਰੀ ਕਿਸੇ ਸਿੱਧੇ ਸਿਆਸੀ ਪ੍ਰਚਾਰ ਜਾਂ ਉਲਾਰ ਭਾਵਨਾ ਵਜੋਂ ਨਹੀਂ, ਬਲਕਿ ਵਾਪਰੇ ਇਤਿਹਾਸਕ ਸੱਚ ਦੀ ਤਸਵੀਰ ਵਜੋਂ ਸਾਹਮਣੇ ਆਉਂਦੀ ਹੈ। ਪਹਿਲੇ ਨਾਵਲਾਂ ਵਿਚ ਜਿਥੇ ਗ਼ਦਰ ਲਹਿਰ ਦੇ ਵੱਖ-ਵੱਖ ਸ਼ਹੀਦਾਂ ਨੂੰ ਵੱਖਰੇ-ਵੱਖਰੇ ਰੂਪ ਵਿਚ ਪ੍ਰਣਾਮ ਹੈ, ਉਥੇ *ਹਥਿਆਰਬੰਦ ਇਨਕਲਾਬ* ਵਿਚ ਸਭ ਕ੍ਰਾਂਤੀਕਾਰੀ ਦੇਸ਼ ਭਗਤਾਂ ਜਾਂ ਸ਼ਹੀਦਾਂ ਨੂੰ ਇਕ ਥਾਂ ਨਮਸਕਾਰ ਜਾਂ ਸਿਜਦਾ ਹੈ। ਇਹ ਇਤਿਹਾਸਕ ਨਾਵਲ ਦੀ ਪਰੰਪਰਾ ਵਿਚ ਬਿਲਕੁਲ ਵੱਖਰਾ ਤੇ ਵੱਡਾ ਨਾਵਲ ਹੈ।

ਸਾਡੀ ਪੰਜਾਬੀ ਨਾਵਲ ਦੀ ਪਰੰਪਰਾ ਵਿਚ ਕਾਫ਼ੀ ਇਤਿਹਾਸਕ ਨਾਵਲ ਲਿਖੇ ਗਏ ਹਨ। ਅਸਲ ਵਿਚ ਸਾਡੇ ਪੰਜਾਬੀ ਨਾਵਲ ਦਾ ਮੁੱਢ ਹੀ ਇਤਿਹਾਸਕ ਨਾਵਲਾਂ ਨਾਲ ਬੱਝਾ। ਭਾਈ ਵੀਰ ਸਿੰਘ ਮੌਲਿਕ ਪੰਜਾਬੀ ਨਾਵਲ ਦਾ ਜਨਮਦਾਤਾ ਹੈ। ਉਸ ਦੇ ਨਾਵਲ *ਸੁੰਦਰੀ* (1897), *ਬਿਜੈ ਸਿੰਘ* (1898) ਤੇ *ਸਤਵੰਤ ਕੌਰ* (1900) ਤਿੰਨੇ ਅਠਾਰ੍ਹਵੀਂ ਸਦੀ ਦੇ ਸਿੱਖ-ਇਤਿਹਾਸ ਨਾਲ ਸੰਬੰਧਿਤ ਹਨ। ਅਠਾਰ੍ਹਵੀਂ ਸਦੀ ਵਿਚ ਸਿੱਖਾਂ ਦਾ ਮੁਗ਼ਲਾਂ ਨਾਲ ਸੰਘਰਸ਼ ਸਿਖ਼ਰ 'ਤੇ ਸੀ। ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਸਿੱਖ ਪਾਤਰ, ਕਿਰਦਾਰ ਤੇ ਵਿਹਾਰ ਪੱਖੋਂ ਉੱਚੇ-ਸੁੱਚੇ ਮੁੱਲਾਂ ਨਾਲ ਜੁੜੇ ਵਿਖਾਈ ਦੇਂਦੇ ਹਨ, ਜਿਸ ਦੀ ਬਦੌਲਤ ਅਖ਼ੀਰ ਸਿੱਖ ਰਾਜਭਾਗ ਹਾਸਲ ਕਰਨ ਵਿਚ ਸਫ਼ਲ ਹੋਏ। ਭਾਈ ਵੀਰ ਸਿੰਘ ਦੇ ਪਾਤਰ ਸਿੱਖ ਮਰਯਾਦਾ ਦੇ ਪਾਲਕ ਹਨ। ਇਸ ਸਦਕਾ ਉਹ ਹਰ ਮੈਦਾਨ ਜਾਂ ਮੁਸੀਬਤ ਵਿਚ ਫ਼ਤਹਿ ਹਾਸਲ ਕਰਦੇ ਹਨ। ਭਾਈ ਵੀਰ ਸਿੰਘ ਈਸਾਈ ਸੰਸਕ੍ਰਿਤੀ ਦੇ ਵਿਰੋਧ ਵਿਚ ਸਿੱਖ ਇਤਿਹਾਸ, ਗੁਰਬਾਣੀ ਤੇ ਸਿੱਖ ਕਿਰਦਾਰਾਂ ਨੂੰ ਗੌਰਵਮਈ ਰੂਪ ਵਿਚ ਪੇਸ਼ ਕਰਦਾ ਹੈ। ਇਸ ਸਮੇਂ ਦੇ ਕੁਝ ਹੋਰ ਨਾਵਲਕਾਰ ਜਿਵੇਂ ਚਰਨ ਸਿੰਘ ਸ਼ਹੀਦ

ਤੇ ਭਾਈ ਮੋਹਨ ਸਿੰਘ ਵੈਦ ਵੀ ਸਿੱਖ-ਇਤਿਹਾਸ ਨੂੰ ਉਸਤਤ ਦੇ ਨੁਕਤੇ ਤੋਂ ਇਤਿਹਾਸਕ ਨਾਵਲ ਦੀ ਪਰੰਪਰਾ ਨੂੰ ਵਿਸਥਾਰਦੇ ਹਨ। ਦੂਸਰੀ ਪੀੜ੍ਹੀ ਦੇ ਨਾਵਲਕਾਰ ਨਾਨਕ ਸਿੰਘ ਨੇ ਆਪਣੇ ਨਾਵਲ *ਖ਼ੂਨ ਦੇ ਸੋਹਿਲੇ* (1948) ਤੇ *ਅੱਗ ਦੀ ਖੇਡ* (1948) ਵਿਚ ਦੇਸ਼ ਦੀ ਵੰਡ ਦਾ ਫ਼ਿਰਕੂ ਦੁਖਾਂਤ ਪੇਸ਼ ਕੀਤਾ ਹੈ। ਨਾਨਕ ਸਿੰਘ ਧਾਰਮਿਕ ਤੇ ਜਾਤੀ ਫ਼ਿਰਕਾਪ੍ਰਸਤੀ ਨੂੰ ਸਮੱਸਿਆ ਵਜੋਂ ਲੈਂਦਾ ਹੈ। ਉਹ ਸਮਾਜ ਦੀ ਸੁਖ-ਸ਼ਾਂਤੀ ਲਈ ਵੱਖ-ਵੱਖ ਫਿਰਕਿਆਂ ਦੀ ਧਾਰਮਿਕ ਸਹਿਨਸ਼ੀਲਤਾ ਤੇ ਸਾਂਝ 'ਤੇ ਬਲ ਦੇਂਦਾ ਹੈ। ਨਾਨਕ ਸਿੰਘ ਨੇ ਆਪਣੇ ਨਾਵਲ *ਇਕ ਮਿਆਨ ਦੋ ਤਲਵਾਰਾਂ* (1960) ਵਿਚ ਗ਼ਦਰੀ ਯੋਧਿਆਂ ਦੀ ਕੁਰਬਾਨੀ ਨੂੰ ਚਿਤ੍ਰਿਆ ਹੈ। ਮੁਖ ਰੂਪ ਵਿਚ ਲੇਖਕ ਗ਼ਦਰ ਲਹਿਰ ਦੇ ਨਾਇਕ ਕਰਤਾਰ ਸਿੰਘ ਸਰਾਭਾ ਦੇ ਬਲੀਦਾਨ ਦੀ ਸਲਾਹੁਤ ਕਰਦਾ ਹੈ। ਪਰ ਹੱਥਲੇ ਨਾਵਲ ਵਿਚ ਮੌਕਾ-ਮੇਲ ਤੇ ਮਨਇੱਛਿਤ ਘਟਨਾ-ਪ੍ਰਬੰਧ ਦੀ ਵਿਧੀ ਪ੍ਰਬਲ ਹੈ, ਜਿਸ ਨਾਲ ਗ਼ਦਰ ਲਹਿਰ ਦਾ ਇਤਿਹਾਸ ਅਤੇ ਇਤਿਹਾਸਕ ਪਾਤਰਾਂ ਦਾ ਕਿਰਦਾਰ ਬਣਾਵਟੀ ਲਗਦਾ ਹੈ।

ਇਤਿਹਾਸਕ ਨਾਵਲ ਦੀ ਪਰੰਪਰਾ ਵਿਚ ਇਕ ਹੋਰ ਮੁਖ ਨਾਮ ਨਰਿੰਦਰਪਾਲ ਸਿੰਘ ਦਾ ਹੈ। ਉਸ ਨੇ *ਖੰਨਿਉਂ ਤਿੱਖੀ* (1957), *ਵਾਲਹੁੰ ਨਿੱਕੀ* (1957), *ਏਤਿ ਮਾਰਗ ਜਾਣਾ* (1958) ਅਤੇ *ਇਕ ਸਰਕਾਰ ਬਾਝੋਂ* (1959) ਇਤਿਹਾਸਕ ਨਾਵਲ ਲਿਖੇ ਹਨ। ਇਨ੍ਹਾਂ ਨਾਵਲਾਂ ਦੇ ਨਾਂ ਗੁਰੂ ਅਮਰਦਾਸ ਜੀ ਦੀ ਪੰਗਤੀ, 'ਖੰਨਿਆਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥' ਤੋਂ ਪ੍ਰੇਰਿਤ ਹਨ। ਇਹ ਚਾਰੋਂ ਨਾਵਲ ਇਕ ਹੀ ਨਾਵਲ ਦੇ ਵੱਖ-ਵੱਖ ਭਾਗ ਹਨ। ਪਹਿਲੇ ਦੋ ਹਿੱਸਿਆਂ ਵਿਚ ਸਿੱਖਾਂ ਤੇ ਮੁਗ਼ਲਾਂ ਦੇ ਟਕਰਾ ਵਿਚੋਂ ਸਿੱਖ ਪ੍ਰਾਪਤੀਆਂ ਦੀ ਗਾਥਾ ਪੇਸ਼ ਹੋਈ ਹੈ। ਮਗਰਲੇ ਹਿੱਸਿਆਂ ਵਿਚ ਕੁਝ ਸਵਾਰਥੀ ਤੇ ਗ਼ਦਾਰ ਸਿੱਖਾਂ ਕਾਰਨ ਸਿੱਖ ਰਾਜ ਨੂੰ ਹੋਏ ਨੁਕਸਾਨ ਦਾ ਵਰਨਣ ਹੈ। ਭਾਈ ਵੀਰ ਸਿੰਘ ਅਤੇ ਉਸਦੇ ਸਾਥੀ ਨਾਵਲਕਾਰਾਂ ਦੇ ਨਾਵਲਾਂ ਵਿਚ ਜਿਥੇ ਅਠਾਰ੍ਹਵੀਂ ਸਦੀ ਦੇ ਸਿੱਖ ਇਤਿਹਾਸ ਦੀ ਉਸਤਤ ਹੈ ਉਥੇ ਨਰਿੰਦਰਪਾਲ ਸਿੰਘ ਦੇ ਨਾਵਲਾਂ ਵਿਚ ਸਿੱਖ ਰਾਜ ਦੀ। ਨਰਿੰਦਰਪਾਲ ਸਿੰਘ ਸਿੱਖ ਰਾਜ ਦੇ ਲੋਕਤੰਤਰੀ ਪੱਖ ਦਾ ਵਧੇਰੇ ਪ੍ਰਚਾਰਕ ਅਤੇ ਪ੍ਰਸੰਸਕ ਹੈ। ਉਸ ਦੇ ਨਾਵਲਾਂ ਦੀ ਪਿੱਠ ਭੂਮੀ ਭਾਂ ਇਤਿਹਾਸਕ ਹੈ ਪਰ ਪਾਤਰ ਇਤਿਹਾਸਕ ਨਹੀਂ ਹਨ। ਇਤਿਹਾਸਕ ਨਾਵਲ ਦੀ ਪਰੰਪਰਾ ਵਿਚ ਸਿੱਖ ਇਤਿਹਾਸ ਤੇ ਸਿੱਖ ਰਾਜ ਦੀ ਵਡਿਆਈ 'ਤੇ ਹੀ ਜ਼ੋਰ ਰਿਹਾ ਹੈ।

ਕੇਸਰ ਸਿੰਘ ਇਤਿਹਾਸਕ ਨਾਵਲ ਦੀ ਪਰੰਪਰਾ ਦਾ ਪਿੜ ਮੋਕਲਾ ਕਰਦਾ ਹੈ। ਉਸ ਦੇ ਨਾਵਲ ਕਿਸੇ ਖ਼ਾਸ ਧਰਮ ਜਾਂ ਫ਼ਿਰਕੇ ਦੀ ਥਾਂ ਪੂਰੇ ਰਾਸ਼ਟਰ

ਜਾਂ ਸਮੂਹ ਮਾਨਵ ਦੀ ਆਜ਼ਾਦੀ ਦਾ ਪੱਖ ਪੂਰਦੇ ਹਨ। ਭਾਵੇਂ ਨਾਨਕ ਸਿੰਘ ਵੀ ਕਿਸੇ ਖ਼ਾਸ ਧਰਮ ਜਾਂ ਫ਼ਿਰਕੇ ਦੀ ਤਰਫ਼ਦਾਰੀ ਨਹੀਂ ਕਰਦਾ ਪਰ ਉਹ ਸਮਾਜ ਦੀ ਸੁਖ ਸ਼ਾਂਤੀ ਲਈ ਧਾਰਮਿਕ ਸਾਂਝ ਤੇ ਸਹਿਨਸ਼ੀਲਤਾ ਨੂੰ ਜ਼ਰੂਰੀ ਮੰਨਦਾ ਹੈ। ਉਸ ਦੀ ਦ੍ਰਿਸ਼ਟੀ ਧਾਰਮਿਕ ਪੱਖਪਾਤ ਤੋਂ ਤਾਂ ਮੁਕਤ ਹੈ ਪਰ ਧਾਰਮਿਕ ਵਿਸ਼ਵਾਸ ਤੋਂ ਨਹੀਂ। ਨਾਨਕ ਸਿੰਘ ਸਮੱਸਿਆਵਾਂ ਨੂੰ ਸਮਾਜ ਦੇ ਜਮਾਤੀ-ਸਿਆਸੀ ਸੰਦਰਭ ਵਿਚੋਂ ਤੱਕਣ ਦੀ ਥਾਂ ਕੁਝ ਇਕ ਪਾਤਰਾਂ ਦੇ ਕਪਟੀ ਵਿਹਾਰ ਤਕ ਸੀਮਤ ਕਰ ਦੇਂਦਾ ਹੈ। ਕੇਸਰ ਸਿੰਘ ਸਮੱਸਿਆਵਾਂ ਨੂੰ ਜਮਾਤਾਂ ਜਾਂ ਧਿਰਾਂ ਦੇ ਹਿੱਤਾਂ ਦੀ ਖਹਿਬਾਜ਼ੀ ਨਾਲ ਜੋੜਦਾ ਹੈ। ਕੇਸਰ ਸਿੰਘ ਦੇ ਯਤਨ ਨਾਲ ਇਤਿਹਾਸਕ ਨਾਵਲ ਦਾ ਪੂਰਾ ਰੁਖ਼ ਬਦਲਦਾ ਹੈ। ਉਸ ਦੇ ਨਾਵਲ ਕਿਸੇ ਖ਼ਾਸ ਵਰਗ, ਕੌਮ ਜਾਂ ਫ਼ਿਰਕੇ ਦੇ ਚਹੇਤੇ ਨਾ ਰਹਿ ਕੇ ਸਮੁੱਚੀ ਪੀੜਤ ਲੋਕਾਈ ਦੇ ਮਨੋਭਾਵਾਂ ਦੀ ਜ਼ੁਬਾਨ ਬਣਦੇ ਹਨ। ਕੇਸਰ ਸਿੰਘ ਨਾ ਤਾਂ ਮੋਢੀ ਨਾਵਲਕਾਰਾਂ ਵਾਂਗ ਕਿਸੇ ਖ਼ਾਸ ਫ਼ਿਰਕੇ ਦੀ ਪ੍ਰਸੰਸਾ ਕਰਦਾ ਹੈ, ਨਾ ਹੀ ਨਾਨਕ ਸਿੰਘ ਵਾਂਗ ਇਤਿਹਾਸ ਨੂੰ ਆਪਣੀ ਇੱਛਾ ਮੁਤਾਬਕ ਢਾਲਦਾ ਹੈ ਅਤੇ ਨਾ ਹੀ ਨਰਿੰਦਰਪਾਲ ਸਿੰਘ ਵਾਂਗ ਕਲਪਿਤ ਪਾਤਰਾਂ ਨੂੰ ਇਤਿਹਾਸਕ ਪਾਤਰ ਬਣਾਉਣ 'ਤੇ ਜ਼ੋਰ ਦੇਂਦਾ ਹੈ।

ਕੇਸਰ ਸਿੰਘ ਦੇ ਨਾਵਲਾਂ ਵਿਚ ਇਤਿਹਾਸ ਕਿਸੇ ਵਿਘਨਕਾਰੀ ਰੂਪ ਵਿਚ ਨਹੀਂ ਬਲਕਿ ਵਾਸਤਵਿਕ ਰੂਪ ਵਿਚ ਪੇਸ਼ ਹੋਇਆ ਹੈ। ਉਸ ਦੇ ਪੇਸ਼ ਇਤਿਹਾਸ ਵਿਚੋਂ ਕੋਈ ਖੋਟ ਲੱਭਣੀ ਮੁਸ਼ਕਲ ਹੈ। ਇਸ ਕਰਕੇ ਇਤਿਹਾਸਕ ਨਾਵਲ ਦੇ ਪਿੜ ਵਿਚ ਕੇਸਰ ਸਿੰਘ ਦੀ ਨਿਵੇਕਲੀ ਸ਼ਾਨ ਹੈ। ਕੇਸਰ ਸਿੰਘ ਜਿਥੇ ਪੂਰਬਲੀ ਪਰੰਪਰਾ ਨਾਲੋਂ ਵਿਲੱਖਣ ਹੈ, ਉਥੇ ਉਹ *ਹਥਿਆਰਬੰਦ ਇਨਕਲਾਬ* ਨਾਵਲ ਨਾਲ ਆਪਣੀ ਖ਼ੁਦ ਦੀ ਨਾਵਲੀ ਪਰੰਪਰਾ ਤੋਂ ਵੀ ਅਲੱਗ ਹੈ। ਉਸ ਦੇ ਪਹਿਲੇ ਨਾਵਲ ਕਿਸੇ ਇਕ ਅਹਿਮ ਘਟਨਾ ਜਾਂ ਕਿਸੇ ਇਤਿਹਾਸਕ ਕਿਰਦਾਰ ਦੁਆਲੇ ਘੁੰਮਦੇ ਹਨ। ਪਹਿਲੇ ਨਾਵਲਾਂ ਵਿਚ ਗ਼ਦਰ ਲਹਿਰ ਦਾ ਇਤਿਹਾਸ ਵੱਖ ਵੱਖ ਮਣਕਿਆਂ ਦੇ ਰੂਪ ਵਿਚ ਪੇਸ਼ ਹੋਇਆ ਹੈ। ਪਰ *ਹਥਿਆਰਬੰਦ ਇਨਕਲਾਬ* ਵਿਚ ਵੀਹਵੀਂ ਸਦੀ ਦੇ ਪਹਿਲੇ ਅੱਧ ਦਾ ਸਮੁੱਚਾ ਸਿਆਸੀ ਇਤਿਹਾਸ ਇਕ ਮਾਲਾ ਵਾਂਗ ਪੇਸ਼ ਹੋਇਆ ਹੈ। ਵਿਸ਼ੇ ਦੀ ਚੌੜੱਤਣ ਜਾਂ ਵਿਸਥਾਰ ਨੂੰ ਵੀ ਨਾਵਲੀ ਵਿਕਾਸ ਵਜੋਂ ਵੇਖਿਆ ਜਾ ਸਕਦਾ ਹੈ।

ਕੇਸਰ ਸਿੰਘ ਦੀ ਗਲਪ-ਦ੍ਰਿਸ਼ਟੀ ਵਿਚ ਬੌਧਿਕ ਕਨਸੋਆਂ ਹਨ। ਉਸ ਦੀ ਨਾਵਲੀ ਦੁਨੀਆਂ ਵਿਚ ਸਮਾਜ ਦੇ ਜਮਾਤੀ ਵਖਰੇਵਿਆਂ ਦੇ ਪੱਖ ਛੁਪੇ ਨਹੀਂ ਰਹਿੰਦੇ। ਉਹ ਕ੍ਰਾਂਤੀਕਾਰੀ ਤਰੀਕੇ ਨਾਲ ਰਾਜਸੀ ਸ਼ਕਤੀ ਹਾਸਿਲ ਕਰਨ ਤੇ ਰਾਜ ਸੱਤਾ ਨੂੰ ਮੁੜ ਤੋਂ ਵਿਉਂਤਣ ਦੇ ਹੱਕ ਵਿਚ ਹੈ। ਅਜਿਹੀ ਕਨਸੋਅ ਕਿਸੇ ਭਾਸ਼ਣੀ

ਜਾਂ ਉੱਚੀ ਸੁਰ ਵਿਚ ਨਹੀਂ, ਬਲਕਿ ਮੱਧਮ ਤੇ ਸਹਿਜ ਰੂਪ ਵਿਚ ਮਿਲਦੀ ਹੈ। ਉਸਦੇ ਨਾਵਲਾਂ ਵਿਚ ਮੱਧਮ ਸੁਰ ਵਿਚ ਅਜਿਹੀਆਂ ਕਈ ਰਮਜ਼ਾਂ ਹਨ। ਸਾਹਿਤ ਹੈ ਹੀ ਰਮਜ਼ ਦੀ ਭਾਸ਼ਾ। ਰਮਜ਼ ਦਾ ਅਰਥ ਨ ਸਤਹੀ, ਨਾ ਇਕਹਿਰਾ ਤੇ ਨਾ ਸਿੱਧਾ ਹੁੰਦਾ ਹੈ। ਇਸਨੂੰ ਉਚੇਚੀ ਨਜ਼ਰ ਨਾਲ ਸਮਝਣਾ ਪੈਂਦਾ ਹੈ। ਕੇਸਰ ਸਿੰਘ ਕੋਲ ਵੱਡੀ ਗੱਲ ਧੀਮੀ ਸੁਰ ਵਿਚ ਕਹਿਣ ਦਾ ਹੁਨਰ ਹੈ। ਉਹ ਹਕੂਮਤਾਂ ਪ੍ਰਤੀ ਕਈ ਸ਼ੰਕੇ ਜ਼ਾਹਿਰ ਕਰਦਾ ਹੈ ਤੇ ਕਈ ਪ੍ਰੇਰਣਾਵਾਂ ਵੀ ਦੇਂਦਾ ਹੈ। ਵੈਸੇ ਸ਼ੰਕਾ ਤੇ ਪ੍ਰੇਰਣਾ ਇਕੋ ਹੀ ਸਿੱਟੇ ਦੇ ਦੋ ਪਹਿਲੂ ਹਨ। ਜਦ ਕਿਸੇ ਵਰਤਮਾਨ ਵਿਵਸਥਾ ਪ੍ਰਤੀ ਸ਼ੰਕੇ ਪੈਦਾ ਹੋਣਗੇ ਤਾਂ ਹੀ ਉਸ ਨੂੰ ਬਦਲਣ ਜਾਂ ਨਵੇਂ ਸਿਰੇ ਤੋਂ ਵਿਉਂਤਣ ਦੀ ਪ੍ਰੇਰਣਾ ਜਾਂ ਸੋਝੀ ਉਦੈ ਹੋਵੇਗੀ।

ਕੇਸਰ ਸਿੰਘ ਦੇ ਪਾਤਰ ਭਾਰਤ ਨੂੰ ਮਿਲੀ ਜਾਂ ਪ੍ਰਾਪਤ ਆਜ਼ਾਦੀ ਤੋਂ ਨਿਰਾਸ਼ ਨਜ਼ਰ ਆਉਂਦੇ ਹਨ। ਉਹ ਸਹੀ ਜਾਂ ਪੂਰੀ ਆਜ਼ਾਦੀ ਲਈ ਮੁੜ ਤੋਂ ਕੋਈ ਸੰਘਰਸ਼ ਵਿੱਢਣ ਦੀਆਂ ਸੋਚਣ ਵਿਚ ਡੁੱਬੇ ਵਿਖਾਈ ਦੇਂਦੇ ਹਨ। ਕੇਸਰ ਸਿੰਘ ਹਥਿਆਰ ਨੂੰ ਮਨੁੱਖਤਾ ਦੀ ਭਲਾਈ ਲਈ ਵਰਤਣ ਦੇ ਪੱਖ ਵਿਚ ਹੈ, ਪਰ ਹਥਿਆਰਾਂ ਨਾਲ ਮਨੁੱਖਤਾ ਦੀ ਵਿਨਾਸ਼ਕਾਰੀ ਦੇ ਵਿਰੋਧ ਵਿਚ। ਜੇ ਭਾਰਤੀਆਂ ਹਥਿਆਰ ਨਾਲ ਆਜ਼ਾਦੀ ਹਾਸਲ ਕੀਤੀ ਹੁੰਦੀ ਤਾਂ ਕੀ ਉਸ ਆਜ਼ਾਦੀ ਦਾ ਰੂਪ ਅੱਜ ਵਰਗਾ ਹੁੰਦਾ? ਕੀ ਭਾਰਤੀਆਂ ਦੇ ਆਜ਼ਾਦੀ ਪ੍ਰਤੀ ਸੁਪਨੇ ਪੂਰੇ ਹੋਏ ਹਨ? ਆਜ਼ਾਦੀ ਦਾ ਰੂਪ ਅੱਜ ਵਰਗਾ ਹੁੰਦਾ? ਕੀ ਭਾਰਤੀਆਂ ਦ ਆਜ਼ਾਦੀ ਪ੍ਰਤੀ ਸੁਪਨੇ ਪੂਰੇ ਹੋਏ ਹਨ? ਆਜ਼ਾਦੀ ਕਿਸ ਕਿਸਮ ਦੀ ਹੋਵੇ? ਕਿਸ ਤਰ੍ਹਾਂ ਦੀ ਰਾਜ ਸੱਤਾ ਹੋਵੇ? ਕੇਸਰ ਸਿੰਘ ਦਾ ਨਾਵਲੀ ਜਗਤ ਅਜਿਹੇ ਕਈ ਸਵਾਲਾਂ ਦੇ ਰੂ-ਬ-ਰੂ ਹੈ। ਉਸ ਦਾ ਵਤੀਰਾ ਮੌਜੂਦਾ ਭਾਰਤੀ ਹਕੂਮਤ ਨੂੰ ਰੱਦਣ ਵਾਲਾ ਹੈ। ਰੱਦਣ ਜਾਂ ਨਕਾਰਨ ਵਿਚੋਂ ਹੀ ਕੁਝ ਨਵਾਂ ਸਿਰਜਣ ਦੀ ਝਲਕ ਵਿਖਾਈ ਦੇਂਦੀ ਹੈ। *ਬਾਬਾ ਹਰੀ ਸਿੰਘ ਉਸਮਾਨ* ਨਾਵਲ ਦਾ ਨਾਇਕ ਅਖ਼ੀਰ ਸਪੱਸ਼ਟ ਰੂਪ ਵਿਚ ਨਵੇਂ ਬਣੇ ਦੇਸੀ ਹਾਕਮਾਂ ਵਿਰੁੱਧ ਜਹਾਦ ਛੇੜਨ ਦੀਆਂ ਸੋਚਾਂ ਸੋਚਦਾ ਹੈ। ਜਿਵੇਂ ਗ਼ਦਰ ਲਹਿਰ ਨੂੰ ਸਾਡੇ ਸਮਾਜ-ਇਤਿਹਾਸ ਵਿਚ ਵਿਸ਼ੇਸ਼ ਸਲਾਹੁਤ ਦੇ ਨੁਕਤੇ ਤੋਂ ਵੇਖਿਆ ਜਾਂਦਾ ਹੈ ਤਿਵੇਂ *ਹਥਿਆਰਬੰਦ ਇਨਕਲਾਬ* ਵਿਚ ਵੀ ਗ਼ਦਰ ਲਹਿਰ ਖ਼ਾਸ ਵਡਿਆਈ ਨਾਲ ਪੇਸ਼ ਹੋਈ ਹੈ। ਇਹ ਲਹਿਰ ਪ੍ਰਤੀ ਕੋਈ ਪੱਖਪਾਤ ਜਾਂ ਰਿਆਇਤ ਨਹੀਂ, ਸਗੋਂ ਲਹਿਰ ਦੀ ਮਹੱਤਤਾ ਦੇ ਬਣਦੇ ਹੱਕ ਮੁਜਬ ਹੈ। ਗ਼ਦਰੀ ਬਾਬਿਆਂ ਨੇ ਖ਼ੁਦ ਮੱਚ ਕੇ ਰਾਸ਼ਟਰੀ ਲਹਿਰ ਦੀ ਸ਼ਮ੍ਹਾਂ ਰੌਸ਼ਨ ਕੀਤੀ। ਸਪੱਸ਼ਟ ਹੈ ਕਿ ਆਜ਼ਾਦੀ ਸਿਰਫ਼ ਕਾਂਗਰਸੀ ਜਾਂ ਗਾਂਧੀਵਾਦੀ ਸਰਗਰਮੀਆਂ ਦਾ ਸਿੱਟਾ ਨਹੀਂ ਹੈ। ਇਸ ਵਿਚ ਕ੍ਰਾਂਤੀਕਾਰੀ ਦੇਸ਼ ਭਗਤਾਂ ਦੀ ਦੇਣ ਬਰਾਬਰ ਹੈ। ਆਜ਼ਾਦੀ ਤੋਂ

ਬਾਅਦ ਰਾਜ ਸੱਤਾ 'ਤੇ ਕਾਬਜ ਕਾਂਗਰਸੀ ਜਮਾਤ ਪ੍ਰਤੀ ਖ਼ਾਸ ਸੰਦੇਹ ਉਪਜਦੇ ਹਨ। ਅੰਗਰੇਜ਼ੀ ਹਕੂਮਤ ਨੇ ਆਪਣੇ ਪੱਖ ਵਿਚ ਗਵਾਹੀਆਂ ਦੇਣ ਵਾਲਿਆਂ ਨੂੰ ਜ਼ਮੀਨ-ਜਾਇਦਾਦਾਂ ਦੇ ਇਨਾਮਾਂ ਨਾਲ ਨਿਵਾਜਿਆ। ਆਜ਼ਾਦੀ ਤੋਂ ਬਾਅਦ ਅਜਿਹੇ ਇਨਾਮ ਜਿਓਂ ਦੇ ਤਿਓਂ ਕਾਇਮ ਰਹੇ। ਅੰਗਰੇਜ਼ਾਂ ਨੇ ਕਈ ਕ੍ਰਾਂਤੀਕਾਰੀ ਦੇਸ਼ ਭਗਤਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਸਨ।

ਆਜ਼ਾਦੀ ਤੋਂ ਬਾਅਦ ਵੀ ਅਜਿਹੇ ਕ੍ਰਾਂਤੀਕਾਰੀਆਂ ਦੇ ਪਰਿਵਾਰ ਆਪਣੀ ਜਾਇਦਾਦ ਹਾਸਿਲ ਕਰਨ ਲਈ ਲਿਲਕੜੀਆਂ ਲੈਂਦੇ ਦੱਸੇ ਗਏ ਹਨ। ਆਜ਼ਾਦੀ ਨੂੰ ਸਰਮਾਏਦਾਰੀ ਧਿਰਾਂ ਵਿਚਕਾਰ ਸੱਤਾ ਦੇ ਵਟਾਂਦਰੇ ਵਜੋਂ ਲਿਆ ਗਿਆ ਹੈ। ਲੇਖਕ ਅਨੁਸਾਰ, 'ਕੋਈ ਵੀ ਹੁਕਮਰਾਨ ਕੌਮ ਚੰਗੀ ਨਹੀਂ ਹੋ ਸਕਦੀ।' ਮਜ਼ਹਬ ਦੇ ਨਾਂ 'ਤੇ ਹੋਈ ਦੇਸ਼ ਵੰਡ ਦੇ ਦੂਰ-ਰਸੀ ਸਿੱਟਿਆਂ ਦੇ ਵੀ ਸੰਕੇਤ ਮਿਲਦੇ ਹਨ। ਨਾਵਲਕਾਰ ਮੁਤਾਬਕ, ਇਕ ਵਾਰ ਧਰਮ-ਜਾਤ ਦੇ ਨਾਂ 'ਤੇ ਸਵੀਕਾਰ ਕਰ ਲਈ ਵੰਡ ਨੂੰ ਭਵਿੱਖ ਵਿਚ ਰੋਕਣਾ ਮੁਸ਼ਕਲ ਹੋਵੇਗਾ, ਸੁਤੰਤਰਤਾ ਤੋਂ ਬਾਅਦ ਭਾਰਤੀ ਰਾਜਾਂ ਤੇ ਫ਼ਿਰਕਿਆਂ ਦੀ ਆਪਸੀ ਖਿੱਚੋਤਾਣ ਲਈ ਦੇਸ਼-ਵੰਡ ਇਕ ਪ੍ਰੇਰਕ ਸ਼ਕਤੀ ਹੈ। ਸੰਤਾਲੀ ਸਮੇਂ ਸੱਤਾ ਜਾਂ ਹਕੂਮਤ ਦੇ ਲਾਲਚ ਨੇ ਕਿਵੇਂ ਕੌਮਾਂ ਜਾਂ ਫ਼ਿਰਕਿਆਂ ਨੂੰ ਫਿਰਕੂ ਲੀਹਾਂ 'ਤੇ ਮੌਤ ਦੇ ਮੂੰਹ ਵੱਲ ਧੱਕ ਦਿੱਤਾ? ਧਰਮ ਨਿਰਪੱਖਤਾ ਦਾ ਢੰਡੋਰਾ ਪਿੱਟਣ ਵਾਲਿਆਂ ਕਿਵੇਂ ਖ਼ੂਨੀ ਲੜਾਈ ਦਾ ਮਾਹੌਲ ਸਿਰਜਿਆ? ਅਜਿਹੇ ਕੜਵੇ ਸੱਚ ਬੇਬਾਕ ਰੂਪ ਵਿਚ ਨਾਵਲ ਵਿਚ ਮਿਲਦੇ ਹਨ।

ਕੇਸਰ ਸਿੰਘ ਦੀ ਗਲਪ-ਦ੍ਰਿਸ਼ਟੀ ਮਾਨਵਵਾਦੀ ਹੈ। ਬਿਨਾਂ ਕਿਸੇ ਧਾਰਮਿਕ ਜਾਂ ਜਾਤੀ ਭੇਦ-ਭਾਵ ਦੇ ਮਨੁੱਖਤਾ ਦੀ ਭਲਾਈ ਉਸ ਲਈ ਸਭ ਤੋਂ ਵੱਡਾ ਧਰਮ ਹੈ। ਉਹ ਰਾਸ਼ਟਰੀ ਹੀ ਨਹੀਂ, ਅੰਤਰਰਾਸ਼ਟਰੀ ਪੱਧਰ 'ਤੇ ਮਨੁੱਖੀ ਆਜ਼ਾਦੀ ਜਾਂ ਹੱਕਾਂ ਦਾ ਪਹਿਰੇਦਾਰ ਹੈ। ਨਾਵਲ ਵਿਚ ਸੰਸਾਰ ਪੱਧਰ 'ਤੇ ਦੋ ਮੁੱਖ ਧਿਰਾਂ ਦਾ ਝਉਲਾ ਪੈਂਦਾ ਹੈ। ਇਕ ਧਿਰ ਹਕੂਮਤਾਂ ਦੀ ਹੈ, ਜਿਨ੍ਹਾਂ ਦੀਆਂ ਆਪਸੀ ਸਾਂਝਾਂ ਤੇ ਟਕਰਾ ਹਨ। ਇਸ ਦੀ ਨਿਸਬਤ ਸੰਸਾਰ-ਜੰਗਾਂ ਤੇ ਗੁਟ-ਬੰਦੀਆਂ ਹਨ। ਦੂਸਰੇ ਪਾਸੇ ਹਕੂਮਤਾਂ ਦੇ ਜ਼ੁਲਮ ਵਿਰੁੱਧ ਜੂਝ ਰਿਹਾ ਮਾਨਵ ਹੈ। ਹਕੂਮਤਾਂ ਆਪਣੀ ਤਾਕਤ ਬਣਾਈ ਰੱਖਣ ਜਾਂ ਤਾਕਤ ਵਿਚ ਰਹਿਣ ਦੀ ਜ਼ਿੱਦ ਕਾਰਨ ਜਨਤਾ ਨੂੰ ਜੰਗ ਦੀ ਭੱਠੀ ਵਿਚ ਝੋਕ ਦੇਂਦੀਆਂ ਹਨ। ਪਹਿਲੀ ਅਤੇ ਦੂਸਰੀ ਸੰਸਾਰ-ਜੰਗ ਨੂੰ ਅਜਿਹੇ ਹਿੱਤਾਂ ਤੋਂ ਪ੍ਰੇਰਿਤ ਦੱਸਿਆ ਗਿਆ ਹੈ।

ਨਾਵਲਕਾਰ ਨੇ ਗ਼ਦਰ ਲਹਿਰ ਨੂੰ ਪਹਿਲੀ ਗ਼ੈਰ-ਮਜ਼ਹਬੀ ਤੇ ਗ਼ੈਰ-ਫਿਰਕੂ ਲਹਿਰ ਵਜੋਂ ਪੇਸ਼ ਕੀਤਾ ਹੈ। ਇਸ ਤੋਂ ਪਹਿਲਾਂ ਅੰਗਰੇਜ਼ੀ ਸੰਸਕ੍ਰਿਤੀ ਦੇ ਪੈ ਰਹੇ ਪ੍ਰਭਾਵ ਵਜੋਂ ਧਾਰਮਿਕ ਲਹਿਰਾਂ ਉੱਠੀਆਂ। ਧਾਰਮਿਕ ਲਹਿਰਾਂ ਨੇ ਆਪਣੇ

ਧਰਮ ਅਤੇ ਇਤਿਹਾਸ ਦੇ ਨੁਕਤੇ ਤੋਂ ਈਸਾਈ ਪ੍ਰਚਾਰ ਦਾ ਵਿਰੋਧ ਕੀਤਾ। ਇਹ ਵਿਰੋਧ ਸਿੱਧੇ ਨਹੀਂ ਟੇਢੇ ਰੂਪ ਵਾਲਾ ਸੀ। ਭਾਈ ਵੀਰ ਸਿੰਘ ਤੇ ਉਸ ਦੀ ਪੀੜ੍ਹੀ ਦੇ ਨਾਵਲਕਾਰਾਂ ਦਾ ਨਾਵਲੀ ਜਗਤ ਅਜਿਹੇ ਸਮੇਂ ਦੀ ਉਪਜ ਸੀ। ਇਹ ਧਾਰਮਿਕ ਲਹਿਰਾਂ ਆਪਣੇ ਸੀਮਤ ਦਾਇਰੇ ਵਿਚ ਆਪੋ-ਆਪਣੇ ਫ਼ਿਰਕਿਆਂ ਨੂੰ ਹੀ ਸੰਬੋਧਿਤ ਸਨ। ਗ਼ਦਰ ਲਹਿਰ ਨੇ ਅਜਿਹੀਆਂ ਵਲਗਣਾਂ ਨੂੰ ਕਟਿਆ। ਇਕ ਤਾਂ ਇਸ ਨੇ ਧਾਰਮਿਕ ਨਹੀਂ ਰਾਸ਼ਟਰੀ ਜਜ਼ਬੇ 'ਤੇ ਬਲ ਦਿੱਤਾ, ਦੂਜਾ, ਇਸ ਨੇ ਸਿੱਧੇ ਸਿਆਸੀ ਰੂਪ ਵਿਚ ਅੰਗਰੇਜ਼ੀ ਰਾਜ ਦੀ ਗ਼ੁਲਾਮੀ ਠੁਕਰਾਣ ਦਾ ਹੌਸਲਾ ਕੀਤਾ। ਗ਼ਦਰ ਲਹਿਰ ਦੀਆਂ ਕੁਰਬਾਨੀਆਂ ਕਾਰਨ ਆਜ਼ਾਦੀ ਦੀ ਰਾਸ਼ਟਰੀ ਲਹਿਰ ਦਾ ਪਿੜ ਚੌੜਾ ਹੋਇਆ। ਕੇਸਰ ਸਿੰਘ ਖ਼ੁਦ ਵੀ ਗ਼ਦਰ ਲਹਿਰ ਨਾਲ ਸੰਬੰਧਿਤ ਰਿਹਾ ਹੈ। ਉਸ ਦੀ ਲਹਿਰ ਨਾਲ ਨੇੜੇ ਦੀ ਵਾਕਫ਼ੀਅਤ ਵੀ ਹੈ ਤੇ ਹਮਦਰਦੀ ਵੀ। ਨਾਵਲ ਵਿਚ ਗ਼ਦਰ ਲਹਿਰ ਜਾਂ ਗ਼ਦਰੀ ਨੇਤਾਵਾਂ ਬਾਰੇ ਵਿਸਥਾਰ ਵਿਚ ਦਿੱਤੇ ਵੇਰਵਿਆਂ ਤੋਂ ਨਾਵਲਕਾਰ ਦੀ ਗ਼ਦਰ ਲਹਿਰ ਬਾਰੇ ਜਾਣਕਾਰੀ ਦੇ ਵਿਸਤ੍ਰਿਤ ਭੰਡਾਰੇ ਦਾ ਪਤਾ ਲਗਦਾ ਹੈ।

ਪੰਜਾਬੀ ਨਾਵਲ ਦੀ ਪਰੰਪਰਾ ਵਿਚ ਨੇਕ ਤੇ ਘਟ ਪਾਤਰਾਂ ਦੀ ਸਪੱਸ਼ਟ ਸਿਧੀ ਵੰਡ ਭਾਰੂ ਰਹੀ ਹੈ। ਕੇਸਰ ਸਿੰਘ ਦਾ ਨਾਵਲੀ ਜਗਤ ਅਜਿਹੀ ਕਾਣ ਤੋਂ ਬਚਿਆ ਹੋਇਆ ਹੈ। ਇਤਿਹਾਸਕਾਰ ਨਾਵਲ ਦੀ ਪਰੰਪਰਾ ਵਿਚ ਕੇਸਰ ਸਿੰਘ ਗਲਪ-ਦ੍ਰਿਸ਼ਟੀ ਵਜੋਂ ਹੀ ਨਹੀਂ, ਸ਼ਿਲਪ-ਦ੍ਰਿਸ਼ਟੀ ਵਜੋਂ ਵੀ ਵੱਖਰੀ ਸ਼ਕਵੀ ਵਾਲਾ ਨਾਵਲਕਾਰ ਹੈ। *ਹਥਿਆਰਬੰਦ ਇਨਕਲਾਬ* ਦੇ ਪਾਤਰ ਗੁਣਾਂ-ਔਗੁਣਾਂ ਦੀ ਮਿਸ਼ਰਤ ਸ਼ਖ਼ਸੀਅਤ ਦੇ ਧਾਰਨੀ ਹਨ। ਲਹਿਰ ਵਿਚਾ ਵਿਸ਼ਵਾਸਘਾਤ ਕਰਨ ਵਾਲੇ ਪਾਤਰ ਵੀ ਨਿਰੇ ਬਦੀ ਦੇ ਪੁਤਲੇ ਨਹੀਂ ਹਨ। ਵਾਅਦਾ ਮੁਆਫ਼ ਗਵਾਹ ਬਣਨ ਦੇ ਬਾਵਜੂਦ ਅਜਿਹੇ ਪਾਤਰਾਂ ਦੇ ਮਨ ਵਿਚ ਕ੍ਰਾਂਤੀਕਾਰੀ ਦੇਸ਼-ਭਗਤਾਂ ਪ੍ਰਤੀ ਸਤਿਕਾਰ ਭਾਵਨਾ ਬਣੀ ਰਹਿੰਦੀ ਹੈ। ਲਹਿਰ ਦੇ ਨਾਇਕ ਪਾਤਰਾਂ ਦਾ ਚਰਿਤਰ ਵੀ ਆਦਰਸ਼ਕ ਰੂਪ ਵਾਲਾ ਨਹੀਂ ਹੈ। ਲਾਲਾ ਹਰਦਿਆਲ, ਲਾਲਾ ਲਾਜਪਤ ਰਾਏ, ਮਦਨ ਲਾਲ ਢੀਂਗਰਾ ਤੇ ਨੇਤਾ ਜੀ ਸੁਭਾਸ਼ ਚੰਦਰ ਬੋਸ ਬਗ਼ੈਰਾ ਇਤਿਹਾਸਕ ਪਾਤਰਾਂ ਦੇ ਚਰਿੱਤਰ ਵਿਚੋਂ ਸਾਧਾਰਨਤਾ ਝਲਕਦੀ ਹੈ। ਨਾਵਲ ਵਿਚ ਪਾਤਰ ਨਹੀਂ, ਲਹਿਰ ਨਾਇਕ ਰੂਪ ਵਿਚ ਪੇਸ਼ ਹੋਈ ਹੈ। ਜਸਵੰਤ ਸਿੰਘ ਕੰਵਲ ਵਰਗੇ ਲੋਕਪ੍ਰਿਆ ਨਾਵਲਕਾਰ ਨੇ ਆਪਣੇ ਨਾਵਲ *ਲਹੂ ਦੀ ਲੋਅ* ਵਿਚ ਨਕਸਲੀ ਲਹਿਰ ਦੇ ਇਤਿਹਾਸ 'ਤੇ ਧਿਆਨ ਜੋੜਿਆ ਹੈ। ਪਰ *ਲਹੂ ਦੀ ਲੋਅ* ਵਿਚ ਲਹਿਰ ਨੂੰ ਗੌਣ ਦਰਜਾ ਅਤੇ ਪਾਤਰਾਂ ਨੂੰ ਪ੍ਰਥਮ ਦਰਜਾ ਹਾਸਿਲ ਹੈ। ਕੰਵਲ ਦੀ ਮੁਖ ਰੁਚੀ ਪਾਤਰਾਂ ਦੇ ਨਾਇਕਤਵ ਨੂੰ ਉਭਾਰਨ ਦੀ ਹੈ।

ਪਰ ਕੇਸਰ ਸਿੰਘ ਦੇ ਨਾਵਲ ਵਿਚ ਵਧੇਰੇ ਮਹੱਤਵ ਲਹਿਰ ਨੂੰ ਹੈ। ਇਸ ਦੇ ਪਾਤਰ ਲਹਿਰ ਵਿਚ ਕੁੱਦਦੇ ਹਨ। ਲਹਿਰ ਲਈ ਮਰ ਮਿਟਦੇ ਹਨ। ਫਿਰ ਹੋਰ ਪਾਤਰ ਆਣ ਰਲਦੇ ਹਨ। ਲਹਿਰ ਨੂੰ ਭ੍ਰਾਵੇਂ ਆਪਣੇ ਆਸ਼ੇ ਮੁਤਾਬਕ ਸਫ਼ਲਤਾ ਨਹੀਂ ਮਿਲਦੀ, ਫਿਰ ਵੀ ਦੇਸ਼ ਭਗਤੀ ਦਾ ਜਜ਼ਬਾ ਦਰਿਆ ਦੇ ਬੇਰੋਕ ਵਹਿਣ ਵਾਂਗ ਨਿਰੰਤਰ ਜਾਰੀ ਰਹਿੰਦਾ ਹੈ। ਇਤਿਹਾਸਕ ਨਾਵਲ ਦੀ ਵੰਨਗੀ ਵਿਚ ਕੇਸਰ ਸਿੰਘ ਦੀ ਸ਼ਿਲਪ-ਦ੍ਰਿਸ਼ਟੀ ਵਧੇਰੇ ਵਾਸਤਵਿਕਤਾ ਦਾ ਦਮ ਭਰਦੀ ਹੈ। *ਹਥਿਆਰਬੰਦ ਇਨਕਲਾਬ* ਨਾਵਲ ਵਿਚੋਂ ਗ਼ਦਰ ਲਹਿਰ ਬਾਰੇ ਕਿਸੇ ਵੀ ਹੋਰ ਪੁਸਤਕ ਨਾਲੋਂ ਵਧੇਰੇ ਜਾਣਕਾਰੀ ਮਿਲਦੀ ਹੈ। ਇਸ ਪੱਖ ਤੋਂ ਇਸ ਰਚਨਾ ਦਾ ਮੁੱਲ ਬਹੁਤ ਹੈ। ਇਸ ਨੂੰ ਪੜ੍ਹਨ ਨਾਲ ਪਾਠਕਾਂ ਦੀ ਸਮਝ ਦੇ ਨਵੇਂ ਕਵਾੜ ਖੁੱਲ੍ਹਣਗੇ। ਇਹ ਰਚਨਾ ਬਾਰੇ ਸ਼ੇਖ਼ੀ ਨਹੀਂ, ਬਲਕਿ ਇਸ ਵਿਚ ਪੇਸ਼ ਗਿਆਨ ਦੀ ਹਕੀਕਤ ਹੈ। ਇਹ ਨਾਵਲ ਗ਼ਦਰ ਲਹਿਰ ਦੇ ਮਹੱਤਵ, ਸਾਡੀ ਦੇਸੀ ਜਾਂ ਰਾਸ਼ਟਰੀ ਸਿਆਸਤ, ਆਜ਼ਾਦੀ ਦੀ ਸੀਮਾ, ਸੰਸਾਰ ਪੱਧਰ 'ਤੇ ਮਨੁੱਖੀ ਹੱਕਾਂ ਲਈ ਲੜਨ ਤੇ ਹੱਕਾਂ ਨੂੰ ਕੁਚਲਨ ਵਾਲੀਆਂ ਧਿਰਾਂ ਬਾਰੇ ਬੌਧਿਕ ਜੁੰਬਸ਼ ਦੇਣ ਦੇ ਸਮਰੱਥ ਹੈ। ਅਜਿਹੀਆਂ ਰਚਨਾਵਾਂ ਆਪਣੇ ਕੌਮੀ ਸ਼ਹੀਦਾਂ ਨੂੰ ਪ੍ਰਣਾਮ ਜਾਂ ਸਿਜਦਾ ਕਰਨ ਵਜੋਂ ਵਿਸ਼ੇਸ਼ ਸਨਮਾਨ ਦੀਆਂ ਭਾਗੀ ਬਣਨੀਆਂ ਚਾਹੀਦੀਆਂ ਹਨ। ਕੇਸਰ ਸਿੰਘ ਨੇ ਕਰੜੀ ਮਿਹਨਤ ਤੇ ਲੰਮੇ ਸਿਰੜ ਨਾਲ ਗ਼ਦਰ-ਲਹਿਰ ਬਾਰੇ ਅਜਿਹਾ ਕੱਦਾਵਰ ਨਾਵਲ ਰਚਿਆ ਹੈ। ਅਜਿਹੀ ਰਚਨਾ ਤੋਂ ਅਨਜਾਣ ਜਾਂ ਦੂਰ ਰਹਿਣ ਦਾ ਮਤਲਬ ਆਪਣੀ ਸਮਝ ਜਾਂ ਅਕਲ ਨਾਲ ਬੇਇਨਸਾਫ਼ੀ ਸਿਧ ਹੋਵੇਗਾ।

ਲਹਿਰ ਵਧਦੀ ਗਈ

-ਅਮਰਜੀਤ ਚਾਹਲ

ਕੇਸਰ ਸਿੰਘ ਦਾ ਇਹ ਨਾਵਲ ਲਗਭਗ 27-28 ਸਾਲ ਪਹਿਲਾਂ ਲਿਖਿਆ ਗਿਆ ਸੀ। ਨਾਵਲ ਤਿੰਨ ਭਾਗਾਂ ਵਿਚ ਵੰਡਿਆ ਗਿਆ ਸੀ। ਮੁੱਖ ਤੌਰ ਤੇ ਇਹ ਆਜ਼ਾਦ ਹਿੰਦ ਫ਼ੌਜ ਬਾਰੇ ਹੈ। ਪਹਿਲੇ ਭਾਗ ਦੇ ਕਾਂਡ ਤਿੰਨ ਵਿਚ ਲੇਖਕ ਇਕ ਬੰਦਰਗਾਹ ਦੇ ਇਕ ਮਜ਼ਦੂਰ ਦੀ ਮੁੱਖ ਤੌਰ 'ਤੇ ਗੱਲ ਕਰਦਾ ਹੈ। ਇਸ ਦੇ ਨਾਲ ਹੀ ਉਹ ਨਾਵਲ ਦੇ ਹੋਰ ਪਾਤਰਾਂ ਨੂੰ ਵੀ ਉਸਾਰਦਾ ਹੈ। ਜਿਵੇਂ ਸੰਗਤ, ਗਿਆਨ ਬਾਵਾ ਰਣਧੀਰ, ਲਤੀਫ, ਭਗਵਾਨ, ਪ੍ਰਭਾ, ਅਜ਼ੀਜ਼ਾ, ਹਰਬੰਸ ਕੌਰ, ਸਤਿਆ, ਦੇਵਕੀ ਤੇ ਜਾਨਕੀ ਆਦਿ।

ਬੰਦਰਗਾਹ ਤੇ ਕੰਮ ਕਰਨ ਵਾਲਾ ਉਹ ਮਜ਼ਦੂਰ ਇਕ ਸਵੇਰ ਮੂੰਹ-ਹਨੇਰੇ ਉਸ ਪੋਲ ਉਪਰ ਚੜ੍ਹ ਜਾਂਦਾ ਹੈ ਜਿਸ 'ਤੇ ਯੂਨੀਅਨ ਜੈਕ ਲਹਿਰਾ ਰਿਹਾ ਹੁੰਦਾ ਹੈ। ਉਹ ਮਜ਼ਦੂਰ ਯੂਨੀਅਨ ਜੈਕ ਨੂੰ ਪਾੜ ਕੇ ਹੇਠਾਂ ਸੁੱਟ ਦਿੰਦਾ ਹੈ। ਉਸ ਦੀ ਥਾਂ, ਜੋ ਉਸ ਨੇ ਝੰਡਾ ਲਹਿਰਾਉਣਾ ਸੀ ਉਹ ਉਸ ਦੀ ਬਗਲ 'ਚੋਂ ਉਸ ਵੇਲੇ ਹੇਠਾਂ ਡਿੱਗ ਪੈਂਦਾ ਹੈ। ਜਦ ਉਸ ਜੋਸ਼ ਵਿਚ ਆ ਕੇ ਯੂਨੀਅਨ ਜੈਕ ਨੂੰ ਹੱਥ ਪਾਇਆ ਸੀ।

ਹੁਣ ਉਹ ਹੇਠਾਂ ਵੀ ਨਹੀਂ ਉੱਤਰ ਸਕਦਾ। ਕਿਉਂਕਿ ਤਦ ਤੱਕ ਅੰਗਰੇਜ਼ੀ ਸਾਮਰਾਜ ਦਾ ਅਮਲਾ-ਟੋਲਾ ਹੇਠਾਂ ਇਕੱਠਾ ਹੋ ਚੁੱਕਾ ਹੁੰਦਾ ਹੈ।

ਉਸ ਮਜ਼ਦੂਰ ਦੀਆਂ ਤਸਵੀਰਾਂ ਅਤੇ ਉਸ ਦੇ 'ਬਹਾਦਰੀ ਭਰੇ' ਕਾਰਨਾਮੇ ਨੂੰ, ਅਜ਼ਾਦ ਹਿੰਦ ਫ਼ੌਜ ਦੇ ਕਾਮੇ, ਅੰਗਰੇਜ਼ਾਂ ਦੀ ਫ਼ੌਜ ਵਿਚਲੇ ਭਾਰਤੀ ਫ਼ੌਜੀਆਂ ਅਤੇ ਹੋਰ ਜਨਤਕ ਥਾਵਾਂ ਉਪਰ ਪਹੁੰਚੇ ਹਨ। ਲੋਕ ਉਸ ਬਹਾਦਰ ਤੋਂ ਉਤਸ਼ਾਹਿਤ ਹੋ ਕੇ ਲਹਿਰ ਨਾਲ ਜੁੜਦੇ ਹਨ ਅਤੇ ਇਸ ਤਰ੍ਹਾਂ ਲਹਿਰ ਅੱਗੇ ਵੱਧਦੀ ਹੈ।

ਦੂਜੇ ਹਿੱਸੇ ਵਿਚ ਦੁਨੀਆਂ ਦੀ ਦੂਜੀ ਵੱਡੀ ਜੰਗ ਦਾ ਹਾਲ ਹੈ ਅਤੇ ਵਿਸ਼ੇਸ਼ ਕਰ ਆਜ਼ਾਦ ਹਿੰਦ ਫ਼ੌਜ ਦੇ ਯੋਧਿਆਂ ਦੀਆਂ ਘਾਲਣਾਵਾਂ ਦਾ ਜ਼ਿਕਰ।

ਅਲੋਰਸਟਾਫ, ਸੁੱਗੇਪਤਾਨੀ, ਕੁਲਮ, ਬਟਰਵਰਥ, ਜਪਾਨ, ਹਾਂਗਕਾਂਗ, ਪੀਨਾਂਗ, ਸਿੰਘਾਪੁਰ, ਮਲਾਯਾ, ਸਿਆਮ, ਹਿੰਦ ਚੀਨੀ, ਸਮਾਟਰਾ, ਫਿਲਪਾਈਨ ਅਤੇ ਹੋਰ ਕਈ ਟਾਪੂਆਂ ਤੇ ਮੁਲਖ਼ਾਂ ਤੋਂ ਨੌਜੁਆਨ, ਬੁਢੇ, ਮੁਟਿਆਰਾਂ, ਮਾਈਆਂ ਆਜ਼ਾਦ ਹਿੰਦ ਫ਼ੌਜ ਵਿਚ ਭਰਤੀ ਹੋ ਕੇ ਵੱਖੋ-ਵੱਖਰੀ ਜ਼ੁੰਮੇਵਾਰੀ ਆਪਣੀ ਸ਼ਕਤੀ ਅਨੁਸਾਰ ਨਿਭਾਉਂਦੇ ਹਨ।

ਉਨ੍ਹੀਂ ਦਿਨੀਂ ਲੋਕਾਂ ਦੇ ਜੋ ਜਜ਼ਬਾਤ ਸਨ ਆਪਣਾ ਦੇਸ਼ ਆਜ਼ਾਦ ਕਰਾਉਣ ਲਈ ਉਸ ਜਜ਼ਬੇ ਨੂੰ ਨਾਵਲਕਾਰ ਨੇ ਸਿਰਫ਼ ਚਿੱਤਰਿਆ ਜਾਂ ਕਲਪਿਆ ਹੀ ਨਹੀਂ, ਸਗੋਂ ਆਪਣੇ ਪਿੰਡੇ (ਸਰੀਰ) ਅਤੇ ਮਨ ਉਪਰ ਹੰਢਾਇਆ ਹੈ। ਇਸੇ ਕਾਰਨ ਨਾਵਲ ਮਲਾਇਆ ਦੇ ਜੰਗਲਾਂ ਵਰਗਾ ਸੰਘਣਾ ਅਤੇ ਜੀਵਨ ਭਾਹ ਮਾਰਦਾ ਹੈ।

ਇਸ ਵਿਚ ਜੰਗ ਦੀ ਭਿਆਨਕਤਾ ਦਾ ਵੀ ਜ਼ਿਕਰ ਹੈ। ਕਾਂਡ ਬੱਤੀ ਵਿਚ ਲੇਖਕ ਇਕ ਹਨੇਰੀ ਰਾਤ ਦਾ ਜ਼ਿਕਰ ਕਰਦਾ ਹੈ। ਉਸ ਰਾਤ ਆਜ਼ਾਦ ਹਿੰਦ ਫ਼ੌਜ ਦੇ ਯੋਧਿਆਂ ਦਾ ਟਰੱਕ ਰਾਹ ਤੋਂ ਕੁਰਾਹ ਹੋ ਜਾਣ ਕਾਰਨ ਇਕ ਟੋਏ ਵਿਚ ਫਸ ਜਾਂਦਾ ਹੈ। (ਜੰਗ ਦੇ ਕਾਰਨ ਟਰੱਕ ਦੀਆਂ ਲਾਈਟਾਂ ਬੁੱਝੀਆਂ ਹੁੰਦੀਆਂ ਹਨ) ਜਦ ਜੁਆਨ ਉਤਰ ਕੇ ਦੇਖਦੇ ਹਨ ਤਾਂ ਕੀ ਦੇਖਦੇ ਹਨ?

ਟਰੱਕ ਇਕ ਕਬਰ ਵਿਚ ਫਸ ਗਿਆ ਹੈ। ਕਬਰ ਉਪਰ ਇਕ ਫੱਟੀ 'ਤੇ ਲਿਖਿਆ ਹੁੰਦਾ ਹੈ। 'ਜਾਨੇ ਵਾਲੋ, ਕਹਾਂ ਜਾਤੇ ਹੋ? ਹਮੇਂ ਭੀ ਲੇ ਚਲੋਗੇ?'

ਤਦ ਉਹਨਾਂ ਨੂੰ ਪਤਾ ਲੱਗਦਾ ਹੈ ਕਿ ਉਹ ਕਬਰਾਂ ਵਿਚ ਆ ਗਏ ਹਨ। ਤਦ ਉਹ ਹੋਰ ਕਬਰਾਂ ਉਪਰ ਲੱਗੀਆਂ ਫੱਟੀਆਂ ਪੜ੍ਹਨ ਲਗਦੇ ਹਨ। ਕਿਸੇ ਉਪਰ ਲਿਖਿਆ ਹੁੰਦਾ ਹੈ 'ਹਮ ਗੁਲਾਬ ਥੇ'। ਤੇ ਕਿਸੇ ਉਪਰ, 'ਰਜ਼ੀਆ ਜਾਨ, ਮੁਝੇ ਭੂਲ ਜਾਓ।' ਤੇ ਕਿਸੇ ਉਪਰ, 'ਕਭੀ ਹਮ ਭੀ ਜਿੰਦਾ ਥੇ।' ਇਸ ਤਰ੍ਹਾਂ ਬਹੁਤ ਸਾਰੀਆਂ ਕਬਰਾਂ ਉਪਰ, ਬਹੁਤ ਕੁਝ ਲਿਖਿਆ ਹੋਇਆ ਉਹ ਪੜ੍ਹਦੇ ਹਨ।

ਇਕ ਟਰੱਕ ਹੋਰ ਆ ਕੇ ਉਹਨਾਂ ਪਾਸ ਰੁਕ ਜਾਂਦਾ ਹੈ। ਉਸ ਟਰੱਕ ਵਿਚੋਂ ਉਤਰਨ ਵਾਲਾ ਪੰਜਾਬੀ, ਹੋਰ ਬਹੁਤ ਸਾਰੇ ਪੰਜਾਬੀਆਂ ਨੂੰ ਦੇਖਕੇ ਬਹੁਤ ਖ਼ੁਸ਼ ਹੁੰਦਾ ਹੈ। ਉਹਨਾਂ ਨੂੰ ਪੁਛਦਾ ਹੈ, 'ਤੁਸੀਂ ਕਿਨ੍ਹਾਂ ਦੀ ਫਟੀਕ ਕਰਨ ਜਾ ਰਹੇ ਹੋ।' ਉਹ ਆਪ ਜਪਾਨੀਆਂ ਦੀ ਵਗਾਰ ਕਰ ਰਿਹਾ ਹੁੰਦਾ ਹੈ। ਉਹ ਪੰਜਾਬੀ ਇਹਨਾਂ ਕਬਰਾਂ ਵਿਚ ਸੌਂ ਜਾਣ ਵਾਲਿਆਂ ਦੀ ਦਾਸਤਾਨ ਦਸਦਾ ਹੈ। ਕਿਉਂਕਿ ਉਹ ਸਾਰੇ ਉਸ ਦੇ ਸਾਥੀ ਸਨ ਅਤੇ ਇਕ ਇਕ ਕਰਕੇ ਮੁਕ ਗਏ ਸਨ। ਇਹ ਕਬਰਾਂ ਉਪਰ ਉਨ੍ਹਾਂ ਦੀ ਆਖ਼ਿਰੀ ਖਾਹਿਸ਼ ਲਿਖੀ ਹੋਈ ਹੈ। ਉਹ ਆਪਣੀ ਆਖ਼ਿਰੀ ਖਾਹਿਸ਼ ਦੱਸਦਾ ਹੈ।

'ਮੈਂ ਜਾਣਦਾ ਹਾਂ ਕਿ ਮੇਰੀ ਮੌਤ ਵੇਲੇ ਮੇਰੀ ਜ਼ਬਾਨ ਸਮਝਣ ਵਾਲਾ ਕੋਈ ਵੀ ਮੇਰੇ ਨੇੜੇ ਨਹੀਂ ਹੋਵੇਗਾ। ਇਸ ਲਈ ਮੈਂ ਤੁਹਾਨੂੰ ਰਾਹ ਜਾਂਦਿਆਂ ਨੂੰ ਅਖ਼ੀਰਲੀ ਖਾਹਿਸ਼ ਹੁਣੇ ਦੱਸ ਦੇਣੀ ਚਾਹੁੰਦਾ ਹਾਂ। ਉਹ ਇਹ ਹੈ ਕਿ ਪ੍ਰਦੇਸ ਵਿਚ ਸਾਡੀ ਰੁਲ ਰਹੀ ਮਿੱਟੀ ਨੂੰ ਕਦੇ ਆਜ਼ਾਦ ਹੋਏ ਹਿੰਦੋਸਤਾਨ ਦੀ ਮੁਤਬਰਕ ਖਾਦ ਵਿਚ ਰਲਾ ਦਿੱਤਾ ਜਾਵੇ।'

ਅਮਰੀਕਾ ਦੇ ਜਾਪਾਨ ਉਪਰ ਐਟਮ ਬੰਬ ਸਿੱਟਣ ਨਾਲ ਜਪਾਨ ਲੜਾਈ ਵਿਚ ਮਾਤ ਖਾ ਜਾਂਦਾ ਹੈ। ਜਾਪਾਨ ਦੀ ਹਾਰ ਦਾ ਅਸਰ ਆਜ਼ਾਦ ਹਿੰਦ ਫ਼ੌਜ ਉਪਰ ਵੀ ਪੈਂਦਾ ਹੈ, ਤੇ ਇਹ ਤੀਜਾ ਹਿੱਸਾ ਦੁਨੀਆਂ ਦੀ ਦੂਜੀ ਵੱਡੀ ਲੜਾਈ ਤੋਂ ਬਾਅਦ ਦਾ ਹੈ।

ਅੰਗਰੇਜ਼, ਮਲਾਈ, ਚੀਨਿਆਂ ਤੇ ਭਾਰਤੀਆਂ ਨੂੰ ਆਪਸ ਵਿਚ ਲੜਾਉਣ ਦੇ ਯਤਨ ਕਰਦੇ ਹਨ। ਪਰ ਆਜ਼ਾਦ ਹਿੰਦ ਫ਼ੌਜ ਦੇ ਕਾਮੇ ਉਨ੍ਹਾਂ ਨੂੰ ਆਪਸ ਵਿਚ ਲੜਨ ਤੋਂ ਰੋਕਦੇ ਹਨ। ਲੋਕਾਂ ਨੂੰ ਅੰਗਰੇਜ਼ਾਂ ਦੀਆਂ ਚਾਲਾਂ ਪ੍ਰਤੀ ਚੇਤੰਨ ਕਰਦੇ ਹਨ। ਲੜਾਈ ਵਿਚ ਤਬਾਹ ਹੋ ਗਏ ਪਰਿਵਾਰਾਂ ਦੀ ਸੰਭਵ ਮਦਦ ਕਰਦੇ ਹਨ। ਇੰਜ ਇਹ ਕਾਮੇ ਇਕ ਹੋਰ ਲੜਾਈ ਵਿਚ ਜੁਟ ਜਾਂਦੇ ਹਨ। ਨਾਵਲ ਦੇ ਅਖੀਰ ਵਿਚ ਪ੍ਰਭਾ ਦੀ ਮੌਤ ਗਿਆਨ ਬਾਬੂ ਦੀਆਂ ਬਾਹਵਾਂ ਵਿਚ ਹੋ ਜਾਂਦੀ ਹੈ। ਜੋ ਕਿ ਉਸ ਦਾ ਮਹਿਬੂਬ ਹੁੰਦਾ ਹੈ। ਇਸ ਤਰ੍ਹਾਂ ਨਾਵਲ ਦਾ ਕਲਾਤਮਕ ਅੰਤ ਹੁੰਦਾ ਹੈ।

ਇਸ ਨਾਵਲ ਬਾਰੇ ਹੋਰ ਵੀ ਬਹੁਤ ਕੁਝ ਕਿਹਾ ਜਾ ਸਕਦਾ ਹੈ। ਪਰ ਮੈਂ ਇਤਨਾ ਹੀ ਕਹਾਂਗਾ ਕਿ ਇਹ ਨਾਵਲ ਅਸਲ ਵਿਚ ਇਹਨਾਂ ਦੇ ਦੂਜੇ ਨਾਵਲ 'ਜੰਗੀ ਕੈਦੀ' ਦੀ ਭੂਮਿਕਾ ਹੈ।

ਕੇਸਰ ਸਿੰਘ ਦਾ ਨਾਵਲ 'ਜੰਗੀ ਕੈਦੀ'

- ਡਾ. ਦਰਸ਼ਨ ਗਿੱਲ

'ਜੰਗੀ ਕੈਦੀ' ਕੇਸਰ ਸਿੰਘ ਦਾ ਹੀ ਨਹੀਂ, ਸਗੋਂ ਸਮੁੱਚੇ ਪੰਜਾਬੀ ਸਾਹਿਤ ਵਿਚ ਸ੍ਰੇਸ਼ਟ ਤੇ ਅਨੋਖੀ, ਅਦਭੁੱਤ ਤੇ ਵਿਲੱਖਣ ਰਚਨਾ ਹੈ। ਸਵਰਗਵਾਸੀ ਬਲਰਾਜ ਸਾਹਨੀ ਦੇ ਸ਼ਬਦਾਂ ਵਿਚ 'ਜੰਗੀ ਕੈਦੀ' ਇਕ ਅੱਖਾਂ ਖੋਲ੍ਹਣ ਤੇ ਰੌਂਗਟੇ ਖੜ੍ਹੇ ਕਰਨ ਵਾਲੀ ਦਾਸਤਾਂ ਹੈ।' ਕਈ ਆਲੋਚਕਾਂ ਇਸ ਨੂੰ ਮਹਾਨ ਨਾਵਲ, ਅੰਤਰਰਾਸ਼ਟਰੀ ਨਾਵਲ ਤੇ ਅਜਿਹਾ ਨਾਵਲ ਸਵੀਕਾਰਿਆ ਹੈ ਜਿਸ ਵਿਚ ਸਮੇਂ ਤੇ ਸਥਾਨ ਦੀ ਪੂਰੀ ਪਕੜ ਹੈ। ਇਕ ਰੀਵੀਉਕਾਰ ਨੇ ਠੀਕ ਹੀ ਆਖਿਆ ਹੈ ਕਿ 'ਜੰਗੀ ਕੈਦੀ' ਨਾ ਪ੍ਰਚਾਰਕ ਹੈ ਨਾ ਬੋਝਲ, ਬਲਕਿ ਇਕ ਸਿਹਤਮੰਦ ਸੇਧ ਰੱਖਣ ਵਾਲਾ ਨਾਵਲ ਹੈ।

ਜਿਥੇ ਕੇਸਰ ਸਿੰਘ ਪਿਛਲੇ ਕੁਝ ਦਹਾਕਿਆਂ ਤੋਂ ਇਤਿਹਾਸਕ ਨਾਵਲਕਾਰ ਦੇ ਤੌਰ 'ਤੇ ਸਮੁੱਚੇ ਪੰਜਾਬੀ ਸਾਹਿਤ ਵਿਚ ਛਾਏ ਰਹੇ ਹਨ, ਇਸ ਨਾਵਲ ਦੀ ਪ੍ਰਿਸ਼ਟ-ਭੂਮੀ ਵੀ ਇਤਿਹਾਸਕ ਤੱਥਾਂ ਤੇ ਆਧਾਰਤ ਹੈ। ਵਿਸ਼ਾ ਦੂਜੀ ਵਿਸ਼ਵ ਜੰਗ ਦਾ ਹੈ, ਧਰਾਤਲ ਮਲਾਇਆ, ਸਿੰਘਾਪੁਰ, ਥਾਈਲੈਂਡ ਬਰਮਾ ਆਦਿ ਦੀ ਹੈ ਤੇ ਜੰਗ ਜਪਾਨੀਆਂ ਤੇ ਅੰਗਰੇਜ਼ਾਂ ਵਿਚਕਾਰ ਕਬਜੇ ਦੀ ਹਵਸ ਦੀ ਹੈ। ਨਪੀੜੇ ਜਾਣ ਵਾਲੇ ਮੁੱਖ ਤੌਰ ਤੇ ਚੀਨੀ ਹਨ, ਪਰ ਜਪਾਨੀਆਂ ਦਾ ਭਾਰਤੀਆਂ ਪ੍ਰਤੀ ਵਤੀਰਾ ਵੀ ਲਗਭਗ ਉਹੀ ਹੈ। ਨਾਵਲ ਦਾ ਉਦੇਸ਼ ਜ਼ੁਲਮ ਦਾ ਖਾਤਮਾ ਤੇ ਮਜ਼ਲੂਮ ਰੱਖਿਆ ਦਾ ਹੈ।

ਸ. ਕੇਸਰ ਸਿੰਘ ਦੇ ਆਪਣੇ ਸ਼ਬਦਾਂ ਵਿਚ 'ਸਾਰੀ ਦੁਨੀਆਂ ਦਾ ਧੁੰਦਲਾ ਇਤਿਹਾਸ ਵੱਖੋ-ਵੱਖਰੀਆਂ ਹੱਦਾਂ ਕਾਇਮ ਕਰਨ ਦੀਆਂ ਲੜਾਈਆਂ, ਵੱਖੋ-ਵੱਖਰੀਆਂ ਨਸਲਾਂ ਦਾ ਵਡੱਪਣ ਬਣਾਉਣ ਤੇ ਕਾਇਮ ਰੱਖਣ ਦੇ ਯੁੱਧਾਂ ਅਤੇ ਵੱਖੋ-ਵੱਖਰੇ ਕਰਮਾਂ ਤੇ ਮਜ਼ਹਬਾਂ ਦੇ ਝਗੜਿਆਂ ਨਾਲ ਭਰਪੂਰ ਹੈ। ਦੇਸ਼ ਦੇ ਨਾਂ ਤੇ, ਕੌਮ ਦੇ ਨਾਂ ਤੇ, ਬੋਲੀ ਦੇ ਆਧਾਰ ਤੇ ਮਜ਼ਹਬ ਦੀ ਆੜ ਅਖੌਤੀ ਇਨਸਾਨ ਦਾ

ਕਤਲਾਮ ਕੀਤਾ ਹੈ। ਮਸਲਾ ਇਨ੍ਹਾਂ ਉਪਰੋਕਤ ਆਧਾਰਾਂ ਤੋਂ ਉਚੇ ਉਠ ਕੇ ਮਨੁੱਖ ਬਣਨ ਦਾ ਹੈ- ਮਨੁੱਖ ਵਿਚ ਮਨੁੱਖਤਾ ਜਗਾਉਣ ਦਾ ਹੈ, ਮਨੁੱਖ ਵਿਚ ਮਨੁੱਖਤਾ ਸੰਚਾਰਨ ਦਾ ਹੈ। ਇਹ ਤਦੇ ਹੀ ਸੰਭਵ ਹੋ ਸਕਦਾ ਹੈ ਜੇ 'ਜੰਗੀ ਕੈਦੀ' ਦੇ ਨਾਇਕ ਸ਼ਿਵ ਵਾਂਗ ਮਨੁੱਖ ਵਿਸ਼ਾਲ ਹਿਰਦਾ ਅਪਣਾ ਲਵੇ। ਪਰ ਜੇਕਰ ਅੰਨ੍ਹੀ ਦੇਸ਼-ਭਗਤੀ ਅਨਿਆ, ਜ਼ੁਲਮ ਤੇ ਹੋਰ ਮਾਰੂ ਰਾਹਾਂ ਵਲ ਉਤੇਜਤ ਕਰੇ ਤਾਂ ਜੰਗੀ ਕੈਦੀ ਵਿਚੋਂ ਹੇਠ ਲਿਖਿਆ ਸੰਵਾਦ ਇਸ ਰਾਹ 'ਤੇ ਤੋਰੇਗਾ। ਨਾਵਲ ਵਿਚ ਦੱਸਿਆ ਗਿਆ ਹੈ ਕਿ ਦੇਸ਼-ਭਗਤੀ ਦੇ ਜਜ਼ਬੇ ਨੂੰ ਜਨੂੰਨ ਤੱਕ ਪਹੁੰਚਾਣ ਲਈ ਜਾਪਾਨ ਵਿਚ ਬੱਚਿਆਂ ਨੂੰ ਖ਼ਾਸ ਕਿਸਮ ਦੀ ਸਿਖਲਾਈ ਕਰਾਈ ਜਾਂਦੀ ਸੀ। ਜਿਵੇਂ ਕਿ ਨਾਵਲ ਦੀਆਂ ਕੁਝ ਟੂਕਾਂ ਹਨ :

ਜਪਾਨੀ ਬੱਚਿਆਂ ਦੀ ਦੇਸ਼-ਭਗਤੀ ਦੀ ਸਿਖਲਾਈ ਨੂੰ ਪੱਕਿਆਂ ਕਰਨ ਲਈ ਉਸਤਾਦ ਭਰਵੀਂ ਆਵਾਜ਼ ਨਾਲ ਪੁੱਛਦਾ ਹੈ,

'ਜੇ ਤੁਹਾਡਾ ਪਿਤਾ ਜਾਪਾਨ ਉਤੇ ਹਮਲਾ ਕਰੇ, ਤਾਂ ਤੁਸੀਂ ਕੀ ਕਰੋਗੇ?

ਬੱਚੇ ਜੋਸ਼ ਵਿਚ ਆ ਕੇ ਉੱਤਰ ਦਿੰਦੇ ਹਨ, 'ਵੱਢ ਦਿਆਂਗੇ,

ਉਸਤਾਦ ਚਿੱਲਾ ਕੇ ਪੁੱਛਦਾ ਹੈ 'ਤੁਹਾਡਾ ਗੁਰੂ ਕੌਣ ਹੈ?

ਉਸੇ ਜੋਸ਼ ਵਿਚ ਉੱਤਰ ਮਿਲਦਾ ਹੈ, 'ਮਹਾਤਮਾ ਬੁੱਧ'

ਤੇ ਫਿਰ ਪੱਬਾਂ ਭਾਰ ਖਲੋ ਕੇ ਸਾਰੇ ਜ਼ੋਰ ਨਾਲ ਉਸਤਾਦ ਪੁੱਛਦਾ ਹੈ,

'ਜੇ ਮਹਾਤਮਾ ਬੁੱਧ ਦੁਸ਼ਮਣ ਨਾਲ ਮਿਲਕੇ ਜਾਪਾਨ ਉਤੇ ਹਮਲਾ ਕਰੇ, ਤਾਂ ਤੁਸੀਂ ਕੀ ਕਰੋਗੇ?

ਅੱਗੋਂ ਉੱਤਰ ਹੁੰਦਾ ਹੈ 'ਅਸੀਂ ਉਸ ਦਾ ਸਿਰ ਧੜ ਨਾਲੋਂ ਅੱਡ ਕਰ ਦਿਆਂਗੇ।'

ਉਪਰੋਕਤ ਕਥਨ ਨਾਵਲਕਾਰ ਦੇ ਉਦੇਸ਼ ਨੂੰ ਸਪੱਸ਼ਟ ਕਰਦਾ ਹੈ ਕਿ ਅੰਨ੍ਹੀ ਦੇਸ਼-ਭਗਤੀ ਨਾ ਕੇਵਲ ਖ਼ਤਰਨਾਕ ਹੀ ਹੈ, ਸਗੋਂ ਜ਼ੁਲਮ ਲਈ ਪ੍ਰੇਰਨਾ-ਸ਼ਕਤੀ ਬਣਕ੍ਰੇ ਮਾਰੂ ਕੀਮਤਾਂ ਦੇ ਭਾਗੀ ਬਣਾਉਂਦੀ ਹੈ। ਇਸ ਨਾਵਲ ਵਿਚ ਜਾਪਾਨੀਆਂ ਵਲੋਂ ਕੀਤੇ ਗਏ ਘੋਰ ਜ਼ੁਲਮ, ਅਬਲਾਵਾਂ ਦੀ ਲੁਟੀਂਦੀ ਇਜ਼ਤ, ਬੱਚਿਆਂ ਯਤੀਮ ਬਣਾਏ ਜਾਣਾ, ਜੰਗੀ ਕੈਦੀਆਂ ਦੀ ਦੁਰਦਸ਼ਾ, ਜੰਗ ਵਿਚ ਹਰ ਨਸ਼ਲ ਦੀਆਂ ਲਾਸ਼ਾਂ ਦਾ ਅਪਮਾਨ ਇਕ ਘੋਰ ਤਰਾਸਦੀ ਦਾ ਦਿਲ-ਕੰਬਾਊ ਵਰਨਣ ਹੈ। 'ਜੰਗੀ ਕੈਦੀ' ਅਜਿਹੇ ਵਾਤਾਵਰਣ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ ਕਿ ਸੁਤੇ ਸਿੱਧ ਪਾਠਕ ਦੇ ਮਨ ਵਿਚ ਜੰਗ ਵਿਰੁੱਧ ਨਫ਼ਰਤ ਪੈਦਾ ਹੁੰਦੀ ਹੈ। ਇਹ ਹੀ ਇਸ ਨਾਵਲ ਦੀ ਸਭ ਤੋਂ ਵੱਡੀ ਸ਼ਕਤੀ ਹੈ ਤੇ ਇਹ ਨਾਵਲ ਨਾਵਲਕਾਰ

ਨੂੰ ਵਿਸ਼ਵ ਪੱਧਰ ਦੇ ਨਾਵਲ ਦੀ ਰਚਨਾ ਕਰਨ ਦੀ ਸਮਰੱਥਾ ਬਖਸ਼ਦੀ ਹੈ।

ਨਾਵਲਕਾਰ ਦਾ ਮੁੱਖ ਉਦੇਸ਼ ਕਿ 'ਮਨੁੱਖਤਾ' ਮਨੁੱਖ ਦਾ ਅਸਲੀ ਅਸਲਾ ਹੈ। ਇਸ ਨਾਵਲ ਵਿਚੋਂ ਭਲੀ ਭਾਂਤ ਸਪੱਸ਼ਟ ਤੇ ਉਘੜ ਕੇ ਸਾਹਮਣੇ ਆਉਂਦਾ ਹੈ। ਨਾਇਕ ਸ਼ਿਵ ਇਕ ਅਜਿਹਾ ਸਾਹਸ-ਪੂਰਤ ਪਾਤਰ ਹੈ ਜੋ ਜੰਗੀ ਕੈਦੀ ਦੀ ਭੂਮਿਕਾ ਨਿਭਾਉਂਦਾ ਵੀ ਗੋਰੇ, ਜਾਪਾਨੀ, ਭਾਰਤੀ, ਚੀਨੇ ਤੇ ਡੱਚ ਪਾਤਰਾਂ ਵਿਚਕਾਰ ਮਨੁੱਖ ਵਿਚ ਮਨੁੱਖਤਾ ਜਗਾਉਣ ਦਾ ਕਾਰਜ ਨਿਭਾਉਂਦਾ ਹੈ। ਸ਼ਿਵ ਇਕ ਅਜਿਹਾ Epical ਪਾਤਰ ਹੈ ਜਿਸ ਦੀ ਉਸਾਰੀ ਨਾਵਲਕਾਰ ਨੇ ਗਿਣ ਮਿਥ ਕੇ ਨਹੀਂ ਕੀਤੀ ਜਾਪਦੀ, ਸਗੋਂ ਸਹਿਜ-ਸੁਭਾਅ ਹੀ ਉਹ ਨਾਵਲ ਵਿਚ ਇੰਜ ਵਿਚਰਦਾ ਹੈ ਜਿਵੇਂ ਕੋਈ ਦੈਵੀ-ਸ਼ਕਤੀ ਉਸ ਨੂੰ ਪ੍ਰੇਰਨਾ ਦੇ ਕੇ ਹਰ ਇਕ ਕੌਮ, ਨਸਲ ਮਜ਼ਬ ਦੇ ਭੇਦਭਾਵ ਮਿਟਾਉਣ ਲਈ ਉਸਦੇ ਅੰਗ ਸੰਗ ਹੈ।

ਡਾ. ਅਤਰ ਸਿੰਘ ਦੇ ਸ਼ਬਦਾਂ ਵਿਚ, 'ਕੇਸਰ ਸਿੰਘ ਨਾਵਲੀ ਵਰਨਣ ਦੁਆਰਾ ਵਾਸਤਵਿਕਤਾ ਨੂੰ ਨਸ਼ਟ ਨਹੀਂ ਕਰਦਾ, ਸਗੋਂ ਇਤਿਹਾਸਕ ਤੱਥਾਂ ਦੇ ਮਾਨਵੀ ਪਿਛੋਕੜ ਨੂੰ ਉਸਾਰ ਕੇ ਇਸ ਵਾਸਤਵਿਕਤਾ ਨੂੰ ਨਿੱਗਰ ਰੂਪ ਪ੍ਰਦਾਨ ਕਰਦਾ ਹੈ। ਕੇਸਰ ਸਿੰਘ ਦੀ ਲੇਖਣੀ ਵਿਚ ਵਿਨੋਦ ਤੇ ਚਿੰਤਨ ਇਕ ਦੂਜੇ ਘੁਲੇ ਮਿਲੇ ਹੁੰਦੇ ਹਨ, ਜਿਸ ਦੁਆਰਾ ਨਾ ਕਥਾ ਦੇ ਰਸ ਵਿਚ ਫ਼ਰਕ ਪੈਂਦਾ ਹੈ, ਨਾ ਹੀ ਉਸ ਦਾ ਅਰਥ ਪੇਤਲਾ ਹੁੰਦਾ ਹੈ।'

ਕੇਸਰ ਸਿੰਘ ਨੇ ਜਿਥੇ ਇਤਿਹਾਸਕ ਤੇ ਯਥਾਰਥਕ ਪੱਖ ਨੂੰ ਮੁੱਖ ਰੂਪ ਵਿਚ ਰੱਖਿਆ ਹੈ, ਉਥੇ 'ਜੰਗੀ ਕੈਦੀ' ਵਿਚ ਰੁਮਾਂਚਕ ਪੁੱਠ ਦੇ ਕੇ ਨਾਵਲ ਨੂੰ ਹੋਰ ਵੀ ਦਿਲਚਸਪੀ ਦਾ ਸੋਮਾ ਬਣਾ ਦਿੱਤਾ ਹੈ। ਸ਼ਿਵ ਤੇ ਲੀਅ ਦਾ ਪਿਆਰ ਕਥਾ ਵਿਚ ਅਨੋਖਾ ਰਸ ਭਰਦਾ ਹੈ। ਨਾਵਲ ਕੇਵਲ ਇਤਿਹਾਸ ਦੇ ਜਾਂ ਇਤਿਹਾਸਕ ਤੱਥਾਂ ਤੇ ਆਧਾਰਤ ਹੋਣ ਕਾਰਨ ਕਈ ਵਾਰ ਰਸ ਹੀਣ ਤੇ ਫਿੱਕੇ ਜਾਪਣ ਲੱਗਦੇ ਹਨ ਪਰ ਕੇਸਰ ਸਿੰਘ ਦੀ ਨਾਵਲ-ਕਲਾ ਦੀ 'ਜੰਗੀ ਕੈਦੀ' ਵਿਚ ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਪਾਠਕ ਵਿਚ ਉਤਸੁਕਤਾ ਲਗਾਤਾਰ ਬਣੀ ਰਹਿੰਦੀ ਹੈ ਤੇ ਨਾਵਲ-ਰਸ ਕਾਇਮ ਰਹਿੰਦਾ ਹੈ। ਜੰਗ ਵਿਚ ਕਰਾਹ ਰਿਹਾ ਮਨੁੱਖ, ਲੁਟਿਆ, ਵੱਢਿਆ ਤੇ ਟੋਟੇ ਹੋ ਰਿਹਾ ਇਨਸਾਨ, ਲਾਸ਼ਾਂ ਵਿਚ ਸਹਿਕ ਰਿਹਾ ਪ੍ਰਾਣੀ, ਜਿਥੇ ਜੰਗ ਵਿਰੋਧੀ ਜਜ਼ਬੇ ਨੂੰ ਤਿਖਿਆਂ ਕਰਦਾ ਹੈ ਤੇ ਜੰਗ ਵਿਰੁੱਧ ਨਫ਼ਰਤ ਪੈਦਾ ਕਰਦਾ ਹੈ, ਉਥੇ ਸ਼ਿਵ ਇਕ ਅਜਿਹੀ ਮਰ੍ਹਮ ਦਾ ਕੰਮ ਕਰਦਾ ਹੈ ਕਿ ਜੰਗ ਸਦੀਵੀ ਨਹੀਂ ਮਨੁੱਖਤਾ ਤੇ ਮੁਹੱਬਤ ਸਦੀਵੀ ਹਨ, ਇਸੇ ਲਈ ਸ਼ਿਵ ਤੇ ਲੀਅ ਦਾ ਪਿਆਰ, ਮੁੱਤੂ ਤੇ ਗੂੱਤੀ ਚੰਗੇਰੇ ਭਵਿੱਖ ਦੇ ਸਾਥੀ ਹਨ।

ਇਸ ਨਾਵਲ ਦੀ ਇਕ ਹੋਰ ਖ਼ੂਬੀ ਸੰਤੁਲਨ ਦਾ ਕਾਇਮ ਰੱਖਿਆ ਜਾਣਾ

ਹੈ। ਉਪ ਭਾਵਕਤਾ, ਨਿਰਾਸ਼ਾ ਜਾਂ ਪਰਚਾਰ ਲਈ ਇਸ ਵਿਚ ਕੋਈ ਥਾਂ ਨਹੀਂ। ਸਾਡੇ ਪੰਜਾਬੀ ਦੇ ਬਹੁਤੇ ਨਾਵਲਕਾਰ ਉਪਭਾਵਕਤਾ ਜਾਂ ਪ੍ਰਚਾਰ ਦਾ ਆਮ ਸ਼ਿਕਾਰ ਹੋ ਜਾਂਦੇ ਹਨ। ਸਗੋਂ ਇਸ ਨਾਵਲ ਵਿਚ ਵਿਅੰਗ ਹਾਸ-ਰਸ ਆਦਿ ਇਸ ਰੂਪ ਵਿਚ ਆਉਂਦੇ ਹਨ ਕਿ ਨਾਵਲਕਾਰ ਇਨ੍ਹਾਂ ਨੂੰ ਸਾਧਨ ਵਜੋਂ ਵਰਤਦਾ ਹੈ, ਨਾ ਕਿ ਇਹ ਸਾਧਯ ਬਣਦੇ ਹਨ।

ਬੋਲੀ ਦੀ ਸਰਲਤਾ, ਅਲੌਕਿਕ ਦ੍ਰਿਸ਼-ਵਰਨਣ, ਨਾਟਕੀ ਘਟਨਾਵਾਂ ਤੇ ਢੁਕਵੇਂ ਸੰਵਾਦ ਇਸ ਨਾਵਲ ਦੇ ਹੋਰ ਗੁਣ ਹਨ ਜਿਨ੍ਹਾਂ ਕਾਰਨ ਹੀ ਸ਼ਾਇਦ 'ਆਰਸੀ' ਦੇ ਸੰਪਾਦਕ ਸ. ਪ੍ਰੀਤਮ ਸਿੰਘ ਨੇ ਕਿਹਾ ਹੈ 'ਕਿ ਪੰਜਾਬੀ ਵਿਚ ਅਜਿਹਾ ਵਧੀਆ ਨਾਵਲ ਅਜੇ ਤੀਕ ਲਿਖਿਆ ਹੀ ਨਹੀਂ ਗਿਆ।' ਹਿੰਦੀ ਵਿਚ ਇਸ ਦਾ ਅਨੁਵਾਦ ਹੋ ਕੇ ਛਪਣਾ ਤੇ ਸਲਾਹਿਆ ਜਾਣਾ, ਥੋੜ੍ਹੇ ਅਰਸੇ ਵਿਚ ਹੀ ਦੂਜੇ ਸੰਸਕਰਣ ਦਾ ਛਪਣਾ ਸ. ਪ੍ਰੀਤਮ ਸਿੰਘ ਦੇ ਕਥਨ ਦੀ ਪੁਸ਼ਟੀ ਕਰਦੇ ਹਨ।

ਸ਼ਹੀਦ ਊਧਮ ਸਿੰਘ

-ਸਾਧੂ ਬਿਨਿੰਗ

ਕੇਸਰ ਸਿੰਘ ਹੋਰਾਂ ਦੇ ਨਾਵਲ ਸ਼ਹੀਦ ਊਧਮ ਸਿੰਘ ਵਿਚ ਮੈਨੂੰ ਦੋ ਗੱਲਾਂ ਬਹੁਤ ਵਧੀਆ ਲਗੀਆਂ ਹਨ। ਪਹਿਲੀ ਗੱਲ : ਜਿਸ ਤਰੀਕੇ ਨਾਲ ਨਾਵਲ ਵਿਚ ਊਧਮ ਸਿੰਘ ਦੇ ਪਾਤਰ ਦੀ ਉਸਾਰੀ ਕੀਤੀ ਗਈ ਹੈ ਉਹ ਆਪਣੇ ਆਪ ਵਿਚ ਕਮਾਲ ਦੀ ਚੀਜ਼ ਹੈ। ਇਸ ਤੋਂ ਕੇਸਰ ਸਿੰਘ ਹੋਰਾਂ ਦੀ ਨਾਵਲ-ਕਲਾ ਦੀ ਡੂੰਘਾਈ ਦਾ ਪਤਾ ਲਗਦਾ ਹੈ। ਬਾਵਜੂਦ ਇਸਦੇ ਕਿ ਊਧਮ ਸਿੰਘ ਦੇ ਨਿੱਜੀ ਜੀਵਨ ਬਾਰੇ ਲਿਖਤੀ ਜਾਂ ਹੋਰ ਕਿਸੇ ਠੋਸ ਰੂਪ ਵਿਚ ਬਹੁਤੀ ਜਾਣਕਾਰੀ ਨਹੀਂ ਮਿਲਦੀ, ਲੇਖਕ ਨੇ ਆਪਣੀ ਕਲਾ ਨਾਲ ਉਸਨੂੰ ਸਾਡੇ ਸਾਹਮਣੇ ਇਕ ਬਹੁਤ ਹੀ ਢੁਕਵੇਂ ਰੂਪ ਵਿਚ ਪੇਸ਼ ਕੀਤਾ ਹੈ। ਸਾਰੇ ਨਾਵਲ ਵਿਚ ਊਧਮ ਸਿੰਘ ਕਿਤੇ ਵੀ ਆਪਣੇ ਸੁਭਾਅ ਤੋਂ ਉਲਟ ਕੋਈ ਗੱਲ ਨਹੀਂ ਕਰਦਾ। ਕਿਤੇ ਵੀ ਪਾਤਰ ਉਪਰ ਲੇਖਕ ਦੇ ਆਪਣੇ ਵਿਚਾਰਾਂ ਦਾ ਵਾਧੂ ਭਾਰ ਨਹੀਂ ਪੈਂਦਾ ਮਹਿਸੂਸ ਹੁੰਦਾ। ਇਸ ਤਰ੍ਹਾਂ ਊਧਮ ਸਿੰਘ ਜਿਹਨੂੰ ਅਸੀਂ ਨਾਵਲ ਪੜ੍ਹਨ ਤੋਂ ਪਹਿਲਾਂ ਸਿਰਫ਼ ਸ਼ਹੀਦ ਊਧਮ ਸਿੰਘ ਦੇ ਨਾਂ ਨਾਲ ਹੀ ਜਾਣਦੇ ਹੁੰਦੇ ਹਾਂ ਨਾਵਲ ਪੜ੍ਹਨ ਬਾਅਦ ਊਧਮ ਸਿੰਘ ਇਕ ਤੁਰਦਾ ਫਿਰਦਾ ਡੂੰਘੀ ਸੋਚ ਵਾਲਾ, ਇਰਾਦੇ ਦਾ ਪੱਕਾ, ਕਿੱਲਤਾਂ 'ਚ ਰਹਿਣ ਵਾਲਾ ਦੇਸ਼ ਭਗਤ ਸਾਡੇ ਦਿਲਾਂ ਵਿਚ ਸਹਿਜੇ ਹੀ ਆਪਣੀ ਥਾਂ ਬਣਾ ਲੈਂਦਾ ਹੈ। ਜਦੋਂ ਅਸੀਂ ਇਹ ਪੜ੍ਹਦੇ ਹਾਂ ਕਿ ਊਧਮ ਸਿੰਘ ਨੂੰ ਬਹਾਦਰ ਸ਼ਾਹ ਦੀ ਨਜ਼ਰ 'ਨਾ ਕਿਸੀ ਕੀ ਆਂਖ ਕਾ ਨੂਰ ਹੂੰ, ਨਾ ਕਿਸੀ ਕੇ ਦਿਲ ਕਾ ਕਰਾਰ ਹੂੰ' ਆਪਣੀ ਜੁਆਨੀ ਦੇ ਸ਼ੁਰੂ ਵਿਚ ਬੇਹੱਦ ਪਸੰਦ ਸੀ ਤਾਂ ਅਸੀਂ ਉਹਦੇ ਦੁਖੀ ਮਨ ਦਾ ਅੰਦਾਜ਼ਾ ਲਾ ਸਕਦੇ ਹਾਂ ਤੇ ਉਹਨੂੰ ਆਪਣੇ ਹੋਰ ਵੀ ਨੇੜੇ ਮਹਿਸੂਸ ਕਰਦੇ ਹਾਂ। ਤੇ ਜਿਸ ਤਰੀਕੇ ਨਾਲ ਲੇਖਕ ਪਾਠਕ ਤੇ ਪਾਤਰ ਦੇ ਇਸ ਰਿਸ਼ਤੇ ਨੂੰ ਪੱਕਾ ਕਰਦਾ ਹੈ ਉਹ ਲੇਖਕ ਦੀ ਕਲਾ ਦਾ ਕਮਾਲ ਹੈ।

ਦੂਜੀ ਗੱਲ ਜਿਹੜੀ ਇਸ ਨਾਵਲ ਵਿਚ ਮੈਨੂੰ ਵਧੀਆ ਲੱਗੀ ਉਹ ਇਹ

ਹੈ ਕਿ ਇਸ ਦੀ ਪੜ੍ਹਨ-ਯੋਗਤਾ, ਨਾਵਲ ਪੜ੍ਹਨੇ ਨੂੰ ਇੰਨਾ ਸੁਖਾਲਾ ਤੇ ਅਨੰਦਮਈ ਹੈ ਕਿ ਪੜ੍ਹਦਿਆਂ ਜਾਪਦਾ ਹੈ ਜਿਵੇਂ ਤੁਸੀਂ ਕਿਸੇ ਝੀਲ ਕਿਨਾਰੇ ਸੁਹਾਵਣੇ ਮੌਸਮ ਵਿਚ ਸੈਰ ਕਰਦੇ ਫਿਰ ਰਹੇ ਹੋਵੋ। ਬੜੀ ਸਰਲ ਤੇ ਵਾਤਾਵਰਣ ਦੇ ਅਨੁਕੂਲ ਬੋਲੀ ਤੇ ਪਾਤਰਾਂ ਦੇ ਸੁਭਾਅ ਤੇ ਵਿਸ਼ੇ ਮੁਤਾਬਕ ਗੱਲਬਾਤ। ਇਕ ਇਤਿਹਾਸਕ ਨਾਵਲ ਵਿਚ ਇਹਨਾਂ ਸਿਫ਼ਤਾਂ ਦਾ ਹੋਣਾ ਹੋਰ ਵੀ ਮਾਅਰਕੇ ਦੀ ਗੱਲ ਹੈ ਕਿਉਂਕਿ ਇਤਿਹਾਸਕ ਨਾਵਲ ਵਿਚ ਲੇਖਕ ਦਾ ਪਾਤਰਾਂ ਤੇ ਘਟਨਾਵਾਂ ਉਪਰ ਪੂਰੇ ਦਾ ਪੂਰਾ ਕੰਟਰੋਲ ਨਹੀਂ ਹੁੰਦਾ। ਲੇਖਕ ਨੂੰ ਬਹੁਤ ਸਾਰੀਆਂ ਹੱਦਾਂ ਵਿਚ ਰਹਿਣਾ ਪੈਂਦਾ ਹੈ। ਕਿਉਂਕਿ ਬਹੁਤੇ ਪਾਠਕ ਇਤਿਹਾਸਕ ਘਟਨਾਵਾਂ ਤੇ ਪਾਤਰਾਂ ਤੋਂ ਜਾਣੂੰ ਹੁੰਦੇ ਹਨ ਤੇ ਲੇਖਕ ਆਪਣੀ ਮਰਜ਼ੀ ਨਾਲ ਆਪਣੀ ਕਲਪਨਾ ਦੇ ਪਰੀਂ ਉਡਦਾ ਪਾਤਰ ਦੇ ਕੋਟ ਪੈਂਟ ਪੁਆ ਕੇ ਬਿਨਾ ਕਿਸੇ ਵਜ੍ਹਾ ਦੇ ਲੰਡਨ ਦੀਆਂ ਗਲੀਆਂ 'ਚ ਨਹੀਂ ਘੁਮਾ ਸਕਦਾ।

ਬਹੁਤੀ ਵਾਰੀ ਇਤਿਹਾਸਕ ਨਾਵਲਾਂ ਵਿਚ ਕਈ ਕੁਝ ਬੜਾ ਅਕੇਵੇਂ ਵਾਲਾ ਹੁੰਦਾ ਹੈ। ਕਿਸੇ ਓਪਰੀ ਇਤਿਹਾਸਕ ਘਟਨਾ ਨੂੰ ਬਿਆਨ ਕਰਨ ਲੱਗੇ ਲੇਖਕ ਪਹਿਲਾਂ ਕਿੰਨਾ ਸਮਾਂ ਉਹਨਾਂ ਘਟਨਾਵਾਂ ਦੀ ਭੂਮਿਕਾ ਬੰਨ੍ਹਣ ਵਿਚ ਲਾ ਦੇਂਦੇ ਹਨ ਅਤੇ ਫੇਰ ਕਿਤੇ ਜਾ ਕੇ ਪਾਤਰਾਂ ਨੂੰ ਉਹਨਾਂ ਇਤਿਹਾਸਕ ਘਟਨਾਵਾਂ ਵਿਚ ਫਿਟ ਕਰਦੇ ਹਨ, ਪਰ ਸ਼ਹੀਦ ਊਧਮ ਸਿੰਘ ਵਿਚ ਅਜਿਹਾ ਨਹੀਂ ਹੈ। ਲੇਖਕ ਜਲ੍ਹਿਆਂ ਵਾਲੇ ਬਾਗ ਦੀ ਘਟਨਾ ਜਾਂ ਊਧਮ ਸਿੰਘ ਦੀ ਕੈਕਸਟਨ ਹਾਲ ਵਿਚ ਗੋਲੀ ਚਲਾਉਣ ਵਰਗੀਆਂ ਮਹਾਨ ਘਟਨਾਵਾਂ ਨੂੰ ਬੜੀ ਸਰਲਤਾ ਨਾਲ ਪਾਤਰਾਂ ਨੂੰ ਸ਼ੁਰੂ ਵਿਚ ਹੀ ਉਹਨਾਂ ਘਟਨਾਵਾਂ ਵਿਚ ਰੱਖ ਬਿਆਨ ਕਰ ਜਾਂਦਾ ਹੈ। ਇਸ ਨਾਵਲ ਵਿਚ ਇਹ ਬਿਆਨ ਇੰਨਾ ਸੁਭਾਵਿਕ ਹੈ ਕਿ ਕਈ ਵਾਰੀ ਤਾਂ ਇਸ ਗੱਲ ਦਾ ਚੇਤਾ ਵੀ ਨਹੀਂ ਰਹਿੰਦਾ ਕਿ ਤੁਸੀਂ ਇਤਿਹਾਸਕ ਨਾਵਲ ਪੜ੍ਹ ਰਹੇ ਹੋ।

ਇਹ ਨਾਵਲ ਪਾਠਕ ਨੂੰ ਸ਼ਹੀਦ ਊਧਮ ਸਿੰਘ ਦੀ ਜ਼ਿੰਦਗੀ ਬਾਰੇ ਤੇ ਉਹਦੇ ਦੁਆਲੇ ਵਾਪਰੀਆਂ ਘਟਨਾਵਾਂ ਬਾਰੇ ਬੜੇ ਹਾਂ-ਪੱਖੀ ਜਜ਼ਬੇ ਨਾਲ ਜਾਣਕਾਰੀ ਦਿੰਦਾ ਹੈ। ਪਾਠਕ ਕਿਤੇ ਵੀ ਅਕੇਵਾਂ ਤੇ ਔਖਿਆਈ ਨਹੀਂ ਮਹਿਸੂਸ ਕਰਦਾ। ਇਸ ਤਰ੍ਹਾਂ ਲੇਖਕ ਦੀ ਰਚਨਾ ਆਪਣੇ ਟੀਚੇ ਵਿਚ ਪੂਰੀ ਤਰ੍ਹਾਂ ਸਫ਼ਲ ਹੁੰਦੀ ਹੈ।

ਹਰ ਰਚਨਾ ਵਿਚ ਗੁਣਾਂ ਦੇ ਨਾਲ ਨਾਲ ਕਈ ਕਮੀਆਂ ਵੀ ਹੁੰਦੀਆਂ ਹਨ। ਇਸ ਨਾਵਲ ਵਿਚ ਜਿਹੜੀ ਇਕ ਕਮੀ ਰਹਿ ਗਈ ਜਾਪਦੀ ਹੈ ਉਹ ਹੈ ਊਧਮ ਸਿੰਘ ਦੀ ਜ਼ਿੰਦਗੀ ਵਿਚਲੀ ਮਾਨਸਿਕ ਜਦੋ-ਜਹਿਦ, ਉਹਦੇ ਜੀਵਨ ਵਿਚ ਆਏ ਉਤਰਾ ਚੜ੍ਹਾ, ਸਾਡੇ ਸਾਹਮਣੇ ਬੜੇ ਸੰਖੇਪ ਰੂਪ ਵਿਚ ਆਉਂਦੇ ਹਨ।

ਭਾਵੇਂ ਇਹਨਾਂ ਗੱਲਾਂ ਦਾ ਹਰ ਥਾਂ ਸੰਕੇਤ ਜ਼ਰੂਰ ਮਿਲਦਾ ਹੈ। ਪਰ ਦਿਲ 'ਚ ਇਹ ਖਾਹਿਸ਼ ਜਿਹੀ ਰਹਿ ਜਾਂਦੀ ਹੈ ਕਿ ਇਥੇ ਹੋਰ ਕਈ ਕੁਝ ਹੋਣਾ ਚਾਹੀਦਾ ਸੀ। ਇਕ ਥਾਂ ਜਿਥੇ ਮੈਨੂੰ ਇਹ ਗੱਲ ਖਾਸ ਰੜਕਦੀ ਹੈ ਉਹ ਹੈ ਜਦੋਂ ਊਧਮ ਸਿੰਘ ਤੇ ਭਗਤ ਸਿੰਘ ਕਾਫੀ ਅਰਸੇ ਬਾਅਦ ਇਕ ਦੂਜੇ ਨੂੰ ਮਿਲਦੇ ਹਨ। ਭਾਰਤ ਦੀ ਆਜ਼ਾਦੀ ਲਈ ਜੂਝਦੇ ਦੋ ਇਨਕਲਾਬੀ, ਜਿਹੜੇ ਖੁਦ ਜਾਣ ਬੁਝ ਕੇ ਆਪਣੇ ਉਦੇਸ਼ ਪਿਛੇ ਮੌਤ ਦੀ ਵੀ ਪਰਵਾਹ ਨਹੀਂ ਕਰਦੇ, ਜਿਹਨਾਂ ਦੇ ਆਪਣੇ ਵਿਚਾਰ ਹਨ, ਆਪਣੀਆਂ ਸੋਚਾਂ ਹਨ, ਆਪਣੀਆਂ ਪਲੈਨਾਂ ਹਨ- ਉਹ ਜਦੋਂ ਇਕ ਦੂਜੇ ਨੂੰ ਮਿਲਣ ਤਾਂ ਉਹਨਾਂ ਦੇ ਵਿਚਾਰ ਵਟਾਂਦਰੇ ਵਿਚੋਂ ਕਿੰਨਾ ਕੁਝ ਕੱਢਿਆ, ਸਿੱਖਿਆ ਤੇ ਕਿਹਾ ਜਾ ਸਕਦਾ ਹੈ। ਪਰ ਲੇਖਕ ਉਹਨਾਂ ਦੀ ਮਿਲਣੀ ਬਾਰੇ ਸਿਰਫ਼ ਏਨਾ ਕਹਿੰਦਾ ਹੈ ਕਿ ਭਗਤ ਸਿੰਘ ਤੇ ਊਧਮ ਸਿੰਘ ਕਾਫੀ ਦੇਰ ਗੱਲਾਂ ਕਰਦੇ ਰਹੇ। ਦੋਸਤੋਵਸਕੀ ਦੇ ਨਾਵਲ 'ਕਰਾਈਮ ਐਂਡ ਪਨਿਸ਼ਮੈਂਟ' ਦੀ ਕਹਾਣੀ ਕੁਝ ਮਹੀਨਿਆਂ ਵਿਚ ਹੀ ਵਾਪਰਦੀ ਹੈ। ਦੋਸਤੋਵਸਕੀ ਆਪਣੇ ਪਾਤਰ ਦੀ ਮਾਨਸਿਕ ਹਾਲਤ ਬਿਆਨ ਕਰਦਾ ਛੇ ਸੱਤ ਸੌ ਸਫ਼ੇ ਦਾ ਨਾਵਲ ਲਿਖ ਜਾਂਦਾ ਹੈ। ਊਧਮ ਸਿੰਘ ਵੀਹ ਇੱਕੀ ਸਾਲ ਆਪਣੇ ਮਨ ਵਿਚ ਬਦਲੇ ਦੀ ਭਾਵਨਾ ਲਈ ਫਿਰਦਾ ਰਿਹਾ, ਪਰ ਉਹਦੀਆਂ ਸੋਚਾਂ, ਸਕੀਮਾਂ ਸਾਥੀਆਂ ਨਾਲ ਵਿਚਾਰ ਵਟਾਂਦਰੇ ਆਦਿ ਦੇ ਸੰਕੇਤ ਮਿਲਦੇ ਹਨ ਪਰ ਪੂਰਨ ਰੂਪ ਵਿਚ ਪਾਠਕ ਤੱਕ ਨਹੀਂ ਪਹੁੰਚਦੇ।

ਇਹ ਉਦਾਹਰਣ ਦੇਣ ਤੋਂ ਮੇਰਾ ਮਕਸਦ ਨਾਵਲ ਨੂੰ ਨੀਵਾਂ ਦਿਖਾਉਣਾ ਨਹੀਂ। ਅਸੀਂ ਪੰਜਾਬੀ ਦੇ ਨਾਵਲ ਨੂੰ ਪੰਜਾਬੀ ਨਾਵਲ ਦੇ ਖੇਤਰ ਵਿਚ ਰੱਖ ਕੇ ਹੀ ਦੇਖਣਾ ਹੈ ਪਰ ਇਸ ਤੋਂ ਇਹ ਜ਼ਰੂਰ ਪਤਾ ਲਗਦਾ ਹੈ ਕਿ ਪੰਜਾਬੀ ਨਾਵਲ ਅੱਗੇ ਅਜੇ ਲੰਮਾ ਪੈਂਡਾ ਪਿਆ ਹੈ।

ਸ਼ਹੀਦ ਊਧਮ ਸਿੰਘ ਇਕ ਬਹੁਤ ਉੱਤਮ ਦਰਜੇ ਦੀ ਰਚਨਾ ਹੈ। ਪੰਜਾਬੀ ਵਿਚ ਇਹਦੇ ਵਰਗੇ ਨਾਵਲ ਬਹੁਤ ਘੱਟ ਹਨ।

ਬਾਬਾ ਹਰੀ ਸਿੰਘ ਉਸਮਾਨ

-ਅਜਮੇਰ ਰੋਡੇ

ਸਰਦਾਰ ਕੇਸਰ ਸਿੰਘ ਜੀ ਪੰਜਾਬੀ ਦੇ ਉਹ ਸਾਹਿਤਕਾਰ ਹਨ ਜਿਹਨਾਂ ਸਦਕਾ ਵਿਦੇਸ਼ੀ ਪੰਜਾਬੀ ਸਾਹਿਤ ਕੁਝ ਸਾਲਾਂ ਵਿਚ ਹੀ ਵਜ਼ਨਦਾਰ ਹੋ ਗਿਆ ਹੈ। ਇਨ੍ਹਾਂ ਦੀਆਂ ਲਿਖਤਾਂ ਨੇ ਪੰਜਾਬੀ ਦੇ ਸ਼੍ਰੋਮਣੀ ਆਲੋਚਕਾਂ ਅਤੇ ਸਾਹਿਤਕਾਰਾਂ ਦਾ ਧਿਆਨ ਕਨੇਡੀਅਨ ਪੰਜਾਬੀ ਸਾਹਿਤ ਵਿਚ ਯੋਗ ਥਾਂ ਦਿਵਾਈ ਹੈ। ਸਾਡੇ ਲਈ ਇਹ ਮਾਣ ਵਾਲੀ ਗੱਲ ਹੈ। ਨਾਵਲਕਾਰ ਦੇ ਤੌਰ ਤੇ ਕੇਸਰ ਸਿੰਘ ਜੀ ਹੁਰਾਂ ਦਾ ਸਮੁੱਚੇ ਪੰਜਾਬੀ ਨਾਵਲ ਦੇ ਪਿਤਾਮਾ ਨਾਨਕ ਸਿੰਘ ਨੇ ਆਪਣੇ ਨਾਵਲਾਂ ਦੇ ਵਿਸ਼ੇ ਪੰਜਾਬ ਦੀ ਸ਼ਹਿਰੀ ਜ਼ਿੰਦਗੀ 'ਚੋਂ ਚੁਣੇ ਅਤੇ ਪਹਿਲੀ ਵਾਰ ਪਲਾਟ ਦੀ ਵਿਸਥਾਰ ਭਰੀ ਰਚਨਾ ਕਰਕੇ ਵਿਖਾਈ-ਜਸਵੰਤ ਸਿੰਘ ਕੰਵਲ ਨੇ ਆਪਣੇ ਵਿਸ਼ੇ ਪੇਂਡੂ ਜ਼ਿੰਦਗੀ ਵਿਚੋਂ ਲਏ ਅਤੇ ਆਪਣੇ ਨਾਵਲਾਂ ਨੂੰ ਆਦਰਸ਼ਵਾਦੀ ਰੋਮਾਂਚਵਾਦੀ ਰੰਗਤ ਦਿੱਤੀ। ਗੁਰਦਿਆਲ ਸਿੰਘ ਨੇ ਆਪਣੇ ਵਿਸ਼ੇ ਸਮਾਜ ਦੀ- ਸਭ ਤੋਂ ਹੇਠਲੀ- ਸ਼੍ਰੇਣੀ ਵਿਚੋਂ ਚੁਣੇ ਅਤੇ ਪੰਜਾਬੀ ਨਾਵਲ ਵਿਚ ਪਹਿਲੀ ਵਾਰ ਯਥਾਰਥਵਾਦ ਲਿਆਂਦਾ। ਕੇਸਰ ਸਿੰਘ ਜੀ ਹੋਰਾਂ ਨੇ ਆਪਣੇ ਨਾਵਲਾਂ ਦੇ ਵਿਸ਼ੇ ਅੰਤਰਰਾਸ਼ਟਰੀ ਵਿਸਥਾਰ ਵਾਲੇ ਲਏ ਅਤੇ ਹਿੰਦੋਸਤਾਨ ਦੀ ਆਜ਼ਾਦੀ ਲਈ ਵਿਦੇਸ਼ਾਂ ਵਿਚ ਹੋਏ ਸੰਗ੍ਰਾਮਾਂ ਨੂੰ ਦੁਬਾਰਾ ਜ਼ਿੰਦਾ ਕੀਤਾ। ਉਹਨਾਂ ਦੇ ਨਾਵਲਾਂ ਵਿਚ ਕਹਾਣੀ ਇਕ ਦੇਸ਼ ਤੋਂ ਤੁਰ ਕੇ ਕਈ ਦੇਸ਼ਾਂ ਵਿਚ ਪੁਜਦੀ ਹੈ। ਅਜਿਹੇ ਵਿਸਤਾਰ ਵਾਲੇ ਵਿਸ਼ੇ ਹੋਰ ਕਿਸੇ ਪੰਜਾਬੀ ਨਾਵਲਕਾਰ ਨੇ ਸਫ਼ਲਤਾ ਨਾਲ ਨਹੀਂ ਨਿਭਾਏ। ਇਸ ਦਾ ਇਕ ਕਾਰਣ ਇਹ ਵੀ ਹੈ ਕਿ ਲੇਖਕ ਦੀ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਵਿਦੇਸ਼ਾਂ ਵਿਚ ਆਜ਼ਾਦੀ ਦੀ ਜੰਗ ਵਿਚ ਜੂਝਦਿਆਂ ਗੁਜਰਿਆ ਹੈ ਤੇ ਇਸੇ ਲਈ ਹੀ ਇਨ੍ਹਾਂ ਦੀ ਇਤਿਹਾਸਕ ਖੋਜ ਅਤੇ ਪਾਤਰ ਉਸਾਰੀ ਵੀ ਪਰਮਾਣਿਕ ਹੈ।

ਮੈਂ ਕੇਸਰ ਸਿੰਘ ਜੀ ਦਾ ਨਾਵਲ ਬਾਬਾ ਹਰੀ ਸਿੰਘ ਉਸਮਾਨ ਚੁਣਿਆ ਮੇਰੀ ਜਾਚੇ ਇਹ ਨਾਵਲ ਲੇਖਕ ਦੀਆਂ ਉੱਤਮ ਰਚਨਾਵਾਂ ਵਿਚੋਂ ਹੈ। ਜਿਥੇ ਲੇਖਕ

ਦੇ ਦੂਸਰੇ ਨਾਵਲਾਂ ਦੇ ਨਾਇਕ, ਊਧਮ ਸਿੰਘ, ਮਦਨ ਲਾਲ ਢੀਂਗਰਾ ਅਤੇ ਮੇਵਾ ਸਿੰਘ ਆਦਿ ਜੰਗਿ ਆਜ਼ਾਦੀ ਅਤੇ ਲੋਕਾਂ ਲਈ ਜਦੋ-ਜਹਿਦ ਕਰਦੇ ਕਰਦੇ ਸ਼ਹੀਦ ਹੋ ਜਾਂਦੇ ਹਨ। ਇਸ ਨਾਵਲ ਦਾ ਨਾਇਕ ਹਰੀ ਸਿੰਘ ਉਸਮਾਨ ਆਪਣੇ ਕੁਝ ਹੋਰ ਸਾਥੀਆਂ ਸਮੇਤ ਭਾਰਤ ਨੂੰ ਆਜ਼ਾਦੀ ਮਿਲਣ ਪਿਛੋਂ ਵੀ ਜਿਉਂਦਾ ਰਹਿੰਦਾ ਹੈ। ਆਜ਼ਾਦੀ ਮਿਲਣ ਪਿਛੋਂ ਉਨ੍ਹਾਂ ਦਾ ਆਪਣੇ ਦੇਸ਼ ਵਿਚ ਕਿੰਨਾ ਕੁ ਮਾਣ ਅਤੇ ਸਤਿਕਾਰ ਹੋਇਆ, ਇਹ ਇਸ ਨਾਵਲ ਦੀ ਕਹਾਣੀ ਵਿਚ ਦਿਖਾਇਆ ਗਿਆ ਹੈ ਅਤੇ ਇਹੀ ਗੱਲ ਇਸ ਨਾਵਲ ਨੂੰ ਉਸਦੇ ਬਾਕੀ ਨਾਵਲਾਂ ਨਾਲੋਂ ਵੱਖਰਾ ਰੰਗ ਦਿੰਦੀ ਹੈ।

ਹਰੀ ਸਿੰਘ ਉਸਮਾਨ ਦਾ ਪਹਿਲਾ ਨਾਮ ਹਰੀ ਸਿੰਘ ਸੀ। ਉਹ ਪੰਜਾਬ ਵਿਚੋਂ ਰੋਜ਼ੀ ਦੀ ਤਲਾਸ਼ ਵਿਚ ਆਪਣੇ ਮਾਮੇ ਨਾਲ ਸ਼ੰਘਾਈ ਚਲਾ ਗਿਆ, ਉਥੋਂ ਮੈਕਸੀਕੋ ਤੇ ਫਿਰ ਮੈਕਸੀਕੋ ਤੋਂ ਕੈਲੇਫੋਰਨੀਆ। ਨਾਵਲ ਦੀ ਕਹਾਣੀ ਕੈਲੇਫੋਰਨੀਆ ਤੋਂ ਸ਼ੁਰੂ ਹੁੰਦੀ ਹੈ :

ਓਇ ਬੰਤੂ,

ਆਹ ਕੌਣ ਪਿਐ ਲੰਮੀ ਤਾਣ ਕੇ ਲੌਂਢੇ ਵੇਲੇ ਤਾਈਂ?'

'ਆਪਣਾ ਈ ਬੰਦਾ ਐ, ਮਸੀਕੋ ਤੋਂ ਆਇਐ- ਮੇਰੇ ਸਾਲਿਆਂ ਨੇ ਤੜਕੇ ਮੂੰਹ ਹਨੇਰੇ ਈ ਘੇਰ ਲਿਆ ਤੇ ਕੁੱਟ ਤਾ।'

'ਅੱਛਾ, ਬਾਹਲੀਆਂ ਸੱਟਾਂ ਤਾਂ ਨਹੀਂ ਲੱਗੀਆਂ?'

'ਕਹਿੰਦੇ,ਉਹ ਸਾਲੇ ਕਿੰਨੇ ਸਾਰੇ ਸੀ ਤੇ ਇਹ ਕੱਲਮ-ਕੱਲਾ। ਨੱਕ ਮੂੰਹ ਸੁੱਜਿਆ ਪਿਐ'

'ਗਰਮ ਦੁੱਧ 'ਚ ਘਿਉ ਪਾ ਕੇ ਦੇਣਾ ਸੀ।'

'ਬੰਦਾ ਊਂ ਤਗੜਾ ਜਾਪਦੈ- ਇਕੋ ਡੀਕ ਲਾ ਕੇ ਬਾਲਟੀ ਦੁੱਧ ਘਿਉ ਦੀ ਪੀ ਗਿਐ'

'ਪਿੰਡ ਕੇਹੜਾ ਦਸਦੈ?'

'ਬੱਦੋਵਾਲ ਦਸਦੈ, ਲੁਧਿਆਣੇ ਲਾਗੇ ਦਾ ਐ'

ਇਹ ਸੀ ਉਸ ਸਮੇਂ ਕੈਲੋਫੋਰਨੀਆ ਦਾ ਮਾਹੌਲ ਜਿਥੇ ਹਰੀ ਸਿੰਘ ਮੈਕਸੀਕੋ ਤੋਂ ਆਇਆ ਅਤੇ ਆਪਣੇ ਹੋਰ ਸਾਥੀਆਂ ਨਾਲ ਡੇਰੇ ਵਿਚ ਕਈ ਸਾਲ ਰਹਿੰਦਾ ਰਿਹਾ। ਪਿੰਡ ਬੱਦੋਵਾਲ ਦਾ ਹੋਣ ਕਰਕੇ ਉਸਦਾ ਨਾਂ ਬੱਦੋਵਾਲੀਆ ਪੈ ਗਿਆ। ਏਥੇ ਮਜ਼ਦੂਰੀ ਕਰਦਿਆਂ ਹੀ ਹਰੀ ਸਿੰਘ ਨੂੰ ਭਾਰਤ ਦੀ ਗ਼ੁਲਾਮੀ ਦਾ ਅਹਿਸਾਸ ਹੋਇਆ ਅਤੇ ਨਸਲੀ ਵਿਤਕਰੇ ਦਾ ਸਾਹਮਣਾ ਕਰਨਾ ਪਿਆ। ਉਸਨੇ ਡੇਰੇ ਵਿਚ ਰਹਿੰਦੇ ਆਪਣੇ ਇਕ ਦੋਸਤ ਪੰਡਤ ਕੋਲੋਂ ਅੰਗਰੇਜ਼ੀ ਸਿੱਖਣੀ ਸ਼ੁਰੂ ਕਰ

ਦਿੱਤੀ। ਇਸਦੇ ਬਦਲੇ ਪੰਡਤ ਨੂੰ ਉਹ ਪੰਜਾਬੀ ਪੜ੍ਹਾਉਂਦਾ ਸੀ। ਇਕ ਦਿਨ ਪੰਡਤ ਨੇ ਉਹਨੂੰ ਪ੍ਰੇਸ਼ਾਨ ਜਿਹਾ ਹੋਇਆ ਵੇਖ ਕੇ ਪੁੱਛਿਆ।

"ਵੈੱਲੀਆ, ਤੂੰ ਕਿੰਨੇ ਮਹੀਨੇ ਲਾ ਦਿੱਤੇ ਐ, ਨਿੱਕੀ ਜਿਹੀ ਕਿਤਾਬੜੀ ਪੜ੍ਹਦਿਆਂ, ਤੇ ਰੀਸਾਂ ਕਰਦੈਂ ਪਾੜ੍ਹਿਆਂ ਦੀਆਂ। ਵੇਖ, ਤੂੰ ਮੈਨੂੰ ਪੈਂਤੀ ਅੱਖਰੀ ਸਿਖਾਈ ਤੇ ਬਾਕੀ ਮੈਂ ਆਪੇ ਪੜ੍ਹ ਗਿਆ। ਹੀਰ ਰਾਂਝੇ ਦਾ ਕਿੱਸਾ ਵੀ ਪੜ੍ਹ ਲੈਨਾਂ ਤੇ ਸੋਹਣੀ ਮਹੀਂਵਾਲ ਦਾ ਵੀ। ਮੈਂ ਪਾਸ ਤੇ ਤੂੰ ਫੇਲ੍ਹ।'

'ਪੰਡਤਾ ਕਿਉਂ ਚਿਪ ਚੜ੍ਹਾਉਨੈ, ਕਿਥੇ ਅੰਗਰੇਜ਼ੀ ਤੇ ਕਿਥੇ ਗੁਰਮੁਖੀ।'

ਸੋ ਇਹ ਸੀ ਸਿੱਧਾ ਸਾਦਾ, ਖੁਲ੍ਹਾ ਡੁਲ੍ਹਾ ਉੱਚਾ ਲੰਮਾ ਜਵਾਨ ਹਰੀ ਸਿੰਘ ਜਿਸਨੂੰ ਕਦੇ ਬੱਦੋਵਾਲੀਆ ਅਤੇ ਕਦੇ ਵੈੱਲੀਆ ਕਹਿ ਕੇ ਉਸ ਦੇ ਸਾਥੀ ਬੁਲਾਉਂਦੇ ਸਨ। ਪਰ ਹੌਲ਼ੀ ਹੌਲ਼ੀ ਉਹ ਆਪਣੇ ਸਾਰੇ ਸਾਥੀਆਂ, ਪੰਡਤ, ਸੰਧੂ, ਪਿਆਰੂ ਅਤੇ ਸੀਰੂ ਨਾਲੋਂ ਕਿਤੇ ਅੱਗੇ ਲੰਘ ਗਿਆ। ਉਹਨੇ ਲਗਾਤਾਰ 'ਗ਼ਦਰ' ਪੜ੍ਹਨਾ ਸ਼ੁਰੂ ਕਰ ਦਿੱਤਾ। ਗ਼ਦਰ ਪਾਰਟੀ ਦੇ ਆਗੂਆਂ ਨਾਲ ਉਸਦਾ ਮੇਲ ਜੋਲ ਵਧਦਾ ਗਿਆ। ਹਰੀ ਸਿੰਘ ਪਹਿਲਾਂ ਬੈਂਤ ਗਾਉਂਦਾ ਹੁੰਦਾ ਸੀ। ਹੁਣ ਉਸਨੇ ਦੇਸ਼ ਭਗਤੀ ਦੀਆਂ ਬੈਂਤਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਕਵੀਸ਼ਰੀ ਵੀ ਕਰਨੀ ਸ਼ੁਰੂ ਕਰ ਦਿੱਤੀ। ਇਸ ਸਮੇਂ ਉਹ ਬੱਦੋਵਾਲੀਆ, ਬਾਈ ਅਤੇ ਵੈੱਲੀ ਤੋਂ ਬਦਲ ਕੇ ਹਰੀ ਸਿੰਘ ਕਵੀਸ਼ਰ ਬਣ ਚੁੱਕਾ ਸੀ। ਵੈਨਕੂਵਰ ਵਿਚ ਵਿਸਾਖੀ ਦੇ ਇਕ ਜੋੜ ਮੇਲੇ ਉਤੇ ਪ੍ਰਸਿੱਧ ਦੇਸ਼ ਭਗਤਾਂ, ਹਸਨ ਰਹੀਮ, ਭਾਗ ਸਿੰਘ ਅਤੇ ਸੋਹਣ ਲਾਲ ਨੇ ਲੈਕਚਰ ਕੀਤੇ। ਹਰੀ ਸਿੰਘ ਤੇ ਉਸਦੇ ਸਾਥੀ, ਪਾਰਟੀ ਵਲੋਂ ਏਥੇ 'ਗ਼ਦਰ' ਵੰਡਣ ਆਏ ਹੋਏ ਸਨ। ਉਹਨਾਂ ਨੇ ਇਸ ਮੌਕੇ ਤੇ ਗੁਰਦਵਾਰੇ ਵਿਚ ਕਵੀਸ਼ਰੀ ਵੀ ਕੀਤੀ :

ਮਾਮਲਾ ਲਗਾਇਆ ਯਾਰੋ ਸ਼ਾਮ ਲਾਟ ਨੂੰ
ਸੁੱਤੇ ਪਏ ਸਿੰਘ ਪੁੱਛਦੇ ਨੇ ਰਾਤ ਨੂੰ
ਸਾਡੇ ਪੈਸੇ ਨਾਲ ਸਾਡਾ ਸਿਰ ਕੁਟਕੇ
ਜ਼ਾਲਮ ਫ਼ਰੰਗੀ ਲੈ ਗੇ ਦੇਸ਼ ਲੁੱਟ ਕੇ।

ਸ਼ਹੀਦ ਮੇਵਾ ਸਿੰਘ ਨਾਲ ਹਰੀ ਸਿੰਘ ਦੇ ਡੂੰਘੇ ਸੰਬੰਧ ਸਨ। ਮੇਵਾ ਸਿੰਘ ਦੇ ਸ਼ਹੀਦੀ ਜਲੂਸ ਸਮੇਂ ਹਰੀ ਸਿੰਘ ਨੇ ਉਸਦੀ ਅਰਥੀ ਹੇਠ ਮੋਢਾ ਦਿੱਤਾ। ਨਾਵਲ ਵਿਚ ਅਮਰੀਕਾ ਵਿਚਲੇ ਦੇਸ਼ ਭਗਤਾਂ ਦੇ ਅਤੇ ਯੁਗਾਂਤਰ ਆਸ਼ਰਮ ਦਾ ਬਿਆਨ ਬਹੁਤ ਵਧੀਆ ਕੀਤਾ ਗਿਆ ਹੈ। ਉਥੇ ਲਾਲਾ ਹਰਦਿਆਲ ਅਤੇ ਸਰਾਭੇ ਵਰਗੇ

ਲੀਡਰ ਤਕਰੀਰਾਂ ਕਰਦੇ ਹਨ। ਇਕ ਮੀਟਿੰਗ ਵਿਚ ਹਰੀ ਸਿੰਘ ਚਰਨ ਸੰਧੂ ਅਤੇ ਪਿਆਰੂ ਕਵੀਸ਼ਰੀ ਕਰਦੇ ਵਿਖਾਏ ਗਏ ਹਨ :

ਗ਼ਦਰ ਪਾਰਟੀ ਬੀੜਾ ਚੁੱਕਿਆ,
ਹਿੰਦ ਅਜ਼ਾਦ ਕਰਾਵਣ ਦਾ, ਹਿੰਦ ਅਜ਼ਾਦ ਕਰਾਵਣ ਦਾ
ਆਓ ਸ਼ੇਰੋ ਗ਼ਦਰ ਮਚਾਈਏ,
ਵੇਲਾ ਨਹੀਂ ਖੁੰਝਾਵਣ ਦਾ, ਵੇਲਾ ਨਹੀਂ ਖੁੰਝਾਵਣ ਦਾ,
ਫ਼ੌਜ ਬਥੇਰੀ ਪਾਸ ਅਸਾਡੇ, ਭਾਈ ਸਾਡੇ ਬੇੜਿਆਂ ਮੇਂ।
ਨਾਮ-ਕੱਟੇ ਤੇ ਕਈ ਰੀਜ਼ਰਵੀ ਵਧਦੇ ਨੱਗਰ ਖੇੜਿਆਂ ਮੇਂ
ਟੁਕੜੇ ਤੋਂ ਸਭ ਭੁੱਖੇ ਮਾਰਦੇ,
ਫ਼ਿਕਰ ਸੁਰਗ ਨੂੰ ਜਾਵਣ ਦਾ।
ਆਓ ਸ਼ੇਰੋ ਗ਼ਦਰ ਮਚਾਈਏ ਵੇਲਾ ਨਹੀਂ ਖੁੰਝਾਵਣ ਦਾ।

ਹਰੀ ਸਿੰਘ ਨੇ ਗ਼ਦਰ ਪਾਰਟੀ ਵਿਚ ਸ਼ਾਮਲ ਹੋ ਕੇ ਮਜ਼ਦੂਰੀ ਦਾ ਕੰਮ ਛੱਡ ਦਿੱਤਾ ਅਤੇ ਪੱਕੇ ਤੌਰ ਤੇ ਹੈੱਡ-ਕਵਾਟਰ, ਵਿਚ ਪਾਰਟੀ ਦਾ ਕੰਮ ਸ਼ੁਰੂ ਕਰ ਦਿੱਤਾ। ਉਹ ਗ਼ਦਰ ਅਖ਼ਬਾਰ ਦੀ ਸੰਪਾਦਕੀ ਵਿਚ ਹੱਥ ਵਟਾਉਂਦਾ ਅੰਗਰੇਜ਼ੀ ਤੋਂ ਪੰਜਾਬੀ ਉਲੱਥੇ ਕਰਦਾ ਤੇ ਲੋੜ ਪੈਣ ਤੇ ਪ੍ਰੈੱਸ ਵੀ ਚਲਾਉਂਦਾ। ਪਰ ਇਸ ਕੰਮ ਨਾਲ ਵੀ ਹਰੀ ਸਿੰਘ ਦੀ ਤਸੱਲੀ ਨਾ ਹੋਈ। ਕੁਝ ਚਿਰ ਪਿਛੋਂ ਉਹ ਪਾਰਟੀ ਦੇ ਹੁਕਮ ਨਾਲ ਗ਼ਦਰ ਵਾਸਤੇ ਇਕ ਹਥਿਆਰਾਂ ਦਾ ਭਰਿਆ ਜਹਾਜ਼ ਲੈ ਕੇ ਆਪਣੇ ਸਾਥੀਆਂ ਨਾਲ ਬਰਮਾ ਵਲ ਨੂੰ ਚੱਲ ਪਿਆ। ਪਰ ਅੰਗਰੇਜ਼ ਹਕੂਮਤ ਵੀ ਹਰ ਪਾਸੇ ਪੂਰੀ ਤਾੜ ਰਖਦੀ ਸੀ। ਉਹਨਾਂ ਨੇ ਜਾਵਾ ਦੀ ਡੱਚ ਹਕੂਮਤ ਨਾਲ ਮਿਲਕੇ ਜਹਾਜ਼ ਦੀ ਤਲਾਸ਼ੀ ਲਈ। ਹਰੀ ਸਿੰਘ ਨੂੰ ਯਕੀਨ ਹੋ ਗਿਆ ਕਿ ਹੁਣ ਉਨ੍ਹਾਂ ਸਭ ਨੂੰ ਫਾਂਸੀ ਹੋਵੇਗੀ ਤੇ ਉਹ ਗ਼ਦਰ ਵਿਚ ਕੋਈ ਹਿੱਸਾ ਨਹੀਂ ਪਾ ਸਕੇਗਾ। ਉਹ ਜਹਾਜ਼ ਤੋਂ ਬਾਹਰ ਨਲਕੇ ਤੋਂ ਪਾਣੀ ਲੈਣ ਗਿਆ ਤੇ ਓਥੇ ਹੀ ਮੌਕਾ ਤਾੜ ਕੇ ਨੱਸ ਗਿਆ। ਸ਼ਹਿਰੋਂ ਬਾਹਰ ਨਿਕਲਕੇ ਐਵੇਂ ਹੀ ਜਿਧਰ ਨੂੰ ਮੂੰਹ ਹੋਇਆ ਤੁਰਿਆ ਗਿਆ। ਇਕ ਡੱਚ ਫਾਰਮਰ ਨੇ ਉੱਚਾ ਲੰਮਾ ਜਵਾਨ ਵੇਖ ਕੇ ਆਪਣੇ ਫਾਰਮ ਉੱਤੇ ਕੰਮ ਦੇ ਦਿੱਤਾ। ਛੇਤੀ ਹੀ ਹਰੀ ਸਿੰਘ ਨੇ ਜਾਵਾ ਅਤੇ ਡੱਚ ਭਾਸ਼ਾਵਾਂ ਵੀ ਸਿੱਖ ਲਈਆਂ ਹੁਣ ਉਸਨੂੰ ਪੰਜਾਬੀ ਹਿੰਦੀ ਉਰਦੂ ਅੰਗਰੇਜ਼ੀ ਡੱਚ ਅਤੇ ਜਾਵਾ ਜ਼ੁਬਾਨਾਂ ਆਉਂਦੀਆਂ ਸਨ। ਉਸਦੀ ਪ੍ਰਤਿਭਾ ਵੇਖ ਕੇ ਡੱਚਾਂ ਨੇ ਉਹਨੂੰ ਬਾਕੀ 40-50 ਮਜ਼ਦੂਰਾਂ ਦਾ ਇੰਚਾਰਜ ਬਣਾ ਦਿੱਤਾ। ਹਰੀ ਸਿੰਘ ਬੱਦੋਵਾਲੀਆ,

ਵੈੱਲੀ, ਬਾਈ, ਕਵੀਸ਼ਰ ਤੋਂ ਬਦਲ ਕੇ ਹੁਣ ਹੈਰੀ ਬਣ ਗਿਆ ਸੀ। ਉਹ ਹਿੰਦੁਸਤਾਨੀ ਦੇਸ਼ ਭਗਤਾਂ ਨੂੰ ਮਿਲਣ ਲਈ ਚੋਰੀ ਛੁਪੇ ਸ਼ਹਿਰ ਵੀ ਜਾਂਦਾ-ਸ਼ਹਿਰ ਵਿਚ ਜਾਨਣ ਵਾਲੇ ਉਸਨੂੰ ਓਮ ਪ੍ਰਕਾਸ਼ ਦੇ ਨਾਂ ਨਾਲ ਜਾਣਦੇ ਸਨ।

ਏਥੇ ਰਹਿੰਦਿਆਂ ਹੀ ਹਰੀ ਸਿੰਘ ਦਾ ਮੇਲ ਇਕ ਜਾਵਾ ਦੀ ਮਜ਼ਦੂਰ ਔਰਤ ਸੁਮਿੱਤਰਾ ਨਾਲ ਹੋਇਆ। ਸੁਮਿੱਤਰਾ ਦਾ ਪਤੀ, ਸਰਦਾਰ ਅਲੀ ਰਾਵਲਪਿੰਡੀ ਦਾ ਗ਼ਦਰੀ ਸੀ ਜੋ ਅੰਗਰੇਜ਼ਾਂ ਤੋਂ ਬਚ ਕੇ ਕਿਵੇਂ ਨਾ ਕਿਵੇਂ ਜਾਵਾ ਪਹੁੰਚ ਗਿਆ ਸੀ। ਸਰਦਾਰ ਅਲੀ ਦੀ ਕਿਸੇ ਕਾਰਨ ਹਰੀ ਸਿੰਘ ਨਾਲ ਮੁਲਾਕਾਤ ਹੋਣ ਤੋਂ ਪਹਿਲਾਂ ਹੀ ਮੌਤ ਹੋ ਗਈ। ਸੁਮਿੱਤਰਾ ਨੇ ਸਰਦਾਰ ਅਲੀ ਦੀ ਹੀਰ ਦੀ ਕਿਤਾਬ ਅਤੇ ਪਾਸਪੋਰਟ ਹਰੀ ਸਿੰਘ ਨੂੰ ਦੇ ਦਿੱਤੇ। ਪਾਸਪੋਰਟ ਤੇ ਸਰਦਾਰ ਅਲੀ ਦਾ ਨਾਂ ਬਦਲਕੇ ਉਸਮਾਨ ਖਾਨ ਰੱਖਿਆ ਹੋਇਆ ਸੀ। ਪਿੱਛੋਂ ਹਰੀ ਸਿੰਘ ਨੇ ਸੁਮਿੱਤਰਾ ਦੀ ਇਕ ਰਿਸ਼ਤੇਦਾਰ ਕੁੜੀ ਫਾਤਮਾ ਨਾਲ ਵਿਆਹ ਕਰਵਾ ਲਿਆ ਅਤੇ ਆਪਣਾ ਨਾਮ ਵੀ ਹੈਰੀ ਤੋਂ ਬਦਲ ਤੇ ਉਸਮਾਨ ਖਾਨ ਰੱਖ ਲਿਆ। ਹਰੀ ਸਿੰਘ ਨੇ ਆਪਣੀ ਜਵਾਨੀ ਏਥੇ ਹੀ ਕਬੀਲਦਾਰੀ ਵਿਚ, ਬੱਚੇ ਪਾਲਦਿਆਂ ਅਤੇ ਖੇਤੀ ਕਰਦਿਆਂ ਬਿਤਾ ਦਿੱਤੀ। ਪਰ ਉਹ ਹਮੇਸ਼ਾ ਇਸ ਤਾੜ ਵਿਚ ਵੀ ਰਿਹਾ ਕਿ ਕਦੋਂ ਮੌਕਾ ਮਿਲੇ ਤੇ ਕਦੋਂ ਉਹ ਫੇਰ ਦੇਸ਼ ਦੀ ਜੰਗਿ-ਆਜ਼ਾਦੀ ਵਿਚ ਕੁਦ ਸਕੇ।

ਦੂਜੀ ਵੱਡੀ ਜੰਗ ਲੱਗਣ ਤੇ ਹਰੀ ਸਿੰਘ ਨੂੰ ਅਜਿਹਾ ਮੌਕਾ ਮਿਲ ਗਿਆ। ਉਹ ਉਸਮਾਨ ਖਾਨ ਦੇ ਨਾਮ ਹੇਠ ਜਾਵਾ ਤੋਂ ਬਰਮਾ ਪਹੁੰਚ ਗਿਆ ਤੇ ਦੱਖਣੀ ਪੂਰਬੀ ਏਸ਼ੀਆ ਵਿਚ ਅਜ਼ਾਦੀ ਦੀ ਜੰਗ ਲਈ ਜਵਾਨਾਂ ਨੂੰ ਜਥੇਬੰਦ ਕਰਨ ਲੱਗਾ। ਹੁਣ ਉਸਦਾ ਨਾਮ ਉਸਮਾਨ ਖਾਨ ਤੋਂ ਬਦਲ ਕੇ ਹਰੀ ਸਿੰਘ ਉਸਮਾਨ ਹੋ ਗਿਆ ਸੀ। ਏਥੇ ਹੀ ਉਸਨੂੰ ਆਪਣੇ ਪੁਰਾਣੇ ਦੋਸਤ ਪਿਆਰੂ ਤੇ ਮੀਰੂ ਮਿਲ ਗਏ ਜੋ ਉਸਮਾਨ ਦੀ ਪ੍ਰੇਰਣਾ ਨਾਲ ਗ਼ਦਰ ਵਿਚ ਹਿੱਸਾ ਲੈਣ ਲਈ ਹਿੰਦੋਸਤਾਨ ਚਲੇ ਗਏ। ਉਸਮਾਨ ਨੇ ਜਵਾਨਾਂ ਨੂੰ ਫ਼ੌਜੀ ਟ੍ਰੇਨਿੰਗ ਦੇਣ ਲਈ ਸੈਂਟਰ ਖੋਲ੍ਹੇ। ਅੰਗਰੇਜ਼ਾਂ ਵਿਰੁੱਧ ਮੋਰਚੇ ਉੱਤੇ ਉਸ ਦਾ ਵੱਡਾ ਮੁੰਡਾ ਮਾਰਿਆ ਗਿਆ ਪਰ ਉਸਮਾਨ ਹੌਸਲਾ ਨਾ ਹਾਰਿਆ ਅਤੇ ਖ਼ੁਸ਼ੀ ਨਾਲ ਆਪਣੇ ਛੋਟੇ ਮੁੰਡੇ ਨੂੰ ਮੋਰਚੇ 'ਤੇ ਭੇਜਣ ਲਈ ਤਿਆਰ ਕਰਨ ਲੱਗਾ। ਹਿੰਦੋਸਤਾਨ ਆਜ਼ਾਦ ਹੋ ਗਿਆ। ਪਿਆਰੂ ਤੇ ਮੀਰੂ ਨੂੰ ਗ਼ਦਰ ਕੇਸ ਵਿਚ ਹੋਈ ਉਮਰ ਕੈਦ ਟੁੱਟ ਗਈ ਪਰ ਹੁਣ ਬੁਢਾਪੇ ਵਿਚ ਉਹਨਾਂ ਕੋਲ ਲੁਧਿਆਣੇ ਇਕ ਜੁੱਲੀ ਸੀ, ਇਕ ਮੰਜੀ ਅਤੇ ਦੋਵੇਂ ਵਾਰੀ ਵਾਰੀ ਇਕੋ ਰਿਕਸ਼ਾ ਵਾਹੁੰਦੇ ਸਨ। ਇਕ ਸ਼ਾਮ ਬਾਬਾ ਹਰੀ ਸਿੰਘ ਉਸਮਾਨ ਵੀ ਬੱਦੋਵਾਲ ਆਪਣੇ ਘਰ ਆ ਗਿਆ। ਪਿਆਰੂ ਤੇ ਮੀਰੂ ਪਹਿਲਾਂ ਹੀ ਉਸਦੇ ਘਰ ਆਏ ਬੈਠੇ ਸਨ। ਉਹ ਤਿੰਨੇ ਆਪਣੇ ਦੇਸ਼ ਦੀ ਧਰਤੀ ਉੱਤੇ ਪਹਿਲੀ ਵਾਰ

ਮਿਲੇ ਸਨ। ਸਾਰੀ ਰਾਤ ਉਹ ਅਜ਼ਾਦੀ ਸੰਗਰਾਮ ਦੀਆਂ, ਆਪਣੇ ਸ਼ਹੀਦ ਹੋਏ ਸਾਥੀਆਂ ਦੀਆਂ ਗੱਲਾਂ ਕਰਦੇ ਰਹੇ। ਪਹੁਫ਼ਟਾਲੇ ਵੇਲੇ ਮੀਰੂ ਨੇ ਪੁੱਛਿਆ।

'ਬਾਈ ਫੇਰ ਸਾਡੀ ਰਹਿੰਦੀ ਉਮਰ ਰਿਕਸ਼ਾ ਵਾਹੁੰਦਿਆਂ ਹੀ ਲੰਘੂ?' ਤੇ ਪਿਆਰੂ ਨੇ ਕਿਹਾ 'ਬਾਈ ਮੈਨੂੰ ਤਾਂ ਏਹ ਆਪਣਾ ਦੇਸ਼ ਵੀ ਹੁਣ ਪਰਾਇਆ ਪਰਾਇਆ ਲਗਦੈ' ਕਹਿੰਦਿਆਂ ਕਹਿੰਦਿਆਂ ਪਿਆਰੂ ਦੀਆਂ ਅੱਖਾਂ ਵਿਚ ਹੰਝੂ ਉਛਲ ਆਏ।

ਬਾਬਾ ਬੋਲਿਆ 'ਜੰਮੇ ਅਸੀਂ ਇਸ ਭੋਇੰ ਤੇ। ਪਹਿਲਾਂ ਮਜ਼ਦੂਰੀ ਲਭਦਿਆਂ ਤੇ ਫੇਰ ਅਜ਼ਾਦੀ ਦੀ ਜੰਗ ਲੜਦਿਆਂ ਕਈ ਦੇਸ਼ ਗਾਹੇ, ਘਾਟ ਘਾਟ ਦਾ ਪਾਣੀ ਪੀਤਾ, ਕਈ ਪੱਤਣ ਤਰੇ ਜਦ ਸਰੀਰ ਖੀਣ ਤੇ ਆਇਆ ਤਾਂ ਜਨਮ ਭੋਇੰ ਦੇ ਦਰਸ਼ਨ ਨਸੀਬ ਹੋਏ। ਮੇਰਾ ਤਾਂ ਕਈ ਵਾਰ ਜੀਅ ਕਰਦੈ, ਵਾਪਸ ਜਾਵਾ ਹੀ ਚਲਿਆ ਜਾਵਾਂ। ਏਥੇ ਨ ਸਾਨੂੰ ਕੋਈ ਜਾਣੇ ਨ ਪਛਾਣੇ।'

ਅਖ਼ੀਰ ਤੇ ਬਾਬਾ ਭਾਵੇਂ ਪਿਆਰੂ ਤੇ ਮੀਰੂ ਨੂੰ ਹੌਸਲਾ ਦਿੰਦਾ ਹੈ ਕਿ ਦੇਸ਼ ਵਿਚ ਸੱਚੀ ਅਜ਼ਾਦੀ ਲਿਆਉਣ ਲਈ ਫੇਰ ਕੁੱਦ ਪਈਏ ਪਰ ਨਾਵਲ ਅਸਲ ਵਿਚ ਇਸੇ ਟ੍ਰੈਜਿਡੀ 'ਤੇ ਹੀ ਖ਼ਤਮ ਹੁੰਦਾ ਹੈ ਕਿ ਜਿਨ੍ਹਾਂ ਸੂਰਬੀਰਾਂ ਨੇ ਦੇਸ਼ ਦੀ ਅਜ਼ਾਦੀ ਲਈ ਉਮਰਾਂ ਗਾਲ ਦਿੱਤੀਆਂ, ਮੌਤ ਦੇ ਮੂੰਹੋਂ ਸਬੱਬ ਨਾਲ ਹੀ ਬਚੇ, ਜਦੋਂ ਅਜ਼ਾਦੀ ਮਿਲੀ ਤਾਂ ਉਹਨਾਂ ਨੂੰ ਨੰ ਕੋਈ ਜਾਣਦਾ ਹੈ ਨ ਕੋਈ ਪਛਾਣਦਾ।

ਤੇ ਇਸ ਟ੍ਰੈਜਿਡੀ ਦਾ ਬੋਝ ਸ਼ਾਇਦ ਸਾਡੇ ਮਨਾਂ ਉੱਤੇ ਸਦਾ ਹੀ ਰਹਿੰਦਾ ਜੇ ਕੇਸਰ ਸਿੰਘ ਜੀ ਹੋਰੀਂ ਇਹ ਨਾਵਲ ਨਾ ਲਿਖਦੇ। ਹੁਣ ਇਸ ਨਾਵਲ ਰਾਹੀਂ ਅਸੀਂ ਆਪਣਾ ਕਰਜ਼ ਕੁਝ ਹੱਦ ਤੱਕ ਉਤਾਰ ਦਿੱਤਾ ਹੈ। ਹਰੀ ਸਿੰਘ ਉਸਮਾਨ, ਪਿਆਰੂ ਤੇ ਮੀਰੂ ਤੇ ਉਹਨਾਂ ਦੇ ਹੋਰ ਸਾਥੀ ਹੁਣ ਅਣਪਛਾਣੇ ਨਹੀਂ ਰਹੇ ਸਗੋਂ ਸਦਾ ਲਈ ਅਮਰ ਹੋ ਗਏ ਹਨ। ਤੇ ਇਸ ਮਹਾਨ ਕਾਰਜ ਲਈ ਅਸੀਂ ਸਾਰੇ ਕੇਸਰ ਸਿੰਘ ਜੀ ਹੋਰਾਂ ਦੇ ਰਿਣੀ ਹਾਂ।

ਅਮਰ ਸ਼ਹੀਦ ਮਦਨ ਲਾਲ ਢੀਂਗਰਾ

-ਅਮਰਜੀਤ ਸੂਫੀ

ਗਿਆਨੀ ਕੇਸਰ ਸਿੰਘ ਕੇਵਲ ਬਜ਼ੁਰਗ ਨਾਵਲਕਾਰ ਹੀ ਨਹੀਂ ਹਨ ਉਹ ਖ਼ੁਦ ਸੁਤੰਤਰਤਾ ਸੰਗਰਾਮੀਏ ਹਨ ਜਿਨ੍ਹਾਂ ਆਜ਼ਾਦ ਹਿੰਦ ਫ਼ੌਜ ਵਿਚ ਜਿੰਮੇ ਲੱਗੇ ਫਰਜ਼ਾਂ ਨੂੰ ਨਿਰਭੈਤਾ ਅਤੇ ਕੁਸ਼ਲਤਾ ਨਾਲ ਨਿਭਾ ਕੇ ਆਜ਼ਾਦੀ ਦੀ ਜਿੱਤ ਵਿਚ ਹਿੱਸਾ ਪਾਇਆ ਹੈ। ਜੇ ਇਉਂ ਕਹਿ ਲਈਏ ਕਿ ਗਿਆਨੀ ਜੀ ਦਾ ਨਾਵਲਕਾਰ ਦੇ ਰੂਪ ਵਿਚ ਉਭਰਨਾ ਉਹਨਾਂ ਦੇ ਦਿਲ ਵਿਚ ਕੁੱਟ ਕੁੱਟ ਕੇ ਭਰੀ ਅਤੇ ਹੰਢਾਈ ਦੇਸ਼ ਭਗਤੀ ਦਾ ਠਾਠਾਂ ਮਾਰਦਾ ਉਤਸ਼ਾਹ ਹੈ ਤਾਂ ਇਹ ਗਲਤ ਨਹੀਂ ਹੈ। ਅਸੀਂ ਦੇਖ ਸਕਦੇ ਹਾਂ ਕਿ ਇਹ ਦੇਸ਼ ਭਗਤੀ ਦਾ ਜਜ਼ਬਾ ਉਨ੍ਹਾਂ ਦੇ ਸੁਆਸਾਂ ਦਾ ਹੀ ਅੰਗ ਬਣ ਗਿਆ ਜਿਸ ਦਾ ਰੂਪ ਉਹਨਾਂ ਵਲੋਂ ਦੇਸ਼ ਭਗਤਾਂ ਦੇ ਜੀਵਨਾਂ ਨੂੰ ਨਾਵਲ ਰੂਪ ਵਿਚ ਚਿਤਰਨ ਤੋਂ ਸਪੱਸ਼ਟ ਹੋ ਜਾਂਦਾ ਹੈ।

ਉਹਨਾਂ ਦੇਸ਼ ਤੋਂ ਬਾਹਰ, ਆਜ਼ਾਦੀ ਤੋਂ ਪਹਿਲਾਂ ਅਤੇ ਮਗਰੋਂ, ਘਰੇਲੂ ਅਤੇ ਸਮਾਜੀ ਜ਼ਿੰਮੇਵਾਰੀਆਂ ਨੂੰ ਨਿਭਾਉਂਦਿਆਂ ਹੋਰ ਹੋਰ ਜੀਵਨ ਤਜਰਬਾ ਪ੍ਰਾਪਤ ਕਰਦਿਆਂ ਆਪਣੀ ਦੇਸ਼ ਭਗਤੀ ਦੀ ਚਾਹ ਨੂੰ ਮੱਠਾ ਨਹੀਂ ਹੋਣ ਦਿੱਤਾ ਸਗੋਂ ਉਸ ਨੂੰ ਹੋਰ ਵਧੇਰੇ ਪੱਕਾ ਕਰਕੇ ਦੇਸ਼ ਵਾਸੀਆਂ ਵਿਚ ਲੇਖਣੀ ਦੁਆਰਾ ਪ੍ਰਚਾਰਿਆ ਹੈ। ਉਹਨਾਂ ਦੇ ਰਚੇ ਨਾਵਲ 'ਲਹਿਰ ਵਧਦੀ ਗਈ', 'ਜੰਗੀ ਕੈਦੀ', 'ਸ਼ਹੀਦ ਊਧਮ ਸਿੰਘ', 'ਬਾਬਾ ਹਰੀ ਸਿੰਘ ਉਸਮਾਨ', 'ਅਮਰ ਸ਼ਹੀਦ ਮਦਨ ਲਾਲ ਢੀਂਗਰਾ' ਅਤੇ 'ਸ਼ਹੀਦ ਮੇਵਾ ਸਿੰਘ' ਇਸ ਤੱਥ ਦੀ ਪੁਸ਼ਟੀ ਕਰਦੇ ਹਨ।

ਸਾਰੇ ਨਾਵਲਾਂ ਦਾ ਵਿਸ਼ਾ ਬਦੇਸ਼ਾਂ ਵਿਚ ਵਸਦੇ ਦੇਸ਼ ਭਗਤ ਭਾਰਤੀ ਲੋਕਾਂ ਵਿਚ ਦੇਸ਼ ਦੀ ਆਜ਼ਾਦੀ ਦੀ ਪ੍ਰਾਪਤੀ ਦੀ ਤਾਂਘ ਅਤੇ ਦੇਸ਼ ਦੇ ਅੰਗਰੇਜ਼ ਸਾਮਰਾਜੀ ਹਾਕਮਾਂ ਲਈ ਨਫ਼ਰਤ ਦਾ ਜਜ਼ਬਾ ਹੈ, ਦੇਸ਼ ਭਗਤੀ ਅਤੇ ਕੁਰਬਾਨੀ ਦੇ ਇਸ ਪਵਿੱਤਰ ਜਜ਼ਬੇ ਵਿਚ ਭਾਵੇਂ ਹਮੇਸ਼ਾ ਹੀ ਭਾਵਕਤਾ ਦਾ ਆਵੇਸ਼ ਹੁੰਦਾ ਹੈ ਪਰ ਇਸ ਦਾ ਰੂਪ ਅੰਧਾ-ਧੁੰਦ ਜਨੂੰਨ ਤੋਂ ਕਿਧਰੇ ਵੱਖਰਾ ਹੁੰਦਾ ਹੈ।

ਇਹਨਾਂ ਨਾਵਲਾਂ ਦੇ ਦੇਸ਼ ਭਗਤ ਪਾਤਰਾਂ ਅਤੇ ਸ਼ਹੀਦਾਂ ਨੇ ਆਪਣੇ ਜੀਵਨ ਤਜਰਬੇ ਵਿਚ ਹੰਢਾ ਕੇ ਵੇਖਿਆ ਹੈ ਕਿ ਗੁਲਾਮਾਂ ਦਾ ਜੀਵਨ ਕੋਈ ਜੀਵਨ ਨਹੀਂ ਹੁੰਦਾ ਅਜਿਹੇ ਘਟੀਆ ਜੀਵਨ ਨਾਲੋਂ ਮੌਤ ਸੌਆਂ ਦਰਜੇ ਚੰਗੀ ਸਮਝੀ ਹੈ। ਉਸ ਸਮੇਂ ਦੇ ਭਾਰਤ ਦੇ ਸਮਾਜੀ ਹਾਲਾਤ, ਅਣਪੜ੍ਹਤਾ ਜਾਗੀਰੂ ਦਾਬੇ ਤੇ ਸਰਕਾਰੀ ਮੁਲਾਜ਼ਮਤਾਂ ਦੇ ਲਾਲਚਾਂ ਨੂੰ ਠੁਕਰਾਉਂਦਿਆਂ ਦੇਸ ਦੇ ਲੋਕਾਂ ਵਿਚ ਜਾਗਰਤੀ ਲਿਆਉਣ ਲਈ ਆਪਣੀ ਸੂਝ-ਬੂਝ ਅਤੇ ਕਰੜੇ ਕੁਰਬਾਨੀ ਭਰੇ ਜਫ਼ਰ ਜਾਲ ਕੇ ਉਹਨਾਂ ਜੋ ਕੁਝ ਕੀਤਾ, ਕਈ ਘਾਟਾਂ ਦੇ ਬਾਵਜੂਦ ਵੀ ਉਸ ਅੱਗੇ ਬਿਨਾਂ ਕਿੰਤੂ ਕੀਤਿਆਂ, ਸਤਿਕਾਰ ਨਾਲ ਸਾਡਾ ਸਿਰ ਝੁਕ ਜਾਂਦਾ ਹੈ, ਕਿਉਂਕਿ ਉਨ੍ਹਾਂ ਆਪਣੀਆਂ ਜਾਨਾਂ ਕੁਰਬਾਨ ਕਰਨ ਦੇ ਪਰਣ ਲੈ ਕੇ ਤੋੜ ਨਿਭਾਏ। ਉਹਨਾਂ ਦੀਆਂ ਸ਼ਹਾਦਤਾਂ ਨੂੰ ਹਜ਼ਾਰਾਂ ਨੌਜੁਆਨਾਂ ਅਤੇ ਆਮ ਲੋਕਾਂ ਵਿਚ ਅੰਗਰੇਜ਼ ਹਕੂਮਤ ਵਿਰੁੱਧ ਨਫ਼ਰਤ ਭਰਕੇ ਦੇਸ਼ ਭਗਤੀ ਦਾ ਜਾਗ ਲਾਇਆ, ਜਿਸ ਕੌਮੀ ਆਜ਼ਾਦੀ ਦੀ ਲਹਿਰ ਨੂੰ ਵਿਸ਼ਾਲ ਬਣਾ ਦਿੱਤਾ।

ਗਿਆਨੀ ਜੀ ਰਚਿਤ ਨਾਵਲਾਂ ਦੀ ਹੋਰ ਇਤਿਹਾਸਕ ਨਾਵਲਾਂ ਨਾਲੋਂ ਇਕ ਵਿਲੱਖਣਤਾ ਇਹ ਹੈ ਕਿ ਪੰਜਾਬੀ ਵਿਚ ਰਚੇ ਹੋਰ ਇਤਿਹਾਸਕ ਨਾਵਲਾਂ ਦਾ ਕਰਮ ਖੇਤਰ ਮੁਖ ਤੌਰ ਤੇ ਭਾਰਤ ਹੀ ਹੈ ਜਦੋਂ ਕਿ ਗਿਆਨੀ ਜੀ ਦੇ ਨਾਵਲਾਂ ਦਾ ਖੇਤਰ, ਏਸ਼ੀਆ, ਯੂਰਪ ਅਤੇ ਅਮਰੀਕਾ ਕਨੇਡਾ ਹੈ। ਇਸ ਤਰ੍ਹਾਂ ਇਹ ਨਾਵਲ ਭਾਰਤ ਦੀ ਕੌਮੀ ਆਜ਼ਾਦੀ ਦੇ ਘੋਲ ਨੂੰ ਅੰਤਰਰਾਸ਼ਟਰੀ ਪਿੜ ਵਿਚ ਹੋਈਆਂ ਸਰਗਰਮੀਆਂ ਨੂੰ ਅੰਕਤ ਕਰਦੇ ਹਨ।

ਸ਼ਹੀਦ ਮਦਨ ਲਾਲ ਢੀਂਗਰਾ, ਡਾ.ਸਾਹਿਬ ਦਿੱਤਾ ਮਲ ਦੇ ਘਰ 18 ਫਰਵਰੀ 1883 ਨੂੰ ਅੰਮ੍ਰਿਤਸਰ ਵਿਖੇ ਜਨਮੇਂ। ਡਾ. ਸਾਹਿਬ ਦਾ ਪਰਵਾਰ ਹਕੂਮਤ ਦੇ ਅਫ਼ਸਰਾਂ ਤਕ ਚੰਗੀ ਰਸਾਈ ਰੱਖਦਾ ਸੀ ਜਿਸ ਦਾ ਅੰਗਰੇਜ਼ ਵਿਰੋਧੀ ਕਿਸੇ ਵਿਅਕਤੀ ਜਾਂ ਸੰਸਥਾ ਨਾਲ ਕਦੇ ਕੋਈ ਸੰਬੰਧ ਨਹੀਂ ਸੀ। ਜਿਸ ਕਰਕੇ ਮਦਨ ਲਾਲ ਬੱਚਪਨ ਵਿਚ ਰਈਸਾਂ ਵਾਲੇ ਮਹੌਲ ਵਿਚ ਪਲਿਆ ਹੋਣ ਕਰਕੇ ਦੇਸ਼ ਦੀ ਆਜ਼ਾਦੀ, ਅੰਗਰੇਜ਼ ਹਕੂਮਤ ਦੇ ਜ਼ੁਲਮਾਂ ਆਦਿ ਬਾਰੇ ਕੁਝ ਵੀ ਨਹੀਂ ਜਾਣਦਾ ਸੀ।

ਪ੍ਰੰਤੂ ਉਸ ਦੇ ਲੰਡਨ ਪੜ੍ਹਨ ਜਾਣ ਦੇ ਫ਼ੈਸਲੇ ਕਾਰਨ ਉਸ ਨੂੰ ਬੰਬਈ ਤੋਂ ਇੰਗਲੈਂਡ ਤੱਕ ਪਹੁੰਚਣ ਦੇ ਜਹਾਜ਼ ਦੇ ਸਫ਼ਰ ਵਿਚ ਵਾਪਰੀਆਂ ਘਟਨਾਵਾਂ ਨੇ, ਮਾਨਸਕ ਤੌਰ ਤੇ ਝੰਜੋੜ ਦਿੱਤਾ। ਉਹ ਪਿਆਰੇ ਦੇਸ਼ ਤੋਂ ਵੱਖ ਹੋਇਆ ਘਰ, ਮਾਂ, ਮਿੱਤਰਾਂ, ਆਂਢ-ਗੁਆਂਢ ਦੀ ਮਮਤਾ ਦੇ ਮੋਹ ਵਿਚ ਉਦਾਸ ਹੋ ਜਾਂਦਾ ਹੈ। ਉਹ ਮਾਤ ਭੂਮੀ ਤੋਂ ਵੱਖ ਹੋਣ ਤੇ ਜਹਾਜ਼ ਦੇ ਪਲੋ ਪਲ ਦੂਰ ਹੋਂਦੇ ਜਾਣ ਨੂੰ, ਮਜਬੂਰਨ ਦਿਲ ਉਤੇ ਪੱਥਰ ਰੱਖ ਕੇ ਹੀ ਬਰਦਾਸ਼ਤ ਕਰ ਸਕਿਆ।

ਅਦਨ, ਪੋਰਟ ਸੱਯਦ, ਰੋਟਰਡਮ ਤੱਕ ਪਹੁੰਚਦਿਆਂ ਉਸ ਜਹਾਜ਼ ਵਿਚ ਗੋਰਿਆਂ ਲਈ ਵੱਖਰਾ ਪਾਸਾ ਕਾਲਿਆਂ ਲਈ ਵੱਖਰਾ, ਗੋਰੇ ਮੁਸਾਫ਼ਰ ਟੌਮ ਵਲੋਂ ਇਕ ਨਿੱਕੀ ਬੇੜੀ ਵਾਲੇ ਤੋਂ ਸਮਾਨ ਖਰੀਦ ਕੇ ਪੈਸੇ ਨਾ ਦੇਣੇ, ਉਸ ਉਪਰ ਗਲੋਰੀਆ, ਟੌਮ ਦੀ ਮਿੱਤਰ ਕੁੜੀ ਦਾ ਰੁਸ ਜਾਣਾ, ਇਕ ਜੇਮਜ਼ ਨਾਂ ਦੇ ਗੋਰੇ ਨੇ ਟੌਮ ਦੇ ਮੂੰਹ ਤੇ ਘਸੁੰਨ ਜੜ ਦੇਣਾ, ਇਸ ਗੱਲਬਾਤ ਵਿਚ ਭਾਰਤੀਆਂ ਨੂੰ ਸਪੇਰੇ, ਜਾਦੂਗਰ, ਮੰਗਤੇ, ਠੱਗ, ਜੋਤਸ਼ੀ ਆਦਿ ਦੀ ਮਨੌਤ ਦੀਆਂ ਗੱਲਾਂ ਨੇ ਮਦਨ ਲਾਲ ਨੂੰ ਮਾਨਸਕ ਤੌਰ ਤੇ ਦੁਖੀ ਕੀਤਾ।

ਮੁਢ ਵਿਚ ਇਕ ਬੰਗਾਲੀ ਦਾਦਾ ਮਦਨ ਨੂੰ ਕਹਿੰਦਾ ਹੈ ਕਿ 'ਅਜੇ ਜਾ ਕੇ ਵੇਖੇਂਗਾ ਹੋਟਲਾਂ ਦੇ ਬਾਹਰ ਲਿਖਿਆ ਹੋਇਆ ਹੈ ਹਿੰਦੁਸਤਾਨੀਆਂ ਤੇ ਕੁੱਤਿਆਂ ਦਾ ਅੰਦਰ ਆਉਣਾ ਮਨ੍ਹਾ ਹੈ।' ਇਸ ਗੱਲ ਦਾ ਰਾਹ ਵਿਚ ਵਾਪਰੀ ਹਰ ਘਟਨਾ ਨੂੰ ਗੰਭੀਰਤਾ ਨਾਲ ਨੋਟ ਕਰਨ ਵਿਚ ਮਦਨ ਦੇ ਮਨ 'ਤੇ ਅਚੇਤ ਹੀ ਅਸਰ ਪਾਇਆ।

ਰੋਟਰਡਮ (ਹਾਲੈਂਡ) ਵਿਚ ਜਹਾਜ਼ ਰੁਕਣ ਸਮੇਂ ਜਦੋਂ ਏਸ਼ੀਅਨ ਲਿਬਾਸ ਵਿਚ ਕੁਝ ਮਜ਼ਦੂਰਾਂ ਨੂੰ ਮਦਨ, ਉਸ ਦੇ ਮਿੱਤਰ ਰਾਜਿੰਦਰ ਅਤੇ ਇਕ ਹੋਰ ਮੁਸਾਫਰ ਅਬਦੁਲਾ ਨੇ ਦੇਖਿਆ ਤਾਂ ਉਨ੍ਹਾਂ ਨੂੰ ਪਤਾ ਲਗਦਾ ਹੈ ਕਿ ਇਨ੍ਹਾਂ ਲੋਕਾਂ ਨੂੰ ਇੰਡੋਨੇਸ਼ੀਆ ਦੇ ਇਕ ਟਾਪੂ ਲੋਮਬੋਕ ਤੋਂ ਲਾਲਚ ਦੇ ਕੇ ਕੁਝ ਡੱਚ ਵਪਾਰੀ ਲੈ ਆਏ ਹਨ ਜਿਹਨਾਂ ਨੂੰ ਉਹ ਜਾਵਾਮੈਨ ਕਹਿੰਦੇ ਹਨ। ਉਨ੍ਹਾਂ ਦੀਆਂ ਉਦਾਸ ਅੱਖਾਂ ਤੇ ਉਦਾਸ ਚਿਹਰਿਆਂ ਵੱਲ ਵੇਖ ਕੇ ਮਦਨ ਦਾ ਮਨ ਭਰ ਆਉਂਦਾ ਹੈ। ਜੇਮਜ਼ ਨਾਂ ਦਾ ਮੁਸਾਫਰ ਇਹਨਾਂ ਦੀ ਦਸ਼ਾ ਬਾਰੇ ਪੁਛ ਸੁਆਲਾਂ ਦੇ ਬਾਰੇ ਜੁਆਬ ਦਿੰਦਾ ਕਹਿੰਦਾ ਹੈ : 'ਜਿਹੜੇ ਲੋਕ ਜਾਵਾ ਮੈਨਾ ਨੂੰ ਲੈ ਕੇ ਆਉਂਦੇ ਹਨ, ਉਹ ਲੋਕ ਵੱਡੀਆਂ-ਵੱਡੀਆਂ ਜ਼ਮੀਨਾਂ ਦੇ ਮਾਲਕ ਕਾਰਖਾਨਿਆਂ ਦੇ ਮਾਲਕ, ਕਾਨਾ ਦੇ ਮਾਲਕ, ਜਹਾਜ਼ਾਂ ਦੇ ਮਾਲਕ ਤੇ ਨਵੀਆਂ ਬਸਤੀਆਂ ਵਿਚ ਲੁੱਟ ਖਸੁੱਟ ਕਰਨ ਵਾਲੇ।' ਅਗੋਂ ਜੇਮਜ਼ ਹੋਰ ਕਹਿੰਦਾ ਹੈ ਕਿ ਤੁਸੀਂ ਸ਼ਾਇਦ ਸਮਝਦੇ ਹੋਵੋਗੇ ਯੂਰਪ ਦੇ ਸਾਰੇ ਲੋਕ ਹੀ ਅਮੀਰ ਹਨ ਕਿਉਂਕਿ ਉਹ ਦੂਜੇ ਦੇਸ਼ਾਂ ਉਪਰ ਰਾਜ ਕਰਦੇ ਹਨ ਅਜਿਹੀ ਕੋਈ ਗੱਲ ਨਹੀਂ ਹੈ ਉਹ ਸਪੱਸ਼ਟ ਕਰਦਾ ਹੈ :

"ਥੋੜ੍ਹੇ ਜਿਹੇ ਖਾਨਦਾਨ ਮਿਹਨਤੀ ਮਜ਼ਦੂਰਾਂ ਦੀ ਕਿਰਤ ਉਤੇ ਪਲਦੇ ਹਨ।"

ਜੇਮਜ਼ ਦੇ ਇਹਨਾਂ ਸਪੱਸ਼ਟ ਵਿਚਾਰਾਂ ਨੇ ਮਦਨ ਦੇ ਮਨ ਦੀ ਦਸ਼ਾ ਨੂੰ ਜ਼ਰੂਰ ਹੀ ਟੁੰਬਿਆ ਹੋਵੇਗਾ ਅਤੇ ਉਮਰ ਭਰ ਲਈ ਸੋਚਣ ਲਈ ਇਕ ਸਵਾਲ ਖੜ੍ਹਾ ਕਰ ਦਿੱਤਾ।

ਅੱਗੇ ਨਾਵਲ ਦਾ ਦੂਜਾ ਹਿੱਸਾ ਉਸਰਦਾ ਹੈ ਜਦੋਂ ਮਦਨ ਲੰਡਨ ਪੁਜ

ਜਾਂਦਾ ਹੈ ਉਹ ਕੁਝ ਇਸ ਵਿਚ ਹੀ ਹਰ ਚੀਜ਼ ਦੇਖਣੀ ਚਾਹੁੰਦਾ ਹੈ ਉਸ ਨੇ ਰੌਣਕ ਵਾਲੇ ਸਾਫ਼ ਸੁਥਰੇ ਬਾਜ਼ਾਰਾਂ, ਮਹਿਲ, ਪਾਰਲੀਮੈਂਟ ਬਿਲਡਿੰਗ, ਪਾਰਕਾਂ ਦੀ ਚਹਿਲ ਪਹਿਲ ਰੌਣਕ ਆਦਿ ਵੇਖਕੇ ਸਵਰਗ ਵਿਚ ਪਹੁੰਚ ਗਿਆ ਹੀ ਮਹਿਸੂਸ ਕੀਤਾ।

ਲੰਡਨ ਦੀ ਚਮਕ ਦਮ ਦੇ ਜਲੌ ਨੇ ਮਦਨ ਦੀ ਬੁੱਧੀ ਉਪਰ ਜਹਾਜ਼ ਦੇ ਸਫ਼ਰ ਦੌਰਾਨ ਪਏ ਪ੍ਰਭਾਵਾਂ ਨੂੰ ਇਕ ਵਾਰ ਇਉਂ ਉਡਾ ਦਿੱਤਾ ਜਿਵੇਂ ਹਵਾ ਦਾ ਬੁੱਲਾ ਸੁੱਕੇ ਪੱਤਰਾਂ ਨੂੰ। ਉਹ ਸੋਚਦਾ ਹੈ ਕਿ ਅੰਗਰੇਜ਼ਾਂ ਵਾਂਗ ਰਹਿਣ ਲਈ ਵਲੈਤੀ ਸੂਟ, ਵਲੈਤੀ ਡਾਨਸ ਅਤੇ ਵਲੈਤੀ ਢੰਗ ਨਾਲ ਖਾਣ ਸਿੱਖਣਾ ਚਾਹੀਦਾ ਹੈ।

ਪਰੰਤੂ ਛੇਤੀ ਹੀ ਉਸ ਦੇ ਨਿੱਜੀ ਤਜੁਰਬੇ ਦੇ ਆਧਾਰ ਤੇ ਜਹਾਜ਼ ਦੇ ਸਫ਼ਰ ਦੌਰਾਨ ਪੈਦਾ ਹੋਏ ਅੰਗਰੇਜ਼ਾਂ ਦੇ ਭੇਦ ਭਾਵ ਅਤੇ ਗਰੀਬਾਂ ਪ੍ਰਤੀ ਹਮਦਰਦੀ ਜਾਗ ਉਠਦੀ ਹੈ। ਉਹ ਆਪਣੇ ਅੰਦਰ ਦੇ ਵਿਚਾਰਾਂ ਨਾਲ ਬਹਿਸਾਂ ਕਰਦਾ ਅਤੇ ਹੋਰ ਦੋਸਤਾਂ ਮਿੱਤਰਾਂ ਨਾਲ ਮਿਲਣ ਕਾਰਨ ਕਾਫ਼ੀ ਸੰਜੀਦਾ ਹੋ ਜਾਂਦਾ ਹੈ ਜਿਸ ਕਾਰਨ ਹੀ ਉਹ ਆਪਣੇ ਦੋਸਤ ਰਾਜੂ ਨਾਲ ਜਦੋਂ ਲੰਡਨ ਵਾਟਰ ਦੇਖਦਾ ਹੈ ਤਾਂ ਉਸ ਨੂੰ 'ਕਤਲਗਾਹ' ਕਹਿੰਦਾ ਹੈ ਪਰ ਰਜਿੰਦਰ 'ਸ਼ਹੀਦ-ਗੰਜ' ਕਹਿੰਦਾ ਹੈ। ਮਦਨ ਦੀ ਪ੍ਰੀਭਾਸ਼ਾ ਵਿਚ ਲੇਖਕ ਦਸਦਾ ਹੈ "ਸ਼ਹੀਦ-ਗੰਜ ਤਾਂ ਉਹ ਹੁੰਦਾ ਹੈ ਜਿਥੇ ਆਪਣੇ ਭਰੋਸੇ, ਆਪਣੇ ਨਿਸ਼ਚੇ ਤੇ ਆਪਣੇ ਅਸੂਲ ਦੀ ਪਾਲਣਾ ਕਰਦੇ ਹੋਏ ਸੂਰਮੇਂ ਆਪਣੀ ਕੁਰਬਾਨੀਆਂ ਦੇਣ" ਪਰੰਤੂ ਰਾਜੂ ਵਾਕਟਰ ਹੈਲੇ, ਰਾਣੀ ਐਨ ਬੋਲੀਨ, ਰਾਣੀ ਕੈਥਰੀਨ ਵਰਗੇ ਬੇਗੁਨਾਹਾਂ ਨੂੰ ਕਤਲ ਕੀਤੇ ਜਾਣ ਕਰਕੇ ਸ਼ਹੀਦ-ਗੰਜ ਕਹਿੰਦਾ ਹੈ। ਮਦਨ ਸਪੱਸ਼ਟ ਕਰਦਾ ਹੈ ਕਿ 'ਮਕਤੂਲ' ਨਾਲ ਮੇਰੀ ਹਮਦਰਦੀ ਹੈ ਪਰ ਉਹਨਾਂ ਨੂੰ ਸ਼ਹੀਦੀ ਦਾ ਦਰਜਾ ਦੇਂਦਾ ਝਕਦਾ ਹਾਂ' ਅਤੇ ਫਿਰ ਕਹਿੰਦਾ ਹੈ 'ਸ਼ਹੀਦ ਉਹ ਹੁੰਦਾ ਹੈ ਜੋ ਆਪਣੀ ਮਜਬੂਰੀ ਕਰਕੇ ਨਹੀਂ ਸਗੋਂ ਆਪਣੇ ਆਪ ਕੁਰਬਾਨੀ ਦੇਣ ਲਈ ਤਿਆਰ ਹੁੰਦਾ ਹੈ ਤੇ ਲੋਕਾਂ ਨੂੰ ਧੱਕੇਸ਼ਾਹੀ ਦੇ ਮੁਕਾਬਲੇ ਲਈ ਸ਼ਕਤੀ ਤੇ ਮੌਤ ਦੇ ਡਰ ਤੋਂ ਮੁਕਤੀ ਦੇਂਦਾ ਹੈ।'

ਮਦਨ ਦੇ ਮੂੰਹੋਂ ਆਖੇ 'ਸ਼ਹੀਦ' ਸ਼ਬਦ ਦੀ ਵਿਆਖਿਆ ਅਤੇ ਉਸ ਦੇ 'ਮਨੋਰਥ' ਨੂੰ ਲੇਖਕ ਆਪਣੇ ਦੂਜੇ ਨਾਵਲਾਂ ਵਿਚ ਸਾਕਾਰ ਕਰਨ ਵਿਚ ਸਫ਼ਲ ਹੈ। ਗਿਆਨੀ ਜੀ ਲਈ ਸ਼ਹੀਦ ਦਾ ਸੰਕਲਪ 'ਵਿਅਕਤੀਗਤ ਘੇਰੇ' ਵਿਚ ਕੈਦ ਨਹੀਂ ਸਗੋਂ ਵਿਸ਼ਾਲ ਲੋਕ ਸਮੂੰਹਾਂ ਨਾਲ ਇਕ ਮਿਕ ਹੋਇਆ ਹੈ।

'ਜੈਕ' ਇਕ ਸਾਬਕਾ ਟੀਚਰ ਜਿਸਨੂੰ ਰੂਸ ਦੇ 1905 ਦੇ ਇਨਕਲਾਬ ਦੇ ਸਮਰਥਨ ਕਰਨ ਦੇ ਦੋਸ਼ ਵਿਚ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ। ਮਦਨ ਦਾ ਦੋਸਤ ਬਣ ਜਾਂਦਾ ਹੈ, ਡਾਕੀਆ ਵਾਲਟਰ ਲੋਕਾਂ ਵਲੋਂ ਗੋਲੀਆਂ ਚਲਾਉਣ ਦੀਆਂ ਖ਼ਬਰਾਂ ਸੁਣਾਉਂਦਾ ਹੈ। ਕ੍ਰਿਸਮਿਸ ਦੇ ਦਿਨ ਵੱਖੋ ਵੱਖਰੇ ਦੇਸ਼ਾਂ ਦੇ ਲੋਕ

ਰਲ ਮਿਲ ਕੇ ਜੱਫੀਆਂ ਪਾਉਂਦੇ ਹਨ ਜੋ ਅੰਤਰਰਾਸ਼ਟਰੀ ਇੱਕਮਿੱਕਤਾ ਨੂੰ ਜ਼ਾਹਰ ਕਰਦਾ ਹੈ। ਇਸ ਤਰ੍ਹਾਂ ਮਦਨ ਦਿਨੋਂ ਦਿਨ ਗੰਭੀਰ ਰਹਿਣ ਲਗਦਾ ਹੈ। ਮਗਰੋਂ ਉਸ ਦੇ ਭਰ ਕੁੰਦਨ ਵਲੋਂ ਮਦਨ ਦੇ ਇੰਡੀਆ ਹਾਊਸ ਦੇ ਦੇਸ਼ ਭਗਤਾਂ ਨਾਲ ਮਿਲਣੀਆਂ ਹੋਣ ਤੇ ਤਕਰਾਰ ਹੋ ਜਾਂਦਾ ਹੈ ਤੇ ਕੁੰਦਨ ਉਸ ਨੂੰ ਸਾਫ਼ ਕਹਿ ਦੇਂਦਾ ਹੈ ਕਿ ਜੇ ਇੰਡੀਆ ਹਾਊਸ ਜਾਣਾ ਹੈ ਤਾਂ ਤੇਰੇ ਲਈ ਏਥੇ ਕੋਈ ਥਾਂ ਨਹੀਂ ਹੈ। ਇਹਨਾਂ ਦਿਨਾਂ ਵਿਚ ਅੰਗਰੇਜ਼ ਪਿੱਠੂਆਂ ਅਤੇ ਪੁਰਾਣੇ ਅੰਗਰੇਜ਼ ਅਫ਼ਸਰ ਨੌਜੁਆਨਾਂ ਨੂੰ ਇੰਡੀਆ ਹਾਊਸ ਤੋਂ ਲਾਂਭੇ ਕਰਨ ਲਈ ਹਰ ਯਤਨ ਕਰ ਰਹੇ ਸਨ ਕਿਉਂਕਿ ਇੰਡੀਆ ਹਾਊਸ ਇੰਗਲੈਂਡ ਵਿਚ ਦੇਸ਼ ਭਗਤਾਂ ਦਾ ਗੜ੍ਹ ਬਣ ਚੁੱਕਾ ਸੀ। ਇਹ ਅੰਗਰੇਜ਼ ਹਾਕਮਾਂ ਦੇ ਦਿਲ ਉਪਰ ਜਿਵੇਂ ਨਾਸੂਰ ਹੋਵੇ। ਇਸੇ ਲਈ ਵੱਡੇ ਭਰਾ ਕੁੰਦਨ ਦੇ ਅਲਟੀਮੇਟਮ ਦੇ ਉੱਤਰ ਵਿਚ ਮਦਨ ਕਹਿੰਦਾ ਹੈ। 'ਮੈਂ ਹੁਣ ਬਾਲ ਨਹੀਂ ਹਾਂ, ਤੈਨੂੰ ਕਰਜ਼ਨ ਵਾਇਲੀ ਨੇ ਕਿਹਾ ਹੋਵੇਗਾ।'

ਇੰਡੀਆ ਹਾਊਸ ਦੀ ਸਥਾਪਨਾ ਦਾ ਕਾਰਨ ਭਾਰਤੀ ਵਿਦਿਆਰਥੀਆਂ ਵਿਚ ਦੇਸ਼ ਭਗਤੀ ਪੈਦਾ ਕਰਨੀ ਅਤੇ ਅੰਗਰੇਜ਼ ਪਿੱਠੂਆਂ ਵਲੋਂ ਸਥਾਪਤ ਕੀਤੀ ਇੰਡੀਆ ਐਸੋਸੀਏਸ਼ਨ ਦੇ ਪ੍ਰਭਾਵ ਤੋਂ ਬਚਾਉਣਾ ਸੀ। ਇੰਡੀਆ ਹਾਊਸ ਦੇ ਆਗੂਆਂ ਵਿਚ ਸਰਦਾਰ ਸਿੰਘ, ਰੇਵਾ ਭਾਈ ਰਾਣਾ, ਗਿਆਨ ਚੰਦ ਵਰਮਾ, ਸਿਕੰਦਰ ਹਯਾਤ, ਆਸਫ਼ ਅਲੀ, ਰੰਜਨਾ, ਸ਼ੁਕਲਾ ਸੈਨਾਪਤੀ ਬਾਪਟ ਆਦਿ ਸਨ, ਜੋ ਭਾਰਤ ਦੇ ਵੱਖ ਵੱਖ ਹਿੱਸਿਆਂ ਚੋਂ ਵੱਖ-ਵੱਖ ਧਰਮਾਂ ਚੋਂ ਸਨ ਜਿਨ੍ਹਾਂ ਦਾ ਇਕੋ ਮਨੋਰਥ ਦੇਸ਼ ਦੀ ਆਜ਼ਾਦੀ ਦਾ ਸਾਂਝੇ ਤੌਰ ਤੇ ਘੋਲ ਕਰਕੇ ਜਿੱਤ ਪ੍ਰਾਪਤ ਕਰਨਾ ਸੀ।

ਇੰਡੀਆ ਹਾਊਸ ਵਿਚ 1857 ਦੇ ਗ਼ਦਰ ਦੇ ਸ਼ਹੀਦਾਂ ਦੀ ਯਾਦ ਵਿਚ ਕੀਤੇ ਸਮਾਗਮ ਨੇ ਦੇਸ਼ ਭਗਤਾਂ ਵਿਚ ਜੋਸ਼ ਤੇ ਸਾਮਰਾਜ ਵਿਰੁੱਧ ਨਫ਼ਰਤ ਭਰ ਦਿੱਤੀ। ਸਮਾਗਮ ਦੇ ਖਾਤਮੇ ਉਪਰ ਪੰਜ ਛੇ ਗੋਰੇ ਮੁੰਡੇ ਮਦਨ ਅਤੇ ਰਾਜਿੰਦਰ ਦੀਆਂ ਛਾਤੀਆਂ ਉਪਰ ਲਗੇ ਬੈਜਾਂ ਦਾ ਅਰਥ ਪੁੱਛਦੇ ਹੋਏ ਘਸੁੰਨ ਮੁੱਕੀ ਹੁੰਦੇ ਹਨ, ਪੁਲਸ ਦੇ ਆਉਣ ਉਪਰ ਗੋਰੇ ਖਿਸਕ ਜਾਂਦੇ ਹਨ, ਇਸ ਘਟਨਾ ਨੇ ਵੀ ਮਦਨ ਦੇ ਦਿਲ ਵਿਚ ਹੋਰ ਰੋਹ ਨੂੰ ਜਗਾਇਆ। ਉਧਰ ਸ੍ਰਿਨਸੈਸਟਰ ਐਗਰੀਕਲਚਰ ਕਾਲਜ ਦਾ ਪ੍ਰਿੰਸੀਪਲੇ, ਹਰਨਾਮ ਸਿੰਘ ਅਤੇ ਰਫੀ ਅਹਿਮਦ ਖਾਨ ਦੇ ਜੰਗ-ਏ-ਆਜ਼ਾਦੀ ਨੂੰ ਦੇਖਕੇ ਅੱਗ ਬਗੋਲਾ ਹੋ ਗਿਆ। ਇਸ ਕਾਰਨ ਉਨ੍ਹਾਂ ਕਾਲਜ ਹੀ ਛੱਡ ਦਿੱਤਾ।

ਲੋਕ ਹਿੱਤਾਂ ਲਈ ਕੰਮ ਕਰਨ ਵਾਲਿਆਂ ਦੇ ਰਾਹ ਅਨੇਕਾਂ ਔਕੜਾਂ ਤਾਂ ਆਉਂਦੀਆਂ ਹੀ ਹਨ। ਉਹਨਾਂ ਨੂੰ ਘਰੇਲੂ ਗੱਲਾਂ, ਸਰਕਾਰੀ ਲਾਲਚ, ਹੋਰ ਕਈ ਦਬਾਓ ਆਦਿ ਰਾਹ ਵਿਚ ਆਉਂਦੇ ਹਨ, ਪਰ ਗੋਰਕੀ ਦੇ ਸ਼ਬਦਾਂ ਵਿਚ : 'ਬਹੁਤ

ਥੋੜ੍ਹੇ ਬਹਾਦਰ ਹੁੰਦੇ ਹਨ ਜੋ ਪਿਤਾ-ਪੁਰਖੀ ਰਵਾਇਤਾਂ ਦੇ ਜਾਲ ਨੂੰ ਤੋੜ ਕੇ ਅੱਗੇ ਨਿਕਲ ਜਾਂਦੇ ਹਨ।'

ਏਸੇ ਦੌਰਾਨ ਮਦਨ ਅਤੇ ਉਸਦੇ ਸਾਥੀ ਚਾਂਦ ਮਾਰੀ ਵੀ ਕਰਦੇ ਹਨ, ਭੇਤ ਗੁਪਤ ਰੱਖਣ ਲਈ ਪ੍ਰਣ ਕਰਦੇ ਹਨ, ਜਲਦੀਆਂ ਮੋਮਬੱਤੀਆਂ ਉਪਰ ਹੱਥ ਰੱਖ ਕੇ ਦ੍ਰਿੜ੍ਹਤਾ ਸਾਬਤ ਕਰਦੇ ਹਨ।

ਇਹ ਚਰਚਾ ਆਮ ਸੀ ਕਿ 'ਸਰ ਕਰਜ਼ਨ ਵਾਇਲੀ ਹਿੰਦੁਸਤਾਨੀ ਵਿਦਿਆਰਥੀਆਂ ਨੂੰ ਸਿਵਲ ਸਰਵਿਸ ਦੇ ਲਾਲਚ ਦੇ ਕੇ ਗ਼ੁਲਾਮੀ ਦੀ ਗੁੜ੍ਹਤੀ ਦੇਣ ਦਾ ਵੱਡਾ ਠੇਕੇਦਾਰ ਸੀ।'

ਪਹਿਲੀ ਜੁਲਾਈ ਨੂੰ ਇੰਡੀਅਨ ਐਸੋਸੀਏਸ਼ਨ ਦਾ ਇਕ ਜਲਸਾ ਇੰਪੀਰੀਅਲ ਇਨਸਟੀਚਿਊਟ ਵਿਚ ਹੁੰਦਾ ਹੈ। ਜਿਸ ਵਿਚ ਕਾਫ਼ੀ ਅੰਗਰੇਜ਼ ਅਤੇ ਖਾਂਦੇ ਪੀਂਦੇ ਅੰਗਰੇਜ਼ ਪਿੱਠੂ ਹਿੰਦੁਸਤਾਨੀ ਵੀ ਸ਼ਾਮਲ ਹੋਏ ਹਨ। ਇਸ ਜਲਸੇ ਦੇ ਖ਼ਤਮ ਹੋਣ ਸਮੇਂ ਹਨੇਰਾ ਹੋ ਚੁੱਕਾ ਸੀ ਜਦੋਂ ਲੋਕ ਬਾਹਰ ਨਿਕਲ ਰਹੇ ਸਨ ਤਾਂ ਗੋਲੀਆਂ ਚੱਲਣ ਦੀ ਆਵਾਜ਼ ਸੁਣ ਕੇ ਭਗਦੜ ਮੱਚ ਗਈ, ਕਰਜ਼ਨ ਵਾਇਲੀ ਮੂਧੇ ਮੂੰਹ ਢੇਰੀ ਹੋਇਆ ਪਿਆ ਸੀ ਤੇ ਇਕ ਹਿੰਦੁਸਤਾਨੀ ਉਸ ਨੂੰ ਬਚਾਉਂਦਾ ਹੋਇਆ ਵੀ ਗੋਲੀ ਦਾ ਸ਼ਿਕਾਰ ਹੋ ਗਿਆ।

ਇਹ ਮਦਨ ਸੀ, ਜੋ ਕਰਜ਼ਨ ਵਾਇਲੀ ਵਲੋਂ ਉਸ ਨੂੰ ਦੇਸ਼ ਭਗਤੀ ਦੇ ਰਾਹ ਤੋਂ ਮੋੜਨ ਲਈ ਮਿਲਣ ਲਈ ਚਿੱਠੀ ਲਿਖੀ ਨੂੰ ਬੇਇਜ਼ਤੀ ਸਮਝ ਉਸ ਲਈ ਕਾਲ ਦਾ ਰੂਪ ਸਿੱਧ ਹੋਇਆ।

ਅਜਿਹੀ ਦੇਸ਼ ਭਗਤੀ ਦੀ ਭਾਵਨਾ ਸੀ, ਜਿਸ ਨੇ ਅੰਗਰੇਜ਼ ਹਕੂਮਤ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਸਨ। ਮਦਨ ਕਿਧਰੇ ਭੱਜਿਆ ਨਹੀਂ ਸਗੋਂ ਨਿਧੜਕ ਥਾਵੇਂ ਹੀ ਖਲੋਤਾ ਰਿਹਾ।

ਉਸਦੀ ਗ੍ਰਿਫ਼ਤਾਰੀ ਤੋਂ ਮਗਰੋਂ ਮੁਕੱਦਮੇ ਦਾ ਢੌਂਗ ਰਚਿਆ ਗਿਆ। 17 ਅਗਸਤ 1909 ਨੂੰ ਸ਼ਹਾਦਤ ਦਾ ਪਿਆਲਾ ਪੀ ਕੇ, ਆਜ਼ਾਦੀ ਸੰਗਰਾਮ ਦਾ ਬਦੇਸ਼ਾਂ ਵਿਚ ਪਹਿਲਾ ਸ਼ਹੀਦ ਹੋਣ ਦਾ ਮਾਣ, ਮਦਨ ਲਾਲ ਢੀਂਗਰਾ ਨੂੰ ਪ੍ਰਾਪਤ ਹੋਇਆ।

ਬਦੇਸ਼ਾਂ ਵਿਚ ਭਾਰਤ ਦੇ ਪਹਿਲੇ ਸ਼ਹੀਦ ਬਾਰੇ ਨਾਵਲ ਲਿਖਣ ਦਾ ਮਾਣ ਗਿਆਨੀ ਕੇਸਰ ਸਿੰਘ ਜੀ ਨੂੰ ਪ੍ਰਾਪਤ ਹੋਇਆ ਹੈ।

ਨਾਵਲ ਦੀ ਕਹਾਣੀ ਵਿਚ ਰੌਚਕਤਾ ਭਰਨੀ, ਜਹਾਜ਼ ਦੇ ਸਮੇਂ ਦੇ ਦ੍ਰਿਸ਼ਾਂ ਦਾ ਸਾਰਥਕ ਵਰਨਣ, ਇੰਗਲੈਂਡ ਦੇ ਵਾਤਾਵਰਨ ਨੂੰ ਅੱਖਾਂ ਅੱਗੇ ਅੱਖਰਾਂ ਦੀਆਂ ਮੂਰਤਾਂ ਨਾਲ ਮੂਰਤੀਮਾਨ ਕਰਨਾ, ਗਿਆਨੀ ਜੀ ਦੀ ਲੇਖਣੀ, ਵਿਦਵਤਾ ਅਤੇ ਤਜਰਬੇ ਦੀ ਲਖਾਇਕ ਹੈ।

ਕੇਸਰ ਸਿੰਘ ਰਚਿਤ ਨਾਵਲ 'ਸਿੰਘ ਸਾਹਿਬ ਦੀ ਸ਼ਹਾਦਤ'

-ਈਸ਼ਰ ਸਿੰਘ ਅਟਾਰੀ

'ਲਹਿਰ ਵਧਦੀ ਗਈ' ਅਤੇ 'ਜੰਗੀ ਕੈਦੀ' ਸਮੇਤ ਪਿਛਲੇ ਕੋਈ ਤੀਹ ਸਾਲਾਂ ਵਿਚ ਕੇਸਰ ਸਿੰਘ ਸਾਨੂੰ ਅਠ ਨਾਵਲ ਦੇ ਚੁੱਕਿਆ ਹੈ। 'ਸਿੰਘ ਸਾਹਿਬ ਦੀ ਸ਼ਹਾਦਤ' ਉਸ ਦਾ ਇਸੇ ਸਾਲ ਵਿਚ ਪ੍ਰਕਾਸ਼ਿਤ ਹੋਇਆ ਸੱਤਵਾਂ ਨਾਵਲ ਹੈ ਅਤੇ ਇਸ ਦੇ ਨਾਲ 'ਜੰਞ ਲਾੜਿਆਂ ਦੀ' ਉਸ ਦਾ ਅੱਠਵਾਂ ਨਾਵਲ ਵੀ ਪ੍ਰਕਾਸ਼ਿਤ ਹੋ ਗਿਆ।

ਕੇਸਰ ਸਿੰਘ ਦੇ ਸਮੁਚੇ ਨਾਵਲਾਂ ਨੂੰ ਮੁੱਖ ਰੱਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਉਹ ਇਕੋ ਇਕ ਉਪਨਿਆਸਕਾਰ ਹੈ ਜਿਹੜਾ ਆਪਣੇ ਨਾਵਲਾਂ ਵਿਚ ਭਾਰਤ ਦੀ ਆਜ਼ਾਦੀ ਲਈ ਭਾਰਤ ਤੋਂ ਬਾਹਰ ਲੜੇ ਗਏ ਅੰਦੋਲਨਾਂ, ਸੰਗਰਾਮਾਂ ਅਤੇ ਘੋਲਾਂ ਦਾ ਸਫ਼ਲ ਚਿਤੇਰਾ ਹੋ ਨਿਬੜਿਆ ਹੈ।

ਵਿਦੇਸ਼ਾਂ ਵਿਚ ਭਾਰਤ ਦੀ ਆਜ਼ਾਦੀ ਲਈ ਜੋ ਘੋਲ ਹੋਏ ਉਹਨਾਂ ਵਿਚ 'ਗ਼ਦਰ ਲਹਿਰ' ਤੇ 'ਆਜ਼ਾਦ ਹਿੰਦ ਫ਼ੌਜ ਲਹਿਰ' ਪ੍ਰਮੁਖ ਸਥਾਨ ਰਖਦੀਆਂ ਹਨ ਅਤੇ ਇਹੋ ਕਾਰਨ ਹੈ ਕਿ ਕੇਸਰ ਸਿੰਘ ਦੇ ਨਾਵਲ ਮੁਖ ਰੂਪ ਵਿਚ ਇਨ੍ਹਾਂ ਲਹਿਰਾਂ ਨਾਲ ਸੰਬੰਧਿਤ ਘਟਨਾਵਾਂ ਅਤੇ ਪਾਤਰਾਂ ਨੂੰ ਹੀ ਆਪਣੇ ਕਲੇਵਰ ਵਿਚ ਲੈਂਦੇ ਹਨ।

ਇਕ ਹੋਰ ਲੱਛਣ ਇਸ ਦੇ ਨਾਵਲਾਂ ਦੇ ਸਬੰਧ ਵਿਚ ਇਹ ਉਘੜ ਕੇ ਸਾਹਮਣੇ ਆਉਂਦਾ ਹੈ ਕਿ ਇਹਨਾਂ ਨਾਵਾਂ ਵਿਚ ਉਸ ਨੇ ਸੰਬੰਧਿਤ ਲਹਿਰ ਅਤੇ ਅੰਦੋਲਨਾਂ ਦੇ ਉਘੇ ਤੇ ਚੋਟੀ ਦੇ ਨਾਇਕਾਂ, ਨੇਤਾਵਾਂ ਅਤੇ ਸੰਗਰਾਮੀਆਂ ਨੂੰ ਆਪਣੇ ਹੀਰੋ ਨਹੀਂ ਬਣਾਇਆ ਸਗੋਂ ਉਨ੍ਹਾਂ ਨੂੰ ਬਣਾਇਆ ਹੈ, ਜਿਨ੍ਹਾਂ ਨੇ ਇਨ੍ਹਾਂ ਸੰਗਰਾਮਾਂ 'ਚ ਅਕਹਿ ਤੇ ਅਸਹਿ ਕਸ਼ਟ ਝੱਲੇ, ਜੇਲ੍ਹਾਂ ਦੇ ਅੱਤਿਆਚਾਰ ਸਹੇ, ਆਪਣੀਆਂ ਜਾਇਦਾਦਾਂ ਜ਼ਬਤ ਕਰਵਾਈਆਂ, ਇਥੋਂ ਤੱਕ ਕਿ ਆਪਣੇ ਪਰਿਵਾਰਾਂ ਦੇ ਭਵਿੱਖ ਵੀ ਕੁਰਬਾਨ ਕਰ ਦਿੱਤੇ ਅਤੇ ਅਖ਼ੀਰ ਆਪ ਵੀ ਫਾਂਸੀਆਂ ਉਤੇ ਲਟਕਦੇ ਸ਼ਹੀਦੀਆਂ ਦੇ ਜਾਮ ਪੀਤੇ ਪਰ ਪਤਾ ਨਹੀਂ ਕਿਉਂ ਉਹ ਹੁਣ ਤੱਕ ਸਾਡੇ

ਇਤਿਹਾਸਕਾਰਾਂ ਅਤੇ ਆਪਣੇ ਹਮਵਤਨਾਂ ਦੀਆਂ ਨਜ਼ਰਾਂ ਤੋਂ ਉਹਲੇ ਰਹੇ ਅਤੇ ਕਿਸੇ ਹੱਦ ਤਕ ਭੁਲੇ ਵਿਸਰੇ ਰਹੇ।

'ਲਹਿਰ ਵਧਦੀ ਗਈ' ਅਤੇ 'ਜੰਗੀ ਕੈਦੀ' ਉਸ ਦੇ ਅਜਿਹੇ ਨਾਵਲ ਹਨ, ਜਿਨ੍ਹਾਂ ਵਿਚ ਕੋਈ ਵਿਅਕਤੀ ਨਾਇਕ ਨਹੀਂ ਸਗੋਂ ਸੁਤੰਤਰਤਾ ਸੰਗਰਾਮੀਆਂ ਦਾ ਇਕ ਸਮੂਹ ਹੀ ਨਾਇਕ ਹੈ। ਇਹ ਦੋਨੋਂ ਨਾਵਲ ਕਿਸੇ ਸ਼ਹੀਦ ਦੇ ਨਾਵਲ ਨਹੀਂ ਸਗੋਂ ਉਸ ਲਹਿਰ ਦੇ ਨਾਵਲ ਹਨ, ਜਿਸ ਵਿਚੋਂ ਕਈ ਸ਼ਹੀਦ ਪੈਦਾ ਹੋਏ।

ਪਰ 'ਸ਼ਹੀਦ ਊਧਮ ਸਿੰਘ' ਤੋਂ ਕੇਸਰ ਸਿੰਘ ਨੇ ਸ਼ਹੀਦਾਂ ਦੇ ਵਿਅਕਤੀ ਪਾਤਰਾਂ ਨੂੰ ਆਪਣੇ ਨਾਵਲਾਂ ਦੇ ਨਾਇਕ ਬਣਾ ਕੇ ਉਨ੍ਹਾਂ ਦੇ ਵਿਅਕਤੀਗਤ ਸੰਗਰਾਮ ਦੇ ਪ੍ਰਸੰਗ ਵਿਚ ਸਮੁੱਚੇ ਸੁਤੰਤਰਤਾ ਸੰਗਰਾਮ ਦੇ ਇਤਿਹਾਸ ਦੇ ਵੱਖ ਵੱਖ ਝਲਕੀਆਂ ਦੇ ਰੂਪ ਵਿਚ ਪੇਸ਼ ਕਰਨਾ ਸ਼ੁਰੂ ਕੀਤਾ ਹੋਇਆ ਹੈ।

'ਊਧਮ ਸਿੰਘ' ਭਾਵੇਂ ਇਕ ਜਾਣਿਆ ਪਛਾਣਿਆ ਸ਼ਹੀਦ ਕਿਹਾ ਜਾ ਸਕਦਾ ਹੈ, ਪਰ 'ਬਾਬਾ ਹਰੀ ਸਿੰਘ ਉਸਮਾਨ', 'ਸ਼ਹੀਦ ਮਦਨ ਲਾਲ ਢੀਂਗਰਾ', 'ਸ਼ਹੀਦ ਮੇਵਾ ਸਿੰਘ ਲੋਪੋਕੇ' ਅਤੇ 'ਸਿੰਘ ਸਾਹਿਬ ਦੀ ਸ਼ਹਾਦਤ' ਨਾਂ ਦੇ ਇਸ ਨਵੇਂ ਨਾਵਲ ਦੇ ਨਾਇਕ ਬਲਵੰਤ ਸਿੰਘ ਦਾ ਕਿਸੇ ਨਿਕਟਵਰਤੀ ਸੁਤੰਤਰਤਾ ਸੰਗਰਾਮੀਏ ਨੂੰ ਜਾਂ ਕਿਸੇ ਖੋਜਕਾਰ ਨੂੰ ਭਾਵੇਂ ਪਤਾ ਹੋਵੇ, ਆਮ ਲੋਕਾਂ ਤੇ ਵਿਸ਼ੇਸ਼ ਕਰਕੇ ਨਵੀਂ ਪੀੜ੍ਹੀ ਨੂੰ ਤਾਂ ਇਹਨਾਂ ਦਾ ਕਦੇ ਚਿਤ-ਚੇਤਾ ਵੀ ਨਹੀਂ ਹੋਣਾ। ਇੰਜ ਮੈਂ ਮਹਿਸੂਸ ਕਰਦਾ ਹਾਂ ਕਿ ਕੇਸਰ ਸਿੰਘ ਆਪਣੇ ਨਾਵਲਾਂ ਰਾਹੀਂ ਸਾਡੀਆਂ ਅੱਖਾਂ ਤੋਂ ਉਹਲੇ ਲੜੇ ਗਏ ਸੁਤੰਤਰਤਾ ਸੰਗਰਾਮ ਨੂੰ ਨਾ ਕੇਵਲ ਲੜੀਵਾਰ ਪੇਸ਼ ਕਰ ਰਿਹਾ ਹੈ, ਸਗੋਂ ਉਸ ਵਿਚ ਆਸਾਧਾਰਨ ਕੁਰਬਾਨੀਆਂ ਦੇਣ ਵਾਲੇ ਉਹਨਾਂ ਸਾਧਾਰਨ ਵਿਅਕਤੀ ਪਾਤਰਾਂ ਨੂੰ ਵੀ ਇਤਿਹਾਸ ਵਿਚ ਪੁਨਰ ਸਜੀਵ ਕਰ ਰਿਹਾ ਹੈ, ਜਿਹੜੇ ਇਤਿਹਾਸਕਾਰਾਂ ਦੀ ਨਜ਼ਰੋਂ ਲਾਂਭੇ ਰਹੇ ਹਨ।

ਕੇਸਰ ਸਿੰਘ ਦੇ ਨਾਵਲਾਂ ਦੇ ਕਲਾ ਪਖ ਬਾਰੇ ਮੈਂ ਇਸ ਸਿਟੇ ਉਤੇ ਪੁੱਜਿਆ ਹਾਂ ਕਿ ਕੇਸਰ ਸਿੰਘ ਆਪਣੇ ਨਾਵਲਾਂ 'ਚ ਇਤਿਹਾਸ ਅਤੇ ਉਪਨਿਆਸ ਦਾ ਬੜਾ ਸੰਤੁਲਤ ਮੇਲ ਪੇਸ਼ ਕਰਦਾ ਹੈ। ਇਤਿਹਾਸ ਪ੍ਰਤੀ ਉਸ ਦੀ ਪਹੁੰਚ ਖੋਜ ਭਰਪੂਰ, ਵਾਸਤਵਿਕ ਅਤੇ ਵਿਸ਼ਵਵਰਤੀ ਹੈ। ਤੱਥ ਜਿਵੇਂ ਕਿ ਨਾਂ, ਚਿਹਰੇ-ਮੋਹਰੇ, ਤਰੀਕਾਂ, ਕਾਰਵਾਈਆਂ ਅਤੇ ਬਿਆਨ, ਭਾਸ਼ਣ ਸਗੋਂ ਇਥੋਂ ਤਕ ਕਿ ਪਾਤਰਾਂ ਦੇ ਵਾਰਤਾਲਾਪ ਵੀ ਇੰਜ ਲਗਦੇ ਹਨ ਜਿਵੇਂ ਅਸਲ ਪਾਤਰਾਂ ਨੇ ਸਚਮੁੱਚ ਇੰਜ ਹੀ ਬੋਲੇ ਹੋਣ। ਜਿਥੇ ਜਿਥੇ ਪਾਤਰਾਂ ਦੀਆਂ ਸੋਚਾਂ ਤੇ ਮਨਬਚਨੀਆਂ ਪੇਸ਼ ਕੀਤੀਆਂ ਗਈਆਂ ਹਨ ਉਥੇ ਕੇਸਰ ਸਿੰਘ ਦੀ ਕਾਲਪਨਿਕਤਾ ਅਤੇ ਸੁਭਾਵਿਕਤਾ ਦੀ ਪਕੜ ਏਨੀ ਮਜ਼ਬੂਤ ਹੈ ਕਿ ਕੁਝ ਵੀ ਓਪਰਾ ਜਾਂ ਅਤਿਕਥਨੀ ਨਹੀਂ ਲਗਦਾ।

ਜਿਥੋਂ ਤੱਕ ਇਤਿਹਾਸ ਨੂੰ ਗਲਪ ਦਾ ਰੂਪ ਦੇਣ ਦਾ ਸੰਬੰਧ ਹੈ, ਕੇਸਰ ਸਿੰਘ ਯਥਾਰਥਿਕ ਹੁੰਦਾ ਹੋਇਆ ਵੀ ਕਾਲਪਨਿਕਤਾ ਅਤੇ ਮੌਲਿਕਤਾ ਦਾ ਪੱਲਾ ਨਹੀਂ ਛੱਡਦਾ। ਗੋਂਦ, ਕਥਾਨਕ, ਕਥਾ ਪੱਟ ਅਤੇ ਪਾਤਰ ਉਸਾਰੀ ਸਭ ਕੁਝ ਉਸ ਦੀ ਇਤਿਹਾਸਿਕਤਾ ਨੂੰ ਉਪਨਿਆਸਕਤਾ ਵਿਚ ਬਦਲ ਦੇਂਦੇ ਹਨ, ਫਿਰ ਵੀ ਇਤਿਹਾਸ ਆਪਣੀ ਵਾਸਤਵਿਕਤਾ ਨਹੀਂ ਗਵਾਉਂਦਾ। ਉਸ ਦੇ ਇਸ ਅਤੇ ਬਾਕੀ ਨਾਵਲਾਂ ਵਿਚ ਸਮੇਂ ਦੀ ਨਾ ਕੇਵਲ ਸਥਿਤੀ ਹੀ ਸ਼ੁੱਧ ਰੂਪ ਵਿਚ ਵਿਦਮਾਨ ਹੁੰਦੀ ਹੈ ਸਗੋਂ ਸੋਮੇ ਦੀ ਸੁਰ ਵੀ ਆਪਣੇ ਸਹੀ ਰੂਪ ਵਿਚ ਵਿਦਮਾਨ ਹੁੰਦੀ ਹੈ। ਬਲਵੰਤ ਸਿੰਘ ਦੇ 1906 ਵਿਚ ਕੈਨੇਡਾ ਪਹੁੰਚਣ ਤੋਂ ਲੈ ਕੇ 1917 ਮਾਰਚ ਵਿਚ ਲਾਹੌਰ ਸ਼ਹੀਦ ਹੋਣ ਤੱਕ ਦੇ ਸਮੇਂ 'ਚ ਵਿਦੇਸ਼ਾਂ ਵਿਚ ਭਾਰਤ ਦੇ ਆਜ਼ਾਦੀ ਦੇ ਘੋਲ ਨੇ ਕੀ ਕੀ ਰੂਪ ਵਟਾਏ, ਕੀ ਕੀ ਕਾਮਯਾਬੀਆਂ ਤੇ ਕੀ ਕੀ ਨਾਕਾਮੀਆਂ ਪ੍ਰਾਪਤ ਕੀਤੀਆਂ, ਇਹ ਸਭ ਕੁਝ ਸਿੰਘ ਸਾਹਿਬ ਦੀ ਸ਼ਹਾਦਤ ਦੀ ਕਹਾਣੀ ਦੇ ਬਿਰਤਾਂਤ ਨਾਲ ਉਘੜਦਾ ਆਉਂਦਾ ਹੈ। ਉਸ ਦੇ ਹੋਰ ਨਾਵਲਾਂ ਵਿਚ ਵੀ ਲਗਪਗ ਇਸੇ ਤਰ੍ਹਾਂ ਹੁੰਦਾ ਹੈ।

ਅਸੀਂ ਵੇਖਦੇ ਹਾਂ ਕਿ ਭਾਰਤ ਤੇ ਵਿਸ਼ੇਸ਼ਕਰ ਪੰਜਾਬ ਦੇ ਲੋਕ ਰੋਟੀ ਤੇ ਰੋਜ਼ੀ ਦੇ ਉਦੇਸ਼ ਨਾਲ ਵਿਦੇਸ਼ਾਂ ਵਿਚ ਗਏ ਪਰ ਵਿਦੇਸ਼ਾਂ ਦੇ ਅਜ਼ਾਦੀ ਦੇ ਮਾਹੌਲ ਤੋਂ ਪ੍ਰਭਾਵਤ ਹੋ ਕੇ ਉਹ ਭਾਰਤ ਦੀ ਗੁਲਾਮੀ ਤੋਂ ਵਧੇਰੇ ਚੇਤੰਨ ਅਤੇ ਆਜ਼ਾਦੀ ਲਈ ਵਧੇਰੇ ਛੇਤੀ ਜਤਨਸ਼ੀਲ ਹੋ ਗਏ। ਜਦ ਉਹਨਾਂ ਨੇ ਆਜ਼ਾਦੀ ਲਈ ਜਥੇਬੰਦ ਤੇ ਕਰਮਸ਼ੀਲ ਹੋਣਾ ਸ਼ੁਰੂ ਕੀਤਾ ਤਾਂ ਅੰਗਰੇਜ਼ ਸਾਮਰਾਜ ਤਥਾ ਸਲਤਨਤ ਦੇ ਪ੍ਰਭਾਵ ਜਾਂ ਦਬਾ ਹੇਠ ਕੈਨੇਡਾ, ਬਰਤਾਨੀਆ ਅਤੇ ਉਸਦੀਆਂ ਬਸਤੀਆਂ ਹਾਂਗਕਾਂਗ, ਸਿੰਘਾਪੁਰ, ਮਲਾਇਆ ਤੇ ਬਰਮਾ ਆਦਿ ਦੀਆਂ ਸਰਕਾਰਾਂ ਨੇ ਵੀ ਇਹਨਾਂ ਪਰਵਾਸੀਆਂ ਦੇ ਰੁਜ਼ਗਾਰ ਤੇ ਰਹਿਣ-ਸਹਿਣ ਦੇ ਸਬੰਧ ਵਿਚ ਕਈ ਕਈ ਅਯੋਗ, ਅਣਉਚਿਤ ਅਤੇ ਅਣਵਿਧਾਨਿਕ ਰੋਕਾਂ ਪਾਈਆਂ, ਜਿਹਨਾਂ ਨੇ ਇਹਨਾਂ ਪਰਵਾਸੀਆਂ ਵਿਚ ਇਕ ਪਾਸੇ ਬਰਤਾਨਵੀ ਸਾਮਰਾਜ ਵਿਰੁੱਧ ਘਿਰਨਾ ਅਤੇ ਦੂਜੇ ਪਾਸੇ ਸਭ ਕਸ਼ਟਾਂ ਦੀ ਜੜ੍ਹ ਗ਼ੁਲਾਮੀ ਵਿਰੁਧ ਵਿਦਰੋਹ ਦੀ ਅਗਨੀ ਪ੍ਰਚੰਡ ਕਰ ਦਿੱਤੀ। ਇੰਜ ਜਿਹੜੇ ਲੋਕ ਕੇਵਲ ਆਹਾਰ ਪੂਰਤੀ ਲਈ ਵਿਦੇਸ਼ ਗਏ, ਉਹ ਲਗਪਗ ਸਾਰੇ ਹੀ ਕੌਮੀ ਪਰਵਾਨਿਆਂ ਵਿਚ ਬਦਲ ਗਏ। ਉਹਨਾਂ ਦਾ ਕਮਾਈ ਕਰਨ ਦਾ ਉਦੇਸ਼ ਪਿਛੇ ਪੈ ਗਿਆ ਤੇ ਭਾਰਤ ਦੀ ਆਜ਼ਾਦੀ ਲਈ ਘੋਲ ਕਰਨ ਦਾ ਉਦੇਸ਼ ਅੱਗੇ ਆ ਗਿਆ। ਇਹ ਪਰਿਵਰਤਨ ਹੀ ਹੈ ਜਿਹੜਾ ਕੇਸਰ ਸਿੰਘ ਦੇ ਨਾਵਲਾਂ ਵਿੱਚ ਬੜੀ ਗਲਪ ਰੌਚਕਤਾ ਨਾਲ ਵਿਅਕਤ ਹੋਇਆ ਹੈ।

ਕੇਸਰ ਸਿੰਘ ਦੇ ਇਹ ਤੇ ਹੋਰ ਨਾਵਲਾਂ ਨੂੰ ਪੜ੍ਹਕੇ ਇਹ ਗਲ ਸਪੱਸ਼ਟ

ਹੁੰਦੀ ਹੈ ਕਿ ਵਿਦੇਸ਼ਾਂ ਵਿਚ ਚੱਲੇ ਆਜ਼ਾਦੀ ਦੇ ਅੰਦੋਲਨ ਇਸ ਪੱਖੋਂ ਇਕ ਮਿਸਾਲ ਸਨ ਕਿ ਸਭ ਆਜ਼ਾਦੀ ਘੁਲਾਟੀਆਂ ਵਿਚ ਸੰਪਰਦਾਇਕਤਾ ਅਤੇ ਪਰਾਦੇਸ਼ਕਤਾ ਦਾ ਕੋਈ ਭਿੰਨ ਭੇਤ ਨਹੀਂ ਹੈ। ਭਾਰਤ ਵਿਚ ਜਦਕਿ ਆਜ਼ਾਦੀ ਦੀਆਂ ਲਹਿਰਾਂ ਨੂੰ ਸੰਪਰਦਾਇਕਤਾ ਤੇ ਪ੍ਰਾਦੇਸ਼ਕਤਾ ਦਾ ਕਈ ਵਾਰ ਸ਼ਿਕਾਰ ਹੋਣਾ ਪਿਆ, ਪਰ ਵਿਦੇਸ਼ਾਂ ਵਿਚ ਚੱਲੇ ਅੰਦੋਲਨਾਂ ਵਿਚ ਜੋ ਸੰਪਰਦਾਏ ਏਕਤਾ ਅਤੇ ਵਿਤਕਰਿਆਂ ਦੀ ਅਣਹੋਂਦ ਨਜ਼ਰ ਆਉਂਦੀ ਹੈ, ਉਹ ਭਾਰਤੀਆਂ ਲਈ ਇਕ ਸਬਕ ਸੀ ਅਤੇ ਅੱਜ ਵੀ ਸਬਕ ਹੈ।

ਕੇਸਰ ਸਿੰਘ ਦੇ ਨਾਵਲ ਦਸਦੇ ਹਨ ਅਤੇ ਇਹ ਨਾਵਲ ਖਾਸ ਤੌਰ 'ਤੇ ਦਸ਼ਦਾ ਹੈ ਕਿ ਗੁਰਦੁਆਰਿਆਂ ਦਾ ਇਹਨਾਂ ਸੰਗਰਾਮਾਂ ਵਿਚ ਸਥਾਨ ਬਹੁਤ ਅਹਿਮ ਰਿਹਾ ਹੈ। ਗੁਰਦੁਆਰੇ ਨਾ ਕੇਵਲ ਪੂਜਾ ਸਥਾਨ ਹੀ ਬਣਕੇ ਰਹੇ ਸਗੋਂ ਪਰਵਾਸੀਆਂ ਦੇ ਸਮਾਜਿਕ, ਵਿਦਿਅਕ ਤੇ ਭਾਈਚਾਰਕ ਕੇਂਦਰਾਂ ਦੇ ਨਾਲ ਨਾਲ ਆਜ਼ਾਦੀ ਦੇ ਪਰਵਾਨਿਆਂ ਦੇ ਸ਼ਰਨ ਸਥਾਨ, ਪ੍ਰੇਰਨਾ ਸਰੋਤ ਅਤੇ ਛਾਉਣੀਆਂ ਵੀ ਬਣੇ ਰਹੇ।

ਭਾਈ ਬਲਵੰਤ ਸਿੰਘ ਵੈਨਕੂਵਰ ਵਿਚ 1908 ਵਿਚ ਗੁਰਦੁਆਰੇ ਦੀ ਨੀਂਹ ਰੱਖਣ ਵਾਲਾ ਤੇ ਉਸਦਾ ਪਹਿਲਾ ਗਰੰਥੀ ਹੈ। ਉਸਦੀ ਕਰਨੀ ਨੂੰ ਵੇਖਕੇ ਉਸ ਨੂੰ ਲੋਕ ਪਿਆਰ ਤੇ ਸਤਿਕਾਰ ਨਾਲ 'ਸਿੰਘ ਸਾਹਿਬ' ਆਖਣ ਲਗ ਜਾਂਦੇ ਹਨ। ਲੋਕਾਂ ਦਾ ਇਹ ਪਿਆਰ ਤੇ ਸਤਿਕਾਰ ਉਸ ਨੂੰ ਮਜ਼ਬੂਰ ਕਰਦਾ ਹੈ ਕਿ ਉਹ ਸਚਮੁਚ ਹੀ 'ਸਿੰਘ ਸਾਹਿਬ' ਬਣਕੇ ਵਿਖਾਵੇ। ਕੇਵਲ ਧਾਰਮਿਕ ਖੇਤਰ ਵਿਚ ਹੀ ਨਹੀਂ, ਸਗੋਂ ਆਜ਼ਾਦੀ ਸੰਗਰਾਮ ਦੇ ਮੋਰਚੇ ਉੱਤੇ ਵੀ। ਕੇਸਰ ਸਿੰਘ ਦੇ ਚਿਤਰੇ ਪਾਤਰਾਂ ਦਾ ਇਕ ਹੋਰ ਪੱਖ ਵੀ ਸਾਡੇ ਸਾਹਮਣੇ ਆਉਂਦਾ ਹੈ ਕਿ ਧਰਮ ਦੇ ਪੱਖ ਤੋਂ ਉਹਨਾਂ ਦੇ ਵੱਖਰੇ ਵੱਖਰੇ ਇਸ਼ਟ ਉਹਨਾਂ ਵਿਚ ਸੰਕੀਰਨਤਾ ਅਤੇ ਦੂਰੀ ਨਹੀਂ ਪੈਦਾ ਕਰਦੇ ਸਗੋਂ ਉਹਨਾਂ ਦੀ ਆਪਣੇ ਇਸ਼ਟ ਪ੍ਰਤੀ ਸੱਚੀ ਵਫ਼ਾਦਾਰੀ ਉਹਨਾਂ ਦੇ ਵਿਸ਼ਵਾਸ ਨੂੰ ਨਾ ਕੇਵਲ ਡੋਲਣ ਤੋਂ ਬਚਾਉਂਦੀ ਹੈ। ਸਗੋਂ ਉਹਨਾਂ ਦੇ ਵਿਸ਼ਵਾਸ ਨੂੰ ਹੋਰ ਗੂੜ੍ਹਾ ਤੇ ਸੁਦ੍ਰਿੜ੍ਹ ਵੀ ਕਰਦੀ ਹੈ।

ਉਹ ਕੁਰਬਾਨੀ ਦੀ ਪ੍ਰੇਰਨਾ ਗੁਰੂ ਗੋਬਿੰਦ ਸਿੰਘ ਤੋਂ, ਆਪਣੇ ਬੱਚਿਆਂ ਦੀ ਜੁਦਾਈ ਦਾ ਦੁਖ ਸਹਿਣ ਦੀ ਜਾਂਚ ਗੁਰੂ ਗੋਬੰਦ ਸਿੰਘ ਦੀ ਮਾਤਾ ਤੋਂ ਅਤੇ ਸੱਚ, ਸਿਰੜ ਤੇ ਅਨਿਆਂ ਵਿਰੁੱਧ ਸੰਗਰਾਮ ਕਰਦੇ ਕਰਦੇ ਸ਼ਹੀਦ ਹੋ ਜਾਣ ਦੀ ਪ੍ਰੇਰਨਾ ਆਪਣੇ ਪਹਿਲੇ ਹੋ ਚੁੱਕੇ ਸ਼ਹੀਦਾਂ ਤੋਂ ਲੈਂਦੇ ਹਨ। 'ਸਿੰਘ ਸਾਹਿਬ' ਦਾ ਜੀਵਨ ਕੇਵਲ ਸਿੱਖਾਂ ਲਈ ਹੀ ਪ੍ਰੇਰਨਾ ਸ੍ਰੋਤ ਨਹੀਂ, ਸਗੋਂ ਦਰਸੀ ਚੈਨਚਇਆ, ਬਾਬੂ ਰਾਮ, ਹਾਫ਼ਜ਼ ਅਬਦੁਲਾ, ਚੈਟਰਜੀ, ਸ਼ਿਵ ਦਿਆਲ, ਕਪੂਰ ਅਤੇ ਅਮਾਨ

ਉਲਾ ਪਠਾਨ ਸਭ ਉਸਦੀ ਚੜ੍ਹਦੀ ਕਲਾ, ਉਸਦੀ ਅਡੋਲਤਾ, ਉਸਦੇ ਚਿਹਰੇ ਦੇ ਤੇਜਸਵ ਅਤੇ ਉਸ ਦੀਆਂ ਅੱਖਾਂ ਦੀ ਰੂਹਾਨੀ ਜੋਤ ਤੋਂ ਪ੍ਰੇਰਿਤ ਹਨ। ਜੇਲ੍ਹਾਂ ਦੇ ਤਸੀਹਿਆਂ, ਭੁੱਖਾਂ, ਅਤਿਆਚਾਰਾਂ ਤੇ ਹੱਥਕੜੀਆਂ ਤੇ ਬੇੜੀਆਂ ਵਿਚ ਨੂੜੀ ਉਹਨਾਂ ਦੀ ਜਿੰਦ ਤੇ ਇਰਾਦੇ ਇਸੇ ਲਈ ਨਹੀਂ ਡੋਲਦੇ ਕਿ ਉਹ ਆਪਣੇ ਆਪਣੇ ਇਸ਼ਟ ਵਿਚ ਪੱਕੇ ਹਨ। ਉਹ ਗੁਰਬਾਣੀ ਦੇ ਨਿਤਨੇਮੀ ਹਨ ਅਤੇ ਜੇਲ੍ਹ 'ਚ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇ ਸਹਾਰੇ ਚੜ੍ਹਦੀ ਚਲਾ ਵਿਚ ਰਹਿੰਦੇ ਹਨ। ਸੀਸ ਕੇਵਲ ਗੁਰੂ ਅੱਗੇ ਝੁਕਾਂਦੇ ਹਨ, ਕਿਸੇ ਗੋਰੇ ਮੇਜਰ, ਕਰਨੈਲ ਤੇ ਜਰਨੈਲ ਅੱਗੇ ਨਹੀਂ।

ਨਿਰਸੰਦੇਹ ਕੇਸਰ ਸਿੰਘ ਇਕ ਅਜਿਹਾ ਵਿਅਕਤੀ ਤੇ ਲੇਖਕ ਹੈ ਜਿਹੜਾ ਕਿਸੇ ਸੰਪਰਦਾਇਕ ਅਤੇ ਮਜ਼ਹਬੀ ਵੰਡ ਨੂੰ ਸਵੀਕਾਰ ਨਹੀਂ ਕਰਦਾ ਤੇ ਕਿਸੇ ਵੀ ਹੋਰ ਸਿਆਸੀ ਸਿਧਾਂਤ ਤੇ ਵਾਦ ਨੂੰ ਪ੍ਰਤਿਬੱਧਤ ਨਹੀਂ ਰਹਿੰਦਾ, ਉਸਦੀ ਪ੍ਰਤਿਬੱਧਤਾ ਮਨੁੱਖ ਦੇ ਅੰਦਰਲੇ ਸੱਚ, ਸਰੀਰ, ਜ਼ਮੀਰ ਤੇ ਦੇਸ਼ ਦੀ ਆਜ਼ਾਦੀ ਤੇ ਸੁਤੰਤਰਤਾ ਨਾਲ ਹੈ। ਮਨੁੱਖ ਦੀ ਉਚਤਾ, ਸੁੱਚਤਾ, ਸੁਹਿਰਦਤਾ, ਦ੍ਰਿੜ੍ਹਤਾ ਮਿੱਤਰਤਾ ਅਤੇ ਤਿਆਗ ਭਾਵਨਾ ਨਾਲ ਹੈ। ਹਾਊਮੈਂ, ਹੈਂਕੜ, ਦੰਭ, ਪਰਪੰਚ, ਕੂੜ, ਕੁਸੱਤ, ਜ਼ਬਰ, ਜਨੂੰਨ, ਅਨਿਆਂ ਅਤੇ ਗ਼ੁਲਾਮੀ ਸਭ ਉਸਦੇ ਹਥੌੜੇ ਦੀ ਮਾਰ ਹੇਠ ਰਹਿੰਦੇ ਹਨ।

ਇਹ ਨਾਵਲ ਜੇ ਅੱਜ ਦੇ 'ਸਿੰਘ ਸਾਹਿਬ' ਜਾਂ 'ਪਰੋਹਤ' ਤੇ 'ਪਾਦਰੀ ਸਾਹਿਬ' ਪੜ੍ਹਨ ਤਾਂ ਉਹ ਵੇਖ ਸਕਣਗੇ ਕਿ ਸਿੰਘ ਸਾਹਿਬ ਬਣਨਾ ਅਤੇ ਸਿੰਘ ਸਾਹਿਬ ਦੇ ਕਰਤੱਵਾਂ ਉਤੇ ਪੂਰਾ ਉਤਰਨਾ ਕਿੰਨਾ ਕਠਨ ਤੇ ਕਸ਼ਟਦਾਇਕ ਕਰਮ ਹੈ।

ਇਸ ਨਾਵਲ ਵਿਚੋਂ ਪਹਿਲੀ ਵੇਰ ਇਹ ਗੱਲ ਉਘੜਕੇ ਸਾਹਮਣੇ ਆਈ ਹੈ ਕਿ ਗ਼ਦਰ ਲਹਿਰ ਕਮਿਊਨਿਸਟ ਲਹਿਰ ਤੋਂ ਪਹਿਲਾਂ ਵਜੂਦ 'ਚ ਆਈ ਤੇ ਉਹ ਕਾਫ਼ੀ ਹੱਦ ਤੱਕ ਇਸ ਤੋਂ ਨਿਰਲੇਪ ਹੋ ਕੇ ਚਲਦੀ ਰਹੀ।

ਕੇਸਰ ਸਿੰਘ ਭਾਰਤ ਤੋਂ ਬਾਹਰ ਬੈਠਕੇ ਭਾਰਤ ਤੋਂ ਬਾਹਰ ਚਲੀ ਆਜ਼ਾਦੀ ਦੀ ਲਹਿਰ ਦਾ ਚਿਤੇਰਾ ਹੈ। ਉਹ ਸਬੰਧਤ ਦੇਸ਼ਾਂ ਦੇ ਸਮਾਜਕ ਜੀਵਨ ਤੋਂ ਤਾਂ ਚੇਤੰਨ ਹੈ ਹੀ, ਭਾਰਤ ਤੇ ਵਿਸ਼ੇਸ਼ ਕਰਕੇ ਪੰਜਾਬ ਦੇ- ਉਸ ਸਮੇਂ ਦੇ ਆਰਥਕ, ਰਾਜਨੀਤਕ ਅਤੇ ਭਾਈਚਾਰਕ ਜੀਵਨ ਤੋਂ ਵੀ ਜਾਗਰੂਕ ਹੈ ਤੇ ਉਸਨੂੰ ਬੜੀ ਸਹਾਨੂਭੂਤੀ ਨਾਲ ਚਿਤਰਿਤ ਕਰਦਾ ਹੈ।

ਕੇਸਰ ਸਿੰਘ ਦੇ ਨਾਵਲਾਂ ਦਾ ਹਾਲੀ ਤਕ ਮੁਖ ਤੌਰ 'ਤੇ ਮੁਹਾਣ ਤੇ ਕਥਾਨਕ ਲਗਪਗ ਇਕੋ ਜਿਹਾ ਰਿਹਾ ਹੈ, ਪਰ ਫਿਰ ਵੀ ਆਪਣੇ ਵਿਸ਼ੇ ਦੇ ਨਿਭਾ ਵਿਚ, ਆਪਣੇ ਸ਼ਬਦ, ਸ਼ੈਲੀ ਅਤੇ ਅੰਦਾਜ਼-ਬਿਆਨ ਵਿਚ ਉਹ ਹਰ ਨਾਵਲ

ਵਿਚ ਦੂਜੇ ਨਾਵਲ ਤੋਂ ਸੱਜਰਾ ਲੱਗਦਾ ਹੈ। ਉਹ ਹੌਲ਼ੀ ਹੌਲ਼ੀ ਆਪਣੇ ਨਾਵਲ ਦੇ ਸਿਖਰ ਅਤੇ ਅੰਤ ਵਲ ਤੁਰਦਾ ਹੈ ਤੇ ਨਾਲ ਨਾਲ ਪਾਠਕ ਨੂੰ ਵੀ ਤੋਰੀ ਜਾਂਦਾ ਹੈ। ਉਸ ਵਿਚ ਕਹਾਣੀ ਰਸ ਵੀ ਹੈ ਤੇ ਲਟਕਾ ਵੀ। ਵਾਰਤਾਲਾਪ, ਸੰਵਾਦ ਅਤੇ ਮਨਬਚਨੀ ਦੀਆਂ ਵਿਧੀਆਂ ਵਰਤਕੇ ਉਹ ਆਪਣੇ ਬ੍ਰਿਤਾਂਤ ਨੂੰ ਰੁੱਖਾ ਤੇ ਇਕ ਰਸ ਨਹੀਂ ਹੋਣ ਦੇਂਦਾ। ਇਸ ਨਾਵਲ ਵਿਚ ਜਿਥੇ 'ਸਿੰਘ ਸਾਹਿਬ' ਨੂੰ ਆਪਣੀ ਪਤਨੀ ਅਤੇ ਆਪਣੇ ਬਚਿਆਂ ਦੀ ਯਾਦ ਵਿਚ ਅਤੇ ਉਨ੍ਹਾਂ ਦੀ ਪਤਨੀ ਨੂੰ ਆਪਣੇ ਪਤੀ ਦੀ ਯਾਦ ਵਿਚ ਅਤੇ ਸਿੰਘ ਸਾਹਿਬ ਨੂੰ ਆਪਣੇ ਵਿਛੜ ਚੁਕੇ ਸੰਗਰਾਮੀ ਸਾਥੀਆਂ ਦੀ ਯਾਦ ਵਿਚ ਮਨਬਚਨੀ ਕਰਦਿਆਂ ਵਿਖਾਇਆ ਹੈ, ਉਥੇ ਕੇਸਰ ਸਿੰਘ ਆਪਣੀ ਗਦਸ਼ੈਲੀ ਦੇ ਸਿਖ਼ਰ ਉਤੇ ਹੈ, ਖਾਸ ਤੌਰ ਤੇ ਕਾਂਡ 44 'ਚ ਸਿੰਘ ਸਾਹਿਬ ਦੇ ਕੋਮਲ ਤੇ ਕਰੁਣਾਮਈ ਭਾਵ, ਜਿਹੜੇ ਕਰੜੇ ਤੋਂ ਕਰੜੇ ਮਨੁੱਖ ਵਿਚ ਵੀ ਜੀਵਤ ਰਹਿੰਦੇ ਹਨ ਅਤੇ ਕੋਈ ਠੇਸ ਲਗਣ ਉਤੇ ਜਾਗ ਪੈਂਦੇ ਹਨ, ਜਿਸ ਸੁਥਕਤਾ ਨਾਲ ਵਿਅਕਤ ਕੀਤੇ ਗਏ ਹਨ, ਉਹ ਕੇਸਰ ਸਿੰਘ ਦੇ ਆਪਣੇ ਮਨ ਦੀ ਕੋਮਲਤਾ ਦੇ ਸੂਚਿਕ ਹਨ। ਥਾਂ ਥਾਂ ਉਤੇ ਦਿਤੀਆਂ ਗੁਰਬਾਣੀ ਦੀਆਂ ਟੂਕਾਂ ਤੇ ਪਰਮਾਣ ਦਸਦੇ ਹਨ ਕਿ ਕੇਸਰ ਸਿੰਘ ਨੂੰ ਖ਼ੁਦ ਗੁਰਬਾਣੀ ਉਤੇ ਅਗਾਧ ਸ਼ਰਧਾ ਹੈ। ਇਹ ਗੁਰਬਾਣੀ ਵਿਦੇਸ਼ਾਂ ਵਿਚ ਸਾਰੇ ਸੁਤੰਤਰਤਾ ਸੰਗਰਾਮੀਆਂ ਲਈ ਇਕ ਅੰਕੁਰ ਇਕ ਧੁਰਾ ਤੇ ਇਕ ਟੇਕ ਸਿੱਧ ਹੋਈ। ਇਹ ਗੁਰਬਾਣੀ ਪੜ੍ਹਨ ਵਾਲਿਆਂ ਦੀ ਗੁਰਬਾਣੀ ਪ੍ਰਤੀ ਸੱਚੀ ਸ਼ਰਧਾ, ਗੂੜ੍ਹੀ ਸੂਝ ਤੇ ਅਟੁੱਟ ਵਿਸ਼ਵਾਸ ਦਾ ਵੀ ਪ੍ਰਮਾਣ ਹੈ, ਪਰ ਇਹ ਸ਼ਰਧਾ, ਸੂਝ ਤੇ ਵਿਸ਼ਵਾਸ ਅੱਜ ਬਹੁਤ ਘਟ ਲੋਕਾਂ ਵਿਚ ਸਾਨੂੰ ਮਿਲਦਾ ਹੈ। ਇਸ ਤਰ੍ਹਾਂ ਇਹ ਨਾਵਲ ਰਾਮ ਨਾਮ ਜਪਣ ਵਾਲਿਆਂ ਲਈ ਵੀ ਇਕ ਸੇਧ ਪੇਸ਼ ਕਰਦੇ ਹਨ।

ਕੇਸਰ ਸਿੰਘ ਦੀ ਨਿੱਜੀ ਯਾਦਦਾਸ਼ਤ, ਨਾਵਾਂ, ਥਾਵਾਂ ਬਾਰੇ ਘਟਨਾਵਾਂ ਤੇ ਤੱਥਾਂ ਬਾਰੇ ਉਸ ਦੀ ਖੋਜ ਸਮਰੱਥਾ, ਇਤਿਹਾਸਕ ਦਸਤਾਵੇਜ਼ਾਂ ਦੀ ਪ੍ਰਾਪਤੀ, ਢੂੰਡ ਤੇ ਸੰਭਾਲ ਦਸਦੀ ਹੈ ਕਿ ਆਪਣੇ ਜੀਵਨ ਦਾ ਬਹੁਤਾ ਸਮਾਂ ਤੇ ਸ਼ਕਤੀ ਉਸ ਨੇ ਇਹਨਾਂ ਕਾਰਜਾਂ ਨੂੰ ਹੀ ਸਮਰਪਿਤ ਕੀਤੀ ਹੋਈ ਹੈ। ਉਪਨਿਆਸ ਕਲਾ ਵਿਚ ਪ੍ਰਵੀਨਤਾ ਦੇ ਨਾਲ ਨਾਲ ਭਿੰਨ ਭਿੰਨ ਭਾਸ਼ਾਵਾਂ ਬਾਰੇ ਕੇਸਰ ਸਿੰਘ ਦਾ ਗਿਆਨ ਵੀ ਕਮਾਲ ਦਾ ਹੈ। ਉਹ ਮਲਿਆਈ, ਬਰਮੀ, ਚੀਨੀ, ਸਿਆਮੀ,ਪਠਾਣ, ਅੰਗਰੇਜ਼ ਤੇ ਸਿੱਧ ਪੱਧਰੇ ਪੰਜਾਬੀ ਪਾਤਰਾਂ ਤੋਂ ਜੋ ਬੋਲੀ ਬੁਲਵਾਉਂਦਾ ਹੈ, ਉਹ ਪਾਤਰਾਂ ਦੇ ਚਰਿੱਤਰ ਅਤੇ ਦੇਸ਼ ਕਾਲ ਦੇ ਅਨੁਕੂਲ ਹੁੰਦੀ ਹੈ। ਕਿਤੇ ਕਿਤੇ ਉਹ ਸੂਖਮ ਵਿਅੰਗ ਅਤੇ ਉਪ-ਹਾਜ ਦੀ ਵਰਤੋਂ ਵੀ ਕਰਦਾ ਹੈ। ਬਹੁਤ ਘਟ ਥਾਵਾਂ ਉਤੇ ਕੇਸਰ ਸਿੰਘ ਭਾਸ਼ਨ ਜਾਂ ਸਿਧਾਂਤਕ ਵਾਦ-ਵਿਵਾਦ 'ਚ ਪੈਂਦਾ ਹੈ, ਪਰ

ਫਿਰ ਵੀ ਇਕ ਇਕ ਅੱਖਰ ਤੇ ਇਕ ਇਕ ਵਿਚਾਰ ਉਸ ਦਾ ਆਪਣਾ ਚੁਣਿਆ ਅਤੇ ਚਿਤਵਿਆ ਹੁੰਦਾ ਹੈ। ਜੋ ਕੁਝ ਵੀ ਕਿਹਾ ਗਿਆ ਹੁੰਦਾ ਹੈ, ਉਹ ਪਾਤਰਾਂ ਰਾਹੀਂ, ਪਾਤਰਾਂ ਵਲੋਂ ਅਤੇ ਪਾਤਰਾਂ ਲਈ ਕਿਹਾ ਗਿਆ ਹੁੰਦਾ ਹੈ। ਸਭ ਕੁਝ ਪਾਤਰਾਂ ਦੀ ਕਥਨੀ ਤੇ ਕਰਨੀ ਵਿਚੋਂ ਉਘੜਦਾ ਹੈ। ਕੇਸਰ ਸਿੰਘ ਸਿੱਧੇ ਰੂਪ ਵਿਚ ਨਾ ਆਪ ਬੋਲਦਾ ਹੈ ਤੇ ਨਾ ਪਾਠਕ ਨੂੰ ਸੰਬੋਧਤ ਹੁੰਦਾ ਹੈ। ਇਹ ਉਸ ਦੇ ਕਲਾ-ਕੌਸ਼ਲ ਨੂੰ ਸੁਭਾਵਿਕਤਾ ਅਤੇ ਸਹਿਜਤਾ ਦਾ ਰੰਗ ਦੇ ਦੇਂਦਾ ਹੈ।

ਇਕ ਨੁਕਤਾ ਮੈਨੂੰ ਇਸ ਨਾਵਲ ਵਿਚੋਂ ਇਹ ਵੀ ਮਿਲਿਆ ਹੈ ਕਿ ਧਰਮ ਤੇ ਸਿਆਸਤ ਨੂੰ ਅੱਡ ਅੱਡ ਰੱਖਣ ਜਾਂ ਮੰਨਣ ਦਾ ਵਿਚਾਰ ਵੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਵਾਂਗ ਅੰਗਰੇਜ਼ ਨੇ ਹੀ ਸਾਨੂੰ ਸੁਝਾਇਆ। ਇਸ ਨਾਵਲ ਵਿਚ ਸਿੰਘ ਸਾਹਿਬ ਦੀ ਅਗਵਾਈ ਵਿਚ ਜਦੋਂ ਪਰਵਾਸੀਆਂ ਦਾ ਇਕ ਡੈਪੂਟੇਸ਼ਨ ਪੰਜਾਬ ਦੇ ਘੁਮੰਡੀ ਤੇ ਕੁਰੱਖਤ ਲਾਟ ਸਾਹਿਬ ਮਾਈਕਲ ਉਡਵਾਇਰ ਨੂੰ 1913 ਵਿਚ ਮਿਲਦਾ ਹੈ ਤਾਂ ਉਹ 'ਸਿੰਘ ਸਾਹਿਬ' ਨੂੰ ਕਹਿੰਦਾ ਹੈ, 'ਤੂੰ ਗਰੰਥੀ ਏਂ। ਗਰੰਥੀ ਦਾ ਰੁਤਬਾ ਬੜਾ ਉੱਚਾ ਹੁੰਦਾ ਹੈ, ਪਰ ਤੂੰ ਪਾਲੇਟਿਕਸ ਵਿਚ ਪੈ ਕੇ ਗਰੰਥੀ ਦੇ ਰੁਤਬੇ ਦੀ ਹੱਤਕ ਕੀਤੀ ਹੈ' ਪਰ ਸਿੰਘ ਸਾਹਿਬ ਨੂੰ ਇਹ ਗਲ ਵਿਹੁ ਵਾਂਗ ਲਗਦੀ ਹੈ। ਭਾਵ ਉਹ ਇਸ ਸਿਧਾਂਤ ਨੂੰ ਪਰਵਾਨ ਨਹੀਂ ਕਰਦੇ।

ਕੇਸਰ ਸਿੰਘ ਬਹੁਤ ਸਾਰੇ ਦੇਸ਼ਾਂ ਵਿਚ ਘੁੰਮਿਆਂ ਫਿਰਿਆ, ਹੁਣ ਕਈ ਸਾਲਾਂ ਤੋਂ ਕੈਨੇਡਾ ਵਿਚ ਰਹਿ ਰਿਹਾ ਹੈ। ਬਰਤਾਨੀਆਂ ਵਿਚ ਵੀ ਕਾਫੀ ਦੇਰ ਰਿਹਾ ਹੈ। ਉਹ ਇਕ ਤਰ੍ਹਾਂ ਨਾਲ ਪੱਕਾ ਪਰਵਾਸੀ ਹੋ ਗਿਆ ਹੈ, ਪਰ ਆਪਣੇ ਵਤਨ ਦੀ ਮਿੱਟੀ, ਸੰਸਕ੍ਰਿਤੀ ਅਤੇ ਵਸਨੀਕਾਂ ਦੇ ਮੋਹ ਤੋਂ ਉਹ ਟੁੱਟ ਨਹੀਂ ਸਕਿਆ।

ਕੇਸਰ ਸਿੰਘ ਦੀ ਕਵਿਤਾ

-ਕਿਰਪਾਲ ਸਿੰਘ ਕਸੇਲ

1 ਨਵੰਬਰ, 1999 ਨੂੰ ਇਸ ਕਾਵਿ ਪੁਸਤਕ 'ਆਜ਼ਾਦੀ ਦੀ ਕਵਿਤਾ' ਦੇ ਕਰਤਾ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ ਗ਼ਦਰੀ ਬਾਬਿਆਂ ਦੇ ਸਮਾਗਮ ਵਿਚ ਵਿਸ਼ੇਸ਼ ਸੱਦੇ ਉਤੇ ਗ਼ਦਰ ਪਾਰਟੀ ਦੇ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨ ਲਈ ਉਚੇਚੇ ਤੌਰ 'ਤੇ ਬੁਲਾਏ ਗਏ ਸਨ। ਇਸ ਪਿਛੋਂ ਕੁਝ ਦਿਨ ਉਹ ਮੇਰੇ ਪਾਸ ਪਟਿਆਲੇ ਵੀ ਰਹੇ ਅਤੇ ਉਨ੍ਹਾਂ ਨੇ ਮੈਨੂੰ ਇਸ ਪੁਸਤਕ ਦੀਆਂ ਕੁਝ ਕਵਿਤਾਵਾਂ ਸੁਣਾਈਆਂ ਤੇ ਨਾਲ ਹੀ ਕਿਹਾ ਕਿ ਮੇਰਾ ਇਨ੍ਹਾਂ ਨੂੰ ਛਾਪਣ ਦਾ ਕੋਈ ਵਿਚਾਰ ਨਹੀਂ ਹੈ। ਕੁਝ ਸਾਲ ਪਹਿਲਾਂ ਉਨ੍ਹਾਂ ਦੀ ਇਕ ਡਾਇਰੀ ਜੋ 'ਆਜ਼ਾਦ ਹਿੰਦ ਫ਼ੌਜ' ਵਿਚ ਇਕ ਸੈਨਿਕ ਵਜੋਂ 1942-45 ਵਿਚ ਲਿਖੀ ਗਈ ਸੀ, ਤੀਹ ਸਾਲ ਪਿਛੋਂ ਪ੍ਰਾਪਤ ਹੋਈ ਜਿਸ ਨੂੰ ਪੰਜਾਬੀ ਪ੍ਰਕਾਸ਼ਨ ਪਟਿਆਲਾ ਨੇ ਛਾਪ ਦਿੱਤਾ। ਇਹ ਡਾਇਰੀ ਗਿਆਨੀ ਕੇਸਰ ਸਿੰਘ ਦੇ ਨਿੱਜੀ ਜੀਵਨ ਉਤੇ ਕਾਫੀ ਪ੍ਰਕਾਸ਼ ਪਾਉਂਦੀ ਹੈ ਅਤੇ ਇਸ ਵਿਚ ਅੰਕਤ ਕੁਝ ਦ੍ਰਿਸ਼ ਘਟਨਾਵਾਂ ਤੇ ਲਿਖਤਾਂ ਬਹੁਤ ਹੀ ਮਹੱਤਵਪੂਰਨ ਹਨ। ਜਦੋਂ ਆਪ ਨੇ ਇਨ੍ਹਾਂ ਕਵਿਤਾਵਾਂ ਨੂੰ ਛਾਪੇ ਜਾਣ ਦੀ ਗੱਲ ਕਹੀ ਤਾਂ ਮੈਨੂੰ ਇੰਝ ਮਹਿਸੂਸ ਹੋਇਆ ਕਿ ਪੰਜਾਬੀ ਕਵਿਤਾ ਦਾ ਇਹ ਉਚ ਕੋਟੀ ਦਾ ਸਰਮਾਇਆ ਪਾਠਕਾਂ ਤੋਂ ਅਛੋਪਲਾ ਹੀ ਗੁੰਮ ਹੋ ਜਾਵੇਗਾ। ਇਸ ਲਈ ਇਹ ਖਰੜਾ ਜੋ ਤਿੰਨ ਜਿਲਦਾਂ ਵਿਚ ਸੀ, ਮੈਂ ਆਪਣੇ ਕੋਲ ਉਨ੍ਹਾਂ ਨੂੰ ਇਹ ਵਚਨ ਦੇ ਕੇ ਰੱਖ ਲਿਆ ਕਿ ਇਹ ਜ਼ਰੂਰ ਹੀ ਪ੍ਰਕਾਸ਼ਤ ਹੋਣਾ ਚਾਹੀਦਾ ਹੈ। ਆਪ ਜੀ ਨੇ ਮੇਰੀ ਇਹ ਗੱਲ ਮੰਨ ਲਈ ਅਤੇ ਹੁਣ ਮੈਨੂੰ ਇਹ ਦੱਸਣ ਵਿਚ ਬੜੀ ਪ੍ਰਸੰਨਤਾ ਹੋ ਰਹੀ ਹੈ ਕਿ ਆਧੁਨਿਕ ਪੰਜਾਬੀ ਕਵਿਤਾ ਦਾ ਇਹ ਅਮੋਲਕ ਸਰਮਾਇਆ ਪੰਜਾਬੀ ਪਾਠਕਾਂ ਦੀ ਭੇਟ ਕੀਤਾ ਜਾ ਰਿਹਾ ਹੈ।

ਪੰਜਾਬੀ ਨਾਵਲਕਾਰ ਦੇ ਤੌਰ 'ਤੇ ਗਿਆਨੀ ਕੇਸਰ ਸਿੰਘ ਦਾ ਨਾਂ ਤੇ ਸਥਾਨ ਬੜਾ ਉੱਘਾ ਹੈ। ਉਨ੍ਹਾਂ ਦੇ ਡੇਢ ਦਰਜਨ ਦੇ ਲਗਭਗ ਪ੍ਰਕਾਸ਼ਤ ਹੋਏ

ਨਾਵਲਾਂ ਵਿਚ ਕੁਝ ਨਿੱਜੀ ਜੀਵਨ ਦੇ ਵਿਸ਼ੇਸ਼ ਸਮਾਚਾਰ ਅਤੇ ਖ਼ਾਸ ਕਰਕੇ ਦੱਖਣ ਪੂਰਬ ਏਸ਼ੀਆ ਦੇ ਭਾਰਤੀ ਸੁਤੰਤਰਤਾ ਸੰਗਰਾਮ ਨਾਲ ਸੰਬੰਧਤ ਮਹੱਤਵਪੂਰਨ ਦ੍ਰਿਸ਼ ਚਿਤਰਨ ਹਨ। ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਪ੍ਰਸਿੱਧ ਦੇਸ਼ ਭਗਤ ਬਾਬਾ ਸੋਹਨ ਸਿੰਘ ਭਕਨਾ ਜੀ ਦੀ ਪ੍ਰੇਰਨਾ ਸਦਕਾ ਕੇਸਰ ਸਿੰਘ ਜੀ ਨੇ ਗ਼ਦਰੀ ਇਤਿਹਾਸ ਨੂੰ ਕਲਮਬੱਧ ਕਰਨ ਦਾ ਬੀੜਾ ਚੁੱਕਿਆ ਤੇ ਬਾਬਾ ਜੀ ਨਾਲ ਕੀਤੇ ਇਸ ਇਕਰਾਰ ਨੂੰ ਪੂਰੀ ਸੁਹਿਰਦਤਾ, ਲਗਨ, ਮਿਹਨਤ ਅਤੇ ਸਿਰੜ ਨਾਲ ਨਿਭਾਇਆ ਹੈ। ਆਪ ਜੀ ਦੇ ਇਤਿਹਾਸਕ ਨਾਵਲ ਇਸ ਗੱਲ ਦਾ ਸਾਖਿਆਤ ਪ੍ਰਮਾਣ ਹਨ ਕਿ ਭਾਰਤੀ ਸੁਤੰਤਰਤਾ ਸੰਗਰਾਮ ਦੇ ਇਨ੍ਹਾਂ ਕੌਮੀ ਸ਼ਹੀਦਾਂ ਤੇ ਸੁਤੰਤਰਤਾ ਸੰਗ੍ਰਾਮੀਆਂ ਨੇ ਕਿੰਨਾ ਵੱਡਾ ਬਲੀਦਾਨ ਦੇਸ਼ ਨੂੰ ਸੁਤੰਤਰ ਕਰਵਾਉਣ ਲਈ ਕੀਤਾ ਹੈ। ਸ਼ਹੀਦ ਮਦਨ ਲਾਲ ਢੀਂਗਰਾ, ਸ਼ਹੀਦ ਊਧਮ ਸਿੰਘ, ਸ਼ਹੀਦ ਮੇਵਾ ਸਿੰਘ ਲੋਪੋਕੇ, ਸਿੰਘ ਸਾਹਿਬ ਦੀ ਸ਼ਹੀਦੀ, ਜੰਞ ਲਾੜ੍ਹਿਆਂ ਦੀ, ਬਾਬਾ ਹਰੀ ਸਿੰਘ ਉਸਮਾਨ, ਲਹਿਰ ਵਧਦੀ ਗਈ, ਗ਼ਦਰੀ ਗੁਲਾਬ, ਇਕ ਮਾਂਗ ਸੰਧੂਰੀ, ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਆਦਿ ਸਭ ਨਾਵਲ ਆਪਣੇ ਕਥਾ-ਵਸਤੂ ਵਿਚ ਭਾਰਤੀ ਸੁਤੰਤਰਤਾ ਸੰਗਰਾਮ ਦੇ ਕ੍ਰਾਂਤੀਕਾਰੀ ਇਤਿਹਾਸ ਨੂੰ ਪੇਸ਼ ਕਰਨ ਵਾਲੇ ਸ਼ੈਸ਼ਟ ਨਾਵਲ ਹਨ। 'ਜੰਗੀ ਕੈਦੀ' ਵਰਗਾ ਮਹਾਂਕਾਵਿਕ ਵਿਸਥਾਰਾਂ ਵਾਲਾ ਨਾਵਲ ਤੇ ਉਨ੍ਹਾਂ ਦਾ ਵੱਡ-ਆਕਾਰੀ 'ਹਥਿਆਰਬੰਦ ਇਨਕਲਾਬ' ਨਾਵਲਾਂ ਨਾਲ ਤਾਂ ਪੰਜਾਬੀ ਨਾਵਲ ਦੀ ਪਰੰਪਰਾ ਆਪਣੇ ਸਿਖ਼ਰਾਂ ਤੱਕ ਪੁੱਜੀ ਹੈ।

ਆਪ ਕੇਸਰ ਸਿੰਘ ਭਾਵੇਂ ਸੁਤੰਤਰਤਾ ਸੰਗਰਾਮੀ ਹੈ, ਆਜ਼ਾਦ ਹਿੰਦ ਫ਼ੌਜ ਵਿਚ ਇਕ ਸੈਨਿਕ ਵਜੋਂ ਕਈ ਪ੍ਰਕਾਰ ਦੀਆਂ ਸੇਵਾਵਾਂ ਨੂੰ ਨਿਭਾਇਆ ਹੈ, ਪਰ ਆਦਰਸ਼ ਰੂਪ ਵਿਚ ਉਹ ਸੰਸਾਰ ਅਮਨ ਤੇ ਪ੍ਰਗਤੀਸ਼ੀਲ ਵਿਸ਼ਵ-ਬੰਧੁਤਵ ਦਾ ਸਮਰਥਕ ਹੈ। ਉਸ ਦਾ ਦ੍ਰਿਸ਼ਟੀਕੋਣ ਅੰਤਰਰਾਸ਼ਟਰੀ ਮਾਨਵੀ ਭਾਈਚਾਰੇ ਵਿਚ ਏਕਤਾ, ਸਮਾਨਤਾ ਤੇ ਕਰਮਸ਼ੀਲਤਾ ਦਾ ਪ੍ਰਚਾਇਕ ਹੈ। 'ਹੀਰੋਸ਼ੀਮਾ' ਵਰਗਾ ਪ੍ਰਮੁੱਖ ਨਾਵਲ ਪ੍ਰਮਾਣੂ ਬੰਬਾਂ ਵਿਰੁੱਧ ਅਤੇ ਵਿਸ਼ਵ ਅਮਨ ਦਾ ਵਧੀਆ ਪ੍ਰਤੀਕ ਹੈ। ਆਪਣੇ ਬਾਕੀ ਸਮਾਜਕ ਨਾਵਲਾਂ ਵਿਚ ਵੀ ਇਸ ਲੇਖਕ ਨੇ ਪ੍ਰਵਾਸੀ ਭਾਰਤੀਆਂ ਦੀਆਂ ਵਿਦੇਸ਼ੀ ਸਮਾਜ ਵਿਚ ਵਿਚਰਦਿਆਂ ਹੋਇਆਂ ਅਸੰਗਤੀਆਂ ਤੇ ਸੁਸੰਗਤੀਆਂ ਦਾ ਨਿਵਾਰਣ ਕੀਤਾ ਹੈ ਅਤੇ ਮਹੱਤਵਪੂਰਣ ਨੁਕਤੇ ਉਠਾਏ ਹਨ। ਖ਼ਾਸ ਕਰਕੇ ਜੋ ਪਹਿਲੀ ਪੀੜ੍ਹੀ ਦੇ ਭਾਰਤੀਆਂ ਦੇ ਵਰਤਮਾਨ ਯੁਵਕ ਪੀੜ੍ਹੀ ਨਾਲ ਸੰਬੰਧਤ ਹਨ, ਪਰ ਉਨ੍ਹਾਂ ਦੇ ਅੰਤਮ ਨਾਵਲ 'ਹਥਿਆਰਬੰਦ ਇਨਕਲਾਬ' ਨੂੰ ਤਾਂ ਮੈਂ ਆਧੁਨਿਕ ਭਾਰਤ ਦੇ ਰਾਜਨੀਤਕ ਇਤਿਹਾਸ ਦਾ 'ਮਹਾਂਭਾਰਤ' ਆਖ

ਕੇ ਸੰਬੋਧਨ ਕਰਦਾ ਹਾਂ। ਕੇਵਲ ਇਤਿਹਾਸਕ ਪੱਖ ਤੋਂ ਹੀ ਇਹ ਨਾਵਲ ਪ੍ਰਮਾਣਿਕ ਦਸਤਾਵੇਜ਼ ਨਹੀਂ ਹੈ ਸਗੋਂ ਕਲਾ ਪੱਖ ਤੋਂ ਵੀ ਰਸਿਕ, ਰੋਂਚਿਕ ਤੇ ਪ੍ਰੇਰਨਾਸ਼ੀਲ ਮਹਾਂ-ਬ੍ਰਿਤਾਂਤ ਹੈ।

ਜਿਸ ਲੇਖਕ ਕੋਲ ਨਿੱਜੀ ਅਨੁਭਵ ਦੀ ਅਤਿ ਦੀ ਸੰਵੇਦਨਸ਼ੀਲਤਾ ਤੇ ਨਿੱਜੀ ਅਨੁਭਵ ਦਾ ਵਿਸ਼ਾਲ ਭੰਡਾਰ ਅਤੇ ਕਵੀ ਦਾ ਦਿਲ ਦਾਤ ਵਜੋਂ ਪ੍ਰਾਪਤ ਹੋਇਆ ਹੋਵੇ, ਉਹ ਕਵਿਤਾ ਵਰਗੀ ਲਲਿਤ ਕਲਾ ਵਿਚ ਵੀ ਕਿਵੇਂ ਦੂਤੀਆ ਵਰਗ ਦਾ ਹੋ ਸਕਦਾ ਹੈ? ਸਗੋਂ ਕਵਿਤਾ ਤਾਂ ਹੈ ਹੀ ਅਨੁਭਵੀ ਤੀਖਣਤਾ ਦਾ ਸੁੰਦਰ, ਸਹਿਜ ਤੇ ਕਲਾਮਈ ਪ੍ਰਗਟਾਉ। ਬਚਪਨ ਪੋਠੋਹਾਰ ਦੇ ਰਮਣੀਕ ਕੁਦਰਤੀ ਨਜ਼ਾਰਿਆਂ ਵਿਚ ਘਿਰੇ ਮੁਗ਼ਲਪੜੀ ਦੇ ਪਿੰਡ ਵਿਚ ਬੀਤਿਆ। ਸੂਖ਼ਮਭਾਵੀ ਅਤੇ ਦਲੇਰ ਮਾਤਾ ਨੇ ਡਾਕੂਆਂ ਦਾ ਕਤਲ ਕਰ ਦਿੱਤਾ ਤੇ ਆਪ ਵੀ ਇਸੇ ਹਾਦਸੇ ਵਿਚ ਮਾਰੀ ਗਈ। ਪਿਤਾ ਇਸੇ ਦੁੱਖ ਨਾਲ ਝੰਭਿਆ ਗਿਆ ਅਤੇ ਵੈਰਾਗਵਾਨ ਹੋ ਗਿਆ ਤੇ ਬਾਲ ਵਿਰੇਸ ਵਿਚ ਹੀ ਜਦੋਂ ਕੇਸਰ ਸਿੰਘ ਹਾਲੇ ਮੈਟ੍ਰਿਕ ਦਾ ਹੀ ਵਿਦਿਆਰਥੀ ਸੀ, ਘਰੋਂ ਨਸ ਤੁਰਿਆ ਅਤੇ ਫਿਰਦਾ ਫਰਾਂਦਾ ਅੰਮ੍ਰਿਤਸਰ ਆ ਗਿਆ, ਜਿਥੇ ਉਨ੍ਹਾਂ ਦਿਨਾਂ ਵਿਚ 'ਗੁਰੂ ਕੇ ਬਾਗ਼ ਦਾ ਮੋਰਚਾ' ਚਲ ਰਿਹਾ ਸੀ। ਸੰਤ ਗੁਲਾਬ ਸਿੰਘ ਨੇ ਚੀਫ਼ ਖ਼ਾਲਸਾ ਦੀਵਾਨ ਦੇ ਯਤੀਮਖ਼ਾਨੇ ਵਿਚ ਭਰਤੀ ਕਰਵਾ ਦਿੱਤਾ ਅਤੇ ਪ੍ਰਸਿੱਧ ਦੇਸ਼ਭਗਤ ਡਾ. ਸੈਫੁਦੀਨ ਕਿਚਲੂ ਕੋਲੋਂ ਉਸ ਨੂੰ ਆਜ਼ਾਦੀ ਦੇ ਘੋਲ ਦੀ ਪਹੁਲ ਪ੍ਰਾਪਤ ਹੋਈ, ਜੋ ਪਿਆਰ ਵਿਚ ਕੇਸਰ ਸਿੰਘ ਨੂੰ 'ਟੀਟੂ' ਕਹਿ ਕੇ ਬੁਲਾਉਂਦੇ ਸਨ।

ਪ੍ਰਿੰਸੀਪਲ ਤੇਜਾ ਸਿੰਘ ਦੀ ਸੰਗਤ ਤੇ ਪ੍ਰੇਰਨਾ ਸਦਕਾ ਪੜ੍ਹਨ ਦਾ ਸ਼ੌਕ ਜਾਗਿਆ ਅਤੇ ਉਨ੍ਹਾਂ ਦੇ ਹੀ ਵਸੀਲੇ ਕਾਰਨ ਪੀਨਾਂਗ ਦੇ ਗੁਰਦੁਆਰੇ ਵਿਚ ਮੁਲਾਜ਼ਮ ਜਾ ਹੋਇਆ। ਇਥੋਂ ਹੀ ਉਨ੍ਹਾਂ ਦੇ ਜੀਵਨ ਦਾ ਨਵਾਂ ਕਾਂਡ ਸ਼ੁਰੂ ਹੁੰਦਾ ਹੈ ਜਿਸ ਨੂੰ 1914-15 ਦੇ ਗ਼ਦਰੀ ਸੰਗਰਾਮੀਆਂ ਜੋ ਉਨ੍ਹਾਂ ਦਿਨਾਂ ਵਿਚ ਭਾਰਤ ਆਉਣ ਦੀ ਥਾਂ ਦੱਖਣ ਪੂਰਬ ਏਸ਼ੀਆ ਵਿਚ ਹੀ ਟਿਕ ਗਏ ਸਨ, ਤੋਂ ਨਵਾਂ ਉਤਸ਼ਾਹ ਮਿਲਿਆ। ਗਿਆਨੀ ਪ੍ਰੀਤਮ ਸਿੰਘ ਦੀ ਸੰਗਤ ਤੋਂ 'ਆਜ਼ਾਦ ਹਿੰਦੁਸਤਾਨ' ਨਾਂ ਦਾ ਪੱਤਰ ਕੱਢਿਆ ਅਤ ਆਜ਼ਾਦ ਹਿੰਦ ਫ਼ੌਜ ਬਣਾਉਣ ਦੀ ਯੋਜਨਾ ਤਿਆਰ ਕੀਤੀ। ਇਸੇ ਇਤਿਹਾਸਕ ਸੰਗਰਾਮ ਵਿਚੋਂ ਹੀ ਜਨਰਲ ਮੋਹਣ ਸਿੰਘ ਤੇ ਰਾਸ ਬਿਹਾਰੀ ਬੋਸ ਅਤੇ ਨੇਤਾ ਜੀ ਸੁਭਾਸ਼ ਚੰਦਰ ਬੋਸ ਨਾਲ ਨੇੜੇ ਦੇ ਸੰਬੰਧ ਜੁੜੇ ਅਤੇ ਇੰਫਾਲ ਦੇ ਅਗਲੇ ਮੋਰਚੇ ਤਕ ਜਾ ਪਹੁੰਚੇ। ਫਿਰ ਵਾਪਸੀ ਦਾ ਦੌਰ ਸ਼ੁਰੂ ਹੋਇਆ। ਇਕ ਵਾਰ ਜਾਪਾਨੀਆਂ ਦੇ ਸ਼ੱਕ ਕਾਰਨ ਮਰਨ ਤੋਂ ਬਚੇ ਅਤੇ ਦੂਜੀ ਵਾਰ ਆਜ਼ਾਦ ਹਿੰਦ ਫ਼ੌਜ ਦੇ ਸ਼ਹੀਦਾਂ ਵਿਚ ਗਿਣੇ ਗਏ, ਪਰ ਕੁਦਰਤ ਨੇ ਮੌਤ

ਦੇ ਮੂੰਹ ਵਿਚੋਂ ਵੀ ਬਚਾ ਲਿਆ ਕਿਉਂ ਜੋ ਹਾਲੀਂ ਇਸ ਲੇਖਕ ਨੇ ਆਪਣੀ ਕਲਮ ਦੁਆਰਾ ਬਹੁਤ ਕੁਝ ਲਿਖਣਾ ਤੇ ਲੋਕਾਂ ਸਾਹਮਣੇ ਬੀਤੇ ਤੇ ਗੁੰਮ ਹੋ ਰਹੇ ਇਤਿਹਾਸਕ ਵੇਰਵੇ ਪੇਸ਼ ਕਰਨੇ ਸਨ। ਇਹ ਹਥਲੀ ਕਾਵਿ ਪੁਸਤਕ ਵੀ ਆਪ ਦੇ ਇਸੇ ਬੌਧਿਕ, ਹਿਰਦੇਵੇਧਕ ਅਨੁਭਵਾਂ, ਸਿਮਰਤੀਆਂ ਤੇ ਡਿੱਠੇ ਭਾਖੇ ਦ੍ਰਿਸ਼ਾਂ ਦਾ ਕਾਵਿਮਈ ਚਿਤਰਣ ਹੈ ਜੋ ਕਵੀ ਦੇ ਬਚਪਨ ਤੋਂ ਲੈ ਕੇ ਜੀਵਨ ਦੇ ਅੰਤਮ ਪੜਾਵਾਂ ਦੇ ਅਨੁਭਵਾਂ ਅਤੇ ਚਿੰਤਨਸ਼ੀਲ ਮੁਦਰਾਵਾਂ ਨਾਲ ਜੁੜਿਆ ਹੋਇਆ ਹੈ। ਕਵਿਤਾ ਤਾਂ ਹੁੰਦੀ ਹੀ ਸਹਿਜ ਰੂਪ ਵਿਚ ਆਪੇ ਦਾ ਨਿਕਟਤਮ ਪ੍ਰਗਟਾਉ ਹੈ, ਜੋ ਇਸ ਸੰਗ੍ਰਹਿ ਦੀ ਹਰ ਕਵਿਤਾ ਤੇ ਉਸ ਦੀ ਹਰ ਪੰਕਤੀ ਵਿਚੋਂ ਵੇਖਿਆ ਤੇ ਲਭਿਆ ਜਾ ਸਕਦਾ ਹੈ।

'ਆਜ਼ਾਦੀ ਦੀ ਕਵਿਤਾ' ਦੇ ਸੰਗ੍ਰਹਿ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ। ਇਹ ਚਾਰੇ ਖੰਡ ਇਕ ਦੂਜੇ ਨਾਲ ਅੰਤਰ-ਸੰਬੰਧਤ ਹਨ ਕਿਉਂ ਜੋ ਇਹ ਕਵੀ ਦੇ ਵਿਅਕਤੀਤਵ ਨਾਲ ਜੁੜੇ ਹੋਏ ਹਨ।ਹਰ ਉਚੇਰੇ ਕਵੀ ਦਾ ਵਿਅਕਤੀਤਵ ਸਰਲ ਜਿਹਾ ਉਪਰਲੀ ਸਤਹ ਦਾ ਦਰਪਣ ਨਹੀਂ ਹੁੰਦਾ ਸਗੋਂ ਇਸ ਦੀਆਂ ਡੂੰਘੀਆਂ ਤਹਿਆਂ ਵਿਚ ਕਈ ਪਰਤਾਂ ਛਿਪੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਕਵੀ-ਹਿਰਦਾ ਆਪ ਮੁਹਾਰੇ ਹੀ ਬੇਨਕਾਬ ਕਰ ਦਿੰਦਾ ਹੈ। ਇਹ ਝਿਲਮਿਲਾਂਦੇ ਜਿਹੇ ਛਿੰਨ-ਭੰਗਰੀ ਦ੍ਰਿਸ਼ ਜਿਥੇ ਕਵੀ ਦੀਆਂ ਮਾਰਮਿਕ ਧੜਕਣਾਂ ਨੂੰ ਸਾਹਮਣੇ ਲਿਆਉਂਦੇ ਹਨ, ਉਥੇ ਪਾਠਕਾਂ ਨੂੰ ਵੀ ਝੰਜੋੜ ਜਾਂਦੇ ਹਨ ਅਤੇ ਕਿਸੇ ਡੂੰਘੀ ਸੋਚ ਨਾਲ ਗੜੁੱਚ ਕਰ ਜਾਂਦੇ ਹਨ।

ਇਸ ਹਥਲੇ ਸੰਗ੍ਰਹਿ ਦੇ ਪਹਿਲੇ ਭਾਗ 'ਜੰਗ ਦੀ ਡੈਣ-ਅਮਨ ਦਾ ਦੇਵਤਾ' ਦੀ ਕਵਿਤਾ ਦਾ ਮਹੱਤਵ ਸਭ ਤੋਂ ਵਧੇਰੇ ਹੈ। ਜੰਗ ਦੀ ਭਿਅੰਕਰਤਾ ਅਤੇ ਇਸ ਦੇ ਮਾਰੂ ਦ੍ਰਿਸ਼ਾਂ ਦਾ ਵਿਵਰਣ ਇਤਨੇ ਜਿਉਂਦੇ ਜਾਗਦੇ ਅਨੁਭਵੀ ਦ੍ਰਿਸ਼ਾਂ ਦੁਆਰਾ ਕੋਈ ਵਿਰਲਾ ਕਵੀ ਹੀ ਕਰ ਸਕਿਆ ਹੋਵੇਗਾ। ਕੇਸਰ ਸਿੰਘ ਉਹ ਸਰਵ ਸ਼੍ਰੋਮਣੀ ਸਾਹਿਤਕਾਰ ਹੈ ਜਿਸ ਦਾ ਜੰਗ ਵਿਰੋਧੀ ਤੇ ਅਮਨ ਪੱਖੀ ਰਚਨਾਵਾਂ ਰਚਣ ਵਿਚ ਨਾਮ ਜਗਤ ਪ੍ਰਸਿੱਧ ਹੈ। ਇਸ ਭਾਗ ਦੀਆਂ ਕੁਝ ਕਵਿਤਾਵਾਂ ਤਾਂ ਜੰਗ ਦੀ ਬਰਬਰਤਾ, ਮਾਰੂ ਸਿੱਟਿਆਂ ਅਤੇ ਤਬਾਹੀ ਦੀ ਤ੍ਰਾਸਦੀ ਦੇ ਪੱਖਾਂ ਨੂੰ ਅਤਿ ਦੀਆਂ ਕਲਾਤਮਕ ਛੋਹਾਂ ਨਾਲ ਚਿਤਰਦੀਆਂ ਹਨ। ਇਨ੍ਹਾਂ ਦੁਖਾਂਤਕ ਚਿਤਰਾਂ ਵਿਚ ਬਹੁਤ ਕੁਝ ਮਾਨਵੀ ਹਿਰਦੇ ਨੂੰ ਧੁਰ ਅੰਦਰੋਂ ਝੰਜੋੜਨ ਤੇ ਕੁਝ ਸਾਰਥਕ ਸੋਚਣ ਲਈ ਬੇਵਸ ਕਰ ਦੇਣ ਦੀ ਸਮਰੱਥਾ ਹੈ ਕਿ ਆਖ਼ਿਰ ਜੰਗ ਕਿਉਂ? 'ਦੋ ਜੇਤੂ' ਸਾਮਰਾਜ ਬਰਤਾਨੀਆਂ ਤੇ ਜਾਪਾਨ ਦੋਵੇਂ ਹੀ ਦੱਖਣ ਪੂਰਬ ਏਸ਼ੀਆ ਵਿਚ ਜੋ ਤਬਾਹੀ ਮਚਾਉਂਦੇ ਹਨ, ਉਨ੍ਹਾਂ ਵਿਚੋਂ ਕੋਈ ਵੀ ਸਲਾਹੁਣਯੋਗ ਨਹੀਂ ਹੈ। ਭਾਵੇਂ

ਉਹ ਯੁੱਧ ਵਿਚ ਹਾਰ ਰਹੇ ਹਨ ਜਾਂ ਜਿੱਤ ਰਹੇ ਹਨ, ਦੋਹਾਂ ਹਾਲਤਾਂ ਵਿਚ ਇਹ ਮਨੁੱਖੀ ਸਭਿਅਤਾ ਨੂੰ ਕਲੰਕਤ ਹੀ ਕਰ ਰਹੇ ਹਨ। ਕੁਝ ਉਦਾਹਰਣ ਵੇਖੋ :

'ਉਸ ਨੇ ਆਪਣਾ ਨੰਗੇਜ਼
ਬੱਚੇ ਦੇ ਨੰਗ-ਮੁਨੰਗੇ
ਤਨ ਨਾਲ
ਢੱਕਿਆ ਹੋਇਆ ਹੈ।
ਰੱਬ ਨੂੰ ਕੀ ਪਤੈ
ਕੀ ਹੋ ਰਿਹੈ ਅੱਜ!'

ਅਤੇ

'ਮੇਰੀਆਂ ਅੱਖਾਂ ਵਿਚੋਂ ਹੰਝੂ

ਤ੍ਰਿਪ ਤ੍ਰਿਪ ਤਿਲ੍ਹਕ ਰਹੇ ਹਨ।
ਸੁਕੀਆਂ ਹੜ੍ਹਬਾਂ ਉਤੋਂ
ਹੰਝੂ ਢਲਕ ਰਹੇ ਹਨ।
ਦੋਵੇਂ ਹੱਥ ਚਿੱਕੜ ਵਿਚ ਖੁੱਭੇ,
ਗੋਡਿਆਂ ਪਰਨੇ ਹੋ ਕੇ
ਡੰਗਰਾਂ ਵਾਂਗੂੰ
ਛੱਪੜੀ ਵਿਚੋਂ ਪੀ ਰਿਹਾ ਹਾਂ ਪਾਣੀ।
ਅਸੀਂ ਦੋ ਲੱਤਾਂ ਵਾਲੀਆਂ
ਖਚਰਾਂ ਨਹੀਂ,
ਇਨਸਾਨ ਹਾਂ,
ਪਾਣੀ ਗੰਧਲਾ ਹੈ,
ਮਿੱਟੀ-ਰੰਗਾ,
ਪਰ ਮੇਰੇ ਹੰਝੂ ਕਿਉਂ ਨਿਰਮਲ ਹਨ?
ਤ੍ਰਿਹ ਲੱਗੀ ਹੈ
ਤਰਿਹਾਇਆ ਹਾਂ।
ਪਾਣੀ ਦੇ ਕਤਰੇ ਕਤਰੇ ਨੂੰ ਤਰਸ ਰਿਹਾ ਹਾਂ।
ਫਿਰ ਹੰਝੂਆਂ ਦਾ ਸਾਗਰ
ਕਿਥੋਂ ਉਮਡ ਪਿਆ ਹੈ?

ਗੌਤਮ ਬੁੱਧ ਦਾ ਪੀਤਾਂਬਰੀ ਬਾਣਾ ਅਹਿੰਸਾ, ਸ਼ਾਂਤੀ ਅਤੇ ਵਿਸ਼ਵ-ਵਿਆਪੀ ਪ੍ਰੇਮ ਦਾ ਪ੍ਰਤੀਕ ਹੈ, ਪਰ ਜਿਸ ਬੇਰਹਿਮੀ ਤੇ ਬੇਦਰਦੀ ਨਾਲ ਬੇਕਿਰਕ ਜੰਗਬਾਜਾਂ ਨੇ ਬੋਧੀ ਸਾਧੂਆਂ (ਪੁੰਗੀਆਂ) ਦਾ ਅਪਮਾਨ ਕਰਕੇ ਉਨ੍ਹਾਂ ਨੂੰ ਵਰਗਾਰ

ਵਿਚ ਜੋੜਿਆ ਹੈ, ਉਹ ਇਸ ਜੰਗੀ ਕਹਿਰ ਦੇ ਲਾਵੇ ਦੇ ਧੁਰ ਅੰਦਰੋਂ ਸੀਤਲਤਾ ਦਾ ਸੰਦੇਸ਼ ਲੈ ਕੇ ਪ੍ਰਗਟ ਹੁੰਦਾ ਹੈ ਜੋ ਇਸ ਗੱਲ ਦਾ ਪ੍ਰਤੀਕ ਹੈ ਕਿ ਸੱਚ ਤੇ ਪ੍ਰੇਮ ਦੀ ਆਵਾਜ਼ ਨੂੰ ਕੋਈ ਵੀ ਦਬਾਅ ਨਹੀਂ ਸਕਦਾ :

'ਫੜ ਲਏ ਸਭ ਪੁੰਗੀ (ਸਾਧੂ)
ਫਾੜੇ ਸਭ ਪੀਤਾਂਬਰ
ਜੜੀਆਂ ਬੇੜੀਆਂ।
ਫਿਰ ਲਾਈਆਂ ਹੱਥਕੜੀਆਂ
ਜੇਲ੍ਹੀਂ ਸੁੱਟਿਆ
ਕਹਿੰਦੇ :
"ਤੁਸੀਂ ਹੋ ਦੇਸ਼-ਧ੍ਰੋਹੀ
ਦੁਸ਼ਮਣ ਦੇ ਜਾਸੂਸ
ਦੇਸ਼ ਤੁਸਾਂ ਹੈ ਵੇਚਿਆ"
ਸਭ ਦੁਨੀਆਂ ਮੇਰਾ ਦੇਸ਼
ਸਭ ਲੋਕੀਂ ਮੇਰੇ ਰੱਬ
ਪੀਤਾਂਬਰ ਪਹਿਨਿਆ।'

ਇਕ ਹੋਰ ਕਵਿਤਾ ਵਿਚ ਕਵੀ ਆਪਣੇ ਦਿਲ ਦੀ ਆਵਾਜ਼ ਨੂੰ ਵੀ ਇਸੇ ਤੀਬਰ ਸੁਰ ਵਿਚ ਪ੍ਰਗਟਾਉਂਦਾ ਹੈ :

'ਉਹ ਸਮਝਦੇ ਹਨ
ਮੈਂ ਜੇਲ੍ਹ ਦੀ ਚਾਰ ਦੀਵਾਰੀ ਵਿਚ
ਬੰਦ ਹਾਂ।
ਉਹ ਠੀਕ ਕਹਿੰਦੇ ਹਨ :
"ਮੇਰੀ ਸੋਚਣੀ
ਉਨ੍ਹਾਂ ਦੀ ਸੋਚਣੀ ਨਾਲੋਂ
ਵੱਖਰੀ ਹੈ।"
ਇਹੋ ਮੇਰਾ ਦੋਸ਼ ਹੈ।
ਇਸ ਦੋਸ਼ ਦੀ ਇਹੋ ਸਜ਼ਾ ਹੈ।
ਬਾਜ਼ ਕਹਿੰਦਾ ਹੈ :
"ਮੇਰੀ ਉਡਾਰੀ ਲੰਮੀ ਹੈ।"
ਇਹ ਨਾਚੀਜ਼ ਪੰਛੀ,
ਮੇਰੀ ਖ਼ਿਆਲ ਉਡਾਰੀ ਨੂੰ,
ਕਦੋਂ ਪਹੁੰਚ ਸਕਦੇ ਹਨ?

ਜੇਲ੍ਹ ਦੀ ਚਾਰਦੀਵਾਰੀ
ਮੇਰੀ ਸੋਚਣੀ ਨੂੰ
ਕਿਵੇਂ ਬਦਲ ਸਕਦੀ ਹੈ?
ਮੇਰੀ ਖ਼ਿਆਲ ਉਡਾਰੀ ਨੂੰ
ਕਿਵੇਂ ਰੋਕ ਸਕਦੀ ਹੈ?

ਇਸ ਕਾਵਿ ਸੰਗ੍ਰਹਿ ਦੀਆਂ ਕਵਿਤਾਵਾਂ ਦਾ ਦੂਜਾ ਪੱਖ 'ਮਾਨਵਤਾ ਦੀ ਪਛਾਣ' ਕਵੀ ਦੀਆਂ ਨਿੱਜੀ ਯਾਦਾਂ ਨਾਲ ਸੰਬੰਧਤ ਹੈ। ਆਪਣੇ ਪਿੰਡ ਅਤੇ ਬਚਪਨ ਦੀਆਂ ਯਾਦਾਂ ਭੈਣ, ਬਿੰਦੂ ਤੇ ਤੋਖੀ ਵਰਗੇ ਦੋਸਤਾਂ ਦੀਆਂ ਯਾਦਾਂ ਨਦੀ ਵਿਚ ਨਹਾਉਣ ਦੇ ਦ੍ਰਿਸ਼ ਤਾਂ ਪ੍ਰੋਫੈਸਰ ਪੂਰਨ ਸਿੰਘ ਦੀ 'ਖੁੱਲ੍ਹੇ ਮੈਦਾਨ' ਵਿਚਲੀ ਕਵਿਤਾ 'ਨਦੀ ਕਿਨਾਰੇ' ਦੀ ਯਾਦ ਤਾਜ਼ਾ ਕਰਵਾ ਜਾਂਦੇ ਹਨ। ਵਾਰ ਵਾਰ ਕਵੀ ਦੀ ਜਨਮ ਭੂਮੀ ਤੇ ਉਸ ਦਾ ਬਚਪਨ ਉਸ ਅੰਦਰ ਝੁਣਝੁਣੀ ਛੇੜਦਾ ਹੈ ਤੇ ਉਸ ਨੂੰ ਉਦਾਸ ਵੀ ਕਰ ਜਾਂਦਾ ਹੈ। ਪਰਦੇਸ ਦੇ ਸੁਖਗਾਮੀ ਹੁਲਾਸਮਈ ਜੀਵਨ ਵਿਚ ਵੀ ਉਸ ਦੀ ਯਾਦ ਕਵੀ ਨੂੰ ਉਦਾਸ ਅਤੇ ਵੈਰਾਗਵਾਨ ਕਰ ਜਾਂਦੀ ਹੈ ਅਤੇ ਫਿਰ ਵੱਡੀ ਗੱਲ ਇਹ ਹੈ ਕਿ ਕਵੀ ਹਰ ਪ੍ਰਕਾਰ ਦੇ ਮਾਨਵੀ ਬੰਧਨਾਂ ਤੋਂ ਮੁਕਤ ਹੈ। ਉਹ ਤਾਂ ਇਕ ਸੁਤੰਤਰ ਆਤਮਾ ਹੈ ਜੋ ਵਿਸ਼ਵ ਵਿਆਪੀ ਮਨੁੱਖੀ ਭਾਈਚਾਰੇ ਨਾਲ ਇਕਸੁਰ ਹੈ। ਹਿੰਦੂ, ਮੁਸਲਿਮ, ਇਸਤਰੀ, ਮਰਦ, ਕਾਲੇ, ਗੋਰੇ, ਏਸ਼ੀਆਈ, ਯੂਰਪੀ, ਅਫ਼ਰੀਕਨ, ਅਮਰੀਕਨ ਤੇ ਹਿੰਦ-ਪਾਕਿ ਦੀਆਂ ਹੱਦਾਂ ਸਭ ਉਸ ਲਈ ਮਨੁੱਖੀ ਸਭਿਅਤਾ ਦੇ ਵਿਕਾਸ ਵਿਚ ਵੱਡੀਆਂ ਰੋਕਾਂ ਹਨ। ਪਰ ਕੁਦਰਤ ਵਿਚ ਮੌਲਦੇ ਦ੍ਰਿਸ਼ ਘਾਹ ਦੀਆਂ ਹਰੀਆਂ ਸਾਵੀਆਂ ਪੱਤੀਆਂ, ਚਹਿਚਹਾਉਂਦੇ ਤੇ ਗੀਤ ਗਾਉਂਦੇ ਪੰਛੀ, ਵਗਦੀਆਂ ਨਦੀਆਂ, ਮਚਲਦੀਆਂ ਕੂਲ੍ਹਾਂ ਸਭ ਜੀਵਨ ਦੀ ਵਿਕਾਸ ਗਤੀ ਦੇ ਨਾ ਕੇਵਲ ਚਿੰਨ੍ਹ ਹਨ ਸਗੋਂ ਜੀਵਨ ਦੀ ਮੂਲਧਾਰਾ ਦੀ ਵਿਕਾਸਗਤੀ ਦੇ ਸਾਰਥਕ ਅਮਲ ਦੇ ਜਿਉਂਦੇ ਜਾਗਦੇ ਪ੍ਰਮਾਣ ਹਨ। ਕਵੀ ਦੇ ਨਿੱਜੀ ਜੀਵਨ ਵਿਚ ਉਸ ਦੇ ਹੋਣਹਾਰ ਸਪੁੱਤਰ 'ਕੁਲਜੀਤ' ਦੀ ਦੁਖਦਾਈ 'ਤੇ ਕੁਵੇਲੇ ਦੀ ਮੌਤ ਉਸ ਨੂੰ ਡੂੰਘੇ ਦੁੱਖ ਨਾਲ ਤੁੰਬ ਜਾਂਦੀ ਹੈ, ਪਰ ਬੰਗਲਾਦੇਸ਼ ਵਿਚ ਜੋ ਕੁਝ ਅਮਾਨਵੀ ਅਪੱਦਰ ਵਾਪਰੇ ਅਤੇ ਬੰਗ-ਬੰਧੂ ਦੀ ਕੈਦ ਵਿਚੋਂ ਵੀ ਨਿਕਲੀ ਆਵਾਜ਼ ਬੰਗਲਾਦੇਸ਼ ਦੇ ਲੋਕਾਂ ਲਈ ਨਵੀਂ 'ਆਜ਼ਾਨ' ਬਣ ਕੇ ਬਹੁੜੀ ਹੈ। ਬੰਗਲਾਦੇਸ਼ ਵਾਲੀ ਕਵਿਤਾ ਤੇ ਦੂਜੇ ਮਹਾਂਯੁੱਧ ਦੇ ਤ੍ਰਾਸਮਈ ਦ੍ਰਿਸ਼ ਗੁਰੂ ਨਾਨਕ ਦੇਵ ਜੀ ਦੀ 'ਬਾਬਰ ਬਾਣੀ' ਦੇ ਸਮੇਂ ਰਚੇ ਸ਼ਬਦਾਂ ਦੇ ਦਰਦਮਈ ਬੋਲਾਂ ਦੀ ਯਾਦ ਤਾਜ਼ਾ ਕਰਵਾ ਦਿੰਦੇ ਹਨ। ਇਹ ਮਨੁੱਖੀ ਦਰਦ ਦੀ ਭਾਵਨਾ ਹੀ ਹੈ ਜੋ ਮਨੁੱਖ ਨੂੰ 'ਵਸੁਦੇਵ ਕਟੁੰਬਤਮ' ਦੀ ਵੈਦਿਕ ਭਾਵਨਾ ਨਾਲ ਜੋੜਦੀ ਹੈ ਅਤੇ ਗੁਰੂ ਨਾਨਕ

ਦੇ ਨਿਰਭਉ ਅਤੇ ਨਿਰਵੈਰ ਸੰਕਲਪਾਂ ਨਾਲ ਜੋੜਦੀ ਹੋਈ ਗੁਰੂ ਤੇਗ਼ ਬਹਾਦਰ ਜੀ ਦੇ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ' ਅਤੇ ਗੁਰੂ ਗੋਬਿੰਦ ਸਿੰਘ ਜੀ ਦੇ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਵਾਲੀ ਸਾਂਝੀਵਾਲਤਾ ਨੂੰ ਦ੍ਰਿੜ੍ਹਾਉਂਦੀ ਹੈ। ਇਹੋ ਹੀ ਰਵਿਦਾਸ ਜੀ ਦਾ 'ਬੇਗਮਪੁਰੇ' ਦਾ ਸੰਦੇਸ਼ ਹੈ ਜਿਸ ਵਿਚ ਹਰ ਨਾਗਰਿਕ ਪਹਿਲੇ, ਦੂਜੇ ਤੇ ਤੀਜੇ ਦਰਜੇ ਦੇ ਸ਼ੂਣੀ ਵਿਤਕਰਿਆਂ ਤੋਂ ਮੁਕਤ ਅਤੇ ਪੂਰੀ ਤਰ੍ਹਾਂ ਖ਼ਲਾਸ ਵਿਅਕਤੀ ਹੈ। ਅਜਿਹਾ ਸਾਰਥਕ ਪ੍ਰਗਤੀਸ਼ੀਲ ਮਾਨਵਵਾਦ ਕੇਸਰ ਸਿੰਘ ਦੀ ਸਮੁੱਚੀ ਕਵਿਤਾ ਦਾ ਬਲਵਾਨ ਸੁਰ ਹੈ।

ਕੇਵਲ ਇਥੇ ਹੀ ਬਸ ਨਹੀਂ, ਕਵੀ ਕੇਸਰ ਸਿੰਘ ਜਿਥੇ ਮਨੁੱਖਤਾ ਨੂੰ ਪਿਆਰ ਕਰਦਾ ਹੈ, ਉਥੇ ਪ੍ਰੀਕ੍ਰਿਤੀ ਦੇ ਮਨਮੋਹਕ ਦ੍ਰਿਸ਼ਾਂ ਦਾ ਚਿਤਰਣ ਵੀ ਉਸ ਨੇ ਕਮਾਲ ਦੀ ਪਾਰਦਰਸ਼ਤਾ ਨਾਲ ਕੀਤਾ ਹੈ। ਭਾਵੇਂ ਉਹ ਉਸ ਦੇ ਪਿੰਡ ਦਾ ਬਿਰਤਾਂਤ ਹੈ ਜਾਂ ਕੈਨੇਡਾ ਤੇ ਅਮਰੀਕਾ ਦੇ ਵਿਸ਼ਾਲ ਪ੍ਰਾਕ੍ਰਿਤਕ ਦ੍ਰਿਸ਼ਾਂ ਦਾ। ਇਥੇ ਜੇ ਉਸ ਦੀ ਕਵਿਤਾ ਨੂੰ ਪ੍ਰਸਿੱਧ ਅਮਰੀਕਨ ਕਵੀ ਵਾਲਟ ਵਿਟਮੈਨ ਦੀ ਸੁਤੰਤਰਮਈ ਭਾਵਨਾ ਨਾਲ ਸੰਯੁਕਤ ਕਰਕੇ ਵੇਖਿਆ ਜਾਵੇ ਤਾਂ ਉਸ ਦਾ ਸੰਦੇਸ਼ ਵੀ ਸਾਰੀ ਮਨੁੱਖਤਾ ਲਈ ਤੇ ਮਨੁੱਖੀ ਸਭਿਅਤਾ ਦੇ ਸੁਨਹਿਰੇ ਭਵਿੱਖ ਦਾ ਸੁਨੇਹਾ ਦਿੰਦਾ ਹੈ। ਇਸ ਨੂੰ ਰੋਮਾਂਟਿਕ ਆਦਰਸ਼ਵਾਦ ਕਹੋ ਜਾਂ ਪ੍ਰਗਤੀਸ਼ੀਲ ਸਾਂਝੀਵਾਲਤਾ ਦਾ ਸੁਤੰਤਰ ਗਾਣ, ਪਰ ਹੈ ਇਹ ਮਨੁੱਖਤਾ ਲਈ ਅਮਰ ਤੇ ਸਦੀਵੀ ਸੰਦੇਸ਼ ਜੋ ਸੱਚ ਨੂੰ ਵੀ ਦ੍ਰਿੜ੍ਹਾਉਂਦਾ ਹੈ ਅਤੇ ਮਨੁੱਖ ਦੇ ਕਿਰਤੀ ਕਾਮਿਆਂ ਦੀ ਸੁੱਚੀ ਕਿਰਤ ਦਾ ਵੀ ਸਰਵੁਚ ਲਕਸ਼ ਹੈ।

ਭਾਵੇਂ ਕੇਸਰ ਸਿੰਘ ਦੀ ਇਹ ਕਵਿਤਾ 20ਵੀਂ ਸਦੀ ਦੇ ਉਤਰਾਵਾਂ ਚੜ੍ਹਾਵਾਂ, ਸਾਮਰਾਜੀ ਸੰਘਰਸ਼ਾਂ, ਗ਼ਦਰੀ ਸੰਗਰਾਮਾਂ ਅਤੇ ਮਨੁੱਖਤਾ ਲਈ ਸੁਤੰਤਰਤਾ-ਪ੍ਰੇਮੀ ਮਨੋਭਾਵਾਂ ਦੀਆਂ ਸਾਗਰ ਛੱਲਾਂ ਦੀਆਂ ਡੂੰਘੀਆਂ ਤਹਿਆਂ ਤੋਂ ਉਤਪੰਨ ਹੋਈ ਹੈ, ਪਰ ਇਸ ਦਾ ਸੰਦੇਸ਼ ਨਵੇਂ ਸਹੰਸਰ ਦੀ ਸਮੁੱਚੀ ਮਨੁੱਖੀ ਆਤਮਾ ਵਿਚ ਮਾਨਵਤਾ ਦੀ ਉਹ ਜੋਤ ਜਗਾਉਣਾ ਹੈ, ਜੋ ਸਾਰੀ ਮਨੁੱਖਤਾ ਦੇ ਭਵਿੱਖ ਦੇ ਸੁਰਾਂਗਲੇ ਤੇ ਆਸ਼ਾਵਾਦੀ ਮਾਰਗ ਨੂੰ ਸਾਂਵਾਂ ਪੱਧਰਾ ਕਰਨ ਵਾਲੀ ਹੈ। ਵਾਸਤਵ ਵਿਚ ਮਨੁੱਖਤਾ ਦਾ ਸੱਚ ਤਾਂ ਇਕੋ ਹੀ ਹੈ ਜੋ ਵਿਸ਼ਵ ਦੀ ਗਤਮਿਤ ਦਾ ਵੀ ਸੱਚ ਹੈ ਅਤੇ ਆਦੀ ਅਨਾਦੀ ਵੀ ਹੈ।

'ਆਜ਼ਾਦੀ ਦੀ ਕਵਿਤਾ' ਦੇ ਤੀਜੇ ਭਾਗ 'ਜਾਗਣ ਦਾ ਹੋਕਾ' ਵਿਚ ਭਾਰਤ ਦੇ ਸਮਕਾਲੀ ਇਤਿਹਾਸ ਨਾਲ ਸੰਬੰਧਤ ਕੁਝ ਵਰਨਣ ਹਨ, ਪਰ ਇਨ੍ਹਾਂ ਦਾ ਸਮੁੱਚਾ ਉਦੇਸ਼ ਵੀ ਜਿਥੇ ਮਜ਼ਬੂਤੀ ਜਨੂੰਨ ਤੇ ਕੱਟੜ ਤੁਅਸਬ ਦੁਆਰਾ ਪਾਈਆਂ ਗਈਆਂ ਧਾਰਮਿਕ ਵੰਡੀਆਂ ਦਾ ਖੰਡਨ ਕਰਨਾ ਹੈ, ਉਥੇ ਇਨ੍ਹਾਂ ਸਭ ਵਲਗਣਾਂ

ਤੋਂ ਉਚਾ ਉਠ ਕੇ ਮਨੁੱਖਤਾ ਦੀ ਜੈ ਜੈ ਕਾਰ ਨੂੰ ਅੱਗੇ ਵਧਾਉਣਾ ਹੀ ਇਸ ਕਵੀ ਦਾ ਮਾਨੋਂ ਪਰਮ ਧਰਮ ਹੈ। ਆਪਣੇ ਇਕ ਨਾਵਲ 'ਮਨੁੱਖਤਾ ਦੀ ਮੌਤ' ਵਿਚ ਜਿਥੇ ਉਹ ਦੇਸ਼ ਵੰਡ ਸਮੇਂ ਦੀਆਂ ਘਟਨਾਵਾਂ ਦਾ ਵਰਨਣ ਕਰਦਾ ਹੈ, ਉਥੇ ਆਪਣੇ ਦੋ ਪਾਤਰਾਂ ਗੁਲਾਬੋ ਤੇ ਬੂਟੇ ਨੂੰ ਪ੍ਰਤੀਕ ਰੂਪ ਵਿਚ ਬਿਆਨ ਕਰਦਾ ਹੋਇਆ ਕਹਿੰਦਾ ਹੈ ਕਿ ਇਹ ਦੋਵੇਂ ਨਾ ਹਿੰਦੂ ਹਨ ਅਤੇ ਨਾ ਮੁਸਲਮਾਨ, ਇਹ ਤਾਂ ਬੂਟੇ ਹਨ ਜਿਨ੍ਹਾਂ ਦਾ ਕੋਈ ਵਿਸ਼ੇਸ਼ ਧਰਮ ਜਾਂ ਸੰਪਰਦਾਇ ਨਹੀਂ ਹੈ:

'ਤੂੰ ਕਹੇਂ
ਮੈਂ ਇਨਸਾਨ ਹਾਂ
ਤੈਨੂੰ ਨਹੀਂ ਪਤਾ
ਮੈਂ ਇਨਸਾਨੀ ਜਾਮੇ ਵਿਚ
ਇਕ ਹੈਵਾਨ ਹਾਂ
ਹੈਵਾਨ ਤੋਂ ਵੀ ਹੇਠਾਂ
ਗਿਰਿਆ ਹੋਇਆ।
ਬਿੱਲੀਆਂ ਬਿੱਲੀਆਂ ਲੜਦੀਆਂ
ਕੁੱਤੇ ਕੁੱਤੇ ਲੜਦੇ ਐ
ਬਘਿਆੜ ਤੇ ਚੀਤੇ ਵੀ
ਸੱਪ ਤੇ ਨਿਓਲੇ ਵੀ
ਪਰ ਉਹ-
ਮੰਦਰਾਂ, ਮਸਜਿਦਾਂ, ਗੁਰੂ ਘਰਾਂ
ਉਤੇ ਹਮਲੇ ਨਹੀਂ ਕਰਦੇ
ਨਾ ਹੀ-
ਕਲਤੇਆਮ ਕਰਦੇ ਐ।'

ਹਥਲੇ ਸੰਗ੍ਰਹਿ ਦੇ ਚੌਥੇ ਭਾਗ 'ਕਾਵਿ-ਸੁੰਦਰਤਾ' ਵਿਚ ਕੁਝ ਕਾਵਿ-ਟੁਕੜੀਆਂ ਹਨ ਜੋ ਕਵੀ ਦੇ ਜਗਮਗਾਉਂਦੇ ਖ਼ਿਆਲਾਂ ਦੀ ਸ਼ਾਹਦੀ ਭਰਦੀਆਂ ਹਨ। ਭਾਵੇਂ ਇਨ੍ਹਾਂ ਦੀ ਰੌਸ਼ਨੀ ਟਟਹਿਣੇ ਵਰਗੀ ਹੈ, ਪਰ ਇਹ ਰਾਤ ਦੇ ਅੰਧਕਾਰ ਵਿਚ ਰਾਹੀਆਂ ਨੂੰ ਰਾਹ ਦਰਸਾਉਣ ਦੇ ਸਮਰੱਥ ਹਨ।

ਆਸ ਹੈ ਕਿ ਪੰਜਾਬੀ ਪਾਠਕ ਮੰਡਲ ਇਸ ਬਿਰਧ ਤੇ ਵਿਰਧ ਪੰਜਾਬੀ ਕਵੀ ਦੀ ਇਸ ਜਾਇਜ ਘਾਲਣਾ ਦਾ ਆਨੰਦ ਮਾਣੇਗਾ ਅਤੇ ਇਸ ਦਾ ਭਰਵਾਂ ਸੁਆਗਤ ਵੀ ਕਰੇਗਾ। ਇਸ ਵਿਚ ਕੋਈ ਸੰਦੇਹ ਨਹੀਂ ਕਿ ਵੀਹਵੀਂ ਸਦੀ ਦੀ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਇਸ ਕਵਿਤਾ ਦਾ ਨਿਸ਼ਚਿਤ ਤੇ ਉੱਚਾ ਸਥਾਨ ਹੈ।

ਕੇਸਰ ਸਿੰਘ ਜੀ ਨੂੰ
ਸਮਰਪਿਤ ਕਵਿਤਾਵਾਂ

ਸ਼ਬਦਾਂ ਦਾ ਸੂਰਜ

-ਮੰਗਾ ਬਾਸੀ

ਉਹ ਸ਼ਬਦਾਂ ਦਾ ਸੂਰਜ
ਗਿਆਨ ਦਾ ਸਮੁੰਦਰ
ਚਾਨਣ ਦੀ ਕਿਰਨ,
ਭਾਰਤ ਦੇ ਹਨ੍ਹੇਰ ਢਕੇ,
ਅੰਬਰ 'ਚੋਂ ਉਦੈ ਹੋ,
ਕਾਲਖ਼ ਸੰਗ ਜੂਝਦਾ,
ਸਿਖ਼ਰ ਦੁਪਹਿਰ ਦਾ ਹਾਣੀ,
ਜੰਮਣ ਭੋਇੰ ਦੀ ਆਜ਼ਾਦੀ ਦਾ
ਮੁੱਖੜਾ ਦੇਖਣ ਦਾ ਅਭਿਲਾਸ਼ੀ,
ਦੇਸ਼ ਤੋਂ ਦੂਰ,
ਕੰਡਿਆਲੇ ਰਾਹਾਂ ਤੇ,
ਸ਼ਬਦਾਂ ਦੇ ਰੰਗ ਬਰੰਗੇ ਫੁੱਲਾਂ ਦੇ,
ਬੀਜ ਬਿਖੇਰਦਾ, ਬਿਖੇਰਦਾ,
'ਨੇਤਾ' ਜੀ ਦੇ ਉਪਦੇਸ਼ ਸੁਣਦਾ,
ਭਾਰਤ ਮਾਂ ਨੂੰ
ਗ਼ੁਲਾਮੀ ਦੀਆਂ ਜ਼ੰਜ਼ੀਰਾਂ ਵਿਚ
ਜਕੜੀ ਦੇਖ,
ਉਸਦੇ ਜ਼ਖ਼ਮਾਂ ਦੀ ਪੀੜ
ਪਿੰਡੇ ਤੇ ਹੰਢਾਉਂਦਾ

ਕਾਮਿਆਂ ਦੀਆਂ ਹਸਰਤਾਂ ਨੂੰ,
ਸ਼ਬਦਾਂ ਦੀ ਗ਼ਾਨੀ ਵਿਚ ਪ੍ਰੋਂਦਾ,
ਕੈਨੇਡਾ ਦੀ ਧਰਤੀ 'ਤੇ
ਆਗਮਨ ਕਰ,
ਗ਼ਦਰੀਆਂ ਦੇ ਸੁਪਨਿਆਂ ਨੂੰ,
ਕਲਮ ਦੀ ਨੋਕ ਸੰਗ ਤਰਾਸ਼ਦਾ,
ਭਗਤ ਸਿੰਘ ਦੀ ਸੋਚ 'ਤੇ
ਪਹਿਰਾ ਦਿੰਦਾ,
ਊਧਮ ਸਿੰਘ ਦੀਆਂ ਵਾਰਾਂ ਲਿਖਦਾ,
ਭਾਈ ਬਲਵੰਤ ਸਿੰਘ 'ਖੁਰਦਪੁਰੀ' ਦੇ
ਬੋਲਾਂ ਦੀ ਧੁਨ ਅਲਾਪਦਾ,
ਹਿੰਦੀਆਂ ਦੇ ਕੈਨੇਡੀਅਨ ਇਤਿਹਾਸ ਦੀਆਂ
ਬਾਤਾਂ ਪਾਉਂਦਾ, ਪਾਉਂਦਾ,
ਜ਼ਿੰਦਗੀ ਦੀ ਢਲੀ ਸ਼ਾਮ ਦੇ
ਘੁਸਮੁਸੇ ਵੇਲੇ,
ਬੀ.ਸੀ. ਤੋਂ ਅਲਬਰਟਾ ਦੇ ਸ਼ਹਿਰ
ਐਡਮੰਟਨ ਜਾ ਪ੍ਰਵੇਸ਼ ਕਰਦਾ ਹੈ।
ਜਿਥੇ ਕਈ ਵਰ੍ਹੇ
ਹਨ੍ਹੇਰ ਦੀ ਬੁੱਕਲ ਵਿਚ
ਅਸਮ੍ਰਥ ਹੋਇਆ ਵੀ,
ਚਾਨਣ ਕਿਰਨਾਂ ਤੇ
ਅਕਾਸ਼ੀ ਬਿਜਲੀ ਦੀ ਚਮਕ ਵਰਗੇ,
ਸੁਪਨਿਆਂ ਦੀ ਵਾਪਸੀ ਉਡੀਕਦਾ,

ਅਣਕਹੇ ਜਾਂ ਅਣਲਿਖੇ,
ਸ਼ਬਦਾਂ ਨੂੰ ਸੀਨੇ ਵਿਚ ਘੁੱਟੀ,
ਸਾਥੋਂ,
ਸਦਾ ਲਈ ਦੂਰ ਹੋ,
ਉਸ ਖ਼ਿਲਾਅ ਵਿਚ ਡੁਬ ਜਾਂਦਾ ਹੈ,
ਜਿਥੇ ਪ੍ਰਵੇਸ਼ ਕਰ,
ਕੋਈ ਵਾਪਸ ਨਹੀਂ ਪਰਤਦਾ,
ਪਰ ਸ਼ਬਦਾਂ ਦਾ ਸੂਰਜ
ਕਦੇ ਵੀ ਡੁੱਬ ਨਹੀਂ ਸਕਦਾ,
ਉਹ ਤਾਂ ਚਾਨਣ ਦੇ ਬੀਜਾਂ ਦੇ ਛੱਟੇ,
ਕਿਸੇ ਬਹਾਰ ਦੀ ਉਡੀਕ ਕਰਦਾ,
ਬੰਜਰ ਜੂਹਾਂ ਵਿਚ ਦਿੰਦਾ ਹੀ ਰਹੇਗਾ
ਦਿੰਦਾ ਹੀ ਰਹੇਗਾ!

ਕੇਸਰ ਸਿੰਘ ਜੀ ਨਾਵਲਕਾਰ ਦੇ ਨਾਮ

-ਮਹਿੰਦਰਪਾਲ ਐਸ. ਪਾਲ

ਉਹ ਅਜਬ ਸੀ ਸ਼ਖ਼ਸ ਜੋ ਆਇਆ ਤੇ ਆ ਕੇ ਟੁਰ ਗਿਆ।
ਨ੍ਹੇਰਿਆਂ ਰਾਹਾਂ ਦੇ ਵਿਚ ਦੀਪਕ ਜਗਾ ਕੇ ਟੁਰ ਗਿਆ।

ਆਦਮੀ ਦਾ ਉਹ ਐ ਯਾਰੋ ਇਕ ਅਜੇਹਾ ਮੀਤ ਸੀ,
ਜ਼ਿੰਦਗੀ ਨੂੰ ਆਦਮੀ ਦੇ ਨਾਮ ਲਾ ਕੇ ਟੁਰ ਗਿਆ।

ਹੈ ਭੁੱਲਣਾ ਓਸ ਨੂੰ ਮੁਮਕਿਨ ਜ਼ਮਾਨੇ ਤੋਂ ਨਹੀਂ,
ਸਬਕ ਜਿਹੜਾ ਉਹ ਜ਼ਮਾਨੇ ਨੂੰ ਪੜ੍ਹਾ ਕੇ ਟੁਰ ਗਿਆ।

ਸੁਲਗਦੀ ਰਹਿਣੀ ਉਹ ਆਤਿਸ਼ ਹੋ ਬੜੀ ਹੀ ਦੇਰ ਤਕ,
ਬੀਜ ਜਿਸ ਦਾ ਉਹ ਦਿਲਾਂ ਅੰਦਰ ਲਗਾ ਕੇ ਟੁਰ ਗਿਆ।

ਖ਼ੁਦ ਤਾਂ ਖਬਰੇ ਟੁਰ ਗਿਆ ਉਹ ਆਪ ਕਿਹੜੇ ਰਾਸਤੇ,
ਇਕ ਜ਼ਖੀਰਾ ਯਾਦ ਦਾ ਸਾਨੂੰ ਫੜਾ ਕੇ ਟੁਰ ਗਿਆ।

ਰੰਗ ਫਿੱਕਾ ਓਸ ਦਾ ਤਾਂ 'ਪਾਲ' ਹੋਣਾ ਹੈ ਨਹੀਂ,
ਛਾਪ ਜਿਹੜੀ ਉਹ ਦਿਲਾਂ ਉਪਰ ਲਗਾ ਕੇ ਟੁਰ ਗਿਆ।

ਕਬਿੱਤ

ਹਰਭਜਨ ਸਿੰਘ ਮਿਨਹਾਸ

1.

ਲਹਿਰ ਵਧਦੀ ਗਈ ਅਤੇ ਜੰਗੀ ਕੈਦੀ ਅੰਗਰੇਜ਼ੀ ਤੇ ਗੁਰਮੁਖੀ 'ਚ
ਲਿਖ ਕੇਸਰ ਸਿੰਘ ਗਿਆਨੀ ਜੀ ਨੇ ਬੁਧੀ ਤੇ ਸਮਾ ਚੰਗਾ ਲਾ ਕੇ,
ਊਧਮ ਸਿੰਘ ਸੁਨਾਮ ਤੇ ਹਰੀ ਸਿੰਘ ਉਸਮਾਨ ਕਿੰਨੇ ਸੋਹਣੇ ਨਾਵਲ ਲਿਖੇ,
ਕੀਤੀ ਸੀ ਕੁਰਬਾਨੀ ਉਹਨਾਂ ਜੋ ਵਿਚ ਇੰਗਲੈਂਡ 'ਚ ਧੁੰਮਾ ਪਾ ਕੇ।
ਮਦਨ ਲਾਲ ਢੀਂਗਰੀਆ ਤੇ ਮੇਵਾ ਸਿੰਘ ਭਾਈ ਜੀ ਨੂੰ ਪੜ੍ਹੋ ਸਾਰੇ ਖ਼ਿਆਲ ਨਾਲ
ਪਤਾ ਲਗਦਾ ਹੈ ਪੜ੍ਹਿਆ ਈਂ ਕਿੱਦਾਂ ਮਾਰਿਆ ਹੋਪਕਿਨਸਨ ਵਿਚ ਕਚੈਹਰੀ ਹਾਤੇ ਜਾ ਕੇ।
ਛਪਣ ਵਾਲਾ ਛੇਤੀ ਹੀ ਹੈ ਜੀਵਨ ਭਾਈ ਬਲਵੰਤ ਸਿੰਘ ਜੀ ਖੁਰਦਪੁਰੀ,
ਕਿਵੇਂ ਰਸਾ ਚੁੰਮਿਆ ਸੀ ਫਾਂਸੀ ਦਾ, ਸੈਂਟਰਲ ਜੇਲ ਲਾਹੌਰ ਵਿਚ ਜਾ ਕੇ।

ਸਨਮਾਨ ਕਰਨਾ ਬਣਦਾ ਹੈ ਗਿਆਨੀ ਜੀ ਦਾ ਸਾਰਿਆਂ ਨੂੰ
ਕੀਤੀ ਹੈ ਜੋ ਸੇਵਾ ਇਹਨਾਂ ਕੋਰਟਾਂ ਦੇ ਰਿਕਾਰਡ ਸਾਰੇ ਫ਼ੋਲ ਕੇ।
ਕਿੰਨੇ ਸੋਹਣੇ ਜੀਵਨ ਲਿਖੇ ਆਜ਼ਾਦੀ ਦੇ ਸ਼ਹੀਦਾਂ ਵਾਲੇ
ਕੀਤੇ ਸਨ ਕਾਰਨਾਮੇ ਜੋ ਜੋ ਉਹਨਾਂ ਆਪਣਾ ਖ਼ੂਨ ਡੋਹਲ ਕੇ।
ਰਹਿੰਦੇ ਹਨ ਕਈ ਸ਼ਹੀਦ ਅਜੇ ਵੀ ਜੋ ਲਿਖਣੇ ਬਾਕੀ
ਲਿਖਣਗੇ ਇਹ ਜੀਵਨ ਉਨ੍ਹਾਂ ਦੇ ਭੀ ਸਾਰੇ ਚੰਗੀ ਤਰ੍ਹਾਂ ਫੋਲ ਕੇ।
ਰਬ ਇਹਨੂੰ ਬਲ ਬਖਸ਼ੇ, ਉਮਰ ਲੰਮੀ ਕਰੇ, ਦੋਵੇਂ ਦੇਹ ਅਰੋਗਤਾ
ਸਾਡੀ ਸਾਰਿਆਂ ਦੀ, ਅਰਦਾਸ ਹੈ ਪ੍ਰਭੂ ਅਗੇ, ਦੋਵੇਂ ਹੱਥ ਜੋੜ ਕੇ।


☆☆☆



ਅਧਿਆਪਕ ਕੇਸਰ ਸਿੰਘ ਦਾ ਇਕ ਅੰਦਾਜ਼ ਇਹ ਵੀ



ਕੇਸਰ ਸਿੰਘ ਆਪਣੀ ਪਤਨੀ ਰਜੇਸ਼ਵਰੀ ਨਾਲ਼






ਕੁਦਰਤ ਦਾ ਆਨੰਦ ਮਾਣਦੇ ਹੋਏ




ਸਰੀ ਦੇ ਪਾਰਕ ਵਿਚ



ਇਕਾਗਰਤਾ ਵਿਚ





1981 ਵਿਚ ਕੌਮਾਂਤਰੀ ਮਨਜੀਤ ਯਾਦਗਾਰੀ ਪੁਰਸਕਾਰ ਲੈਣ ਸਮੇਂ
ਨਾਲ ਹਨ ਗੁਰਚਰਨ ਰਾਮਪੁਰੀ, ਡਾ. ਦਰਸ਼ਨ ਗਿੱਲ



ਐਵਾਰਡ ਲੈਣ ਸਮੇਂ ਭਾਸ਼ਣ ਦਿੰਦੇ ਹੋਏ ਕੇਸਰ ਸਿੰਘ ਨਾਵਲਕਾਰ

B.C. PUNJABI CULTURAL FOUNDATION


ਬੀ. ਸੀ. ਪੰਜਾਬੀ ਕਲਚਰਲ ਫਾਊਂਡੇਸ਼ਨ



ਗੁਰਚਰਨ ਰਾਮਪੁਰੀ ਦਾ 65ਵਾਂ ਜਨਮ ਦਿਨ ਮਨਾਉਣ ਸਮੇਂ
ਕੀਤੇ ਗਏ ਸਮਾਗਮ ਦੀ ਪ੍ਰਧਾਨਗੀ ਕਰਦੇ ਹੋਏ ਕੇਸਰ ਸਿੰਘ



ਸਮਾਗਮ ਸਮੇਂ ਪ੍ਰੋ. ਗੁਰਮੀਤ ਸਿੰਘ ਟਿਵਾਣਾ, ਪ੍ਰੀਮੀਅਰ ਉੱਜਲ ਦੁਸਾਂਝ,
ਕੇਸਰ ਸਿੰਘ, ਡਾ. ਪ੍ਰੀਤਮ ਸਿੰਘ ਖਾਨਖਾਨਾ, ਗੁਰਚਰਨ ਰਾਮਪੁਰੀ





ਕੇਸਰ ਸਿੰਘ, ਡਾ. ਰਘੁਵੀਰ ਢੰਡ ਤੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਪ੍ਰਕਾਸ਼ ਢੰਡ,
ਗੁਰਚਰਨ ਰਾਮਪੁਰੀ ਤੇ ਡਾ. ਦਰਸ਼ਨ ਗਿੱਲ ਨਾਲ

ਕੇਸਰ ਸਿੰਘ ਨਾਵਲਕਾਰ ਬਹੁ-ਪੱਖੀ ਸਾਹਿਤਕਾਰ ਸਨ। ਉਨ੍ਹਾਂ ਕਵਿਤਾਵਾਂ ਵੀ ਲਿਖੀਆਂ ਤੇ ਕਹਾਣੀਆਂ ਵੀ। ਉਨ੍ਹਾਂ ਨਿਬੰਧ ਵੀ ਲਿਖੇ ਤੇ ਖੋਜ-ਪੱਤਰ ਵੀ। ਉਨ੍ਹਾਂ ਆਪਣੀ ਆਤਮ ਕਥਾ ਵੀ ਲਿਖੀ ਤੇ ਡਾਇਰੀ ਵੀ। ਪਰ ਅਸਲ ਪਹਿਚਾਣ ਉਨ੍ਹਾਂ ਦੀ ਇਕ ਨਾਵਲਕਾਰ ਵਜੋਂ ਹੀ ਸਥਾਪਤ ਹੋਈ। ਤੇ ਉਹ ਵੀ ਗ਼ਦਰ ਲਹਿਰ ਦੇ ਨਾਵਲਕਾਰ ਵਜੋਂ। ਉਹ ਆਪਣੀ ਆਤਮਕਥਾ ਵਿਚ ਲਿਖਦੇ ਹਨ, 'ਇਹ ਠੀਕ ਹੈ ਕਿ ਗ਼ਦਰ ਲਹਿਰ ਦਾ ਬੀਜ ਵੈਨਕੂਵਰ ਵਿਚ ਹੀ ਫੁੱਟਿਆ ਸੀ ਪਰ ਇਸ ਲਹਿਰ ਦੇ ਬੂਟੇ ਦੇ ਫੁੱਲ ਕੈਲੇਫੋਰਨੀਆ ਵਿਚ ਹੀ ਲੱਗੇ ਸਨ। ਹੁਣ ਮੈਂ ਇਹ ਪ੍ਰਤੀਤ ਕਰ ਰਿਹਾ ਸਾਂ ਕਿ ਗ਼ਦਰ ਲਹਿਰ ਦਾ ਪੂਰਾ ਇਤਿਹਾਸ ਲਿਖਣ ਲਈ ਤਾਂ ਸਾਰੀ ਜ਼ਿੰਦਗੀ ਹੀ ਲੱਗ ਜਾਵੇਗੀ। ਮੈਂ ਹੋਰ ਸਾਰੇ ਪਾਸੇ ਛੱਡ ਕੇ ਇਕੋ ਕੰਮ ਸਿਰੇ ਚੜ੍ਹਾਉਣ ਦਾ ਮਨ ਬਣਾ ਲਿਆ। ਮੈਨੂੰ ਇਉਂ ਜਾਪਣ ਲੱਗ ਪਿਆ ਜਿਵੇਂ ਗ਼ਦਰ ਲਹਿਰ ਦਾ ਇਤਿਹਾਸ ਲਿਖਣਾ ਹੀ ਮੇਰੇ ਜੀਵਨ ਦਾ ਆਦਰਸ਼ ਬਣ ਗਿਆ ਹੋਵੇ।

ਗ਼ਦਰ ਲਹਿਰ ਦਾ ਇਤਿਹਾਸ ਗਲਪ ਰਾਹੀਂ ਲਿਖਣ ਲਈ ਕੇਸਰ ਸਿੰਘ ਨੇ ਆਪਣਾ ਪੂਰਾ ਜੀਵਨ ਇਸ ਆਦਰਸ਼ ਦੀ ਪੂਰਤੀ ਲਈ ਲਾ ਦਿੱਤਾ। ਉਨ੍ਹਾਂ ਲਗਭਗ ਡੇਢ ਦਰਜਨ ਨਾਵਲ ਇਸ ਲਹਿਰ ਦੇ ਸ਼ਹੀਦਾਂ ਬਾਰੇ ਲਿਖੇ। ਉਨ੍ਹਾਂ ਦੀਆਂ ਲਿਖੀਆਂ ਕੁੱਲ ਪੁਸਤਕਾਂ ਦੀ ਗਿਣਤੀ ਲਗਪਗ ਸੱਠ ਦੇ ਕਰੀਬ ਬਣਦੀ ਹੈ। ਡਾ. ਰਘਬੀਰ ਸਿੰਘ ਅਨੁਸਾਰ, 'ਕੇਸਰ ਸਿੰਘ ਦਾ ਸਮਕਾਲੀ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਨਿਵੇਕਲਾ ਸਥਾਨ ਹੈ। ਇਹ ਨਿਵੇਕਲਾਪਨ ਕੇਸਰ ਸਿੰਘ ਨੂੰ ਸਹਿਜ ਰੂਪ ਵਿਚ ਵੀ ਮਿਲਿਆ ਅਤੇ ਉਸ ਵੱਲੋਂ ਕੀਤੇ ਉਚੇਚੇ ਯਤਨਾਂ ਦੁਆਰਾ ਵੀ।' ਉਨ੍ਹਾਂ ਅਨੁਸਾਰ 'ਆਪਣੇ ਨਾਵਲਾਂ ਨੂੰ ਕੇਸਰ ਸਿੰਘ ਨੇ ਕਲਾਤਮਕ ਪੱਖ ਤੋਂ ਲਗਪਗ ਇਕੋ ਤਰ੍ਹਾਂ ਦੀ ਪਹੁੰਚ ਨਾਲ ਪੇਸ਼ ਕੀਤਾ ਹੈ, ਜਿਸਨੂੰ ਦਸਤਾਵੇਜ਼ੀ ਪਹੁੰਚ ਦਾ ਨਾਂ ਦਿੱਤਾ ਜਾ ਸਕਦਾ ਹੈ। ਉਸ ਦੀ ਪੂਰੀ ਕੋਸ਼ਿਸ਼ ਰਹੀ ਹੈ ਕਿ ਉਹ ਸਿਰਜਣਾਤਮਕ ਗਲਪ ਦੀ ਰਚਨਾ ਕਰਦਾ ਹੋਇਆ ਵੀ ਗਲਪ ਨਾਲੋਂ ਯਥਾਰਥ ਦੇ ਵਧੇਰੇ ਨੇੜੇ ਰਹੇ।' ਇਸ ਯਥਾਰਥਕ ਪਹੁੰਚ ਦਾ ਵੱਡਾ ਕਾਰਨ ਉਨ੍ਹਾਂ ਦੀ ਗ਼ਦਰ ਲਹਿਰ ਦੀ ਖੋਜ ਬਣੀ ਤੇ ਉਨ੍ਹਾਂ ਇਤਿਹਾਸ ਨੂੰ ਅੱਖੋਂ ਪਰੋਖੇ ਨਹੀਂ ਕੀਤਾ। ਇਹ ਕਾਰਜ ਉਨ੍ਹਾਂ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਦੀ ਪ੍ਰੇਰਨਾ ਨਾਲ ਹੀ ਆਰੰਭਿਆ ਤੇ ਸੰਪੂਰਨ ਕੀਤਾ।

-ਸੰਪਾਦਕ

ISBN 817883448-0
9 788178 834481

Novelkaar Kesar Singh
Jeevan Te Rachna

Chetna Parkashan
Punjabi Bhawan, Ludhiana
Ph. +91-161-2413613, 2404928
B.O. : Qila Road, Opp. Bus Stand,
Kotkapura. Ph. : +91-1635-226551
www.chetnaparkashan.com